


**ਨਰੈਣ ਸਿੰਘ**

ਬਾਰ-ਐਟ-ਲਾ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Presented to Dr. Kirpal Singh
with love and affaction.
From — Bakshi Jagdish
Dt. 24.1.67

Digitized by Panjab Digital Library | www.panjabdigilib.org


Digitized by Panjab Digital Library | www.panjabdigilib.org

# ਕੁਝ ਹਡ ਬੀਤੀ
# ਕੁਝ ਜਗ ਬੀਤੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਲੇਖਕ ਤੇ ਉਨ੍ਹਾਂ ਦੀ ਧਰਮਪਤਨੀ

Digitized by Panjab Digital Library | www.panjabdigilib.org

# ਕੁਝ ਹਡ ਬੀਤੀ
# ਕੁਝ ਜਗ ਬੀਤੀ


ਲੇਖਕ

ਨਰੈਣ ਸਿੰਘ

ਬਾਰ-ਐਟ-ਲਾ



ਪ੍ਰਕਾਸ਼ਕ

ਇੰਟਰਨੈਸ਼ਨਲ ਸਿੱਖ ਬ੍ਰਦਰ-ਹੁਡ

੪੦੦੧, ਨਯਾ ਬਾਜ਼ਾਰ, ਦਿੱਲੀ



Digitized by Panjab Digital Library | www.panjabdigilib.org

ਪਹਿਲੀ ਵਾਰ : ੧੯੬੬

ਪਰਕਾਸ਼ਕ :

ਇੰਟਰਨੈਸ਼ਨਲ ਸਿੱਖ ਬ੍ਰਦਰ-ਹੁਡ

੪੦੦੧, ਨਯਾ ਬਾਜ਼ਾਰ, ਦਿੱਲੀ

ਮੁਦ੍ਰਕ :

ਨਵਯੁਗ ਪ੍ਰੈਸ

ਚਾਂਦਨੀ ਚੌਂਕ, ਦਿੱਲੀ

ਮੁੱਲ : ੮ ਰੁਪਏ

Digitized by Panjab Digital Library | www.panjabdigilib.org

# ਤਤਕਰਾ


| | |
|---|---|
| ਕੁਝ ਏਸ ਕਿਤਾਬ ਬਾਰੇ (ਗਿ: ਨਾਹਰ ਸਿੰਘ ਐਮ. ਏ.) | ੫ |
| ਸ਼ਰਧਾਂਜਲੀ ਤੇ ਸਮਰਪਨ (ਬਖ਼ਸ਼ੀ ਜਗਦੇਵ ਸਿੰਘ) | ੭ |
| ਜਨਮ ਅਤੇ ਬਾਲ ਅਵਸਥਾ | ੯ |
| ਬਚਪਨ ਤੇ ਮੁੱਢਲੀ ਵਿਦਿਆ | ੨੨ |
| ਮਾਸੀ | ੩੨ |
| ਮੇਰਾ ਵਿਆਹ | ੪੫ |
| ਪਿਤਾ ਜੀ ਦਾ ਸੰਨਿਆਸ | ੬੧ |
| ਇੰਗਲੈਂਡ ਜਾਣਾ | ੬੫ |
| ਗੁਰਦੁਆਰਾ (ਭੂਪਿੰਦਰਾ ਧਰਮਸਾਲਾ) ਲੰਡਨ | ੭੧ |
| ਸਾਕਾ ਨਨਕਾਣਾ ਸਾਹਿਬ | ੮੯ |
| ਗੁਰਦੁਆਰੇ ਦੀਆਂ ਜ਼ਮੀਨਾਂ ਦਾ ਕਬਜ਼ਾ | ੧੧੯ |
| ਸਾਡੇ ਸਿਰਾਂ ਦੇ ਇਨਾਮ | ੧੩੫ |
| ਭਾਈ ਮੀਹਾਂ ਸਿੰਘ ਬੱਕਰੀਆਂ ਵਾਲਾ | ੧੩੮ |
| ਹੁਸੈਨ ਭਟੀ ਕਾਬੂ ਆ ਗਿਆ | ੧੪੪ |
| ਸਾਡੀਆਂ ਮੁਸ਼ਕਲਾਂ | ੧੪੯ |
| ਹੱਕ ਮਾਲਕਾਨਾ | ੧੭੨ |
| ਨਿਤ ਨਵੇਂ ਪਵਾੜੇ | ੧੮੪ |
| ਡੀ. ਸੀ. ਤੇ ਐਸ. ਪੀ. ਦਾ ਛਾਪਾ | ੧੮੯ |
| ਗੁਰਦੁਆਰੇ ਦੀ ਜਾਗੀਰ | ੧੯੭ |


Digitized by Panjab Digital Library | www.panjabdigilib.org

| | |
|---|---|
| ਖਹਿ ਖਹਿ ਮਰਨਾ | ੨੦੨ |
| ਮੈਨੇਜਰ ਨਸ ਗਿਆ | ੨੦੬ |
| ਅਕਾਲੀਆਂ ਦਾ ਗੁਰਦੁਆਰਿਆਂ ਨੂੰ ਲੁੱਟ ਲੁੱਟ ਖਾਣਾ | ੨੦੯ |
| ਬਾਬਾ ਗੁਰਦਿਤ ਸਿੰਘ | ੨੨੧ |
| ਮਹੰਤ ਮੂਲੀ ਦਾਸ ਤੇ ਮੈਂ | ੨੨੭ |
| ਸ਼ਹੀਦ ਗੰਜ | ੨੩੦ |
| ਮੋਰਚਾ ਗੁਰੂ ਕਾ ਬਾਗ਼ | ੨੩੫ |
| ਇਕ ਹੋਰ ਦੋਸਤ ਫਸ ਗਿਆ | ੨੭੧ |
| ਮੇਰਾ ਦੋਸਤ ਫੇਰ ਮੁਸੀਬਤ ਵਿਚ | ੨੭੭ |
| ਮੇਰੇ ਦੋਸਤ | ੨੯੦ |
| ਪ੍ਰਦੇਸ ਵਿਚ ਦੇਸ ਪਿਆਰ | ੩੦੯ |
| ਜੈਤੋ ਦਾ ਮੋਰਚਾ | ੩੧੫ |
| ਮੇਰਾ ਵੀਰ | ੩੫੬ |
| ਝਟਕਾ ਤੇ ਬਲਵਾ | ੩੬੧ |
| ਹੋਲੀਆਂ 'ਤੇ ਫ਼ਸਾਦ | ੩੬੬ |
| ਝਟਕਾ ਖ਼ਾਨਾ | ੩੬੯ |
| ਚੌਧਰੀ ਸੁਲਤਾਨ ਅਹਿਮਦ ਨਾਲ ਝੜਪ | ੩੭੫ |
| ਕਪਤਾਨ ਰਾਮ ਸਿੰਘ ਤੇ ਮੇਰਾ ਵੀਰ | ੩੭੯ |
| ਵਿਧਵਾ ਦੀ ਇਮਦਾਦ | ੩੮੫ |
| ਦੀਵਾਨ ਹਕੂਮਤ ਰਾਇ ਤੇ ਮੇਰਾ ਵੀਰ | ੩੯੪ |
| ਵੀਰ ਜੀ ਦੀ ਸੀਨਾ ਜ਼ੋਰੀ | ੪੧੫ |

Digitized by Panjab Digital Library | www.panjabdigilib.org

# ਕੁਝ ਏਸ ਕਿਤਾਬ ਬਾਰੇ

ਸੱਚ ਭਾਲਣ, ਸੱਚ ਪਾਲਣ, ਸੱਚ ਕਮਾਉਣ ਤੇ ਸੱਚ ਨਿਭਾਉਣ ਦੀਆਂ ਕਰੜੀਆਂ ਘਾਲਾਂ ਲੱਖਾਂ ਕਰੋੜਾਂ ਵਿਚੋਂ, ਸਦੀਆਂ ਤੇ ਜੁੱਗਾਂ ਦੀ ਵਿੱਥ ਨਾਲ ਕਿਸੇ ਵਿਰਲੇ ਹੀ ਬਲਵਾਨ-ਆਤਮਾ 'ਮਰਦ' ਦੇ ਹਿੱਸੇ ਆਇਆ ਕਰਦੀਆਂ ਹਨ। ਉਨ੍ਹਾਂ ਸਚਿਆਰ ਪੁਰਸ਼ਾਂ ਵਿਚੋਂ ਬਹੁਤਿਆਂ ਨੂੰ ਆਪਣੇ ਆਪਣੇ ਪਹਿਰੇ, ਕੇਵਲ ਸੱਚ ਕਹਿਣ ਮਾਤਰ ਤੇ ਹੀ ਆਪਣੇ ਸਿਰ ਕਟਾਉਣੇ ਪੈ ਜਾਂਦੇ ਰਹੇ ਸਨ। ਸੱਚ ਨਿਭਾਉਣ ਵਾਲੇ ਅਤੇ ਸੱਚ ਸੁਣਾਉਣ ਵਾਲੇ ਦੋਹਾਂ ਤੋਂ ਸੱਚ ਦੀਆਂ ਕਰੜੀਆਂ ਝਾਲਾਂ ਝੱਲਣੀਆਂ ਵੀ ਔਖੀਆਂ ਹੋ ਜਾਂਦੀਆਂ ਹਨ। ਸੱਚ ਦੀ ਨਿੱਕੀ ਜੇਹੀ ਪਗਡੰਡੀ ਉਥੋਂ ਨਿਕਲਦੀ ਹੈ, ਜਿਥੋਂ ਝੂਠੀ ਅਤੇ ਨਾ ਰਹਿਣ ਵਾਲੀ ਜ਼ਿੰਦਗੀ ਦਾ ਚੌਗਾਨ ਖੇਡਣ ਵਾਲੇ ਲੰਮੇ ਚੌੜੇ ਪਿੜ ਦੀਆਂ ਹੱਦਾਂ ਮੁੱਕ ਜਾਂਦੀਆਂ ਹਨ। ਨਵੇਂ ਰਾਹ 'ਤੇ ਇਕ ਇਕ ਪੈਰ ਬੜੀ ਸਾਵਧਾਨੀ ਤੇ ਹੁਸ਼ਿਆਰੀ ਨਾਲ ਬਚਾ ਬਚਾ ਕੇ ਟਿਕਾਉਣਾ ਪੈਂਦਾ ਹੈ। ਪਿਛੇ ਪਰਤ ਕੇ ਵੇਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। "ਅਗਾਂਹ ਹੂ ਕੋ ਤਾਂਘ, ਪਾਛੇ ਫੇਰ ਨਾ ਮੋਂਢੜਾ" ਵਾਲੀ ਹਾਲਤ ਵਰਤ ਜਾਂਦੀ ਹੈ। ਅਤੇ ਅਗੇ ਨੂੰ ਕਿਸੇ ਅਣਡਿੱਠੀ ਮੰਜ਼ਲ ਵਲ ਵਿਸ਼ਵਾਸ ਤੇ ਦ੍ਰਿੜ੍ਹਤਾ ਸਹਿਤ ਵਧੀ ਚੱਲਣ ਦੀ ਅੰਤਰ-ਆਤਮੇ ਪ੍ਰੇਰਨਾ ਮਿਲਦੀ ਹੈ। "ਸਿਰ ਧਰ ਤਲੀ ਗਲੀ ਮੇਰੀ ਆਉ" ਦੀ ਹਦਾਇਤ ਆਤਮ-ਸਹਾਰਾ ਬਣ ਜਾਂਦੀ ਹੈ। ਇਨਸਾਨ ਦੀ ਇਨਸਾਨੀਅਤ, ਅਥਵਾ ਬੰਦੇ ਦੇ ਬੰਦਾ ਹੋਣ ਦੀ ਪਰਖ ਏਸ ਅਵਸਥਾ ਵਿਚ ਪੁੱਜ ਕੇ ਇਹੋ ਰਹਿ ਜਾਂਦੀ ਹੈ ਕਿ ਉਸ ਦਾ ਯਕੀਨ ਕਾਮਲ ਅਥਵਾ ਦ੍ਰਿੜ੍ਹ



Digitized by Panjab Digital Library | www.panjabdigilib.org

ਨਿਸਚਾ ਇਕੋ ਹੀ ਅਨੁਭਵੀ ਨੁਕਤੇ ਦੇ ਉਦਾਲੇ ਪੁਦਾਲੇ ਚੱਕਰ ਕੱਢ ਰਿਹਾ ਹੈ ?

ਸਰਦਾਰ ਨਰੈਣ ਸਿੰਘ ਬੈਰਿਸਟਰ ਦੀ "ਕੁਝ ਹਡ ਬੀਤੀ, ਕੁਝ ਜਗ ਬੀਤੀ" ਪੁਸਤਕ ਪੜ੍ਹ ਕੇ, ਵਾਚ ਕੇ ਤੇ ਘੋਖ ਕੇ ਮੈਨੂੰ ਹੈਰਤ ਤੇ ਅਚੰਭਾ ਹੋਇਆ ਹੈ। ਸੱਚ ਕਹਿਣ ਤੇ ਸੱਚ ਲਿਖਣ ਦੇ ਤਜਰਬੇ ਕਰਦਿਆਂ ਗਾਂਧੀ ਜੀ ਨੇ ਕਈ ਥਾਵਾਂ ਤੇ ਸ਼ਾਇਦ ਰਾਜਸੀ ਕਾਰਨਾਂ ਕਰ ਕੇ ਖੋਲ੍ਹ ਕੇ ਦੱਸਣ ਤੋਂ ਦੜ ਵਟ ਲਈ ਹੈ। ਮਹਾਤਮਾ ਤਾਲਸਤਾਈ ਨੇ 'ਸੱਚ' ਤੇ 'ਮਿੱਥਿਆ' ਦੇ ਦੁਰਾਹੇ ਉਪਰ ਪੁੱਜ ਕੇ ਭਾਵੇਂ ਦੜ ਤਾਂ ਨਹੀਂ ਵੱਟੀ, ਪਰ ਹਾਂ ! ਆਪਣੇ ਘਰੇਲੂ ਤੇ ਨਿੱਜੀ ਜੀਵਨ ਉਪਰ ਚਾਨਣਾ ਪਾਉਣ ਲਗਿਆਂ ਕਈਆਂ ਗੱਲਾਂ ਨੂੰ ਜਾਣ ਕੇ ਖੂੰਜੇ ਲਾ ਗਏ ਹਨ, ਤੇ ਆਪ ਢਚਲੇ ਹੋ ਕੇ ਅਗੇ ਨਿਕਲ ਗਏ ਹਨ। ਇਉਂ ਜਾਪਦਾ ਹੈ ਕਿ ਉਹ ਨਹੀਂ ਸਨ ਚਾਹੁੰਦੇ ਕਿ ਪੜ੍ਹਨ ਵਾਲੇ ਉਨ੍ਹਾਂ ਦੀ ਅੰਦਰਲੀ ਅਥਵਾ ਬਨਾਵਟ ਤੇ ਦਿਖਾਵੇ ਦੇ ਪੜਦਿਆਂ ਪਿਛੇ ਲੁਕਾਈ ਹੋਈ ਹਾਲਤ ਤੋਂ ਜਾਣੂੰ ਹੋ ਕੇ ਉਸ ਦੀ ਹਾਸੋ ਹੀਣੀ ਉਡਾਉਣ ਜਾਂ ਉਸ ਉਪਰ ਤਰਸਵਾਨ ਹੋ ਕੇ ਉਸ ਦੇ ਸਮਾਜਕ ਦਰਜੇ ਬਾਰੇ ਕੋਈ ਨੀਵੀਂ ਭਾਵਨਾ ਆਪਣੇ ਦਿਲਾਂ ਅੰਦਰ ਪੈਦਾ ਕਰ ਬੈਠਣ। ਜਾਂ ਉਸ ਦੀ ਉਸ ਸਮੇਂ ਗਿਰੀ ਹੋਈ ਹਾਲਤ ਦੀ ਉਸ ਦੇ ਜੀਉਂਦੇ ਜੀਅ ਕਿਸੇ ਨੂੰ ਸੂੰਧਕ ਵੀ ਮਿਲ ਜਾਏ।

ਲੇਖਕ ਨੇ ਹਕੀਕਤ ਨੂੰ ਸਾਹਮਣੇ ਵੇਖ ਕੇ ਹਰ ਇਕ ਪਾਸੇ ਅਤੇ ਕੋਣੇ ਕੋਣੇ ਤੋਂ ਠੋਕ ਵਜਾ ਕੇ ਤੇ ਜਾਂਚ ਕੇ ਟੁਣਕਵੀਂ ਸਚਾਈ ਨੂੰ ਨਿਰਤਕਾਰੀ ਕਰਦਿਆਂ ਦਿਖਾ ਦਿਤਾ ਹੈ। ਉਸ ਦੀਆਂ ਪਾਈਆਂ ਹੋਈਆਂ ਲਿਖਤ-ਲਕੀਰਾਂ ਵਿਚੋਂ ਇਕ ਬੜਾ ਹੀ ਅਜੀਬ ਤੇ ਰਸਦਾਇਕ ਸੂਰ ਨਿਕਲਦਾ ਹੈ, ਸੱਚ ਦੇ ਖੋਜੀ ਪਾਠਕਾਂ ਦੇ ਦਿਲ, ਦਿਮਾਗ ਤੇ ਸਰੀਰ ਦੇ ਲੂੰਅ ਲੂੰਅ ਅੰਦਰ ਉਹ ਵਿਸਮਾਦ ਤੇ ਨੂਰਾਨੀ ਪ੍ਰਕਾਸ਼ ਪੈਦਾ ਕਰ ਦੇਂਦਾ ਹੈ ਜਿਸ 'ਤੇ ਇਹ ਪੁਸਤਕ ਉਸ ਵਾਸਤੇ ਜਮਸ਼ੈਦ ਬਾਦਸ਼ਾਹ ਦੇ "ਜਾਮੇ ਜਹਾਂ ਨੁਮਾ" ਦਾ ਕੰਮ ਦੇਣ ਲੱਗ ਜਾਂਦੀ ਹੈ। ਜਿਸ ਵਿਚ ਪਾਠਕਾਂ ਨੂੰ ਆਪਣੇ ਨਿੱਜੀ ਜੀਵਨ ਦੇ ਤਜਰਬਿਆਂ ਦੀਆਂ ਲੰਮੀਆਂ, ਚੌੜੀਆਂ ਤੇ ਸਿਲਸਿਲੇ ਵਾਰ ਜੁੜਵੀਆਂ ਕਰਨੀਆਂ ਆਪਣੇ ਆਪ ਹੀ ਨਜ਼ਰਾ ਅਗੇ ਫਿਲਮਾਈਆਂ ਜਾਂਦੀਆਂ ਹਨ। ਇਨ੍ਹਾਂ ਕਰਨੀਆਂ ਨੂੰ ਪ੍ਰਸਪਰ ਜੋੜਨ ਦਾ ਕੰਮ ਕਰਨ ਵਾਲੀਆਂ ਕਿਤੇ ਕਿਤੇ ਲੋਹੇ ਤੇ ਕਾਠ ਦੀਆਂ ਕੜੀਆਂ ਹਨ, ਵਿਚ ਵਿਚ ਕੱਚ ਦੀਆਂ ਕੜੀਆਂ ਤੇ ਕਿਤੇ ਕਿਤੇ ਮਿੱਟੀ ਦੀਆਂ ਕੜੀਆਂ ਵੀ ਕਰਨੀਆਂ ਦੇ ਸਿਲਸਿਲੇ ਜੋੜਨ ਦਾ



Digitized by Panjab Digital Library | www.panjabdigilib.org

ਕੰਮ ਕਰਦੀਆਂ ਹਨ। ਮੁੜ ਫੇਰ ਝੂਠਾਂ ਦੇ ਬੱਦਲ ਫ਼ਰੇਬਾਂ ਦੇ ਤਾਣੇ ਬਾਣੇ। ਧੋਖਿਆਂ ਦੇ ਧੂੰਏਂ, ਦਗ਼ਿਆਂ ਦੇ ਝੱਖੜ, ਬੇ-ਈਮਾਨੀਆਂ ਦੀਆਂ ਗੱਠੜੀਆਂ, ਵਿਸ਼ਵਾਸਘਾਤਾਂ ਦੇ ਗਡੇ, ਤਾਕਤ ਹਾਸਲ ਕਰਨ ਲਈ ਸਾਥੀਆਂ ਦੀਆ ਲਾਸ਼ਾਂ ਦੇ ਸਥਾਰਾਂ ਦੇ ਸਥਾਰ, ਗੱਲ ਕੀ ? ਰੂਹ ਨੂੰ ਆਪੇ ਹੀ ਲਾਏ ਹੋਏ ਕੋੜ੍ਹ ਪਾਠਕਾਂ ਦੀਆਂ ਨਜ਼ਰਾਂ ਦੇ ਸਾਹਮਣੇ ਵਿਦਵਾਨ ਹੋ ਜਾਂਦੇ ਹਨ।

ਏਸ ਪੁਸਤਕ ਵਿਚ 'ਮਾਸੀ' ਦੇ ਸਿਰਲੇਖ ਹੇਠ ਲਿਖੀ ਹੋਈ ਹੱਡ-ਬੀਤੀ ਦੀ 'ਗੰਦ-ਗਾਥਾ' ਵਾਂਗ ਦਿੱਲੀ ਦੇ ਅਮੀਰ ਸਮਾਜ ਵਿਚ ਅੱਜ ਵੀ ਹਜ਼ਾਰਾਂ ਦੀ ਗਿਣਤੀ ਵਿਚ 'ਮਾਸੀਆਂ' ਤੇ 'ਆਂਟੀਆਂ', ਭੋਲਿਆਂ ਭਾਲਿਆ ਪੰਛੀਆਂ ਨੂੰ, ਜੋ ਮਾਪਿਆਂ ਦੇ ਖੰਭਾਂ ਹੇਠੋਂ ਨਿਕਲ ਕੇ ਅਜੇ ਸੁਤੰਤਰ ਪ੍ਰਵਾਜ਼ ਦੇ ਸ਼ੌਕ ਪੂਰੇ ਕਰਨ ਲਈ ਨਿੱਕੀਆਂ ਨਿੱਕੀਆਂ ਖੰਭੜੀਆਂ ਫਟਕ ਹੀ ਰਹੇ ਹੁੰਦੇ ਨੇ, ਫਾਹੁਣ ਲਈ ਘਾਤ ਲਗਾਉਂਦੀਆਂ ਫਿਰਦੀਆਂ ਹਨ। ਕਈ ਬਦਚਲਨ ਤੇ ਫ਼ਾਹਸ਼ਾ ਔਰਤਾਂ ਏਸੇ ਗੰਦੇ ਤੇ ਪਲੀਤ ਧੰਦੇ ਕੀ ਤਫ਼ੈਲ ਕੋਠੀਆਂ, ਮੋਟਰਾਂ ਤੇ ਜਾਇਦਾਦਾਂ ਖ਼ਰੀਦ ਕੇ ਅਮੀਰੀ ਠਾਠ ਦੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ। ਇਹੋ ਜਿਹੇ ਹੀ ਮਸ਼ਕੂਕ ਆਚਰਣ ਤੇ, ਸਦਾਚਾਰ ਰੱਖਣ ਵਾਲੇ ਕਈ ਸੱਜਣ ਕਲੱਬਾਂ, ਸੁਸਾਇਟੀਆਂ, ਐਸੋਸੀਏਸ਼ਨਾਂ ਦੇ ਚੌਧਰੀ ਤੇ ਖੜਪੈਂਚ ਵੀ ਬਣੇ ਬੈਠੇ ਹਨ। ਉਤੋਂ ਮਾਸੀਆਂ ਤੇ ਆਂਟੀਆਂ ਦੀ ਮਿਲਵਰਤਨ ਮਿਲ ਜਾਣ ਨਾਲ ਸਰਕਾਰੇ ਦਰਬਾਰੇ ਵੀ ਚੰਗੀ ਪੁੱਛ ਪ੍ਰਤੀਤ ਬਣਾਈ ਬੈਠੇ ਹਨ। ਕਈ ਸਮਾਜਕ ਸਮੇਲਨਾਂ ਦੇ ਜੋ ਸੱਦੇ ਪੱਤਰ ਆਉਂਦੇ ਰਹਿੰਦੇ ਹਨ, ਅਸਲ ਰੂਪ ਉਨ੍ਹਾਂ ਦਾ ਹੁੰਦਾ ਹੈ : ਸਮਾਜਕ ਕੋੜ੍ਹ, ਮਹੁਰੀਆਂ, ਨਾਸੂਰਾਂ ਤੇ ਕਾਰਬੰਕਲ ਫੋੜਿਆਂ ਦੀ ਖਾਧੀ ਹੋਈ ਮਲੀਨ ਆਤਮਾ ਸ਼ਖ਼ਸੀਅਤਾਂ। ਬੇ-ਈਮਾਨੀਆਂ ਦੀ ਰਕਤ-ਰਵਾਨੀ ਦਾ ਮੁਹਤਾਜ 'ਦਿਲ' ਤੇ ਸ਼ੈਤਾਨੀਆਂ ਦੀ ਰਾਹਦ ਨਾਲ ਲਥ ਪਥ ਤੇ ਲਬਾ ਲਬ ਭਰਪੂਰ 'ਦਿਮਾਗ'। 'ਫ਼ੈਮਿਲੀ ਫ਼ਰੈਂਡਜ਼' (ਘਰਾਣਾ-ਮਿੱਤਰ) ਦੇ ਨਾਮ ਨਾਲ ਪੁਕਾਰੇ ਜਾਣ ਵਾਲੇ ਬੰਦੇ ਆਪਣਾ ਰੁਹਬ ਤੇ ਦਬਦਬਾ ਦਸਣ ਵਾਸਤੇ ਦਨਦਨਾਉਂਦੇ ਫਿਰਦੇ ਗੰਦਗੀ ਫੈਲਾਅ ਰਹੇ ਹਨ।

ਏਸ ਕਿਤਾਬ ਅੰਦਰ ਵਰਣਨ ਕੀਤੀ ਗਈ ਇਕ 'ਜਗ-ਬੀਤੀ' ਦੀ ਸੱਚੀ ਘਟਨਾ ਸਮਾਨ ਅੱਜ ਵੀ ਦਸਮੇਸ਼ ਪਿਤਾ ਜੀ ਦੇ ਸਾਜੇ ਨਿਵਾਜੇ ਧਰਮ ਦੇ



Digitized by Panjab Digital Library | www.panjabdigilib.org

ਰਾਖੇ ਕਈ 'ਅਕਾਲੀ' ਬੀਰ ਬਹਾਦਰ ਉਧਾਲੀਆਂ ਹੋਈਆਂ ਰੰਨਾਂ ਪਿਛੇ ਇਕ ਦੂਜੇ ਦੇ ਵਿਰੁਧ ਕਿਰਪਾਨਾਂ ਧੂਹੀ ਡਟੇ ਹੋਏ ਕਿਤੇ ਕਿਤੇ ਨਜ਼ਰ ਆ ਜਾਂਦੇ ਹਨ ਅਤੇ ਇਕ ਦੂਜੀ ਧਿਰ ਦੇ ਅਨੰਦ ਉਧੇੜਨ ਵਾਸਤੇ ਮੈਨੇਜਰਾਂ ਤੇ ਜਥੇਦਾਰਾਂ ਉਪਰ ਜ਼ੋਰ ਪਾਉਂਦੇ ਦੇਖਣ ਵਿਚ ਆਉਂਦੇ ਰਹਿੰਦੇ ਹਨ । ਇਨਸਾਨੀ ਫਿਤਰਤ ਦਾ ਵਹਿਸ਼ਿਆਨਾ ਪਾਸਾ ਬੜਾ ਔਖਾ ਬਦਲਿਆ ਕਰਦਾ ਹੈ । ਥੋੜਾ ਜਿਹਾ ਇਸ਼ਾਰਾ ਮਿਲ ਜਾਣ 'ਤੇ ਵੀ, ਵਰ੍ਹਿਆਂ ਦਾ ਦਬਾ ਕੇ ਰੱਖਿਆ ਹੋਇਆ ਛਿਣ ਭਰ ਵਿਚ ਉਭਰ ਕੇ ਪਿਛਲੀ ਚਰਮ ਸੀਮਾ ਦੇ ਬਨਿਆਂ ਨੂੰ ਪਾਰ ਕਰ ਜਾਂਦੀ ਹੈ ।

ਸਿੱਖ ਗੁਰੂ ਸਾਹਿਬਾਨ ਨੇ ਇਨਸਾਨ ਨੂੰ 'ਇਨਸਾਨ' ਬਣਾਉਣ ਅਥਵਾ ਸਿੱਖ ਬਣਨ ਦੀ ਪਹਿਲੀ ਪਉੜੀ ਲੋਕ ਸੇਵਾ ਦੀ 'ਹੱਥੀ ਕਾਰ ਕਮਾਵਣੀ' ਹੀ ਹੀ ਦੱਸੀ ਹੈ । ਗੁਰੂ ਕੇ ਲੰਗਰ ਦੇ ਜੂਠੇ ਭਾਂਡੇ ਮਾਂਜਣ ਤਕ ਦੀ ਹੱਥੀਂ ਸੇਵਾ, ਗੁਰੂ ਕੀ ਇਮਾਰਤ, ਦੀ ਸਿਰਾਂ 'ਤੇ ਟੋਕਰੀ ਢੋਣ ਦੀ ਸੇਵਾ, ਗੁਰੂ ਕੀਆਂ ਸੰਗਤਾਂ ਦੀ ਪੱਖੇ, ਪਾਣੀ ਤੇ ਜੋੜੇ ਝਾੜਨ ਤਕ ਦੀ ਸੇਵਾ ਬਿਨਾਂ ਕਿਸੇ ਵਿੱਥ ਵਿਤਕਰੇ ਦੇ ਸਰਬੱਤ ਦੀ ਸੇਵਾ ।

ਸਰਦਾਰ ਨਰੈਣ ਸਿੰਘ ਜੀ ਨਨਕਾਣੇ ਸਾਹਿਬ ਦਾ ਖ਼ੂਨੀ ਸਾਕਾ ਅਤੇ ਸਿੰਘਾਂ ਦੇ ਕਤਲਾਮ ਦੀ ਸੋਅ ਸੁਣਦਿਆਂ ਲਾਹੌਰੋਂ ਤਨ ਦੇ ਕੱਪੜਿਆਂ ਨਾਲ ਹਾਂ ਸ਼ਹੀਦੀ ਪਾਉਣ ਵਾਸਤੇ ਵਾਹੋਦਾਹੀ ਚਲ ਪੈਂਦੇ ਹਨ । ਅਤੇ ਆਪਣੇ ਮਿੱਤਰ ਡਾਕਟਰ ਖੇਮ ਸਿੰਘ ਜੀ ਨੂੰ ਵਸੀਅਤ ਲਿਖ ਕੇ ਦੇ ਜਾਂਦੇ ਹਨ । ਸੋਚ ਸਮਝ ਕੇ, ਜਾਣ ਬੁਝ ਕੇ ਗੁਰੂ ਬਾਬੇ ਦੀ ਧਰਤੀ ਵਿਚ ਸ਼ਹੀਦੀ ਪਾਉਣ ਲਈ ਨੱਠ ਉਠਦੇ ਹਨ ਨਾ ਹੀ ਇਹ ਵੇਦਕ 'ਸੰਨਿਆਸ ਮਾਰਗ' ਦਾ ਤਿਆਗ ਸੀ ਤੇ ਨਾ ਬੋਧਾਂ ਵਾਲਾ 'ਉਪਰਾਮ ਵਾਸ' । ਇਹ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਧਾਰੀ ਸਿੰਘਾਂ ਦੀ ਗਗਨ ਦਮਾਮੇ ਪਈ ਚੋਟ ਤੇ ਸ਼ਹੀਦੀਆਂ ਪਾਉਣ ਲਈ ਚਾਉ ਤੇ ਉਮੰਗ ਹੈ । ਇਹ 'ਧਰਮ ਯੁੱਧ ਕੇ ਚਾਇ' ਧਾਰਨ ਕੀਤਾ ਗਿਆ 'ਸੰਨਿਆਸ' ਤੇ ਸਦੀਵ ਕਾਲ ਦਾ ਗੁਰਮਤਿ ਉਪਰਾਮ ਵਾਸ ਹੈ ।

ਸਿੱਖੀ ਸਿਦਕ 'ਤੇ ਭਰੋਸਾ ਗੁਰੂ ਦਰੋਂ ਪਹਿਲੋਂ ਹੀ ਬਖ਼ਸ਼ਸ਼ ਹੈ । ਲੰਦਨ ਵਿਚ ਗੁਰਦੁਆਰਾ ਬਣਾਉਣ ਲਈ ਗੁਰੂ ਜੀ ਨੇ ਆਪ ਬਾਂਹ ਫੜ ਲਈ ਸੀ । ਉਹ ਉਨ੍ਹਾਂ



Digitized by Panjab Digital Library | www.panjabdigilib.org

ਨੂੰ ਨਿਸਚਾ ਹੈ ਕਿ ਸ਼ਹੀਦੀ ਦਵਾਉਣ ਵਿਚ ਗੁਰੂ ਜੀ ਸਹਾਇਤਾ ਕਰਨਗੇ। ਨਨਕਾਣਾ ਸਾਹਿਬ ਪਹੁੰਚ ਕੇ ਪਤਾ ਲਗਦਾ ਹੈ ਕਿ ਸ਼ਹੀਦੀ ਹਵਨ ਕੁੰਡ ਚੁਕ ਦਿਤਾ ਗਿਆ ਹੈ। ਨਿਰਾਸ ਹੋ ਜਾਂਦ ਸਨ, ਪਰ ਉਨ੍ਹਾਂ ਦੇ ਜ਼ਿੰਮੇ ਜਾਂਦਿਆਂ ਹੀ ਪੰਥ ਵਲੋਂ ਨਨਕਾਣਾ ਸਾਹਿਬ ਦੀ ਮੈਨੇਜਰੀ ਦੀ ਸੇਵਾ ਲਗ ਜਾਂਦੀ ਹੈ। ? ਸਰਕਾਰੀ ਕਰਮਚਾਰੀ, ਅੰਗਰੇਜ਼ ਨੂੰ ਮਾਈ ਬਾਪ ਸਮਝਣ ਵਾਲੇ ਚੀਫ਼ ਖਾਲਸਾ ਦੀਵਾਨ ਦੇ ਸਰਕਾਰੇ ਦਰਬਾਰੇ ਅਸਰ ਰਸੂਖ਼ ਰੱਖਣ ਵਾਲੇ ਅਮੀਰ ਬੰਦੇ, ਸਰਕਾਰੀ ਦਸਤਰਖ਼ਾਨਾਂ ਦੇ ਰੇਜ਼ਾਚੀਨ (ਟੁਕੜ ਬੋਚ) ਅਥਵਾ ਜੂਠੀਆਂ ਬਚੀਆਂ ਖਚੀਆਂ ਚੂਪ ਚੂਪ ਸੁਟੀਆਂ ਹੋਈਆਂ ਹੱਡੀਆਂ ਚੁਰਾ ਚੁਰਾ ਕੇ ਪੇਟ ਸਿ[illegible]ਨ ਵਾਲੇ ਕਮੀਨੇ ਤੇ ਰਜ਼ੀਲ ਨਾਮਧਰੀਕ ਸਿੱਖ ਉਨ੍ਹਾਂ ਦੇ ਵੈਰੀ ਬਣ ਜਾਂਦੇ ਭਹਨ, ਔਕੜਾਂ ਹੀ ਔਕੜਾਂ। ਚਵ੍ਹਾਂ ਪਾਸਿਆਂ ਤੋਂ ਔਕੜਾਂ ਤੇ ਮੁਸੀਬਤਾਂ। ੱਖਾਂ ਵਿਚ ਹੀ ਇਕ ਅਜਿਹਾ ਗਰੋਹ ਵੀ ਸੀ, ਜੋ ਚਾਹੁੰਦੀ ਸ। ਕਿਹ ਗੁਰਦੁਆਰੇ ਤੇ ਜਾਇਦਾਦਾਂ ਮਹੰਤਾਂ ਦੇ ਕਬਜ਼ੇ ਵਿਚ ਹੀ ਪਈਆਂ ਰਹਿਣ ਅਤੇ ਮਹੰਤਾਂ ਨੂੰ ਕਾਬੂ ਰੱਖਣ ਲਈ ਉਨ੍ਹਾਂ ਜਿਹੇ ਸਿਖਾਂ ਦਾ ਇਕ ਸੈਂਟਰਲ ਬੋਰਡ ਬਣਾ ਦਿਤਾ ਜਾਵੇ। ਇਹ ਅੰਗਰੇਜ਼ੀ ਹਕੂਮਤ ਦੇ ਬੂਟ-ਚੱਟੂ ਟੋਲੇ ਦੀ ਤਜਵੀਜ਼ ਸੀ। ਇਹ ਉਹੋ ਹੀ ਟੋਲਾ ਸੀ ਜੋ ਹਰ ਸਮੇਂ ਸਿਰ-ਲਥ ਵੀਰ ਬਹਾਦਰ ਸਿੱਖ ਸੰਗਤਾਂ ਨੂੰ ਅੰਗਰੇਜ਼ੀ ਹਕੂਮਤ ਦੀ ਪੁਲਸ ਤੇ ਫ਼ੌਜ ਦੀ ਤਾਕਤ ਤੇ ਕਾਨੂੰਨ ਦੀਆਂ ਲੰਮੀਆਂ ਲੰਮੀਆਂ ਬਾਹਵਾਂ ਦਸ ਦਸ ਕੇ ਡਰਾਉਂਦਾ ਰਿਹਾ ਕਰਦਾ ਸੀ। ਹਰ ਥਾਂ, ਹਰ ਸਮੇਂ, ਹਰ ਹਕੂਮਤ ਵਿਚ ਇਹੋ ਜਿਹੇ ਸਰਕਾਰੀ ਮਿਹਰਬਾਨੀਆਂ ਵਲ ਬਿਤਰ ਬਿਤਰ ਤੱਕਣ ਵਾਲੇ ਟੁਕੜ ਬੋਚਾਂ ਦੀ ਇਕ ਜੁੰਡਲੀ ਹੋਇਆ ਕਰਦੀ ਹੈ ਜੋ ਸਰਕਾਰ ਦੇ ਇਸ਼ਾਰੇ 'ਤੇ ਕੁੱਤਿਆਂ ਵਾਂਗ ਆਪਣਿਆਂ ਨੂੰ ਹੀ ਵੱਢ ਵੱਢ ਖਾਂਦੀ ਰਹਿੰਦੀ ਹੈ। ਉਹ ਇਹੋ ਸਲਾਹ ਦੇਈ ਜਾਂਦਾ ਸੀ ਕਿ ਕਾਨੂੰਨ ਨੂੰ ਹੱਥ ਵਿਚ ਹਰਗਿਜ਼ ਨਾ ਲਿਆ ਜਾਵੇ ਤੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਦੇ ਕਬਜ਼ੇ ਹਾਸਲ ਕਰਨ ਵਾਸਤੇ ਅਦਾਲਤਾਂ ਵਿਚ ਦੀਵਾਨੀ ਦਾਅਵੇ ਕੀਤੇ ਜਾਣ, ਪਰ ਨਨਕਾਣਾ ਸਾਹਿਬ ਦੀ ਜਾਇਦਾਦ ਹਾਸਲ ਕਰਨ ਵਿਚ ਸ: ਨਰੈਣ ਸਿੰਘ ਜੀ ਨੇ ਆਪਣੀ ਸਚਾਈ ਅਤੇ ਸਿਆਣਪ ਨਾਲ ਝਟ ਪਟ ਹੀ ਕਬਜੇ ਕਰ ਲਏ।

Digitized by Panjab Digital Library | www.panjabdigilib.org

ਇਸ ਨੀਮ ਸਰਕਾਰ ਟੋਲੇ ਦੀ ਵਿਚਲੀ ਨੀਤੀ ਅਕਾਲੀ ਲਹਿਰ ਨੂੰ ਖ਼ਤਮ ਕਰ ਕੇ ਅੰਗਰੇਜ਼ੀ ਸਰਕਾਰ ਦੀਆਂ ਖ਼ੁਸ਼ੀਆਂ ਹਾਸਲ ਕਰਨਾ ਹੀ ਸੀ। ਕਿਸੇ ਹਦ ਤਕ ਇਹ ਸੱਜਣ ਕਾਮਯਾਬ ਵੀ ਹੋ ਗਏ ਅਤੇ ਗੁਰਦੁਆਰਾ ਐਕਟ ਪਾਸ ਹੋ ਜਾਣ ਮਗਰੋਂ ਅਕਾਲੀ ਲਹਿਰ ਦੇ ਨੇਤਾ ਮੁਕੱਦਮੇ ਬਾਜ਼ੀ ਦੇ ਮੂੰਹ ਕੌਮੀ ਨੌਕਾ ਨੂੰ ਫਸਾ ਕੇ ਬੈਠ ਗਏ। ਸੈਂਕੜੇ ਨਹੀਂ ਹਜ਼ਾਰਾਂ ਮੁਕੱਦਮੇ ਚੱਲੇ, ਕਰੋੜਾਂ ਰੁਪਏ ਬਰਬਾਦ ਹੋਏ। ਬਹੁਤੇ ਵਡੇ ਵਡੇ ਸਿਰਕਢ ਗੁਰਦੁਆਰਿਆਂ ਦੀ ਜਾਇਦਾਦ ਦੇ ਮੁਕੱਦਮਿਆਂ ਦੇ ਇਨਚਾਰਜ, ਮੁਖ਼ਤਾਰ, ਮੈਨੇਜਰ ਤੇ ਜੱਥੇਦਾਰ ਸਾਹਿਬਾਨ ਨੇ ਉਦਾਸੀ ਮਹੰਤਾਂ, ਭਾਈਆਂ, ਮਾਲਕਾਂ ਤੇ ਪੁਜਾਰੀਆਂ ਆਦਿ ਪਾਸੋਂ ਲੱਖਾਂ ਰੁਪਏ ਰਿਸ਼ਵਤਾਂ ਲੈ ਕੇ ਜਾਣ ਬੁਝ ਕੇ ਅਦਮ ਪੈਰਵੀ ਵਿਚ ਹੀ ਹਰਾ ਦਿਤੇ। ਅਦਾਲਤਾਂ ਨੇ ਵਡੀਆਂ ਵਡੀਆਂ ਜਾਇਦਾਦਾਂ ਤੇ ਆਮਦਨ ਵਾਲੇ ਗੁਰਦੁਆਰੇ ਮਹੰਤਾਂ ਦੀ ਜ਼ਾਤੀ ਜਾਇਦਾਦ ਬਣਾ ਕੇ ਉਨ੍ਹਾਂ ਨੂੰ ਦੇ ਦਿਤੇ। ਏਧਰ ਜਿਹੜੇ ਅਕਾਲੀ ਆਗੂ ਸਰਕਾਰ ਨਾਲ ਟਾਕਰੇ ਤੋਂ ਵਿਹਲੇ ਹੋ ਆਏ, ਉਹ ਆਪਣੀ ਤਾਕਤ ਤੇ ਇੱਜ਼ਤਦਾਰ ਜੀਵਨ ਹਾਸਲ ਕਰਨ ਲਈ ਘਰੇਲੂ ਘੋਲ ਦੀ ਤਾਕਤ ਅਜ਼ਮਾਈ ਦੀ ਜੰਗ ਦੇ ਥਾਂ ਥਾਂ ਭਾਂਬੜ ਬਾਲ ਖਲੋਤੇ ਤੇ ਸਾਧਾਰਨ ਸਿੱਖ ਜਨਤਾ ਵਲੋਂ ਗੁਰਦੁਆਰਾ ਸੁਧਾਰ ਲਹਿਰ ਵਿਚ ਸਠ ਹਜ਼ਾਰ ਸਿੱਖਾਂ ਦੇ ਜੇਲਾਂ ਦੀਆਂ ਸਖ਼ਤੀਆਂ ਝੱਲਣ, ੪੦ ਲੱਖ ਰੁਪਏ ਜੁਰਮਾਨੇ ਭਰਨ ਅਤੇ ਦੋ ਹਜ਼ਾਰ ਦੇ ਕਰੀਬ ਸਿੰਘਾਂ ਦੀਆਂ ਸ਼ਹੀਦੀਆਂ, ਦੇ ਸੁਨਹਿਰੀ ਪੱਤਰੇ, ਦੇ ਆਪਸ ਦੇ ਤਾਹਨਿਆਂ, ਮਿਹਣਿਆਂ, ਹਥੋ ਪਾਈ ਤੇ ਪਗੋ ਹੱਥੀ ਦੀਆਂ ਘਟਨਾਵਾਂ ਦੁਆਰਾ ਭੂਤ ਕਾਲ ਦੀ ਕਬਰ ਅੰਦਰ ਦਬਾ ਦਿਤੇ।

ਮੈਂ ਹਰ ਇਕ ਸਿੱਖ ਮਾਤਰ ਨੂੰ ਸਲਾਹ ਦੇਵਾਂਗਾ ਕਿ ਉਹ ਸਰਦਾਰ ਨਰੈਣ ਸਿੰਘ ਜੀ ਦੀ ਇਸ ਸਵੈ-ਲਿਖਤ ਜੀਵਨ-ਘਟਨਾਵਾਂ ਨੂੰ ਇਕ ਵਾਰ ਜ਼ਰੂਰ ਪੜ੍ਹੇ। ਉਸ ਨੂੰ ਇਸ ਵਿਚੋਂ ਆਪਣੇ ਸੁਭਾ, ਜੀਵਨ ਨਿਰਬਾਹ, ਜੀਵਨ ਮਰਯਾਦਾ, ਭਾਈਚਾਰਕ ਤੇ ਸਮਾਜਕ ਰਹਿਣ ਸਹਿਣ ਮੁਤਾਬਕ ਕਾਨੂੰਨੀ ਗੁੰਝਲਾਂ, ਰਾਜਨੀਤਕ ਚਾਲਾਂ, ਅਤੇ ਅਪ-ਸਵਾਰਥੀ ਲੋਕਾਂ ਦੇ ਅਮਲੀ ਜੀਵਨ ਬਾਰੇ ਕੁਝ ਨਾ ਕੁਝ ਸਿੱਖ ਮਤ ਜ਼ਰੂਰ ਮਿਲੇਗੀ। ਸਰਦਾਰ ਜੀ ਨੇ



Digitized by Panjab Digital Library | www.panjabdigilib.org

ਵਾਕਿਆਤ ਨੂੰ ਸੱਚ ਤੇ ਸਾਫ਼ਗੋਈ ਦੇ ਸੱਚੇ ਅੰਦਰ ਢਾਲ ਵਖਾਣ ਵਿਚ ਕਮਾਲ ਹੀ ਕਰ ਵਖਾਈ ਹੈ। ਜਿਸ ਨੂੰ ਪੜ੍ਹ ਕੇ ਸਕਤਾ ਨਹੀਂ ਆ ਜਾਂਦਾ ਤਾਂ ਹੈਰਤ ਜਾਂ ਅਚੰਭੇ ਵਿਚ ਇਕ ਵਾਰ ਤਾਂ ਸੁਰਤੀ ਗੁਵਾਚ ਹੀ ਜਾਂਦੀ ਹੈ । ਅਤੇ

ਕੂੜ ਨਿਖੁਟੇ ਨਾਨਕਾ, ਓੜਕ ਸਚ ਰਹੀ,

ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

**ਨਾਹਰ ਸਿੰਘ ਐਮ. ਏ.**
ਪਿੰਡ ਨੰਗਲ ਖ਼ੁਰਦ, ਡਾਕਖ਼ਾਨਾ ਪੱਖੋਵਾਲ
ਜ਼ਿਲਾ ਲੁਧਿਆਣਾ, (ਪੰਜਾਬ)

ਦਿੱਲੀ
੨੬—੨—੧੯੬੬

Digitized by Panjab Digital Library | www.panjabdigilib.org

# ਸ਼ਰਧਾਂਜਲੀ ਤੇ ਸਮਰਪਨ

ਦੇਸ ਦੀ ਪਾਕਿਸਤਾਨੀ ਵੰਡ ਸਮੇਂ ਲਾਹੌਰ ਵਿਚ ਪੰਥਕ ਝੰਡੇ ਨੂੰ ਉੱਚੀ ਸ਼ਾਨ ਨਾਲ ਝੁਲਾਈ ਰਖਣ ਵਾਲੇ ਸੱਚੇ ਅਰਥਾਂ ਵਿਚ ਸੰਤ ਸਿਪਾਹੀ, ਦਿੱਲੀ ਦੀਆਂ ਅਕਾਲੀ ਸਰਗਰਮੀਆਂ ਦੇ ਰੂਹੇ ਰਵਾਂ ਤੇ ਨਿਧੜਕ ਜਰਨੈਲ, ਹਰ ਪੰਥਕ ਮੋਰਚੇ ਅੰਦਰ ਮੇਰੇ ਜਾਂ-ਨਿਸਾਰ ਸਾਥੀ, ਮੇਰੇ ਪਰਮ ਸਨੇਹੀ, ਮੇਰੇ ਸੁਹਿਰਦ ਸਹੇਲੇ ਤੇ ਮਿੱਤਰ-ਪਿਆਰੇ, ਯੰਗ ਮੈਨ ਸਿੱਖ ਐਸੋਸੀਏਸ਼ਨ, ਦਿੱਲੀ ਦੇ ਮੋਢੀ ਤੇ ਸੰਸਥਾਪਕ ਸਰਦਾਰ ਸ਼ੇਰ ਬਲਵੰਤ ਸਿੰਘ ਜੀ ਜੋ ਅਜ ਕਲ੍ਹ ਦਿੱਲੀ ਦੇ ਅਕਾਲੀ ਵਰਕਰਾਂ ਦੀ ਜਮਾਤ ਤੇ ਆਪਣੀ ਮਾਤ੍ਰ ਭੂਮੀ ਨੂੰ ਜੁਦਾਈ ਦੇ ਸਲ ਲਾ ਕੇ ਲੰਡਨ ਦੇ ਵਾਸੀ ਬਣੇ ਹੋਏ ਹਨ ਉਨ੍ਹਾਂ ਦੇ ਪੂਜਯ ਪਿਤਾ ਸਰਦਾਰ ਨਰੈਣ ਸਿੰਘ ਜੀ ਬੈਰਿਸਟਰ ਨਾਲ ਜ਼ਾਤੀ ਤੌਰ 'ਤੇ ਵਾਪਰੀਆਂ 'ਹਡ-ਬੀਤੀਆਂ' ਘਟਨਾਵਾਂ, ਅਤੇ ਅਕਾਲੀ ਲਹਿਰ ਦੇ ਸਿਲਸਿਲੇ ਵਿਚ ਪੇਸ਼ ਆਉਣ ਵਾਲੇ 'ਜਗਬੀਤੀ' ਦੇ ਤਜਰਬਿਆਂ ਦੇ ਆਧਾਰ 'ਤੇ "ਕੁਝ ਹਡ ਬੀਤੀ, ਕੁਝ ਜਗ ਬੀਤੀ" ਨਾਉਂ ਦਾ ਵਡਮੁੱਲਾ ਸੰਗ੍ਰਹਿ ਕਿਤਾਬੀ ਰੂਪ ਵਿਚ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਜਾ ਰਿਹਾ ਹੈ।

ਜਿਹਾ ਕਿ ਹਰ ਸੰਸਾਰਕ ਘਟਨਾ ਦੇ ਦੋ ਪੱਖ ਹੋਇਆ ਹੀ ਕਰਦੇ ਹਨ, ਅਰਥਾਤ ਇਕ 'ਚਾਨਣਾ' ਤੇ ਦੂਜਾ 'ਹਨੇਰਾ'। ਬੁਧੀਵਾਨ ਗੁਣ-ਗ੍ਰਾਹਕ ਪਾਠਕ ਜਨ ਦੋਹਾਂ ਪੱਖਾਂ ਨੂੰ ਪੜ੍ਹ ਕੇ ਤੇ ਵਿਚਾਰ ਕੇ ਇਨ੍ਹਾਂ ਦੋਹਾਂ ਪੱਖਾਂ ਪਾਸੋਂ ਦੁਨੀਆਂ ਅੰਦਰ ਯੋਗਤਾ ਪੂਰਵਕ ਜੀਵਨ ਨਿਰਬਾਹ ਦੀ ਸਿੱਖ ਮੱਤ ਹਾਸਲ ਕਰ ਲਿਆ



Digitized by Panjab Digital Library | www.panjabdigilib.org

ਕਰਦੇ ਹਨ। ਇਸ ਪੁਸਤਕ ਅੰਦਰ ਬਿਆਨ ਕੀਤੀ ਗਈ ਵੀ ਹਰ ਇਕ ਘਟਨਾ 'ਚਾਨਣੇ' ਅਤੇ 'ਹਨੇਰੇ' ਪੱਖ ਨਾਲ ਓਤ ਪੋਤ ਹੈ। ਇਨ੍ਹਾਂ ਵਿਚੋਂ ਵਿਸ਼ੇਸ਼ ਘਟਨਾਵਾਂ 'ਅਕਾਲੀ ਲਹਿਰ' ਅਤੇ 'ਅਕਾਲੀ ਜੱਥੇਬੰਦੀਆਂ' ਨਾਲ ਸਬੰਧਤ ਹਨ, ਮੈਨੂੰ ਅਕਾਲੀ ਦਲ ਸੂਬਾ ਦਿੱਲੀ ਦੇ ਜਨਰਲ ਸੈਕਰਟਰੀ ਹੋਣ ਦਾ ਮਾਣ ਪ੍ਰਾਪਤ ਹੈ ਸੁ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਅਕਾਲੀ ਲਹਿਰ ਇਕ 'ਲੋਕ-ਲਹਿਰ' ਸੀ ਤੇ ਤੇ ਏਸ ਲੋਕ-ਲਹਿਰ ਨੂੰ ਜਨਮ ਦੇਣ ਵਾਲੀ ਜੱਥਾਬੰਦੀ ਦਾ ਨਾਮ "ਸ਼੍ਰੋ: ਅਕਾਲੀ-ਦਲ" ਸੀ। ਜੋ ਅਕਾਲੀ ਜਨ-ਸਮੂਹ ਦਾ ਇਕ ਵਿਸ਼ਾਲ ਝਲ ਸੀ ਜਿਸ ਵਿਚ ਇਸਤ੍ਰੀ ਪੁਰਸ਼, ਬੱਚੇ ਗਭਰੂ ਤੇ ਬਿਰਧ, ਭਲੇ ਬੁਰੇ, 'ਸੁਰ' 'ਅਸੁਰ', ਅਮੀਰ-ਗਰੀਬ, ਸਚਿਆਰ ਤੇ ਕੂੜਿਆਰ, ਰੰਨਾਂ ਦੇ ਉਧਾਲੂ ਤੇ ਸਤਵੰਤੀਆਂ ਦੇ ਸਤ ਦੇ ਰਾਖੇ ਹਰ ਵਰਗ ਤੇ ਹਰ ਸ਼੍ਰੇਣੀ ਦੇ ਲੋਕ ਜ਼ਾਹਰਾ ਰੂਪ ਵਿਚ ਅਕਾਲੀ ਝੰਡੇ ਹੇਠ ਇਕੋ ਹੀ ਸਾਂਝੇ ਆਸ਼ੇ ਨਾਲ ਜਨ ਸਾਧਾਰਨ ਵਿਚੋਂ ਹੀ ਅਗੇ ਵਧੇ ਸਨ। ਉਨ੍ਹਾਂ ਨੂੰ ਮਾਨਵਤਾ ਤੋਂ ਉਪਰ (Super Human) ਸਮਝ ਕੇ ਉਨ੍ਹਾਂ ਦੇ ਆਚਰਨ ਉਪਰ ਟੀਕਾ ਟਿਪਨੀ ਕਰਨਾ ਮਹਾਨ ਭੁੱਲ ਹੈ।

ਸੋ ਜਿਥੇ ਉਨ੍ਹਾਂ ਨੂੰ ਜਦੋਂ ਮਗਰੋਂ ਬ੍ਰਹਮਾ ਤੇ ਇੰਦਰ ਜਿਹਾਂ ਵਾਂਗ ਜਿਨਸੀ ਕਮਜ਼ੋਰੀ ਦਾ ਸ਼ਿਕਾਰ ਹੋ ਜਾਣ ਵਾਲੇ ਜਨ ਸਾਧਾਰਨ ਹੋਣਾ ਵੇਖਿਆ ਜਾਂਦਾ ਹੈ ਹੁੱਥੇ ਉਨ੍ਹਾਂ ਅੰਦਰ ਤਲੀਆਂ ਉਪਰ ਸਿਰ ਧਰ ਕੇ ਪ੍ਰੇਮ ਪਿਆਰ ਦੀ ਗਲੀ ਅੰਦਰ ਜਾਨਾਂ 'ਤੇ ਖੇਲ ਜਾਣ ਵਾਲੇ ਨਨਕਾਣਾ ਸਾਹਿਬ, ਗੁਰੂ ਕਾ ਬਾਗ਼ ਤੇ ਜੈਤੋ ਦੇ ਮੋਰਚਿਆਂ ਵਿਚ ਗੋਲੀਆਂ ਦੀਆਂ ਬੁਛਾੜਾਂ ਦੇ ਸਾਹਮਣੇ ਛਾਤੀਆਂ ਤਾਣ ਤਾਣ ਡਟ ਜਾਣ ਵਾਲੇ, ਫ਼ਾਂਸੀਆਂ ਦੇ ਰੱਸਿਆਂ ਨੂੰ ਹੱਸ ਹੱਸ ਕੇ ਚੁੰਮਣ ਵਾਲੇ, ਾਂਗ਼ਾਂ ਤੇ ਛਵ੍ਹੀਆਂ ਦੀਆਂ ਮਾਰਾਂ ਸਹਾਰਨ ਵਾਲੇ, ਜੀਉਂਦੇ ਜੀਅ ਤੇਲ, ਪੈਟਰੋਲ ਤੇ ਭੱਠਿਆਂ ਦੇ ਭਾਂਬੜਾਂ ਵਿਚ ਝੋਕੇ ਜਾਣ ਤੇ ਮੂੰਹੋਂ ਸੀ ਤਕ ਨ ਉਚਾਰਨ ਵਾਲੇ ਅਦੁੱਤੀ ਸੂਰਮੇਂ ਤੇ ਬੀਰ ਬਹਾਦਰਾਂ ਦੀ ਗਿਣਤੀ ਦਾ ਵੀ ਕੋਈ ਘਾਟਾ ਨਹੀਂ।

ਮੈਂ ਜਿਥੇ ਇਨ੍ਹਾਂ ਅਕਾਲੀ ਸੂਰਮਿਆਂ ਦੀ ਯਾਦ ਨੂੰ ਅਤੇ ਉਨ੍ਹਾਂ ਦੀ ਜਨਮ ਦਾਤੀ 'ਪੰਜਾਬ' ਅਤੀ ਪੁੰਨ ਭੂਮੀ ਧਰਤੀ ਨੂੰ ਲੱਖ ਲੱਖ ਪਰਣਾਮ ਕਰਦਾ ਹਾਂ ਉਥੇ ਉਨ੍ਹਾਂ ਸੂਰਮਿਆਂ ਦੀ ਜਥੇਬੰਦ ਤਾਕਤ ਨੂੰ ਸਿੱਧੇ ਰਸਤੇ ਲਗਾਈ ਰਖਣ



Digitized by Panjab Digital Library | www.panjabdigilib.org

ਵਾਲੇ ਤੇ ਉਨ੍ਹਾਂ ਪਾਸੋਂ ਮਹਾਨ ਪੰਥਕ ਮੋਰਚਿਆਂ ਨੂੰ ਸਰ ਕਰਵਾਉਣ ਵਾਲੇ ਅਥਵਾ ਅਕਾਲੀ ਲਹਿਰ ਦੇ ਬੇੜੇ ਨੂੰ ਮੁਖ਼ਾਲਫ਼ਤ ਦੇ ਤੂਫ਼ਾਨਾਂ ਵਿਚੋਂ ਸਲਾਮਤੀ ਨਾਲ ਪਾਰ ਕਢ ਲਿਆਉਣ ਵਾਲੇ ਸੂਝਵਾਨ ਤੇ ਅਣਥਕ ਆਗੂਆਂ ਦੇ ਪਰਮੁਖ ਸਾਥੀ ਸਰਦਾਰ ਨਰੈਣ ਸਿੰਘ ਬੈਰਿਸਟਰ ਦੀ ਸਵੈ-ਲਿਖਤ ਜੀਵਨ ਗਾਥਾ "ਕੁਝ ਹਡ ਬੀਤੀ ਕੁਝ ਜਗ ਬੀਤੀ" ਨੂੰ ਦਿਲੀ ਸ਼ਰਧਾ ਤੇ ਸਤਿਕਾਰ ਸਹਿਤ ਪਾਠਕਾਂ ਦੀ ਸੇਵਾ ਵਿਚ ਅਰਪਨ ਕਰਦਾ ਹਾਂ ਤਾਂ ਜੁ ਉਨ੍ਹਾਂ ਨੂੰ ਇਸ ਦੇ ਪਾਠ ਤੇ ਅਧਿਅਨ ਦਵਾਰਾ ਪੰਥ ਸੇਵਾ ਦੀ ਪ੍ਰੇਰਨਾ ਮਿਲਦੀ ਰਹੇ।

ਦਿੱਲੀ
੨੩-੨-੬੬

**ਬਖ਼ਸ਼ੀ ਜਗਦੇਵ ਸਿੰਘ**
ਜੈਨਰਲ ਸੈਕ੍ਰੇਟਰੀ ਅਕਾਲੀ ਦਲ, ਦਿੱਲੀ ਸਟੇਟ

Digitized by Panjab Digital Library | www.panjabdigilib.org



ਬਖ਼ਸ਼ੀ ਜਗਦੇਵ ਸਿੰਘ
ਜੈਨਰਲ ਸੈਕ੍ਰੇਟਰੀ ਅਕਾਲੀ ਦਲ, ਦਿੱਲੀ ਸਟੇਟ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਜਨਮ ਅਤੇ ਬਾਲ ਅਵੱਸਥਾ

## ਜਨਮ

ਅੱਜ ਤੋਂ ਕੋਈ ੭੫-੭੬ ਸਾਲ ਪਹਿਲਾਂ ਪਿੰਡ ਮਿੱਠਾ ਟਿਵਾਣਾ ਤਹਿਸੀਲ ਖ਼ੁਸ਼ਾਬ ਜ਼ਿਲ੍ਹਾ ਸ਼ਾਹਪੁਰ (ਸਰਗੋਧਾ) ਦੇ ਇਕ ਉਘੇ ਸਿੱਖ ਘਰਾਣੇ ਵਿਚ ਮੇਰਾ ਜਨਮ ਹੋਇਆ। ਪਿਤਾ ਜੀ ਦਾ ਨਾਮ ਭਾਈ ਰਾਮ ਸਿੰਘ ਜੀ ਸੀ (ਜੋ ਬਿਰਧ ਅਵਸਥਾ ਵਿਚ ਬਾਬਾ ਰਾਮ ਸਿੰਘ ਦੇ ਨਾਮ ਨਾਲ ਪ੍ਰਸਿਧ ਹੋਏ) ਦਾਦਾ ਜੀ ਨੂੰ ਲੋਕੀਂ ਬਾਬਾ ਈਸ਼ਰ ਸਿੰਘ ਜੀ ਕਹਿ ਕੇ ਬੁਲਾਇਆ ਕਰਦੇ ਸਨ। ਮੇਰੀ ਮਾਤਾ ਜੀ ਦਾ ਨਾਮ ਨਿਹਾਲ ਬਾਈ ਸੀ, ਪਰ ਆਮ ਕਰ ਕੇ ਲੋਕ ਉਨ੍ਹਾਂ ਦਾ ਸਤਿਕਾਰ ਵਜੋਂ ਨਾਮ ਲੈ ਕੇ ਨਹੀਂ ਸਦਿਆ ਕਰਦੇ ਸਨ ਤੇ ਕੇਵਲ ਉਨ੍ਹਾਂ ਦੇ ਪੇਕੇ ਗੋਤਰ ਨਾਮ ਨਾਲ ਮਾਤਾ 'ਬਵੇਜੀ' ਕਹਿ ਕੇ ਬੁਲਾਇਆ ਕਰਦੇ ਸਨ। ਪਿਤਾ ਜੀ ਦੀ ਰੁਚੀ ਸ਼ੁਰੂ ਤੋਂ ਹੀ ਧਰਮ ਦੇ ਪਾਸੇ ਬਹੁਤ ਹੀ ਵਧੇਰੇ ਸੀ। ਤੇ ਮੇਰੇ ਬਾਬਾ ਜੀ ਦਾ ਪਿਆਰ ਗੁਰਬਾਣੀ ਨਾਲ ਅਤਿਅੰਤ ਹੀ ਸੀ। ਪਿਤਾ ਜੀ ਹਰ ਰੋਜ਼ ਨੇਮ ਨਾਲ ਲੌਢੇ ਪਹਿਰ ਬਾਬਾ ਜੀ ਦੇ ਪਾਸ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਦੇ ਸਨ। ਉਂਜ ਜਦੋਂ ਤੋਂ ਮੈਂ ਹੋਸ਼ ਸੰਭਾਲੀ ਪਿਤਾ ਜੀ ਨੇ ਹਰ ਸਮੇਂ ਸਵੇਰੇ ਅੰਮ੍ਰਿਤ ਵੇਲੇ ਉਠਣਾ, ਜੰਗਲ ਪਾਣੀ ਹੋ ਕੇ ਦਾਤਣ ਕੁਰਲਾ ਕਰਨਾ (ਟੁੱਥ ਬ੍ਰਸ਼ ਤੇ ਟੁੱਥ ਪੇਸਟ ਆਦਿ ਦੀ ਵਰਤੋਂ ਨਹੀਂ ਸਨ ਕਰਿਆ ਕਰਦੇ। ਉਸ ਸਮੇਂ ਇਨ੍ਹਾਂ ਚੀਜ਼ਾਂ ਦਾ ਕੋਈ ਨਾਮ ਤਕ ਵੀ ਨਹੀਂ ਸੀ ਜਾਣਦਾ।) ਫੇਰ ਅਸ਼ਨਾਨ ਕਰ ਕੇ



Digitized by Panjab Digital Library | www.panjabdigilib.org

ਗੁਰਬਾਣੀ ਦਾ ਪਾਠ ਕਰਨਾ ਤੇ ਉਪ੍ਰੰਤ ਧਰਮਸਾਲਾ ਜਾਂ ਗੁਰਦੁਆਰੇ ਚਲੇ ਜਾਣਾ। ਜਦੋਂ ਗੁਰਦੁਆਰੇ ਦੀਵਾਨ ਦੀ ਸਮਾਪਤੀ ਹੋ ਜਾਂਦੀ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਬੈਠ ਜਾਂਦੇ। ਪਾਠ ਕਰ ਕੇ ਫੇਰ ਘਰ ਆ ਜਾਂਦੇ। ਹੁਨਾਲ ਹੋਵੇ ਜਾਂ ਸਿਆਲ ਰਾਤ ਦੀ ਰੱਖੀ ਹੋਈ ਰੋਟੀ ਤੇ ਮੱਖਣ ਖਾ ਕੇ ਲੱਸੀ ਦਾ ਛੰਨਾ ਪੀ ਲਿਆ ਕਰਦੇ ਸਨ।

## ਪਿੰਡ ਦਾਂ ਵਾਤਾਵਰਣ

ਮਿੱਠਾ ਟਿਵਾਣਾ ਪਿੰਡ ਥਲ ਦੇ ਇਲਾਕੇ ਵਿਚ ਸੀ। ਮਿੱਠਾ ਏਸ ਵਾਸਤੇ ਕਿਹਾ ਜਾਂਦਾ ਸੀ, ਕਿਉਂਕਿ ਸਾਰੇ ਆਸ ਪਾਸ ਦੇ ਪਿੰਡਾਂ ਦਾ ਪਾਣੀ ਖਾਰੀ ਹੁੰਦਾ ਸੀ, ਕੇਵਲ ਏਸ ਪਿੰਡ ਦਾ ਹੀ ਪਾਣੀ ਮਿੱਠਾ ਸੀ। ਜਿਸ ਕਰ ਕੇ ਇਸ ਨੂੰ ਮਿੱਠੇ ਪਾਣੀ ਦੇ ਆਧਾਰ 'ਤੇ 'ਮਿੱਠਾ' ਨਾਉਂ ਦਿਤਾ ਗਿਆ ਤੇ ਏਸ ਨੂੰ ਵਸਾਉਣ ਵਾਲੇ ਪੰਜਾਬੀ ਮੁਸਲਮਾਨਾਂ ਦੇ 'ਟਿਵਾਣਾ' ਗੋਤ ਦੇ ਬਜ਼ੁਰਗ ਸਨ ਏਸ ਵਾਸਤੇ ਮਿੱਠੇ ਦੇ ਨਾਲ 'ਟਿਵਾਣਾ' ਨਾਉਂ ਦਾ ਵਾਧਾ ਕਰ ਲਿਆ ਤੇ ਨਗਰ ਦਾ ਪੂਰਾ ਨਾਉਂ "ਮਿੱਠਾ ਟਿਵਾਣਾ" ਹੋ ਗਿਆ। ਪਿਛਲੇ ਸਮਿਆਂ ਵਿਚ ਏਸ ਇਲਾਕੇ ਵਿਚ ਜੰਗਲ ਬੇਲੇ ਬਹੁਤ ਸਨ ਏਸ ਲਈ ਬਰਸਾਤਾਂ ਦੀਆਂ ਝੜੀਆਂ ਵੀ ਰੱਜ ਰੱਜ ਕੇ ਲਗਿਆ ਕਰਦੀਆਂ ਸਨ। ਸ਼ਾਮਲਾਤ (ਪਿੰਡ ਦੀ ਸਾਂਝੀ ਧਰਤੀ) ਦੀ ਵੰਡ ਕੋਈ ਨਹੀਂ ਹੋਈ ਸੀ। ਅਤੇ ਇਹ 'ਸ਼ਾਮਲਾਤ ਦਿਹ' ਪਿੰਡ ਦੇ ਚਾਰ ਚੁਫੇਰੇ ਦੂਰ ਦੂਰ ਤਕ ਫੈਲੀ ਹੋਈ ਹੁੰਦੀ ਸੀ। ਪਿੰਡ ਦੇ ਚੜ੍ਹਦੇ ਪਾਸੇ ਸਭ ਤੋਂ ਨੇੜਾ ਪਿੰਡ 'ਹਮੋਕਾ' ਨਾਮ ਦਾ ਸੀ। ਜੋ ਸਾਡੇ ਪਿੰਡੋਂ ੮-੯ ਮੀਲ ਦੀ ਦੂਰੀ 'ਤੇ ਸੀ। ਲਹਿੰਦੇ ਵਲ 'ਪੰਜਾ' ਤੇ 'ਬਿਜਾਰ' ਨਾਮ ਦੇ ਦੋ ਪਿੰਡ ਚਾਰ ਚਾਰ, ਪੰਜ ਪੰਜ ਮੀਲ ਦੀ ਵਿਥ ਉਪਰ ਵਸਦੇ ਸਨ। ਏਨੀ ਏਨੀ ਹੀ ਵਾਟ 'ਤੇ ਉਤਰ ਦਿਸ਼ਾ ਵਲ 'ਬੁਤਾਲਾ' ਤੇ 'ਹਡਾਲੀ' ਨਾਮ ਦੇ ਦੋ ਪਿੰਡ ਸਨ। ਦੱਖਣ ਵਲ 'ਰੋਡਾ' ਪਿੰਡ ਵੱਸਦਾ ਸੀ। ਜੋ ਮਿੱਠੇ ਟਿਵਾਣੇ ਤੋਂ ੯ ਮੀਲ ਦੂਰ ਸੀ। ਪਿੰਡਾਂ ਦੇ ਲਾਗੇ ਲਾਗੇ ਖੂਹਾਂ 'ਤੇ ਥੋੜੀ ਥੋੜੀ ਖੇਤੀ ਹੋਇਆ ਕਰਦੀ ਸੀ। ਤੇ ਦੁਰੇਡੇ ਜਾ ਕੇ ਬਾਰਾਨ ਫ਼ਸਲ ਹੋਇਆ ਕਰਦੇ ਸਨ। ਸ਼ਾਮਲਾਤ ਧਰਤੀ ਬਹੁਤ ਖੁਲ੍ਹੀ ਹੋਣ



Digitized by Panjab Digital Library | www.panjabdigilib.org

ਕਰ ਕੇ ਅਤੇ ਬਾਰਸ਼ਾਂ ਦੀ ਬਰਕਤ ਨਾਲ ਖੇਤਾਂ ਵਿਚ ਖੱਬਲ ਘਾਹ ਬੇ-ਅੰਤ ਹੋ ਜਾਇਆ ਕਰਦਾ ਸੀ। ਜਿਸ ਦੀਆਂ ਤਿੜ੍ਹਾਂ ਕਈ ਕਈ ਗਜ਼ ਲੰਮੀਆਂ ਜ਼ਮੀਨ ਉਪਰ ਦੂਰ ਦੂਰ ਤਕ ਵਿਛ ਜਾਇਆ ਕਰਦੀਆਂ ਸਨ। ਇਹ ਏਨਾ ਵਧੇਰੇ ਹੋ ਜਾਂਦਾ ਸੀ ਕਿ ਜਿੰਨਾ ਚਿਰ ਤਕ ਇਹ ਹਰਿਆ ਰਹੇ ਪਸ਼ੂਆਂ ਨੂੰ ਕਿਸੇ ਚਾਰੇ ਦੀ ਲੋੜ ਨਹੀਂ ਸੀ ਪੈਂਦੀ। ਡੰਗਰ ਬਾਹਰ ਦੇ ਚਰ੍ਹੇ 'ਤੇ ਹੀ ਦੁੱਧ ਦੇਂਦੇ ਤੇ ਵਾਹੀ ਕਰਦੇ ਰਹਿੰਦੇ ਸਨ। ਜਦ ਇਹ ਘਾਹ ਸੁੱਕ ਜਾਂਦਾ ਤਾਂ ਲੋਕੀਂ ਖੇਤਰ ਖੋਤਰ ਕੇ ਕੋਠੇ ਭਰ ਕੇ ਰੱਖ ਲੈਂਦੇ। ਇਹ ਘਾਹ ਪਸ਼ੂਆਂ ਲਈ ਖਾਣ ਵਿਚ ਡਾਢਾ ਮਿੱਠਾ ਤੇ ਨਿੱਗਰ ਚਾਰਾ ਹੋਇਆ ਕਰਦਾ ਸੀ। ਇਸ ਸੁੱਕੇ ਘਾਹ ਨੂੰ ਖਾਣ ਵਾਲੇ ਪਸ਼ੂਆਂ ਨੂੰ ਵੰਡ-ਵੜੇਵਾਂ ਪਾਉਣ ਦੀ ਕੋਈ ਲੋੜ ਨਹੀਂ ਸੀ ਹੁੰਦੀ। ਇਸ ਸੁੱਕੇ ਘਾਹ ਦੇ ਚਾਰੇ ਨਾਲ ਡੰਗਰ ਵੱਛੇ ਦਾ ਸਿਆਲ ਟਪ ਜਾਇਆ ਕਰਦਾ ਸੀ।

## ਦੁੱਧ ਦੀਆਂ ਨਦੀਆਂ

ਗਊ ਰੱਖਣ ਦਾ ਖ਼ਰਚਾ ਚਾਰ ਆਨੇ ਮਹੀਨਾ ਹੋਇਆ ਕਰਦਾ ਸੀ। ਉਹ ਇਸ ਤਰ੍ਹਾਂ ਕਿ ਚਾਰ ਆਨੇ ਮਹੀਨਾ ਡੰਗਰ ਪ੍ਰਤੀ ਡੰਗਰਾਂ ਦੇ ਛੇੜੂ ਅਥਵਾ ਚਰਵਾਹੇ ਲਿਆ ਕਰਦੇ ਸਨ। ਜੋ ਦੋਵੇਂ ਵੇਲੇ ਡੰਗਰਾਂ ਦੇ ਦੁੱਧ ਵੀ ਚੋਅ ਕੇ ਦੇ ਜਾਇਆ ਕਰਦੇ ਸੀ। ਤੇ ਸਾਰਾ ਦਿਨ ਡੰਗਰਾਂ ਨੂੰ ਚਰਾਉਂਦੇ ਤੇ ਤਰਕਾਲੀਂ ਪਈ ਘਰੋ ਘਰੀ ਲਿਆ ਕੇ ਕਿੱਲਿਆਂ 'ਤੇ ਬੰਨ੍ਹ ਜਾਂਦੇ ਸਨ। ਇਨ੍ਹਾਂ ਚਰਵਾਹਿਆਂ ਨੂੰ ੨੦-੨੦, ੨੫-੨੫ ਰੁਪਏ ਮਹੀਨਾ ਬਣ ਜਾਇਆ ਕਰਦੇ ਸਨ। ਕਿਉਂਕਿ ਇਕ ਇਕ ਵਗ ਵਿਚ ਅੱਸੀ ਅੱਸੀ ਸੌ ਸੌ ਡੰਗਰ ਹੋਇਆ ਕਰਦੇ ਸਨ। ਗਰਮੀਆਂ ਵਿਚ ਛੇੜੂ ਮੁੰਡੇ ਡੰਗਰਾਂ ਨੂੰ ਪਿੰਡ ਦੀ ਸ਼ਾਮਲਾਤ ਵਿਚ ਲਿਆ ਬੈਠਾਇਆ ਕਰਦੇ ਸਨ ਤੇ ਸਿਆਲ ਵਿਚ ਉਹ ਬਾਹਰੋਂ ਹੀ ਏਨੇ ਰੱਜ ਆਇਆ ਕਰਦੇ ਸਨ ਕਿ ਘਰ ਵਾਲਿਆਂ ਨੂੰ ਕੋਈ ਚਾਰਾ ਜਾਂ ਵੰਡ ਵੜੇਵਾਂ ਪਾਉਣ ਦੀ ਲੋੜ ਹੀ ਨਹੀਂ ਸੀ ਰਹਿੰਦੀ।

ਗ਼ਰੀਬ ਤੋਂ ਗ਼ਰੀਬ ਪੇਂਡੂ ਦੇ ਕਿੱਲੇ 'ਤੇ ਦੋ, ਚਾਰ, ਲਵੇਰੇ ਜਾਂ ਵਾਹਕ ਡੰਗਰ



Digitized by Panjab Digital Library | www.panjabdigilib.org

ਬੱਝੇ ਹੁੰਦੇ ਸਨ। ਉਹਨੀਂ ਦਿਨੀਂ ਦੁੱਧ ਵੇਚਣਾ ਬੱਜਰ ਪਾਪ ਸਮਝਿਆ ਜਾਇਆ ਕਰਦਾ ਸੀ। ਲੋਕੀਂ 'ਦੁੱਧ ਵੇਚਣ' ਨੂੰ 'ਪੁੱਤ ਵੇਚਣ' ਦੀ ਤੁਲਨਾ ਦਿਆ ਕਰਦੇ ਸਨ। ਉਂਜ ਜਦੋਂ ਕਿਸੇ ਨੂੰ ਵੇਲੇ ਕੁਵੇਲੇ ਦੁੱਧ ਦੀ ਲੋੜ ਪੈ ਜਾਇਆ ਕਰਦੀ ਤਾਂ ਜਿਸ ਦੇ ਘਰ ਦੋ ਚਾਰ ਜਾਂ ਵਧੇਰੇ ਲਵੇਰੀਆਂ ਹੁੰਦੀਆਂ ਉਸ ਪਾਸੋਂ ਲੋੜ ਅਨੁਸਾਰ ਦੁੱਧ ਚੁਆ ਲਿਆ ਕਰਦਾ ਸੀ। ਕਦੀ ਕੋਈ ਕਿਸੇ ਨੂੰ ਦੁੱਧ ਦਹੀ ਜਾਂ ਮੱਖਣ ਤਕ ਵੀ ਦੇਣ ਤੋਂ ਨਾਂਹ ਨਹੀਂ ਸੀ ਕਰਿਆ ਕਰਦਾ।

## ਪ੍ਰਾਹੁਣਾਚਾਰੀ

ਉਨ੍ਹਾਂ ਸਮਿਆਂ ਵਿਚ ਆਮ ਰਵਾਜ ਸੀ ਕਿ ਜਦੋਂ ਕਿਸੇ ਦੇ ਘਰ ਕੋਈ ਪ੍ਰਾਹੁਣਾ ਆ ਜਾਂਦਾ ਤਾਂ ਉਸ ਦੀ ਬਰਾਦਰੀ ਦੇ ਭਰਾ ਭਾਈ ਰਾਤ ਨੂੰ ਪ੍ਰਾਹੁਣੇ ਵਾਸਤੇ ਇਕ ਇਕ ਗੜਵੀ (ਅੱਧ ਸੇਰ ਤਿੰਨ ਪਾ) ਦੁੱਧ ਦੀ, ਉਪਰ ਇਕ ਇਕ ਟੁਕੜਾ ਮਿਸ਼ਰੀ ਦਾ ਟਿਕਾ ਕੇ ਦੇ ਜਾਇਆ ਕਰਦੇ ਸਨ। ਅਤੇ ਅਕਸਰ ਪ੍ਰਾਹੁਣੇ ਵਾਲੇ ਘਰ ਮਣ ਮਣ ਦੁੱਧ ਇਕੱਠਾ ਹੋ ਜਾਂਦਾ ਸੀ। ਜਿਸ ਨੂੰ ਸੰਭਾਲਣਾ ਵੀ ਘਰ ਵਾਲਿਆਂ ਵਾਸਤੇ ਇਕ ਸਮੱਸਿਆ ਬਣ ਜਾਇਆ ਕਰਦੀ ਸੀ। ਓੜਕ ਪ੍ਰਾਹੁਣੇ ਵਿਚਾਰੇ ਨੇ ਕਿੰਨਾ ਕੁ ਪੀ ਲੈਣਾ ਸੀ ?

ਪ੍ਰਾਹੁਣਾਚਾਰੀ ਕੇਵਲ ਦੁੱਧ ਦੇ ਜਾਣ ਤਕ ਹੀ ਸੀਮਿਤ ਨਹੀਂ ਸੀ ਹੁੰਦੀ। ਸਗੋਂ ਆਂਢੀ ਗਵਾਂਢੀ ਦੁੱਧ ਦੇਣ ਦੇ ਉਪ੍ਰੰਤ ਪ੍ਰਾਹੁਣੇ ਦੇ ਜੀ-ਪਰਚਾਵੇ ਵਾਸਤੇ ਢੇਰ ਰਾਤ ਗੁਜ਼ਰ ਜਾਣ ਤਕ ਗੱਪ ਛੱਪ ਵੀ ਹਿੱਕੀ ਰਖਿਆ ਕਰਦੇ ਸਨ ਤੇ ਅਗੇ ਪਿੱਛੇ ਦੀ ਸਾਰੀ ਸੁੱਖ ਸਾਂਦ ਵੀ ਪੁੱਛਿਆ ਕਰਦੇ ਸਨ।

## ਸਾਦਗੀ

ਗੱਲ ਕੀ ? ਪਿੰਡਾਂ ਦਾ ਜੀਵਨ ਬੜਾ ਹੀ ਸਾਦ ਮੁਰਾਦਾ ਹੁੰਦਾ ਸੀ। ਸਾਦਾ ਖ਼ੁਰਾਕ, ਸਾਦਾ ਪੁਸ਼ਾਕ। ਆਮ ਤੌਰ 'ਤੇ ਖੱਦਰ ਹੀ ਪਹਿਨਿਆ ਜਾਂਦਾ ਸੀ। ਖੱਦਰ ਦਾ ਤ੍ਰੀਜਾਂ ਵਾਲਾ ਕੁਰਤਾ, ਖੱਦਰ ਦੀ ਧੋਤੀ (ਤਹਿਬੰਦ) ਸਿਰ ਉਪਰ ਖੱਦਰ



Digitized by Panjab Digital Library | www.panjabdigilib.org

ਦੀ ਪੱਗ। ਸਿਆਲ ਵਿਚ ਬੜੀ ਕੱਸ ਹੋਈ ਤਾਂ ਲੋਈ ਦੀ ਬੁੱਕਲ ਮਾਰ ਲਈ। ਕੋਟ ਪਜ਼ਾਮਾ ਤਾਂ ਨਾ ਕਦੇ ਕਿਸੇ ਡਿੱਠਾ ਸੀ ਤੇ ਨਾ ਸੁਣਿਆ। ਹਾਂ ਸਰਦੇ ਪੁਜਦੇ ਦੋ ਚਾਰ ਚੌਧਰੀਆਂ ਨੇ ਖੁਲ੍ਹੇ ਡੁਲ੍ਹੇ ਜਿਹੇ ਕੋਟ ਰੱਖੇ ਹੁੰਦੇ ਸਨ। ਜਿਨ੍ਹਾਂ ਦੇ ਉੱਤੋਂ ਦੀ ਮਲਮਲ ਦਾ ਖੁਲ੍ਹੀਆਂ ਬਾਹਵਾਂ ਵਾਲਾ ਕਲੀਦਾਰ ਅੰਗਰਖਾ ਹੁੰਦਾ ਸੀ। ਸਰਕਾਰੇ ਦਰਬਾਰੇ ਜਾਣ ਵੇਲੇ ਇਸ ਨੂੰ ਪਹਿਨ ਲਿਆ ਜਾਂਦਾ ਸੀ।

## ਸਸਤਾਈ

ਉਹਨੀਂ ਦਿਨੀਂ ਹਰ ਪਦਾਰਥ ਏਸ ਕਦਰ ਸਸਤਾ ਸੀ ਕਿ ਜੋ ਅੱਜ ਦੇ ਜ਼ਮਾਨੇ ਮੰਨਣ ਵਿਚ ਹੀ ਨਹੀਂ ਆ ਸਕਦਾ। ਲੋਕ ਹੈਰਾਨ ਹੋ ਕੇ ਗੱਲਾਂ ਕਰਿਆ ਕਰਦੇ ਸਨ ਕਿ "ਯਾਰੋ! ਬਾਬੇ ਈਸ਼ਰ ਸਿੰਘ ਕਿਆਂ ਦਾ ਰੁਪਈਆ ਰੋਜ਼ ਦਾ ਖ਼ਰਚ ਜੇ"(ਇਕ ਰੁਪਈਆ ਰੋਜ਼ ਜੀਅ ਪ੍ਰਤੀ ਨਹੀਂ ਸਗੋਂ ਸਾਰੇ ਟੱਬਰ ਦਾ ਸਮੁਚਾ ਖ਼ਰਚ) ਪਰ ਲੋਕੀਂ ਏਨੀ ਫ਼ਜ਼ੂਲ ਖ਼ਰਚੀ 'ਤੇ ਹੈਰਾਨ ਹੁੰਦੇ ਵੀ ਕਿਉਂ? ਖਾਣ ਵਰਤਣ ਜੋਗਾ ਦਾਣਾ ਫੱਕਾ ਜ਼ਮੀਨ ਵਿਚੋਂ ਘਰ ਦਾ ਆ ਜਾਣਾ, ਦੁੱਧ, ਦਹੀਂ, ਮੱਖਣ ਤੇ ਘਿਉ ਰਜ ਰਜ ਕੇ ਖਾਣ ਨੂੰ ਬਿਨਾਂ ਨਕਦ ਖ਼ਰਚਾ ਕਰਨ ਦੇ ਮਿਲ ਜਾਣਾ। ਫਲ (ਫ਼ਰੂਟ) ਦਾ ਤਾਂ ਜ਼ਿਕਰ ਹੀ ਕੀ ਕਰਨਾ ਹੈ। ਸਿਆਲ ਵਿਚ ਪੋਨਾ ਗੰਨਾ ਤੇ ਹਿੰਦਵਾਣੇ (ਮਤੀਰੇ) ਜਦੋਂ ਵੀ ਕੋਈ ਹਟਵਾਣੀਆ ਸੌਦਾ ਸੂਤ ਲੈਣ ਖ਼ੁਸ਼ਾਬ (ਤਹਿਸੀਲ) ਜਾਂਦਾ ਤਾਂ ਡੇੜ੍ਹ ਡੇੜ੍ਹ ਦੋ ਦੋ ਫੁਟ ਦੇ ਪੋਨਿਆਂ ਦੇ ਟੋਟੇ ਦੁਕਾਨ ਦੀ ਬਾਕੀ ਸਮੱਗਰੀ ਨਾਲ ਕਿਸੇ ਲਾਦੂ ਪਸ਼ੂ ਦੀ ਪਿੱਠ 'ਤੇ ਲੱਦ ਕੇ ਲੈ ਆਉਂਦਾ। ਗਰਮੀਆਂ ਵਿਚ ਕਦੇ ਅੰਬ ਤੇ ਕਦੀ ਖਜੂਰਾਂ ਲੈ ਆਂਦੀਆਂ ਜਾਂਦੀਆਂ। ਸਿਆਲ ਦੇ ਦਿਨੀਂ ਪੱਛਮ ਵਲੋਂ ਪਠਾਣ ਲੋਕ ਊਠਾਂ ਉਪਰ ਲੱਦ ਕੇ ਨਿਓਜ਼ੇ, ਅਖ਼ਰੋਟ ਬਦਾਮ, ਸੌਗੀ, ਕਿਸਮਿਸ਼, ਕਾਜੂ ਤੇ ਪਿਸਤਾ ਆਦਿ ਲੈ ਆਉਂਦੇ। ਨਿਓਜ਼ੇ ਤਾਂ ਉਹਨੀਂ ਦਿਨੀਂ ਪੈਸੇ ਦੇ ਛਟਾਂਕ ਪਰਚੂਨੀਏ ਦੀ ਹੱਟੀ ਤੋਂ ਮਿਲ ਜਾਇਆ ਕਰਦੇ ਸਨ। ਅਖ਼ਰੋਟ ਇਕ ਆਨੇ ਦੇ ਸੌ, ਡੇੜ੍ਹ ਸੌ ਤੇ ਬਦਾਮ ਚਾਰ ਪੰਜ ਆਨੇ ਸੇਰ ਵਿਕਿਆ ਕਰਦੇ ਸਨ। ਇੰਨਾਂ ਸੱਸਤਾ ਹੋਣ 'ਤੇ ਵੀ ਇਹ ਸੁੱਕਾ ਮੇਵਾ ਕੋਈ ਕੋਈ ਸਰਦਾ ਪੁਜਦਾ ਘਰ ਹੀ ਖ਼ਰੀਦਿਆ ਕਰਦਾ ਸੀ।



Digitized by Panjab Digital Library | www.panjabdigilib.org

## ਚਾਚਾ ਜੀ ਤੇ ਦਾਰੂ

ਮੇਰੇ ਚਾਚਾ ਜੀ ਦਾ ਸ਼ੁਭ ਨਾਮ ਸ: ਹੁਕਮ ਸਿੰਘ ਸੀ। ਉਨ੍ਹਾਂ ਦੇ ਸਪੁੱਤਰ ਸੱਚ ਖੰਡ ਵਾਸੀ ਗਿਆਨੀ ਸੰਤੋਖ ਸਿੰਘ ਜੀ ਪ੍ਰਸਿਧ ਕਵੀ ਸਨ। ਚਾਚਾ ਜੀ ਚੰਗੇ ਖੜਕੇ ਦੜਕੇ ਵਾਲੇ ਸਨ। ਉਨ੍ਹਾਂ ਦਾ ਸੁਭਾ ਪਿਤਾ ਜੀ ਦੇ ਸੁਭਾ ਤੋਂ ਉੱਕਾ ਹੀ ਉਲਟ ਸੀ। ਪਿਤਾ ਜੀ ਸਾਰੀ ਉਮਰ ਮੱਛੀ, ਮਾਸ ਤੇ ਆਂਡੇ ਦੇ ਪ੍ਰਹੇਜ਼ਗਾਰ ਹੀ ਰਹੇ। ਪਰ ਚਾਚਾ ਜੀ ਅੱਧ ਸੇਰ ਮਾਸ ਰੋਜ਼ਾਨਾ ਆਪਣੀ ਜ਼ਾਤੀ ਵਰਤੋਂ ਵਾਸਤੇ ਤਿਆਰ ਕਰਵਾਇਆ ਕਰਦੇ ਸਨ। ਘਰ ਦੇ ਟੱਬਰ ਵਿਚ ਇਸਤ੍ਰੀ ਵਰਗ ਨੂੰ ਤਾਂ ਮੱਛੀ, ਮਾਸ ਆਂਡੇ ਦਾ ਸੇਵਨ ਕਰਨ ਦੀ ਸਹੁੰ ਹੁੰਦੀ ਸੀ। ਚਾਚਾ ਜੀ ਸ਼ਰਾਬ ਦੀ ਵਰਤੋਂ ਵੀ ਕਰ ਲਿਆ ਕਰਦੇ ਸਨ। ਪਰ ਥੋੜੀ ਥੋੜੀ। ਸਾਡੇ ਇਲਾਕੇ ਵਿਚ ਸ਼ਰਾਬ ਨੂੰ ਸ਼ਰਾਬ ਕੋਈ ਨਹੀਂ ਸੀ ਆਖਦਾ। ਇਸ ਨੂੰ "ਦਾਰੂ" ਦਾ ਨਾਮ ਹੀ ਦਿੱਤਾ ਜਾਂਦਾ ਸੀ। ਦੇਸੀ ਸ਼ਰਾਬ ਦਾ ਠੇਕਾ ਕੇਵਲ ਸਾਡੇ ਹੀ ਪਿੰਡ ਵਿਚ ਹੁੰਦਾ ਸੀ। ਜਿਥੋਂ ਲੋੜ ਸਮੇਂ ਦਸ ਦਸ ਵੀਹ ਵੀਹ ਮੀਲ ਤੋਂ ਲੋਕ ਆ ਕੇ ਲੈ ਜਾਇਆ ਕਰਦੇ ਸਨ।

## ਨੌਕਰ ਦੀ ਤਨਖ਼ਾਹ

ਚਾਚਾ ਜੀ ਦੇ ਘਰ ਇਕ ਮੁਸਲਮਾਨ ਨੌਕਰ ਹੁੰਦਾ ਸੀ। ਜਿਸ ਦਾ ਨਾਮ 'ਕੱਟੂ' ਕਰ ਕੇ ਸਦਿਆ ਜਾਇਆ ਕਰਦਾ ਸੀ। ਇਹ ਚਾਚਾ ਜੀ ਕੋਲ ਇਕ ਰੁਪਈਆ ਮਹੀਨੇ ਤੋਂ ਵੀਹ ਸਾਲ ਨੌਕਰੀ ਕਰਦਾ ਰਿਹਾ। ਅਲਬੱਤਾ ਦੋਵਾਂ ਵੇਲਿਆਂ ਦੀ ਰੋਟੀ, ਤਿੰਨ ਖੱਦਰ ਦੇ ਕਪੜੇ (ਕੁਰਤਾ, ਤਹਿਬੰਦ ਤੇ ਪਟਕਾ) ਅਤੇ ਇਕ ਜੋੜਾ ਜੁੱਤੀਆਂ ਦਾ ਨਾਲ ਦਿਤਾ ਜਾਇਆ ਕਰਦਾ ਸੀ। ਮੇਰੇ ਪਿਤਾ ਜੀ ਜੋ ਸ਼ਾਹੂਕਾਰਾ ਕਰਦੇ ਸਨ, ਉਨ੍ਹਾਂ ਨੇ ਪਿੰਡ ਦੇ ਇਕ ਮੋਚੀ ਨੂੰ ਪੰਜਾਹ ਰੁਪਏ ਕਰਜ਼ਾ ਦੇ ਰਖਿਆ ਸੀ। ਜਿਸ ਕਰਜ਼ੇ ਦੇ ਸੂਦ ਵਿਚ ਮੋਚੀ ਸਾਰੇ ਟੱਬਰ ਦੀਆਂ ਜੁੱਤੀਆਂ ਬਣਾ ਕੇ ਦੇਣ ਦਾ ਜ਼ਿੰਮੇਵਾਰ ਹੁੰਦਾ ਸੀ। ਅਲਬੱਤਾ ਜਿੰਨੇ ਪਸ਼ੂ ਮਰ ਜਾਂਦੇ ਸਨ ਉਨ੍ਹਾਂ ਦੀਆਂ ਖੱਲਾਂ ਦਾ ਉਹੋ ਮੋਚੀ ਹੀ ਹਕਦਾਰ ਹੁੰਦਾ ਸੀ। ਜਿਸ ਮੋਚੀ ਨੂੰ ਇਹੋ



Digitized by Panjab Digital Library | www.panjabdigilib.org

ਜਿਹਾ ਠੇਕਾ ਮਿਲ ਜਾਂਦਾ ਸੀ ਉਹ ਆਪਣੇ ਆਪ ਨੂੰ ਵਡਾ ਖ਼ੁਸ਼ਨਸੀਬ ਗਿਣਿਆ ਕਰਦਾ ਸੀ ।

## ਸਬਜ਼ੀਆਂ ਤੇ ਮਾਸ

ਪਿੰਡਾਂ ਵਿਚ ਸਬਜ਼ੀ ਸਿਵਾਇ ਸਾਗ, ਪਾਲਕ, ਮੂਲੀ, ਗੋਂਗਲੂ (ਸ਼ਲਗਮ) ਗਾਜਰ ਤੇ ਬਤਾਊਂ (ਬੈਂਗਣ) ਆਦਿ ਦੇ ਹੋਰ ਕੁਝ ਨਹੀਂ ਸੀ ਹੁੰਦਾ । ਗੋਭੀ, ਮਟਰ, ਟਮਾਟਰ ਤੇ ਭੇਂ ਆਦਿ ਸਬਜ਼ੀਆਂ ਦਾ ਤਾਂ ਕਦੀ ਨਾਂ ਵੀ ਨਹੀਂ ਸੀ ਸੁਣਿਆ । ਮਾਸ ਅਹਾਰੀ ਹਿੰਦੂ, ਸਿਖ, ਮੁਸਲਮਾਨ ਸਭ ਮੁਸਲਮਾਨ ਕਸਾਈ ਪਾਸੋਂ ਹਲਾਲ (ਕੁੱਠਾ) ਲੈ ਕੇ ਖਾਇਆ ਕਰਦੇ ਸਨ । ਸਾਰੀ ਤਹਿਸੀਲ ਖ਼ੁਸ਼ਾਬ ਅੰਦਰ ਸਾਡੇ ਪਿੰਡ (ਮਿੱਠੇ ਟਿਵਾਣੇ) ਜਾਂ ਹਡਾਲੀ ਵਿਚ ਝਟਕਾ ਮਾਸ ਮਿਲ ਜਾਂਦਾ ਸੀ । ਓਹ ਵੀ ਆਮ ਖੁਲ੍ਹਾ ਨਹੀਂ । ਕੁਝ ਆਦਮੀ ਰਲ ਕੇ ਬੱਕਰਾ ਖ਼ਰੀਦ ਕੇ ਝਟਕਾ ਲਿਆ ਕਰਦੇ ਸਨ ਤੇ ਮਾਸ ਦੀਆਂ ਢੇਰੀਆਂ ਵੰਡ ਲਿਆ ਕਰਦੇ ਸਨ । ਜਦੋਂ ਕਿਸੇ ਲਾਗੇ ਬੰਨੇ ਦੇ ਪਿੰਡ ਵਿਚ ਕਿਸੇ ਸਿੱਖ ਦੇ ਘਰ ਕੋਈ ਕਾਜ ਹੁੰਦਾ ਤਾਂ ਸਾਡੇ ਪਿੰਡ ਦੇ ਕਿਸੇ ਸਾਂਝ ਵਾਲੇ ਦੀ ਰਾਹੀਂ ਪਰਬੰਧ ਕਰ ਲਿਆ ਕਰਦੇ ਸਨ ਤੇ ਏਥੋਂ ਲੁਕਾ ਛੁਪਾ ਕੇ ਲੈ ਜਾਇਆ ਕਰਦੇ ਸਨ ਅਤੇ ਖਾ ਲੈਣ ਦੇ ਮਗਰੋਂ ਹੱਡੀਆਂ ਪਿੰਡੋਂ ਬਾਹਰ ਵਾਰ ਰਾਤ ਬਰਾਤੇ ਚੋਰੀ ਛਿਪੇ ਜਾ ਕੇ ਰੇਤ ਦੇ ਟਿੱਬੇ ਵਿਚ ਦੱਬ ਦਿਆ ਕਰਦੇ ਸਨ । ਤਾਂ ਜੋ ਕਿਸੇ ਮੁਸਲਮਾਨ ਨੂੰ ਝਟਕਾ ਕੀਤੇ ਜਾਣ ਦੀ ਸੂਹ ਨਾ ਲਗ ਜਾਵੇ । ਸਾਡੇ ਪਿੰਡ ਵਿਚ ਝਟਕੇ ਦੀ ਖੁਲ੍ਹ ਜਿੱਦਾਂ ਹੋਈ ਮੈਂ ਏਸ ਦਾ ਜ਼ਿਕਰ ਅਗੇ ਚਲ ਕੇ "ਮੇਰਾ ਵੀਰ" ਦੇ ਸਿਰਲੇਖ ਹੇਠ ਕਰਾਂਗਾ ।

## ਭਾਈਚਾਰਾ

ਪਿੰਡਾਂ ਵਿਚ ਲੜਾਈਆਂ, ਝਗੜੇ ਤੇ ਫ਼ਸਾਦ ਬਹੁਤ ਘਟ ਹੋਇਆ ਕਰਦੇ ਸਨ । ਆਮ ਤੌਰ 'ਤੇ ਸਿੱਖ, ਹਿੰਦੂ ਤੇ ਮੁਸਲਮਾਨ ਦੀ ਪ੍ਰਸਪਰ ਮਿਲਵਰਤਣ ਹੀ



Digitized by Panjab Digital Library | www.panjabdigilib.org

ਹੋਇਆ ਕਢਦੀ ਸੀ। ਮੈਂ ਹਿੰਦੂਆਂ ਸਿੱਖਾਂ ਨੂੰ ਮੁਸਲਮਾਨਾਂ ਨਾਲ ਗੱਲਾਂ ਕਰਦਿਆਂ ਉਸ ਵਾਸਤੇ 'ਚਾਚਾ', 'ਮਾਮਾ', 'ਬਾਬਾ' ਦੇ ਸਤਿਕਾਰ ਭਰੇ ਸ਼ਬਦ ਵਰਤਦਿਆਂ ਆਪਣੇ ਕੰਨੀਂ ਸੁਣਦਾ ਰਿਹਾ ਹਾਂ। ਜਦੋਂ ਕਿਤੇ ਪਿੰਡ ਦੀ ਕਿਸੇ 'ਧੀ-ਭੈਣ' ਦਾ ਸਵਾਲ ਸਾਹਮਣੇ ਆ ਜਾਂਦਾ ਤਾਂ ਉਸ ਦੀ ਭਲਾਈ ਤੇ ਹਮਦਰਦੀ ਵਿਚ ਸਿੱਖ, ਹਿੰਦੂ, ਮੁਸਲਮਾਨ ਦਾ ਲਹੂ ਇਕੋ ਜਿਹਾ ਪੱਘਰ ਪਿਆ ਕਰਦਾ ਸੀ।

## ਸ਼ਾਹੂਕਾਰਾ

ਮੈਂ ਪਿੱਛੇ ਦਸ ਆਇਆ ਹਾਂ ਕਿ ਮੇਰੇ ਪਿਤਾ ਜੀ ਸ਼ਾਹੂਕਾਰਾ ਕਰਦੇ ਸਨ। ਪਰ ਇਸ ਕਾਰੋਬਾਰ ਦੀ ਸ਼ਾਨ ਵੀ ਨਿਰਾਲੀ ਹੀ ਸੀ। ਉਨ੍ਹਾਂ ਸਾਰੀ ਉਮਰ ੧) ਰੁਪਿਆ ਸੈਂਕੜਾ ਤੋਂ ਵਧ ਵਿਆਜ ਕਦੀ ਨਹੀਂ ਸੀ ਲਿਆ। ਚੰਗੀਆਂ ਸਾਮੀਆਂ ਪਾਸੋਂ ਤਾਂ ਅਠ, ਦਸ ਆਨੇ ਸੈਂਕੜਾ ਵੀ ਲੈ ਲਿਆ ਕਰਦੇ ਸਨ। ਕਰਜ਼ਾ ਲੈਣ ਵਾਲਿਆਂ ਦਾ ਵਿਹਾਰ ਏਨਾ ਸੁੱਚਾ ਸੀ ਕਿ ਉਹ ਜਿਸ ਤਰ੍ਹਾਂ ਅੰਦਰ ਵੜ ਕੇ ਰਕਮਾਂ ਲੈ ਜਾਇਆ ਕਰਦੇ ਸਨ ਉਸੇ ਤਰ੍ਹਾਂ ਅੰਦਰ ਵੜ ਕੇ ਦੇ ਵੀ ਜਾਇਆ ਕਰਦੇ ਸਨ। ਪਿਤਾ ਜੀ ਜ਼ਿੰਦਗੀ ਭਰ ਕਿਸੇ ਰਕਮ ਦੀ ਵਸੂਲੀ ਵਾਸਤੇ ਕਦੀ ਕਚਹਿਰੀ ਨਹੀਂ ਸਨ ਚੜ੍ਹੇ। ਪਹਿਲਾਂ ਪਹਿਲ ਮੇਰੇ ਵਡੇ ਵੀਰ ਜੀ ਨੇ ਵਸੂਲੀਆਂ ਵਾਸਤੇ ਦਾਅਵੇ ਕਰਨੇ ਸ਼ੁਰੂ ਕੀਤੇ। ਕਿਉਂਕਿ ਉਸ ਵੇਲੇ ਕਰਜ਼ੇ ਲੈਣ ਵਾਲਿਆਂ ਦੀਆਂ ਨੀਤਾਂ ਵਿਚ ਕੁਝ ਕੁਝ ਫ਼ਰਕ ਆਉਣ ਲਗ ਗਏ ਸਨ। ਇਨ੍ਹਾਂ ਦੇ ਕਾਰਨ ਹੀ ਪਿਤਾ ਜੀ ਨੇ ਸ਼ਾਹੂਕਾਰਾ ਕਾਰ ਵਿਹਾਰ ਬੰਦ ਕਰ ਦਿੱਤਾ। ਇਹ ਵੀ ਇਕ ਸਵਾਦਲਾ ਕਿੱਸਾ ਹੈ ਜੋ ਮੈਂ 'ਮੇਰਾ ਵੀਰ' ਦੇ ਸਿਰਲੇਖ ਹੇਠ ਬਿਆਨ ਕਰਾਂਗਾ। ਪਿਤਾ ਜੀ ਨੇ ਸ਼ਾਹੂਕਾਰਾ ਤਾਂ ਬੰਦ ਕਰ ਦਿੱਤਾ। ਪਰ ਰੁਪਏ ਨੂੰ ਘਰ ਰੱਖੀ ਰਖਣ ਵਿਚ ਵੀ ਕੋਈ ਲਾਭ ਨਹੀਂ ਸੀ ਤੇ ਏਸ ਨੂੰ ਕਿਸੇ ਪਾਸੇ ਲਾਈ ਰਖਣ ਦਾ ਕੋਈ ਰਾਹ ਕਢਣਾ ਜ਼ਰੂਰੀ ਸੀ। ਸੋ ਉਨ੍ਹਾਂ ਨੇ ਆਪਣੇ ਵਡੇ ਪੁੱਤਰ ਦੇ ਨਾਮ 'ਤੇ 'ਸਰਗੋਧਾ', 'ਭਲਵਾਲ' ਤੇ 'ਟੋਭਾ ਟੇਕ ਸਿੰਘ' ਤਿੰਨਾਂ ਹੀ ਮੰਡੀਆਂ



Digitized by Panjab Digital Library | www.panjabdigilib.org

ਵਿਚ ਜਾਇਦਾਦਾਂ ਖ਼ਰੀਦ ਲਈਆਂ। ਪਿਤਾ ਜੀ ਦੇ ਤਿੰਨ ਹੀ ਪੁੱਤਰ ਸਨ। ਮੈਂ ਸਭ ਤੋਂ ਛੋਟਾ ਸਾਂ।

## ਸ਼ਾਹੂਕਾਰ ਤੇ ਅਸਾਮੀ

ਮੇਰੇ ਬਾਬਾ ਜੀ ਪਿਤਾ ਜੀ ਨੂੰ ਨਾਲ ਲੈ ਕੇ ਸਾਲ ਵਿਚ ਦੋ ਵਾਰੀ (ਸਿਆਲ ਤੇ ਹੁਨਾਲ) ਆਪਣੇ ਇਲਾਕੇ ਵਿਚ ਦੌਰ੍ਹਾ ਕਰਿਆ ਕਰਦੇ ਸਨ। ਉਨ੍ਹਾਂ ਦਾ ਅਸਾਮੀ ਵਾੜਾ ਦਰਿਆ ਜਿਹਲਮ ਦੇ ਲਾਗੇ ਲਾਗੇ ਦੇ ਅਤੇ ਕੁਝ ਕੁ ਪਾਰਲੇ ਪਿੰਡਾਂ ਵਿਚ ਹੁੰਦਾ ਸੀ। ਅਵਾਰਲੇ ਬੰਨੇ ਆਪਣੇ ਪਿੰਡ ਮਿੱਠਾ ਟਿਵਾਣਾ ਤੋਂ ਛੁਟ ਹਮੋਕੇ, ਜੋਟੀਆਂ ਤੇ ਗਿਰੋਟ ਆਦਿ ਪਿੰਡਾਂ ਵਿਚ ਆਪਣਾ ਦੇਣ ਲੈਣ ਹੁੰਦਾ ਸੀ ਤੇ ਪਾਰ ਦੇ ਇਲਾਕੇ ਵਿਚ ਗੋਂਦਲ ਤੇ ਠੱਟੀ ਆਦਿ ਪਿੰਡ ਹੁੰਦੇ ਸਨ। ਜਿਥੇ ਆਸਾਮੀ ਦੱਥੇ ਵਲ ਫੇਰਾ ਤੋਰਾ ਰੱਖਣਾ ਪਿਆ ਕਰਦਾ ਸੀ। ਹਰ ਫੇਰੇ ਵਿਚ ਆਸਾਮੀਆਂ ਨਾਲ ਹਿਸਾਬ ਕਿਤਾਬ ਕੀਤਾ ਜਾਂਦਾ ਸੀ। ਜੋ ਵਸੂਲੀਆਂ ਹੋ ਸਕਣ, ਕਰ ਲੈਣੀਆਂ, ਜਿਸ ਨੂੰ ਹੋਰ ਕਰਜ਼ੇ ਦੀ ਲੋੜ ਹੁੰਦੀ ਦੇ ਦਿੱਤਾ ਜਾਂਦਾ। ਨਵੀਆਂ ਅਸਾਮੀਆਂ ਹੋਰ ਬਣਾਈਆਂ ਜਾਂਦੀਆਂ ਜਿਸ ਕਿਸੇ ਆਸਾਮੀ ਪਾਸੋਂ ਕਿਸੇ ਕਾਰਨ ਵਸੂਲੀ ਨਾ ਹੋ ਸਕਣੀ ਉਸ ਦਾ ਹਿਸਾਬ ਕਰ ਕੇ ਪਿਛਲਾ ਸਾਰਾ ਸੂਦ ਜੋੜ ਕੇ ਕੁਲ ਬਕਾਇਆ ਰਕਮ ਦਾ ਨਾਵਾਂ ਆਪਣੀ ਵਹੀ ਉਪਰ ਲਵਾ ਲੈਣਾ ਆਦਿ।

ਇਕ ਸਮੇਂ ਪਿੰਡ ਹਮੋਕੇ ਵਿਚ ਕੁਝ ਦਿਨਾਂ ਲਈ ਜਾ ਡੇਰਾ ਕੀਤਾ। ਪਿੰਡ ਦਾ ਸਾਰਾ ਹੀ ਅਸਾਮੀ ਵਾੜਾ ਮਿਲਣ ਵਾਸਤੇ ਆਇਆ। ਤੇ ਹਰ ਇਕ ਨੇ ਆਪਣਾ ਆਪਣਾ ਹਿਸਾਬ ਕਿਤਾਬ ਕੀਤਾ, ਪਰ ਇਕ ਆਸਾਮੀ, ਭਾਈ ਗੁਰਮੁਖ ਦਾਸ ਨਾ ਬਹੁੜਿਆ। ਬਾਬਾ ਜੀ ਨੇ ਉਸ ਬਾਰੇ ਲੋਕਾਂ ਪਾਸੋਂ ਪੁੱਛ ਗਿੱਛ ਕੀਤੀ। ਪਤਾ ਲਗਾ ਕਿ ਗੁਰਮੁਖ ਨੇ ਜਿਨਸ ਦਾ ਵਪਾਰ ਕੀਤਾ ਸੀ। ਜਿਸ ਵਿਚ ਚੋਖਾ ਸਾਰਾ ਘਾਟਾ ਪੈ ਗਿਆ। ਬਾਬਾ ਜੀ ਨੇ ਉਸ ਨੂੰ ਬੁਲਾ ਭੇਜਿਆ। ਤਾਂ ਵੀ ਉਹ ਨਾ ਆਇਆ। ਸੁ ਬਾਬਾ ਜੀ ਪਿਤਾ ਜੀ ਨੂੰ ਨਾਲ ਲੈ ਕੇ ਉਸ ਦੇ ਘਰ ਚਲੇ ਗਏ। ਗੁਰਮੁਖ ਨੇ ਉਨ੍ਹਾਂ ਨੂੰ ਦੇਖ ਕੇ ਨੀਵੀਂ ਪਾ ਲਈ ਤੇ ਰੋਣ ਲਗ ਪਿਆ। ਇਹ ਵੇਖ ਕੇ ਬਾਬਾ ਜੀ ਨੇ ਉਸ ਨੂੰ ਦਲਾਸਾ ਦਿਤਾ



Digitized by Panjab Digital Library | www.panjabdigilib.org

ਤੇ ਕਿਹਾ, "ਭਾਈ ਗੁਰਮੁਖਾ ! ਹੌਸਲਾ ਨਹੀਂ ਹਾਰੀਦਾ। ਵਪਾਰ ਵਿਚ ਨਫ਼ੇ ਨੁਕਸਾਨ ਤੇ ਘਾਟੇ ਵਾਧੇ ਹੁੰਦੇ ਹੀ ਰਿਹਾ ਕਰਦੇ ਹਨ। ਰੱਬ ਦੇ ਦਰ ਤੋਂ ਨਿਰਾਸ ਕਦੀ ਨਹੀਂ ਹੋਣਾ ਚਾਹੀਦਾ। ਜੇ ਹੋਰ ਰੁਪਏ ਦੀ ਲੋੜ ਹੋਵੇ ਤਾਂ ਬੇਸ਼ੱਕ ਲੈ ਲਇ। ਤੇ ਹੋਰ ਕੋਈ ਚੰਗੇਰਾ ਵਪਾਰ ਕਰ ਲੈ। ਵਾਹਿਗੁਰੂ ਜ਼ਰੂਰ ਬਰਕਤ ਪਾ ਦੇਵੇਗਾ।" ਗੁਰਮੁਖ ਨੇ ਬਾਬਾ ਜੀ ਦੇ ਪੈਰ ਫੜ ਲਏ ਤੇ ਭੁਬਾਂ ਮਾਰ ਮਾਰ ਕੇ ਰੋਣ ਲਗ ਪਿਆ। ਬਾਬਾ ਜੀ ਨੇ ਪੁੱਛਿਆ :

ਬਾਬਾ ਜੀ : ਭਾਈ ਗੁਰਮੁਖਾ ਅਸੀਂ ਤਿੰਨਾਂ ਦਿਨਾਂ ਦੇ ਤੇਰੇ ਪਿੰਡ ਆ ਕੇ ਠਹਿਰੇ ਹੋਏ ਹਾਂ। ਸਾਨੂੰ ਸਾਰਾ ਪਿੰਡ ਮਿਲਣ ਵਾਸਤੇ ਆਇਆ, ਪਰ ਤੂੰ ਨਾ ਆਇਉਂ।

ਗੁਰਮੁਖ : (ਰੋਂਦਾ ਰੋਂਦਾ) ਬਾਬਾ ਜੀ ! ਤੁਹਾਡੇ ਸਾਹਮਣੇ ਕੀ ਮੂੰਹ ਲੈ ਕੇ ਆਉਂਦਾ ? ਮੈਨੂੰ ਤਾਂ ਜਦੋਂ ਪਤਾ ਲਗਾ ਕਿ ਤੁਸੀਂ ਪਿੰਡ ਵਿਚ ਆ ਗਏ ਹੋ ਮੇਰਾ ਤਾਂ ਲਹੂ ਹੀ ਸੁਕ ਗਿਆ, ਕਿ ਪਤਾ ਨਹੀਂ ਮੇਰੀ ਕੀ ਗਤ ਬਣਾਉਣਗੇ। ਕਿਉਂਕਿ ਜਿਹੜੇ ਰੁਪਏ ਤੁਹਾਡੇ ਪਾਸੋਂ ਕਾਰ ਵਿਹਾਰ ਦੇ ਵਾਧੇ ਵਾਸਤੇ ਲਏ ਸਨ ਉਹ ਤਾਂ ਸਾਰੇ ਦੇ ਸਾਰੇ ਗੁਆ ਬੈਠਾ ਹਾਂ। ਅਸਲ ਰਕਮ ਮੋੜਨੀ ਤਾਂ ਕਿਧਰੇ ਰਹੀ ਸੂਦ ਵਿਆਜ ਦੇ ਪੈਸੇ ਵੀ ਪੱਲੇ ਨਹੀਂ। ਬਾਲ ਬੱਚਾ ਵੀ ਭੁੱਖਾ ਮਰਨ ਲਗ ਗਿਆ ਹੈ। (ਇਹ ਗੱਲ ਆਖਦੇ ਹੀ ਜੀ ਭਰ ਆਇਆ ਤੇ ਡਾਡਾਂ ਮਾਰ ਮਾਰ ਕੇ ਰੋਣ ਲਗ ਪਿਆ।)

ਬਾਬਾ ਜੀ : ਵਾਹਿਗੁਰੂ ! ਵਾਹਿਗੁਰੂ !! ਬਖ਼ਸ਼ੀਂ ਮਾਲਕਾ !!! ਸਾਡਾ ਆਉਣਾ ਸੁਣ ਕੇ ਤੇਰਾ ਖ਼ੂਨ ਸੁੱਕ ਗਿਆ। ਕੀ ਅਸੀਂ ਏਡੇ ਹੀ ਪਾਪੀ ਤੇ ਕੌਡੇ ਰਾਖ਼ਸ਼ ਹਾਂ, ਜੁ ਸਾਡਾ ਨਾਂ ਸੁਣ ਕੇ ਰੱਬ ਦੇ ਬੰਦਿਆਂ ਦੇ ਲਹੂ ਸੁੱਕ ਜਾਂਦੇ ਹਨ ! ਅਸੀਂ ਤਾਂ ਕਿਸੇ ਨਾਲ ਕਦੇ ਕੋਈ ਵਾਧਾ ਵੱਟਾ ਨਹੀਂ ਕੀਤਾ। ਭਾਈ ਗੁਰਮੁਖਾ ਤੂੰ ਹੀ ਦਸ ਖਾਂ ਅਸੀਂ ਤੇਰਾ ਕਦੀ ਕੋਈ ਬੁਰਾ ਕੀਤਾ ਹੋਵੇ ?

ਫੇਰ ਮੇਰੇ ਪਿਤਾ ਜੀ ਨੂੰ ਕਹਿਣ ਲਗੇ। "ਰਾਮ ਸਿੰਘਾ ਗੁਰਮੁਖ ਦਾ ਹਿਸਾਬ ਜੋੜ ਕੇ ਬਾਕੀ ਕਢਵਾ ਲੈ ਤੇ ਇਕ ਸੌ ਰੁਪਿਆਂ ਏਸ ਨੂੰ ਹੋਰ ਦੇ ਦੇਹ। ਸਤਿਗੁਰੂ ਭਲੀ ਕਰੇਗਾ ਤੇ ਏਸ ਵਾਰ ਇਸ ਨੂੰ ਚੋਖਾ ਫ਼ਾਇਦਾ ਹੋ ਜਾਸੀ।" (ਗੁਰਮੁਖ ਵਲ ਵੇਖਦੇ ਹੋਏ) "ਗੁਰਮੁਖਾ ! ਨੀਯਤ ਰਾਸ ਰਖੀਂ। ਗੁਰੂ ਮਿਹਰ ਕਰਸੀ ਆ।



Digitized by Panjab Digital Library | www.panjabdigilib.org

ਵਪਾਰ ਵਿਚ ਜ਼ਰੂਰ ਫ਼ਾਇਦਾ ਹੋਸੀ। ਮਹਾਰਾਜ ਜੋ ਲਿਖਦੇ ਹਨ : "ਇਕ ਤਿਲ ਨਹੀਂ ਭੰਨੇ ਘਾਲੇ"। ਇਕ ਗੱਲ ਮੇਰੀ ਮੰਨ ! ਅਨਾਜ ਦਾ ਵਪਾਰ ਕਰਨਾ ਛਡ ਦੇ। ਇਸ ਦਾ ਵਪਾਰ ਕਰਨ ਵਾਲੇ ਦੀ ਨੀਯਤ ਹੁੰਦੀ ਹੈ ਕਿ ਅਨਾਜ ਦਬ ਕੇ ਮਹਿੰਗਾ ਹੋ ਜਾਵੇ, ਤੇ ਉਸ ਨੂੰ ਮੋਟਾ ਮੁਨਾਫ਼ਾ ਹੋ ਜਾਵੇ। ਕੋਠੇ ਭਰ ਕੇ ਰਖਣ ਵਾਲਿਆਂ ਨੂੰ ਤਾਂ ਜ਼ਰੂਰ ਵਾਧਾ ਪੈ ਜਾਂਦਾ ਹੈ, ਪਰ ਗ਼ਰੀਬ ਵਿਚਾਰੇ ਡਾਢੇ ਦੁਖੀ ਹੋ ਜਾਂਦੇ ਹਨ। ਸਾਨੂੰ ਤਾਂ ਸੰਤਾਂ ਪਾਸੋਂ ਇਕੋ ਹੀ ਸਿੱਖ ਮਤ ਮਿਲੀ ਹੈ ਕਿ ਅਨਾਜ ਦਾ ਵਪਾਰ ਕਦੀ ਨਹੀਂ ਕਰਨਾ, ਤੇ ਮਹਿੰਗਾਈ ਵਾਸਤੇ ਕਦੀ ਅਰਦਾਸਾ ਨਹੀਂ ਸੋਧਣਾ। ਸੁ ਅਸੀਂ ਤਾਂ ਰਾਮ ਸਿੰਘ ਨੂੰ ਭੀ ਪੱਕੀ ਕਰ ਛਡੀ ਹੈ ਕਿ ਸੰਤਾਂ ਦੀ ਏਸ ਨਸੀਹਤ ਨੂੰ ਕਦੀ ਨਹੀਂ ਭੁੱਲਣਾ।"

ਦਰਿਆ ਪਾਰ ਕਰ ਕੇ ਪਿੰਡ ਠਟੀ ਜਾ ਪੁਜੇ। ਓਥੋਂ ਦੀਆਂ ਸਾਮੀਆਂ ਨਾਲ ਹਿਸਾਬ ਕਿਤਾਬ ਕਰਦੇ ਰਹੇ। ਗੋਂਦਲ ਪਿੰਡ ਦੀਆਂ ਆਸਾਮੀਆਂ ਨੂੰ ਬੁਲਾ ਭੇਜਿਆ, ਕਿ ਉਨ੍ਹਾਂ ਪਾਸ ਠਟੀ ਵਿਚ ਹੀ ਆ ਕੇ ਲੇਖਾ ਪਤਾ ਕਰ ਜਾਣ। ਪਿੰਡ ਵਾਲਿਆਂ ਨੇ ਸਲਾਹ ਕਰ ਕੇ ਭਾਈ ਮਨੀ ਰਾਮ ਨੂੰ ਬਾਬਾ ਜੀ ਪਾਸ ਭੇਜ ਦਿਤਾ ਕਿ ਸ਼ਾਹਾਂ ਨੂੰ ਘੋੜੀਆਂ 'ਤੇ ਚੜ੍ਹਾ ਕੇ ਏਥੇ ਲੈ ਆਂਦਾ ਜਾਵੇ ! ਤੇ ਨਾਲ ਬੇਨਤੀ ਕਰ ਦਿਤੀ ਜਾਵੇ ਕਿ ਠਟੀ ਜਾਣ ਨਾਲ ਸ਼ਾਹਾਂ ਦੇ ਅਸਾਮੀਆਂ ਨੂੰ ਤਾਂ ਦਰਸ਼ਨ ਹੋ ਜਾਣਗੇ, ਪਰ ਪਿੰਡ ਦੇ ਬਾਕੀ ਵਸਨੀਕਾਂ ਨੂੰ ਤਾਂ ਦਰਸ਼ਨ ਨਹੀਂ ਹੋਣ ਲਗੇ। ਤੇ ਖ਼ਾਸ ਕਰ ਕੇ ਬੱਚਿਆਂ ਤੇ ਜ਼ਨਾਨੀਆਂ ਨੂੰ ਤਾਂ ਬਿਲਕੁਲ ਹੀ ਦਰਸ਼ਨ ਨਹੀਂ ਹੋ ਸਕਣਗੇ। ਏਸ ਲਈ ਉਨ੍ਹਾਂ ਨੂੰ ਆਪਣੇ ਪਿੰਡ ਜ਼ਰੂਰ ਬਰ ਜ਼ਰੂਰ ਲਿਆਂਦਾ ਜਾਵੇ। ਸਵਾਰੀ ਦਾ ਪ੍ਰਬੰਧ ਹੋਇਆ ਵੇਖ ਕੇ ਬਾਬਾ ਜੀ ਨੇ ਗੋਂਦਲ ਜਾਣਾ ਮੰਨ ਲਿਆ। ਅਤੇ ਇਕ ਅੱਧ ਦਿਨ ਪਾ ਕੇ ਭਾਈ ਮਨੀ ਰਾਮ ਦੇ ਨਾਲ ਹੀ ਗੋਂਦਲ ਆ ਗਏ। ਏਥੇ ਆਉਂਦਿਆਂ ਤਕ ਦਿਨ ਢਲ ਚੁਕਾ ਸੀ। ਸੁ ਪਾਣੀ ਧਾਣੀ ਪੀ ਕੇ ਬਾਬਾ ਜੀ ਨੇ ਭਾਈ ਮਨੀ ਰਾਮ ਨੂੰ ਕਿਹਾ ਕਿ ਅਜ ਰਾਤ ਪਰਸ਼ਾਦਾ ਅਸੀਂ ਤੇਰੇ ਘਰ ਹੀ ਛਕਾਂਗੇ। ਤੂੰ ਸਾਨੂੰ ਆਦਰ ਨਾਲ ਏਥੇ ਲਿਆਉਣ ਵਿਚ ਬੜੀ ਖੇਚਲ ਕੀਤੀ ਹੈ।

ਮਨੀ ਰਾਮ : ਬਾਬਾ ਜੀ ! ਮੇਰੇ ਘਰ ਪਰਸ਼ਾਦਾ ਛਕਣ ਦੀ ਤੁਸਾਂ ਸਵੇਰੇ ਖੇਚਲ ਕਰਨੀ।



Digitized by Panjab Digital Library | www.panjabdigilib.org

ਬਾਬਾ ਜੀ : ਕਿਉਂ, ਹੁਣ ਕੀਹਦੇ ਘਰ ਛਕੀਏ ?

ਬਾਬਾ ਜੀ ਦਾ ਇਹ ਸਵਾਲ ਸੁਣ ਕੇ ਚਾਰ ਚੁਫੇਰੇ ਤੋਂ 'ਵਾਜਾਂ ਆਉਣ ਲਗ ਗਈਆਂ, "ਜੀ ! ਮੇਰੇ ਘਰੋਂ । ਜੀ ! ਮੇਰੇ ਘਰੋਂ ।"

ਮਨੀ ਰਾਮ : ਸ਼ਾਹ ਜੀ ! ਸਵੇਰੇ ਕੁਣਕਾ (ਕੜਾਹ ਪ੍ਰਸ਼ਾਦ) ਬਣਾ ਕੇ ਛਕਾਵਾਂਗਾ ।

ਬਾਬਾ ਜੀ : ਭਲਿਆ ਲੋਕਾ ! ਇਹ ਕਿਹੜੇ ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਰਾਤ ਵੇਲੇ ਕੁਣਕਾ ਨਹੀਂ ਖਾਈਦਾ । ਤੂੰ ਬੇ-ਸ਼ੱਕ ਰਾਤ ਨੂੰ ਹੀ ਬਣਾ ਲਵੀਂ । ਅਸੀਂ ਔਖੇ ਸੌਖੇ ਹੋ ਕੇ ਛਕ ਲਵਾਂਗੇ । ਬਾਬਾ ਜੀ ਦੀ ਭੋਲੇ ਭਾਅ ਇਹ ਗੱਲ ਸੁਣ ਕੇ ਸਾਰੇ ਲੋਕੀਂ ਖਿੜ ਖਿੜਾ ਕੇ ਹੱਸਣ ਲਗ ਗਏ ।

ਜਦੋਂ ਲੋਕਾਂ ਦਾ ਹਾਸਾ ਬੰਦ ਹੋ ਗਿਆ ਤਾਂ ਖ਼ੁਦਾ ਬਖ਼ਸ਼ ਨੇ ਹੱਥ ਜੋੜ ਕੇ ਬੇਨਤੀ ਆ ਕੀਤੀ ਕਿ ਬਾਬਾ ਜੀ ਦੀ ਸਵੇਰ ਦੀ ਰੋਟੀ ਉਸ ਦੇ ਘਰ ਹੋਵੇ । ਉਹ ਕਿਸੇ ਹਿੰਦੂ ਰਸੋਈਏ ਨੂੰ ਬੁਲਾ ਕੇ ਰੋਟੀ ਤਿਆਰ ਕਰਵਾ ਦੇਵੇਗਾ । ਮਾਲ੍ਹ ਪੂੜੇ ਵੀ ਖਵਾਏਗਾ ਤੇ ਨਾਲ ਖੀਰ ਜ਼ਰੂਰ ਹੀ ਬਣਾਏਗਾ । ਕਿ ਸ਼ਾਹ ਹੁਰਾਂ ਕੋਲ ਜੋ ਖੀਰ ਖਾਣ ਵਾਲੇ ਹਥਿਆਰ ਹਨ ਉਨ੍ਹਾਂ ਦੀ ਵਰਤੋਂ ਹੁੰਦੀ ਵੇਖੀ ਜਾਵੇ । ਜਿਨ੍ਹਾਂ ਹਥਿਆਰਾਂ ਨਾਲ ਖੀਰ ਇੰਜ ਅੰਦਰ ਸੁਟ ਲਈ ਜਾਂਦੀ ਹੈ ਜਿਵੇਂ ਜ਼ਿਮੀਂਦਾਰ ਤੰਗਲੀ ਨਾਲ ਤੂੜੀ ਕੋਠੇ ਅੰਦਰ ਸੁਟ ਲਿਆ ਕਰਦੇ ਹਨ ।

ਇਹ ਗੱਲ ਸੁਣ ਕੇ ਲੋਕੀਂ ਪਹਿਲੇ ਨਾਲੋਂ ਵੱ ਜ਼ੋਰ ਸ਼ੋਰ ਨਾਲ ਹੱਸਣ ਲਗ ਗਏ । ਫੇਰ ਸਾਰਿਆਂ ਬੇਨਤੀ ਕੀਤੀ ਕਿ ਖੀਰ ਖਾਣ ਵਾਲੇ ਹਥਿਆਰ ਜ਼ਰੂਰ ਵਖਾਏ ਜਾਣ ।

ਬਾਬਾ ਜੀ : ਭਾਈ ਜਿਹੜਾ ਖੀਰ ਖਵੈਸੀ ਉਸ ਨੂੰ ਹਥਿਆਰਾਂ ਦੇ ਦਰਸ਼ਨ ਭੀ ਹੁੰਦੇ ਰਹਿਣਗੇ !

ਅਗਲੇ ਦਿਨ ਗਿਆਰਾਂ ਬਾਰਾਂ ਵਜੇ ਬਹੁਤ ਸਾਰੇ ਲੋਕ ਖ਼ੁਦਾ ਬਖ਼ਸ਼ ਦੇ ਡੇਰੇ ਬਾਬਾ ਜੀ ਤੇ ਪਿਤਾ ਜੀ ਨੂੰ ਖੀਰ ਖਾਂਦਿਆਂ ਨੂੰ ਦੇਖਣ ਵਾਸ਼ਤੇ ਆਣ ਇਕੱਠੇ ਹੋਏ । ਬਾਬਾ ਜੀ ਤੇ ਪਿਤਾ ਜੀ ਜੇਬਾਂ ਵਿਚੋਂ ਚਮਚੇ ਕਢ ਕੇ ਖੀਰ ਖਾਣ ਲਗ ਗਏ ਤੇ ਲੋਕੀਂ ਖਾਂਦਿਆਂ ਨੂੰ ਵੇਖ ਵੇਖ ਬਹੁਤ ਸਾਰਾ ਚਿਰ ਹੱਸਦੇ ਰਹੇ । ਤੇ ਵਾਹਵਾ ਸਮਾਂ ਬੜਾ ਰਿਹਾ । ਬਾਬਾ ਜੀ ਵੀ ਠੱਠਾ ਮਖ਼ੌਲ ਕਰਦੇ ਰਹੇ ਤੇ ਲੋਕੀਂ



Digitized by Panjab Digital Library | www.panjabdigilib.org

ਵੀ ਹੱਸ ਹੱਸ ਗੱਲਾਂ ਕਰਦੇ ਰਹੇ । ਏਨੇ ਨੂੰ ਤਰਕਾਲਾਂ ਪੈ ਗਈਆਂ । ਬਾਬਾ ਜੀ ਨੇ ਲੋਕਾਂ ਨੂੰ ਕਹਿ ਦਿਤਾ ਕਿ ਅਗਲੇ ਦਿਨ ਭਾਈ ਮਨੀ ਰਾਮ ਦੀ ਬੈਠਕ ਵਿਚ ਸਭ ਅਸਾਮੀ ਵਾੜਾ ਇਕੱਠਾ ਹੋ ਜਾਵੇ । ਜਿਸ ਕਿਸੇ ਨੇ ਹਿਸਾਬ ਕਿਤਾਬ ਸਮਝਣਾ ਹੋਵੇ ਅਥਵਾ ਕੁਝ ਲੈਣਾ ਦੇਣਾ ਹੋਵੇ ਉਥੇ ਹੀ ਪਹੁੰਚ ਜਾਵੇ । ਸੁ ਅਗਲੇ ਦਿਨ ਹਿਸਾਬ ਕਿਤਾਬ ਹੋ ਜਾਣ ਮਗਰੋਂ ਬਾਬਾ ਜੀ ਤੇ ਪਿਤਾ ਜੀ ਖ਼ੁਦਾ ਬਖ਼ਸ਼ ਦੀਆਂ ਘੋੜੀਆਂ 'ਤੇ ਸਵਾਰ ਹੋ ਕੇ ਪਿਛੇ ਨੂੰ ਮੁੜ ਪਏ ।



Digitized by Panjab Digital Library | www.panjabdigilib.org

# ਬਚਪਨ ਤੇ ਮੁੱਢਲੀ ਵਿਦਿਆ

ਜਦ ਮੈਂ ਪੰਜਾਂ ਕੁ ਵਰ੍ਹਿਆਂ ਦਾ ਹ ਗਿਆ ਤਾਂ ਮੇਰੇ ਮਾਤਾ ਪਿਤਾ ਨੇ ਮੈਨੂੰ ਪਿੰਡ ਦੀ ਧਰਮਸਾਲਾ ਵਿਚ ਪੜ੍ਹਨੇ ਪਾ ਦਿਤਾ। ਓਹਨੀਂ ਦਿਨੀਂ ਆਮ ਰਿਵਾਜ ਸੀ ਕਿ ਲੜਕੇ ਲੜਕੀਆਂ ਪੰਜਾਂ ਛਿਆਂ ਸਾਲਾਂ ਦੇ ਹੋ ਜਾਣ 'ਤੇ ਨੇੜੇ ਦੀ ਧਰਮਸਾਲਾ ਵਿਚ ਪੜ੍ਹਨੇ ਪਾ ਦਿਤੇ ਜਾਂਦੇ ਸਨ। ਸਾਲ ਦੋ ਸਾਲ ਵਿਚ ਬੱਚੇ ਪੰਜਾਬੀ ਪੜ੍ਹਨੀ ਸਿੱਖ ਜਾਇਆ ਕਰਦੇ ਸਨ। ਨਾਲ ਗਿਣਤੀ ਤੇ ਪਹਾੜੇ ਵੀ ਪੱਕੇ ਕਰਵਾ ਦਿਤੇ ਜਾਂਦੇ ਸਨ। ਅਤੇ ਫੇਰ ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀ ਲਾ ਦਿਤਾ ਜਾਂਦਾ ਸੀ। ਅਰਥਾਤ ਧਰਮਸਾਲਾ ਦੇ ਭਾਈ ਜੀ ਵਾਰੀ ਵਾਰੀ ਹਰ ਇਕ ਵਿਦਿਆਰਥੀ ਕੋਲ ਬੈਠ ਕੇ ਉਸ ਨੂੰ ਦਸ ਦਸ ਕੇ ਪਾਠ ਕਰਵਾ ਦਿਆ ਕਰਦੇ ਸਨ। ਤਾਂ ਜੋ ਜਿਸ ਬੱਚੇ ਨੂੰ ਜਿਥੇ ਕਿਤੇ ਪਾਠ ਉਕ ਜਾਵੇ ਤਾਂ ਉਹ ਉਸ ਦੀ ਭੁੱਲ ਨੂੰ ਨਾਲ ਦੇ ਨਾਲ ਸੋਧ ਦੇਵੇ। ਏਸ ਤਰ੍ਹਾਂ ਬੱਚਾ ਮਹੀਨੇ ਦੋ ਮਹੀਨੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾ ਲਿਆ ਕਰਦਾ ਸੀ। ਜਿਸ 'ਤੇ ਬੜੀ ਖ਼ੁਸ਼ੀ ਮਨਾਈ ਜਾਇਆ ਕਰਦੀ ਸੀ। ਬੱਚੇ ਦੇ ਮਾਪੇ ਏਸ ਮੌਕੇ 'ਤੇ ਭਾਈ ਜੀ ਦੀ ਵਿਤ ਅਨੁਸਾਰ ਸੇਵਾ ਵੀ ਕਰ ਦਿਆ ਕਰਦੇ ਸਨ। ਬਸਤਰ ਤੇ ਦਸਤਾਰ ਜਾਂ ਰੇਜਾ ਆਦਿ ਦੇ ਦਿਤੇ ਜਾਂਦੇ ਸਨ। ਕੋਈ ਕੋਈ ਸਰਦਾ ਪੁਜਦਾ ਘਰ ਰਜਾਈ, ਤੁਲਾਈ, ਦਰੀ, ਸਿਰਹਾਣਾ ਆਦਿ ਸਾਰਾ ਸਾਰਾ ਬਿਸਤਰਾ ਵੀ ਬਣਾ ਦਿਆ ਕਰਦੇ ਸਨ। ਪਾਠ ਦੀ ਸਮਾਪਤੀ ਸਮੇਂ ਕੜਾਹ ਪ੍ਰਸ਼ਾਦ ਦੀ ਦੇਗ, ਰੁਮਾਲੇ ਤੇ ਯਥਾ ਸ਼ਕਤ ਨਕਦ ਮਾਇਆ ਵੀ ਅਰਦਾਸ



Digitized by Panjab Digital Library | www.panjabdigilib.org

ਕਰਵਾ ਦਿਤੀ ਜਾਂਦੀ ਸੀ, ਜੋ ਗੁਥੀ ਜੀ ਦੀ ਵਰਤੋਂ ਵਿਚ ਆਇਆ ਕਰਦੀ ਸੀ । ਜਿਸ ਨਾਲ ਉਹ ਆਪਣੇ ਬਾਲ ਬੱਚੇ ਦਾ ਪੇਟ ਪਾਲ ਲਿਆ ਕਰਦਾ ਸੀ । ਕਿਉਂਕਿ ਗੁਥੀ ਜੀ ਕਿਸੇ ਬੱਚੇ ਲਈ ਕੇਵਲ ਇਕ ਤਖ਼ਤੀ ਤੇ ਕਲਮ ਦਵਾਤ ਹੀ ਲੈਣੀ ਪੈਂਦੀ ਸੀ ਜਿਸ 'ਤੇ ਸਾਰੇ ਤਿੰਨ ਚਾਰ ਆਨੇ ਖ਼ਰਚ ਆਇਆ ਕਰਦੇ ਸਨ ।

ਹਰ ਬਾਲਕ ਨੂੰ ਪੰਜ ਪੰਜ ਬਾਣੀਆਂ ਕੰਠ ਕਰਵਾਈਆਂ ਜਾਂਦੀਆਂ ਸਨ । ਅਰਥ ਉਰਥ ਕੋਈ ਨਹੀਂ ਸੀ ਲਵਾਉਂਦਾ । ਗੁਰਬਾਣੀ ਦਾ ਸ਼ੁਧ ਪਾਠ ਕਰਨਾ ਸਿਖਾ ਦੇਣਾ ਹੀ ਕਾਫ਼ੀ ਸਮਝਿਆ ਜਾਂਦਾ ਸੀ । ਧਰਮਸਾਲਾ ਦਾ ਕੋਰਸ ਪੂਰਾ ਕਰ ਚੁਕਣ ਮਗਰੋਂ ਬਹੁਤ ਸਾਰੇ ਵਿਦਿਆਰਥੀ ਪ੍ਰਾਇਮਰੀ ਸਕੂਲ ਵਿਚ ਜਾ ਦਾਖ਼ਲ ਹੁੰਦੇ ਸਨ । ਜੋ ਸਾਡੇ ਪਿੰਡੋਂ ਪੱਛਮ ਦੀ ਬਾਹੀ, ਬਾਹਰ ਵਾਰ ਦੋ ਕੁ ਸੌ ਗਜ਼ ਦੀ ਵਿਥ ਉਪਰ ਸੀ । ਏਸ ਸਕੂਲ ਵਿਚ ਪੜ੍ਹਾਉਣ ਵਾਲਾ ਕੇਵਲ ਇਕੋ ਹੀ ਮੁਣਸ਼ੀ ਹੁੰਦਾ ਸੀ । ਜੋ ਪੰਜਾਂ ਹੀ ਜਮਾਤਾਂ ਨੂੰ ਖ਼ੂਬ ਚੰਗੀ ਤਰ੍ਹਾਂ ਪੜ੍ਹਾ ਦਿਆ ਕਰਦਾ ਸੀ । ਉਸ ਦਾ ਨਾਉਂ ਫ਼ੌਜਦਾਰ ਖ਼ਾਂ ਸੀ । ਜਿਸ ਦਾ ਸੁਭਾਉ ਡਾਢਾ ਕਰੜਾ ਸੀ । ਜੇ ਕੋਈ ਵਿਦਿਆਰਥੀ ਘਰ ਵਾਸਤੇ ਦਿਤਾ ਕੰਮ ਕਰ ਕੇ ਨਹੀਂ ਸੀ ਲਿਆਉਂਦਾ ਤਾਂ ਰੂਲਰ ਨਾਲ ਚੰਗੀ ਸੇਵਾ ਕਰ ਦਿਆ ਕਰਦਾ ਸੀ । ਕਿਸੇ ਕਿਸੇ ਨੂੰ ਧੁੱਪੇ ਖੜਾ ਕਰ ਕੇ ਕੰਨ ਫੜਾ ਦਿਆ ਕਰਦਾ ਸੀ । ਤੇ ਕਦੀ ਕਦੀ ਪਿੱਠ ਉਪਰ ਘੜਾ ਪਾਣੀ ਦਾ ਭਰਿਆ ਹੋਇਆ ਰਖਵਾ ਦਿਆ ਕਰਦਾ ਸੀ । ਜਦੋਂ ਤੀਕ ਉਹ ਪਿਛਲੀ ਭੁੱਲ ਦੀ ਤੋਬਾ ਕਰ ਕੇ ਅੱਗੋਂ ਘਰ ਵਾਸਤੇ ਦਿਤਾ ਹੋਇਆ ਕੰਮ ਰੋਜ਼ ਘਰੋਂ ਕਰ ਕੇ ਲਿਆਉਣ ਦਾ ਇਕਰਾਰ ਨਾ ਕਰਦਾ ਨਾ ਉਸ ਦੀ ਪਿੱਠ ਤੋਂ ਘੜਾ ਉਤਾਰਦਾ ਤੇ ਨਾ ਉਸ ਨੂੰ ਪਿਠ ਨੀਵੀਂ ਕਰਨ ਦੇਂਦਾ ।

ਇਕ ਦਿਨ ਦੀ ਗੱਲ ਹੈ ਕਿ ਫ਼ੌਜਦਾਰ ਖ਼ਾਂ ਨੇ ਮੇਰੇ ਵੀਰ ਨੂੰ ਕੰਨ ਫੜਨ ਵਾਸਤੇ ਆਖ ਦਿਤਾ । ਵੀਰ ਜੀ ਨੇ ਆਪਣੇ ਕੰਨ ਫੜਨ ਦੀ ਥਾਂ ਮੁਣਸ਼ੀ ਨੂੰ ਹੀ ਕੰਨਾਂ ਤੋਂ ਜਾ ਫੜਿਆ । ਜਦ ਉਹ ਵੀਰ ਜੀ ਉਪਰ ਰੂਲਰ ਦੀ ਵਰਤੋਂ ਕਰਨ ਲਗਾ ਤਾਂ ਵੀਰ ਜੀ ਨੇ ਉਸ ਦੇ ਹੱਥੋਂ ਰੂਲਰ ਖੋਹ ਕੇ ਉਸੇ ਨੂੰ ਕੁਟਾਪਾ ਚਾੜ੍ਹਨਾ ਸ਼ੁਰੂ ਕਰ ਦਿਤਾ । ਸਕੂਲ ਵਿਚ ਰੌਲਾ ਪੈ ਗਿਆ ਤੇ



Digitized by Panjab Digital Library | www.panjabdigilib.org

ਵੀਰ ਜੀ ਏਸ ਰੌਲੇ ਗੌਲੇ ਵਿਚ ਦੌੜ ਕੇ ਘਰ ਜਾ ਅੱਪੜੇ। ਪਿਤਾ ਜੀ ਵੱਲੋਂ ਆਖਣ ਸੁਣਨ 'ਤੇ ਵੀ ਵੀਰ ਜੀ ਨੇ ਸਕੂਲ ਜਾਣਾ ਉੱਕਾ ਹੀ ਛਡ ਦਿਤਾ। ਤਿੰਨ ਜਮਾਤਾਂ ਪਾਸ ਕਰ ਕੇ ਪੜ੍ਹਾਈ ਲਿਖਾਈ ਦਾ ਕੀਰਤਨ ਸੋਹਲਾ ਪੜ੍ਹਿਆ ਗਿਆ ਤੇ ਆਪ ਨੇ ਸਾਰਾ ਦਿਨ ਪਿੰਡ ਦੀਆਂ ਗਲੀਆਂ ਕੱਛਦੇ ਰਹਿਣਾ, ਪਿਤਾ ਜੀ ਨੇ ਉਨ੍ਹਾਂ ਨੂੰ ਕੰਮ ਧੰਦੇ ਲਗਾਉਣ ਲਈ ਵੀ ਬੜੇ ਯਤਨ ਕੀਤੇ। ਪਰ ਉਹ ਇਕੋ ਨੰਨਾ ਹੀ ਪੜ੍ਹੀ ਗਏ ਤੇ ਕਹਿ ਛਡਣਾ "ਭਾਈ ! ਮੇਰੇ ਪਾਸੋਂ ਤਾਂ ਕੋਈ ਕੰਮ ਹੁੰਦਾ ਹੀ ਨਹੀਂ। ਮੈਂ ਤਾਂ ਜ਼ਿਮੀਂਦਾਰੇ ਦੇ ਚੱਕਰ ਕਢ ਆਇਆ ਕਰਾਂਗਾ। ਮੁਜ਼ਾਰਿਆਂ ਪਾਸੋਂ ਬਿਆਈ ਕਰਵਾ ਲਿਆ ਕਰਾਂਗਾ ਤੇ ਫ਼ਸਲ ਨਿਕਲ ਆਉਣ 'ਤੇ ਵੰਡਾਈ ਕਰਵਾ ਲਿਆਇਆ ਕਰਾਂਗਾ।" ਪਹਿਲਾਂ ਤਾਂ ਨੇੜੇ ਨੇੜੇ ਦੀਆਂ ਜ਼ਮੀਨਾਂ ਦੀ ਦੇਖ ਭਾਲ ਤੇ ਪ੍ਰਬੰਧ ਕਰਦੇ ਰਹੇ ਫੇਰ ਕੁਝ ਕੁ ਸਾਲਾਂ ਮਗਰੋਂ ਪਿਤਾ ਜੀ ਨੂੰ ਮਜਬੂਰ ਕੀਤਾ ਕਿ ਕੋਈ ਘੋੜਾ ਜਾਂ ਘੋੜੀ ਲੈ ਦਿਤੀ ਜਾਵੇ ਤਾਂ ਉਹ ਦੂਰ ਦੂਰ ਦੇ ਖੇਤਾਂ ਵਲ ਵੀ ਘੋੜੇ 'ਤੇ ਸਵਾਰ ਹੋ ਕੇ ਫੇਰਾ ਤੋਰਾ ਰੱਖੀ ਰੱਖਣਗੇ। ਉਹ ਇਹ ਗੱਲ ਕਿਹਾ ਕਰਦੇ ਸਨ ਕਿ "ਸ਼ਾਹੂਕਾਰ ਤੇ ਜ਼ਿਮੀਂਦਾਰ ਦੇ ਘਰ ਜੰਮਣ ਦਾ ਕੀ ਫ਼ਾਇਦਾ ਜੇ ਕਾਮਿਆਂ ਵਾਲੇ ਕੰਮ ਆਪ ਨੂੰ ਹੀ ਕਰਨੇ ਪੈਣ।"

ਜਦੋਂ ਮੇਰੇ ਵੱਡੇ ਵੀਰ ਜੀ ਸਕੂਲ ਛੱਡ ਆਏ, ਤਾਂ ਉਨ੍ਹਾਂ ਦੇ ਮਗਰੋਂ ਮੈਂ ਅਤੇ ਮੇਰਾ ਦੂਜਾ ਭਰਾ ਸ੍ਰ: ਮਹਿਤਾਬ ਸਿੰਘ ਦੋਵੇਂ ਹੀ ਪੜ੍ਹਨੇ ਪੈ ਗਏ। ਤੇ ਦੋ ਤਿੰਨ ਸਾਲ ਪਿੰਡ ਦੇ ਸਕੂਲ ਵਿਚ ਹੀ ਪੜ੍ਹਦੇ ਰਹੇ। ਸਾਡੇ ਪਿੰਡ ਦਾ ਅਤੇ ਬਰਾਦਰੀ ਵਿਚੋਂ ਰਿਸ਼ਤੇਦਾਰ ਸਰਦਾਰ ਜਵੰਦ ਸਿੰਘ ਅੰਮ੍ਰਿਤਸਰ ਖ਼ਾਲਸਾ ਕਾਲਜ ਵਿਦਿਆ ਪ੍ਰਾਪਤ ਕਰਿਆ ਕਰਦਾ ਸੀ। ਉਸ ਨੇ ਸਾਨੂੰ ਦੋਹਾਂ ਭਰਾਵਾਂ ਅਤੇ ਪਿਤਾ ਜੀ ਨੂੰ ਏਸ ਗੱਲ ਵਾਸਤੇ ਪ੍ਰੇਰਿਆ ਕਿ ਵਿਦਿਆ ਪ੍ਰਾਪਤੀ ਵਾਸਤੇ ਸਾਨੂੰ ਵੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਹੀ ਦਾਖ਼ਲ ਕਰਵਾ ਦਿਤਾ ਜਾਵੇ। ਜਿਥੋਂ ਤਕ ਮੈਨੂੰ ਪਤਾ ਹੈ, ਓਹਨੀਂ ਦਿਨੀਂ ਸਾਰੇ ਪੰਜਾਬ ਭਰ ਵਿਚ ਸਿਖਾਂ ਦਾ ਇਕੋ ਇਕ ਕਾਲਜ ਤੇ ਸਕੂਲ, ਖ਼ਾਲਸਾ ਕਾਲਜ, ਅੰਮ੍ਰਿਤਸਰ ਹੀ ਹੁੰਦਾ ਸੀ। ਪਿਤਾ ਜੀ ਨੂੰ ਰੁਪਏ ਪੈਸੇ ਦੀ ਤਾਂ ਕੋਈ ਥੁੜ ਹੈ ਹੀ ਨਹੀਂ ਸੀ। ਉਂਜ ਉਸ ਜ਼ਮਾਨੇ ਵਿਚ ਖ਼ਾਲਸਾ ਕਾਲਜ ਸਕੂਲ ਹੋਸਟਲ (ਬੋਰਡਿੰਗ) ਦਾ ਖ਼ਰਚ ਭੀ ਬਹੁਤ ਹੀ ਮਾਮੂਲੀ



Digitized by Panjab Digital Library | www.panjabdigilib.org

ਹੁੰਦਾ ਸੀ। ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਲੰਗਰ ਦਾ ਖ਼ਰਚ ਢਾਈ-ਤਿੰਨ ਰੁਪਏ ਆਇਆ ਕਰਦਾ ਸੀ। ਦੁੱਧ ਦੋ ਆਨੇ ਸੇਰ ਮਿਲਦਾ ਸੀ ਤੇ ਸਾਰੇ ਮਹੀਨੇ ਦਾ ਖ਼ਰਚ ਦੋ ਕੁ ਰੁਪਏ ਆਉਂਦਾ ਸੀ। ਤੇ ਧੋਬੀ ਦਾ ਖ਼ਰਚਾ ਚਾਰ ਆਨੇ ਮਹੀਨਾ ਦੇਣਾ ਪੈਂਦਾ ਸੀ। ਘਿਉ ਤੇ ਮਿਠਾਈ ਆਦਿ ਘਰੋਂ ਹੀ ਮਾਤਾ ਜੀ ਭੇਜ ਦਿਆ ਕਰਦੇ ਸਨ। ਜੋ ਰੱਜ ਰੱਜ ਕੇ ਖਾਣ 'ਤੇ ਮੁਕਿਆਂ ਨਹੀਂ ਸਨ ਕਰਦੇ। ਸਕੂਲ ਤੇ ਬੋਰਡਿੰਗ ਦੀ ਫ਼ੀਸ ਤੇ ਖੇਡਾਂ ਦਾ ਖ਼ਰਚਾ ਆਦਿ ਮਿਲਾ ਕੇ ਸਾਰਾ ਜੋੜ ੧੦ ਰੁਪਏ ਮਹੀਨੇ ਤੋਂ ਉਤੇ ਨਹੀਂ ਟਪਿਆ ਕਰਦਾ ਸੀ। ਇਸ ਤੋਂ ਇਲਾਵਾ ਕਪੜਿਆਂ ਦਾ ਖ਼ਰਚਾ ਜ਼ਰੂਰ ਕਰਨਾ ਪੈਂਦਾ ਸੀ। ਸੁ ਸਾਲ ਦੇ ਸਾਲ ਗਰਮੀਆਂ ਦੀਆਂ ਛੁੱਟੀਆਂ ਵਿਚ ਬਣਵਾ ਕੇ ਨਾਲ ਲੈ ਆਇਆ ਕਰਦੇ ਸੀ। ਫਲ ਫਲੂਟ ਦਾ ਤਾਂ ਰਵਾਜ ਹੀ ਨਹੀਂ ਸੀ ਹੁੰਦਾ। ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਵੱਡੀ ਅੱਯਾਸ਼ੀ, ਪੋਨੇ, ਖ਼ਰਬੂਜ਼ੇ ਤੇ ਹੋਲਾਂ ਜਾਂ ਕਦੀ ਕਦੀ ਈਦੀਂ ਬਕਰੀਦੀਂ ਕੇਲਾ ਮਿਲ ਜਾਂਦਾ ਸੀ। ਜੋ ਉਸ ਜ਼ਮਾਨੇ ਵਿਚ ਦੋ ਤਿੰਨ ਆਨੇ ਦਰਜਨ ਮਿਲ ਜਾਂਦੇ ਸਨ। ਸਾਡੇ ਪੈਰ ਤੇ ਲੱਤਾਂ ਸਾਡੀ ਟ੍ਰਾਂਸਪੋਰਟ ਤੇ ਕਨਵੇਏਂਸ ਹੋਇਆ ਕਰਦੇ ਸਨ। ਐਤ ਦੇ ਐਤ ਵਾਰ ਜਾਂ ਸਾਲ ਵਿਚ ਦੋ ਤਿੰਨ ਗੁਰਪੁਰਬਾਂ ਦੇ ਮੌਕਿਆਂ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਹੋ ਜਾਇਆ ਕਰਦੇ ਸਨ ਤੇ ਉਹ ਵੀ ਹਮੇਸ਼ਾ ਪੈਦਲ। ਟਾਂਗੇ ਵਾਲੇ ਨੂੰ ਖ਼ਾਲਸਾ ਕਾਲਜ ਲੈ ਜਾਣਾ ਵੀ ਇਕ ਸਮੱਸਿਆ ਹੁੰਦੀ ਸੀ। ਖ਼ਾਸ ਤੌਰ 'ਤੇ ਤਰਕਾਲਾਂ ਵੇਲੇ ਤਾਂ ਟਾਂਗੇ ਦੀ ਸਵਾਰੀ ਮਿਲਣੀ ਉੱਕੀ ਹੀ ਨਾ-ਮੁਮਕਨ ਹੁੰਦੀ ਸੀ। ਜਿਥੇ ਅੱਜ ਕਲ੍ਹ ਪੁਤਲੀ ਘਰ ਦੀ ਵਸੋਂ ਵੇਖਣ ਵਿਚ ਆ ਰਹੀ ਹੈ, ਇਹ ਚੋਰਾਂ, ਡਾਕੂਆਂ ਤੇ ਧਾੜਵੀਆਂ ਦਾ ਗੜ੍ਹ ਹੁੰਦਾ ਸੀ। ਜੋ ਆਉਂਦੇ ਜਾਂਦੇ ਰਾਹੀ ਦੇ ਲੀੜੇ ਵੀ ਲਾਹ ਲਿਆ ਕਰਦੇ ਸਨ ਤੇ ਟਾਂਗਿਆਂ ਦੇ ਘੋੜੇ ਖ਼ੋਲ੍ਹ ਲਿਜਾਇਆ ਕਰਦੇ ਸਨ। ਬਾਈਸਿਕਲ ਦੀ ਓਹਨੀਂ ਦਿਨੀਂ ਕੀਮਤ ਪੰਜ ਸੌ ਰੁਪਏ ਹੁੰਦੀ ਸੀ। ਤੇ ਸਾਰੇ ਸਕੂਲ ਕਾਲਜ ਵਿਚ ਕੇਵਲ ਇਕੋ ਵਿਦਿਆਰਥੀ ਕੋਲ ਸੀ। ਜਿਸ ਦਾ ਨਾਂ ਸਰਦਾਰ ਮੁਕੰਦ ਸਿੰਘ ਸੀ। ਉਹ ਆਪਣਾ ਸਾਈਕਲ ਮੰਗਵਾਂ ਕਿਸੇ ਨੂੰ ਨਹੀਂ ਸੀ ਦਿਆ ਕਰਦਾ। ਇਕ ਦਿਨ ਇਕ ਮਨਚਲੇ ਨੇ ਉਸ ਦੇ ਸਾਈਕਲ ਦੇ ਦੋਹਾਂ ਪਹੀਆਂ ਦੇ ਟਾਇਰ ਟਯੂਬ ਕਟ ਕੇ ਬੰਨੇ ਲਗਾ ਦਿਤੇ। ਜਿਸ 'ਤੇ ਉਸ ਨੇ ਕੋਸ਼ਸ਼ ਕਰ ਕੇ ਆਪਣੇ ਰਹਿਣ ਵਾਸਤੇ ਇਕ ਵੱਖਰੇ



Digitized by Panjab Digital Library | www.panjabdigilib.org

ਛੋਟੇ ਕਮਰੇ ਦੀ ਮਨਜ਼ੂਰੀ ਲੈ ਲਈ, ਤਾਂ ਜੁ ਉਹ ਆਪਣੇ ਬਾਈਸਿਕਲ ਨੂੰ ਜੰਦੇ ਕੁੰਡੀ ਵਿਚ ਬੰਦ ਰਖ ਸਕੇ । ਪਹਿਲੇ ਉਹ ਬੋਰਡਿੰਗ ਦੇ ਆਮ ਕਮਰੇ ਵਿਚ ਰਿਹਾ ਕਰਦਾ ਸੀ । ਇਨ੍ਹਾਂ ਆਮ ਕਮਰਿਆਂ ਵਿਚ ੪ ਜਾਂ ੬ ਮੰਜੇ ਡਿਠਿਆ ਕਰਦੇ ਸਨ । ਇਕ ਇਕ ਮੰਜਾ ਤੇ ਇਕ ਇਕ ਅਲਮਾਰੀ ਹਰ ਇਕ ਬੋਰਡਰ ਦੇ ਹਿਸੇ ਆਇਆ ਕਰਦੇ ਸਨ । ਹਾਲ ਕਮਰਿਆਂ ਵਿਚ ੮-੮ ਤੇ ੧੦-੧੦ ਅਲਮਾਰੀਆਂ ਮੰਜੇ ਹੁੰਦੇ ਸਨ । ਮੁਕੰਦ ਸਿੰਘ ਦੇ ਸਾਰੇ ਸਾਥੀ ਸਾਈਕਲ ਮੰਗਵਾਨ ਦੇਣ ਦੇ ਕਾਰਨ ਉਸ ਨਾਲ ਵੱਟੇ ਰਹਿੰਦੇ ਸਨ । ਸੁ ਸਾਰਾ ਜ਼ੋਰ ਲਗਾ ਸਕਣ 'ਤੇ ਵੀ ਪਤਾ ਨਾਂ ਲਗ ਸਕਿਆ ਕਿ ਉਸ ਦੇ ਸਾਈਕਲ ਦੇ ਟਾਇਰ ਟਯੂਬਾਂ ਦੇ ਵੱਢ ਸੁੱਟਣ ਦਾ ਕੁਹਜਾ ਕੰਮ ਕਿਸ ਕੀਤਾ ਸੀ ।

ਸਾਰੇ ਵਿਦਿਆਰਥੀ ਕਿਹਾ ਕਰਦੇ ਸਨ ਕਿ ਸ਼ਾਹ ਪੁਰੀਏ ਦਾ ਪਤਾ ਕਰਨਾ ਹੋਵੇ, ਤਾਂ ਸਾਰਿਆਂ ਵਿਦਿਆਰਥੀਆਂ ਦੀਆਂ ਅਲਮਾਰੀਆਂ ਦੀ ਤਲਾਸ਼ੀ ਲੈ ਵੇਖੋ । ਜਿਸ ਦੀ ਅਲਮਾਰੀ ਵਿਚੋਂ ਪੱਨਿਆਂ ਦੇ ਦੋ ਦੋ ਢਾਈ ਢਾਈ ਫੁਟ ਦੇ ਦੋ ਚਾਰ ਟੋਟੇ ਅਤੇ ਪਿੰਨੀਆਂ ਨਿਕਲਣ ਨਿਸ਼ਚੇ ਜਾਣੋ ਕਿ ਉਹ ਜ਼ਰੂਰ ਸ਼ਾਹ ਪੁਰੀਆ ਹੀ ਹੋਵੇਗਾ ।

ਸਾਨੂੰ ਸ਼ਾਹਪੁਰੀਆਂ ਨੂੰ ਮਝੈਲ ਮੁੰਡੇ "ਓ ਭਾਈ !" ਆਖ ਕੇ ਬੁਲਾਇਆ ਕਰਦੇ ਸਨ । ਕਿਉਂਕਿ ਅਸੀਂ ਦੋਵੇਂ ਵੇਲੇ ਧਰਮਸਾਲਾ ਜਾਣ ਦੇ ਨਿਤ ਨੇਮੀ ਸੀ । ਤੇ ਬਾਣੀ ਦੇ ਪਾਠ ਦੇ ਵੀ ਪ੍ਰੇਮੀ ਹੁੰਦੇ ਸੀ । ਜਟਾਂ ਜ਼ਿਮੀਂਦਾਰਾਂ ਦੇ ਮੁੰਡਿਆਂ ਵਿਚੋਂ ਮਸਾਂ ਦੋ ਚਾਰ ਫ਼ੀ ਸਦੀ ਧਾਰਮਕ ਰੁਚੀ ਰਖਦੇ ਸਨ । ਧਰਮ ਸਾਲਾ ਸਵੇਰੇ ਸ਼ਾਮ ਦੋਵੇਂ ਵੇਲੇ ਦੀਵਾਨ ਵਿਚ ਆਉਣ ਵਾਲਿਆਂ ਦੀ ਹਾਜ਼ਰੀ ਲਗਿਆ ਕਰਦੀ ਸੀ । ਗ਼ੈਰ ਹਾਜ਼ਰ ਹੋਣ ਵਾਲਿਆਂ ਨੂੰ ਨਕਦ ਜਾਂ ਐਕਸਟਰਾ ਡਰਿਲ ਦੇ ਰੂਪ ਵਿਚ ਜੁਰਮਾਨਾ ਹੋਇਆ ਕਰਦਾ ਸੀ । ਪਰ ਫੇਰ ਵੀ ਬਹੁਤ ਸਾਰੇ ਮੁੰਡੇ ਹਾਜ਼ਰੀ ਲਵਾ ਕੇ ਝਟ ਪਟ ਦੀਵਾਨ ਵਿਚੋਂ ਖਿਸਕ ਜਾਇਆ ਕਰਦੇ ਸਨ । ਜੇ ਕੋਈ ਉਸਤਾਦ ਟੋਕੇ ਤਾਂ ਬਹਾਨਾ ਬਣਿਆ ਬਣਾਇਆ ਸੀ ਕਿ 'ਜੀ ! ਪਖਾਨਾ ਫ਼ਿਰਨ ਜਾ ਰਿਹਾ ਹਾਂ ।"

ਇਕ ਦਿਨ ਦੀ ਗੱਲ ਹੈ ਕਿ ਸ਼ਾਮ ਦੇ ਦੀਵਾਨ ਵਿਚੋਂ ਖਿਸਕ ਕੇ ਮੈਂ ਵੀ ਅਸਮਾਨੀ ਖੂਹ ਵਲ ਨਿਕਲ ਤੁਰਿਆ । ਮੈਂ ਸੱਚ ਮੁਚ ਪਖਾਨੇ ਜਾ ਰਿਹਾ ਸੀ ।



Digitized by Panjab Digital Library | www.panjabdigilib.org

ਅਗੋਂ ਮੇਰਾ ਇਕ ਮਿੱਤਰ ਖੂਹ ਵਲੋਂ ਵਾਪਸ ਆਉਂਦਾ ਟਕਰ ਗਿਆ। ਮੈਂ ਉਸ ਨੂੰ ਦੀਵਾਨ ਵਿਚੋਂ ਖਿਸਕਦੇ ਨੂੰ ਵੇਖ ਚੁੱਕਾ ਵੀ। ਸੁ ਹੈਰਾਨ ਹੋ ਕੇ ਪੁੱਛਣ ਲਗਾ ਕਿ ਤੂੰ ਏਨਾ ਚਿਰ ਕੀ ਕਰਦਾ ਰਿਹਾ ਹੈਂ ?

ਮਿੱਤਰ : ਕੀ ਕਰਦਾ ਰਿਹਾ ਹਾਂ ? ਤੂੰ ਪੁੱਛ ਕੇ ਕੀ ਲੈਣਾ ਹੈ ?? ਕਈ ਪ੍ਰਾਈਵੇਟ ਗੱਲਾਂ ਹੁੰਦੀਆਂ ਹਨ। ਜੋ ਮੈਂ ਤੈਨੂੰ ਭੀ ਨਹੀਂ ਦਸ ਸਕਦਾ।

ਮੈਂ : ਐਡੀ ਕਿਹੜੀ ਪ੍ਰਾਈਵੇਟ ਗੱਲ ਹੈ ? ਜੋ ਤੂੰ ਮੇਰੇ ਕੋਲੋਂ ਲੁਕਾ ਕੇ ਰਖਣਾ ਚਾਹੁੰਦਾ ਹੈਂ। ਮੈਂ ਤਾਂ ਤੇਰੇ ਕੋਲੋਂ ਕਦੀ ਕੋਈ ਗੱਲ ਲੁਕਾ ਕੇ ਨਹੀਂ ਰਖੀ।

ਮਿੱਤਰ : ਗੱਲ ਬਹੁਤ ਹੀ ਪ੍ਰਾਈਵੇਟ ਹੈ। ਜੋ ਮੈਂ ਤੈਨੂੰ ਦਸ ਸਕਦਾ ਹੀ ਨਹੀਂ। ਤੇ ਜੇ ਮੈਂ ਤੈਨੂੰ ਦਸ ਦਿਆਂ, ਤੇ ਤੂੰ ਕਿਸੇ ਹੋਰ ਨੂੰ ਦਸ ਦੇਵੇਂ, ਤਾਂ ਮੁਸੀਬਤ ਹੀ ਬਣ ਜਾਵੇ।

ਜਿੰਨਾ ਉਹ ਪ੍ਰਾਈਵੇਟ ਸ਼ਬਦ ਉਪਰ ਘੜੀ ਘੜੀ ਜ਼ੋਰ ਦੇਵੇ, ਮੈਨੂੰ ਪਤਾ ਕਰਨ ਦਾ ਸ਼ੌਕ ਓਨਾ ਹੀ ਵਧੇਰੇ ਹੁੰਦਾ ਜਾਵੇ। ਓੜਕ ਮੈਂ ਉਸ ਨੂੰ ਜੱਫੀ ਵਿਚ ਲੈ ਕੇ ਕਿਹਾ, "ਸੁੰ...ਸਿੰਘਾ ਹੁਣ ਤੇਰੀ ਮੇਰੀ ਦੋਸਤੀ ਵਿਚ ਫ਼ਰਕ ਆ ਜਾਸੀ। ਤੂੰ ਮੇਰੇ ਕੋਲੋਂ ਵੀ ਲੁਕ ਲੁਕ ਕੇ ਗੱਲਾਂ ਕਰਨ ਲਗ ਗਿਆ ਏਂ।" ਮੇਰੇ ਕੰਨ ਨਾਲ ਮੂੰਹ ਲਾ ਕੇ ਹੌਲੀ ਦਿਤੀ ਕਹਿਣ ਲਗਾ, "ਦੇਖੀਂ ਕਿਸੇ ਨਾਲ ਵੀ ਗੱਲ ਨਾ ਕਰੀਂ। ਮੈਂ ਮੁ......ਮਾਰਦਾ ਰਿਹਾ ਹਾਂ।

ਮੈਂ : ਮੁ......ਨੂੰ ਮਾਰਦਾ ਰਿਹਾ ਹਾਂ ਕਹੀ ਦਾ ਹੁੰਦਾ ਏ, ਤੁਹਾਨੂੰ ਜੱਟਾਂ ਨੂੰ ਵਿਆਕਰਨ ਕਦੀ ਵੀ ਨਹੀਂ ਆਉਣ ਲਗੀ।

ਮਿੱਤਰ : ਹਾ ! ਹਾ !! ਹਾ !!! (ਬੜੇ ਜ਼ੋਰ ਨਾਲ ਖਿੜਖਿੜਾ ਪਿਆ। ਤੇ ਕਹਿਣ ਲਗਾ) ਤੁਸੀਂ ਸ਼ਾਹ ਪੁਰੀਏ ਵੀ ਹਰ ਵੇਲੇ ਵਿਆਕਰਨ ਦੀਆਂ ਹੀ ਵੱਖੀਆਂ ਪਾੜਏ ਰਹਿੰਦੇ ਹੋ।

ਮੈਂ : ਬਹੁਤੀ ਬਕ ਬਕ ਨਾ ਕਰ। ਐਡੀ ਉੱਚੀ ਉੱਚੀ ਹੱਸ ਰਿਹਾ ਹੈਂ। ਜੇ 'ਖਿਚ ਸਾਹਿਬ' ਨੇ ਤੇਰਾ ਰੌਲਾ ਸੁਣ ਲਿਆ ਤਾਂ ਖਹਿੜੇ ਪੈ ਜਾਏਗਾ ਕਿ ਦਸੋ ਏਥੇ ਕੀ ਪਏ ਕਰਦੇ ਹੋ ? ('ਖਿਚ ਸਾਹਿਬ' ਮੁੰਡਿਆਂ ਨੇ ਬੋਰਡਿੰਗ ਸੁਪਰੰਟੰਡੰਟ ਦਾ ਕੁਨਾਉਂ ਪਾ ਰਖਿਆ ਸੀ।)

ਮਿੱਤਰ : ਮੈਂ ਤਾਂ ਸੱਚੀ ਸੱਚੀ ਗੱਲ ਉਸ ਨੂੰ ਕਦੀ ਵੀ ਨਾ ਦਸਾਂ।



Digitized by Panjab Digital Library | www.panjabdigilib.org

ਅਜਿਹੀ ਪ੍ਰਾਈਵੇਟ ਗੱਲ ਜੋ ਮੈਂ ਤੈਨੂੰ ਵੀ ਦਸਣ ਨੂੰ ਤਿਆਰ ਨਹੀਂ ਸੀ, ਉਸ ਨੂੰ ਭਲਾ ਕਿਵੇਂ ਦੱਸੀ ਜਾ ਸਕਦੀ ਹੈ ?

ਮੈਂ : (ਧੱਕਾ ਮਾਰ ਕੇ) ਜਾ ਪਰ੍ਹਾਂ ਨਾ ਦਸ । ਮੈਂ ਵੀ ਤੇਰੇ ਨਾਲ ਕੋਈ ਗੱਲ ਨਹੀਂ ਕਰਿਆ ਕਰਾਂਗਾ ।

ਮਿੱਤਰ : ਮੈਨੂੰ ਬਾਂਹੋਂ ਫੜ ਕੇ ਖਿਚਦਾ ਹੋਇਆ ਅਸਮਾਨੀ ਖੂਹ 'ਤੇ ਲੈ ਨਿਕਲਿਆ। ਅਤੇ ਜਿਥੇ ਟੂਟੀਆਂ ਵਾਲਾ ਗ਼ੁਸਲਖ਼ਾਨਾ ਜਿਹਾ ਟੀਨ ਦੀਆਂ ਚਾਦਰਾਂ ਦਾ ਪਰਦਾ ਖੜਾ ਕਰ ਕੇ ਬਣਾ ਰਖਿਆ ਸੀ ਉਸ ਦੇ ਅੰਦਰ ਜਾ ਕੇ ਸਾਰੇ ਕਪੜੇ ਉਤਾਰ ਦਿਤੇ। ਤੇ ਫੇਰ ਜੋ ਕੁਝ ਉਹ ਕਹਿ ਰਿਹਾ ਸੀ ਕਿ ਮੁ......ਮਾਰਦਾ ਰਿਹਾ ਹਾਂ । ਉਹ ਕੁਝ ਕਰ ਕੇ ਵਖਾਉਣ ਲਗ ਗਿਆ ਤੇ ਨਾਲ ਕਹਿਣ ਲਗਾ ਕਿ ਜਦੋਂ ਵੀ ਤੇਰਾ ਜੀ ਕਰੇ ਤੂੰ ਵੀ ਏਸੇ ਤਰ੍ਹਾਂ ਕਰਿਆ ਕਰੀਂ। ਫ਼ੇਰ ਤੈਨੂੰ ਪਤਾ ਲਗੇਗਾ ਕਿ ਤੂੰ ਕਿਹੜੀ ਦੁਨੀਆਂ ਵਿਚ ਵਸਦਾ ਹੈਂ। ਨਾਲੇ ਵੇਖੀਂ ਕਿ ਸਵਾਦ ਵੀ ਕਿੰਨਾ ਆਉਂਦਾ ਹੈ ਏਸ ਕੰਮ ਦੇ ਕਰਨ ਵਿਚ । ਮੇਰੇ ਲਈ ਸੱਚ ਮੁਚ ਇਹ ਇਕ ਨਵਾਂ ਤੇ ਅਨੋਖਾ ਹੀ ਤਜਰਬਾ ਸੀ। ਪਰ ਚੰਗੇ ਭਾਗਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਆ ਗਈਆਂ। ਜਦ ਮੈਂ ਆਪਣੇ ਪਿੰਡ ਗਿਆ ਤਾਂ ਓਥੇ ਮੈਨੂੰ ਤਰਨ ਤਾਰਨ ਵਾਲੇ ਪ੍ਰਸਿੱਧ ਵੈਦ ਭਾਈ ਮੋਹਨ ਸਿੰਘ ਜੀ ਦੀ ਲਿਖੀ ਹੋਈ ਇਕ ਕਿਤਾਬ ਪੜ੍ਹ ਕੇ ਪਤਾ ਲਗਾ ਕਿ ਜਿਸ ਰਸਤੇ ਮੈਨੂੰ ਮੇਰੇ ਮਿੱਤਰ ਨੇ ਪਾਉਣਾ ਚਾਹਿਆ ਸੀ ਉਹ ਕਿਡਾ ਕੁ ਭਿਆਨਕ ਸੀ। ਤੇ ਜੇ ਮੈਨੂੰ ਇਹ ਪੁਸਤਕ ਪੜ੍ਹਨ ਦਾ ਮੌਕਿਆ ਨਾ ਮਿਲਦਾ ਤਾਂ ਮੈਂ ਵੱਡਾ ਭਾਰੀ ਨੁਕਸਾਨ ਉਠਾ ਲੈਂਦਾ ਅਤੇ ਸਿਹਤ ਬਰਬਾਦ ਕਰ ਬੈਠਦਾ ।

ਖ਼ਾਲਸਾ ਕਾਲਜ ਤੇ ਸਕੂਲ ਵਿਚ, ਕਰਿਕਟ, ਹਾਕੀ, ਫ਼ੁਟਬਾਲ ਤੇ ਟੈਨਸ ਆਦਿ ਖੇਡਾਂ ਖਿਡਾਈਆਂ ਜਾਇਆ ਕਰਦੀਆਂ ਸਨ। ਟੈਨਿਸ ਖੇਡਣ ਵਾਲੇ ਮੁੰਡੇ ਬਹੁਤ ਥੋੜੇ ਹੁੰਦੇ ਸਨ । ਮੁੰਡੇ ਏਸ ਖੇਡ ਨੂੰ ਨੱਕ ਚੜ੍ਹਾ ਕੇ ਲੇਡੀਜ਼ ਗੇਮ (ਰੰਨਾਂ ਦੀ ਖੇਡ) ਦਾ ਨਾਉਂ ਦਿਆ ਕਰਦੇ ਸਨ । ਮੈਨੂੰ ਖੇਡਾਂ ਖੇਡਣ ਦਾ ਖ਼ੂਬ ਸ਼ੌਕ ਸੀ। ਹਰ ਖੇਡ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਕਰਦਾ ਸੀ । ਕਰਿਕਟ, ਫ਼ੁਟਬਾਲ, ਹਾਕੀ ਤੇ ਟੈਨਿਸ ਆਦਿ



Digitized by Panjab Digital Library | www.panjabdigilib.org

ਸਾਰੀਆਂ ਖੇਡਾਂ ਖੇਡਣੀਆਂ। ਇਨ੍ਹਾਂ ਖੇਡਾਂ ਤੋਂ ਬਿਨਾਂ ਰੱਸਾ ਖਿਚਣਾ, ਗੋਲਾ ਸੁਟਣਾ, ਛਾਲਾਂ ਮਾਰਨੀਆਂ ਤੇ ਦੌੜਾਂ ਲਾਉਣੀਆਂ ਮੇਰੀਆਂ ਮਨ-ਭਾਉਂਦੀਆਂ ਖੇਡਾਂ ਸਨ। ਕਰਿਕਟ ਦੀ ਟੀਮ ਦਾ ਮੈਂ ਦੋ ਕੁ ਸਾਲ ਕਪਤਾਨ ਵੀ ਰਿਹਾ। ਗੋਲਾ ਸੁੱਟਣ ਤੇ ਮੀਲ ਅੱਧ ਮੀਲ ਦੀਆਂ ਦੌੜਾਂ ਵਿਚ ਮੈਂ ਕਈ ਵਾਰ ਇਨਾਮ ਪ੍ਰਾਪਤ ਕਰਦਾ ਹੁੰਦਾ ਸੀ। ਰੱਸਾ ਖਿਚਣ ਦੀ ਟੀਮ ਦੀ ਮੈਂ ਕਈ ਸਾਲ ਕਪਤਾਨੀ ਕੀਤੀ। ਰੱਸੇ ਦੇ ਸਿਰੇ 'ਤੇ ਮੇਰੇ ਲੱਕ ਨਾਲ ਰੱਸਾ ਬੰਨ੍ਹ ਦਿਤਾ ਜਾਇਆ ਕਰਦਾ ਸੀ। ਰੱਸਾ ਕਸ਼ੀ ਦੇ ਮੁਕਾਬਲਿਆਂ ਵਿਚ ਅਸੀਂ ਕਦੀ ਕਿਸੇ ਨੂੰ ਮੈਚ ਜਿੱਤਣ ਨਹੀਂ ਸੀ ਦਿਤਾ। ਟਾਕਰੇ ਦੀਆਂ ਟੀਮਾਂ ਵਾਲੇ ਆਖਿਆ ਕਰਦੇ ਸਨ, ਕਿ ਜੇ 'ਭਾਈ' ਦੇ ਪੈਰ ਉਖੜੇ ਤਾਂ ਸਮਝੋ ਰੱਸੇ ਦਾ ਮੈਚ ਜਿੱਤ ਲਵਾਂਗੇ ਨਹੀਂ ਤਾਂ ਕੋਈ ਨਾ।

ਕਰਿਕਟ ਦਾ ਫ਼ਾਈਨਲ ਮੈਚ ਅਸੀਂ ਕਦੀ ਨਹੀਂ ਸੀ ਜਿੱਤੇ। ਹਮੇਸ਼ਾ ਹਾਰ ਜਾਇਆ ਕਰਦੇ ਸੀ। ਅੰਮ੍ਰਿਤਸਰ ਸ਼ਹਿਰ ਦੇ ਸਕੂਲਾਂ ਦੇ ਖਿਡਾਰੀ ਤੇ ਹੋਰ ਦਰਸ਼ਕ ਲੋਕ ਤਾੜੀਆਂ ਮਾਰ ਮਾਰ ਕੇ ਸਾਨੂੰ ਸ਼ਰਮਿੰਦਿਆਂ ਕਰਿਆ ਕਰਦੇ ਸਨ। ਖ਼ਾਲਸਾ ਕਾਲਜ ਦੇ ਮੁੰਡੇ ਟਾਹਲੀਆਂ ਦੇ ਗੁੱਦੇ (ਡੰਡੇ) ਵੱਢ ਕੇ ਮੈਚਾਂ 'ਤੇ ਨਾਲ ਲੈ ਜਾਇਆ ਕਰਦੇ ਸਨ। ਤੇ ਹਾਰ ਜਾਣ 'ਤੇ ਟਾਕਰੇ ਦੀ ਟੀਮ ਨੂੰ ਚੰਗੀ ਕੁਟ ਚੜ੍ਹਾ ਆਇਆ ਕਰਦੇ ਸਨ। ਇਕ ਸਾਲ ਏਸ ਦੰਗੇ ਫ਼ਸਾਦ ਨੂੰ ਦੇਖ ਕੇ ਇਕ ਪਾਦਰੀ ਨੂੰ ਇਹ ਗੱਲ ਕਹਿੰਦਿਆਂ ਸੁਣਿਆ ਗਿਆ ਸੀ, "ਟੋਬਾ, ਟੋਬਾ, ਯਹ ਕੋਈ ਕ੍ਰਿਕਟ ਕਾ ਮੈਚ ਹੈ ?" ਜਿਸ ਸਾਲ ਮੈਂ ਪਹਿਲੀ ਵਾਰ ਸਾਲਾਨਾ ਮੈਚਾਂ ਵਿਚ ਸ਼ਾਮਲ ਹੋਇਆ। ਤਾਂ ਮੈਨੂੰ ਸਭਨਾਂ ਨਾਲੋਂ ਮਗਰੋਂ ਅਰਥਾਤ ੧੧ਵੇਂ ਨੰਬਰ 'ਤੇ ਖੇਡਣ ਵਾਸਤੇ ਭੇਜਿਆ ਗਿਆ। ਸਾਡਾ ਮੈਚ ਹਿੰਦੂ ਸਭਾ ਹਾਈ ਸਕੂਲ ਨਾਲ ਹੋ ਰਿਹਾ ਸੀ ਤੇ ਫੇਰੂ (ਫਿਰਾਯਾ ਮੱਲ) ਗੇਂਦ ਸੁਟ ਰਿਹਾ ਸੀ। ਉਹ ਬੜੇ ਪੋਲੇ ਪੋਲੇ ਬਾਲ ਸੁਟਦਾ ਸੀ। ਸਾਡੀ ਟੀਮ ਦੇ ਮੁੰਡੇ ਤੇਜ਼ ਬਾਲਾਂ 'ਤੇ ਖੇਡਣਾ ਜਾਣਦੇ ਸਨ। ਸੁ ਪੋਲੇ ਬਾਲਾਂ 'ਤੇ ਫਟਾ ਫਟ ਉਡਦੇ ਚਲੇ ਗਏ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਅਗੇ ਵਧ ਵਧ ਬਾਲ ਨੂੰ ਵੱਖੀ 'ਤੇ ਲੈ ਲੈ ਕੇ ਬੜੀਆਂ ਹੀ ਹਿੱਟਾਂ ਮਾਰੀਆਂ ਤੇ ਕਈ ਬਾਉਂਡਰੀਆਂ ਲਾਈਆਂ। ਇਕ ਸੁਕੇਅਰ ਹਿੱਟ ਦਾ ਤਾਂ ਗੇਂਦ ਲਭਾ ਹੀ



Digitized by Panjab Digital Library | www.panjabdigilib.org

ਨਾ । ਮੈਂ ਤੇ ਮੇਰਾ ਸਾਥੀ ਦੌੜਾਂ ਲਾਈ ਹੀ ਚਲੇ ਜਾ ਰਹੇ ਸੀ । ਤੇ ਬਾਲ ਲਭਣ ਵਿਚ ਆਉਂਦਾ ਹੀ ਨਹੀਂ ਸੀ । ਸੁਦਾਈਆਂ ਵਾਂਗ ਦੌੜ ਦੌੜ ਕੇ ਦੌੜਾਂ ਵਧਾਈ ਹੀ ਤੁਰੇ ਜਾਂਦੇ ਰਹੇ । ਇਹ ਸੋਚਿਆ ਹੀ ਨਾ ਕਿ ਬਾਉਂਡਰੀ ਡਿਕਲੇਅਰ ਹੋ ਚੁਕੀ ਹੈ ਤੇ ਦੌੜਾਂ ਛੇ ਹੀ ਮਿਲਨੀਆਂ ਹਨ, ਅਸੀਂ ਭਾਵੇਂ ਪੰਜਾਹ ਵਾਰ ਹੀ ਦੌੜਾਂ ਕਿਉਂ ਨਾ ਲਗਾਈ ਜਾਈਏ । ਗਿਆਨੀ ਹਰੀ ਸਿੰਘ ਜੀ ਸਾਨੂੰ ਪੰਜਾਬੀ ਤੇ ਧਰਮ ਵਿਦਿਆ ਪੜ੍ਹਾਇਆ ਕਰਦੇ ਸਨ, ਸ਼ਾਬਾਸ਼, ਸ਼ਾਬਾਸ਼ ਕਹਿ ਕੇ ਸਾਡਾ ਹੌਸਲਾ ਵਧਾ ਰਹੇ ਸਨ ਅਤੇ ਨਾਲ ਦੇ ਨਾਲ "ਨਾ ਚੀਜਿਆ ਚੀਜ ਕਰੇ ਮੇਰਾ ਗੋਬਿੰਦ" ਦੀ ਰਟਨ ਲਗਾਈ ਜਾਂਦੇ ਸਨ । ਉਨ੍ਹਾਂ ਦਾ ਭਾਵ ਇਹ ਸੀ, ਕਿ ਚੰਗੇ ਚੰਗੇ ਵਡੇ ਵਡੇ ਖਿਲਾੜੀ ਝਟ ਪਟ ਹੀ ਉਡਦੇ ਚਲੇ ਜਾਂਦੇ ਰਹੇ ਹਨ, ਉਥੇ ਜੋ ਸਭ ਤੋਂ ਛੇਕੜਲਾ ਤੇ ਘਟੀਆ ਸਮਝਿਆ ਜਾਂਦਾ ਸੀ, ਉਸ ਨੇ ਹਿੱਟਾਂ ਮਾਰ ਮਾਰ ਟਾਕਰੇ ਦੀ ਟੀਮ ਦੇ ਹੋਸ਼ ਭੁੱਲਾ ਦਿਤੇ ਹਨ । ਮੇਰਾ ਸਾਥੀ 'ਰਨ ਆਊਟ' ਹੋ ਗਿਆ ਤੇ ਮੈਂ 'ਨਾਟ ਆਊਟ' ਹੀ ਰੀਟਾਇਰ ਹੋ ਆਇਆ । ਜੋ ਮੇਰੇ ਲਈ ਬੜੇ ਫ਼ਖ਼ਰ ਦੀ ਗੱਲ ਸੀ ।

ਸਾਡੇ ਕੈਪਟਨ ਨੇ ਇਹ ਖ਼ਿਆਲ ਕਰ ਕੇ ਕਿ ਮੈਨੂੰ ਟਾਕਰੇ ਦੀ ਟੀਮ ਦੇ ਗੇਂਦਾਂ ਦੀ ਚੰਗੀ ਸਮਝ ਆ ਗਈ ਹੈ ਦੂਜੀ ਇੰਨਿੰਗਜ਼ ਵਿਚ ਮੈਨੂੰ ਸਭ ਤੋਂ ਪਹਿਲੇ ਖੇਡਣ ਵਾਸਤੇ ਤੋਰ ਦਿਤਾ । ਪਰ ਮੈਂ ਪਹਿਲੇ ਹੀ ਗੇਂਦ ਨਾਲ ਉਡ ਗਿਆ । ਜਿਸ 'ਤੇ ਵਿਰੋਧੀ ਧੜੇ ਨੇ ਬੋ ਕਾਟਾ, ਬੋ ਕਾਟਾ ਕਹਿ ਕਹਿ ਕੇ ਖ਼ੂਬ ਤਾੜੀਆਂ ਮਾਰੀਆਂ ।

ਮੈਚ ਤਾਂ ਅਸੀਂ ਹਾਰ ਗਏ, ਪਰ ਜਿੱਤਣ ਵਾਲੀ ਟੀਮ ਦੇ ਖਿਡਾਰੀਆਂ ਨੂੰ ਗਿਦੜ ਕੁਟ ਉਹ ਚਾੜ੍ਹੀ ਜੋ ਰਹੇ ਰੱਬ ਨਾ ਨਾਉਂ । ਸਾਡਾ ਪ੍ਰਿੰਸੀਪਲ ਮਿਸਟਰ ਕੋਲ (Mr. G. V. Cole) ਕਿਹਾ ਕਰਦਾ ਸੀ : "ਮਾਰ ਖਾ ਕੇ ਕਦੀ ਨਾ ਆਉਣਾ । ਮਾਰ ਕੇ ਆਉਗੇ ਤਾਂ ਮੈਂ ਆਪੇ ਹੀ ਸੰਭਾਲ ਲਵਾਂਗਾ ।" ਮੈਟ੍ਰਿਕ ਪਾਸ ਕਰ ਕੇ ਮੈਂ ਉਥੇ ਹੀ ਕਾਲਜ ਵਿਚ ਦਾਖ਼ਲ ਹੋ ਗਿਆ । ਤੇ ਫ਼ੁਟਬਾਲ ਦੀ ਟੀਮ ਦਾ ਕਪਤਾਨ ਚੁਣਿਆ ਗਿਆ । ਤੇ ਹਾਕੀ ਦੀ ੧ ਨੰਬਰ ਟੀਮ ਦਾ ਮੈਂਬਰ ਲੈ ਲਿਆ ਗਿਆ । ਜਿਸ ਦੀ ਯਾਦਗਾਰੀ ਨਿਸ਼ਾਨ ਦੀ ਗਵਾਹੀ ਅਜੇ ਤਕ ਮੇਰੇ ਸੱਜੇ ਹੱਥ ਦੀ ਉਂਗਲੀ ਭਰ ਰਹੀ ਹੈ । ਜਿਸ ਦੂਜੀ ਉਂਗਲ ਦਾ ਤੀਜਾ



Digitized by Panjab Digital Library | www.panjabdigilib.org

ਪੋਟਾ ਟਾਕਰੇ ਦੀ ਟੀਮ ਦੇ ਖਿਡਾਰੀ ਦੀ ਸਟਿਕ ਲਗਣ ਨਾਲ ਗਰਾਊਂਡ ਵਿਚ ਹੀ ਡਿਗ ਪਿਆ ਸੀ। ਪਰ ਮੈਂ ਉਸ ਝੜੇ ਹੋਏ ਪੋਟੇ ਨੂੰ ਚੁਕ ਕੇ ਫ਼ੌਰਨ ਡਾਕਟਰ ਪਾਸ ਲੈ ਗਿਆ। ਜਿਸ ਨੇ ਤਾਜ਼ਾ ਤਾਜ਼ਾ ਟੁੱਟਿਆ ਹੋਇਆ ਪੋਟਾ ਉਂਗਲ ਨਾਲ ਜੋੜ ਕੇ ਸਿਉਂ ਦਿਤਾ ਤੇ ਉਤੋਂ ਘੁਟ ਕੇ ਪੱਟੀ ਬੰਨ੍ਹ ਦਿਤੀ, ਜੋ ਕੁਝ ਦਿਨ ਮਰ੍ਹਮ ਪਟੀ ਕਰਨ 'ਤੇ ਉਂਗਲੀ ਨਾਲ ਇਕ ਜਾਨ ਹੋ ਗਿਆ। ਪਰ ਅਜੇ ਤਕ ਵੀ ਉਹ ਵਖਰਾ ਜੁੜਿਆ ਹੋਇਆ ਸਾਫ਼ ਦਿਖਾਈ ਦੇ ਰਿਹਾ ਹੈ।

ਇਕ ਵਾਰ ਸਾਡੀ ਫ਼ੁਟ ਬਾਲ ਦੀ ਟੀਮ ਗਵਰਨਮੈਂਟ ਕਾਲਜ ਦੀ ਟੀਮ ਨਾਲ ਮੈਚ ਖੇਡਣ ਲਾਹੌਰ ਚਲੀ ਗਈ। ਲਾਹੌਰ ਦੇ ਰੇਲਵੇ ਸਟੇਸ਼ਨ 'ਤੇ ਨਵੇਂ ਬਣੇ ਖ਼ਾਲਸਾ ਹੋਟਲ ਵਿਚ ਸਾਡੀ ਟੀਮ ਪਰਸ਼ਾਦਾ ਛਕਣ ਵਾਸਤੇ ਬੈਠ ਗਈ। ਪਰ ਹੋਟਲ ਦੇ ਖਾਣ ਪੀਣ ਦੇ ਸਾਮਾਨ ਦਾ ਦਿਵਾਲਾ ਹੀ ਨਿਕਲ ਗਿਆ। ਹਾਰ ਕੇ ਸਾਨੂੰ ਉਥੋਂ ਉਠਣਾ ਪੈ ਗਿਆ। ਤੇ ਤੰਦੂਰ ਉਪਰ ਜਾ ਕੇ ਰੋਟੀ ਖਾਣੀ ਪਈ। ਅਤੇ ਰਾਤ ਦਾ ਪਰਸ਼ਾਦਾ ਗਵਰਨਮੈਂਟ ਕਾਲਜ ਵਾਲਿਆਂ ਨੇ ਛਕਾਇਆ। ਉਨ੍ਹਾਂ ਨਾਲ ਕੀ ਬੀਤੀ ਇਹ ਅਗੇ ਚਲ ਕੇ ਕਿਤੇ ਲਿਖਾਂਗਾ। ਚੰਗੀ ਸਵਾਦਲੀ ਵਾਰਤਾ ਹੈ।



Digitized by Panjab Digital Library | www.panjabdigilib.org

# ਮਾਸੀ

ਮੈਂ ਖ਼ਾਲਸਾ ਕਾਲਜ ਵਿਚ ਅੱਠਵੀਂ ਜਾਂ ਨਾਵੀਂ ਜਮਾਤੇ ਪੜ੍ਹਦਾ ਸੀ ਕਿ ਇਕ ਦਿਨ ਜਦ ਮੈਂ ਐਤਵਾਰ ਦੀ ਛੁੱਟੀ ਹੋਣ ਕਰ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਕਾਲਜ ਨੂੰ ਵਾਪਸ ਆ ਰਿਹਾ ਸੀ ਕਿ ਪੌੜੀਆਂ ਵਾਲੇ ਪੁਲ 'ਤੇ ਰੇਲਵੇ ਸਟੇਸ਼ਨ ਦੇ ਵਿਚਕਾਹੇ ਜਿਹੇ ਇਕ ਮੋਟੀ ਸਾਰੀ ਜਨਾਨੀ, ਜਿਸ ਦਾ ਰੰਗ ਗੋਰਾ ਨਿਛੋਹ, ਚਿਹਰਾ ਲਾਲ ਸੁਰਖ਼, ਕੰਧਾਰੀ ਅਨਾਰ ਵਾਂਗ ਭਖ਼ਦਾ ਸੀ ਇਕ ਟਮਟਮ ਉਪਰ ਸਵਾਰ ਸਟੇਸ਼ਨ ਵਲ ਜਾਂਦੀ ਹੋਈ ਮੇਰੇ ਲਾਗਿਉਂ ਦੀ ਲੰਘਦੀ ਜਾਂਦੀ ਮਿਲੀ। ਇਹ ਟਮਟਮ ਦੀ ਅਗਲੀ ਸੀਟ ਉਪਰ ਬੈਠੀ ਸੀ। ਤੇ ਟਮਟਮ ਵਾਲਾ ਪਿਛਲੀ ਸੀਟ 'ਤੇ ਬੈਠਾ ਘੋੜੇ ਨੂੰ ਹਿਕ ਰਿਹਾ ਸੀ। ਟਮਟਮ ਮੇਰੇ ਕੋਲੋਂ ਜ਼ਰਾ ਕੁ ਅਗੇ ਜਾ ਕੇ ਖਲੋ ਗਈ। ਤੇ ਜਦ ਮੈਂ ਉਸ ਦੇ ਲਾਗੋਂ ਦੀ ਲੰਘਣ ਲੱਗਾ ਤਾਂ ਜ਼ਨਾਨੀ ਨੇ ਮੈਨੂੰ ਸੰਬੋਧਨ ਕਰ ਕੇ ਕਿਹਾ :

ਜ਼ਨਾਨੀ : ਵੇ ਭਣੇਆਂ। ਮਾਸੀ ਨੂੰ ਨਹੀਂਓਂ ਪਛਾਤਾ ? ਮਿਲਿਆ ਜੁ ਕਦੀ ਨਹੀਂ, ਪਛਾਨਣਾ ਵੀ ਕਿੱਦਾਂ ਸੀ ? ਮੈਂ ਤੇਰੀ ਮਾਸੀ ਲਗਨੀ ਵਾਂ। ਤੇਰੀ ਮਾਂ ਨੇ ਮੇਰੇ ਹੱਥ ਤੇਰੇ ਵਾਸਤੇ ਮਿਠਾਈ ਭੇਜੀ ਏ। ਮਹੰਤ ਸਾਹਿਬ ਲਿਆਏ ਸਨ, ਜੋ ਮੇਰੇ ਪਾਸ ਛਡ ਗਏ ਨੇ ਤੇ ਆਖ ਗਏ ਸਨ, ਭਣੇਵੇਂ ਨੂੰ ਪਹੁੰਚਾ ਦੇਵੀਂ। ਮੈਂ ਅਜ ਲਾਹੌਰ ਜਾ ਰਹੀ ਹਾਂ ਦੋ ਕੁ ਦਿਨਾਂ ਤਕ ਮੁੜ ਆਵਾਂਗੀ। ਤੂੰ ਤੀਜੇ ਦਿਨ ਮੇਰੇ ਡੇਰੇ ਆ ਕੇ ਮਿਠਾਈ ਲੈ ਜਾਵੀਂ। ਪਤਾ ਮੇਰਾ ਚੇਤੇ ਰੱਖੀਂ।

ਮੈਂ : (ਹੈਰਾਨ ਹੋ ਕੇ ਦਿਲ ਹੀ ਦਿਲ ਵਿਚ ਸੋਚਣ ਲਗਾ ਮੈਨੂੰ ਖ਼ਾਲਸਾ



Digitized by Panjab Digital Library | www.panjabdigilib.org

ਕਾਲਜ ਪੜ੍ਹਦੇ ਨੂੰ ਬਥੇਰੇ ਸਾਲ ਹੋ ਗਏ ਨੇ। ਇਹ ਮਾਸੀ ਤਾਂ ਕਦੀ ਵੇਖੀ ਨਹੀਂ ਸੀ। ਨਾ ਹੀ ਮਾਂ ਨੇ ਕਦੀ ਕੋਈ ਜ਼ਿਕਰ ਕੀਤਾ ਹੈ ਕਿ ਉਸ ਦੀ ਕੋਈ ਭੈਣ ਅੰਮ੍ਰਿਤਸਰ ਵੀ ਰਹਿੰਦੀ ਹੈ।) ਹੱਛਾ ! ਮਾਸੀ ਜੀ !! ਮੈਂ ਤੁਹਾਡਾ ਪਤਾ ਲਿਖ ਲੈਂਦਾ ਹਾਂ।

ਮਾਸੀ : (ਅਗਲੀ ਸੀਟ ਦੇ ਉਤੋਂ ਦੀ ਟਪ ਕੇ ਪਿਛਲੀ ਸੀਟ ਉਪਰ ਆਣ ਬੈਠੀ। ਟਮਟਮ ਵਾਲੇ ਨੂੰ ਅਗਲੀ ਸੀਟ 'ਤੇ ਬੈਠ ਕੇ ਚਲਾਣ ਲਈ ਕਹਿ ਦਿਤਾ। ਮੈਨੂੰ ਬੁਲਾ ਕੇ ਆਪਣੇ ਸਾਹਮਣੇ ਦੀ ਸੀਟ ਉਪਰ ਬੈਠਾ ਕੇ ਪਿਆਰ ਦੇ ਕੇ ਕਹਿਣ ਲੱਗੀ) ਮੇਰੇ ਘਰ ਆ ਕੇ ਮੈਨੂੰ ਜ਼ਰੂਰ ਮਿਲੀਂ।

ਮੈਂ : ਮਾਸੀ ਜੀ ! ਮਾਂ ਜੀ ਨੇ ਕਦੇ ਤੁਹਾਡੀ ਕੋਈ ਗੱਲ ਤਾਂ ਕੀਤੀ ਨਹੀਂ ਕਿ ਉਨ੍ਹਾਂ ਦੀ ਕੋਈ ਭੈਣ ਅੰਮ੍ਰਿਤਸਰ ਵੀ ਹੁੰਦੀ ਹੈ।

ਮਾਸੀ : ਵੇ, ਗੱਲ ਕਿੱਦਾਂ ਕਰਦੀ ? ਮੈਂ ਤਾਂ ਲਾਹੌਰ ਦੀ ਰਹਿਣ ਵਾਲੀ ਹਾਂ। ਥੋੜੇ ਚਿਰ ਤੋਂ ਏਥੇ ਆ ਰਹੀ ਹਾਂ ਕਿ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਿਆ ਕਰਾਂਗੀ। ਇਹ ਕਹਿ ਕੇ ਟਮਟਮ ਵਾਲੇ ਨੂੰ ਸਟੇਸ਼ਨ 'ਤੇ ਚਲੇ ਚਲਣ ਲਈ ਕਿਹਾ ਤੇ ਓਥੇ ਪਹੁੰਚ ਕੇ ਆਪ ਹੇਠਾਂ ਉਤਰ ਕੇ ਟਮਟਮ ਵਾਲੇ ਨੂੰ ਕਹਿਣ ਲੱਗੀ, ਵੇ ਜਾਹ, ਮੇਰੇ ਭਣੇਵੇਂ ਨੂੰ ਕਾਲਜ ਛਡ ਆ, ਲੈ ਚਾਰ ਆਨੇ ਹੋਰ ਲੈ ਲੈ। ਪਰ ਅਜੇ ਟਮਟਮ ਵਾਲਾ ਉਸ ਦਾ ਸਾਮਾਨ ਉਤਾਰ ਹੀ ਰਿਹਾ ਸੀ ਕਿ ਕਹਿਣ ਲੱਗੀ, ਰਤੀ ਠਹਿਰ ਜਾ ! ਮੈਂ ਥੋੜਾ ਫਲ ਲੈ ਆਵਾਂ।

ਛੇਤੀ ਹੀ ਇਥੇ ਫਲਾਂ ਵਾਲੇ ਦੀ ਦੁਕਾਨ ਉਪਰ ਜਾ ਕੇ ਇਕ ਤਕੜੀ ਵਡੀ ਸਾਰੀ ਟੋਕਰੀ ਫਲਾਂ ਦੀ ਭਰੀ ਹੋਈ ਕੁਲੀ ਦੇ ਸਿਰ 'ਤੇ ਚੁਕਵਾ ਕੇ ਲੈ ਆਈ ਤੇ ਟਮਟਮ ਵਿਚ ਰਖਵਾ ਕੇ ਮੈਨੂੰ ਕਹਿਣ ਲੱਗੀ। ਇਹ ਫਲ ਸੁਦਾਗਰ ਸਿੰਘ ਨੂੰ ਦੇ ਦੇਵੀਂ।

ਮੈਂ : ਸੁਦਾਗਰ ਸਿੰਘ ਤਾਂ ਮੇਰਾ ਕੋਈ ਜਾਣੂ ਨਹੀਂ। ਉਹ ਕਿਹੜੀ ਜਮਾਤੇ ਪੜ੍ਹਦਾ ਏ ?

ਮਾਸੀ : ਵੇ। ਉਹਨੇ ਦਸਵੀਂ ਜਮਾਤ ਦਾ ਇਮਤਿਹਾਨ ਦਿਤਾ ਸਾਸੂ, ਪਰ ਫ਼ੇਲ ਹੋ ਗਿਆ ਸੀ। ਫੇਰ ਐਤਕੀਂ ਇਮਿਤਿਹਾਨ ਦੇਣਾ ਸੁ। ਖਾਪੜ ਖੇੜੀ ਪਿੰਡ ਦਾ ਰਹਿਣ ਵਾਲਾ ਹੈ। ਚੰਗਾ ਉਚਾ ਲੰਮਾ ਗਭਰੂ ਹੈਈ। ਤੂੰ ਉਸ ਨੂੰ



Digitized by Panjab Digital Library | www.panjabdigilib.org

ਝਟ ਪਛਾਣ ਲਵੇਂਗਾ। ਮੱਥੇ ਉਪਰ ਨੀਲੇ ਰੰਗ ਦਾ ਚੰਦ ਉਕਰਿਆ ਹੋਇਆ ਸੂ। ਵੇਖੀਂ, ਕਿਸੇ ਹੋਰ ਦੇ ਹੱਥ ਨਾ ਫੜਾ ਦੇਈਂ। ਭਲਾ ਜੇ ਉਹ ਕਿਤੇ ਪਿੰਡ ਗਿਆ ਹੋਇਆ ਹੋਵੇ, ਤੇ ਤੈਨੂੰ ਉਹ ਨਾ ਮਿਲੇ ਤਾਂ ਇਹ ਫਲ ਰਖ ਨਾ ਛਡੀਂ। ਇਹ ਛੇਤੀ ਖ਼ਰਾਬ ਹੋ ਜਾਂਦੇ ਹਨ। ਆਪੇ ਹੀ ਆਪਣੇ ਯਾਰਾਂ ਦੋਸਤਾਂ ਨਾਲ ਰਲ ਕੇ ਖਾ ਲਈਂ।

ਮੈਂ : ਹੱਛਾ ਜੀ। ਤੁਸੀਂ ਟਮਟਮ ਵਾਲੇ ਨੂੰ ਕਿਰਾਇਆ ਨਾ ਦਿਉ, ਮੈਂ ਆਪੇ ਹੀ ਦੇ ਦੇਵਾਂਗਾ।

ਮਾਸੀ : ਝੱਲਾ ਮੁੰਡਾ, ਏਸ ਚਵਾਨੀ ਦੀਆਂ ਰਿਉੜੀਆਂ ਲੈ ਕੇ ਖਾ ਲਵੀਂ।

ਏਨੀ ਗੱਲ ਕਰਦਿਆਂ ਸਟੇਸ਼ਨ ਆ ਗਿਆ। ਮਾਸੀ ਆਪਣਾ ਸਾਮਾਨ ਕੁਲੀ ਨੂੰ ਚੁਕਵਾ ਕੇ ਟਿਕਟ ਘਰ ਵਲ ਨੂੰ ਹੋਈ ਤੇ ਟਮਟਮ ਵਾਲੇ ਨੇ ਘੋੜੇ ਨੂੰ ਛਾਂਟਾ ਲਾਇਆ ਤੇ ਖ਼ਾਲਸਾ ਕਾਲਜ ਦੀ ਰਾਹੇ ਪੈ ਤੁਰਿਆ। ਥੋੜੀ ਦੂਰ ਜਾ ਕੇ ਟਮਟਮ ਵਾਲਾ ਮੈਨੂੰ ਕਹਿਣ ਲਗਾ :

ਟਮਟਮ ਵਾਲਾ : ਸਰਦਾਰ ਜੀ! ਇਹ ਜਨਾਨੀ ਤੁਹਾਡੀ ਮਾਸੀ ਕੋਈ ਨਹੀਂ। ਇਹ ਤਾਂ ਜੀਊਣੀ ਕੰਜਰੀ ਹੈ। ਸਾਰੀ ਉਮਰ ਗੁਨਾਹ ਕਰਦੀ ਕਰਦੀ ਹੁਣ ਬੁੱਢੜੀ ਹੋ ਗਈ ਹੈ ਤੇ ਆਪਣੇ ਕੰਮ ਜੋਗੀ ਨਹੀਂ ਰਹੀ। ਤੁਹਾਡੇ ਵਰਗੇ ਸੁਹਣੇ ਜਵਾਨਾਂ ਦੀ ਭਾਲ ਵਿਚ ਰਹਿੰਦੀ ਹੈ ਤੇ ਉਨ੍ਹਾਂ ਨੂੰ ਫਸਾ ਕੇ ਆਪਣਾ ਕਾਰਖ਼ਾਨਾ ਤੋਰਦੀ ਹੈ। ਵੇਖਣਾ ਕਿਤੇ ਇਹਦੇ ਡੇਰੇ ਨਾ ਚਲੇ ਜਾਣਾ।

ਮੈਂ : ਕਾਰਖ਼ਾਨਾ ਤਾਂ ਏਸ ਸ਼ਹਿਰ ਵਿਚ ਕੇਵਲ ਇਕੋ ਪੁਤਲੀ ਘਰ ਹੀ ਹੈ। ਜੋ ਖ਼ਾਲਸਾ ਕਾਲਜ ਦੇ ਰਾਹ ਵਿਚ ਪੈਂਦਾ ਹੈ। ਕੀ ਸਗੋਂ ਉਸ ਦੀ ਮਾਲਕ ਇਹੋ ਹੀ ਹੈ?

ਟਮਟਮ ਵਾਲਾ : ਓ ਭੋਲਿਓ ਪਾਤਸ਼ਾਹੋ! ਨਹੀਂ ਇਹ ਪੁਤਲੀਘਰ ਕਾਰਖ਼ਾਨੇ ਦੀ ਮਾਲਕ ਕੋਈ ਨਹੀਂ। ਇਹਨੇ ਤਾਂ ਛੱਲਾ ਕੋਠੀ ਖੋਲ੍ਹ ਰਖੀ ਹੈ। ਚੰਗੇ ਸੋਹਣੇ ਸੋਹਣੇ ਗਭਰੂਆਂ ਨੂੰ ਉਥੇ ਲਿਜਾ ਕੇ ਫਸਾ ਲੈਂਦੀ ਹੈ। ਖਾਣ ਪੀਣ ਨੂੰ ਚੰਗਾ ਚੋਖਾ ਦੇਂਦੀ ਹੈ। ਕਈਆਂ ਨੂੰ ਚੰਗੇ ਚੰਗੇ ਸੋਹਣੇ ਸੋਹਣੇ ਸੂਟ ਵੀ ਸਵਾ ਦੇਂਦੀ ਹੈ। ਪਰ ਥੋੜੇ ਹੀ ਦਿਨਾਂ ਵਿਚ ਉਨ੍ਹਾਂ ਦੀ ਜਵਾਨੀ ਬਰਬਾਦ ਕਰ ਕੇ ਧੱਕਾ ਦੇ ਦਿਆ ਕਰਦੀ ਹੈ।



Digitized by Panjab Digital Library | www.panjabdigilib.org

ਮੈਂ : (ਕੁਝ ਨਾ ਸਮਝ ਸਕਿਆ ਤੇ ਹੈਰਾਨ ਹੋ ਕੇ ਪੁੱਛਣ ਲਗਾ) ਛੱਲਾ ਕੋਠੀ ਕੀ ਹੁੰਦੀ ਹੈ ? ਤੇ ਕਿਦਾਂ ਲੋਕਾਂ ਨੂੰ ਫਸਾ ਕੇ ਉਨ੍ਹਾਂ ਦੀਆਂ ਜਵਾਨੀਆਂ ਬਰਬਾਦ ਕਰ ਦੇਂਦੀ ਹੈ ??

ਟਮਟਮ ਵਾਲਾ : ਤੁਸੀਂ ਜਵਾਨ ਤਾਂ ਬੜੇ ਸੋਹਣੇ ਹੋ, ਪਰ ਦੁਨੀਆਂਦਾਰੀ ਦੇ ਕੰਮਾਂ ਵਲੋਂ ਉੱਕੇ ਹੀ ਅਣਜਾਣ ਮਲੂਮ ਹੁੰਦੇ ਹੋ। ਦੇਖਣਾ, ਰੱਬ ਦਾ ਵਾਸਤਾ ਜੇ ਇਹਦੇ ਘਰ ਨਾ ਪੈਰ ਪਾ ਬਹਿਣਾ। ਬਰਬਾਦ ਕਰ ਦਿਊ, ਬਰਬਾਦ, ਵੇਖਿਓ ! ਨਾ ਜਾਇਓ !! ਨਾ ਜਾਇਓ !!!

ਮੈਂ : ਬਾਬਾ ! ਤੂੰ ਮੇਰੀ ਗੱਲ ਦਾ ਤਾਂ ਜਵਾਬ ਕੋਈ ਦਿਤਾ ਨਹੀਂ। ਐਵੇਂ 'ਨਾ ਜਾਵੀਂ ! ਨਾ ਜਾਵੀਂ।' ਹੀ ਮਾਰੀ ਜਾਂਦਾ ਹੈਂ। ਉਹ ਮੇਰੀ ਮਾਸੀ ਹੈ ਹੀ ਤਾਹੀਓਂ ਤਾਂ ਪਈ ਕਹਿੰਦੀ ਏ ਕਿ ਮਹੰਤ ਸਾਹਿਬ ਮੇਰੀ ਮਾਂ ਪਾਸੋਂ ਮਿਠਾਈ ਲਿਆ ਕੇ ਉਸ ਦੇ ਘਰ ਛਡ ਗਏ ਹਨ। ਤੇ ਮੈਂ ਜਾ ਕੇ ਆਪਣੀ ਬਿੱਦ ਲੈ ਆਵਾਂ। ਉਹ ਕੋਈ ਜਿੰਨ ਭੂਤ ਤਾਂ ਹੈ ਨਹੀਂ, ਜੋ ਮੈਨੂੰ ਚੰਬੜ ਜਾਵੇਗੀ।

ਟਮਟਮ ਵਾਲਾ : (ਟਮਟਮ ਖੜੀ ਕਰ ਕੇ ਤੇ ਹੱਥ ਜੋੜ ਕੇ ਉਸ ਦੀਆਂ ਅੱਖਾਂ ਵਿਚ ਅੱਥਰੂ ਡਲ੍ਹਕ ਰਹੇ ਸਨ। ਆਖਣ ਲਗਾ) ਗੁਰੂ ਰਾਮਦਾਸ ਦਾ ਵਾਸਤਾ ਜੇ ਜਿਨ੍ਹਾਂ ਦੇ ਦਰਬਾਰੋਂ ਹੋ ਕੇ ਆ ਰਹੇ ਹੋ — ਇਸ ਦੇ ਪਾਸ ਨਾ ਜਾਣਾ ਬਰਬਾਦ ਕਰ ਦਿਊ, ਬਰਬਾਦ। ਛੱਲਾ ਕੋਠੀ ਉਸ ਨੂੰ ਆਖਦੇ ਹਨ, ਜਿਥੇ ਚੰਗੇ ਚੰਗੇ ਅਮੀਰ ਘਰਾਂ ਦੀਆਂ ਸੋਹਣੀਆਂ ਸੋਹਣੀਆਂ ਇਸਤ੍ਰੀਆਂ ਆਉਂਦੀਆਂ ਹਨ ਤੇ ਤੇਰੇ ਵਰਗੇ ਚੰਗੇ ਸੋਹਣੇ ਸੋਹਣੇ ਜਵਾਨਾਂ ਪਾਸੋਂ ਆਪਣੀ ਖੋਟੀ ਵਾਸ਼ਨਾ ਪੂਰੀ, ਕਰਵਾ ਲੈਂਦੀਆਂ ਹਨ। ਇਹ ਜੀਊਣੀ ਉਨ੍ਹਾਂ ਪਾਸੋਂ ਚੋਖੀਆਂ ਰਕਮਾਂ ਮਾਠ ਲੈਂਦੀ ਹੈ। ਕੁਝ ਆਪਣੇ ਲਈ ਰਖ ਲੈਂਦੀ ਹੈ ਤੇ ਬਾਕੀ ਗੱਭਰੂ ਮੁੰਡਿਆਂ ਨੂੰ ਖਵਾਲ ਪਿਆਲ ਦੇਂਦੀ ਹੈ। ਤੇ ਏਸ ਤਰ੍ਹਾਂ ਆਪਣਾ ਵਿਹਾਰ ਕਾਰ ਤੋਰੀ ਰਖਦੀ ਹੈ। ਵੇਖੀਂ ! ਕਿਧਰੇ ਕਾਬੂ ਨਾ ਆ ਜਾਵੀਂ। (ਖ਼ੁਦਾ ਦੇ ਵਾਸਤੇ ਪਾ ਪਾ ਰੋਈ ਜਾਵੇ ਤੇ ਹੱਥ ਜੋੜ ਜੋੜ ਕੇ ਮੁੜ ਮੁੜ ਪੱਕੀ ਕਰੀ ਜਾਵੇ) ਮੈਨੂੰ ਤੇਰੀ ਜਵਾਨੀ ਉਪਰ ਤਰਸ ਆਉਂਦਾ ਹੈ। ਤੂੰ ਦੇਖ ਲਵੀਂ ਇਹ ਸੁਦਾਗਰ ਸਿੰਘ ਮੁੰਡਾ ਖਾਪੜ ਖੇੜੀ ਦਾ ਕੋਈ ਨਹੀਂ ਹੋਣਾ। ਉਸ ਨੇ ਤਾਂ ਤੈਨੂੰ ਫਲਾਂ ਦੀ ਟੋਕਰੀ ਦੇਣ ਦਾ ਇਕ ਬਹਾਨਾ ਹੀ ਬਣਾਇਆ ਸੀ। ਉਸ ਨੇ ਕਿਹਾ ਨਹੀਂ ਸੀ ਕਿ ਜੇ ਤੈਨੂੰ ਉਹ ਨਾ ਮਿਲੇ ਤਾਂ



Digitized by Panjab Digital Library | www.panjabdigilib.org

ਇਹ ਫਲ ਤੂੰ ਆਪੇ ਖਾ ਲਵੀਂ। ਬੜੀ ਚਾਲਾਕ ਔਰਤ ਹੈ ਖ਼ੁਦਾ ਦੇ ਵਾਸਤ ਇਹਦੇ ਕਾਬੂ ਨਾ ਆ ਜਾਵੀਂ।

ਮੈਂ : ਹੱਛਾ ਬਾਬਾ, ਫ਼ਿਕਰ ਨਾ ਕਰ। ਮੈਂ ਵੀ ਕੋਈ ਚੂਚਾ ਤਾਂ ਨਹੀਂ।

ਕਾਲਜ ਪਹੁੰਚ ਕੇ ਮੈਂ ਟਮਟਮ ਵਿਚੋਂ ਟੋਕਰੀ ਉਤਾਹ ਲਈ। ਤੇ ਚੁਕ ਕੇ ਆਪਣੇ ਕਮਰੇ ਵਿਚ ਜਾ ਟਿਕਾਈ। ਜਿਸ ਨੂੰ ਵੇਖ ਕੇ ਮੇਰਾ ਦੋਸਤ ਸ: ਸੁ...ਸਿੰਘ ਝਟ ਪਟ ਮੇਰੀ ਸੀਟ ਉਪਰ ਆਣ ਬੈਠਾ ਤੇ ਆਖਣ ਲਗਾ :

ਦੋਸਤ : ਓ ਭਾਈ ! ਅੱਜ ਕਿਥੋਂ ਮਾਲ ਪਾੜਿਆ ਈ ? ਆ ਖਾਈਏ।

ਮੈਂ : ਓਇ ਇਹ ਤਾਂ ਦਸਵੀਂ ਵਾਲੇ ਸੁਦਾਗਰ ਸਿੰਘ ਦੀ ਅਮਾਨਤ ਹੈ। ਖਾਪੜ ਖੇੜੀ ਵਾਲੇ ਦੀ। ਆ ਉਸ ਨੂੰ ਲਭ ਕੇ ਦੇ ਆਈਏ। ਆਪੇ ਕੁਝ ਨਾ ਕੁਝ ਸਾਨੂੰ ਵੀ ਦੇ ਦਿਊ।

ਦੋਸਤ : ਸੁਦਾਗਰ ਸਿੰਘ ਮੇਰੀ ਜਮਾਤ ਵਿਚ ਤਾਂ, ਕੋਈ ਨਹੀਂ। ਖਾਪੜ ਖੇੜੀ ਮੇਰੇ ਪਿੰਡੋਂ ਅਧੇ ਕੁ ਮੀਲ ਦੀ ਵਾਟ 'ਤੇ ਹੈ। ਮੈਂ ਉਥੋਂ ਦੇ ਜੀਅ ਜੀਅ ਨੂੰ ਜਾਣਦਾ ਪਛਾਣਦਾ ਹਾਂ। ਓਸ ਪਿੰਡ ਦਾ ਤਾਂ ਇਕੋ ਇਕ ਮੁੰਡਾ ਸੁਰੈਣ ਸਿੰਘ ਏਸ ਕਾਲਜ ਵਿਚ ਪੜ੍ਹਦਾ ਸੀ। ਉਸ ਨੂੰ ਵੀ ਸਕੂਲ ਛਡੇ ਨੂੰ ਸਾਲ ਕੁ ਹੋ ਗਿਆ ਹੈ ਤੇ ਹੁਣ ਉਹ ਕਾਲਜ ਵਿਚ ਕਦੀ ਨਹੀਂ ਆਉਂਦਾ ਡਿੱਠਾ।

ਮੈਂ : ਬਸ ! ਛਡ ਠਾਂਹ। ਉਸ ਨੂੰ ਲਭੀਏ ਤਾਂ ਸਹੀ।

ਤਲਾਸ਼ ਅਸਾਂ ਦੋਹਾਂ ਨੇ ਬੜੀ ਕੀਤੀ। ਪਰ ਕੋਈ ਹੁੰਦਾ ਤਾਂ ਲਭਦਾ। ਸੁਪ੍ਰਿੰਟੈਂਡੈਂਟ ਸਾਹਿਬ ਦਾ ਰਜਿਸਟਰ ਵੀ ਫੋਲ ਮਾਂਰਿਆ, ਹੋਰ ਕਈ ਮੁੰਡਿਆਂ ਨੂੰ ਵੀ ਪੁੱਛ ਪੁੱਛ ਹਾਰ ਗਏ। ਓੜਕ ਮੈਨੂੰ, ਮੇਰੇ ਦੋਸਤ ਤੇ ਹੋਰ ਦੋ ਚਾਰ ਮੁੰਡਿਆਂ ਨੂੰ ਰਲ ਮਿਲ ਕੇ ਟੋਕਰੀ ਦੇ ਸਾਰੇ ਫਲ ਮੁਕਾਉਣੇ ਪੈ ਗਏ। ਤੇ ਮੈਨੂੰ ਪੱਕਾ ਨਿਸਚਾ ਹੋ ਗਿਆ ਕਿ ਟਮਟਮ ਵਾਲਾ ਬੁੱਢਾ ਸੱਚਾ ਹੀ ਸੀ। ਮਾਸੀ ਦਾ ਸਾਰਾ ਹੀ ਕਿੱਸਾ ਕਹਾਣੀ ਫ਼ਰਜ਼ੀ ਤੇ ਬਣਾਉਟੀ ਹੀ ਸੀ। ਸੱਚ ਮੁਚ ਉਹਦੇ ਘਰ ਜਾਣਾ ਠੀਕ ਨਹੀਂ। ਮੇਰਾ ਦੋਸਤ ਮੇਰੇ ਖਹਿੜੇ ਪੈ ਗਿਆ ਤੇ ਉਸ ਨੇ ਮਾਸੀ ਦੀ ਸਾਰੀ ਗੱਲ ਬਾਤ ਮੇਰੇ ਪਾਸੋਂ ਪੁੱਛ ਕੇ ਹੀ ਛਡੀ।

ਐਤਵਾਰ ਦਾ ਦਿਨ ਆ ਗਿਆ। ਸਵੇਰ ਸਾਰ ਹੀ ਮੇਰਾ ਦੋਸਤ ਮੇਰੇ ਆਣ ਉਦਾਲੇ ਹੋ ਗਿਆ ਕਿ ਚਲ ! "ਮਾਸੀ ਨੂੰ ਮਿਲਣ ਚਲੀਏ।" ਪਰ ਮੈਂ ਉਸ ਦੀ ਇਕ



Digitized by Panjab Digital Library | www.panjabdigilib.org

ਨਾ ਮੰਨੀ। ਤੇ ਸਾਫ਼ ਸਾਫ਼ ਆਖ ਦਿਤਾ ਕਿ ਮੈਂ ਤਾਂ ਉਥੇ ਕਦੀ ਪੈਰ ਵੀ ਨਹੀਂ ਪਾਵਾਂਗਾ। ਏਨੇ ਨੂੰ ਗੁਰਦੁਆਰੇ ਦਾ ਧੌਂਸਾ ਖੜਕ ਪਿਆ। ਮੈਂ ਗੁਰਦੁਆਰੇ ਵਲ ਜਾਣ ਦਾ ਯਤਨ ਕਰਾਂ ਤੇ ਮੇਰਾ ਦੋਸਤ ਮੈਨੂੰ ਬਾਂਹੋਂ ਫੜ ਫੜ ਕੇ ਧੂਹੇ ਕਿ ਚਲ ਮਾਸੀ ਵਲ ਚਲੀਏ।

ਮੈਂ : ਓਏ ! ਗੁਰਦੁਆਰੇ ਗ਼ੈਰ ਹਾਜ਼ਰੀ ਲਗ ਗਈ ਤਾਂ ਜੁਰਮਾਨਾ ਭਰਨਾ ਪੈ ਜਾਊ।

ਦੋਸਤ : ਲੋਹੜਾ ਕੀ ਆ ਜਾਊ ? ਜੇ ਸਾਲ ਵਿਚ ਇਕ ਦਿਨ ਤੇਰੀ ਗ਼ੈਰ-ਹਾਜ਼ਰੀ ਲਗ ਗਈ ! ਜੇ ਤੂੰ ਗ਼ੈਰ ਹਾਜ਼ਰੀ ਪਾਸੋਂ ਏਨਾ ਹੀ ਡਰਦਾ ਹੈਂ ਤਾਂ ਮੈਂ ਚੰਦਾ ਸਿੰਘ ਨੂੰ ਆਖ ਦੇਂਦਾ ਹਾਂ, ਉਹ ਤੇਰੀ ਹਾਜ਼ਰੀ ਹੀ ਬੋਲ ਦੇਵੇਗਾ। ਖਿੱਚ ਸਾਹਿਬ (ਸੁਪ੍ਰਿੰਟੈਂਡੈਂਟ) ਨੂੰ ਪਤਾ ਹੀ ਕੀ ਲਗਣ ਲਗਾ ਹੈ !

ਮੈਂ : ਸੁਣ ਮੇਰੀ ਗੱਲ। ਟਮਟਮ ਵਾਲਾ ਬੁੱਢਾ ਮੁੜ ਮੁੜ ਪੱਕੀਆਂ ਕਰਦਾ ਸੀ ਤੇ ਨਾਲੇ ਰੋਈ ਜਾਂਦਾ ਸੀ ਤੇ ਹੱਥ ਜੋੜ ਜੋੜ ਮਿੰਨਤਾ ਕਰਦਾ ਸੀ ਕਿ ਦੇਖੀਂ ਕਿਤੇ ਉਸ ਚੁੜੇਲ ਦੇ ਡੇਰੇ ਨਾ ਚਲਾ ਜਾਵੀਂ। ਤੇਰੀ ਜਵਾਨੀ ਬਰਬਾਦ ਕਰ ਦਿਊ ਉਹ ਡੈਣ ਤੇਰੇ ਵਰਗ ਬਥੇਰੇ ਜਵਾਨਾਂ ਦੀਆਂ ਜਵਾਨੀਆਂ ਗਾਲ ਚੁਕੀ ਹੈ। ਮੈਂ ਤਾਂ ਉਸ ਪਾਸੇ ਕਦੀ ਪੈਰ ਵੀ ਨਹੀਂ ਪਾਵਾਂਗਾ। ਮੈਂ ਤੈਨੂੰ ਉਸ ਦਾ ਪਤਾ ਦਸ ਦੇਂਦਾ ਹਾਂ। ਉਸ ਪਾਸੋਂ ਮੇਰੀ ਮਿਠਾਈ ਵੀ ਲੈਂਦਾ ਆਵੀਂ। ਆਖੇਂ ਤਾਂ ਮੈਂ ਤੈਨੂੰ ਉਸ ਦੇ ਨਾਮ ਇਕ ਚਿੱਠੀ ਲਿਖ ਦੇਂਦਾ ਹਾਂ ਕਿ ਇਹ ਮੇਰਾ ਬੜਾ ਪਰਮ ਮਿੱਤਰ ਹੈ। ਮੈਂ ਤਕੜਾ ਨਹੀਂ ਹਾਂ। ਅਗਲੇ ਐਤਵਾਰ ਤਕ ਰਾਜ਼ੀ ਹੋ ਕੇ ਮੈਂ ਆਪ ਵੀ ਆ ਜਾਵਾਂਗਾ। ਮੇਰੀ ਮਿਠਾਈ ਏਸੇ ਦੇ ਹੱਥ ਭੇਜ ਦੇਣੀ।

ਦੋਸਤ : ਮੈਂ ਇਕ ਵਾਰ ਤਾਂ ਤੈਨੂੰ ਨਾਲ ਜ਼ਰੂਰ ਹੀ ਲੈ ਕੇ ਜਾਵਾਂਗਾ। ਫੇਰ ਜਦੋਂ ਮੇਰੀ ਵਾਕਫ਼ੀ ਹੋ ਗਈ, ਤਾਂ ਤੂੰ ਜਾਵੀਂ ਭਾਵੇਂ ਨਾ ਜਾਵੀਂ। ਮੈਂ ਕਿਸੇ ਹੋਰ ਯਾਰ ਦੋਸਤ ਨੂੰ ਨਾਲ ਲੈ ਕੇ ਚਲਾ ਜਾਇਆ ਕਰੂੰ।

ਮੇਰਾ ਦੋਸਤ ਕਦੀ ਤਾਂ ਮੈਨੂੰ ਜੱਫੀਆਂ ਪਾ ਪਾ ਕੇ ਨਾਲ ਚਲਣ ਲਈ ਤਰਲੇ ਕਰਦਾ ਤੇ ਕਦੇ ਘਸੁੰਨ ਵੱਟ ਵੱਟ ਕੇ ਦਿਖਾਉਣ ਲਗ ਪੈਂਦਾ। ਤੇ ਕਹਿੰਦਾ ਤੇਰੀ ਮਾਸੀ ਦਾ ਕਿੱਸਾ ਮੈਂ ਸਾਰਿਆਂ ਨੂੰ ਦਸ ਦੇਵਾਂਗਾ। ਤੇ ਤੈਨੂੰ ਚੰਗੀ ਤਰ੍ਹਾਂ ਨੰਗਿਆਂ ਕਰ ਦੇਵਾਂਗਾ ਤੇ ਆਖੂੰ ਵੇਖਣ ਨੂੰ ਕਿੱਡਾ ਭਗਤ ਬਣ ਬਣ ਬੈਠਦਾ ਹੈ। ਅੱਖਾਂ



Digitized by Panjab Digital Library | www.panjabdigilib.org

ਮੀਟ ਮੀਟ ਕੇ ਜਪਜੀ ਘੋਟਦਾ ਹੈ ਤਾਂ ਸੰਤ ਮਹਾਤਮਾ ਪਰਤੀਤ ਹੁੰਦਾ ਹੈ। ਪਰ ਵਿਚੋਂ ਅਸਲੀ ਕਰਤੂਤ ਵੇਖੋ ਕਿ ਮਾਸੀ ਦੇ ਘਰ ਜਾ ਜਾ ਕੀ ਕੀ ਕਰਤੂਤਾਂ ਕਰਦਾ ਹੈ। ਜਦ ਕਿਸੇ ਤਰ੍ਹਾਂ ਦੀਆਂ ਧਮਕੀਆਂ ਨਾਲ ਵੀ ਉਸ ਨੇ ਕੰਮ ਨਿਕਲਦਾ ਨਾ ਵੇਖਿਆ, ਤਾਂ ਕਹਿਣ ਲਗਾ : ਜਾਹ ਓਏ ਪਰ੍ਹਾਂ ਤੁਸੀਂ ਸ਼ਾਹਪੁਰੀਏ ਹੁੰਦੇ ਹੀ ਬੜੇ ਡਰਾਕਲ ਹੋ। ਭਲਾ ਇਕ ਬੁੱਢੜੀ ਜਨਾਨੀ ਸਾਨੂੰ ਦੋ ਜਵਾਨ ਮੁੰਡਿਆਂ ਨੂੰ ਬਦੋ ਬਦੀ ਫੜ ਲਵੇਗੀ ? ਜਾਂ ਅਸੀਂ ਕੋਈ ਲਡੂ ਪੇੜੇ ਹਾਂ ਜੁ ਸਾਨੂੰ ਮੂੰਹ ਵਿਚ ਪਾ ਲਵੇਗੀ ? ਚੱਲ ਓਏ ਚੱਲ ਨਖ਼ਰੇ ਨਾ ਕਰ ਤੇ ਤੁਰ ਮੇਰੇ ਨਾਲ।

ਮੈਂ : ਜ਼ਰਾ ਰੁਕ ਜਾਹ। ਗੁਰਦੁਆਰਿਓਂ ਹੋ ਆਈਏ ਤੇ ਫੇਰ ਕੁਝ ਖਾ ਪੀ ਕੇ ਚਲੇ ਚਲਾਂਗੇ। ਘਰੋਂ ਜਾਈਏ ਖਾ ਕੇ ਤੇ ਅਗੋਂ ਮਿਲਣ ਪਕਾ ਕੇ।

ਦੋਸਤ : ਖਾ ਪੀ ਲਈਏ। ਤੇਰੀਆਂ ਕਣਕ-ਬੀ ਦੀਆਂ ਪਿੰਨੀਆਂ ਖਾਣ ਨੂੰ ਅਜ ਚਿੱਤ ਨਹੀਂ ਕਰਦਾ। ਅਜ ਮਾਸੀ ਪਾਸੋਂ ਗਰਮ ਗਰਮ ਪੂੜੀਆਂ ਕਚੌਰੀਆਂ ਤੇ ਸੂਜੀ ਦਾ ਕੜਾਹ ਹੀ ਖਾਵਾਂਗੇ । ਸੱਚੀ ਪੁੱਛੇਂ ਤਾਂ ਧੀ ਚੋ......ਦੀ ਹੱਟੀਓਂ ਕੜਾਹ ਮੰਗਵਾ ਕੇ ਖਾਵੇਂਗਾ ਤਾਂ ਪਿੰਨੀਆਂ ਭੁੱਲ ਜਾਏਂਗਾ। ਸਹੁੰ ਗੁਰੂ ਦੀ ਬੱਸ ਕਰਨ ਨੂੰ ਕਦੀ ਜੀ ਹੀ ਨਾ ਕਰੂ।

ਏਸੇ ਰਗੜੇ ਝਗੜੇ ਵਿਚ ੯ ਵਜ ਗਏ। ਅਸੀਂ ਤਿਆਰ ਹੋਏ ਤਾਂ ਇਕ ਹੋਰ ਦੋਸਤ ਜੋ ਮੇਰੇ ਹੀ ਕਮਰੇ ਵਿਚ ਰਿਹਾ ਕਰਦਾ ਸੀ ਤੇ ਮੂੰਹ ਸਿਰ ਲਪੇਟ ਕੇ ਆਪਣੇ ਬਿਸਤਰੇ ਵਿਚ ਲੇਟਿਆ ਹੋਇਆ ਸੀ । ਸਵੇਰੇ ਧਰਮਸਾਲਾ ਵੀ ਹਾਜ਼ਰੀ ਦੇਣ ਨਹੀਂ ਗਿਆ ਸੀ ਤੇ ਮਚਲਾ ਹੋ ਕੇ ਘੁਰਾੜੇ ਮਾਰਦਾ ਰਿਹਾ ਸੀ। ਤੇ ਸਾਡੀਆਂ ਸਾਰੀਆਂ ਗੱਲਾਂ ਮਚਲ ਮਾਰ ਕੇ ਸੁਣਦਾ ਰਿਹਾ ਸੀ । ਆਕੜਾਂ ਭੰਨਦਾ ਹੋਇਆ ਉਠ ਖਲੋਤਾ ਤੇ ਕਹਿਣ ਲੱਗਾ, "ਜ਼ਰਾ ਠਹਿਰ ਜਾਓ ਮੈਂ ਵੀ ਤੁਹਾਡੇ ਨਾਲ ਚਲਦਾ ਹਾਂ। ਮੈਨੂੰ ਵੀ ਮਾਸੀ ਦੇ ਦਰਸ਼ਨ ਕਰਵਾ ਦਿਓ।"

ਪਹਿਲਾ ਦੋਸਤ : ਚਲ ! ਚਲ !! ਵੱਡਾ ਚਲਾਕ ! ਸੌਣ ਦਾ ਬਹਾਨਾ ਬਣਾ ਕੇ ਸਾਡੀਆਂ ਸਾਰੀਆਂ ਗੱਲਾਂ ਘੇਸਲ ਵੱਟੀ ਸੁਣਦਾ ਰਿਹਾ ਏਂ ! ਓਏ ਮਾਸੀ ਇਹਦੀ ਏ ਕਿ ਤੇਰੀ ? ਜੋ ਸੁਣਿਆ ਈ, ਅਣਸੁਣਿਆ ਕਰ ਛਡ ਨਹੀਂ ਤਾਂ ਗੋਡਾ ਫੇਰੂੰਗਾ।

ਦੂਜਾ ਦੋਸਤ : ਠਾਂਹ ਬਹੁ, ਵੱਡਾ ਸਾਹਨ। ਜੇ ਤੂੰ ਜਾਏਂਗਾ ਤਾਂ ਮੈਂ ਵੀ



Digitized by Panjab Digital Library | www.panjabdigilib.org

ਜ਼ਰੂਰ ਜਾਵਾਂਗਾ। ਤੁਹਾਡੀਆਂ ਗੱਲਾਂ ਤੋਂ ਮਲੂਮ ਹੁੰਦਾ ਹੈ ਕਿ ਮਾਸੀ ਦੇ ਘਰ ਚੋਖਾ ਮਜਮਾ ਲਗਦਾ ਹੈ। ਤੂੰ ਪਹਿਲੀ ਮੱਲ, ਮੱਲ ਲਵੀਂ। ਤੇਰੀ ਰਹਿੰਦ ਖੂੰਹਦ ਦਾ ਭੋਰਾ ਸਾਡੇ ਵੀ ਹਿੱਸੇ ਆ ਜਾਊ। ਬਾਕੀ ਰਹੀ ਪੂੜੀਆਂ ਕਚੌਰੀਆਂ ਦੀ ਗੱਲ। ਜੇ ਤਿੰਨ ਜਣੇਂ ਹੋਵਾਂਗੇ ਤਾਂ ਮਾਸੀ ਤਿੰਨਾਂ ਜੋਗੀ ਹੀ ਚੀਜ਼ ਮੰਗਾਵੇਗੀ। ਪਹਿਲਾਂ ਤੁਸੀਂ ਦੋਵੇਂ ਰੱਜ ਲਿਓ। ਮੈਂ ਕਹਿ ਛੱਡਾਂਗਾ, ਮਾਸੀ ! ਪਹਿਲੋਂ ਇਹ ਦੋਵੇਂ ਪੇਟੂ ਰੱਜ ਲੈਣ, ਜੋ ਕੁਝ ਇਨ੍ਹਾਂ ਤੋਂ ਬਚ ਜਾਵੇਗਾ ਮੈਂ ਓਸੇ ਨਾਲ ਗੁਜ਼ਾਰਾ ਕਰ ਲਵਾਂਗਾ। ਕਿਉਂਕਿ ਮੈਨੂੰ ਤਾਂ ਭੁੱਖ ਹੀ ਨਹੀਂ। ਮੈਂ ਕਾਲਜੋਂ ਹੀ ਬਥੇਰਾ ਕੁਝ ਖਾ ਕੇ ਤੁਰਿਆ ਹਾਂ।

ਦਸ ਕੁ ਵਜੇ ਅਸੀਂ ਤੁਰ ਪਏ। ਟਾਂਗੇ ਟਮਟਮਾਂ ਤਾਂ ਕਦੀ ਕਾਲਜ ਜਾਂ ਸਕੂਲ ਦੇ ਫਾਟਕ ਅੱਗੇ ਖਲੋਤੇ ਵੇਖੇ ਹੀ ਨਹੀਂ ਸਨ। ਸਾਈਕਲ ਕੇਵਲ ਇੱਕੋ ਮੁੰਡੇ (ਮੁਕੰਦ ਸਿੰਘ) ਪਾਸ ਹੀ ਹੋਇਆ ਕਰਦਾ ਸੀ। ਤੇ ਉਂਜ ਆਮ ਰਵਾਜ ਵੀ ਇਹੋ ਸੀ ਕਿ ਸਾਰੇ ਮੁੰਡੇ ਸ਼ਹਿਰ ਨੂੰ ਪੈਦਲ ਹੀ ਜਾਂਦੇ ਅਤੇ ਪੈਦਲ ਹੀ ਕਾਲਜ ਨੂੰ ਮੁੜ ਆਇਆ ਕਰਦੇ ਸਨ। ਅਸੀਂ ਅਜੇ ਕਾਲਜ ਤੋਂ ਥੋੜੇ ਹੀ ਕਦਮ ਨਿਕਲ ਕੇ ਆਏ ਸੀ ਕਿ ਅਗੋਂ ਥੋੜੀ ਹੀ ਦੂਰ "ਖਿਚ ਸਾਹਿਬ' ਆਉਂਦੇ ਦਿਸ ਪਏ। ਅਸੀਂ ਤਿੰਨੇ ਹੀ ਟਾਹਲੀਆਂ ਦੇ ਜ਼ਖ਼ੀਰੇ ਵਲ ਨੂੰ ਹੋ ਤੁਰੇ ਅਤੇ ਜ਼ਮੀਨ ਉਪਰ ਏਧਰ ਓਧਰ ਕੁਝ ਲਭਣ ਵਾਲਿਆਂ ਵਾਂਗ ਵੇਖਣ ਲਗ ਗਏ।

'ਖਿਚ ਸਾਹਿਬ' ਥੋੜੀ ਦੂਰੋਂ ਖੰਘੂਰਾ ਮਾਰ ਕੇ ਪੁੱਛਣ ਲਗੇ। "ਏਥੋਂ ਏਸ ਵੇਲੇ ਕੀ ਲਭਦੇ ਫਿਰਦੇ ਹੋ ?" ਅਸਾਂ ਉੱਤਰ ਦਿਤਾ। 'ਜੀ ! ਕੱਲ੍ਹ ਸ਼ਾਮ ਨੂੰ ਘੁਸਮੁਸੇ ਵਿਚ ਟੈਨਿਸ ਦਾ ਗੇਂਦ ਗਵਾਚ ਗਿਆ ਸੀ, ਉਹ ਲਭ ਰਹੇ ਹਾਂ।" ਖਿਚ ਸਾਹਿਬ ਸਾਡਾ ਇਹ ਉੱਤਰ ਸੁਣ ਕੇ ਆਪਣੀ ਰਾਹੇ ਅੱਗੇ ਹੋ ਤੁਰੇ। ਜਦ ਉਹ ਬੋਰਡਿੰਗ ਦੇ ਅੰਦਰ ਚਲੇ ਗਏ। ਤਾਂ ਅਸੀਂ ਤਿੰਨੇ ਹੀ ਰਵਾਂ ਰਵੀਂ ਲਾਹੌਰ ਵਾਲੀ ਸੜਕੇ ਆ ਚੜ੍ਹੇ। ਤੇ ਸ਼ਹਿਰ ਵਲ ਨੂੰ ਹੋ ਤੁਰੇ। ਰਸਤੇ ਵਿਚ ਦੋ ਤਿੰਨ ਥਾਂ ਹੋਰ ਲੜਕੇ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਵਾਪਸ ਕਾਲਜ ਨੂੰ ਆਉਂਦੇ ਮਿਲੇ ਤੇ ਕੁਝ ਚਿਰ ਉਨ੍ਹਾਂ ਨਾਲ ਵੀ ਗੱਲਾਂ ਕਰਦਿਆਂ ਸਮਾਂ ਬੀਤ ਗਿਆ। ਓੜਕ ਅਸੀਂ ਬਾਰਾਂ ਵਜੇ ਦੇ ਕਰੀਬ



Digitized by Panjab Digital Library | www.panjabdigilib.org

ਦਰਬਾਰ ਸਾਹਿਬ ਦੇ ਨੇੜੇ ਅਪੜ ਪਏ। ਏਥੇ ਸਾਡਾ ਆਪਸ ਵਿਚ ਝਗੜਾ ਹੋ ਪਿਆ। ਮੈਂ ਕਹਿੰਦਾ ਸੀ ਕਿ ਪਹਿਲੋਂ ਸ੍ਰੀ ਦਰਬਾਰ ਸਾਹਿਬ ਚਲਣਾ ਚਾਹੀਦਾ ਹੈ ਤੇ ਮੇਰੇ ਦੋਵੇਂ ਸਾਥੀ ਜ਼ੋਰ ਦੇਈ ਜਾਣ ਕਿ ਨਹੀਂ ਪਹਿਲੋਂ ਮਾਸੀ ਦੀ ਹਾਜ਼ਰੀ ਭਰਨੀ ਹੈ। ਮੈਂ ਫੇਰ ਕਿਹਾ, ਕਿ ਨਹੀਂ, ਇਹ ਗੱਲ ਕਦੀ ਨਹੀਂ ਹੋਣੀ। ਤੁਸੀਂ ਜਾਣਾ ਏ ਤਾਂ ਬੇ-ਸ਼ਕ ਚਲੇ ਜਾਓ । ਮੈਂ ਨਹੀਂ ਆਉਂਦਾ। ਮੇਰੇ ਸਾਥੀਆਂ ਨੇ ਆਪਸ ਵਿਚ ਕੁਝ ਘੁਸਰ ਮੁਸਰ ਕਰਨ ਮਗਰੋਂ ਮੈਨੂੰ ਕਿਹਾ ਕਿ ਤੇਰਾ ਸਾਡੇ ਨਾਲ ਚਲਣਾ ਜ਼ਰੂਰੀ ਹੈ । ਕਿਉਂਕਿ ਉਹ ਤਾਂ ਮਾਸੀ ਦੇ ਜਾਣੂੰ ਪਛਾਣੂੰ ਨਹੀਂ। ਤੇਰੇ ਨਾਲ ਹੋਣ ਨਾਲ ਸਾਡੀ ਮਾਸੀ ਨਾਲ ਜਾਣ ਪਛਾਣ ਤੇ ਪਹਿਲੀ ਮੁਲਾਕਾਤ ਹੋ ਜਾਵੇਗੀ। ਉਸ ਤੋਂ ਮਗਰੋਂ ਭਾਵੇਂ ਉਹ ਆਪੇ ਹੀ ਮਾਸੀ ਦੇ ਘਰ ਚਲੇ ਜਾਇਆ ਕਰਨਗੇ, ਪਰ ਪਹਿਲੀ ਵਾਰ ਤੇਰਾ ਨਾਲ ਹੋਣਾ ਜ਼ਰੂਰੀ ਹੈ । ਮੈਂ ਆਪਣੀ ਜ਼ਿਦ 'ਤੇ ਅੜਿਆ ਰਿਹਾ । ਓੜਕ ਉਨ੍ਹਾਂ ਨੂੰ ਮੰਨਣਾ ਪਿਆ ਕਿ ਪਹਿਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਬਾਬਾ ਸਾਹਿਬ ਦੇ ਦਰਸ਼ਨ ਕਰੀਏ। ਫੇਰ ਤਿੰਨੇ ਹੀ ਸਾਥੀ ਮਿਲ ਕੇ ਮਾਸੀ ਦੇ ਘਰ ਚਲਾਂਗੇ । ਮੈਂ ਸਰੋਵਰ ਵਿਚ ਅਸ਼ਨਾਨ ਵੀ ਕਰ ਲਿਆ। ਪਰ ਮੇਰੇ ਸਾਥੀਆਂ ਕਿਹਾ ਕਿ ਉਹ ਮਾਸੀ ਦੇ ਘਰੋਂ ਹੋ ਕੇ ਆ ਕੇ ਅਸ਼ਨਾਨ ਕਰਨਗੇ । ਓਦੋਂ ਤਕ ਸਰੋਵਰ ਦੇ ਜਲ ਦੀ ਕੁਝ ਠਾਰ ਵੀ ਭਜ ਜਾਵੇਗੀ। ਮੁਕਦੀ ਗੱਲ ਇਹ ਕਿ ਅਸੀਂ ਇਕ ਵਜੇ ਦੇ ਕਰੀਬ ਮਾਸੀ ਦੇ ਘਰ (ਡੇਰੇ) ਪੁਜੇ। ਮਾਸੀ ਨੇ ਬੜਾ ਆਦਰ ਕੀਤਾ ਤੇ ਇਕ ਚੰਗੇ ਸਜੇ ਹੋਏ ਕਮਰੇ ਵਿਚ ਜਾ ਬਠਾਇਆ ਜਿਸ ਵਿਚ ਤਿੰਨ ਚਾਰ ਕੁਰਸੀਆਂ ਅਤੇ ਸੈਂਟਰ ਵਿਚ ਇਕ ਤਿਪਾਈ ਪਈ ਹੋਈ ਸੀ। ਸਭ ਤੋਂ ਪਹਿਲਾਂ ਮਾਸੀ ਨੇ ਮੇਰੇ ਨਾਲ ਬੜਾ ਪਿਆਰ ਕੀਤਾ । ਤੇ ਜਦ ਮੇਰੇ ਸਾਥੀਆਂ ਨੇ ਕਿਹਾ ਕਿ ਮਾਸੀ ਜੀ ਸਾਨੂੰ ਤਾਂ ਪਛਾਣਦੇ ਹੀ ਨਹੀਂ। ਇਹ ਤਾਂ ਸਾਰਾ ਪਿਆਰ ਭਣੇਵੇਂ 'ਤੇ ਹੀ ਮੁਕਾ ਲੈਣਗੇ। ਇਹ ਸੁਣ ਕੇ ਮਾਸੀ ਪਲ ਭਰ ਲਈ ਕਿਧਰੇ ਲਾਂਭੇ ਚਲੀ ਗਈ ਤੇ ਛੇਤੀ ਹੀ ਇਕ ਬੈਂਚ ਚੁਕਵਾ ਕੇ ਲੈ ਆਈ । ਅਤੇ ਮੇਰੇ ਦੋਹਾਂ ਸਾਥੀਆਂ ਨੂੰ ਬੈਂਚ ਦੇ ਦੋਹਾਂ ਸਿਰਿਆਂ 'ਤੇ ਬਿਠਾ ਕੇ ਆਪ ਦਰਮਿਆਨ ਵਿਚ ਬੈਠ ਗਈ । ਤੇ ਇਕ ਨੂੰ ਸੱਜੀ ਤੇ ਦੂਜੇ ਨੂੰ ਖੱਬੀ ਬਾਂਹ ਵਿਚ ਲਪੇਟ ਕੇ ਚੰਗੀ ਤਰ੍ਹਾਂ ਘੁਟ ਕੇ ਜੱਫੀ



Digitized by Panjab Digital Library | www.panjabdigilib.org

ਪਾ ਲਈ । ਤੇ ਕੁਝ ਚਿਰ ਖ਼ੂਬ ਪਿਆਰ ਕਰਦੀ ਰਹੀ । ਫੇਰ ਪੁੱਛਣ ਲਗੀ ਕਿ ਦੱਸੋ ! ਖਾਣਾ ਕੀ ਜੇ ? ਜਿਸ ਚੀਜ਼ ਨੂੰ ਜੀ ਕਰਦਾ ਜੇ ਕਹੋ। ਮੈਂ ਹੁਣੇ ਮੰਗਵਾ ਦੇਂਦੀ ਹਾਂ । ਮੇਰੇ ਸਾਥੀਆਂ ਨੇ ਓਹੋ ਹੀ ਮੰਗ ਮੰਗੀ ਜੋ ਕਾਲਜ ਤੋਂ ਸੋਚ ਕੇ ਤੁਰੇ ਸਨ । ਮਾਸੀ ਨੇ ਪੂਰੀਆਂ ਕਚੌਰੀਆਂ ਤੋਂ ਛੁੱਟ ਬਹੁਤ ਸਾਰਾ ਫਲ ਵੀ ਮੰਗਵਾ ਲਿਆ । ਜੋ ਅਸਾਂ ਤਿੰਨਾਂ ਨੇ ਰੱਜ ਰੱਜ ਕੇ ਖਾਧਾ ।

ਖਾ ਪੀ ਚੁਕੇ ਤਾਂ ਮਾਸੀ ਮੇਰੇ ਦੋਹਾਂ ਦੋਸਤਾਂ ਨੂੰ ਜੱਫੀ ਵਿਚ ਲੈ ਕੇ ਉਠ ਖੜੀ ਹੋਈ । ਤੇ ਕਹਿਣ ਲਗੀ, "ਚਲੋ ਪਹਿਲਾਂ ਤੁਹਾਨੂੰ ਹੀ ਗੋਲ ਕਮਰੇ ਦੀ ਸੈਲ ਕਰਾਵਾਂ ।" ਇਹ ਆਖ ਕੇ ਨਾਲ ਦੇ ਕਮਰੇ ਵਿਚ ਲੈ ਵੜੀ । ਜਿਸ ਵਿਚ ੨੫-੨੫, ੩੦-੩੦ ਸਾਲ ਦੀਆਂ ਖ਼ੂਬਸੂਰਤ ਇਸਤ੍ਰੀਆਂ ਆਰਾਮ ਕੁਰਸੀਆਂ ਉਪਰ ਬੈਠੀਆਂ ਹੋਈਆਂ ਸਨ । ਮੇਰੇ ਦੋਵੇਂ ਸਾਥੀ ਉਨ੍ਹਾਂ ਦੇ ਲਾਗੇ ਖ਼ਾਲੀ ਪਈਆਂ ਦੋ ਕੁਰਸੀਆਂ ਉੱਪਰ ਬੈਠ ਗਏ । ਪਰ ਮਾਸੀ ਨੇ ਇਕ ਨੂੰ ਇਕ ਸੋਫ਼ੇ ਉੱਪਰ ਤੇ ਦੂਜੇ ਨੂੰ ਦੂਜੇ ਸੋਫ਼ੇ ਉੱਪਰ ਜਾ ਬੈਠਾਇਆ । ਤੇ ਫੇਰ ਉਨ੍ਹਾਂ ਦੇ ਨਾਲ ਇਕ ਇਕ. ਬੜੀ ਖ਼ੂਬਸੂਰਤ ਤੇ ਹਾਰ ਸਿੰਗਾਰ ਲਗਾਏ ਹੋਏ ਵਾਲੀ ਇਸਤ੍ਰੀ ਨੂੰ ਲਿਆ ਬੈਠਾਇਆ । ਤੇ ਇਹ ਕਹਿ ਕੇ ਕਿ "ਮੈਂ ਹੁਣ ਆਪਣੇ ਭਣੇਵੇਂ ਦੀ ਖ਼ਬਰ ਲੈ ਆਵਾਂ ਤੁਸੀਂ ਆਪੋ ਵਿਚ ਪਿਆਰ ਕਰੋ !" ਮੇਰੇ ਕਮਰੇ ਵਿਚ ਆ ਗਈ । ਤੇ ਨਾਲ ਇਕ ੨੦ ਕੁ ਸਾਲ ਦੀ ਗੋਰੀ ਚਿੱਟੀ ਗਹਿਣਿਆਂ ਨਾਲ ਲੱਦੀ ਹੋਈ ਮੁਟਿਆਰ ਨੂੰ ਲਿਆ ਕੇ ਮੇਰੇ ਸੋਫ਼ੇ ਉਪਰ ਬੈਠਾ ਦਿਤਾ । ਮੈਂ ਉਠ ਖਲੋਤਾ । ਜਿਸ 'ਤੇ ਮਾਸੀ ਨੇ ਮੈਨੂੰ ਫੜ ਕੇ ਉਸ ਦੇ ਕੋਲ ਬਠਾਣ ਦਾ ਬੜਾ ਯਤਨ ਕੀਤਾ । ਪਰ ਮੈਂ ਨਾ ਮੰਨਿਆ । ਮਾਸੀ ਨੇ ਜ਼ੋਰ ਵੀ ਲਾਇਆ ਤੇ ਤਰਲੇ ਮਿੰਨਤਾਂ ਵੀ ਕੀਤੇ । ਪਰ ਮੈਂ ਨਾ ਮੰਨਿਆ ਤੇ ਨਾ ਮੰਨਿਆ । ਮੈਂ ਠੋਕ ਕੇ ਜਵਾਬ ਦੇ ਦਿਤਾ ਕਿ ਮੇਰੇ ਨਾਲ ਕੋਸ਼ਸ਼ ਕਰਨੀ ਬੇ-ਅਰਥ ਤੇ ਫ਼ਜ਼ੂਲ ਹੈ ।

ਮਾਸੀ ਸਾਨੂੰ ਦੋਹਾਂ ਨੂੰ ਸੋਫ਼ੇ ਉਪਰ ਬਿਠਾ ਕੇ ਦੋ ਚਾਰ ਮਿੰਟ ਵਾਸਤੇ ਬਾਹਰ ਚਲੀ ਗਈ । ਤੇ ਇਹ ਕਹਿ ਗਈ ਕਿ ਮੁੰਡਾ ਮੇਰੇ ਸਾਹਮਣੇ ਸ਼ਰਮ ਕਰਦਾ ਹੈ । ਸ਼ਾਇਦ ਮਗਰੋਂ ਪਸਮ ਪਵੇ । ਨਾਲੇ ਮੈਂ ਇਹਦੇ ਸਾਥੀਆਂ ਦੀ ਖ਼ਬਰ ਸਾਰ ਲੈ ਆਵਾਂ । ਕੁਝ ਕੁ ਮਿੰਟਾਂ ਮਗਰੋਂ ਆਈ ਤਾਂ ਸਾਨੂੰ ਦੋਹਾਂ ਨੂੰ ਵਖ ਵਖ ਬੈਠਿਆਂ



Digitized by Panjab Digital Library | www.panjabdigilib.org

ਵੇਖ ਕੇ ਕਹਿਣ ਲਗੀ, "ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਜਾਪਦਾ।" ਮੇਰੇ ਪਾਸ ਬੈਠੀ ਮੁਟਿਆਰ ਆਖਣ ਲਗੀ, "ਮਾਸੀ ਦਾ ਭਣੇਵਾਂ ਤਾਂ 'ਨਾ-ਮਰਦ' ਮਲੂਮ ਹੁੰਦਾ ਹੈ। ਕੁਵਾਉਣ ਹਸਾਉਣ ਦਾ ਬਥੇਰਾ ਯਤਨ ਕੀਤਾ ਹੈ, ਪਰ ਪੱਥਰ ਦਾ ਬੁੱਤ ਬਣਿਆ ਬੈਠਾ ਹੈ। ਪਸੀਜਦਾ ਹੀ ਨਹੀਂ। ਇਹਨੂੰ ਮੁੜ ਏਥੇ ਬੁਲਾਉਣ ਦੀ ਖੇਚਲ ਨਾ ਕਰਨੀ।" ਇਹ ਕਹਿੰਦੀ ਉਠ ਕੇ ਦੂਜੇ ਕਮਰੇ ਵਿਚ ਚਲੀ ਗਈ। ਮਾਸੀ ਮੈਨੂੰ ਕਹਿਣ ਲਗੀ — "ਮੁੰਡਿਆ! ਤੈਨੂੰ ਚੰਗੇ ਭਲੇ ਨੂੰ ਹੋ ਕੀ ਗਿਆ ਏ? ਕਿਸੇ ਡਾਕਟਰ ਨੂੰ ਸਦ ਕੇ ਵਿਖਾ ਦਿਆਂ?"

ਮੈਂ ਕਿਹਾ, "ਮਾਸੀ ਅਗਲੇ ਐਤਵਾਰ ਆਊਂ ਤਾਂ ਦਿਖਾ ਲੈਣਾ।" ਸੁ ਨਾ ਮੈਂ ਮੁੜ ਕੇ ਕਿਸੇ ਐਤਵਾਰ ਮਾਸੀ ਨੂੰ ਮਿਲਣ ਆਇਆ ਤੇ ਨਾ ਉਸ ਨੂੰ ਕੋਈ ਡਾਕਟਰ ਬੁਲਾ ਕੇ ਵਖਾਉਣ ਦੀ ਖੇਚਲ ਹੀ ਕਰਨੀ ਪਈ।

ਮੇਰੇ ਸਾਥੀਆਂ ਨਾਲ ਕੀ ਬੀਤੀ, ਮੈਨੂੰ ਇਸ ਦਾ ਜ਼ਾਤੀ ਇਲਮ ਕੋਈ ਨਹੀਂ। ਪਰ ਜੋ ਕੁਝ ਉਨ੍ਹਾਂ ਮੈਨੂੰ ਕਾਲਜ ਵਲ ਵਾਪਸ ਜਾਂਦਿਆਂ ਦਸਿਆ ਉਹ ਕੁਝ ਇਸ ਤਰ੍ਹਾਂ ਸੀ:

ਮੇਰਾ ਦੋਸਤ ਮੈਨੂੰ ਕਹਿਣ ਲਗਾ, "ਤੂੰ ਬੜਾ ਪਾਗਲ ਏਂ। ਦੇਖ (ਜੇਬ ਵਿਚੋਂ ਪੰਜ ਰੁਪਏ ਦਾ ਨੋਟ ਕਢ ਕੇ ਦਿਖਾਉਂਦਾ ਹੋਇਆ) ਨਾਲੇ ਪੁੰਨ ਨਾਲੇ ਫਲੀਆਂ। ਖਾਣ ਪੀਣ ਨੂੰ ਜੋ ਕੁਝ ਮਿਲਿਆ ਉਸ ਦਾ ਤਾਂ ਤੈਨੂੰ ਪਤਾ ਹੀ ਨਹੀਂ। ਤੂੰ ਜਦੋਂ ਸਾਡੇ ਨਾਲੋਂ ਵਖ ਹੋ ਗਿਆ ਤੇ ਅਸੀਂ ਉਠ ਕੇ ਦੂਜੇ ਕਮਰੇ ਵਿਚ ਗਏ ਤਾਂ ਮਨ ਮਰਜ਼ੀ ਦੀ ਰੰਨ ਨੂੰ ਨਾਲ ਲੈ ਕੇ ਵਖਰੇ ਵਖਰੇ ਕਮਰੇ ਵਿਚ ਜੋ ਮੌਜਾਂ ਕੀਤੀਆਂ ਉਨ੍ਹਾਂ ਦਾ ਭਲਾ ਤੈਨੂੰ ਕੀ ਥਹੁ? ਕਾਫ਼ੀ ਚਿਰ ਪਿਆਰ ਕਰਦੇ ਰਹੇ। ਅਗਲੇ ਐਤਵਾਰ ਦੇ ਕੌਲ ਇਕਰਾਰ ਹੋ ਗਏ। ਤੇ ਫੇਰ ਤੁਰਨ ਲਗਿਆਂ ਨੂੰ ਭਾਂਤ ਭਾਂਤ ਦੀਆਂ ਮਿਠਾਈਆਂ ਦਾ ਟੋਕਰਾ ਭਰ ਕੇ ਮਾਸੀ ਨੇ ਦਿਤਾ (ਨਾਲ ਹੀ ਦਸਿਆ ਕਿ ਤੇਰੀਆਂ ਪਿੰਨੀਆਂ ਨੂੰ ਕੁੱਤਾ ਮੂੰਹ ਪਾ ਗਿਆ ਸੀ। ਜੋ ਮੈਂ ਸੁਟਵਾਂ ਦਿਤੀਆਂ ਸਨ ਸੁ ਉਨ੍ਹਾਂ ਬਦਲੇ ਇਹ ਮਿਠਾਈ ਲੈ ਜਾ) ਤੈਨੂੰ ਤਾਂ ਪਤਾ ਹੀ ਨਹੀਂ ਮਾਸੀ ਨੇ ਸਾਨੂੰ ਦੋਹਾਂ ਨੂੰ ਪੰਜ ਪੰਜ ਰੁਪਏ ਦਾ ਨੋਟ ਵੀ ਦਿਤਾ। ਤੇ ਕਹਿੰਦੀ ਸੀ ਕਿ ਇਹ ਕੁੜੀਆਂ ਵਡੇ ਵਡੇ ਬਜਾਜਾਂ ਦੇ ਘਰੋਂ ਹਨ। ਚੌਥੇ ਐਤਵਾਰ ਮੈਂ ਤੁਹਾਨੂੰ ਇਨ੍ਹਾਂ ਪਾਸੋਂ ਇਕ ਇਕ ਗਰਮ ਸੂਟ ਦਾ ਕਪੜਾ ਮੰਗਵਾ ਕੇ ਦਿਆਂਗੀ।



Digitized by Panjab Digital Library | www.panjabdigilib.org

ਪਰ ਅਸਾਂ ਕਿਹਾ ਕਿ ਸਾਨੂੰ ਆਪਣੇ ਹੀ ਕਿਸੇ ਦਰਜ਼ੀ ਪਾਸੋਂ ਸਿਵਾ ਦੇਣੇ। ਭਾਵੇਂ ਇਸ ਤੋਂ ਮਗਰੋਂ ਮੈਂ ਮਾਸੀ ਦੇ ਡੇਰੇ ਕਦੇ ਵੀ ਨਾ ਆਇਆ। ਉਹ ਬਥੇਰਾ ਚਿਰ ਮੈਨੂੰ ਡੋਰੇ ਪਾਉਣ ਦੇ ਯਤਨ ਕਰਦੀ ਰਹੀ ਕਿ ਕਿਸੇ ਤਰ੍ਹਾਂ ਮੈਂ ਉਸ ਦੀ ਟੇਟੇ ਚੜ੍ਹ ਜਾਵਾਂ। ਜਦੋਂ ਵੀ ਮੇਰੇ ਦੋਸਤ ਉਸ ਦੇ ਡੇਰੇ ਜਾਂਦੇ ਉਹ ਮੇਰੇ ਲਈ ਬਰਾਬਰ ਮਿਠਾਈ ਤੇ ਫਲਾਂ ਦੀ ਇਕ ਛੋਟੀ ਟੋਕਰੀ ਵਖਰੀ ਲੈ ਕੇ ਦੇਂਦੀ ਰਹੀ। ਤੇ ਅੰਤ ਕੁਝ ਕੁ ਮਹੀਨਿਆਂ ਮਗਰੋਂ ਹਾਰ ਕੇ ਬਸ ਕਰ ਬੈਠੀ।

ਮੇਰੇ ਦੋਹਾਂ ਦੋਸਤਾਂ ਨੂੰ ਉਸ ਨੇ ਆਪਣੇ ਇਕਰਾਰ ਮੂਜਬ ਇਕ ਇਕ ਗਰਮ ਸੂਟ ਸਿਵਾ ਦਿਤਾ। ਤੇ ਖਾਣ ਪੀਣ ਨੂੰ ਵੀ ਜੀ ਆਏ ਪਦਾਰਥ ਦੇਂਦੀ ਰਹੀ। ਇਸ ਤੋਂ ਬਿਨਾਂ ਹੋਰ ਵੀ ਕਈ ਚੀਜ਼ਾਂ ਵਸਤਾਂ ਲੈ ਲੈ ਦਿਆ ਕਰਦੀ ਸੀ। ਕਦੀ ਤੌਲੀਆਂ ਦਾ ਜੋੜਾ, ਕਦੇ ਜੁਰਾਬਾਂ, ਕਦੇ ਰੁਮਾਲ ਤੇ ਕਦੇ ਬੁਨੈਨਾਂ ਆਦਿ ਮੰਗਵਾ ਮੰਗਵਾ ਦੇਂਦੀ ਰਹਿੰਦੀ। ਉਸ ਦੇ ਕਿਹੜੇ ਖ਼ੂਨ ਪਸੀਨੇ ਦੀ ਕਮਾਈ ਦੇ ਟਕੇ ਲਗਦੇ ਸਨ। ਜਿਨ੍ਹਾਂ ਸੁੰਦਰੀਆਂ ਨੂੰ ਉਹ ਆਪਣੇ ਡੇਰੇ ਮੰਗਵਾ ਕੇ ਮੇਰੇ ਦੋਸਤਾਂ ਨਾਲ ਐਸ਼ ਕਰਵਾ ਦਿਆ ਕਰਦੀ ਸੀ ਆਪਣੀਆਂ ਆਪਣੀਆਂ ਦੁਕਾਨਾਂ ਤੋਂ ਉਹ ਇਹ ਚੀਜ਼ਾਂ ਵਸਤਾਂ ਮੰਗਵਾ ਕੇ ਦੇ ਦਿਆ ਕਰਦੀਆਂ ਸਨ। ਲਾਲਚ ਬੁਰੀ ਬਲ਼ਾ ਹੁੰਦੀ ਹੈ। ਕੁਝ ਚਿਰ ਮਗਰੋਂ ਮੇਰੇ ਦੋਸਤਾਂ ਨੇ ਨਾ ਕੇਵਲ ਐਤ ਦੇ ਐਤ ਮਾਸੀ ਪਾਸ ਜਾਣਾ, ਸਗੋਂ ਜਦੋਂ ਕਦੇ ਵੀ ਸਕੂਲ ਛੁੱਟੀ ਹੋਵੇ ਉਹ ਮਾਸੀ ਦੇ ਮਹਿਮਾਨ ਆ ਬਣਦੇ। ਛੁੱਟੀਆਂ ਵੀ ਬੇ-ਅੰਤ ਹੀ ਹੋਇਆ ਕਰਦੀਆਂ ਸਨ। ਗੁਰਪੁਰਬਾਂ ਦੀਆਂ ਛੁੱਟੀਆਂ, ਦੀਵਾਲੀ, ਵਿਸਾਖੀ, ਦੁਸਹਿਰਾ, ਕ੍ਰਿਸਮਿਸ ਆਦਿ ਸਾਰੀਆਂ ਛੁੱਟੀਆਂ ਰਲਾ ਮਿਲਾ ਕੇ ਦੋ ਮਹੀਨਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਸਮੇਤ ਸਾਲ ਵਿਚ ਛੇ ਮਹੀਨੇ ਛੁੱਟੀਆਂ ਵਿਚ ਲੰਘ ਜਾਇਆ ਕਰਦੇ ਸਨ। ਮੇਰੇ ਦੋਸਤ ਪਿੰਡਾਂ ਦਾ ਗੇੜਾ ਕਢ ਕੇ ਮੁੜ ਮਾਸੀ ਦੇ ਡੇਰੇ ਆ ਪੈਂਦੇ ਸਨ। ਮਾਸੀ ਵੀ ਉਨ੍ਹਾਂ ਨੂੰ ਚੰਗਾ ਚੋਖਾ ਖਾਣ ਪੀਣ ਨੂੰ ਦਿੰਦੀ ਤੇ ਐਸ਼ ਕਰ-ਵਾਉਂਦੀ ਰਹੀ। ਪਰ ਏਸ ਦੇ ਇਵਜ਼ ਵਿਚ ਮਾਸੀ ਉਨ੍ਹਾਂ ਪਾਸੋਂ ਚੰਗਾ ਤਕੜਾ ਕੰਮ ਲੈਂਦੀ ਰਹੀ। ਜਦੋਂ ਉਹ ਗਰਮੀਆਂ ਦੀਆਂ ਛੁੱਟੀਆਂ ਮਗਰੋਂ ਸਕੂਲ ਵਾਪਸ ਆਏ ਤਾਂ ਉਨ੍ਹਾਂ ਦੇ ਹੁਲੀਏ ਹੀ ਵਿਗੜੇ ਹੋਏ ਸਨ। ਇਹ ਚੋਖੇ ਕਮਜ਼ੋਰ ਹੋ ਗਏ ਸਨ। ਉਨ੍ਹਾਂ ਦਾ ਹਾਲ ਦੇਖ ਕੇ ਮੈਂ ਪ੍ਰਮਾਤਮਾ ਦਾ ਸੌ ਸੌ ਸ਼ੁਕਰ ਕੀਤਾ,



Digitized by Panjab Digital Library | www.panjabdigilib.org

ਕਿ ਮੈਂ ਏਸ ਮੁਸੀਬਤ ਵਿਚੋਂ ਬਚ ਨਿਕਲਿਆ ਤੇ ਉਸ ਬੁੱਢੇ ਟਮਟਮ ਵਾਲੇ ਮੁਸਲਮਾਨ ਦਾ, ਜਿਸ ਨੇ ਖ਼ੁਦਾ ਦੇ ਵਾਸਤੇ ਪਾ ਪਾ ਕੇ ਤੇ ਰੋ ਰੋ ਕੇ ਮੈਨੂੰ ਏਸ ਰਾਹੇ ਪੈਣ ਤੋਂ ਵਰਜਿਆ ਅਤੇ ਮੈਨੂੰ ਬਚਾ ਲਿਆ। ਚੰਗੇ ਸਮੇਂ ਸਨ। ਜਦੋਂ ਮੁਸਲਮਾਨ, ਸਿੱਖ ਤੇ ਹਿੰਦੂ ਸਾਰੇ ਦੇ ਸਾਰੇ ਹੀ ਹਿੰਦੁਸਤਾਨੀ ਅਖਵਾਉਂਦੇ ਸਨ ਤੇ ਇਕ ਦੂਜੇ ਨੂੰ ਵੀਰ ਸਮਝਦੇ ਸਨ।



Digitized by Panjab Digital Library | www.panjabdigilib.org

# ਮੇਰਾ ਵਿਵਾਹ

ਮੈਂ ਨੌਵੀਂ ਜਮਾਤੇ ਪੜ੍ਹਦਾ ਸੀ, ਜਦੋਂ ਮੈਨੂੰ ਘਰੋਂ ਚਿੱਠੀ ਆਈ ਕਿ ਤੂੰ ਛੁੱਟੀ ਲੈ ਕੇ ਆ ਜਾ। ਤੇਰਾ ਵਿਆਹ ਹੋਣਾ ਹੈ। ਓਹਨੀਂ ਦਿਨੀਂ ਲਫ਼ਾਫ਼ੇ ਘਟ ਵਧ ਹੀ ਵਰਤਨ ਵਿਚ ਆਉਂਦੇ ਸਨ। ਆਮ ਕਰ ਕੇ ਕਾਰਡ ਹੀ ਲਿਖਣ ਦਾ ਰਿਵਾਜ ਸੀ। ਮੈਨੂੰ ਇਹ ਖ਼ਬਰ ਇਕ ਕਾਰਡ ਦਵਾਰਾ ਹੀ ਮਿਲੀ। ਡਾਕੀਆ ਮੇਰਾ ਕਾਰਡ ਮੇਰੇ ਮੰਜੇ 'ਤੇ ਹੀ ਸੁਟ ਗਿਆ। ਤੇ ਮੇਰੇ ਕਮਰੇ ਵਾਲੇ ਸਾਥੀ ਮੁੰਡਿਆਂ ਨੇ ਪੜ੍ਹ ਲਿਆ। ਤੇ ਛੇਤੀ ਹੀ ਇਹ ਖ਼ਬਰ ਸਾਰੇ ਬੋਰਡਿੰਗ ਵਿਚ ਧੁੰਮ ਗਈ ਕਿ ਭਾਈ ਦਾ ਵਿਆਹ ਹੋਣ ਵਾਲਾ ਹੈ। ਮਿਠਾਈਆਂ ਲਿਆ ਕੇ ਘਟੋ ਘਟ ਆਪਣੇ ਜਮਾਤੀਆਂ ਤੇ ਕਮਰੇ ਵਾਲਿਆਂ ਨੂੰ ਜ਼ਰੂਰ ਖਵਾਏਗਾ। ਮੈਂ ਘਰ ਲਿਖ ਭੇਜਿਆ ਕਿ ਛੁੱਟੀ ਲੈਣ ਦੀ ਕੋਈ ਲੋੜ ਨਹੀਂ। ਗਰਮੀਆਂ ਦੀਆਂ ਛੁੱਟੀਆਂ ਵਿਚ ਤੇ ਜਾਂ ਵਡੇ ਦਿਨਾਂ ਦੀਆਂ ਛੁੱਟੀਆਂ ਵਿਚ ਵਿਆਹ ਹੋ ਸਕਦਾ ਹੈ। ਨਾਲ ਹੀ ਮੈਂ ਕੁਝ ਸ਼ਰਤਾਂ ਵੀ ਲਿਖ ਭੇਜੀਆਂ ਜੋ ਏਸ ਪ੍ਰਕਾਰ ਸਨ :

੧. ਵਿਆਹ ਪੂਰਨ ਗੁਰ ਮਰਯਾਦਾ ਨਾਲ ਹੋਵੇਗਾ।

੨. ਗਿਆਨੀ ਠਾਕਰ ਸਿੰਘ ਜੀ ਤੇ ਰਾਗੀ ਜੱਥਾ ਅੰਮ੍ਰਿਤਸਰ ਤੋਂ ਮੰਗਵਾਇਆ ਜਾਵੇਗਾ।

੩. ਛੇਦਕ ਗਹਿਣੇ ਨਹੀਂ ਪਾਉਣੇ। ਤੇ ਜਿਸ ਨਾਲ ਮੇਰਾ ਵਿਆਹ ਹੋਣਾ ਹੈ ਉਸ ਨੂੰ ਅੰਮ੍ਰਿਤ ਛਕਣਾ ਪਵੇਗਾ।

ਥੋੜੇ ਦਿਨਾਂ ਮਗਰੋਂ ਇਕ ਹੋਰ ਕਾਰਡ ਮਿਲਿਆ, ਜਿਸ ਵਿਚ ਲਿਖਿਆ



Digitized by Panjab Digital Library | www.panjabdigilib.org

ਸੀ ਕਿ ਵਿਆਹ ਗਰਮੀਆਂ ਦੀਆਂ ਛੁੱਟੀਆਂ ਵਿਚ ਹੀ ਕੋਈ ਯੋਗ ਦਿਨ-ਵਾਰ ਮਿਥ ਕੇ ਕੀਤਾ ਜਾਵੇਗਾ। ਮੇਰੀਆਂ ਬਾਕੀ ਸ਼ਰਤਾਂ ਵੀ ਪ੍ਰਵਾਨ ਕਰ ਲਈਆਂ ਗਈਆਂ। ਮੇਰੇ ਦੋਸਤਾਂ ਮਿੱਤਰਾਂ ਨੇ ਥੋੜੇ ਹੀ ਚਿਰ ਪਿਛੋਂ ਪਿਕਨਿਕ ਦਾ ਪ੍ਰਬੰਧ ਕੀਤਾ ਤੇ ਮੈਨੂੰ ਵੀ ਆਪਣੇ ਨਾਲ ਇਕ ਪਿੰਡ ਲੈ ਗਏ। ਪਿੰਡ ਦਾ ਨਾਮ ਤਾਂ ਮੈਨੂੰ ਚੇਤੇ ਨਹੀਂ। ਪਰ ਇਕ ਵਾਕਿਆ ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਜੋ ਮੈਨੂੰ ਕਦੇ ਭੁੱਲ ਨਹੀਂ ਸਕਦਾ। ਪਿੰਡ ਪਹੁੰਚਣ ਤੋਂ ਅਗਲੇ ਦਿਨ ਸਾਰੀ ਜੁੰਡਲੀ ਇਕ ਪ੍ਰੇਮੀ ਦੇ ਘਰ ਜਾ ਵੜੀ। ਜਿਸ ਦਾ ਨਾਮ ਹਕੀਮ ਕਸ਼ਮੀਰਾ ਸਿੰਘ ਦਸੀ ਦਾ ਸੀ। ਹਕੀਮ ਜੀ ਨੇ ਘਰ ਦੇ ਨਾਲ ਲਗਦੀ ਇਕ ਬੈਠਕ ਵਿਚ ਆਪਣੀ ਹਕੀਮੀ ਦੀ ਦੁਕਾਨ ਕਰ ਰਖੀ ਸੀ। ਗਏ ਤਾਂ ਸਾਰੇ ਹੀ ਆਪਣੇ ਆਪਣੇ ਵਾਸਤੇ ਕੋਈ ਨਾ ਕੋਈ ਦਵਾਈ ਲੈਣ ਸਨ। ਜਦੋਂ ਸਾਰੇ ਦਵਾਈਆਂ ਲੈ ਚੁਕੇ ਤਾਂ 'ਮਾਸੀ' ਦੇ ਭਣੇਵਿਆਂ ਨੇ ਆਪਣੇ ਵਾਸਤੇ ਤਾਕਤ ਦੀ ਦਵਾਈ ਬਣਵਾ ਲਈ। ਮਗਰੋਂ ਹਕੀਮ ਜੀ ਨੂੰ ਮੇਰੇ ਵਲ ਇਸ਼ਾਰਾ ਕਰ ਕੇ ਆਖਣ ਲਗੇ ਕਿ ਇਸ ਸਾਡੇ ਭਾਈ ਜੀ ਦਾ ਗਰਮੀਆਂ ਦੀਆਂ ਛੁੱਟੀਆਂ ਵਿਚ ਵਿਆਹ ਹੋਣਾ ਹੈ। ਇਸ ਨੂੰ ਵੀ ਕੋਈ ਤਾਕਤ ਦੀ ਦਵਾਈ ਦੇ ਦਿਓ ਜਾਂ ਨੁਸਖ਼ਾ ਦਸ ਦਿਓ। ਏਸ ਗੱਲ ਦਾ ਢੇਰ ਚਿਰ ਪਿਛੋਂ ਪਤਾ ਲਗਾ ਜਦ ਕਿ ਮੈਂ ਹਕੀਮ ਸਾਹਿਬ ਦਾ ਦਸਿਆ ਇਲਾਜ ਕਰ ਕੇ ਡਾਢਾ ਦੁਖ ਪਾਇਆ ਕਿ ਇਹ ਸਾਰਾ ਨਾਟਕ ਮੈਨੂੰ ਫੂਲ (ਬੁੱਧੂ) ਬਨਾਉਣ ਵਾਸਤੇ ਰਚਿਆ ਗਿਆ ਸੀ। ਹਕੀਮ ਜੀ ਨੇ ਮੈਨੂੰ ਕੁਝ ਪੁੜੀਆਂ ਬੰਨ੍ਹ ਕੇ ਦਿਤੀਆਂ ਅਤੇ ਕਿਹਾ ਕਿ ਮੈਂ ਇਕ ਪੁੜੀ ਸਵੇਰੇ ਤੇ ਇਕ ਸ਼ਾਮ ਗੋਕੇ ਦੁੱਧ ਨਾਲ ਛਕ ਲਿਆ ਕਰਾਂ। ਨਾਲ ਹੀ ਹਕੀਮ ਜੀ ਨੇ ਪੱਕੀ ਕੀਤੀ ਕਿ ਅੱਕ ਦਾ ਦੁੱਧ ਮੰਗਵਾ ਕੇ ਉਸ ਦੇ ਵਿਚ ਇਕ ਮਲਮਲ ਦੀ ਪੱਟੀ ਤਰ ਕਰ ਕੇ ਆਪਣੇ ਗੁਪਤ ਅੰਗ 'ਤੇ ਲਪੇਟ ਲਵਾਂ। ਇਹ ਪੁੜੀਆਂ ਤੇ ਅੱਕ ਦੇ ਦੁੱਧ ਦੀ ਪੱਟੀ ਗਰਮੀਆਂ ਦੀਆਂ ਛੁੱਟੀਆਂ ਆਰੰਭ ਹੋਣ 'ਤੇ ਵਰਤਣੀਆਂ। ਮੈਨੂੰ ਅੱਕ ਦੇ ਦੁੱਧ ਦੇ ਅਸਰ ਦਾ ਕੱਖ ਪਤਾ ਨਹੀਂ ਸੀ ਕਿ ਇਹ ਕੀ ਚੰਦ ਚੜ੍ਹਾਏਗਾ। ਹਕੀਮ ਜੀ ਨੇ ਇਹ ਵੀ ਪੱਕੀ ਕੀਤੀ ਕਿ ਅੱਕ ਦੇ ਦੁੱਧ ਦੀ ਪੱਟੀ ਕਿਸੇ ਵੱਖਰੇ ਕਮਰੇ ਵਿਚ ਬੈਠ ਕੇ ਲਗਾਵਾਂ। ਏਸ ਨਾਲ ਦਰਦ ਬੜੀ ਹੋਵੇਗੀ, ਪਰ ਜਿੰਨੀ ਵਧੇਰੇ ਦਰਦ ਹੋਵੇਗੀ ਉਨਾ ਹੀ ਵਧੇਰੇ ਫ਼ਾਇਦਾ ਵੀ ਹੋਵੇਗਾ।



Digitized by Panjab Digital Library | www.panjabdigilib.org

ਜਦੋਂ ਮੈਂ ਘਰ ਪੁਜਾ। ਵਿਆਹ ਦਾ ਦਿਨ ਛੁੱਟੀਆਂ ਮੁਕਣ ਤੋਂ ਕੁਝ ਹੀ ਦਿਨ ਪਹਿਲਾਂ ਦਾ ਨਿਅਤ ਕੀਤਾ ਜਾ ਚੁਕਾ ਸੀ। ਸੁ ਮੈਂ ਜਾਂਦਿਆਂ ਹੀ ਆਪਣੀ ਮਾਤਾ ਜੀ ਨੂੰ ਕਿਹਾ ਕਿ ਮੈਨੂੰ ਅੱਕ ਦਾ ਦੁੱਧ ਮੰਗਵਾ ਦਿਤਾ ਜਾਵੇ। ਉਹ ਹੈਰਾਨ ਹੋ ਕੇ ਘੜੀ ਘੜੀ ਮੈਨੂੰ ਪੁੱਛਣ ਕਿ ਅੱਕ ਦੇ ਦੁੱਧ ਦੀ ਮੈਨੂੰ ਕੀ ਲੋੜ ਹੈ ? ਇਹ ਤਾਂ ਬਹੁਤ ਜ਼ਹਿਰੀਲੀ ਚੀਜ਼ ਹੈ। ਜਿਸ ਪਸ਼ੂ ਦੇ ਪਿੰਡੇ 'ਤੇ ਅੱਕ ਦੀ ਸੋਟੀ ਮਾਰ ਦਿਤੀ ਜਾਵੇ, ਉਸ ਦੀ ਖੱਲ ਉਧੜ ਜਾਇਆ ਕਰਦੀ ਹੈ। ਭਲਾ ਤੂੰ ਇਹੋ ਜੇਹੀ ਜ਼ਹਿਰੀਲੀ ਚੀਜ਼ ਦਾ ਕੀ ਬਣਾਉਣਾ ਹੈ ? ਜਿਉਂ ਜਿਉਂ ਉਹ ਮੈਨੂੰ ਜ਼ੋਰ ਦੇ ਕੇ ਪੁੱਛਣ ਕਿ ਮੈਂ ਏਸ ਦਾ ਕੀ ਕਰਨਾ ਹੈ ? ਮੈਂ ਦਸਾਂ ਕੁਝ ਵੀ ਨਾ ਤੇ ਅੱਕ ਦਾ ਦੁੱਧ ਮੰਗੀ ਚਲਿਆ ਜਾਵਾਂ। ਓੜਕ ਤੰਗ ਆ ਕੇ ਮੈਂ ਕਿਹਾ ਕਿ ਦਵਾਈ ਬਣਾਉਣੀ ਹੈ। ਹਕੀਮ ਪਾਸੋਂ ਦਵਾਈ ਖਾਣ ਵਾਸਤੇ ਪੁੜੀਆਂ ਲਿਆਂਦੀਆਂ ਹਨ ਜੋ ਸਵੇਰੇ ਸ਼ਾਮ ਗੋਕੇ ਦੁੱਧ ਨਾਲ ਲੈਣੀਆਂ ਹਨ ਤੇ ਅੱਕ ਦਾ ਦੁੱਧ ਵੀ ਦਵਾਈ ਦੇ ਤੌਰ 'ਤੇ ਲਾਉਣ ਵਾਸਤੇ ਵਰਤਣਾ ਹੈ। ਮਾਤਾ ਜੀ ਨੇ ਕਿਹਾ ਅਸੀਂ ਪਿੰਡ ਦੇ ਹਕੀਮ ਪ੍ਰਭੂ ਦਿਆਲ ਨੂੰ ਬੁਲਾ ਕੇ ਪੁੱਛ ਲੈਂਦੇ ਹਾਂ। ਜੇ ਉਹ ਸਲਾਹ ਦੇਵੇਗਾ, ਤਾਂ ਦਵਾਈ ਕਰ ਲੈਣੀ। ਪਰ ਇਹ ਤਾਂ ਦਸ, ਤੈਨੂੰ ਸੁਖ ਨਾਲ ਤਕਲੀਫ਼ ਕੀ ਏ ? ਕਿਸ ਵਾਸਤੇ ਦਵਾਈ ਕਰਨੀ ਏ ? ਪ੍ਰਭੂ ਦਿਆਲ ਚੰਗਾ ਸਿਆਣਾ ਹਕੀਮ ਹੈ। ਐਰੇ ਵਗ਼ੈਰੇ ਕਿਸੇ ਓਪਰੇ ਹਕੀਮ ਦੀ ਦਵਾਈ ਮੈਂ ਨਹੀਂ ਕਰਨ ਦੇਣੀ। ਮੈਂ ਗੁੱਸੇ ਹੋ ਗਿਆ ਤੇ ਕਿਹਾ ਕਿ ਪ੍ਰਭੂ ਦਿਆਲ ਉਸ ਹਕੀਮ ਦੇ ਮੁਕਾਬਲੇ ਵਿਚ ਭਲਾ ਚੀਜ਼ ਹੀ ਕੀ ਹੈ ? ਕ੍ਰੋਧ ਵਿਚ ਰੋਟੀ ਵੀ ਨਾ ਖਾਧੀ। ਤੇ ਕਿਹਾ ਕਿ ਨਾ ਪ੍ਰਭੂ ਦਿਆਲ ਨਾਲ ਤੇ ਨਾ ਕਿਸੇ ਹੋਰ ਨਾਲ ਕੋਈ ਗੱਲ ਕਰਨੀ ਮੈਂ ਆਪੇ ਹੀ ਜਾ ਕੇ ਅੱਕ ਦਾ ਦੁੱਧ ਚੋ ਲਿਆਵਾਂਗਾ। ਜਦ ਮੈਂ ਲੋਹਾ ਲਾਖਾ ਹੋ ਗਿਆ ਤਾਂ ਮਾਤਾ ਜੀ ਨੇ ਕਿਹਾ ਕਿ ਉਹ ਕਿਸੇ ਨੂੰ ਭੇਜ ਕੇ ਅੱਕ ਦਾ ਦੁੱਧ ਮੰਗਵਾ ਦੇਂਦੇ ਹਨ, ਪਰ ਤੂੰ ਰੋਟੀ ਨਾ ਛਡ। ਬਹੁਤਾ ਗ਼ੁੱਸਾ ਕਰਨਾ ਠੀਕ ਨਹੀਂ। ਉਹ ਤਾਂ ਮੇਰੇ ਹੀ ਭਲੇ ਦੀ ਗੱਲ ਕਰ ਰਹੇ ਸਨ, ਪਰ ਮੈਂ ਇਕੋ ਹੀ ਜ਼ਿੱਦ ਫੜੀ ਜਾਵਾਂ। ਕਿ ਅੱਕ ਦਾ ਦੁੱਧ ਮੰਗਵਾ ਕੇ ਦਿਓਗੇ ਤਾਂ ਰੋਟੀ ਤਦੇ ਹੀ ਖਾਵਾਂਗਾ। ਸੁ ਉਨ੍ਹਾਂ ਨੇ ਵੀਹਾਂ ਕੁ ਮਿੰਟਾਂ ਦੇ ਵਿਚ ਵਿਚ ਅੱਕ ਦਾ ਦੁੱਧ ਮੰਗਵਾ ਦਿਤਾ ਤੇ ਮੈਂ ਰੋਟੀ ਖਾ ਲਈ। ਲੌਢੇ ਕੁ ਵੇਲੇ ਮੈਂ ਅੱਕ ਦਾ ਦੁੱਧ ਲੈ ਕੇ ਚੁਬਾਰੇ ਵਿਚ ਜਾ



Digitized by Panjab Digital Library | www.panjabdigilib.org

ਬੈਠਾ। ਨਵੀਂ ਪਗ ਨਾਲੋਂ ਇਕ ਪਾਸਿਓਂ ਟਾਕੀ ਪਾੜ ਕੇ ਪੱਟੀ ਬਣਾ ਲਈ, ਤੇ ਅੱਕ ਦੇ ਦੁੱਧ ਵਿਚ ਚੰਗੀ ਤਰ੍ਹਾਂ ਤਰ ਕਰ ਕੇ ਦਸੀ ਹੋਈ ਥਾਂ ਦੇ ਚੁਫੇਰੇ ਲਪੇਟ ਲਈ। ਤੇ ਆਪ ਲੇਟ ਗਿਆ। ਪਰ ਦੋ ਚਾਰ ਮਿੰਟ ਵਿਚ ਹੀ ਦਵਾਈ ਨੇ ਮੇਰਾ ਲੇਟਣਾ ਹਰਾਮ ਕਰ ਦਿਤਾ। ਡਾਢੀ ਦਰਦ ਹੋਣ ਲਗ ਗਈ। ਪਹਿਲੋਂ ਤਾਂ ਮੈਂ ਦਰਦ ਸ਼ੁਰੂ ਹੋਣ 'ਤੇ ਖ਼ੁਸ਼ ਹੋਇਆ ਕਿ ਦਵਾਈ ਬਹੁਤ ਵਧੀਆ ਹੈ, ਜਿਸ ਨੇ ਆਪਣਾ ਅਸਰ ਛੇਤੀ ਹੀ ਦਸ ਦਿਤਾ ਹੈ। ਪਰ ਛੇਤੀ ਹੀ ਦਰਦ ਏਨੇ ਜ਼ੋਰ ਵਿਚ ਹੋਣ ਲਗ ਗਈ ਕਿ ਬਰਦਾਸ਼ਤ ਤੋਂ ਬਾਹਰ ਹੋ ਗਈ। ਕੁਝ ਚਿਰ ਤਾਂ ਮੈਂ ਕਸੀਸ ਵਟ ਕੇ ਜਰੀ ਚਲਾ ਗਿਆ, ਪਰ ਓੜਕ ਮੇਰੀਆਂ ਚਾਂਗਰਾਂ ਹੀ ਨਿਕਲ ਗਈਆਂ। ਤੇ ਪੱਟੀ ਉਤਾਰ ਕੇ ਪਰੇ ਵਗਾਹ ਮਾਰੀ। ਪੱਟੀ ਦਾ ਹੇਠਲੀ ਥਾਂ ਲਹੂ ਵਰਗੀ ਲਾਲ ਸੂਹੀ ਹੋ ਗਈ ਸੀ, ਉਪਰਲਾ ਚਮੜਾ ਉਧੜਿਆ ਹੋਇਆ ਦੇਖਿਆ। ਘਰ ਦੇ ਸਾਰੇ ਜੀਅ ਮੇਰੀਆਂ ਚਾਂਗਰਾਂ ਸੁਣ ਕੇ ਨੱਠੇ ਆਏ। ਚੁਬਾਰੇ ਦਾ ਦਰਵਾਜ਼ਾ ਭੰਨ ਕੇ ਅੰਦਰ ਆਣ ਵੜੇ। ਮੈਂ ਅੰਦਰੋਂ ਕੁੰਡੀ ਲਗਾ ਕੇ ਦਵਾਈ ਦੀ ਪੱਟੀ ਕੀਤੀ ਸੀ। ਘਰ ਵਾਲਿਆਂ ਵਲੋਂ ਆਵਾਜ਼ਾਂ ਦੇਣ 'ਤੇ ਉਠ ਕੇ ਕੁੰਡਾ ਖੋਲ੍ਹਣ ਦੀ ਮੇਰੇ ਵਿਚ ਹਿੰਮਤ ਹੀ ਨਹੀਂ ਸੀ ਰਹੀ। ਅੰਦਰ ਆ ਕੇ ਮੇਰੀ ਹਾਲਤ ਵੇਖੀ ਤਾਂ ਮਾਤਾ ਜੀ ਕਹਿਣ ਲਗੇ, "ਵੇ ਤੇਰੀ ਮਾਂ ਮਰ ਜਾਏ, ਮੈਂ ਤੈਨੂੰ ਮਨ੍ਹਾਂ ਜੁ ਕਰ ਰਹੀ ਸੀ। ਪਰ ਤੂੰ ਮੇਰੀ ਇਕ ਨਾ ਮੰਨੀ। ਹੁਣ ਦਸ ਅਸੀਂ ਕੀ ਕਰੀਏ?"

ਮੈਂ ਕਰੀਬ ਕਰੀਬ ਬੇ-ਸੁਧ ਪਿਆ ਸੀ। ਪਿੰਡ ਦੇ ਹਕੀਮ ਨੂੰ ਬੁਲਾਇਆ ਗਿਆ। ਉਸ ਦੇ ਕਹਿਣ 'ਤੇ ਪੱਟੀ ਵਾਲੇ ਥਾਂ ਨੂੰ ਠੰਡੇ ਪਾਣੀ ਨਾਲ ਸਹਿਜੇ ਸਹਿਜੇ ਧੋ ਦਿਤਾ ਗਿਆ। ਇਕ ਘੋੜ ਸਵਾਰ ਨੂੰ ਹਡਾਲੀ ਭੇਜ ਦਿਤਾ ਕਿ ਉਥੇ ਜਾ ਕੇ ਬਾਬਾ ਜੋਧ ਸਿੰਘ ਜੀ ਨੂੰ ਲੈ ਆਵੇ। ਉਸ ਨੂੰ ਸਮਝਾ ਦਿਤਾ ਗਿਆ ਕਿ ਕਿਸ ਤਰ੍ਹਾਂ ਤਕਲੀਫ ਹੋ ਗਈ ਹੈ। ਬਾਬਾ ਜੋਧ ਸਿੰਘ ਜੀ ਇਲਾਕੇ ਦੇ ਮੰਨੇ ਪਰਮੰਨੇ ਸਿਆਣੇ ਹਕੀਮ ਗਿਣੇ ਜਾਂਦੇ ਸਨ। ਕਿਸੇ ਪਾਸੋਂ ਫ਼ੀਸ ਲੈਣੀ ਤਾਂ ਇਕ ਪਾਸੇ ਰਹੀ ਉਹ ਦਵਾਈ ਵੀ ਆਪਣੇ ਕੋਲੋਂ ਮੁਫ਼ਤ ਦੇ ਦਿਆ ਕਰਦੇ ਸਨ। ਆਪ ਸ੍ਰ: ਬ: ਮਹਿਤਾਬ ਸਿੰਘ ਜੀ ਪ੍ਰਸਿੱਧ ਪੰਥ ਸੇਵਕ ਤੇ ਅਕਾਲੀ ਲੀਡਰ ਦੇ ਦਾਦਾ ਜੀ ਸਨ। ਸ੍ਰ: ਬਹਾਦਰ ਜੀ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਕੁਝ ਦਿਨ ਮਗਰੋਂ ਸਰਕਾਰੀ ਵਕੀਲ ਦੀ ਪਦਵੀ ਤੋਂ ਅਸਤੀਫ਼ਾ ਦੇ ਕੇ ਪੰਥ ਤੇ ਦੇਸ



Digitized by Panjab Digital Library | www.panjabdigilib.org

ਦੀ ਸੇਵਾ ਦੇ ਮੈਦਾਨ ਵਿਚ ਗਜ ਪਏ ਸਨ। ਉਹ ਅਸਤੀਫ਼ਾ ਦੇਣ ਸਮੇਂ ਹਾਈਕੋਰਟ ਦੀ ਜੱਜੀ ਦੀ ਪਦਵੀ ਪ੍ਰਾਪਤ ਕਰਨ ਵਾਲੇ, ਅਤੇ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਡਿਪਟੀ ਸਪੀਕਰ ਸਨ। ਉਨ੍ਹਾਂ ਦਾ ਹਾਈਕੋਰਟ ਦਾ ਜੱਜ ਬਣਾਇਆ ਜਾਣਾ ਬਿਲਕੁਲ ਯਕੀਨੀ ਸੀ। ਉਨ੍ਹਾਂ ਦੇ ਮਿੱਤਰਾਂ ਤੇ ਸੰਬੰਧੀਆਂ ਨੇ ਉਨ੍ਹਾਂ ਉਪਰ ਅਸਤੀਫ਼ਾ ਵਾਪਸ ਲੈ ਲੈਣ ਲਈ ਬੜਾ ਜ਼ੋਰ ਮਾਰਿਆ, ਪਰ ਉਨ੍ਹਾਂ ਥੁੱਕ ਕੇ ਚੱਟਣ ਨੂੰ ਕਦੀ ਪਸੰਦ ਨਾ ਕੀਤਾ।

ਬਾਬਾ ਜੋਧ ਸਿੰਘ ਜੀ ਸ਼ਾਮ ਤੋਂ ਪਹਿਲੋਂ ਪਹਿਲੋਂ ਮੇਰੇ ਪਾਸ ਪੁਜ ਗਏ। ਉਨ੍ਹਾਂ ਦੇ ਪੁੱਤਰ ਸ੍ਰ: ਬਾਘ ਸਿੰਘ ਨਾਲ ਮੇਰੀ ਸਭ ਤੋਂ ਵੱਡੀ ਭੈਣ ਵਿਆਹੀ ਹੋਈ ਸੀ। ਮੇਰੀ ਹਾਲਤ ਵੇਖ ਕੇ ਉਨ੍ਹਾਂ ਮੈਨੂੰ ਪੁੱਛਿਆ ਕਿ ਤੂੰ ਅੱਕ ਦੇ ਦੁੱਧ ਦੀ ਪੱਟੀ ਕਿਸ ਦੇ ਆਖਣ 'ਤੇ ਬੱਧੀ ਸੀ ? ਮੈਂ ਕਿਹਾ ਜੋ ਹੋਣਾ ਸੀ, ਸੋ ਹੋ ਗਿਆ। ਹੁਣ ਉਸ ਬੀਤ ਚੁਕੀ ਗੱਲ ਨੂੰ ਕੀ ਘਸੀਟਣਾ ਹੈ। ਮੈਂ ਸਾਰਾ ਸਮਾਚਾਰ ਕਹਿ ਸੁਣਾਇਆ ਤੇ ਦਸਿਆ ਕਿ ਸਕੂਲ ਦੇ ਕੁਝ ਕੁ ਮੁੰਡਿਆਂ ਤੇ ਹਕੀਮ ਨੇ ਰਲ ਕੇ ਮੇਰਾ ਮੌਜੂ ਉਡਾਉਣ ਦਾ ਮਨਸੂਬਾ ਬਣਾ ਲਿਆ ਸੀ, ਉਨ੍ਹਾਂ ਨੇ ਮੇਰੇ ਨਾਲ ਇਹ ਇਕ ਅਮਲੀ ਮਜ਼ਾਕ ਕੀਤਾ ਹੈ। ਏਸ ਗੱਲ ਦਾ ਨਿਤਾਰਾ ਕਰਨਾ ਫੇਰ ਵੇਖਿਆ ਜਾਵੇਗਾ, ਹੁਣ ਤਾਂ ਮੈਨੂੰ ਕੋਈ ਅਜਿਹੀ ਦਵਾਈ ਦੱਸੋ ਜਿਸ ਨਾਲ ਪੀੜ ਦਾ ਜ਼ੋਰ ਘਟੇ।

ਬਾਬਾ ਜੀ ਨੇ ਪਿੰਡ ਦੇ ਪਸਾਰੀ ਪਾਸੋਂ ਕੋਈ ਦਵਾਈ ਮੰਗਵਾਈ ਤੇ ਬਹੁਤ ਬਰੀਕ ਪਿਸਵਾ ਕੇ ਮੱਖਣ ਵਿਚ ਮਿਲਾ ਦਿਤੀ। ਇਹ ਇਕ ਅਕਸੀਰ ਦਵਾਈ ਬਣ ਗਈ। ਅੱਕ ਦੇ ਦੁੱਧ ਦੀ ਪੱਟੀ ਵਾਲੇ ਥਾਂ ਮੱਖਣ ਦੀ ਬਣਾਈ ਹੋਈ ਮਲ੍ਹਮ ਚੋਪੜ ਦਿਤੀ। ਦਰਦ ਘਟਣੀ ਸ਼ੁਰੂ ਹੋ ਗਈ ਤੇ ਪੀੜ ਵਾਲੀ ਥਾਂ ਠੰਡ ਪੈਣੀ ਸ਼ੁਰੂ ਹੋ ਗਈ। ਨਾਲ ਹੀ ਬਾਬਾ ਜੋਧ ਸਿੰਘ ਜੀ ਨੇ ਖਾਣ ਵਾਸਤੇ ਪੁੜੀ ਦੇ ਦਿਤੀ ਜਿਸ ਨੂੰ ਖਾਂਦਿਆਂ ਹੀ ਮੈਨੂੰ ਨੀਂਦ ਆ ਗਈ ਤੇ ਮੈਂ ਆਰਾਮ ਨਾਲ ਸੌਂ ਗਿਆ। ਨੀਂਦ ਏਨੀ ਗੂੜ੍ਹੀ ਆ ਗਈ ਕਿ ਅਗਲੇ ਦਿਨ ਸੂਰਜ ਚੜ੍ਹੇ ਜਾਗ ਆਈ। ਵੇਖਿਆ ਤਾਂ ਸਰਗੋਧੇ ਵਾਲੇ ਡਾਕਟਰ ਹਰਬੰਸ ਸਿੰਘ ਜੀ ਮੇਰੇ ਸਿਰਹਾਣੇ ਕੁਰਸੀ ਡਾਹੀ ਬੈਠੇ ਸਨ ਤੇ ਬਾਬਾ ਜੋਧ ਸਿੰਘ ਜੀ ਮੇਰੇ ਮੰਜੇ ਉਪਰ ਹੀ ਬੈਠ ਰਹੇ ਸਨ। ਤਦੋਂ ਘਰ ਵਿਚ ਇਕੋ ਇਕ ਹੀ ਕੁਰਸੀ



Digitized by Panjab Digital Library | www.panjabdigilib.org

ਹੋਇਆ ਕਰਦੀ ਸੀ । ਓਹਨੀਂ ਦਿਨੀਂ ਪਿੰਡਾਂ ਵਿਚ ਕੁਰਸੀਆਂ ਰੱਖਣ ਦਾ ਰਵਾਜ ਬਹੁਤ ਘਟ ਹੁੰਦਾ ਸੀ । ਡਾਕਟਰ ਹਰਬੰਸ ਸਿੰਘ ਜੀ ਨੂੰ ਤਾਰ ਦੇ ਕੇ ਸ਼ਰਗੋਧਿਓਂ ਬੁਲਾਇਆ ਗਿਆ ਸੀ ।

ਡਾਕਟਰ ਸਾਹਿਬ ਨੇ ਕਿਹਾ ਕਿ ਉਹ ਸਰਗੋਧਿਓਂ ਦਵਾਈ ਲਿਖ ਭੇਜਣਗੇ । ਦਵਾਈ ਵਰਤਣ ਦੀ ਵਿਧੀ ਵੀ ਨਾਲ ਹੀ ਦਸ ਦਿਤੀ ਤੇ ਨਾਲ ਪੱਕੀ ਕਰ ਗਏ ਕਿ ਜਦ ਇਨ੍ਹਾਂ ਨੂੰ ਥੋੜਾ ਆਰਾਮ ਆ ਜਾਵੇ ਤਾਂ ਇਨ੍ਹਾਂ ਨੂੰ ਸਰਗੋਧੇ ਹੀ ਲੈ ਆਉਣਾ । ਠੀਕ ਇਲਾਜ ਤਾਂ ਓਥੇ ਹੀ ਹੋ ਸਕੇਗਾ । ਤੇ ਡੇਢ ਦੋ ਮਹੀਨੇ ਵਿਚ ਬਿਲਕੁਲ ਨੌ-ਬਰ-ਨੌ ਹੋ ਜਾਵੇਗਾ । ਵਿਆਹ ਕੁਝ ਚਿਰ ਲਈ ਅੱਗੇ ਪਾ ਦਿਤਾ ਗਿਆ । ਥੋੜੇ ਦਿਨਾਂ ਮਗਰੋਂ ਮੈਨੂੰ ਸਰਗੋਧੇ ਲੈ ਗਏ । ਪਿੰਡੋਂ ਰੇਲ ਦਾ ਸਟੇਸ਼ਨ ਢਾਈ ਮੀਲ ਦੀ ਵਾਟ 'ਤੇ ਸੀ ਓਥੋਂ ਤਕ ਮੈਨੂੰ ਪਾਲਕੀ ਵਿਚ ਪਾ ਕੇ ਲੈ ਗਏ ਤੇ ਅਗੋਂ ਰੇਲ ਗੱਡੀ ਰਾਹੀਂ । ਸਰਗੋਧੇ ਦੋ ਮਹੀਨੇ ਦੇ ਇਲਾਜ ਮਗਰੋਂ ਮੈਂ ਬਿਲਕੁਲ ਤੰਦਰੁਸਤ ਹੋ ਗਿਆ । ਚੱਲਣ ਫਿਰਨ ਲਗ ਗਿਆ । ਤੇ ਛੁੱਟੀਆਂ ਮੁਕ ਜਾਣ 'ਤੇ ਅੰਮ੍ਰਿਤਸਰ ਸਕੂਲ ਵਿਚ ਆ ਗਿਆ ।

ਸਕੂਲੇ ਬੋਰਡਿੰਗ ਵਿਚ ਆਉਣ ਦੀ ਦੇਰ ਸੀ ਕਿ ਮੇਰੇ ਜਮਾਤੀ, ਮੇਰੇ ਦੋਸਤ ਤੇ ਮੇਰੇ ਕਮਰੇ ਵਾਲੇ ਵਿਆਹ ਦੀ ਮਿਠਾਈ ਖਾਣ ਲਈ ਮੇਰੇ ਗਿਰਦੇ ਆਣ ਹੋਏ । ਇਨ੍ਹਾਂ ਵਿਚ ਉਹ ਦੋਸਤ ਵੀ ਸ਼ਾਮਲ ਸਨ ਜਿਨ੍ਹਾਂ ਦੀ ਕਿਰਪਾ ਸਦਕਾ ਮੈਨੂੰ ਸਾਰੀਆਂ ਛੁੱਟੀਆਂ ਮੰਜੇ 'ਤੇ ਪੈ ਕੇ ਕਟਣੀਆਂ ਪਈਆਂ ਸਨ । ਮੈਂ ਬਥੇਰਾ ਸਵ੍ਹਾਂ ਖਾ ਖਾ ਕੇ ਯਕੀਨ ਦਵਾਉਣ ਦੀ ਟਿਲ ਲਾਈ ਕਿ ਮੇਰਾ ਵਿਆਹ ਕੋਈ ਨਹੀਂ ਹੋਇਆ । ਪਰ ਮੇਰੀ ਸੁਣਨ ਵਾਲਾ ਕੌਣ ਸੀ ? ਮੈਂ ਆਪਣੇ ਦੋਸਤਾਂ ਦੀ ਸਾਰੀ ਕਰਤੂਤ ਕਹਿ ਸੁਣਾਈ । ਕਿ ਕਿਸ ਤਰ੍ਹਾਂ ਉਨ੍ਹਾਂ ਨੇ ਹਕੀਮ ਕਸ਼ਮੀਰਾ ਸਿੰਘ ਨਾਲ ਗੋਂਦ ਗੁੰਦ ਕੇ ਮੇਰਾ ਮੌਜੂ ਉਡਾਇਆ ਨੇ । ਜਿਸ 'ਤੇ ਮੈਨੂੰ ਸਾਰੀਆਂ ਛੁੱਟੀਆਂ ਮੰਜੇ 'ਤੇ ਪੈ ਕੇ ਗੁਜ਼ਾਰਨੀਆਂ ਪਈਆਂ । ਪਹਿਲਾਂ ਤਾਂ ਉਹ ਮੰਨਣ ਹੀ ਨਾ, ਪਰ ਜਦ ਸਕੂਲ ਖੁਲ੍ਹਣ 'ਤੇ ਮੈਂ ਜਮਾਤ ਦੇ ਮਾਸਟਰਾਂ ਅਗੇ ਘਰ ਦੇ ਕੰਮ ਦੀਆਂ ਕਾਪੀਆਂ ਕੋਰੀਆਂ ਹੀ ਰਖ ਦਿਤੀਆਂ ਤਾਂ ਕਿਤੇ ਜਾ ਕੇ ਉਨ੍ਹਾਂ ਦੇ ਮਨ ਯਕੀਨ ਪਿਆ ਕਿ ਸੱਚ ਮੁਚ ਹੀ ਇਹ ਸਾਰੀਆਂ ਛੁੱਟੀਆਂ ਬੀਮਾਰ ਰਿਹਾ ਹੈ ਨਹੀਂ ਤੇ ਭਲਾ ਭਾਈ ਨਰੈਣ ਸਿੰਘ



Digitized by Panjab Digital Library | www.panjabdigilib.org

ਕੀ ? ਤੇ ਸਕੂਲ ਦੇ ਮਿਲੇ ਹੋਏ ਘਰ ਦੇ ਕੰਮ ਦੀਆਂ ਕਾਪੀਆਂ ਖ਼ਾਲੀ ਕੀ ਰਹਿ ਜਾਣ ?

ਇਸ ਤੋਂ ਪਹਿਲਾਂ ਜਦ ਮੈਂ ਕਹਿੰਦਾ ਕਿ ਮੇਰੀ ਹਾਲਤ ਤਾਂ ਦੇਖੋ । ਤੁਹਾਨੂੰ ਦਿਸਦਾ ਨਹੀਂ ਕਿ ਪਹਿਲਾਂ ਨਾਲੋਂ ਮੈਂ ਕਿੰਨਾ ਮਾੜਾ ਹੋਇਆ ਪਿਆ ਹਾਂ ਉਨ੍ਹਾਂ ਵਿਚੋਂ ਕਈ ਕਹਿ ਉਠਦੇ "ਹਾਹੋ ਭਾਈ । ਭੁੱਖੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫ਼ਰਿਆ । ਨਵਾਂ ਨਵਾਂ ਵਿਆਹ ਕਰਵਾਇਆ ਸੂ । ਹਾੜਬਿਆ ਹੋਇਆ ਪੈ ਗਿਆ ਹੋਵੇਗਾ ।

ਸਕੂਲ ਖੁਲ੍ਹੇ ਨੂੰ ਮਰ ਕੇ ਮਹੀਨਾ ਕੁ ਹੋਇਆ ਹੋਵੇਗਾ, ਕਿ ਮੈਨੂੰ ਫੇਰ ਵਿਆਹ ਕਰਵਾਉਣ ਵਾਸਤੇ ਆ ਜਾਣ ਲਈ ਖ਼ਤ ਆ ਗਿਆ । ਮੈਂ ਲਿਖ ਭੇਜਿਆ ਕਿ ਛੁੱਟੀਆਂ ਵਿਚ ਮੇਰੀ ਪੜ੍ਹਾਈ ਦਾ ਬਹੁਤ ਹਰਜ ਹੋ ਗਿਆ ਹੈ। ਮੈਂ ਵਿਆਹ ਵਾਸਤੇ ਨਿਸਚਿਤ ਕੀਤੇ ਦਿਨ ਤੋਂ ਕੇਵਲ ਦੋ ਹੀ ਦਿਨ ਪਹਿਲੋਂ ਪੁਜਾਂਗਾ । ਗਿਆਨੀ ਠਾਕਰ ਸਿੰਘ ਜੀ ਅਤੇ ਰਾਗੀ ਜੱਥੇ ਨੂੰ ਨਾਲ ਹੀ ਲੈਂਦਾ ਆਵਾਂਗਾ ।

ਜੰਞ ਪਿੰਡ ਹਮੋਕੇ ਜਾਣੀ ਸੀ । ਜੋ ਸਾਡੇ ਪਿੰਡੋਂ ੮-੯ ਮੀਲ ਦੂਰ ਦਰਿਆ ਜੇਹਲਮ ਦੇ ਕੰਢੇ ਉੱਤੇ ਸੀ । ਤੇ ਦੋਹਾਂ ਪਿੰਡਾਂ ਦੇ ਵਿਚਕਾਰੇ ਦਾ ਇਲਾਕਾ 'ਥਲ' ਅਰਥਾਤ ਰੇਤ ਦੇ ਟਿੱਬਿਆਂ ਦਾ ਸੀ । ਗਰਮੀਆਂ ਵਿਚ ਹਨੇਰੀਆਂ ਤੇ ਵਾ-ਵਰੋਲਿਆਂ ਦਾ ਖ਼ੂਬ ਜ਼ੋਰ ਰਹਿੰਦਾ ਸੀ । ਮੈਂ ਗਿਆਨੀ ਠਾਕਰ ਸਿੰਘ ਜੀ ਤੇ ਰਾਗੀਆਂ ਨੂੰ ਨਾਲ ਲੈ ਕੇ ਜੰਞ ਤੁਰਨ ਤੋਂ ਠੀਕ ਦੋ ਦਿਨ ਪਹਿਲੇ ਮਿੱਠੇ ਟਿਵਾਣੇ ਪੁੱਜ ਗਿਆ । ਏਸ ਵੇਲੇ ਸਾਡੇ ਇਕ ਸੱਜਣ ਨੇ ਇਕ ਹੋਰ ਚੰਦ ਚਾੜ੍ਹ ਦਿਤਾ । ਉਹ ਇਹ ਕਿ ਮੇਰੇ ਬਰਾਦਰੀ ਵਿਚੋਂ ਇਕ ਚਾਚਾ ਜੀ ਨੇ ਕੁਝ ਦਿਨ ਪਹਿਲਾਂ ਖ਼ੁਸ਼ਾਬ ਜਾ ਕੇ ਆਤਸ਼ਬਾਜ਼ਾਂ ਨੂੰ ਆਤਸ਼ਬਾਜ਼ੀ ਤਿਆਰ ਕਰਨ ਦੀ ਸਾਈ-ਬਿਆਨਾ ਦੇ ਰਖਿਆ ਸੀ ਤੇ ਉਹ ਬਾਜ਼ਾਰ ਵਿਚ ਬੈਠੇ ਆਤਸ਼ਬਾਜ਼ੀ ਦਾ ਸਾਮਾਨ ਤਿਆਰ ਕਰੀ ਜਾ ਰਹੇ ਸਨ । ਚਾਚਾ ਜੀ ਉਸ ਰਸਤੇ ਲੰਘੇ ਤਾਂ ਆਤਸ਼ਬਾਜ਼ਾਂ ਨੇ ਚਾਚਾ ਜੀ ਨੂੰ ਆਉਂਦਿਆਂ ਵੇਖ ਕੇ ਕਿਹਾ "ਸਲਾਮ ਸ਼ਾਹ ਜੀ ! ਅਸੀਂ ਤੁਹਾਡੇ ਪੁੱਤਰ ਦੀ ਸ਼ਾਦੀ ਦਾ ਸਾਮਾਨ ਤਿਆਰ ਕਰ ਰਹੇ ਹਾਂ ।" ਅੱਗੋਂ ਚਾਚਾ ਜੀ ਬੋਲੇ, 'ਓਇ ਤੁਹਾਨੂੰ ਖ਼ਬਰ ਨਹੀਂ ਹੋਈ ਕਿ ਵਿਆਹ ਦੀ ਇਕ



Digitized by Panjab Digital Library | www.panjabdigilib.org

ਗੰਢ ਵਧ ਗਈ ਹੈ। ਕਿਉਂਕਿ ਛੋਹਰ (ਮੁੰਡਾ) ਦੇਰ ਕਰ ਕੇ ਆਇਆ ਹੈ। ਆਤਸ਼ਬਾਜ਼ਾਂ ਨੇ ਉੱਤਰ 'ਨਾਂਹ' ਵਿਚ ਦਿਤਾ। ਜਿਸ 'ਤੇ ਚਾਚਾ ਜੀ ਕਹਿਣ ਲੱਗੇ, "ਏਸੇ ਲਈ ਤਾਂ ਮੈਂ ਤੁਹਾਨੂੰ ਪਿਆ ਕਹਿੰਦਾ ਹਾਂ ਕਿ ਕਿਧਰੇ ਵਿਆਹ ਤੋਂ ਇਕ ਦਿਨ ਪਹਿਲੋਂ ਹੀ ਹਮੋਕੇ ਨਾ ਪੁੱਜ ਜਾਣਾ।"

ਸੋ ਜਦ ਜੰਞ ਹਮੋਕੇ ਪੁੱਜੀ ਤਾਂ ਆਤਸ਼ਬਾਜ਼ ਓਥੇ ਪਹੁੰਚੇ ਹੀ ਕੋਈ ਨਹੀਂ ਸਨ। ਉਨ੍ਹਾਂ ਨੂੰ ਕਾਫ਼ੀ ਦੇਰ ਉਡੀਕਿਆ। ਇਕ ਘੋੜ ਸਵਾਰ ਘੋੜੇ ਨੂੰ ਸਰਪਟ ਦੁੜਾਉਂਦਾ ਹੋਇਆ ਮੀਲ ਦੋ ਮੀਲ ਦੀ ਵਾਟ ਵੀ ਤੱਕ ਆਇਆ ਤੇ ਕਹਿਣ ਲਗਾ, "ਪਿੰਡ ਜੋਈਆਂ ਤੀਕ ਤਾਂ ਰਸਤਾ ਸਾਫ਼ ਹੈ। ਕਿਧਰੇ ਕੋਈ ਆਤਸ਼ਬਾਜ਼ ਅਉਂਦਾ ਨਜ਼ਰ ਨਹੀਂ ਪਿਆ। ਜਾਪਦਾ ਹੈ ਉਨ੍ਹਾਂ ਨੂੰ ਕੋਈ ਗ਼ਲਤੀ ਲਗ ਗਈ ਹੈ" ਸੁ ਜੰਞ ਦੇ ਢੁਕਾਉ ਦਾ ਵੇਲਾ ਹੋ ਗਿਆ, ਨਾ ਆਤਸ਼ਬਾਜ਼ ਆਏ, ਨਾ ਆਤਸ਼ਬਾਜ਼ੀ ਚੱਲੀ। ਗਿਆਨੀ ਜੀ ਤੇ ਰਾਗੀ ਸਿੰਘ ਵੀ ਨਾ ਪੁੱਜ ਸਕੇ। ਸੁ ਢੁਕਾਉ ਦੇ ਸ਼ਬਦ ਦੋਹਾਂ ਧਿਰਾਂ ਦੇ ਕੁਝ ਕੁ ਪ੍ਰੇਮੀਆਂ ਨੇ ਆਪੇ ਹੀ ਪੜ੍ਹ ਕੇ ਕਾਰਵਾਈ ਸਾਰ ਲਈ। ਇਕ ਪ੍ਰੇਮੀ ਨੇ ਅਰਦਾਸਾ ਵੀ ਆਪੇ ਹੀ ਸੋਧ ਦਿਤਾ ਤੇ ਸਾਰਾ ਕੰਮ ਵਾਹਵਾ ਸਰ ਗਿਆ। ਉਂਜ ਹਮੋਕੇ ਦੇ ਲੋਕਾਂ ਨੇ ਸਾਡੇ ਖ਼ੂਬ ਮਖ਼ੌਲ ਉਡਾਏ। ਅਖੇ "ਸ਼ਾਹੂਕਾਰਾਂ ਦੇ ਪੁੱਤਰ ਦਾ ਵਿਆਹ ਸੀ ਪੂਰਨ ਗੁਰ-ਮਰਯਾਦਾ ਦਾ, ਏਸ ਵਾਸਤੇ ਉਨ੍ਹਾਂ ਆਤਸ਼ਬਾਜ਼ੀ ਮੰਗਵਾਈ ਹੀ ਨਹੀਂ।" ਇਤਿ ਆਦਿ।

ਰਾਤ ਬੀਤ ਗਈ। ਦਿਨ ਚੜ੍ਹ ਪਿਆ, ਪਰ ਪਤਾ ਲਗਾ ਕਿ ਗਿਆਨੀ ਜੀ ਤੇ ਰਾਗੀਆਂ ਵਾਲਾ ਊਠ ਅਜੇ ਤਕ ਕੋਈ ਨਹੀਂ ਪੁੱਜਾ। ਥਲ ਦਾ ਇਲਾਕਾ ਹੋਣ ਕਰ ਕੇ ਜਿਨ੍ਹਾਂ ਜਾਂਞੀਆਂ ਪਾਸ ਘੋੜੀਆਂ ਨਹੀਂ ਸਨ, ਉਨ੍ਹਾਂ ਨੂੰ ਊਠ ਦੇ ਕਚਾਵਿਆਂ ਵਿਚ ਬੈਠ ਕੇ ਆਉਣਾ ਪੈਣਾ ਸੀ। ਬਾਕੀ ਤਾਂ ਸਾਰੇ ਪੁੱਜ ਪਏ, ਪਰ ਚਾਚਾ ਜੀ ਨੇ ਊਠ ਵਾਲੇ ਨਾਲ ਸਾਜ਼ਸ਼ ਕਰ ਲਈ ਸੀ ਤੇ ਉਹ ਜਾਣ ਬੁਝ ਕੇ ਭੁੱਲੀ ਪੈ ਗਿਆ। ਅਤੇ ਕਿਤੇ ਦੁਪਹਿਰ ਦੇ ੧੧-੧੨ ਵਜੇ ਆਣ ਮੂੰਹ ਵਖਾਲਿਆ। ਗਿਆਨੀ ਜੀ ਤੇ ਰਾਗੀ ਸਿੰਘ ਰਾਤ ਦੇ ਭੁੱਖੇ ਤੇ ਉਨੀਂਦਰੇ ਦੇ ਮਾਰੇ ਹੋਏ ਅਧਮੋਏ ਹੋ ਕੇ ਆਣ ਲੱਥੇ। ਰਾਤ ਹਨੇਰੀ ਵੀ ਝੁੱਲ ਪਈ ਸੀ ਜਿਸ ਕਰ ਕੇ ਊਠ ਵਾਲੇ ਦੀ ਕਰਤੂਤ ਉਪਰ ਪਰਦਾ ਪੈ ਗਿਆ। ਜੋ ਮੁੜ ਮੁੜ ਇਹੋ



Digitized by Panjab Digital Library | www.panjabdigilib.org

ਸੁਣਾਈ ਜਾਂਦਾ ਸੀ ਕਿ "ਜੀ ਕੀ ਕਰਦਾ ? ਹਨੇਰੀ ਬੜੀ ਜ਼ੋਰ ਦੀ ਚਲ ਪਈ ਸੀ। ਰੇਤ ਦੇ ਛੱਟਿਆਂ ਦੇ ਛੱਟੇ ਅੱਖਾਂ ਵਿਚ ਪੈਂਦੇ ਸਨ । ਰਾਹ ਦਿਸਦਾ ਨਹੀਂ ਸੀ। ਸੋ ਭੁੱਲ ਕੇ ਸਾਰੀ ਰਾਤ ਰਾਹੋਂ ਕੁਰਾਹੇ ਧੱਕੇ ਖਾਂਦੇ ਰਹੇ ਤੇ ਹੁਣ ਬੜੀ ਮੁਸ਼ਕਲ ਨਾਲ ਅੱਪੜ ਸਕੇ ਹਾਂ।"

ਏਧਰ ਮੇਰੇ ਸਹੁਰਿਆਂ ਦਾ ਸਾਰਾ ਟੱਬਰ ਡਾਢਾ ਘਬਰਾਇਆ ਫਿਰਦਾ ਸੀ। ਉਹ ਬਾਰ ਬਾਰ ਕਹਿੰਦੇ ਸੁਣੇ ਜਾਂਦੇ ਸਨ ਕਿ ਵਿਆਹ ਦਾ ਸਮਾਂ ਤਾਂ ਬੀਤਣ ਵਾਲਾ ਹੈ। ਹੁਣ ਕੀ ਬਣੇਗਾ ? ਕੋਈ ਆਖੇ ਜੀ 'ਗੁਰਮਤ' ਦਾ ਵਿਆਹ ਜੂ ਹੋਇਆ। ਨਾ ਕੋਈ ਸਾਹਾ ਸੁਧਾਇਆ, ਨਾ ਕੋਈ ਲਗਨ ਕਢਾਇਆ, ਫੇਰ ਭਲਾ ਵਿਘਨ 'ਤੇ ਵਿਘਨ ਕਿਉਂ ਨਾ ਪਈ ਜਾਂਦਾ ? ਇਹੋ ਜਿਹੀ ਭਾਂਤ ਭਾਂਤ ਦੀ ਦੰਦ ਕਥਾ ਹੋ ਰਹੀ ਸੀ ਕਿ ਭਾਈ ਤੀਰਥ ਸਿੰਘ ਜੀ ਮੇਰੀ ਨਜ਼ਰੇ ਪੈ ਗਏ। ਇਹ ਮੇਰੇ ਪਿੰਡ ਦੇ ਤੇ ਬਰਾਦਰੀ ਦੇ ਸਨ ਤੇ ਮੇਰੀ ਸਿੰਘਣੀ ਦੇ ਸੱਕੇ ਮਾਮਾ ਜੀ ਵੀ ਸਨ। ਮੈਂ ਉਨ੍ਹਾਂ ਨੂੰ ਬੁਲਾ ਕੇ ਕਿਹਾ ਕਿ ਘਬਰਾਹਟ ਕਿਸ ਗੱਲ ਦੀ ਹੈ ? ਉਹ ਗ਼ੁੱਸੇ ਨਾਲ ਕਹਿਣ ਲਗਾ, "ਸਾਰੀਆਂ ਗੱਲਾਂ ਛੁਹਰਾਂ ਵਾਲੀਆਂ ਨਾ ਕਰੀ ਜਾਇਆ ਕਰੋ। ਵਿਆਹ ਦਾ ਵੇਲਾ ਤਾਂ ਬੀਤਦਾ ਜਾ ਰਿਹਾ ਹੈ। ਤੁਹਾਡੇ ਗਿਆਨੀ ਤੇ ਰਾਗੀ ਤਾਂ ਅਜੇ ਵੀ ਅਪੜੇ ਨਹੀਂ। ਆਖੋ ਤਾਂ ਪਿੰਡ ਦਾ ਪਾਂਧਾ ਹੀ ਬੁਲਵਾ ਲਈਏ। ਏਥੋਂ ਦੇ ਧਰਮਸਾਲੀਆਂ ਨੇ ਤਾਂ ਕਦੀ ਵਿਆਹ ਕਰਵਾਏ ਨਹੀਂ।"

ਅਗੋਂ ਮੈਂ ਵੀ ਤੱਤਾ ਹੋ ਗਿਆ। ਤੇ ਪੁੱਛਿਆ ਕਿ ਇਹ ਕਿਹੜੇ ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਵਿਆਹ ਜ਼ਰੂਰ ਸਵੇਰੇ ਹੀ ਹੋਵੇ। ਅਸੀਂ ਬ੍ਰਾਹਮਣਾਂ ਕੋਲੋਂ ਲਗਨ ਸ਼ਗਨ ਕੋਈ ਨਹੀਂ ਕਢਾਏ ਹੋਏ। ਮਹਾਰਾਜ ਦਾ ਪਵਿੱਤਰ ਵਾਕ ਹੈ ਕਿ "ਸਾਹਾ ਗਣੋ ਨਾ ਕਰੋ ਵਿਚਾਰ। ਸਾਹੇ ਉਪਰ ਏਕੰਕਾਰ"। ਜਿਸ ਵੇਲੇ ਗਿਆਨੀ ਜੀ ਤੇ ਰਾਗੀ ਪਹੁੰਚ ਜਾਣਗੇ ਉਨ੍ਹਾਂ ਦੇ ਆਉਣ 'ਤੇ ਲਾਵਾਂ ਫੇਰੇ ਕਿਸੇ ਵੇਲੇ ਵੀ ਹੋ ਸਕਦੇ ਹਨ। ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀਂ। ਜਿਸ ਦਾ ਵਿਆਹ ਹੋਣਾ ਹੈ, ਉਹ ਨਹੀਂ ਘਬਰਾਉਂਦਾ ਤਾਂ ਤੁਹਾਨੂੰ ਘਬਰਾਹਟ ਕਿਸ ਵਾਸਤੇ ਹੈ ?

ਮੇਰੀ ਗੱਲ ਸੁਣ ਕੇ ਬਹੁਤ ਸਾਰੇ ਲੋਕ ਹੱਸ ਪਏ ਤੇ ਹੌਲੀ ਹੌਲੀ ਕਹਿਣ ਲਗੇ, ਛੋਹਰ ਗੱਲਾਂ ਤਾਂ ਵਾਹਵਾ ਕਰਾਰੀਆਂ ਕਰਦਾ ਹੈ। ਅੰਗ੍ਰੇਜ਼ੀ ਪੜ੍ਹਦਾ ਹੈ।



Digitized by Panjab Digital Library | www.panjabdigilib.org

ਗੁਰਮਤ ਦਾ ਵਿਆਹ ਤਾਂ ਸ਼ਾਇਦ ਤਰਕਾਲੀਂ ਪਈਂ ਜਾ ਰਾਤ ਨੂੰ ਵੀ ਹੋ ਸਕਦਾ ਹੋਵੇਗਾ।

ਮੈਂ ਭਾਈ ਤੀਰਥ ਸਿੰਘ ਜੀ ਨੂੰ ਕਿਹਾ ਕਿ ਮੇਰੇ ਲਈ ਅਸ਼ਨਾਨ ਕਰਨ ਨੂੰ ਜਲ ਦਾ ਪ੍ਰਬੰਧ ਕਰ ਦੇਣ। ਜੰਞ ਨੂੰ ਲੱਸੀ ਪਾਣੀ ਛਕਾ ਦੇਣ। (ਨਹਾਉਣ ਵਾਸਤੇ ਬਾਕੀ ਜਾਂਞੀ ਤਾਂ ਦਰਿਆ ਨੂੰ ਚਲੇ ਗਏ ਹਨ) ਸੁ ਜਲ ਪਾਣੀ ਦਾ ਪ੍ਰਬੰਧ ਹੋ ਗਿਆ। ਦੁਪਹਿਰ ਦਾ ਪਰਸ਼ਾਦਾ ਵੀ ਛਕਾ ਦਿਤਾ ਗਿਆ। ਏਨੇ ਨੂੰ ਗਿਆਨੀ ਜੀ ਤੇ ਰਾਗੀ ਸਿੰਘਾਂ ਵੀ ਆਣ ਦੀਦਾਰੇ ਦਿਤੇ। ਉਨ੍ਹਾਂ ਵੀ ਪਰਸ਼ਾਦ ਛਕ ਲਿਆ ਤੇ ਕੁਝ ਚਿਰ ਆਰਾਮ ਕਰਨ ਮਗਰੋਂ ਅਨੰਦ ਕਾਰਜ ਦੀ ਕਾਰਵਾਈ ਅਰੰਭ ਹੋ ਗਈ। ਤੇ ਸ਼ਾਮ ਦੇ ਛੇ ਵਜੇ ਜਾ ਕੇ ਕਿਤੇ ਸਮਾਪਤੀ ਹੋ ਸਕੀ। ਅਨੰਦ ਕਾਰਜ ਦੀ ਕਾਰਵਾਈ ਅਜਿਹੇ ਸੁਹਣੇ ਢੰਗ ਨਾਲ ਹੋਈ ਕਿ ਸਾਰੀ ਦੀ ਸਾਰੀ ਸੰਗਤ ਪ੍ਰਸੰਨ ਹੋ ਗਈ। ਉਨ੍ਹਾਂ ਨੇ ਏਸ ਢੰਗ ਦਾ ਅਨੰਦ ਕਾਰਜ ਇਸ ਤੋਂ ਪਹਿਲਾਂ ਕਦੀ ਨਹੀਂ ਸੀ ਤੱਕਿਆ। ਰਾਗੀ ਜਥੇ ਨੇ ਭੀ ਬੜਾ ਹੀ ਸੁੰਦਰ ਸ਼ਬਦ ਕੀਰਤਨ ਕੀਤਾ। ਗਿਆਨੀ ਠਾਕਰ ਸਿੰਘ ਜੀ ਨੇ ਬੜਾ ਹੀ ਸੁੰਦਰ ਤੇ ਸੰਖੇਪ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕਰ ਦਿਤਾ। ਉਨ੍ਹਾਂ ਨੇ ਪੁਰਾਤਨ ਸਮੇਂ ਦੇ ਪਾਂਧਿਆਂ ਦੇ ਵਿਵਾਹ ਕਾਰਜ ਅਤੇ ਨਵੀਨ ਅਨੰਦ ਕਾਰਜ ਦਾ ਟਾਕਰਾ ਕਰ ਕੇ ਗੁਰਮਤਿ ਦੀ ਵਿਸ਼ੇਸ਼ਤਾ ਦਾ ਡਾਢਾ ਸੁਹਣਾ ਉਲੇਖ ਕੀਤਾ। ਸੰਗਤਾਂ ਵਲੋਂ ਰਾਗੀ ਜਥੇ ਨੂੰ ਦਿਲ ਖੋਲ੍ਹ ਕੇ ਅਰਦਾਸੇ ਕਰਵਾਏ ਗਏ। ਪਹਿਲੋਂ ਮੇਰੇ ਪਿਤਾ ਜੀ ਤੇ ਹੋਰ ਸਬੰਧੀਆਂ ਅਤੇ ਜਾਂਞੀਆਂ ਵਲੋਂ ਤੇ ਫੇਰ ਮੇਰੇ ਸਹੁਰੇ ਪਰਵਾਰ; ਉਨ੍ਹਾਂ ਦੇ ਸਬੰਧੀਆਂ ਤੇ ਹੋਰ ਆਮ ਸੰਗਤਾਂ ਵਲੋਂ ਮਾਇਆ ਦੀ ਵਰਖਾ ਹੁੰਦੀ ਰਹੀ।

ਅਨੰਦ ਕਾਰਜ ਦੀ ਕਾਰਵਾਈ ਸਮਾਪਤ ਹੁੰਦਿਆਂ ਹੀ ਅਸੀਂ ਅੱਧੇ ਘੰਟੇ ਦੇ ਵਿਚ ਵਿਚ ਓਥੋਂ ਰਵਾਨਾ ਹੋ ਪਏ। ਦਾਜ ਤਾਂ ਪਹਿਲੋਂ ਹੀ ਘਲ ਕੇ ਲੋਕਾਂ ਨੂੰ ਵਿਖਾਲ ਦਿਤਾ ਗਿਆ ਸੀ। ਅਤੇ ਸਾਡੇ ਇਕ ਪਤਵੰਤੇ ਜਾਂਞੀ ਨੇ ਸੰਭਾਲ ਕੇ ਜੰਦੇ ਕੁੰਡੀ ਵਿਚ ਬੰਦ ਕਰ ਲਿਆ ਸੀ। ਜਦ ਅਸੀਂ ਪਿੰਡੋਂ ਬਾਹਰ ਨਿਕਲੇ ਤਾਂ ਖ਼ੁਸ਼ਾਬ ਵਾਲੇ ਪਾਸਿਉਂ ਆਤਸ਼ਬਾਜ਼ ਵੀ ਆਪਣਾ ਸਾਮਾਨ ਖੋਤੀਆਂ 'ਤੇ ਲਦੀ ਤੁਰੇ ਆਉਂਦੇ ਮਿਲ ਪਏ। ਉਨ੍ਹਾਂ ਦੀ ਜ਼ਬਾਨੀ ਇਕ ਦਿਨ ਦੇਰ ਨਾਲ ਅਪੜਨ ਦੇ ਕਾਰਨ ਦਾ ਪਤਾ ਚਲ ਗਿਆ। ਕਿ ਕਿਸ ਤਰ੍ਹਾਂ 'ਚਾਚਾ ਜੀ' ਇਹ



Digitized by Panjab Digital Library | www.panjabdigilib.org

'ਚੰਦ ਚੜ੍ਹਾਉਣ' ਦੇ ਕਾਰਨ ਬਣੇ। ਜੰਞ ਕੁਝ ਇਕ ਕਦਮ ਹੰਸੋਕੇ ਪਿੰਡ ਵਲ ਨੂੰ ਪਰਤ ਪਈ ਤੇ ਆਤਸ਼ਬਾਜ਼ੀ ਚਲਾਉਣ ਦਾ ਸ਼ਗਨ ਵੀ ਪੂਰਾ ਕਰ ਲਿਆ ਗਿਆ। ਗਿਆਨੀ ਠਾਕਰ ਸਿੰਘ ਜੀ ਨੇ ਸਾਰੇ ਲੋਕਾਂ ਨੂੰ ਆਤਸ਼ਬਾਜ਼ੀ ਠੀਕ ਸਮੇਂ ਸਿਰ ਨਾ ਪੁਜਣ ਦਾ ਕਾਰਨ ਦਸ ਦਿਤਾ। ਅਤੇ ਏਸ ਮਹਾਂਵਾਕ ਦੀ ਵਿਆਖਿਆ ਕਰ ਸੁਣਾਈ। "ਜਿਸ ਅੰਦਰ ਤਾਤ ਪ੍ਰਾਈ ਹੋਵੇ, ਇਸ ਦਾ ਕਦੇ ਨਾ ਹੋਵੀ ਭਲਾ।"

ਏਸ ਕਾਰਵਾਈ ਵਿਚ ਸਾਡਾ ਅੱਧਾ ਕੁ ਘੰਟਾ ਹੋਰ ਲਗ ਗਿਆ। ਅਤੇ ਆਪਣੇ ਪਿੰਡ ਰਾਤ ਦੇ ਮਸਾਂ ਦਸ ਵਜੇ ਤਕ ਪਹੁੰਚ ਸਕੇ। ਜਾਂਞੀਆਂ ਨੂੰ ਪਰਸ਼ਾਦੇ ਛਕਾ ਛਕੂ ਕੇ ਵਿਆਹ ਦੀ ਕਾਰਵਾਈ ਸਮਾਪਤ ਹੋ ਗਈ। ਅਗਲੇ ਦਿਨ ਸਵੇਰੇ ਮੈਨੂੰ ਤੇ ਮੇਰੀ ਸਿੰਘਣੀ ਨੂੰ, ਜਿਸ ਨਾਲ ਮੇਰੇ ਵਲੋਂ ਅਮਲੀ ਤੌਰ 'ਤੇ ਨਾ-ਮਿਲਵਰਤਣ ਜਾਰੀ ਹੋ ਚੁਕੀ ਸੀ, ਪਿੰਡ ਦੇ ਪ੍ਰਸਿਧ ਗੁਰਦਵਾਰੇ "ਧਰਮਸਾਲਾ ਭਾਈ ਹਰੀ ਸਿੰਘ ਜੀ" ਵਿਚ ਲੈ ਗਏ। ਜਿਥੇ ਆਸਾ ਦੀ ਵਾਰ ਦਾ ਕੀਰਤਨ ਸਾਡੇ ਰਾਗੀ ਜਥੇ ਨੇ ਕੀਤਾ ਅਤੇ ਕਥਾ ਵੀ ਗਿਆਨੀ ਠਾਕਰ ਸਿੰਘ ਜੀ ਨੇ ਕੀਤੀ।

ਸਿੰਘਣੀ ਨਾਲ ਨਾ-ਮਿਲਵਰਤਣ ਦੇ ਦੋ ਕਾਰਨ ਸਨ। ਇਕ ਇਹ ਕਿ ਉਸ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਗਿਆ। ਦੂਜਾ ਇਹ ਕਿ ਉਸ ਨੂੰ ਕੰਨਾਂ ਤੇ ਨੱਕ ਵਿਚ ਛੇਦਕ ਗਹਿਣੇ ਪਾਏ ਗਏ ਸਨ। ਜਿਸ ਤੋਂ ਮੇਰੇ ਪਿਤਾ ਜੀ ਤਾਂ ਬਥੇਰਾ ਵਰਜਦੇ ਰਹੇ ਸਨ, ਪਰ ਮਾਤਾ ਜੀ ਨੇ ਪਿੰਡ ਦੇ ਸੁਨਿਆਰੇ ਨੂੰ ਘਰ ਬੁਲਾ ਲਿਆ ਜੋ ਵਿਆਹ ਦੇ ਹੋਰ ਗਹਿਣੇ ਵੀ ਤਿਆਰ ਕਰ ਰਿਹਾ ਸੀ। ਉਸ ਨੂੰ ਛੇਦਕ ਗਹਿਣੇ ਬਣਾਉਣ ਦਾ ਵੀ ਹੁਕਮ ਕਰ ਦਿਤਾ। ਸੋਨਾ ਵੀ ਆਪਣੇ ਪਾਸੋਂ ਦੇ ਦਿਤਾ ਜਿਸ ਦਾ ਪਿਤਾ ਜੀ ਨੂੰ ਮਗਰੋਂ ਆ ਕੇ ਭੇਦ ਲਗਾ। ਮਾਤਾ ਜੀ ਦਾ ਕਹਿਣਾ ਇਹ ਸੀ ਕਿ ਇਹ ਗਹਿਣੇ ਨਾ ਬਣਵਾਉਣ ਤੇ ਸਾਡਾ ਨੱਕ ਨਹੀਂ ਰਹਿੰਦਾ। ਲੋਕੀਂ ਆਖਣਗੇ ਕਿ ਐਡੇ ਵਡੇ ਸ਼ਾਹੂਕਾਰਾਂ ਪਾਸੋਂ ਨੂੰਹ ਨੂੰ ਗਹਿਣੇ ਵੀ ਪੂਰੇ ਨਹੀਂ ਸਰੇ।

ਮੈਂ ਏਸ ਗੱਲੋਂ ਬਹੁਤ ਨਾਰਾਜ਼ ਹੋ ਗਿਆ ਸੀ। ਤੇ ਇਕੋ ਦਿਨ ਪਿੰਡ ਰਹਿ ਕੇ ਗਿਆਨੀ ਜੀ ਅਤੇ ਰਾਗੀਆਂ ਦੇ ਨਾਲ ਹੀ ਅੰਮ੍ਰਿਤਸਰ ਨੂੰ ਵਾਪਸ ਪਰਤ ਆਇਆ। ਘਰ ਦੇ ਬਥੇਰਾ ਸਮਝਾਉਂਦੇ ਰਹੇ ਕਿ ਇਕ ਵਾਰ ਸਹੁਰੇ ਘਰ ਫੇਰਾ



Digitized by Panjab Digital Library | www.panjabdigilib.org

ਪਾਉਣਾ ਬੜਾ ਜ਼ਰੂਰੀ ਹੈ । ਜਿਸ ਦੇ ਉਤਰ ਵਿਚ ਮੈਂ ਇਕੋ ਹੀ ਗੱਲ ਕਹੀ ਜਾਂਦਾ ਸੀ ਕਿ ਜਦੋਂ ਮੇਰੀਆਂ ਸ਼ਰਤਾਂ ਪੂਰੀਆਂ ਹੋ ਜਾਣਗੀਆਂ ਓਦੋਂ ਫੇਰਾ ਪਾ ਆਵਾਂਗਾ ।

ਸਾਰੇ ਪਰਵਾਰ ਵਿਚ ਸ਼ੋਰ ਮਚ ਗਿਆ । ਪਿਤਾ ਜੀ ਕਹਿਣ ਕਿ ਜਦੋਂ ਮੁੰਡੇ ਨੇ ਪਹਿਲਾਂ ਹੀ ਸ਼ਰਤਾਂ ਮੰਨਵਾ ਲਈਆਂ ਸਨ ਤਾਂ ਛੇਦਕ ਗਹਿਣੇ ਪਾਉਣੇ ਹੀ ਕਿਉਂ ਸਨ ? ਮਾਤਾ ਜੀ ਅਤੇ ਹੋਰ ਜ਼ਨਾਨੀਆਂ ਆਪਣੀ ਜ਼ਿਦ 'ਤੇ ਅੜੀਆਂ ਰਹੀਆਂ ਕਿ ਸਾਡੀ ਰਹਿ ਨਹੀਂ ਸੀ ਆਉਂਦੀ । ਪਰ ਓੜਕ ਦੀ ਬਾਕੀ ਉਨ੍ਹਾ ਨੂੰ ਹੀ ਝੁਕਣਾ ਪਿਆ । ਅਤੇ ਮੈਨੂੰ ਚਿੱਠੀ ਵਿਚ ਲਿਖ ਭੇਜਿਆ ਕਿ ਅਸਾਂ ਵਹੁਟੀ ਦੇ ਸਾਰੇ ਹੀ ਛੇਦਕ ਗਹਿਣੇ ਉਤਰਵਾ ਦਿਤੇ ਹਨ । ਸੁ ਆਪਣੀ ਸਿੰਘਣੀ ਨੂੰ ਅੰਮ੍ਰਿਤਸਰ ਲੈ ਜਾ ਕੇ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕਰ ਲੈ । ਕਿਉਂਕਿ ਅੰਮ੍ਰਿਤ ਛਕਾਣ ਲਈ ਪਿੰਡ ਵਿਚ ਪੰਜਾਂ ਪਿਆਰਿਆਂ ਦਾ ਕੋਈ ਪ੍ਰਬੰਧ ਨਹੀਂ ਹੋ ਸਕਦਾ । ਸੁ ਮੈਂ ਚਾਰ ਦਿਨ ਦੀ ਛੁੱਟੀ ਲੈ ਕੇ ਪਿੰਡ ਆ ਗਿਆ ਤੇ ਆਪਣੇ ਨਾਲ ਵਿਆਹੀ ਹੋਈ ਨੂੰ ਅੰਮ੍ਰਿਤਸਰ ਲੈ ਆਇਆ । ਉਸ ਨੇ ਪੁਰਾਣੇ ਰਿਵਾਜ ਵਜੋਂ ਬੜਾ ਹੀ ਲੰਮਾ ਸਾਰਾ ਘੁੰਡ ਕਢ ਰਖਿਆ ਸੀ । ਜੋ ਰੇਲ ਦੇ ਸਾਰੇ ਸਫ਼ਰ ਵਿਚ ਵੀ ਉਸ ਨੇ ਨਾ ਉਤਾਰਿਆ । ਮੈਂ ਬਥੇਰਾ ਸਮਝਾਇਆ ਕਿ ਇਹ ਤਾਂ ਲੋਕਾਂ ਦੇ ਦਿਖਾਵੇ ਮਾਤਰ ਵਾਸਤੇ ਹੁੰਦਾ ਹੈ । ਹੁਣ, ਜਦ ਕਿ ਸਾਡੇ ਜਾਣੂੰਆਂ ਪਛਾਣੂੰਆਂ ਵਿਚੋਂ ਰੇਲ ਵਿਚ ਸਾਡੇ ਨਾਲ ਕੋਈ ਵੀ ਨਹੀਂ, ਘੁੰਡ ਕਢਣ ਦਾ ਮਤਲਬ ਹੀ ਕੀ ? ਅਸਾਂ ਇੰਟਰ ਕਲਾਸ (ਦਰਮਿਆਨੇ ਦਰਜੇ) ਦੇ ਟਿਕਟ ਲੈ ਰਖੇ ਸਨ । ਸਾਡੇ ਦੋਹਾਂ ਥੋਂ ਛੁੱਟ ਸਾਡੇ ਡਬੇ ਵਿਚ ਮਿੱਠੇ ਟਿਵਾਣੇ ਤੋਂ ਇਕ ਤਹਿਸੀਲਦਾਰ ਹੀ ਹੋਰ ਬੈਠਾ ਆ ਰਿਹਾ ਸੀ । ਉਹ ਵੀ ਖ਼ੁਸ਼ਾਬ ਆ ਕੇ ਉਤਰ ਗਿਆ । ਅਸੀਂ ਦੋਵੇਂ ਹੀ ਡੱਬੇ ਵਿਚ ਰਹਿ ਗਏ । ਮੇਰੇ ਮੁੜ ਮੁੜ ਕਹਿਣ 'ਤੇ ਮੇਰੀ ਸਾਥਣ ਨੇ ਸਾਰਾ ਘੁੰਡ ਤਾਂ ਨਾ ਚੁਕਿਆ । ਥੋੜਾ ਬਹੁਤਾ ਰਖੀ ਹੀ ਰਖਿਆ । ਜੋ ਅੰਮ੍ਰਿਤਸਰ ਪਹੁੰਚਦਿਆਂ ਤਕ ਐਵੇਂ ਨਾਮ ਮਾਤਰ ਹੀ ਰਹਿ ਗਿਆ ।

ਅਸੀਂ ਸਿਧੇ ਗਿਆਨੀ ਠਾਕਰ ਸਿੰਘ ਜੀ ਦੇ ਮਕਾਨ 'ਤੇ ਜਾ ਪਹੁੰਚੇ । ਅਤੇ ਉਨ੍ਹਾਂ ਅਗੇ ਅੰਮ੍ਰਿਤ ਛਕਾਣ ਦਾ ਪ੍ਰਬੰਧ ਕਰਨ ਦੀ ਬੇਨਤੀ ਜਾ ਕੀਤੀ । ਉਨ੍ਹਾਂ ਨੇ ਝਟ ਪਟ ਸਾਰਾ ਪ੍ਰਬੰਧ ਕਰ ਦਿਤਾ । ਅਤੇ ਅਗਲੇ ਦਿਨ ਹੀ ਅੰਮ੍ਰਿਤ ਛਕਾਣ



Digitized by Panjab Digital Library | www.panjabdigilib.org

ਦੀ ਰਸਮ ਪੂਰੀ ਕਰ ਲਈ ਗਈ। ਜਿਸ ਦੇ ਮਗਰੋਂ, ਅਸੀਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਸਾਹਿਬ ਤੇ ਹੋਰ ਗੁਰਦਵਾਰਿਆਂ ਦੀ ਯਾਤਰਾ ਕਰਨ ਤੁਰ ਪਏ। ਮੇਰੀ ਸਾਥਣ ਨੇ ਸ੍ਰੀ ਤਰਨ ਤਾਰਨ ਸਾਹਿਬ ਤੇ ਦੂਖ ਨਿਵਾਰਨ ਦੀ ਯਾਤਰਾ ਦੀ ਵੀ ਇੱਛਾ ਪ੍ਰਗਟ ਕੀਤੀ। ਸੁ ਇਹ ਵੀ ਪੂਰੀ ਕਰ ਕੇ ਅਸੀਂ ਸ਼ਾਮ ਨੂੰ ਅੰਮ੍ਰਿਤਸਰ ਮੁੜ ਆਏ। ਅਤੇ ਰਾਤ ਨੂੰ ਅਸੀਂ ਖ਼ਾਲਸਾ ਕਾਲਜ ਸਕੂਲ ਬੋਰਡਿੰਗ ਵਿਚ ਮੇਰੀ ਕਯੂਬੀਕਲ ਅੰਦਰ ਆਣ ਰਹੇ। ਫੇਰ ਚਾਰ ਦਿਨ ਦੀ ਛੁੱਟੀ ਲੈ ਕੇ ਪਿੰਡ ਆ ਗਿਆ ਤੇ ਅਗਲੇ ਦਿਨ ਸਹੁਰੇ ਘਰ ਫੇਰਾ ਪਾਉਣ ਚਲਾ ਗਿਆ। ਅਤੇ ਇਕੋ ਦਿਨ ਪਿੰਡ ਰਹਿ ਕੇ ਕਾਲਜ ਨੂੰ ਮੁੜ ਆਇਆ। ਹੰਮੋਕੇ ਪਿੰਡ ਦੀਆਂ ਜ਼ਨਾਨੀਆਂ ਨੇ ਮੇਰੀ ਸਾਥਣ ਦੀ 'ਬੁਚੀ ਬੁਚੀ' ਕਹਿ ਕੇ ਬੁਰੀ ਗਤ ਬਣਾਈ। ਮੈਨੂੰ ਵੀ ਬਥੇਰੀਆਂ ਤਤੀਆਂ ਠੰਢੀਆਂ ਸੁਣਾਈਆਂ। ਅਖੇ ਅਜ ਕਲ੍ਹ ਦੇ ਮੁੰਡੇ ਅੰਗ੍ਰੇਜ਼ੀ ਦੇ ਦੋ ਪੁੱਠੇ ਅੱਖਰ ਪੜ੍ਹ ਕੇ ਨਾ ਆਪਣੇ ਮਾਪਿਆਂ ਦੀ ਅਤੇ ਨਾ ਆਪਣੇ ਸਹੁਰਿਆਂ ਦੀ ਇੱਜ਼ਤ ਵਲ ਵੇਖਦੇ ਹਨ, ਮੇਮਾਂ ਦੀ ਰੀਸ ਹੀ ਕਰਨ ਲਗ ਗਏ ਹਨ। ਇਤਿਆਦਿ।

ਚਾਰ ਦਿਨਾਂ ਦੀ ਮੇਰੀ ਛੁੱਟੀ ਮੁਕਣ 'ਤੇ ਆ ਗਈ। ਐਤਵਾਰ ਦੀ ਇਕ ਛੁੱਟੀ ਹੋਰ ਨਾਲ ਰਲਾ ਕੇ ਮੈਂ ਸੋਮਵਾਰ ਨੂੰ ਸਕੂਲੇ ਆਪਣੀ ਜਮਾਤ ਵਿਚ ਜਾ ਬੈਠਾ। ਮੇਰੀ ਮਾਤਾ ਜੀ ਨੇ ਦੋ ਟੋਕਰੇ ਮਿਠਾਈ ਦੇ ਨਾਲ ਲੈ ਜਾਣ ਨੂੰ ਰੇਲ 'ਤੇ ਭੇਜ ਦਿਤੇ। ਜੋ ਮੈਨੂੰ ਨਾਲ ਲਿਆਣੇ ਪੈ ਗਏ। ਕਰਮਾਂ ਨੂੰ ਪਿੰਡ ਦੇ ਮਹੰਤਾਂ ਵਿਚੋਂ ਇਕ ਦੋ ਸ੍ਰੀ ਅੰਮ੍ਰਿਤਸਰ ਮੇਰੇ ਨਾਲ ਹੀ ਆ ਰਹੇ ਸਨ ਜਿਸ ਕਰ ਕੇ ਮੈਂ ਸਾਮਾਨ ਦਾ ਵਾਧੂ ਕਿਰਾਇਆ ਭਰਨ ਤੋਂ ਬਚ ਗਿਆ। ਇਕ ਟੀ. ਟੀ. ਨੇ ਆਣ ਘੇਰਿਆ ਸੀ, ਪਰ ਤਿੰਨ ਟਿਕਟਾਂ (ਦੋ ਟਿਕਟਾਂ ਮੈਂ ਨਾਲ ਵਾਲੇ ਮਹੰਤਾਂ ਦੀਆਂ ਵੀ ਆਪਣੇ ਹੀ ਕਾਬੂ ਕਰ ਰਖੀਆਂ ਸਨ) ਵੇਖ ਕੇ ਚੁੱਪ ਕਰ ਕੇ ਚਲਦਾ ਹੋਇਆ। ਉਸ ਨੂੰ ਬੈਠਾ ਕੇ ਮਿਠਾਈ ਦਾ ਸਵਾਦ ਵੀ ਚਖਾ ਦਿਤਾ। ਮੁੜ ਤਾਂ ਉਹ ਦੂਜੇ ਡੱਬਿਆਂ ਵਿਚ ਫੇਰਾ ਕਰ ਕੇ ਫੇਰ ਸਾਡੇ ਹੀ ਡੱਬੇ ਵਿਚ ਆ ਬੈਠਿਆ ਕਰੇ।

ਜਦ ਸਕੂਲੋਂ ਛੁੱਟੀ ਹੋ ਗਈ ਮੈਂ ਸਕੂਲ ਬੋਰਡਿੰਗ ਦੀ ਆਪਣੀ ਕਯੂਬੀਕਲ ਵਿਚ ਆ ਗਿਆ। ਮੁੰਡਿਆਂ ਦੀ ਭੀੜ ਲਗ ਗਈ। ਮੇਰੇ ਨਾਲ ਦਾ ਕਮਰਾ,



Digitized by Panjab Digital Library | www.panjabdigilib.org

ਹਾਲ ਕਮਰਾ ਸੀ। ਮੈਂ ਕ੍ਰਿਕਟ ਟੀਮ ਦਾ ਕਪਤਾਨ ਹੋਣ ਕਰ ਕੇ ਕਯੂਬੀਕਲ ਵਿਚ ਰਿਹਾ ਕਰਦਾ ਸੀ। ਹਾਲ ਕਮਰੇ ਵਾਲੇ ਜਮਾਤੀਆਂ ਵਿਚ ਮਿਠਾਈ ਦਾ ਇਕ ਟੋਕਰਾ ਵੰਡ ਦਿਤਾ ਗਿਆ। ਅਤੇ ਦੂਜਾ ਹੋਰਨਾਂ ਵਿਚ ਵੰਡਿਆ ਗਿਆ। ਜਿਨ੍ਹਾਂ ਵਿਚ ਕੁਝ ਕੁ ਟੀਚਰ, ਸੁਪ੍ਰਿੰਟੈਂਡੈਂਟ ਤੇ ਲਾਂਗਰੀ ਆਦਿ ਸ਼ਾਮਲ ਸਨ। ਏਸ ਤਰ੍ਹਾਂ ਕੁਝ ਦਿਨਾਂ ਮਗਰੋਂ ਵਿਆਹ ਦਾ ਚਰਚਾ ਬੰਦ ਹੋ ਗਿਆ। ਪਰ ਮੇਰੇ ਪਿੰਡ ਅਤੇ ਸਹੁਰੇ ਪਿੰਡ ਇਹ ਮਾਮਲਾ ਅਜੇ ਜਿਉਂ ਦਾ ਤਿਉਂ ਚਾਲੂ ਜਾਪਦਾ ਸੀ। ਕਿਉਂਕਿ ਜਦ ਮੈਂ ਵਡੇ ਦਿਨਾਂ ਦੀਆਂ ਛੁੱਟੀਆਂ ਕਟਣ ਆਪਣੇ ਪਿੰਡ ਆਇਆ ਤਾਂ ਮੈਨੂੰ ਅਗਲੇ ਹੀ ਦਿਨ ਸਹੁਰੇ ਤੋਰ ਦਿਤਾ ਗਿਆ। ਕਿ ਸਹੁਰਿਆਂ ਨੂੰ ਵੀ ਮਿਲ ਆਵਾਂ ਅਤੇ ਆਪਣੀ ਸਿੰਘਣੀ ਨੂੰ ਵੀ ਨਾਲ ਲਈ ਆਵਾਂ। ਪਿੰਡ ਹੰਮੋਕੇ ਦੀਆਂ ਔਰਤਾਂ ਵਿਚ ਅਗੇ ਹੀ ਬੜਾ ਚਰਚਾ ਰਹਿੰਦਾ ਸੀ, ਇਸ ਲਈ ਮੇਰੇ ਸਹੁਰੇ ਨੇ ਥੋੜੀ ਦੂਰ ਦੇ ਇਕ ਹੋਰ ਪਿੰਡ ਜੋਈਆਂ ਵਿਚ ਜਾ ਦੁਕਾਨ ਪਾਈ ਸੀ। ਸੁ ਮੈਨੂੰ ਉਥੇ ਹੀ ਜਾਣਾ ਪਿਆ। ਰਹਿਣ ਨੂੰ ਕੱਚੇ ਕੋਠੇ ਸਨ ਤੇ ਨਾਲ ਲਗਦੇ ਹੀ ਬਾਹਰਵਾਰ ਕਰ ਕੇ ਦੁਕਾਨ ਸੀ। ਮੇਰੀ ਸਾਲੀ ਦਾ ਨਵਾਂ ਨਵਾਂ ਵਿਆਹ ਹੋ ਚੁਕਾ ਸੀ। ਜਿਸ ਨੇ ਨਾ ਕੇਵਲ ਛੇਦਕ ਸਗੋਂ ਅਨ-ਛੇਦਕ ਵੀ ਬਹੁਤ ਸਾਰੇ ਗਹਿਣੇ ਪਾਏ ਹੋਏ ਸਨ। ਉਹ ਵੀ ਪੇਕੇ ਆਈ ਹੋਈ ਸੀ। ਮੇਰੀ ਸਿੰਘਣੀ ਬਾਬਤ ਮੈਨੂੰ ਦਸਿਆ ਗਿਆ ਕਿ ਕੁਝ ਢਿੱਲੀ ਮੱਠੀ ਹੈ। ਉਹਦੇ ਨਾਲ ਮੇਰੀ ਮੁਲਾਕਾਤ ਹੋਣ ਹੀ ਨਾ ਦਿਤੀ ਗਈ। ਦਿਨੇ ਇਕ ਦੋ ਵਾਰ ਮੂੰਹ ਉਪਰ 'ਚਿਕ' ਤਾਣ ਕੇ ਮੇਰੇ ਅਗੋਂ ਦੀ ਲੰਘੀ, ਪਰ ਮੈਨੂੰ ਏਸ ਗੱਲ ਦਾ ਪਤਾ ਨਾ ਲਗਣ ਦਿਤਾ ਗਿਆ ਕਿ ਉਸ ਨੂੰ ਛੇਦਕ ਗਹਿਣੇ ਮੁੜ ਪਵਾ ਦਿਤੇ ਗਏ ਹਨ। ਮੈਨੂੰ ਏਸ ਗੱਲ ਦਾ ਓਦੋਂ ਪਤਾ ਲਗਾ ਜਦੋਂ ਮੈਂ ਆਪਣੀ ਸਿੰਘਣੀ ਨੂੰ ਨਾਲ ਲੈ ਕੇ ਆਪਣੇ ਪਿੰਡ ਨੂੰ ਮੁੜਿਆ। ਰਸਤੇ ਵਿਚ ਮੇਰੀ ਸਿੰਘਣੀ ਦੇ ਪਿਤਾ ਜੀ ਨੇ ਮੈਨੂੰ ਦਸਿਆ ਕਿ ਸਰਦਾਰ ਜੀ ਇਹ ਪਿੰਡ ਤਾਂ ਇਕ ਠੱਟੀ ਵਾੜਾ (ਨਿਕਾ ਜਿਹਾ ਪਿੰਡ) ਹੀ ਹੈ। ਤੁਹਾਡੇ ਘਰ ਤਾਂ ਬਿਨਾਂ ਆਗਿਆ ਕੋਈ ਪੈਰ ਨਹੀਂ ਪਾ ਸਕਦਾ! ਲੋਕ ਵੀ ਕੁਝ ਸਿਆਣੇ ਹਨ। ਪਰ ਏਥੇ ਇਹ ਗੱਲ ਨਹੀਂ। ਜਦੋਂ ਭਰਾਵਾਂ ਬਾਈ (ਮੇਰੀ ਸਿੰਘਣੀ ਦਾ ਪੇਕਾ ਨਾਉਂ ਜੋ ਅੰਮ੍ਰਿਤ ਛਕ ਕੇ ਗਿ: ਕੌਰ ਰਖ ਦਿਤਾ ਗਿਆ ਸੀ) ਏਥੇ ਆਉਂਦੀ ਹੈ ਤਾਂ ਸਾਰੇ ਗਿਰਾਂ ਦੀਆਂ ਤ੍ਰੀਮਤਾਂ ਆ ਜਾਂਦੀਆਂ



Digitized by Panjab Digital Library | www.panjabdigilib.org

ਹਨ ਤੇ ਬੜਾ ਹੀ ਤੰਗ ਕਰਦੀਆਂ ਹਨ । ਏਸ ਲਈ ਨੱਕ, ਕੰਨ ਦੇ ਗਹਿਣੇ ਤੁਹਾਡੀ ਮਾਤਾ ਜੀ ਦੀ ਆਗਿਆ ਨਾਲ ਫੇਰ ਪਵਾ ਦਿਤੇ ਗਏ ਹਨ । ਜੇਕਰ ਤੁਸੀਂ ਏਸ ਗੱਲ ਨੂੰ ਪਸੰਦ ਨਾ ਕਰੋ ਤਾਂ ਘਰ ਜਾ ਕੇ ਉਤਰਵਾ ਦੇਣੇ । ਮੈਂ ਚੁੱਪ ਕਰ ਰਿਹਾ । ਤੇ ਘਰ ਜਾ ਕੇ ਸਾਰੇ ਛੇਦਕ ਗਹਿਣੇ ਉਤਰਵਾ ਕੇ ਗਲਵਾ ਸੁਟੇ ਤੇ ਸੋਨੇ ਦੀ ਇਕੋ ਰੈਣੀ ਬਣਵਾ ਲਈ । ਮੇਰਾ ਤਾਂ ਖ਼ਿਆਲ ਸੀ ਕਿ ਇਹ ਸੋਨਾ ਕਿਸੇ ਧਰਮ ਕਾਰਜ ਵਾਸਤੇ ਅਰਦਾਸ ਕਰਵਾ ਦਿਆਂ । ਪਰ ਪਿਤਾ ਜੀ ਵਲੋਂ ਇਹ ਯਕੀਨ ਦਵਾਉਣ 'ਤੇ ਕਿ ਮੈਂ ਤੇਰੀ ਮਾਤਾ ਨੂੰ ਨਹੀਂ ਦਿਆਂਗਾ ਮੈਂ ਉਨ੍ਹਾਂ ਨੂੰ ਦੇ ਦਿਤੀ । ਇਸ ਤੋਂ ਮਗਰੋਂ ਮੇਰੀ ਸਿੰਘਣੀ ਨੇ ਕਦੀ ਵੀ ਛੇਦਕ ਗਹਿਣੇ ਨਾ ਪਾਏ । ਛੇ ਸਤ ਮਹੀਨੇ ਤਾਂ ਉਸ ਨੂੰ ਪੇਕੇ ਭੇਜਿਆ ਹੀ ਨਾ ਗਿਆ । ਪਰ ਜਦੋਂ ਅਗਲੇ ਸਾਲ ਗਰਮੀਆਂ ਵਿਚ ਪੇਕੇ ਗਈ ਤਾਂ ਇਕ ਹੋਰ ਅਜਿਹਾ ਵਾਕਿਆ ਹੋ ਗਿਆ । ਜਿਸ ਕਰ ਕੇ ਪਿੰਡ ਦੀਆਂ ਜ਼ਨਾਨੀਆਂ ਨੇ ਉਸ ਨੂੰ 'ਬੁਚੀ ਬੁਚੀ' ਕਹਿਣਾ ਬੰਦ ਕਰ ਦਿਤਾ । ਤੇ ਉਹਦੇ ਛੇਦਕ ਗਹਿਣੇ ਲਾਹ ਦੇਣ ਦੇ ਕੰਮ ਦੀ ਪ੍ਰਸੰਸਾ ਕਰਨ ਲਗ ਗਈਆਂ । ਇਹ ਵਾਕਿਆ ਇਸ ਤਰ੍ਹਾਂ ਨਾਲ ਹੋਇਆ :

ਗਰਮੀਆਂ ਦੇ ਦਿਨ ਸਨ । ਮੇਰੀ ਸਿੰਘਣੀ ਤੇ ਉਸ ਦੀ ਭੈਣ ਜਿਸ ਦਾ ਨਾਂ ਪ੍ਰੇਮ ਬਾਈ ਸੀ, ਦੋਵੇਂ ਪੇਕੇ ਘਰ ਆਈਆਂ ਹੋਈਆਂ ਸਨ । ਰਾਤ ਨੂੰ ਕੋਠੇ ਦੀ ਛਤ ਉਪਰ ਸੌਂਦੀਆਂ ਸਨ । ਕੋਠਿਆਂ ਦੀਆਂ ਛੱਤਾਂ ਨੀਵੀਆਂ ਨੀਵੀਆਂ ਸਨ । ਉਨ੍ਹਾਂ ਦੇ ਪਿਤਾ ਜੀ ਰਾਤ ਨੂੰ ਦੁਕਾਨ ਉਪਰ ਸੌਂਇਆ ਕਰਦੇ ਸਨ । ਜੋ ਘਰ ਤੋਂ ਸੌ ਡੇਢ ਸੌ ਫ਼ੁਟ ਦੀ ਦੂਰੀ ਉਪਰ ਸੀ । ਇਕ ਰਾਤ ਚੋਰ ਆ ਗਿਆ । ਇਹ ਪਤਾ ਨਾ ਲਗ ਸਕਿਆ ਕਿ ਉਹ ਇਕੱਲਾ ਸੀ ਜਾਂ ਦੋ । ਚੋਰ ਮੇਰੀ ਸਾਲੀ ਦੇ ਮੰਜੇ ਹੇਠ ਲੁਕ ਬੈਠਾ । ਉਹਨੇ ਛੇਦਕ ਗਹਿਣੇ ਪਾਏ ਹੋਏ ਸਨ । ਦੂਜੇ ਗਹਿਣੇ ਤਾਂ ਦੋਵੇਂ ਭੈਣਾਂ ਸ਼ਾਮ ਨੂੰ ਉਤਾਰ ਕੇ ਆਪਣੇ ਪਿਤਾ ਜੀ ਦੇ ਹਵਾਲੇ ਕਰ ਦਿਆ ਕਰਦੀਆਂ ਸਨ । ਜੋ ਉਨ੍ਹਾਂ ਨੂੰ ਸੰਭਾਲ ਕੇ ਕਿਤੇ ਲਾਂਭੇ ਰਖ ਦਿਆ ਕਰਦੇ ਸਨ । ਕੋਈ ਅੱਧੀ ਰਾਤ ਗਈ ਚੋਰ ਨੇ ਮੇਰੀ ਸਾਲੀ ਦੇ ਕੰਨਾਂ ਦੇ ਗਹਿਣੇ ਕਤੀਰੇ ਨਾਲ ਕਟਣ ਦਾ ਯਤਨ ਕੀਤਾ । ਕੰਨ ਦੁਖੇ ਤਾਂ ਪ੍ਰੇਮ ਨੇ ਇਹ ਸਮਝਿਆ ਕਿ ਉਸ ਦੇ ਲਾਗੇ ਸੁੱਤਾ ਉਸ ਦਾ ਛੋਟਾ ਵੀਰ ਅਰਜਨ ਉਸ ਦੇ ਕੰਨਾਂ ਨੂੰ ਹੱਥ ਮਾਰ ਰਿਹਾ ਹੈ । ਉਸ ਨੇ ਉਸ ਨੂੰ ਧੱਫਾ ਕਢ ਮਾਰਿਆ ਤੇ ਆਖਿਆ, "ਵੇ



Digitized by Panjab Digital Library | www.panjabdigilib.org

ਭੈੜਿਆ ! ਮੇਰੇ ਕੰਨ ਕਿਉਂ ਦੁਖਾਉਂਦਾ ਏਂ ?" ਅਰਜਨ ਰੋਣ ਲਗ ਪਿਆ। ਤੇ ਚੋਰ ਫੇਰ ਮੰਜੀ ਹੇਠਾਂ ਦੁਬਕ ਗਿਆ। ਏਸੇ ਤਰ੍ਹਾਂ ਹੁੰਦਿਆਂ ਸਾਰੀ ਰਾਤ ਬੀਤ ਗਈ। ਜਦੋਂ ਚਾਰ ਕੁ ਵਜੇ ਉਸੇਰ ਸਾਰ ਕੁੱਕੜ ਨੇ ਬਾਂਗ ਦਿਤੀ। ਤਾਂ ਚੋਰ ਨੇ ਇਹ ਖ਼ਿਆਲ ਕਰ ਕੇ ਕਿ ਰਾਤ ਤਾਂ ਬੀਤ ਗਈ ਹੈ, ਦੋਹਾਂ ਕੰਨਾਂ ਦੇ ਗਹਿਣਿਆਂ ਨੂੰ ਹੱਥ ਪਾ ਕੇ ਜ਼ੋਰ ਨਾਲ ਝਟਕਾ ਮਾਰਿਆ। ਵਾਲੀਆਂ ਤੇ ਵਾਲੇ ਆਦਿ ਗਹਿਣੇ ਤਾਂ ਚੋਰ ਦੇ ਹੱਥ ਵਿਚ ਚਲੇ ਗਏ ਕੰਨ ਚੀਰੇ ਜਾਣ ਨਾਲ ਪ੍ਰੇਮ ਲਹੂ ਲੁਹਾਨ ਹੋ ਗਏ। ਚੋਰ ਗਹਿਣੇ ਲੈ ਕੇ ਕੋਠੇ ਤੋਂ ਛਾਲ ਮਾਰ ਗਿਆ। ਚੋ...... ਚੋ......ਦਾ ਰੌਲਾ ਪੈ ਗਿਆ। ਲੋਕੀਂ ਇਕੱਠੇ ਹੋ ਗਏ, ਪਰ ਚੋਰ ਦਾ ਕੁਝ ਪਤਾ ਨਾ ਲਗਾ ਕਿ ਪਿੰਡੋਂ ਬਾਹਰ ਵਲ ਨੂੰ ਕਿਹੜੇ ਪਾਸੇ ਨਸ ਗਿਆ। ਜਾਂ ਪਿੰਡ ਵਿਚ ਹੀ ਕਿਧਰੇ ਦੜ ਮਾਰ ਗਿਆ ਹੈ। ਉਸ ਦਾ ਕੱਖ ਪਤਾ ਨਾ ਲਗਾ। ਪੁਲੀਸ ਵਿਚ ਰਪੋਟ ਵੀ ਦਰਜ ਕਰਵਾਈ ਗਈ। ਚੋਰ ਦੇ ਖੁਰੇ ਵੀ ਦਬਾ ਦਿਤੇ ਗਏ। ਪਰ ਚੋਰ ਦਾ ਪਤਾ ਨਾ ਹੀ ਲਗ ਸਕਿਆ। ਨਾ ਚੋਰ ਫੜਿਆ ਗਿਆ ਨਾ ਗਹਿਣੇ ਮਿਲ ਸਕੇ। ਅਗਲੇ ਦਿਨ ਪਿੰਡ ਦੀਆਂ ਸਭ ਜ਼ਨਾਨੀਆ ਵਿਹੜੇ ਵਿਚ ਆਣ ਜਮ੍ਹਾਂ ਹੋਈਆਂ। ਮੇਰੀ ਸਿੰਘਣੀ ਨੂੰ ਕਹਿਣ ਲਗੀਆਂ "ਵੇ ਬਚੜਾ ਤੂੰ ਬੜੀ ਚੰਗੀ ਗੱਲ ਕੀਤੀ ਏ ਜੋ ਗਹਿਣੇ ਲਾਹ ਛਡੇ ਨੇ। ਵੇਖ ਤਾਂ ਸਹੀ ਪ੍ਰੇਮ ਬਾਈ ਦਾ ਕੀ ਹਾਲ ਹੋਇਆ ਹੈ। ਕੰਨ ਵੀ ਪਾਟ ਗਏ। ਬੱਜ ਵੀ ਲਗ ਗਈ। ਤੇ ਸੋਨਾ ਵੀ ਜਾਂਦਾ ਰਿਹਾ। ਸਿਆਣੇ ਠੀਕ ਆਖਦੇ ਨੇ : 'ਘਰ ਦਾ ਨੁਕਸਾਨ, ਬਾਹਰ ਦੀ ਸ਼ੁਹਰਤ'।"



Digitized by Panjab Digital Library | www.panjabdigilib.org

# ਪਿਤਾ ਜੀ ਦਾ ਸੰਨਿਆਸ

ਮੈਂ ਖ਼ਾਲਸਾ ਕਾਲਜ ਵਿਚ ਹੀ ਪੜ੍ਹਦਾ ਸੀ ਕਿ ਮੈਨੂੰ ਖ਼ਬਰ ਮਿਲੀ ਜੁ ਪਿਤਾ ਜੀ ਘਰ ਛਡ ਕੇ ਕਿਧਰੇ ਚਲੇ ਗਏ ਹਨ। ਅਤੇ ਵਡੇ ਭਰਾ ਜੀ ਦੇ ਨਾਮ ਇਕ ਚਿੱਠੀ ਲਿਖ ਕੇ ਛਡ ਗਏ ਹਨ, ਜਿਸ ਵਿਚ ਉਨ੍ਹਾਂ ਨੇ ਦਸਿਆ ਹੈ ਕਿ ਉਹ ਆਪਣੇ ਸਾਰੇ ਫ਼ਰਜ਼ ਪੂਰੇ ਕਰ ਚੁਕੇ ਹਨ। ਅਰਥਾਤ ਸੰਤਾਨ ਦੀ ਚੰਗੀ ਪਾਲਣਾ ਕੀਤੀ ਹੈ। ਪੜ੍ਹਾ, ਪਰਨਾ ਛਡਿਆ ਹੈ। ਮਕਾਨ ਰਹਿਣ ਲਈ, ਜ਼ਮੀਨਾਂ ਜਾਇਦਾਦਾਂ ਗੁਜ਼ਾਰੇ ਵਾਸਤੇ ਕਾਫ਼ੀ ਪੈਦਾ ਕਰ ਦਿਤੀਆਂ ਹਨ। ਸਰਗੋਧੇ ਦੀ ਨਵੀਂ ਆਬਾਦੀ ਵਿਚ, ਮੰਡੀ ਭਲਵਾਲ ਤੇ ਟੋਭਾ ਟੇਕ ਸਿੰਘ ਤਿੰਨਾਂ ਹੀ ਮੰਡੀਆਂ ਵਿਚ ਜਾਇਦਾਦ, (ਦੁਕਾਨਾਂ ਤੇ ਮਕਾਨ) ਤਿੰਨਾਂ ਹੀ ਪੁੱਤਰਾਂ ਵਾਸਤੇ ਬਣਵਾ ਦਿਤੇ ਸਨ। ਸ਼ਾਹੂਕਾਰਾ ਕਰਦੇ, ਨਕਦ ਰੁਪਏ ਵੀ ਘਰ ਵਿਚ ਬਥੇਰੇ ਸਨ ਜੋ ਲੋਹੇ ਦੇ ਇਕ ਵਡੇ ਸੰਦੂਕ ਵਿਚ ਬੰਦ ਕਰ ਕੇ ਰਖ ਦਿਤੇ ਜਾਇਆ ਕਰਦੇ ਸਨ। ਹੁਣ ਅਸੀਂ ਆਪਣਾ ਅੱਗਾ ਸਵਾਰਨ ਹਿਤ ਸਭ ਕਾਸੇ ਦਾ ਤਿਆਗ ਕਰ ਕੇ ਜਾ ਰਹੇ ਹਾਂ। ਸਾਡੇ ਮਗਰ ਢੂੰਡ ਭਾਲ ਕਰਨ ਵਾਸਤੇ ਕੋਈ ਖੇਚਲ ਨਾ ਕਰੇ। ਨਾਲ ਹੀ ਇਸ ਗੱਲ ਦੀ ਪਕੀ ਵੀ ਕੀਤੀ ਗਈ ਸੀ ਕਿ ਨਰੈਣ ਸਿੰਘ ਜਿੰਨੀ ਵੀ ਪੜ੍ਹਾਈ ਕਰਨੀ ਚਾਹੇ ਉਸ ਨੂੰ ਜ਼ਰੂਰ ਪੜ੍ਹਾਇਆ ਜਾਵੇ।

ਜਦ ਮੈਨੂੰ ਇਹ ਖ਼ਬਰ ਮਿਲੀ ਮੈਂ ਕੁਝ ਦਿਨਾਂ ਦੀ ਛੁੱਟੀ ਲੈ ਕੇ ਘਰ ਚਲਾ ਗਿਆ। ਮੇਰੇ ਵਡੇ ਭਰਾ ਜੀ (ਸ੍ਰ: ਰਾਜ ਸਿੰਘ) ਪਿਤਾ ਜੀ ਦੀ ਭਾਲ ਵਿਚ ਥਾਂ ਥਾਂ ਚੱਕਰ ਕਟਦੇ ਫਿਰ ਰਹੇ ਸਨ। ਉਹ ਘਰ ਨਹੀਂ ਸਨ। ਮਾਤਾ ਜੀ ਹਰ ਵੇਲੇ



Digitized by Panjab Digital Library | www.panjabdigilib.org

ਰੋਂਦੇ ਰਹਿੰਦੇ ਸਨ । ਤੇ ਬਾਰ ਬਾਰ ਇਹੋ ਕਹਿੰਦੇ ਸੁਣੇ ਜਾਂਦੇ ਸਨ, "ਪਤਾ ਨਹੀਂ ਆਪਣਾ ਘਰ ਦਾ ਰਾਜ ਭਾਗ ਛਡ ਕੇ ਕਿਹੜੇ ਪਾਸੇ ਚਲੇ ਗਏ ਹਨ ਤੇ ਕਿਉਂ ਚਲੇ ਗਏ ਹਨ ! ਉਨ੍ਹਾਂ ਨੂੰ ਕਿਸੇ ਗੱਲ ਦਾ ਘਾਟਾ ਨਹੀਂ ਸੀ । ਕੋਈ ਦੁਖ ਤਕਲੀਫ ਨਹੀਂ ਸੀ । ਘਰ ਬਾਰ, ਜ਼ਮੀਨਾਂ, ਮਿਲਖਾਂ, ਜਾਇਦਾਦਾਂ ਤੇ ਹੋਰ ਹਰ ਤਰ੍ਹਾਂ ਦੇ ਆਰਾਮ ਛਡ ਕੇ ਫ਼ਕੀਰ ਕਿਉਂ ਬਣ ਤੁਰੇ ਹਨ ? ਕਿਥੇ ਰਹਿਣਗੇ ! ਖਾਣ ਪੀਣ ਤੇ ਕਪੜੇ ਲੱਤੇ ਦਾ ਕੀ ਇੰਤਜ਼ਾਮ ਹੋਵੇਗਾ ?" ਮੈਨੂੰ ਇਹ ਗੱਲਾਂ ਸੁਣ ਸੁਣ ਬੜਾ ਦੁਖ ਲਗੇ ਤੇ ਮੈਂ ਵੀ ਦਬ ਕੇ ਰੋਣ ਲਗ ਪਵਾਂ । ਲਾਗੇ ਚਾਗੇ ਦੇ ਪਿੰਡ ਗਾਹ ਮਾਰੇ ਤੇ ਮੁੜ ਵਾਪਸ ਘਰ ਨੂੰ ਪਰਤ ਆਇਆ ।

ਸ੍ਰ: ਰਾਜ ਸਿੰਘ ਹੁਰਾਂ ਦਾ ਇਕ ਕਾਰਡ ਘਰ ਆਇਆ ਪਿਆ ਸੀ ਜੋ ਡਾਕੀਆ ਇਕ ਦਿਨ ਪਹਿਲੋਂ ਦੇ ਗਿਆ ਸੀ । ਇਸ ਵਿਚ ਉਨ੍ਹਾਂ ਲਿਖਿਆ ਸੀ ਕਿ "ਪਿਤਾ ਜੀ ਦਾ ਪਤਾ ਲਗ ਗਿਆ ਹੈ । ਮੈਂ ਉਨ੍ਹਾਂ ਦੇ ਪਾਸ ਪੁਜ ਗਿਆ ਹਾਂ । ਉਹ ਮੁਰਾਲਾ (ਜ਼ਿਲਾ ਜਿਹਲਮ) ਸੰਤ ਪ੍ਰੇਮ ਸਿੰਘ ਜੀ ਦੇ ਡੇਰੇ ਹਨ । ਮੈਂ ਉਨ੍ਹਾਂ ਨੂੰ ਘਰ ਲੈ ਆਉਣ ਦਾ ਸਿਰ ਤੋੜ ਯਤਨ ਕਰ ਰਿਹਾ ਹਾਂ । ਅਜੇ ਉਹ ਮੰਨੇ ਨਹੀਂ । ਪਰ ਮੈਨੂੰ ਨਿਸਚਾ ਹੈ ਕਿ ਮੈਂ ਉਨ੍ਹਾਂ ਨੂੰ ਜ਼ਰੂਰ ਮਨਾ ਕੇ ਹੀ ਛਡਾਂਗਾ । ਸੰਤ ਪ੍ਰੇਮ ਸਿੰਘ ਜੀ ਵੀ ਮੇਰੀ ਮਦਦ ਕਰ ਰਹੇ ਹਨ । ਏਥੇ ਹੋਰ ਕੋਈ ਨਾ ਆਵੇ ਨਹੀਂ ਤਾਂ ਵਿਘਨ ਪੈ ਜਾਵੇਗਾ ।" ਮੇਰੇ ਮਾਤਾ ਜੀ ਨੇ ਬਥੇਰਾ ਆਖਿਆ ਵੇਖਿਆ ਕਿ ਉਨ੍ਹਾਂ ਨੂੰ ਮੁਰਾਲੇ ਲੈ ਜਾਇਆ ਜਾਵੇ । ਪਰ ਮੈਂ ਉਨ੍ਹਾਂ ਨੂੰ ਵਰਜ ਦਿਤਾ ਤੇ ਉਹ ਵੀ ਮੰਨ ਗਏ । ਫ਼ੈਸਲਾ ਇਹ ਹੋਇਆ ਕਿ ਭਰਾ ਜੀ ਦੀ ਅਗਲੀ ਚਿੱਠੀ ਹੋਰ ਉਡੀਕ ਲਈ ਜਾਵੇ । ਫੇਰ ਦੇਖਾਂਗੇ ਕਿ ਕੀ ਕਰਨਾ ਹੈ । ਦੂਜੇ ਦਿਨ ਹੀ ਇਕ ਹੋਰ ਕਾਰਡ ਆਣ ਮਿਲਿਆ ਜਿਸ ਵਿਚ ਲਿਖਿਆ ਸੀ ਕਿ "ਮੈਂ ਪਿਤਾ ਜੀ ਨੂੰ ਮਨਾ ਲਿਆ ਹੈ । ਅਸੀਂ ਇਕ ਦੋ ਦਿਨਾਂ ਤਕ ਘਰ ਪਹੁੰਚ ਜਾਵਾਂਗੇ । ਜੇ ਨਰੈਣ ਸਿੰਘ ਛੁੱਟੀ ਲੈ ਕੇ ਘਰ ਪਹੁੰਚ ਗਿਆ ਹੋਵੇ ਤਾਂ ਉਸ ਨੂੰ ਵਾਪਸ ਅੰਮ੍ਰਿਤਸਰ ਭੇਜ ਦਿਉ । ਉਹ ਆਪਣੀ ਪੜ੍ਹਾਈ ਦਾ ਹਰਜ ਨਾ ਕਰੇ, ਅਸੀਂ ਵੀ ਕਲ੍ਹ ਦਰਸ਼ਨਾਂ ਵਾਸਤੇ ਅੰਮ੍ਰਿਤਸਰ ਜਾ ਰਹੇ ਹਾਂ । ਉਥੇ ਉਸ ਨੂੰ ਵੀ ਮਿਲ ਆਵਾਂਗੇ । ਘਰ ਦੇ ਸਾਹਮਣੇ ਵਾਲੀ ਹਵੇਲੀ ਉਪਰ ਚੁਬਾਰਾ ਪਵਾ ਦੇਣਾ । ਤੇ ਮਾਲ ਡੰਗਰ ਦੀਆਂ ਖੁਰਲੀਆਂ ਢਾਹ ਦੇਣੀਆਂ । ਵਿਹੜੇ ਵਿਚ ਕੰਧ ਮਰਵਾ ਕੇ



Digitized by Panjab Digital Library | www.panjabdigilib.org

ਦੋ ਹਿੱਸੇ ਕਰਵਾ ਲੈਣੇ । ਇਕ ਵਿਚ ਮਾਲ ਡੰਗਰ ਤੇ ਦੂਜਾ ਹਿੱਸਾ ਕੇਵਲ ਪਿਤਾ ਜੀ ਦੇ ਕਬਜ਼ੇ ਵਿਚ ਰਹੇਗਾ ਜਾਂ ਆਈ ਗਈ ਸਾਧ ਸੰਗਤ ਬਿਸਰਾਮ ਕਰੇਗੀ ।"

ਮਾਤਾ ਜੀ ਨੇ ਤਤਕਾਲ ਹੀ ਹਵੇਲੀ ਵਿਚ ਅਦਲਾ ਬਦਲੀ ਕਰਨੀ ਅਰੰਭ ਕਰ ਦਿਤੀ । ਤੇ ਮੈਨੂੰ ਉਸੇ ਹੀ ਦਿਨ ਅੰਮ੍ਰਿਤਸਰ ਭੇਜ ਦਿਤਾ । ਮੈਂ ਖ਼ਾਲਸਾ ਕਾਲਜ ਤੁਰ ਗਿਆ ਤੇ ਦੋ ਕੁ ਦਿਨਾਂ ਮਗਰੋਂ ਪਿਤਾ ਜੀ ਤੇ ਭਰਾ ਜੀ ਵੀ ਖ਼ਾਲਸਾ ਕਾਲਜ ਆਣ ਮਿਲੇ । ਤਾਂ ਮੈਨੂੰ ਵੀ ਸ਼ਾਂਤੀ ਹੋਈ । ਪਰ ਮੈਂ ਰੋਈ ਗਿਆ ਤੇ ਰੋਈ ਹੀ ਗਿਆ । ਪਿਤਾ ਜੀ ਨੇ ਤਾਂ ਕੇਵਲ ਏਨਾ ਹੀ ਕਿਹਾ ਕਿ ਨਰੈਣ ਸਿੰਘ ਰੋ ਨਾ । ਭਰਾ ਹੁਰਾਂ ਵੀ ਪਿਆਰ ਕੀਤਾ ਤੇ ਕਿਹਾ ਤੇਰੀ ਪੜ੍ਹਾਈ ਵਿਚ ਕੋਈ ਵਿਘਨ ਨਹੀਂ ਪਵੇਗਾ । ਜਿੰਨਾ ਜੀ ਕਰੇ ਪੜ੍ਹੀ ਜਾ । ਪਿਤਾ ਜੀ ਨੂੰ ਮਿੱਠੇ ਟਿਵਾਣੇ ਲੈ ਜਾਵਾਂਗਾ । ਹਾਲਾਂ ਤਰਨਤਾਰਨ; ਖਡੂਰ ਸਾਹਿਬ, ਗੋਇੰਦਵਾਲ ਆਦਿ ਗੁਰਦਵ ਰਿਆਂ ਦੇ ਦਰਸ਼ਨਾਂ ਲਈ ਜਾ ਰਹੇ ਹਾਂ । ਉਹ ਪਿੰਡ ਵਿਚ ਹੀ ਰਹਿਣਗੇ । ਹਵੇਲੀ ਦੇ ਦੋ ਹਿੱਸੇ ਕਰ ਕੇ ਇਕ ਵਿਚ ਚੁਬਾਰਾ ਪਾਉਣ ਵਾਸਤੇ ਤੁਹਾਡੀ ਮਾਤਾ ਜੀ ਨੂੰ ਲਿਖ ਦਿਤਾ ਗਿਆ ਹੈ । ਸਾਡੇ ਘਰ ਜਾਣ ਤਕ ਮਾਤਾ ਜੀ ਮਕਾਨ ਬਣਵਾ ਲੈਣਗੇ । ਮੇਰੇ ਪਾਸੋਂ ਪਿਤਾ ਜੀ ਨੇ ਕੁਝ ਸ਼ਰਤਾਂ ਲਿਖਵਾ ਲਈਆਂ ਹਨ ਜੋ ਗੁਰੂ ਕਰੇਗਾ ਪੂਰੀਆਂ ਕਰਾਂਗਾ । ਤੁਸੀਂ ਕਿਸੇ ਗੱਲ ਦਾ ਫ਼ਿਕਰ ਨਾ ਕਰਨਾ । ਜੇ ਤੈਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸ । ਮੈਂ ਕਿਹਾ, "ਮਾਤਾ ਜੀ ਨੇ ਘਿਉ, ਮਿਠਾਈ ਤੇ ਰੁਪਏ ਲੋੜ ਅਨੁਸਾਰ ਦੇ ਦਿਤੇ ਸਨ । ਮੈਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ।"

ਮੈਂ ਪਿਤਾ ਜੀ ਦੇ ਚਰਨ ਫੜ ਲਏ ਤੇ ਰੋ ਰੋ ਕੇ ਅੱਥਰੂਆਂ ਨਾਲ ਧੋ ਸੁਟੇ । ਪਿਤਾ ਜੀ ਨੇ ਕੇਵਲ ਏਨਾ ਹੀ ਕਿਹਾ, "ਪੁੱਤਰ ! ਸੰਸਾਰ ਚਲਦੀ ਸਰਾਂ ਹੈ । ਜੀਵ ਆਉਂਦੇ ਹਨ ਤੇ ਚਲੇ ਜਾਂਦੇ ਹਨ । ਸੰਸਾਰ ਦਾ ਧੰਦਾ ਉਵੇਂ ਹੀ ਚਾਲੂ ਰਹਿੰਦਾ ਹੈ ।" 'ਰੋ ਨਾ' ਆਖ ਕੇ ਮੈਨੂੰ ਭਰਾ ਜੀ ਨੇ ਬਾਹੋਂ ਫੜ ਕੇ ਉਠਾਲ ਲਿਆ ਤੇ ਦੋ ਤਿੰਨ ਘੰਟੇ ਮੇਰੇ ਪਾਸ ਠਹਿਰ ਕੇ ਚਲੇ ਗਏ । ਪਤਾ ਕਰਨ 'ਤੇ ਮਾਲੂਮ ਹੋਇਆ ਕਿ ਪਿਤਾ ਜੀ ਨੇ ਭਰਾ ਜੀ ਪਾਸੋਂ ਇਹ ਸ਼ਰਤਾਂ ਲਿਖਵਾ ਲਈਆਂ ਸਨ :

੧. ਉਹ ਇਕ ਵਖਰੇ ਮਕਾਨ ਵਿਚ ਰਹਿਣਗੇ । ਜਿਸ ਵਿਚ ਬਿਨਾਂ ਉਨ੍ਹਾਂ



Digitized by Panjab Digital Library | www.panjabdigilib.org

ਦੇ ਮੇਲੀਆਂ ਗੇਲੀਆਂ, (ਸਾਧਾਂ, ਸੰਤਾਂ) ਦੇ ਹੋਰ ਕਿਸੇ ਦੀ ਰਿਹਾਇਸ਼ ਦਾ ਦਖ਼ਲ ਨਹੀਂ ਹੋਵੇਗਾ।

੨. ਉਨ੍ਹਾਂ ਲਈ ਇਕ ਦੁਕਾਨ 'ਤੇ ਹਿਸਾਬ ਖੋਲ੍ਹ ਦਿਤਾ ਜਾਵੇ। ਜਿਥੋਂ ਉਨ੍ਹਾਂ ਦਾ ਜੋ ਜੀ ਆਵੇ ਰੁਪਏ ਪੈਸੇ ਲੈ ਲਿਆ ਕਰਨਗੇ। ਕਿਸੇ ਨੂੰ ਇਹ ਪੁੱਛਣ ਦਾ ਅਧਿਕਾਰ ਨਹੀਂ ਹੋਵੇਗਾ ਕਿ ਕਿਥੇ ਖ਼ਰਚ ਕੀਤੇ ਹਨ?

੩. ਉਨ੍ਹਾਂ ਦਾ ਆਪਣਾ ਪਰਸ਼ਾਦਾ ਅਤੇ ਆਈ ਗਈ ਸਾਧ ਸੰਗਤ ਦਾ ਪਰਸ਼ਾਦਾ, ਘਰੋਂ ਤਿਆਰ ਹੋ ਕੇ ਉਨ੍ਹਾਂ ਪਾਸ ਨਿਯਤ ਸਮੇਂ ਪਹੁੰਚਾ ਦਿਤਾ ਜਾਇਆ ਕਰੇਗਾ।

੪. ਘਰ ਵਾਲੇ (ਮਾਤਾ ਜੀ ਤੇ ਬੱਚੇ) ਜਦੋਂ ਵੀ ਉਨ੍ਹਾਂ ਪਾਸ ਜਾਣ ਉਨ੍ਹਾਂ ਨੂੰ ਰੁਕਾਵਟ ਕੋਈ ਨਹੀਂ ਹੋਵੇਗੀ। ਪਰ ਉਹ ਘਰ ਦੀ ਜਾਂ ਸੰਸਾਰਕ ਕੋਈ ਗੱਲ ਬਾਤ ਉਨ੍ਹਾਂ ਨਾਲ ਨਹੀਂ ਕਰਨਗੇ।

੫. ਉਨ੍ਹਾਂ ਨੂੰ ਘਰ ਦੇ ਝਮੇਲਿਆਂ ਵਿਚ ਪਾਉਣ ਦਾ ਯਤਨ ਨਹੀਂ ਕੀਤਾ ਜਾਵੇਗਾ। ਨਾ ਹੀ ਉਹ ਕਿਸੇ ਮਸਲੇ ਵਿਚ ਦਖ਼ਲ ਦੇਣਗੇ। ਤੇ ਨਾ ਹੀ ਕਿਸੇ ਸ਼ਾਦੀ ਗ਼ਮੀ ਵਿਚ ਕੋਈ ਹਿੱਸਾ ਲੈਣਗੇ। ਇਤਿ ਆਦਿ।

ਮਾਤਾ ਜੀ ਨੇ ਮਕਾਨ ਦੀ ਅਦਲਾ ਬਦਲੀ ਕਰਵਾ ਦਿਤੀ। ਜਦੋਂ ਪਿਤਾ ਜੀ ਮਿੱਠੇ ਟਿਵਾਣੇ ਪੁਜੇ ਤਾਂ ਉਨ੍ਹਾਂ ਦਾ ਪ੍ਰਬੰਧ ਵਖਰੇ ਚੁਬਾਰੇ ਵਿਚ ਕਰਵਾ ਦਿਤਾ ਗਿਆ। ਭਾਈ ਹਰਚੰਦ ਸਿੰਘ ਅਰਨੇਜੇ ਦੀ ਦੁਕਾਨ 'ਤੇ ਉਨ੍ਹਾਂ ਦਾ ਲੇਖਾ ਪਾ ਦਿਤਾ ਗਿਆ। ਅਤੇ ਬਾਕੀ ਦੀਆਂ ਵੀ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿਤੀਆਂ ਗਈਆਂ। ਤੇ ਪਿਤਾ ਜੀ :

"ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ।"

ਮਹਾਂ ਵਾਕ ਅਨੁਸਾਰ ਦੁਨਿਆਵੀ ਕਾਰ ਵਿਹਾਰ ਤੋਂ ਨਿਰਲੇਪ ਹੋ ਕੇ ਰਹਿੰਦੇ ਰਹੇ।



Digitized by Panjab Digital Library | www.panjabdigilib.org

# ਇੰਗਲੈਂਡ ਜਾਣਾ

ਮੈਟ੍ਰਿਕ ਪਾਸ ਕਰ ਲੈਣ ਮਗਰੋਂ ਮੈਂ ਐਫ. ਏ. ਵਿਚ ਦਾਖ਼ਲ ਹੋ ਗਿਆ। ਅਤੇ ਸੰਨ ੧੯੦੮ ਈ: ਵਿਚ ਇਮਤਿਹਾਨ ਦੇ ਦਿਤਾ। ਹੋਰ ਮਜ਼ਮੂਨਾਂ ਤੋਂ ਛੁਟ ਇਕ ਮਜ਼ਮੂਨ ਜੁਗਰਾਫ਼ੀਆ ਸੀ। ਜਿਸ ਵਿਚ ਮੈਂ ਆਪਣੀ ਸਾਰੀ ਜਮਾਤ ਵਿਚ ਇਕ ਨੰਬਰ ਸਾਂ। ਘਰੋਗੀ ਇਮਤਿਹਾਨਾਂ ਵਿਚ ਮੈਂ ਹਰ ਵਾਰੀ ਅਵਲ ਆਇਆ ਕਰਦਾ ਸੀ। ਜਦੋਂ ਯੂਨੀਵਰਸਿਟੀ ਦਾ ਇਮਤਿਹਾਨ ਹੋਇਆ ਤਾਂ ਦੋ ਪਰਚਿਆਂ ਵਿਚੋਂ ਮੈਂ ਪਹਿਲਾ ਪਰਚਾ ਪੂਰੇ ਦਾ ਪੂਰਾ ਕਰ ਲਿਆ। ਮੈਨੂੰ ਪੱਕਾ ਨਿਸਚਾ ਸੀ ਕਿ ਸੌ ਵਿਚੋਂ ਸੌ ਨਹੀਂ ਤਾਂ ੯੫ ਫ਼ੀ ਸਦੀ ਨੰਬਰ ਮੈਨੂੰ ਅਵੱਸ਼ ਮਿਲ ਜਾਣਗੇ। ਜਿਸ ਕਰ ਕੇ ਮੈਂ ਦੂਜੇ ਪਰਚੇ ਦੇ ਇਮਤਿਹਾਨ ਵਿਚ ਬੈਠਣਾ ਹੀ ਜ਼ਰੂਰੀ ਨਾ ਸਮਝਿਆ। ਸੁ ਏਸ ਪਰਚੇ ਦਾ ਇਮਤਿਹਾਨ ਹੀ ਨਾ ਦਿੱਤਾ, ਤੇ ਅਗਲੇ ਦਿਨ ਦੇ ਇਮਤਿਹਾਨ ਦੀ ਤਿਆਰੀ ਵਿਚ ਜੁਟ ਗਿਆ। ਇਮਤਿਹਾਨ ਮੁਕ ਜਾਣ 'ਤੇ ਮੈਂ ਆਪਣੇ ਪਿੰਡ ਚਲਾ ਗਿਆ ਤੇ ਇਮਤਿਹਾਨ ਦੇ ਨਤੀਜੇ ਦੀ ਉਡੀਕ ਕਰਨ ਲਗ ਗਿਆ। ਮੇਰੀ ਹੈਰਾਨੀ ਦੀ ਕੋਈ ਹਦ ਨਾ ਰਹੀ ਜਦੋਂ ਮੈਨੂੰ ਦੋ ਕੁ ਮਹੀਨਿਆਂ ਮਗਰੋਂ ਨਤੀਜਾ ਨਿਕਲ ਆਉਣ 'ਤੇ ਪਤਾ ਲੱਗਾ ਕਿ ਮੈਂ ਜਿਉਗਰਾਫ਼ੀ ਵਿਚ ਫ਼ੇਲ ਹੋ ਗਿਆ ਹਾਂ। ਅਤੇ ਬਾਕੀ ਸਾਰੇ ਮਜ਼ਮੂਨਾਂ ਵਿਚ ਪਾਸ ਹੋ ਗਿਆ ਹਾਂ। ਮੇਰਾ ਹੌਸਲਾ ਟੁਟ ਗਿਆ। ਮੈਨੂੰ ਨਿਸਚਾ ਸੀ ਕਿ ਇਮਤਿਹਾਨ ਲੈਣ ਵਾਲਿਆਂ ਪਾਸੋਂ ਜ਼ਰੂਰ ਕਿਧਰੇ ਨਾ ਕਿਧਰੇ ਗ਼ਲਤੀ ਹੋ ਗਈ ਹੈ।



Digitized by Panjab Digital Library | www.panjabdigilib.org

ਮੈਂ ਬਥੇਰੀ ਵਾਹ ਲਾਈ ਤੇ ਕਾਲਜ ਵਾਲਿਆਂ ਵੀ ਮੇਰੀ ਏਸ ਮਾਮਲੇ ਵਿਚ ਸਿਰੋਂ ਪਰੇ ਸਹਾਇਤਾ ਕੀਤੀ ਕਿ ਪਰਚਾ ਮੁੜ ਵੇਖਿਆ ਜਾਵੇ। ਪਰ ਉਹਨੀਂ ਦਿਨੀਂ ਕਾਇਦੇ ਕਾਨੂੰਨ ਏਸ ਗੱਲ ਦੀ ਆਗਿਆ ਹੀ ਨਹੀਂ ਸਨ ਦੇਂਦੇ। ਮੈਂ ਕਹਿੰਦਾ ਰਿਹਾ ਕਿ ਮੈਨੂੰ ਮੇਰਾ ਪਰਚਾ ਦਿਖਾਇਆ ਜਾਵੇ। ਕਿੰਨੇ ਤੇ ਕਿਸ ਹਿਸਾਬ ਨੰਬਰ ਦਿਤੇ ਗਏ ਹਨ ? ਪਰ ਇਹ ਗੱਲ ਉਕੀ ਹੀ ਅਸੰਭਵ ਸੀ। ਮੈਂ ਅਗੇ ਪੜ੍ਹਨ ਤੋਂ ਨਾਂਹ ਕਰ ਦਿਤੀ। ਮੇਰੇ ਘਰ ਦਿਆਂ ਨੂੰ ਵੀ ਬੜੀ ਨਿਰਾਸਤਾ ਹੋ ਗਈ ਕਿ ਕੀਤਾ ਕੀ ਜਾਵੇ ! ਓੜਕ ਸ: ਬਹਾਦਰ ਮਹਿਤਾਬ ਸਿੰਘ ਜੀ ਦੇ ਕਹਿਣ 'ਤੇ ਮੈਨੂੰ ਵਲਾਇਤ (ਇੰਗਲੈਂਡ) ਬੈਰਿਸਟਰੀ ਕਰਨ ਵਾਸਤੇ ਭੇਜਣ ਦਾ ਫ਼ੈਸਲਾ ਹੋਇਆ। ਸੋ ਸੰਨ ੧੯੦੮ ਦੇ ਦੂਜੇ ਅਧ ਵਿਚ ਮੈਂ ਇੰਗਲੈਂਡ ਤੁਰ ਗਿਆ। ਮੇਰੇ ਨਾਲ ਮੇਰੀ ਛੋਟੀ ਭੈਣ ਦੇ ਪਤੀ ਸ: ਲਾਭ ਸਿੰਘ ਜੀ ਵੀ ਗਏ। ਅਸੀਂ ਦੋਵੇਂ ਇਕੋ ਦਿਨ ਘਰੋਂ ਚੱਲੇ। ਅਤੇ ਇਕੋ ਹੀ ਜਹਾਜ਼ ਵਿਚ ਸਫਰ ਕੀਤਾ। ਤੇ ਲੰਡਨ ਜਾ ਪਹੁੰਚੇ। ਸਾਨੂੰ ਸ: ਬਹਾਦਰ ਜੀ ਨੇ ਸਲਾਹ ਦਿੱਤੀ ਸੀ ਕਿ ਅਸੀਂ ਜਾਂਦੇ ਹੀ ਗ੍ਰੇਜ਼ ਇਨ ਵਿਚ ਦਾਖ਼ਲ ਹੋ ਜਾਈਏ। ਸੁ ਅਸਾਂ ਐਸਾ ਹੀ ਕੀਤਾ।

## ਸਮੇਂ ਦੀ ਪਾਬੰਦੀ

ਸਭ ਤੋਂ ਪਹਿਲਾਂ ਸਾਨੂੰ ਦਾਖ਼ਲ ਹੋਣ ਵਿਚ ਇਕ ਔਕੜ ਪੇਸ਼ ਆਈ। ਉਹ ਇਹ ਕਿ ਦਾਖ਼ਲੇ ਦੇ ਕਾਇਦਿਆਂ ਮੁਜਬ ਸਾਨੂੰ ਇਕ ਬੈਂਚਰ (ਪੁਰਾਣੇ ਬੈਰਿਸਟਰ) ਦੀ ਸਫ਼ਾਰਸ਼ ਕਰਾਉਣ ਦੀ ਲੋੜ ਸੀ। ਜਿਸ ਨੇ ਲਿਖ ਕੇ ਦੇਣਾ ਸੀ ਕਿ "ਇਹ ਬੈਰਿਸਟਰੀ ਵਿਚ ਦਾਖ਼ਲ ਕੀਤੇ ਜਾਣ ਦੇ ਯੋਗ ਹਨ। ਮੈਂ ਸਫ਼ਾਰਸ਼ ਕਰਦਾ ਹਾਂ ਕਿ ਇਨ੍ਹਾਂ ਨੂੰ ਦਾਖ਼ਲ ਕਰ ਲਿਆ ਜਾਵੇ।" ਸਾਨੂੰ ਬੈਂਚਰ ਸਾਹਿਬ ਨੇ ਕਿਹਾ ਸੀ ਕਿ ਕਲ੍ਹ ਸਵੇਰੇ ਠੀਕ ੧੦ ਵਜੇ ਗ੍ਰੇਜ਼ ਇਨ ਦੀ ਲਾਇਬ੍ਰੇਰੀ ਦੇ ਬਾਹਰਲੇ ਦਰਵਾਜ਼ੇ 'ਤੇ ਮਿਲਣਾ। ਮੈਂ ਤੁਹਾਨੂੰ ਚਿੱਠੀ ਲਿਖ ਦਿਆਂਗਾ। ਮੰਦੇ ਭਾਗਾਂ ਨੂੰ ਅਸੀਂ ਨਿਯਤ ਗਡੀ (Under Ground Railway) ਖੁੰਝ ਗਏ। ਅਜੇ ਅਸੀਂ ਟਿਕਟਾਂ ਹੀ ਲੈ ਰਹੇ ਸੀ ਕਿ ਗੱਡੀ ਨਿਕਲ ਗਈ। ਪਰ ਖ਼ੈਰ



Digitized by Panjab Digital Library | www.panjabdigilib.org

ਗੱਡੀ ਤਾਂ ਦੋ ਦੋ ਮਿੰਟ ਪਿਛੋਂ ਚਲਦੀ ਸੀ। ਅਸੀਂ ਪਲੈਟਫ਼ਾਰਮ ਉਪਰ ਪੈਰ ਹੀ ਪਾਇਆ ਸੀ ਕਿ ਦੂਜੀ ਗੱਡੀ ਆ ਗਈ, ਅਤੇ ਅਸੀਂ ਸਵਾਰ ਹੋ ਕੇ ਹੋਬਰਨ ਸਟੇਸ਼ਨ ਉਪਰ ਜਾ ਉੱਤਰੇ ਅਤੇ ਜਿੰਨੀ ਛੇਤੀ ਹੋ ਸਕਦਾ ਸੀ ਰਵਾਂ ਰਵੀ ਤੁਰ ਕੇ ਗ੍ਰੇਜ਼ ਇਨ ਦੇ ਦਰਵਾਜ਼ੇ 'ਤੇ ਜਾ ਪਹੁੰਚੇ। ਪਤਾ ਕਰਨ 'ਤੇ ਦਰਬਾਨ ਨੇ ਕਿਹਾ ਕਿ "ਸਾਹਿਬ ਤੁਹਾਨੂੰ ਬੜਾ ਉਡੀਕਦਾ ਰਿਹਾ ਹੈ। ਤੇ ਬੜਾ ਗੁੱਸੇ ਹੋ ਰਿਹਾ ਸੀ ਕਿ ਮੁੰਡੇ ਨਿਯਤ ਸਮੇਂ ਨਹੀਂ ਪਹੁੰਚ ਪਾਏ।" ਅਸੀਂ ਕੇਵਲ ਇਕ ਮਿੰਟ ਲੇਟ ਪੁਜੇ ਸੀ। ਸਾਡੇ ਪੁੱਛਣ 'ਤੇ ਉਸ ਨੇ ਸਾਨੂੰ ਦਸ ਦਿਤਾ ਸੀ ਕਿ ਉਹ ਲਾਇਬ੍ਰੇਰੀ ਵਿਚ ਫਲਾਣੀ ਥਾਂ ਬੈਠਾ ਹੋਵੇਗਾ। ਅਸੀਂ ਉਸ ਦੇ ਪਾਸ ਪਹੁੰਚੇ ਤਾਂ ਉਹ ਸਾਨੂੰ ਖਾਣ ਨੂੰ ਪਿਆ। ਲੋਹਾ ਲਾਖਾ ਹੋ ਰਿਹਾ ਸੀ। ਤੇ ਸਾਨੂੰ ਚਿੱਠੀ ਲਿਖ ਕੇ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਕਹਿਣ ਲੱਗਾ ਮੈਂ ਤੁਹਾਡੀ ਸਫ਼ਾਰਸ਼ ਨਹੀਂ ਕਰ ਸਕਦਾ ਕਿ ਤੁਸੀਂ ਬੈਰਿਸਟਰੀ ਦੇ ਕਾਲਜ ਵਿਚ ਦਾਖ਼ਲ ਕੀਤੇ ਜਾਣ ਦੇ ਯੋਗ ਹੋ। ਤੁਹਾਨੂੰ ਤਾਂ ਵਕਤ ਦੀ ਕੋਈ ਕਦਰ ਹੀ ਨਹੀਂ। ਤੁਸਾਂ ਨਾ ਕੇਵਲ ਮੇਰਾ ਹੀ ਸਮਾਂ ਨਸ਼ਟ ਕੀਤਾ ਹੈ ਸਗੋਂ ਆਪਣਾ ਵੀ ਕੀਮਤੀ ਵਕਤ ਜ਼ਾਇਆ ਕਰ ਲਿਆ ਹੈ। ਅਸਾਂ ਬਥੇਰੀਆਂ ਮਿੰਨਤਾਂ ਕੀਤੀਆਂ, ਪਰ ਉਸ ਇਕ ਨਾ ਮੰਨੀ। ਸਾਡੇ ਵਲੋਂ ਇਹ ਗੱਲ ਜਿਤਾਉਣ 'ਤੇ ਕਿ ਕੇਵਲ ਇਕ ਮਿੰਟ ਹੀ ਲੇਟ ਹੋ ਗਏ ਹਾਂ। ਉਹ ਵੀ ਏਸ ਕਰ ਕੇ ਕਿ ਜਿਸ ਗੱਡੀ ਨੂੰ ਅਸਾਂ ਫੜਨਾ ਸੀ ਉਹ ਖੁੰਝ ਗਈ ਸੀ। ਇਸ 'ਤੇ ਉਸ ਨੇ ਨਕ ਚੜ੍ਹਾ ਕੇ ਉੱਤਰ ਦਿਤਾ, "ਇਹ ਇੰਗਲੈਂਡ ਹੈ। ਇੰਡੀਆ ਨਹੀਂ ਹੈ। ਇਕ ਮਿੰਟ ਵਿਚ ਵੀ ੬੦ ਸੈਕਿੰਟ ਹੁੰਦੇ ਹਨ। ਏਥੇ ਵਕਤ ਦੀ ਪਾਬੰਦੀ ਅਤਿਅੰਤ ਜ਼ਰੂਰੀ ਹੈ।" ਇਹ ਕਹਿ ਕੇ ਸਾਨੂੰ ਬਾਹਰ ਚਲੇ ਜਾਣ ਦਾ ਇਸ਼ਾਰਾ ਦੇ ਦਿੱਤਾ। ਅਤੇ ਫੇਰ ਕਹਿਣ ਲੱਗਾ, "ਮੈਨੂੰ ਬੜਾ ਹੀ ਜ਼ਰੂਰੀ ਕੰਮ ਹੈ। ਮੈਂ ਇਕ ਕੇਸ ਤਿਆਰ ਕਰ ਰਿਹਾ ਹਾਂ। ਤੁਸੀਂ ਮੇਰਾ ਹੋਰ ਸਮਾਂ ਨਾ ਖ਼ਰਾਬ ਕਰੋ।" ਅਸੀਂ ਨਿਰਾਸ ਹੋ ਕੇ ਬਾਹਰ ਆ ਗਏ ਅਤੇ ਕਿਸੇ ਹੋਰ ਬੈਂਚਰ ਦੀ ਸਫ਼ਾਰਸ਼ੀ ਚਿੱਠੀ ਲੈ ਕੇ ਦੋ ਕੁ ਦਿਨਾਂ ਮਗਰੋਂ ਗ੍ਰੇਜ਼ ਇਨ ਵਿਚ ਜਾ ਦਾਖ਼ਲ ਹੋਏ।

ਏਥੇ ਪੜ੍ਹਾਈ ਦੀਆਂ ਸਾਲ ਵਿਚ ੪ ਟਰਮਜ਼ (Terms) ਹੁੰਦੀਆਂ ਸਨ। ਅਸਾਂ ਪਹਿਲੀ ਟਰਮ ਦੇ ਲੈਕਚਰ ਸੁਣੇ। ਡਿਨਰ (ਰਾਤ ਦੇ ਖਾਣੇ) ਵੀ ੬ ਖਾਧੇ।



Digitized by Panjab Digital Library | www.panjabdigilib.org

ਹਰ ਇਕ ਟਰਮ ਵਿਚ ਘਟੋ ਘਟ ੬ ਵਾਰ ਡਿਨਰ, ਕਾਲਜ ਦੇ ਹਾਲ ਵਿਚ ਬੈਠ ਕੇ ਸਾਰਿਆਂ ਨਾਲ ਖਾਣੇ ਪੈਂਦੇ ਹਨ। ਅਤੇ ਬਾਰਾਂ ਟਰਮਾਂ ਵਿਚ ੬+੬ ਅਰਥਾਤ ੧੨ ਤੇ ਫੇਰ ੧੨×੬=੭੨ ਖਾਣੇ ਤਿੰਨ ਕੁ ਸਾਲ ਦੇ ਅਰਸੇ ਵਿਚ। ਇਹ ਗੱਲ ਏਨੀ ਹੀ ਜ਼ਰੂਰੀ ਹੈ ਜਿੰਨੀ ਕਿ ਹੋਰ ਮਜ਼ਮੂਨਾਂ ਵਿਚ ਇਮਤਿਹਾਨ ਦਾ ਪਾਸ ਕਰਨਾ। ਲੈਕਚਰ ਖ਼ਤਮ ਹੋਣ ਮਗਰੋਂ ਟਰਮ ਦਾ ਪੱਕਾ ਇਮਤਿਹਾਨ ਹੋਣ ਤੋਂ ਪਹਿਲਾਂ ਇਕ ਕੱਚਾ ਇਮਤਿਹਾਨ ਇਹ ਦੇਖਣ ਵਾਸਤੇ ਹੁੰਦਾ ਹੈ ਕਿ ਇਮਤਿਹਾਨ ਦੀ ਪੂਰੀ ਤਿਆਰੀ ਹੋ ਗਈ ਹੈ ਕਿ ਨਹੀਂ। ਮੇਰੇ ਵੀਰ ਸ: ਲਾਭ ਸਿੰਘ ਜੀ ਨੇ ਇਮਤਿਹਾਨ ਦੇ ਦਿਤਾ ਤੇ ਮੈਂ ਏਸ ਖ਼ਿਆਲ ਨਾਲ ਕਿ ਦੋ ਦਿਨ ਕੱਚੇ ਇਮਤਿਹਾਨ ਵਿਚ ਕਾਹਦੇ ਲਈ ਗਵਾਉਣੇ ਹਨ ਇਹ ਵੀ ਪੱਕੇ ਇਮਤਿਹਾਨ ਦੀ ਤਿਆਰੀ ਵਿਚ ਹੀ ਕਿਉਂ ਨਾ ਲਗਾਏ ਜਾਣ। ਇਮਤਿਹਾਨ ਹੀ ਨਾ ਦਿੱਤਾ। ਸ: ਲਾਭ ਸਿੰਘ ਸੀ ਇਮਤਿਹਾਨ ਵਿਚੋਂ ਪਾਸ ਹੋ ਗਏ ਤੇ ਉਨ੍ਹਾਂ ਨੇ ਘਰ ਚਿੱਠੀ ਵੀ ਲਿਖ ਦਿਤੀ। ਮੇਰੀ ਵਲੋਂ ਏਸ ਸੰਬੰਧ ਵਿਚ ਕੋਈ ਚਿੱਠੀ ਘਰ ਨਾ ਪਹੁੰਚੀ। ਮੇਰੇ ਭਰਾ ਜੀ ਨੇ ਮੈਨੂੰ ਬੜੇ ਗੁੱਸੇ ਦੀ ਚਿੱਠੀ ਲਿਖੀ, ਕਿ ਇਉਂ ਜਾਪਦਾ ਹੈ ਕਿ ਤੂੰ ਜਾਂਦਾ ਹੀ ਐਸ਼ ਵਿਚ ਪੈ ਗਿਆ ਹੈਂ। ਤੇ ਜਾਂ ਤੂੰ ਇਮਤਿਹਾਨ ਹੀ ਨਹੀਂ ਦਿੱਤਾ ਤੇ ਜਾਂ ਫੇਲ ਹੋ ਗਿਆ ਹੈਂ। ਸ: ਲਾਭ ਸਿੰਘ ਦੀ ਤਾਂ ਪਾਸ ਹੋਣ ਦੀ ਚਿੱਠੀ ਉਸ ਦੇ ਘਰ ਪੁਜ ਗਈ ਹੈ ਕਿ ਉਹ ਰੋਮਨ ਲਾਅ (Roman Law) ਦੇ ਇਮਤਿਹਾਨ ਵਿਚ ਪਾਸ ਹੋ ਗਏ ਹਨ। ਏਨੇ ਨੂੰ ਪੱਕਾ ਇਮਤਿਹਾਨ ਵੀ ਹੋ ਚੁਕਾ ਸੀ। ਤੇ ਮੈਂ ਪਾਸ ਹੋ ਗਿਆ ਸੀ। ਸੁ ਮੈਂ ਘਰ ਵਾਲਿਆਂ ਨੂੰ ਲਿਖ ਭੇਜਿਆ ਕਿ ਪਹਿਲਾ ਇਮਤਿਹਾਨ ਤਾਂ ਕੱਚਾ ਸੀ, ਜੋ ਮੈਂ ਨਹੀਂ ਸੀ ਦਿੱਤਾ। ਪੱਕਾ ਹੁਣ ਹੋਇਆ ਹੈ ਤੇ ਮੈਂ ਪਾਸ ਹੋ ਗਿਆ ਹਾਂ। ਤੁਸੀਂ ਸ: ਲਾਭ ਸਿੰਘ ਨੂੰ ਲਿਖ ਕੇ ਪੁੱਛ ਸਕਦੇ ਹੋ।

ਦੂਜੀ ਔਕੜ ਜੋ ਮੈਨੂੰ ਪੇਸ਼ ਆਈ ਉਹ ਇਹ ਸੀ ਕਿ ਮੈਨੂੰ ਕਈ ਘਰ ਬਦਲਣੇ ਪਏ ਸਨ। ਆਮ ਤੌਰ 'ਤੇ ਵਿਦਿਆਰਥੀ ਟਬਰਾਂ ਵਿਚ ਪੇਇੰਗ ਗੈਸਟ ਦੇ ਤੌਰ 'ਤੇ ਰਿਹਾ ਕਰਦੇ ਸਨ। ਅਰਥਾਤ ਟੱਬਰ ਵਿਚ ਸੌਂਣ ਲਈ ਇਕ ਕਮਰਾ ਲੈ ਲੈਣਾ। ਤੇ ਜੇ ਕੋਈ ਲੋੜ ਸਮਝੇ ਤਾਂ ਬੈਠਣ ਲਈ ਹੋਰ ਇਕ ਵਖਰਾ ਕਮਰਾ ਲੈ ਲੈਣਾ। ਨਹੀਂ ਤਾਂ ਆਮ ਤੌਰ 'ਤੇ ਖਾਣੇ ਵਾਲਾ ਕਮਰਾ ਤਾਂ ਸਭ ਦਾ ਸਾਂਝਾ



Digitized by Panjab Digital Library | www.panjabdigilib.org



ਸ: ਨਰੈਣ ਸਿੰਘ, ਬੈਰਿਸਟਰ-ਕਲਾਸ ਲੰਡਨ ਦੇ ਵਿਦਿਆਰਥੀ

Panjab Digital Library | www.pa

Digitized by Panjab Digital Library | www.panjabdigilib.org

ਹੀ ਹੋਇਆ ਕਰਦਾ ਸੀ । ਡਰਾਇੰਗ ਰੂਮ (ਗੋਲ ਕਮਰਾ) ਵੀ ਸਾਰੇ ਟੱਬਰ ਦਾ ਸਾਂਝਾ ਹੁੰਦਾ ਸੀ । ਪੇਇੰਗ ਗੈੱਸਟ ਵੀ ਓਸੇ ਨੂੰ ਹੀ ਵਰਤਦੇ ਸਨ । ਮੈਂ ਵੀ ਇਕ ਘਰ ਵਿਚ ਰਹਿਣ ਲਗ ਪਿਆ । ਰਿਹਾਇਸ਼ ਅਤੇ ਖਾਣ ਪੀਣ ਦਾ ਕੇਵਲ ਸੋਲਾਂ ਰੁਪਏ ਹਫ਼ਤਾ ਦੇਣਾ ਕੀਤਾ । ਮੈਨੂੰ ਛੋਟੇ ਹੁੰਦਿਆਂ ਤੋਂ ਹੀ ਆਪਣਾ ਖਾਣਾ ਹੱਥੀਂ ਪਕਾਉਣ ਦਾ ਸ਼ੌਕ ਹੁੰਦਾ ਸੀ । ਉਸ ਦਾ ਇਕ ਕਾਰਨ ਇਹ ਵੀ ਸੀ ਕਿ ਜਿਸ ਜ਼ਮਾਨੇ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਿਆ ਕਰਦਾ ਸੀ ਕੇਵਲ ਇਕੋ ਹੀ ਕਿਸਮ ਦਾ ਲੰਗਰ ਹੋਇਆ ਕਰਦਾ ਸੀ । ਤੇ ਉਹ ਵੀ ਏਨਾ ਸਾਦਾ ਕਿ ਸਾਡਾ ਲੰਗਰ ਦਾ ਖ਼ਰਚ ਕੇਵਲ ੨॥) ਜਾਂ ੨॥।) ਆਇਆ ਕਰਦਾ ਸੀ । ਜੇ ਕਦੀ ਪੂਰੇ ੩) ਖ਼ਰਚਾ ਆ ਜਾਂਦਾ ਤਾਂ ਹਾਲ ਦੁਹਾਈ ਮਚ ਜਾਇਆ ਕਰਦੀ । ਕਿ ਐਤਕੀਂ ਏਨਾ ਵਧੇਰੇ ਖ਼ਰਚਾ ਕਿਉਂ ਆ ਗਿਆ ਹੈ ? ਏਸੇ ਕਰ ਕੇ ਮੈਂ ਸਕੂਲ ਕਾਲਜ ਵਿਚ ਛੁੱਟੀ ਵਾਲੇ ਦਿਨ ਆਪਣਾ ਚੁਲ੍ਹਾ ਗਰਮ ਕਰ ਲਿਆ ਕਰਦਾ ਸੀ । ਤੇ ਕੁਝ ਨਾ ਕੁਝ ਬਣਾ ਕੇ ਖਾ ਲਿਆ ਕਰਦਾ ਸੀ ।

ਜਦੋਂ ਲੰਡਨ ਵਿਚ ਆਏ ਤਾਂ ਅੰਗਰੇਜ਼ੀ ਖਾਣਾ ਬੜਾ ਹੀ ਬੇ-ਸਵਾਦਾ ਤੇ ਫਿਕਾ ਫਿਕਾ ਲਗਿਆ ਕਰੇ । ਜਹਾਜ਼ ਵਿਚ ਸਾਡੇ ਲਈ ਇਕ ਲਾਸਕਰ ਦੀ ਰਾਹੀਂ ਖਾਣਾ ਤਿਆਰ ਕਰਵਾ ਦਿਤਾ ਜਾਂਦਾ ਸੀ। ਅਸੀਂ ਦੋਵੇਂ ਜਣੇ ਦੇਸੀ ਚੀਜ਼ਾਂ ਵੀ ਤੇ ਅੰਗ੍ਰੇਜ਼ੀ ਪੁਡਿੰਗ ਆਦਿ ਜੋ ਚੀਜ਼ ਚੰਗੀ ਲਗੇ ਖਾ ਲਿਆ ਕਰਦੇ ਸੀ । ਸੁ ਮੈਂ ਆਪਣੇ ਘਰ ਹਰ ਐਤਵਾਰ ਨੂੰ ਦੇਸੀ ਖਾਣਾ ਤਿਆਰ ਕਰ ਲਿਆ ਕਰਾਂ ਤੇ ਕੁਝ ਸਜਣਾਂ ਮਿੱਤਰਾਂ ਨੂੰ ਬੁਲਾ ਲਿਆ ਕਰਾਂ । ਪਹਿਲਾਂ ਪਹਿਲ ਤਾਂ ਥੋੜੇ ਹੀ ਦੋਸਤ — ਜਿਨ੍ਹਾਂ ਨੂੰ ਮੈਂ ਬੁਲਾ ਭੇਜਦਾ ਸੀ — ਆਇਆ ਕਰਦੇ ਸਨ । ਪਰ ਥੋੜੇ ਚਿਰ ਪਿਛੋਂ ਬਿਨ-ਬੁਲਾਏ-ਮਹਿਮਾਨ ਵੀ ਆਉਣ ਲਗ ਗਏ । ਉਹ ਕਿਹਾ ਕਰਦੇ ਸਨ, ਚਲੋ ਭਾਈ ਦੇ ਘਰ ਦੇਸੀ ਖਾਣਾ ਮਿਲੇਗਾ । ਚਲੋ ਚਲੀਏ ਉਹ ਏਸ ਗੱਲ ਨੂੰ (ਮਾਈਂਡ ਨਹੀਂ ਕਰਦਾ) ਦਿਲ 'ਤੇ ਨਹੀਂ ਲਿਆਉਂਦਾ ।

ਉਸ ਦੇਸ ਵਿਚ ਇੰਡੀਆ ਵਾਂਗ ਰਵਾਜ ਨਹੀਂ ਕਿ ਕਿਸੇ ਖ਼ਾਸ ਸਮੇਂ ਲੋੜ ਪਈ ਤਾਂ ਕਰਾਕਰੀ, ਫ਼ਰਨੀਚਰ (ਮੇਜ਼ਾਂ ਕੁਰਸੀਆਂ) ਕਿਰਾਏ 'ਤੇ ਮੰਗਵਾ ਲਏ ਜਾਣ । ਜਾਂ ਆਂਢ ਗਵਾਂਢ ਪਾਸੋਂ ਮੰਗਵੀਆਂ ਲੈ ਲਈਆਂ । ਸੁ ਜਦੋਂ ਮੇਰੇ ਮਹਿਮਾਨਾਂ ਦੀ ਗਿਣਤੀ ਵਧ ਗਈ ਤਾਂ ਘਰ ਵਾਲਿਆਂ ਨੇ ਨੋਟਿਸ (ਦਬੀ ਜਿਹੀ



Digitized by Panjab Digital Library | www.panjabdigilib.org

ਜ਼ਬਾਨ ਨਾਲ) ਦੇ ਦਿਤਾ ਕਿ ਮੈਂ ਆਪਣੀ ਰਿਹਾਇਸ਼ ਵਾਸਤੇ ਕੋਈ ਹੋਰ ਪ੍ਰਬੰਧ ਕਰ ਲਵਾਂ। ਇਕ ਘਰ ਵੀ ਛਡਿਆ, ਫੇਰ ਦੂਜਾ ਵੀ। ਪਰ ਏਨੇ ਚਿਰ ਨੂੰ ਕੁਝ ਮਹੀਨੇ ਮੈਨੂੰ ਲੰਡਨ ਵਿਚ ਰਹਿੰਦਿਆਂ ਬੀਤ ਚੁਕੇ ਸਨ। ਮੇਰੇ ਅਸਲੀ ਦੋਸਤਾਂ ਨੇ ਰਲ ਮਿਲ ਕੇ ਸੋਚਿਆ, 'ਭਾਈ' 'ਤੇ ਬੜਾ ਬੋਝ ਪੈਂਦਾ ਹੈ। ਹਰ ਹਫ਼ਤੇ ਉਹਦੇ ਪਾਸ ਖਾਣਾ ਖਾਣ ਵਾਲੇ ਏਨੇ ਬੰਦੇ ਪਹੁੰਚ ਜਾਂਦੇ ਹਨ ਜਿਨ੍ਹਾਂ ਦਾ ਇਕੱਲੇ ਜਣੇ ਨੂੰ ਖ਼ਰਚਾ ਝਲਣਾ ਅਸੰਭਵ ਹੈ। ਸੁ ਸਾਨੂੰ ਸਾਰਿਆਂ ਨੂੰ ਵਾਰੋ ਵਾਰੀ ਖਾਣਾ ਦੇਣਾ ਚਾਹੀਦਾ ਹੈ। ਉਹ ਵੀ ਸਾਡੇ ਵਰਗਾ ਇਕ ਵਿਦਿਆਰਥੀ ਹੀ ਤਾਂ ਹੈ। ਉਹਦੀ ਕਿਹੜੀ ਵਖਰੀ ਜਾਗੀਰ ਲਗੀ ਹੋਈ ਹੈ। ਅਸੀਂ ਉਸ ਨੂੰ ਮਜਬੂਰ ਕਰ ਕੇ ਮਨਵਾਈਏ ਕਿ ਵਾਰੀ ਨਾਲ ਜਿਸ ਘਰ ਵੀ ਖਾਣਾ ਹੋਣਾ ਹੋਵੇ ਉਹ ਆਪਣੀ ਸੁਪਰਵੀਯਨ (ਦੇਖ ਰੇਖ) ਵਿਚ ਤਿਆਰ ਕਰਵਾ ਦਿਆ ਕਰਨ। ਸੁ ਦੋਸਤਾਂ ਨੇ ਮਜਬੂਰ ਕਰ ਕੇ ਮੈਨੂੰ ਮੰਨਵਾ ਹੀ ਲਿਆ। ਅਗੇ ਤਾਂ ਮੈਨੂੰ ਹੀ ਦੋ ਘਰ ਛਡਣੇ ਪੈ ਗਏ ਸਨ ਹੁਣ ਕਈਆਂ ਨੂੰ (ਜਿਨ੍ਹਾਂ ਜਿਨ੍ਹਾਂ ਵੀ ਦੇਸੀ ਖਾਣਾ ਆਪਣੇ ਘਰ ਕੀਤਾ) ਘਰ ਛਡਣੇ ਪੈ ਗਏ। ਅੱਠ ਦਸ ਮਹੀਨੇ ਏਸੇ ਤਰ੍ਹਾਂ ਗੁਜ਼ਰ ਗਏ। ਮੈਂ ਇਸ ਸਮੇਂ ਵਿਚ ਆਪਣੇ ਸਾਰੇ ਇਮਤਿਹਾਨ ਇਕ ਇਕ ਕਰ ਕੇ ਪਾਸ ਕਰ ਲਏ। ਤੇ ਆਖ਼ਰੀ (Final) ਇਮਤਿਹਾਨ ਦੀ ਤਿਆਰੀ ਕਰਨ ਲਗ ਗਿਆ। ਜੋ ਕਾਇਦੇ ਅਨੁਸਾਰ ਮੈਂ ਸਾਲ ਸਵਾ ਸਾਲ ਤੋਂ ਪਹਿਲੇ ਨਹੀਂ ਦੇ ਸਕਦਾ ਸੀ। ਅਸਾਂ ਸਾਰਿਆਂ ਹੀ ਵਿਦਿਆਰਥੀਆਂ ਨੇ ਏਸ ਗੱਲ ਨੂੰ ਅਨੁਭਵ ਕਰ ਲਿਆ ਕਿ ਸਾਡੇ ਪਾਸ ਕੋਈ ਆਪਣਾ ਟਿਕਾਣਾ ਹੋਣਾ ਲਾਜ਼ਮੀ ਹੈ ਜਿਥੇ ਅਸੀਂ ਇਕੱਠੇ ਰਲ ਕੇ ਬੈਠ ਸਕੀਏ ਤੇ ਸਪਤਾਹਕ ਖਾਣਾ ਵੀ ਕਰ ਸਕੀਏ।



Digitized by Panjab Digital Library | www.panjabdigilib.org

# ਗੁਰਦਵਾਰਾ (ਭੁਪਿੰਦਰਾ ਧਰਮਸਾਲਾ) ਲੰਡਨ

ਇਨ੍ਹਾਂ ਸੋਚਾਂ ਵਿਚਾਰਾਂ ਵਿਚ ਹੀ ਸੀ ਕਿ ਘਰੋਂ ਇਕ ਚਿੱਠੀ ਆਈ, ਜਿਸ ਨੂੰ ਪੜ੍ਹ ਕੇ ਚਿਤ ਡਾਢਾ ਹੀ ਦੁਖੀ ਹੋ ਗਿਆ। ਮੈਂ ਸੋਚਾਂ ਕਿ ਮੇਰੇ ਘਰ ਵਾਲਿਆਂ ਨੂੰ ਮੇਰੇ ਬਾਰੇ ਇਹ ਖ਼ਿਆਲ ਕਿਉਂ ਤੇ ਕਿਸ ਗੱਲ ਕਰ ਕੇ ਪੈਦਾ ਹੋ ਗਿਆ। ਇਹ ਚਿੱਠੀ ਮੇਰੇ ਵਡੇ ਵੀਰ ਜੀ ਸ: ਰਾਜ ਸਿੰਘ ਦੀ ਸੀ। ਜਿਸ ਵਿਚ ਮੈਨੂੰ ਲਿਖਿਆ ਗਿਆ ਸੀ ਕਿ 'ਅਸਾਂ ਸੁਣਿਆ ਹੈ ਕਿ ਤੂੰ ਸਿਖੀ ਜਾਮੇ ਵਿਚ ਨਹੀਂ ਰਿਹਾ। ਤੂੰ ਪਤਿਤ ਹੋ ਗਿਆ ਹੈਂ।" ਸੁ ਮੈਂ ਬਿਨਾਂ ਕਿਸੇ ਦੇਰੀ ਦੇ ਇਕ ਫ਼ੋਟੋ ਖਿੱਚਣ ਵਾਲੀ ਅਮਰੀਕਨ ਦੁਕਾਨ 'ਤੇ ਜਾ ਪੁੱਜਾ ਅਤੇ ਘਰੋਂ ਹੀ ਕੇਸੀ ਇਸ਼ਨਾਨ ਕਰਕੇ ਗਿੱਲੇ ਹੀ ਕੇਸਾਂ ਦਾ ਜੂੜਾ ਕਰ ਲਿਆ। ਪੱਗ ਸਿਰ 'ਤੇ ਰਖ ਲਈ। ਡਰੈਸਿੰਗ ਗਾਊਨ ਬੈਗ ਵਿਚ ਪਾ ਲਈ। ਫ਼ੋਟੋਗਰਾਫ਼ਰਾਂ ਦੀ ਦੁਕਾਨ ਦੇ ਡਰੈਸਿੰਗ ਰੂਮ ਵਿਚ ਜਾਂਦਿਆਂ ਹੀ ਸੂਟ ਸਾਟ ਉਤਾਰ ਕੇ ਇਕ ਪਾਸੇ ਰਖ ਦਿਤੇ। ਰਾਤ ਵਾਲੇ ਕਪੜੇ ਪਾ ਲਏ। ਡਰੈਸਿੰਗ ਗਾਊਨ ਪਾ ਕੇ ਕੇਸ ਪਿਛੇ ਸੁੱਟ ਲਏ ਅਤੇ ਹੱਥ ਵਿਚ ਇਕ ਪਰਚਾ ਫੜ ਲਿਆ, ਜਿਸ ਉਤੇ ਲਿਖਿਆ ਹੋਇਆ ਸੀ "ਆਹਾ! ਕੇਸੀਂ ਨ੍ਹਾਤਿਆਂ ਤਾਂ ਹੋਸ਼ ਆ ਜਾਂਦੀ ਹੈ।" ਆਪ ਤਸਵੀਰ ਖਿਚਵਾਉਣ ਵਾਲੀ ਕੁਰਸੀ ਉਪਰ ਜਾ ਬੈਠਾ। ਤਸਵੀਰ ਖਿੱਚਣ ਵਾਲਾ ਅੰਗ੍ਰੇਜ਼ ਬੜਾ ਹੀ ਹੈਰਾਨ ਹੋ ਗਿਆ। ਪਰ ਉਸ ਨੇ ਮੇਰੇ ਪਾਸੋਂ ਏਨਾ ਹੀ ਪੁੱਛਿਆ, "ਕੀ ਤੁਸੀਂ ਤਿਆਰ ਹੋ ? ਤਸਵੀਰ ਏਸੇ ਤਰ੍ਹਾਂ ਹੀ ਖਿਚਵਾਉਣੀ ਹੈ ?" ਮੈਂ 'ਹਾਂ' ਕਿਹਾ ਤੇ ਉਸ ਨੇ



Digitized by Panjab Digital Library | www.panjabdigilib.org


ਕੈਮਰਾ ਸੈੱਟ ਕਰ ਕੇ ਬਟਨ ਦਬਾ ਦਿਤਾ। ਤਸਵੀਰ ਖਿੱਚੀ ਗਈ। ਮੈਂ ਤਿੰਨ ਕਾਪੀਆਂ ਲੈ ਆਇਆ ਤੇ ਇਕ ਫ਼ੋਟੋ ਡਾਕ ਰਾਹੀਂ ਵੀਰ ਜੀ ਨੂੰ ਭੇਜ ਦਿਤੀ। ਤੇ ਨਾਲ ਇਕ ਪੱਤਰਕਾ ਲਿਖ ਭੇਜੀ ਕਿ ਮੇਰੇ ਬਾਰੇ ਜੋ ਤੁਸਾਂ ਗੱਲ ਸੁਣੀ ਹੈ, ਉਹ ਉਕੀ ਹੀ ਨਿਰਮੂਲ ਹੈ। ਇਹ ਤਸਵੀਰ ਅਤੇ ਇਸ ਦੇ ਨਾਲ ਹੀ ਮੇਰੀ ਅਤੇ ਵੀਰ ਲਾਭ ਸਿੰਘ ਜੀ ਦੀ ਚਿੱਠੀ ਪੁਜਣ 'ਤੇ ਮੇਰੀ ਸਾਰੀ ਪੁਜ਼ੀਸ਼ਨ ਸਾਫ਼ ਹੋ ਗਈ।

ਉਪਰੰਤ ਇਕ ਦਿਨ ਅਸਾਂ ਸਾਰੇ ਸਿਖ ਵਿਦਿਆਰਥੀਆਂ ਦੀ ਇਕ ਉਚੇਚੀ ਮੀਟਿੰਗ ਸਦ ਕੇ ਇਹ ਫ਼ੈਸਲਾ ਕੀਤਾ ਕਿ ਲੰਡਨ ਵਿਚ ਗੁਰਦਵਾਰਾ ਸਥਾਪਨ ਕੀਤਾ ਜਾਵੇ। ਇਸ ਕਾਰਜ ਵਾਸਤੇ ਸੰਗਤ ਵਲੋਂ ਮੈਨੂੰ ਹੁਕਮ ਹੋਇਆ ਕਿ ਮੈਂ ਦੇਸ (ਇੰਡੀਆ) ਜਾ ਕੇ ਸੰਗਤਾਂ ਪਾਸ ਪੁਜਾਂ ਤੇ ਘਰ ਘਰ ਅਪੀਲ ਕਰ ਕੇ ਮਾਇਆ ਇਕੱਤਰ ਕਰਾਂ। ਤੇ ਵਾਪਸ ਲੰਡਨ ਆ ਜਾਣ 'ਤੇ ਗੁਰਦਵਾਰੇ ਦੀ ਇਮਾਰਤ ਉਸਾਰਨ ਦਾ ਪ੍ਰਬੰਧ ਕੀਤਾ ਜਾਵੇ। ਮੈਂ ਹੋਰ ਸਾਰੇ ਇਮਤਿਹਾਨ ਪਾਸ ਕਰ ਬੈਠਾ ਸੀ ਤੇ ਆਖ਼ਰੀ (Final) ਇਮਤਿਹਾਨ ਅਜੇ ਸਾਲ ਭਰ ਨਹੀਂ ਸੀ ਦੇ ਸਕਦਾ। ਇਸ ਲਈ ਇਹ ਸੇਵਾ ਮੇਰੇ ਹੀ ਸਪੁਰਦ ਹੋ ਗਈ। ਅਸਾਂ ਇਸ ਮਹਾਨ ਕਾਰਜ ਲਈ ਉਸੇ ਦਿਨ ਤੋਂ ਹੀ ਕਮਰਕੱਸੇ ਕਰ ਲਏ। ਸਾਰਿਆਂ ਹੀ ਵਿਦਿਆਰਥੀਆਂ ਨੇ ਆਪਣੇ ਆਪਣੇ ਵਿਤ ਅਨੁਸਾਰ ਇਕ ਇਕ ਪੌਂਡ ਮਾਸਕ ਸਹਾਇਤਾ ਦੇਣ ਦਾ ਇਕਰਾਰ ਕੀਤਾ। ਕਈਆਂ ਨੇ ਤਾਂ ਚਲਦੇ ਮਹੀਨੇ ਦਾ ਚੰਦਾ ਨਕਦੋ ਨਕਦੀ ਦੇ ਦਿਤਾ ਤੇ ਬਾਕੀਆਂ ਨੇ ਅਗਲੇ ਐਤਵਾਰ ਦੀ ਇਕੱਤਰਤਾ ਵਿਚ ਲਿਆ ਕੇ ਜਮ੍ਹਾਂ ਕਰਵਾ ਦਿਤਾ।

ਸ: ਗੰਡਾ ਸਿੰਘ ਉਬੇਰਾਇ ਸਿਆਲਕੋਟ ਵਾਲੇ ਤੇ ਕੁਝ ਹੋਰ ਪਤਵੰਤੇ ਹਿੰਦੀ ਜੋ ਉਹਨੀਂ ਦਿਨੀਂ ਲੰਡਨ ਵਿਚ ਨਿਵਾਸ ਰਖਦੇ ਸਨ ਸ਼ਭਨਾਂ ਨੇ ਦਿਲ ਖੋਲ੍ਹ ਕੇ ਸਹਾਇਤਾ ਕੀਤੀ। ਜਿਸ ਕਰ ਕੇ ਸਾਡੇ ਹੌਂਸਲੇ ਬੜੇ ਹੀ ਵਧ ਗਏ। ਅਸਾਂ ਫ਼ੈਸਲਾ ਕੀਤਾ ਕਿ ਜਦੋਂ ਤਕ ਗੁਰਦਵਾਰਾ ਕਾਇਮ ਕਰ ਦੇਣ ਦਾ ਸਾਰਾ ਪ੍ਰਬੰਧ ਨਹੀਂ ਹੋ ਜਾਂਦਾ, ਅਸੀਂ ਕਿਸੇ ਬਾਗ਼ (ਪਾਰਕ) ਵਿਚ ਜਾਂ ਕਿਸੇ ਹੋਰ ਖੁਲ੍ਹੇ ਥਾਂ ਜਿਥੇ ਪਬਲਿਕ ਜਲਸੇ ਹੋ ਸਕਦੇ ਹੋਣ, ਹਰ ਐਤਵਾਰ ਦੇ ਐਤਵਾਰ ਇਕੱਤਰਤਾ ਜ਼ਰੂਰ ਕਰਿਆ ਕਰੀਏ। ਅਤੇ ਦੇਸੀ ਖਾਣਾ ਤਿਆਰ ਕਰ ਕਰਾ ਕੇ ਉਥੇ ਹੀ ਖਾਧਾ




Digitized by Panjab Digital Library | www.panjabdigilib.org



ਭੁਪਿੰਦਰਾ ਧਰਮਸਾਲਾ ਲੰਡਨ ਦਾ ਸਾਹਮਣਾ ਦ੍ਰਿਸ਼

Digitized by Panjab Digital Library | www.panjabdigilib.org



ਭੂਪਿੰਦਰਾ ਧਰਮਸਾਲਾ ਲੰਡਨ ਦਾ ਅੰਦਰਲਾ ਦ੍ਰਿਸ਼

Digitized by Panjab Digital Library | www.panjabdigilib.org

ਖਵਾਇਆ ਜਾਇਆ ਕਰੇ। ਸੁ ਅਜਿਹਾ ਹੀ ਹੁੰਦਾ ਰਿਹਾ। ਮੈਂ ਸੰਗਤ ਦੀ ਆਗਿਆ ਅਨੁਸਾਰ ਛੇਤੀ ਹੀ ਫ਼ਰਾਂਸੀਸੀ ਕੰਪਨੀ ਮੈਸਾਜਰੀ ਮੈਰੀ ਟਾਈਮਜ਼ ਦੇ ਜਹਾਜ਼ ਵਿਚ ਤੀਜੇ ਦਰਜੇ ਦਾ ਟਿਕਟ ਕਟਵਾ ਕੇ ਬੰਬਈ ਆ ਲਥਾ ਤੇ ਉਥੋਂ ਤੀਜੇ ਦਰਜੇ ਦਾ ਰੇਲ ਦਾ ਟਿਕਟ ਕਟਾ ਕੇ ਅੰਮ੍ਰਿਤਸਰ ਵਲ ਰਵਾਨਾ ਹੋ ਤੁਰਿਆ। ਰਸਤੇ ਵਿਚ ਸਾਥੀ ਮੁਸਾਫ਼ਰਾਂ ਨਾਲ ਵਲਾਇਤ ਦੀਆਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਅਤੇ ਮੈਂ ਉਨ੍ਹਾਂ ਨੂੰ ਪੜ੍ਹਾਈ ਛਡ ਕੇ ਦੇਸ ਆਉਣ ਦਾ ਕਾਰਨ ਵੀ ਦਸਿਆ। ਬਹੁਤ ਸਾਰੇ ਮੁਸਾਫ਼ਰਾਂ ਨੇ ਸਹਾਇਤਾ ਦੇਣ ਦਾ ਭਰੋਸਾ ਦਵਾਇਆ। ਮੈਂ ਉਨ੍ਹਾਂ ਦੇ ਘਰਾਂ ਦੇ ਪਤੇ ਲਿਖ ਲਏ। ਤੇ ਜਿਨ੍ਹਾਂ ਪਾਸ ਮਾਇਆ ਫ਼ਾਲਤੂ ਹਾਜ਼ਰ ਸੀ ਤੁਰਤ ਫੁਰਤ ਮੇਰੇ ਹਵਾਲੇ ਕਰ ਦਿਤੀ। ਅੰਬਾਲਾ ਛਾਵਣੀ ਪੁਜਣ 'ਤੇ ਮੈਂ ਰਾਤ ਦਾ ਖਾਣਾ ਖਾਣ ਲਈ ਰੇਲਵੇ ਰੀਫਰੈੱਸ਼ਮੈਂਟ ਰੂਮ ਵਿਚ ਜਾ ਬੈਠਾ, ਅਤੇ ਬੈਰੇ ਨੂੰ ਕਿਹਾ ਛੇਤੀ ਖਾਣਾ ਲਿਆ ਦੇਵੇ ਕਿਉਂਕਿ ਮੈਂ ਏਸੇ ਗੱਡੀ ਅੰਮ੍ਰਿਤਸਰ ਜਾ ਰਿਹਾ ਹਾਂ। ਉਸ ਨੇ ਉੱਤਰ ਵਿਚ ਕਿਹਾ ਕਿ ਗੱਡੀ ਚਲਣ ਤੋਂ ਦੋ ਮਿੰਟ ਪਹਿਲਾਂ ਗਾਰਡ ਸਭ ਮੁਸਾਫ਼ਰਾਂ ਨੂੰ ਖ਼ਬਰ ਕਰ ਕੇ ਨਾਲ ਲੈ ਜਾਇਆ ਕਰਦਾ ਹੈ। ਫ਼ਿਕਰ ਕਰਨ ਦੀ ਲੋੜ ਨਹੀਂ। ਮੈਂ ਏਸ ਹੌਸਲੇ 'ਤੇ ਬੜੇ ਆਰਾਮ ਨਾਲ ਹੌਲੀ ਹੌਲੀ ਖਾਣਾ ਖਾਈ ਗਿਆ। ਪਰ ਗਾਰਡ ਨੇ ਆ ਕੇ ਕੋਈ ਸਦਾ ਨਾ ਦਿਤਾ। ਮੈਂ ਆਪਣਾ ਬਿਲ ਦੇ ਕੇ ਚਲਣ ਲਗਿਆਂ ਬੈਰੇ ਨੂੰ ਕਿਹਾ ਕਿ ਗਾਰਡ ਤਾਂ ਕੋਈ ਨਹੀਂ ਆਇਆ। ਉਹ ਕਹਿਣ ਲਗਾ ਕਿ ਜੀ ਆਇਆ ਤਾਂ ਜ਼ਰੂਰ ਹੋਵੇਗਾ। ਸ਼ਾਇਦ ਆਪ ਨੇ ਉਸ ਦੀ ਆਵਾਜ਼ ਸੁਣੀ ਹੀ ਨਹੀਂ ਹੋਵੇਗੀ। ਫੇਰ ਆਖਣ ਲਗਾ ਕਿ ਮੈਨੇਜਰ ਨੇ ਉਸ ਨੂੰ ਕਿਸੇ ਕੰਮ ਬਾਹਰ ਭੇਜ ਦਿਤਾ ਸੀ। ਨਹੀਂ ਤਾਂ ਉਹ ਆਪ ਮੈਨੂੰ ਚੇਤਾ ਕਰਵਾ ਦੇਂਦਾ। ਹੁਣ ਤਾਂ ਗੱਡੀ ਚਲੀ ਗਈ ਹੈ। ਮੈਂ ਉਸ ਦੀ ਇਹ ਗੱਲ ਸੁਣ ਕੇ ਡਾਢਾ ਪਰੇਸ਼ਾਨ ਹੋਇਆ। ਮੇਰੇ ਪਾਸ ਬਿਨਾਂ ਤਨ ਦੇ ਕਪੜਿਆਂ ਦੇ ਕੁਝ ਵੀ ਨਹੀਂ ਸੀ। ਰਾਤ ਦੀ ਸਰਦੀ ਦੇ ਖ਼ਿਆਲ ਅਤੇ ਸਾਮਾਨ ਦੇ ਗਵਾਚ ਜਾਣ ਦੇ ਡਰ ਨੇ ਮੈਨੂੰ ਬੜਾ ਹੀ ਬੇਚੈਨ ਕਰ ਦਿਤਾ। ਮੇਰੀਆਂ ਤਾਂ ਸੱਤੇ ਹੀ ਸੁਧਾਂ ਭੁੱਲ ਗਈਆਂ। ਮੈਂ ਝਟ ਪਟ ਲੁਧਿਆਣੇ, ਜਾਲੰਧਰ ਤੇ ਅੰਮ੍ਰਿਤਸਰ ਰੇਲਵੇ ਪੁਲੀਸ ਨੂੰ "ਮੇਰਾ ਸਾਮਾਨ ਸੰਭਾਲ ਕੇ ਉਤਾਰ ਲੈਣ ਲਈ" ਤਾਰਾਂ ਖੜਕਾ ਦਿਤੀਆਂ। ਗੱਡੀ ਦਾ ਨੰਬਰ



Digitized by Panjab Digital Library | www.panjabdigilib.org

ਵੀ ਦੇ ਦਿਤਾ । ਇਕ ਤਾਰ ਖ਼ਾਲਸਾ ਕਾਲਜ ਅੰਮ੍ਰਿਤਸਰ ਆਪਣੇ ਸੁਹਿਰਦ ਮਿੱਤਰ ਤੇ ਕਾਲਜ ਦੇ ਵਿਦਿਆਰਥੀ ਸ: ਬੇਅੰਤ ਸਿੰਘ ਨੂੰ ਬੰਬਈਉਂ ਹੀ ਦੇ ਦਿਤੀ ਸੀ ।

ਅਗਲੀ ਗੱਡੀ ਬੈਠ ਕੇ ਮੈਂ ਅੰਮ੍ਰਿਤਸਰ ਵਲ ਤੁਰ ਪਿਆ । ਲੁਧਿਆਣੇ ਤੇ ਜਾਲੰਧਰ ਗੱਡੀ 'ਚੋਂ ਉਤਰ ਕੇ ਰੇਲਵੇ ਪੁਲਿਸ ਪਾਸੋਂ ਸਾਮਾਨ ਬਾਰੇ ਪੁੱਛ ਗਿਛ ਕੀਤੀ । ਉਨ੍ਹਾਂ ਉੱਤਰ ਦਿਤਾ ਕਿ ਸਾਮਾਨ ਦੀ ਤਲਾਸ਼ ਤਾਂ ਬਹੁਤ ਕੀਤੀ ਹੈ, ਪਰ ਪਤਾ ਕੋਈ ਨਹੀਂ ਚਲਿਆ । ਅੰਮ੍ਰਿਤਸਰ ਵੀ ਪੁੱਛਣ 'ਤੇ ਇਹੋ ਹੀ ਉੱਤਰ ਮਿਲਿਆ । ਮੈਂ ਹੋਰ ਤਾਰਾਂ ਦੇਣ ਲਈ ਤਿਆਰ ਹੋਇਆ ਤਾਂ ਸ: ਬੇਅੰਤ ਸਿੰਘ ਜੀ ਤੇ ਹੋਰ ਮਿੱਤਰ ਆਣ ਮਿਲੇ । ਜੋ ਮੈਨੂੰ ਲੈਣ ਲਈ ਪਹਿਲੀ ਗੱਡੀ 'ਤੇ ਵੀ ਆਏ ਸਨ ਅਤੇ ਮੇਰੇ ਸਾਥੀ ਮੁਸਾਫ਼ਰਾਂ ਦੇ ਦਸਣ 'ਤੇ ਮੇਰਾ ਸਾਮਾਨ ਉਤਰਵਾ ਕੇ ਖ਼ਾਲਸਾ ਕਾਲਜ ਛਡ ਆਏ ਸਨ । ਮੇਰੇ ਸਾਮਾਨ ਵਾਲੇ ਡੱਬੇ ਦੇ ਸਾਥੀ ਮੁਸਾਫ਼ਰਾਂ ਨੂੰ ਉਨ੍ਹਾਂ ਨੇ ਮੇਰੀ ਤਾਰ ਵਿਖਾਈ ਸੀ ਤੇ ਤਾਂ ਉਨ੍ਹਾਂ ਨੇ ਸਾਮਾਨ ਉਤਾਰ ਲੈਣ ਦਿਤਾ ਸੀ । ਮੈਨੂੰ ਤਾਰਾਂ ਦੇਣ ਤੋਂ ਵਰਜਣ ਲਗਿਆਂ ਕਿਹਾ ਕਿ ਰੇਲਵੇ ਪੁਲਿਸ ਦਾ ਹਾਲ ਤਾਂ ਆਪ ਨੇ ਦੇਖ ਹੀ ਲਿਆ ਹੈ ਐਵੇਂ ਰੁਪਏ ਨਾ ਪਟਦੇ ਫਿਰੋ । ਤੇ ਸਾਥੀ ਮੁਸਾਫ਼ਰਾਂ ਵਿਚੋਂ ਕੋਈ ਨਾ ਕੋਈ ਸਾਮਾਨ ਉਤਾਰ ਲੈ ਜਾਏਗਾ ਤੇ ਅਖ਼ਬਾਰ ਦਵਾਰਾ ਖ਼ਬਰ ਜਾਂ ਚਿੱਠੀ ਭੇਜ ਦੇਵੇਗਾ । ਪਰ ਮੈਂ ਨਾ ਮੰਨਿਆ ਤੇ ਕਈ ਥਾਈਂ ਤਾਰਾਂ ਫੇਰ ਦਿਤੀਆਂ, ਪਰ ਤਾਰਾਂ ਦੇਣ ਤੋਂ ਪਹਿਲੋਂ ਹੀ ਸ: ਬੇਅੰਤ ਸਿੰਘ ਨੇ ਮੈਨੂੰ ਜਫੀ ਪਾ ਲਈ ਤੇ ਸਾਮਾਨ ਖ਼ਾਲਸਾ ਕਾਲਜ ਪਹੁੰਚਾ ਦਿਤੇ ਜਾਣ ਦੀ ਸਾਰੀ ਵਿਥਿਆ ਕਹਿ ਸੁਣਾਈ ।

ਮੈਂ ਉਨ੍ਹਾਂ ਦੇ ਨਾਲ ਹੀ ਖ਼ਾਲਸਾ ਕਾਲਜ ਪਹੁੰਚ ਗਿਆ । ਅਤੇ ਸ: ਬੇਅੰਤ ਸਿੰਘ ਦੇ ਕਯੂਬੀਕਲ ਵਿਚ ਜਾ ਡੇਰਾ ਲਾਇਆ । ਜੋ ਸਾਲ ਕੁ ਪਹਿਲਾਂ ਮੇਰਾ ਨਿਵਾਸ ਅਸਥਾਨ ਹੁੰਦਾ ਸੀ । ਜਦ ਮੈਂ ਕ੍ਰਿਕਟ ਦੀ ਟੀਮ ਦਾ ਕਪਤਾਨ ਸੀ ਤਦ ਇਹ ਕਯੂਬੀਕਲ ਮੇਰੇ ਕੋਲ ਸੀ । ਮੇਰੇ ਪਿਛੋਂ ਕਪਤਾਨ ਬੇਅੰਤ ਸਿੰਘ ਬਣ ਗਿਆ ਤਾਂ ਕਯੂਬੀਕਲ ਉਪਰ ਕਬਜ਼ਾ ਉਸ ਦਾ ਹੋ ਗਿਆ । ਮੈਂ ਉਸ ਕਯੂਬੀਕਲ ਵਿਚ ਆਪਣਾ ਸਾਰਾ ਸਾਮਾਨ ਪਿਆ ਹੋਇਆ ਦੇਖ ਕੇ ਬੜਾ ਹੀ ਖ਼ੁਸ਼ ਹੋਇਆ ।

ਸ਼ਾਹਪੁਰੀਏ ਵਿਦਿਆਰਥੀਆਂ ਨੇ ਏਸ ਗੱਲ ਦਾ ਬੜਾ ਹੀ ਗੁੱਸਾ ਮਨਾਇਆ ਕਿ ਮੈਂ ਉਨ੍ਹਾਂ ਪਾਸ ਤਾਂ ਠਹਿਰਿਆ ਨਹੀਂ ਤੇ ਅੰਮ੍ਰਿਤਸਰੀਏ ਵਿਦਿਆਰਥੀ ਪਾਸ



Digitized by Panjab Digital Library | www.panjabdigilib.org

ਆਣ ਉਤਾਰਾ ਲਿਆ ਹੈ। ਮੈਂ ਉਨ੍ਹਾਂ ਪਾਸੋਂ ਏਸ ਭੁੱਲ ਦੀ ਮਾਫ਼ੀ ਮੰਗ ਲਈ ਤੇ ਉਨ੍ਹਾਂ ਨੂੰ ਨਿਸ਼ਚਾ ਦਵਾਇਆ ਕਿ ਮੇਰੇ ਦਿਲ ਵਿਚ ਆਪਣੇ ਵਤਨੀਆਂ ਵਾਸਤੇ ਪਿਆਰ ਤੇ ਸਤਿਕਾਰ ਓਨਾ ਹੀ ਹੈ ਜਿੰਨਾ ਕਿ ਇਕ ਵਤਨੀ ਵਾਸਤੇ ਦੂਜੇ ਵਤਨੀ ਦੇ ਦਿਲ ਵਿਚ ਹੋਣਾ ਚਾਹੀਦਾ ਹੈ। ਪਰ ਬੇਅੰਤ ਸਿੰਘ ਨਾਲ ਵੀ ਮੇਰੇ ਦਿਲ ਵਿਚ ਜਿੰਨਾ ਪਿਆਰ ਹੈ ਮੈਂ ਬਿਆਨ ਹੀ ਨਹੀਂ ਕਰ ਸਕਦਾ। ਉਹ ਮੈਨੂੰ ਸਕੇ ਭਰਾਵਾਂ ਨਾਲੋਂ ਵੀ ਵਧ ਪਿਆਰਾ ਹੈ।

ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵੀ ਮੈਨੂੰ ਸਹਾਇਤਾ ਦੇਣ ਦਾ ਬਹੁਤ ਸਾਰਾ ਭਰੋਸਾ ਦਵਾਇਆ ਤੇ ਕਿਹਾ ਕਿ ਹੁਣ ਜਦ ਮੁੜ ਵਲਾਇਤ ਪਰਤਣ ਸਮੇਂ ਮੈਂ ਉਨ੍ਹਾਂ ਨੂੰ ਮਿਲਣ ਵਾਸਤੇ ਆਵਾਂਗਾ, ਤਾਂ ਉਹ ਬਹੁਤ ਸਾਰੀ ਮਾਇਆ ਉਗਰਾਹ ਕੇ ਮੈਨੂੰ ਦੇ ਭੇਜਣਗੇ। ਏਸੇ ਤਰ੍ਹਾਂ ਸਟਾਫ਼ ਦੇ ਕੁਝ ਕੁ ਮੈਂਬਰਾਂ ਵੀ ਸਹਾਇਤਾ ਦਾ ਭਰੋਸਾ ਦਵਾਇਆ। ਤੇ ਮੇਰੀ ਵਾਪਸੀ 'ਤੇ ਸਭਨਾਂ ਨੇ ਹੀ ਆਪਣੇ ਬਚਨ ਪੂਰੇ ਕਰ ਵਿਖਾਏ।

ਦੋ ਦਿਨ ਖ਼ਾਲਸਾ ਕਾਲਜ ਠਹਿਰ ਕੇ ਮੈਂ ਸਿਧਾ ਸਰਗੋਧੇ ਹੁੰਦਾ ਹੋਇਆ ਆਪਣੇ ਘਰ ਜਾ ਪੁਜਾ। ਇਨ੍ਹਾਂ ਦੋ ਦਿਨਾਂ ਵਿਚ ਮੈਂ ਇਕ ਤਾਂ ਪੰਜਾਬ ਸਿੰਧ ਬੈਂਕ ਵਿਚ ਲੰਡਨ ਗੁਰਦੁਆਰੇ ਦੇ ਨਾਮ ਦਾ ਹਿਸਾਬ ਖੋਲ੍ਹ ਲਿਆ ਤੇ ਇਕੱਤਰ ਕੀਤੀ ਹੋਈ ਮਾਇਆ ਜਮ੍ਹਾਂ ਕਰਵਾ ਦਿਤੀ। ਦੂਸਰੇ ਰਸੀਦ ਬੁਕਾਂ ਵੀ ਗੁਰਦੁਆਰਾ ਲੰਡਨ ਦੇ ਨਾਮ ਦੀਆਂ ਛਪਵਾ ਲਈਆਂ। ਤਾਂ ਜੁ, ਜੋ ਜੋ ਸੱਜਣ ਨਕਦ ਮਾਇਆ ਦਾਨ ਕਰਨ, ਉਨ੍ਹਾਂ ਨੂੰ ਨਾਲ ਦੇ ਨਾਲ ਹੀ ਪੱਕੀਆਂ ਰਸੀਦਾਂ ਕੱਟ ਕੱਟ ਕੇ ਦੇ ਦਿਤੀਆਂ ਜਾਣ। ਉਪਰੰਤ ਖ਼ਾਲਸਾ ਸਮਾਚਾਰ ਤੇ ਇਕ ਦੋ ਹੋਰ ਅਖ਼ਬਾਰਾਂ ਵਿਚ ਨਿੱਕਾ ਜਿਹਾ ਲੇਖ ਦੇ ਕੇ ਸੰਗਤਾਂ ਨੂੰ ਬੇਨਤੀ ਕਰ ਦਿਤੀ ਕਿ ਲੰਡਨ ਦੇ ਗੁਰਦੁਆਰੇ ਵਾਸਤੇ ਮਾਇਆ ਪੰਜਾਬ ਸਿੰਧ ਬੈਂਕ ਨੂੰ ਭੇਜ ਦਿਆ ਕਰਨ। ਜਾਂ ਚੀਫ਼ ਖ਼ਾਲਸਾ ਦੀਵਾਨ ਤੇ ਜਾਂ ਮੈਨੂੰ ਰਸੀਦ ਲੈ ਕੇ ਦੇ ਦਿਆ ਕਰਨ। ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਾਹਿਬ ਦੀ ਸੇਵਾ ਵਿਚ ਵੀ ਬਿਨੈ ਪੱਤਰ ਭੇਜ ਦਿਤਾ ਕਿ ਉਹ ਆਪਣੇ ਪਾਸ ਗੁਰਦੁਆਰਾ ਲੰਡਨ ਦੇ ਨਾਮ ਦਾ ਖਾਤਾਂ ਖੋਲ੍ਹ ਲੈਣ। ਅਤੇ ਜੋ ਮਾਇਆ ਗੁਰਦੁਆਰਾ ਲੰਡਨ ਵਾਸਤੇ ਦਾਨੀ ਸੱਜਣ ਭੇਜਣ ਉਹ ਉਸ ਖਾਤੇ ਜਮ੍ਹਾਂ ਕਰ ਲੈਣ ਦੀ ਕ੍ਰਿਪਾਲਤਾ ਕਰਨ।



Digitized by Panjab Digital Library | www.panjabdigilib.org

ਸਰਗੋਧੇ ਪਹੁੰਚਣ 'ਤੇ ਮੈਨੂੰ ਪਤਾ ਲਗਾ ਕਿ ਮੇਰੇ ਵੀਰ ਜੀ ਆਪਣੇ ਪਿੰਡ ਮਿੱਠਾ ਟਿਵਾਣੇ ਗਏ ਹੋਏ ਹਨ। ਮਾਤਾ ਜੀ ਤੇ ਪਿਤਾ ਜੀ ਤਾਂ ਰਿਹਾ ਹੀ ਪਿੰਡ ਕਰਦੇ ਸਨ। ਸੁ ਮੈਂ ਸਰਗੋਧੇ ਦੀ ਸੰਗਤ ਨੂੰ ਬੇਨਤੀ ਕੀਤੀ ਕਿ ਪਿੰਡੋਂ ਵਾਪਸੀ 'ਤੇ ਮੈਂ ਉਨ੍ਹਾਂ ਦੀ ਹਾਜ਼ਰੀ ਭਰਾਂਗਾ। ਤੇ ਆਪ ਪਿੰਡ ਪਹੁੰਚ ਗਿਆ। ਕਈ ਪ੍ਰੇਮੀਆਂ ਨੇ ਮੇਰੇ ਵੀਰ ਜੀ ਨੂੰ ਸੰਖਣ ਦੇ ਜਤਨ ਕੀਤੇ ਕਿ ਲੈ ਆ ਗਿਆ ਈ, ਭਰਾ ਬੈਰਿਸਟਰੀ ਪਾਸ ਕਰ ਕੇ। ਮੇਰਾ ਵੀਰ ਪੜ੍ਹਿਆ ਹੋਇਆ ਤਾਂ ਭਾਵੇਂ ਤਿੰਨ ਹੀ ਜਮਾਤਾਂ ਸੀ ਤੇ ਉਹ ਵੀ ਪਿੰਡ ਦੇ ਸਕੂਲ ਦੀਆਂ। ਪਰ ਗੁੜ੍ਹਿਆ ਹੋਇਆ ਬਹੁਤ ਸੀ। ਕਈ ਮੰਡੀਆਂ ਵਿਚ ਜਾਇਦਾਦਾਂ ਬਣਵਾਂਦਾ ਰਿਹਾ। ਭਾਂਤ ਭਾਂਤ ਦੇ ਲੋਕਾਂ ਨਾਲ ਵਾਹ ਪੈਂਦਾ ਰਹਿਣ ਕਰ ਕੇ ਉਹ ਸਮਝਦਾਰ ਬਹੁਤ ਹੋ ਗਿਆ ਸੀ। ਚੰਗੇ ਮੰਦੇ ਦੀ ਪਰਖ ਦਾ ਇਲਮ ਉਹ ਖ਼ੂਬ ਪੜ੍ਹ ਗਿਆ ਸੀ। ਮੈਨੂੰ ਪਤਾ ਲਗਾ ਕਿ ਵੀਰ ਜੀ ਨੇ ਮੇਰੇ ਆਉਣ ਦੀ ਖ਼ਬਰ ਪਿਤਾ ਜੀ ਨੂੰ ਵੀ ਕਰ ਦਿਤੀ ਸੀ। ਤੇ ਇਹ ਪਹਿਲਾ ਮੌਕਿਆ ਸੀ, ਜਦ ਪਿਤਾ ਜੀ ਨੇ ਕੋਈ ਘਰੋਗੀ ਗੱਲ ਕੰਨ ਦੇ ਕੇ ਸੁਣੀ। ਜਾਂ ਜਿਸ ਸੰਬੰਧੀ ਆਪਣਾ ਵਿਚਾਰ ਪ੍ਰਗਟ ਕੀਤਾ। ਉਨ੍ਹਾਂ ਨੇ ਵੀਰ ਜੀ ਨੂੰ ਸਲਾਹ ਦਿਤੀ ਕਿ ਬਿਨਾਂ ਨਰੈਣ ਸਿੰਘ ਦੀ ਗੱਲ ਬਾਤ ਸੁਣਿਆਂ, ਉਸ ਨਾਲ ਕੋਈ ਕੌੜੀ ਫਿਕੀ ਨਹੀਂ ਕਰਨੀ। ਜਿਸ ਦੇ ਉੱਤਰ ਵਿਚ ਵੀਰ ਜੀ ਨੇ ਦਸਿਆ ਕਿ ਕਈਆਂ ਸੱਜਣਾਂ ਨੇ ਉਸ ਨੂੰ ਚੁਕਣ ਦੀ ਟਿਲ ਲਾਈ, ਪਰ ਉਹ ਏਨੀ ਸਮਝ ਰਖਦਾ ਹੈ ਕਿ ਜੋ ਕੁਝ ਹੋਣਾ ਸੀ, ਸੁ ਹੋ ਚੁਕਾ। ਗਈ ਗੁਜ਼ਰੀ ਗੱਲ ਦਾ ਗੁੱਸਾ ਗਿਲਾ ਕਰਨਾ ਫ਼ਜ਼ੂਲ ਹੈ। ਨਾਲੇ ਭਰਾ ਦੀ ਗੱਲ ਬਾਤ ਸੁਣਨੀ ਵੀ ਜ਼ਰੂਰੀ ਹੈ। ਉਂਜ ਤਾਂ ਨਰੈਣ ਸਿੰਘ ਨੇ ਚਿੱਠੀ ਵਿਚ ਲਿਖਿਆ ਵੀ ਸੀ ਕਿ ਉਸ ਦਾ ਹਰਜ ਕੋਈ ਨਹੀਂ ਹੋਵੇਗਾ। ਕਿਉਂਕਿ ਛੇਕੜਲਾ ਫ਼ੈਸਲਾਕੁੰਨ ਇਮਤਿਹਾਨ ਤਾਂ ਉਹ ਅਜੇ ਇਕ ਸਾਲ ਦੇ ਹੀ ਨਹੀਂ ਸਕਦਾ। ਅਤੇ ਹਿੰਦ ਆਉਣ ਤੇ ਵਾਪਸ ਲੰਡਨ ਜਾਣ 'ਤੇ ਉਸ ਦਾ ਜੋ ਸਫ਼ਰ ਖ਼ਰਚ ਆਵੇਗਾ ਉਹ ਸੰਗਤ ਨੇ ਦੇਣਾ ਕਰ ਲਿਆ ਹੈ, ਜੋ ਸਫ਼ਰ ਖ਼ਰਚ ਉਹ ਜਹਾਜ਼ ਜਾਂ ਰੇਲ ਦੇ ਤੀਜੇ ਦਰਜੇ ਦਾ ਕਰਿਆ ਕਰੇਗਾ। ਇਹ ਖ਼ੁਸ਼ੀ ਦੀ ਗੱਲ ਹੈ ਕਿ ਉਹ ਸਾਬਤ ਸੂਰਤ ਆ ਰਿਹਾ ਹੈ ਤੇ ਚੰਗੇ ਨੇਕ ਕੰਮ ਵਾਸਤੇ ਆ ਰਿਹਾ ਹੈ।

ਮੈਂ ਮਿੱਠੇ ਟਿਵਾਣੇ ਕੇਵਲ ਇਕੋ ਦਿਨ ਠਹਿਰਿਆ। ਮੇਰੀ ਸਿੰਘਣੀ ਵੀ



Digitized by Panjab Digital Library | www.panjabdigilib.org

ਪਿੰਡ ਹੀ ਆਈ ਹੋਈ ਸੀ। ਸੋ ਸਹੁਰੇ ਜਾਣ ਦਾ ਸਵਾਲ ਹੀ ਪੈਦਾ ਨਾ ਹੋਇਆ। ਮੇਰਾ ਇਕ ਦਿਨ ਖ਼ਰਾਬ ਹੋਣੋਂ ਬਚ ਗਿਆ। ਮੇਰੇ ਵੀਰ ਜੀ ਮੇਰੇ ਨਾਲ ਹੀ ਸਰਗੋਧੇ ਆ ਗਏ। ਚੰਦਾਂ ਉਗਰਾਹੁਣ ਵਿਚ ਮੇਰੀ ਚੰਗੀ ਸਹਾਇਤਾ ਕਰਦੇ ਰਹੇ। ਸਰਗੋਧੇ ਦੋ ਹੀ ਦਿਨ ਠਹਿਰ ਕੇ ਮੈਂ ਆਪਣਾ ਜ਼ਿਲੇ ਵਾਰ ਦੌਰਾ ਸ਼ੁਰੂ ਕਰ ਦਿਤਾ। ਕਈਆਂ ਸ਼ਹਿਰਾਂ ਤੇ ਮੰਡੀਆਂ ਵਿਚ ਵੀ ਮੈਂ ਭਉਂ ਨਿਕਲਿਆ। ਉਸ ਸਾਲ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਰਾਵਲਪਿੰਡੀ ਵਿਚ ਹੋਣੀ ਸੀ। ਮੈਂ ਲਾਹੌਰੋਂ ਸਿੱਧਾ ਰਾਵਲਪਿੰਡੀ ਦਾ ਸੈਕੰਡ ਕਲਾਸ ਦਾ ਟਿਕਟ ਖ਼ਰੀਦ ਲਿਆ। ਸਾਮਾਨ ਆਪਣਾ ਸੈਕੰਡ ਕਲਾਸ ਦੇ ਇਕ ਖ਼ਾਲੀ ਡੱਬੇ ਵਿਚ ਟਿਕਾ ਕੇ ਆਪ ਚਾਹ ਪੀਣ ਅਤੇ ਸਵੇਰ ਦਾ ਖਾਣਾ ਖਾਣ ਰੀਫ਼ਰੈੱਸ਼ਮੈਂਟ ਰੂਮ ਵਿਚ ਜਾ ਬੈਠਾ। ਗੱਡੀ ਚਲ ਪੈਣ ਵਿਚ ਦੋ ਤਿੰਨ ਮਿੰਟ ਹੀ ਬਾਕੀ ਰਹਿ ਗਏ ਸਨ ਕਿ ਮੈਂ ਆਪਣੇ ਡੱਬੇ ਵਿਚ ਸੀਟ ਲੈਣ ਵਾਸਤੇ ਅਗੇ ਵਧਿਆ। ਪਰ ਜਦ ਮੈਂ ਰੀਫ਼ਰੈੱਸ਼ਮੈਂਟ ਰੂਮ ਵਿਚ ਖਾਣਾ ਖਾ ਰਿਹਾ ਸੀ ਇਕ ਉਧੇੜ ਉਮਰ ਦੀ ਯੂਰਪੀਅਨ ਲੇਡੀ ਮੇਰੇ ਡੱਬੇ ਵਿਚ ਆਣ ਬੈਠੀ ਸੀ। ਜਦ ਮੈਂ ਪਾਇਦਾਨ 'ਤੇ ਪੈਰ ਰਖ ਕੇ ਉਪਰ ਚੜ੍ਹਨ ਵਾਸਤੇ ਡੰਡੇ ਨੂੰ ਹੱਥ ਪਾਇਆ, ਤਾਂ ਲੇਡੀ ਉਠ ਕੇ ਦਰਵਾਜ਼ੇ ਵਿਚ ਅੜ ਕੇ ਆਣ ਖਲੋਤੀ ਤੇ ਮੈਨੂੰ ਡੱਬੇ ਅੰਦਰ ਵੜਨੋਂ ਠਾਕ ਦਿਤਾ ਅਤੇ ਮੈਨੂੰ ਕਹਿਣ ਲਗੀ ਕਿ ਜਿਸ ਡੱਬੇ ਵਿਚ ਹਿੰਦੁਸਤਾਨੀ ਬੈਠੇ ਹਨ, ਉਸ ਵਿਚ ਜਾ ਬੈਠਾਂ। ਮੈਂ ਉਸ ਨੂੰ ਸਮਝਾਇਆ ਕਿ ਤੈਨੂੰ ਜ਼ਨਾਨੇ ਡੱਬੇ ਵਿਚ ਚਲੀ ਜਾਣਾ ਚਾਹੀਦਾ ਹੈ। ਤੇ ਫੇਰ ਗੱਲ ਇਹ ਵੀ ਹੈ ਕਿ ਮੈਂ ਉਸ ਨਾਲੋਂ ਪਹਿਲਾਂ ਦਾ ਉਸ ਡੱਬੇ ਵਿਚ ਸਾਮਾਨ ਰਖ ਕੇ ਬੈਠ ਚੁੱਕਾ ਸੀ। ਗੱਡੀ ਦੀ ਪਹਿਲੀ ਸੀਟੀ ਹੋ ਗਈ ਸੀ। ਤੇ ਮੈਂ ਜ਼ੋਰ ਨਾਲ ਦਰਵਾਜ਼ਾ ਖੋਲ੍ਹ ਕੇ ਅੰਦਰ ਲੰਘਣ ਵਾਸਤੇ ਤਿਆਰ ਹੋਇਆ, ਤਾਂ ਉਸ ਬੁੱਢੜੀ ਨੇ ਰੌਲਾ ਚੁੱਕ ਪਾਇਆ। ਪਤਾ ਨਹੀਂ ਉਸ ਨੂੰ ਮੇਰੇ ਪਾਸੋਂ ਕੀ ਭਾਸ ਰਿਹਾ ਸੀ। ਸ਼ਾਇਦ ਦੇਸੀ ਨਾਲ ਰਲ ਕੇ ਸਫ਼ਰ ਕਰਨ ਵਿਚ ਆਪਣੀ ਚਿੱਟੀ ਚੰਮੜੀ ਦੀ ਨਿਰਾਦਰੀ ਸਮਝਦੀ ਹੋਵੇਗੀ। ਉਂਜ ਤਾਂ ਮੇਰਾ ਵੀ ਅੰਗਰੇਜ਼ੀ ਤਰਜ ਦਾ ਪਹਿਰਾਵਾ ਸੀ ਅਤੇ ਅੰਗਰੇਜ਼ੀ ਫ਼ੈਸ਼ਨ ਦੇ ਪ੍ਰਚਲਿਤ ਹੁਲੀਏ ਅਨੁਸਾਰ "ਸੂਟਿਡ, ਬੂਟਿਡ, ਸਟਿਕ ਇਨ ਹੈਂਡ, ਡਾਗ ਬੀਹਾਈਂਡ ਵਾਲਾ ਜੈਂਟਲਮੈਨ" ਤਾਂ ਮੈਂ ਪੂਰਾ ਲਗਦਾ ਸੀ, ਪਤਾ ਨਹੀਂ ਏਸ ਨੂੰ ਮੇਰੇ ਪਾਸੋਂ ਏਨੀ ਚਿੜ ਕਿਉਂ ਹੋ ਗਈ।



Digitized by Panjab Digital Library | www.panjabdigilib.org

ਮੇਮ ਦਾ ਗ਼ੌਗਾ ਸੁਣ ਕੇ ਸਟੇਸ਼ਨ ਸਟਾਫ਼ ਦਾ ਇਕ ਗੋਰਾ ਚਿੱਟਾ ਸੀਨੀਅਰ ਮੁਲਾਜ਼ਮ ਆਣ ਨਿਕਲਿਆ। ਮੈਂ ਉਸ ਨੂੰ ਵੀ ਸਮਝਾਇਆ। ਪਰ ਓਨ ਮੇਰੇ ਏਤਰਾਜ਼ ਦੀ ਕੱਖ ਪ੍ਰਵਾਹ ਨਾ ਕੀਤੀ। ਉਸ ਨੇ ਸਭ ਤੋਂ ਪਹਿਲਾ ਕੰਮ ਇਹੋ ਕੀਤਾ ਕਿ ਉਸ ਡੱਬੇ ਦੇ ਲੇਬਲ ਵਾਲੀ ਫੇਰਵੀਂ ਡਿਸਕ ਨੂੰ ਘੁਮਾ ਕੇ (ਕੇਵਲ ਇਸਤ੍ਰੀਆਂ ਵਾਸਤੇ) ਦਾ ਪਾਸਾ ਸਾਹਮਣੇ ਕਰ ਦਿਤਾ। ਅਤੇ ਦੂਜਾ ਕੰਮ ਇਹ ਕੀਤਾ ਕਿ ਇਕ ਕੁਲੀ ਨੂੰ ਬੁਲਾ ਕੇ ਹੁਕਮ ਕਰ ਦਿਤਾ ਕਿ ਮੇਰਾ ਸਾਮਾਨ ਉਤਾਰ ਕੇ ਪਲੈਟਫ਼ਾਰਮ ਉਪਰ ਰਖ ਦੇਵੇ। ਕੁਲੀ ਤਾਂ ਮੇਰੀ ਘੁਰਕੀ ਪਾਸੋਂ ਡਰਦਾ ਠਠੰਬਰ ਕੇ ਪਿਛੇ ਹਟ ਗਿਆ ਤੇ ਮੈਂ ਗੋਰੇ ਨੂੰ ਲਲਕਾਰਾ ਦਿਤਾ ਕਿ ਹਿੰਮਤ ਹੈ ਤਾਂ ਮੇਰਾ ਸਾਮਾਨ ਆਪਣੇ ਹੱਥੀਂ ਉਤਾਰ ਕੇ ਵਿਖਾਵੇ। ਉਸ ਨੇ ਮੇਰਾ ਸੂਟ ਕੇਸ ਫੜ ਕੇ ਪਲੈਟ ਫ਼ਾਰਮ ਉਪਰ ਰਖਿਆ ਹੀ ਸੀ ਕਿ ਉਸ ਨੂੰ ਧੌਣ ਤੋਂ ਫੜ ਕੇ ਉਹ ਜ਼ੋਰ ਦਾ ਧੱਕਾ ਦਿਤਾ ਕਿ ਉਹ ਲੜਖੜਾਂਦਾ ਲੜਖੜਾਂਦਾ ਦੂਰ ਸਾਰੇ ਜਾ ਡਿੱਗਾ ਤੇ ਟੋਪ ਉਸ ਦਾ ਹਵਾ ਨਾਲ ਗੱਲਾਂ ਕਰਦਾ ੨੫—੩੦ ਗਜ਼ ਦੇ ਫ਼ਾਸਲੇ 'ਤੇ ਜਾ ਪਿਆ। ਉਸ ਨੇ ਦੋਵੇਂ ਬਾਹਵਾਂ ਖੜੀਆਂ ਕਰ ਕੇ ਸੀਟੀ ਦੇ ਦਿਤੀ ਤੇ ਗੱਡੀ ਰੁਕ ਗਈ। ਗੱਡੀ ਵੀ ਮੇਲ ਸੀ।

ਰੌਲਾ ਰੱਪਾ ਸੁਣ ਕੇ ਸਟੇਸ਼ਨ ਮਾਸਟਰ (ਅੰਗਰੇਜ਼) ਵੀ ਅੰਦਰੋਂ ਨਿਕਲ ਆਇਆ। ਨਾਲ ਦੇ ਡੱਬੇ ਵਿਚੋਂ ਕੁਝ ਕੁ ਹਿੰਦੁਸਤਾਨੀ ਮੁਸਾਫ਼ਰ ਵੀ ਝਗੜੇ ਵਾਲੀ ਥਾਂ ਆ ਖਲੋਤੇ। ਸਟੇਸ਼ਨ ਮਾਸਟਰ ਦੇ ਪੁੱਛਣ 'ਤੇ ਮੈਂ ਉਸ ਨੂੰ ਦਸ ਦਿਤਾ ਕਿ (ਕੇਵਲ ਇਸਤ੍ਰੀਆਂ ਵਾਸਤੇ) ਦਾ ਲੇਬਲ ਝਗੜਾ ਹੋ ਪੈਣ ਮਗਰੋਂ ਸਟੇਸ਼ਨ ਸੁਪ੍ਰਿੰਟੈਂਡੈਂਟ ਨੇ ਸ਼ਰਾਰਤ ਨਾਲ ਬਦਲ ਦਿਤਾ ਹੈ। ਨਾਲੇ ਮੈਂ ਦਸਿਆ ਕਿ ਜਦ ਮੈਂ ਏਸ ਡੱਬੇ ਵਿਚ ਸਾਮਾਨ ਰਖਿਆ ਸੀ, ਉਦੋਂ ਮੈਂ ਹੀ ਇਕ ਮੁਸਾਫ਼ਰ ਏਸ ਕਮਰੇ ਵਿਚ ਸਵਾਰ ਹੋਇਆ ਸੀ। ਇਹ ਮੇਮ ਸਾਹਿਬਾ ਮੈਥੋਂ ਦੂਰ ਮਗਰੋਂ ਆਈ ਜਦਕਿ ਮੈਂ ਰੀਫ਼ਰੈੱਸ਼ਮੈਂਟ ਰੂਮ ਵਿਚ ਬਰੇਕਫ਼ਾਸਟ ਲੈ ਰਿਹਾ ਸੀ। ਇਸ ਨੇ ਆਪਣਾ ਸਾਮਾਨ ਅੰਦਰ ਰਖ ਕੇ ਸਾਰੇ ਦੇ ਸਾਰੇ ਡੱਬੇ ਉਪਰ ਕਬਜ਼ਾ ਜਮਾ ਲਿਆ। ਪੁੱਛ ਗਿੱਛ ਕਰਨ 'ਤੇ ਮੇਮ ਨੇ ਮੇਰੀਆਂ ਇਹ ਸਾਰੀਆਂ ਗੱਲਾਂ ਸੱਚੀਆਂ ਮੰਨ ਲਈਆਂ। ਅਖ਼ੀਰ ਦੀ ਬਾਕੀ ਇਹ ਕਹਿ ਸੁਣਾਇਆ ਕਿ ਮੈਂ ਦੇਸੀ ਮਨੁੱਖ ਦੇ ਬਰਾਬਰ ਬੈਠ ਕੇ ਸਫ਼ਰ ਨਹੀਂ ਕਰ ਸਕਦੀ।



Digitized by Panjab Digital Library | www.panjabdigilib.org

ਇਹ ਸੁਣ ਕੇ ਸਟੇਸ਼ਨ ਮਾਸਟਰ ਨੇ ਕੁਲੀ ਨੂੰ ਬੁਲਾਇਆ ਤੇ ਮੇਮ ਦਾ ਅਸਬਾਬ ਮੇਰੇ ਵਾਲੇ ਡੱਬੇ ਵਿਚੋਂ ਉਠਵਾ ਕੇ ਜ਼ਨਾਨਾ ਡੱਬੇ ਵਿਚ ਰਖਵਾ ਦਿਤਾ ਅਤੇ ਉਸ ਨੂੰ ਉਸ ਡੱਬੇ ਵਿਚ ਚਲੀ ਜਾਣ ਲਈ ਕਹਿ ਦਿਤਾ ਤੇ ਉਹ ਚਲਦੀ ਬਣੀ। ਗੋਰੇ ਸੁਪ੍ਰਿੰਟੈਂਡੈਂਟ ਨੂੰ ਕੇਵਲ ਏਨੀ ਹੀ ਡਾਂਟ ਦਿਤੀ ਕਿ "ਤੈਨੂੰ ਸ਼ਰਮ ਆਉਣੀ ਚਾਹੀਦੀ ਹੈ; ਜੋ ਨਗੂਣੀ ਜਿਹੀ ਗੱਲ ਨੂੰ ਵਧਾ ਕੇ ਏਡੀ ਵੱਡੀ ਮੁਸੀਬਤ ਜਗਾ ਲਈ ਹੈ।" ਇਹ ਕਹਿ ਕੇ ਗਾਰਡ ਨੇ ਹਰੀ ਝੰਡੀ ਹਿਲਾਈ ਅਤੇ ਗੱਡੀ ਰਾਵਲਪਿੰਡੀ ਨੂੰ ਰਵਾਨਾ ਹੋ ਤੁਰੀ। ਮੇਰੇ ਦੇਸੀ ਭਰਾਵਾਂ ਨੇ ਮੈਨੂੰ ਹਲਾਸ਼ੇਰੀ ਦਿਤੀ ਕਿ ਜੇ ਸਾਡੀ ਮਦਦ ਦੀ ਲੋੜ ਪਵੇ ਤਾਂ ਮੈਂ ਉਨ੍ਹਾਂ ਦੇ ਪਤੇ ਲਿਖ ਲਵਾਂ, ਉਹ ਮੇਰੀ ਗਵਾਹੀ ਦੇਣਗੇ। ਆਪਣੇ ਥਾਂ ਟਿਕਾਣੇ ਲਿਖ ਕੇ ਉਹ ਇਕ ਪਰਚਾ ਮੈਨੂੰ ਫੜਾ ਗਏ। ਜਦੋਂ ਗੱਡੀ ਗੁਜਰਾਂਵਾਲੇ ਪਹੁੰਚੀ ਤਾਂ ਦੋ ਚਿੱਟੇ ਕਪੜਿਆਂ ਵਿਚ ਖ਼ੁਫ਼ੀਆ ਪੁਲਸ (ਸੀ. ਆਈ. ਡੀ.) ਦੇ ਅਫ਼ਸਰ ਮੇਰੇ ਡੱਬੇ ਵਿਚ ਆਣ ਬੈਠੇ। ਇਹ ਦੋਵੇਂ ਹੀ ਸਿਖ ਸਨ। ਉਨ੍ਹਾਂ ਬਾਰੇ ਪੁਲਸੀਏ ਹੋਣ ਦਾ ਮੈਨੂੰ ਉਦੋਂ ਸ਼ਕ ਪਿਆ, ਜਦ ਉਹ ਲਾਹੌਰ ਸਟੇਸ਼ਨ ਦੀ ਘਟਨਾ ਬਾਬਤ ਤੇ ਮੇਰੇ ਹਸਬ ਨਸਬ ਬਾਰੇ ਕਿ ਤੂੰ ਕੌਣ ਹੈਂ ? ਕਿਧਰੋਂ ਆਇਆ ਹੈਂ ?? ਤੇ ਕਿਧਰ ਜਾ ਰਿਹਾ ਹੈਂ ??? ਇਤ ਆਦਿ ਪੁੱਛ ਗਿੱਛ ਕਰਨ ਲਗ ਗਏ। ਪਹਿਲਾਂ ਤਾਂ ਮੈਂ ਉਨ੍ਹਾਂ ਨਾਲ ਰੁੱਖਾ ਜਿਹਾ ਪੇਸ਼ ਆਇਆ ਤੇ ਬੜੇ ਰੁਹਬ ਨਾਲ ਏਨਾ ਹੀ ਉਤਰ ਦਿਤਾ, Mind your business "ਆਪਣੇ ਧੰਦੇ ਲਗੋ!" ਤਾਂ ਉਨ੍ਹਾਂ ਵਿਚੋਂ ਇਕ ਨੇ ਆਪਣਾ ਪਤਾ ਦਸਦਿਆਂ ਹੋਇਆਂ ਹੱਥ ਜੋੜ ਕੇ ਮਾਫ਼ੀ ਮੰਗ ਲਈ ਤੇ ਕਹਿਣ ਲਗੇ ਕਿ ਸਾਨੂੰ ਵੀ ਆਪਣੀ ਡਿਊਟੀ ਦੇਣੀ ਹੀ ਪੈਂਦੀ ਹੈ ਭਾਵੇਂ ਕਿੰਨੀ ਵੀ ਕੁਹਜੀ ਕਿਉਂ ਨਾ ਹੋਵੇ। ਉਨ੍ਹਾਂ ਦੇ ਏਸ ਨਿਮਰਤਾ ਭਰ ਸਲੂਕ ਨੂੰ ਵੇਖ ਕੇ ਮੈਂ ਵੀ ਆਪਣੀ ਥਾਂ ਨਰਮ ਪੈ ਗਿਆ। ਅਤੇ ਹੱਸ ਕੇ ਕਿਹਾ ਕਿ ਤੁਹਾਡੇ ਨਾਲ ਹੋਣ ਨਾਲ ਮੈਨੂੰ ਵੀ ਤਾਂ ਬੜੀ ਮੌਜ ਰਹੇਗੀ। ਮੈਂ ਆਪਣਾ ਸਾਮਾਨ ਤੁਹਾਡੀ ਰਾਖੀ ਵਿਚ ਛੱਡ ਕੇ ਜਿਧਰ ਜੀ ਆਊ ਜਾ ਆ ਸਕਾਂਗਾ। ਉਹ ਕਹਿਣ ਲਗੇ ਅਸੀਂ ਤਾਂ ਆਪ ਜੀ ਦੇ ਹੀ ਨੌਕਰ ਤੇ ਜ਼ਰ ਖ਼ਰੀਦ ਗ਼ੁਲਾਮ ਹਾਂ। ਸਰਕਾਰੀ ਨੌਕਰ ਹੋਣ ਕਰ ਕੇ ਆਪਣੀ ਡਯੂਟੀ ਭੁਗਤਾਣੀ ਹੀ ਪੈਂਦੀ ਹੈ। ਸਾਮਾਨ ਦੇ ਉਹ ਜ਼ਿੰਮੇਵਾਰ ਹਨ ਤੇ ਸਾਰਾ ਸਫ਼ਰ ਮੇਰੇ ਨਾਲ ਹੀ ਰਹਿਣਗੇ।



Digitized by Panjab Digital Library | www.panjabdigilib.org

ਰਾਵਲਪਿੰਡੀ ਪਹੁੰਚ ਕੇ ਸਾਮਾਨ ਆਪਣੇ ਨਿਵਾਸ ਅਸਥਾਨ ਤੇ ਰਖ ਦਿੱਤਾ ਤੇ ਆਪ ਕਾਨਫ੍ਰੰਸ ਦੇ ਦੀਵਾਨ ਵਿਚ ਜਾ ਹਾਜ਼ਰੀ ਭਰੀ। ਮੇਰੇ ਪੁਲਸੀਏ ਮਿੱਤਰ ਮੇਰੇ ਕਹਿਣ 'ਤੇ ਮੇਰੇ ਤੰਬੂ ਵਿਚ ਹੀ ਚਲ ਠਹਿਰੇ ਤੇ ਦੀਵਾਨ ਵਿਚ ਵੀ ਮੇਰੇ ਨਾਲ ਹੀ ਗਏ। ਅਤੇ ਮੈਂ ਜਿਧਰ ਜਾਵਾਂ ਪਰਛਾਵੇਂ ਵਾਂਗ ਮੇਰੇ ਮਗਰ ਹੀ ਲਗੇ ਰਹਿਣਾ। ਦੀਵਾਨ ਵਿਚ ਮੈਂ ਬੋਲਣ ਦੀ ਆਗਿਆ ਮੰਗੀ ਜੋ ਮੈਨੂੰ ਮਿਲ ਗਈ। ਪਰ ਦੀਵਾਨ ਵਿਚ ਸੰਗਤ ਏਨੀ ਸੀ ਕਿ ਮੈਂ ਦੇਖ ਕੇ ਹੈਰਾਨ ਹੀ ਹੋ ਗਿਆ। ਮੈਂ ਕੇਵਲ ਏਹੀ ਸ਼ਬਦ ਬੋਲ ਸਕਿਆ ਸੀ ਕਿ ਮੈਂ ਉਸ ਦੇਸ ਵਿਚੋਂ ਆ ਰਿਹਾ ਹਾਂ ਜਿਥੇ ਆਪ ਆਪਣੇ ਪਿਆਰੇ ਬੱਚਿਆਂ ਨੂੰ ਵਿਦਿਆ ਪ੍ਰਾਪਤੀ ਵਾਸਤੇ ਭੇਜਦੇ ਹੋ ਅਤੇ ਇਕ ਇਕ ਬੱਚੇ ਦੀ ਤਾਲੀਮ ਵਾਸਤੇ ਦਸ ਦਸ ਵੀਹ ਵੀਹ ਹਜ਼ਾਰ ਖ਼ਰਚ ਕਰ ਦੇਂਦੇ ਹੋ। ਉਥੇ ਉਨ੍ਹਾਂ ਨੂੰ ਓਪਰੇ ਲੋਕਾਂ ਵਿਚ ਜਾ ਕੇ ਜਿਥੇ ਉਨ੍ਹਾਂ ਦੇ ਮਿਲ ਬੈਠਣ ਦੀ ਕੋਈ ਵੀ ਜਗਾਹ ਨਹੀਂ ਹੈ, ਦੂਜਿਆਂ ਦੀ ਸੰਗਤ ਵਿਚ ਰਲ ਬੈਠਨ ਲਈ ਮਜਬੂਰ ਕਰ ਦੇਂਦੇ ਹਾਂ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਆਪਣਾ ਪਿਆਰਾ ਧਰਮ ਛਡ ਕੇ ਪਤਿਤ ਹੋ ਜਾਂਦੇ ਹਨ। ਤੇ ਆਪਸ ਵਿਚ ਮਿਲ ਬੈਠਣਾ ਉੱਕਾ ਹੀ ਛੁੱਟ ਜਾਂਦਾ ਹੈ। ਮੇਰੀਆਂ ਅੱਖਾਂ ਵਿਚ ਅੱਥਰੂ ਭਰ ਆਏ, ਦਿਸਣਾ ਬੰਦ ਹੋ ਗਿਆ। ਸੰਘ ਫੜਿਆ ਗਿਆ ਤੇ ਆਵਾਜ਼ ਵੀ ਰੁਕ ਗਈ। ਮੈਂ ਆਪਣੇ ਆਪ ਉਪਰ ਕਾਬੂ ਪਾ ਕੇ ਹੋਰ ਬੋਲਣ ਦਾ ਬਥੇਰਾ ਯਤਨ ਕੀਤਾ, ਪਰ ਏਥੇ ਤਾਂ ਅੱਥਰੂਆਂ ਦੀ ਝੜੀ ਹੀ ਲਗ ਤੁਰੀ। ਏਨਾ ਰੋਇਆ ਕਿ ਬੋਲਣ ਤੋਂ ਉੱਕਾ ਹੀ ਅ-ਸਮਰੱਥ ਹੋ ਗਿਆ। ਦੀਵਾਨ ਦੇ ਸਕੱਤ੍ਰ ਨੇ ਉਠ ਕੇ ਮੈਨੂੰ ਜਫੀ ਵਿਚ ਲੈ ਲਿਆ ਤੇ ਡਾਈਸ ਉਪਰ ਹੀ ਬੈਠਾ ਦਿਤਾ। ਅਤੇ ਮੇਰੀ ਬਾਬਤ ਸੰਗਤ ਨੂੰ ਦਸਿਆ ਕਿ ਇਹ ਕੌਣ ਹਨ। ਅਤੇ ਨਾਲ ਹੀ ਦਸ ਦਿਤਾ ਕਿ ਇਹ ਲੰਡਨ ਤੋਂ ਗੁਰਦਵਾਰੇ ਵਾਸਤੇ ਅਪੀਲ ਕਰਨ ਲਈ ਦੇਸ ਦਾ ਦੌਰਾ ਕਰਨ ਪਰਤ ਆਏ ਹਨ ਤੇ ਇਨ੍ਹਾਂ ਨੇ ਵਾਪਸ ਜਾ ਕੇ ਬੈਰਿਸਟਰੀ ਦਾ ਇਮਤਿਹਾਨ ਅਜੇ ਦੇਣਾ ਹੈ। ਸੰਗਤ ਨੂੰ ਏਸ ਗੱਲ ਦਾ ਪਤਾ ਲਗਣ 'ਤੇ ਕਿ ਲੰਡਨ ਵਿਚ ਗੁਰਦਵਾਰਾ ਕਾਇਮ ਕਰਨ ਦੀ ਤਜ਼ਵੀਜ਼ ਹੋ ਰਹੀ ਹੈ ਦਬਾ ਦਬ ਮਾਇਆ ਦੀ ਬਰਖਾ ਹੋਣ ਲਗ ਗਈ। ਦੇਖਦੇ ਦੇਖਦੇ ਨਕਦੀ ਦਾ ਢੇਰ ਲਗ ਗਿਆ। ਇਸ ਤੋਂ ਛੁੱਟ ਬਹੁਤ ਸਾਰੇ ਸੱਜਣਾਂ ਨੇ ਸਹਾਇਤਾ ਦੇਣ ਦਾ ਮੈਨੂੰ ਭਰੋਸਾ ਵੀ ਦਵਾਇਆ। ਸਭ ਤੋਂ ਪਹਿਲਾਂ ਐਬਟਾਬਾਦ



Digitized by Panjab Digital Library | www.panjabdigilib.org

ਦੇ ਇਕ ਪਰਵਾਰ ਨੇ ਮੈਨੂੰ ਨਾਲ ਚਲਣ ਵਾਸਤੇ ਪਰੇਰਿਆ ਤੇ ਜਾਂਦੇ ਹੋਏ ਮੈਨੂੰ ਆਪਣੇ ਨਾਲ ਹੀ ਲੈ ਤੁਰੇ। ਉਥੇ ਜਾ ਕੇ ਮੈਨੂੰ ਕਈ ਦਿਨ ਉਨ੍ਹਾਂ ਨੇ ਆਪਣੀ ਕੋਠੀ ਵਿਚ ਟੱਬਰ ਦਾ ਜੀਅ ਬਣਾ ਕੇ ਠਹਿਰਾਈ ਰਖਿਆ। ਉਨ੍ਹਾਂ ਨੇ ਆਪਣੇ ਪਾਸੋਂ ਵੀ ਯਥਾ ਸ਼ਕਤਿ ਸਹਾਇਤਾ ਦਿਤੀ ਅਤੇ ਸੰਗਤ ਵਿਚ ਅਪੀਲ ਕਰਕੇ ਹੋਰਨਾ ਪਾਸੋਂ ਵੀ ਕਾਫ਼ੀ ਸਹਾਇਤਾ ਦਵਾਈ। ਅਫ਼ਸੋਸ ਕਿ ਪੰਜਾਹ ਸਾਲ ਪੁਰਾਣੀ ਗੱਲ ਹੋ ਜਾਣ ਕਰਕੇ ਮੈਨੂੰ ਉਨ੍ਹਾਂ ਦੇ ਨਾਮ ਚੇਤੇ ਨਹੀਂ ਰਹੇ ਨ ਹੀ ਕਦੀ ਉਸ ਦਿਨ ਤੋਂ ਮਗਰੋਂ ਉਨ੍ਹਾਂ ਨੂੰ ਕਦੇ ਮਿਲਣ ਦਾ ਹੀ ਇਤਫ਼ਾਕ ਹੋਇਆ ਹੈ।

ਏਸੇ ਤਰ੍ਹਾਂ ਮੈਂ ਥਾਂ ਥਾਂ ਫਿਰਦਾ, ਅਪੀਲਾਂ ਕਰਦਾ, ਉਗਰਾਹੀਆਂ ਤੇ ਵਸੂਲੀਆਂ ਕਰਦਾ ਦੋ ਕੁ ਮਹੀਨਿਆਂ ਮਗਰੋਂ ਲੰਡਨ ਵਾਪਸ ਜਾ ਪੁਜਾ। ਇਕ ਤਾਂ ਗਰਮੀ ਬਹੁਤ ਪੈਣ ਲਗ ਪਈ ਸੀ ਤੇ ਦੂਜੇ ਪਤਾ ਲਗਾ ਕਿ ਮਹਾਰਾਜਾ ਪਟਿਆਲਾ ਓਹਨੀਂ ਦਿਨੀ ਇੰਗਲੈਂਡ ਚਲੇ ਗਏ ਹੋਏ ਸਨ। ਮੈਂ ਖਿਆਲ ਕੀਤਾ ਕਿ ਮੈਂ ਮਹਾਰਾਜਾ ਸਾਹਿਬ ਪਾਸੋਂ ਚੋਖੀ ਸਹਾਇਤਾ ਲੈ ਸਕਾਂਗਾ। ਕਿਉਂਕਿ ਉਨ੍ਹਾਂ ਦੇ ਦੋ ਤਿੰਨ A.D.C. (ਸਰੀਰ ਦੇ ਰਖਵਾਲੇ) ਕਿਸੇ ਸਮੇਂ ਮੇਰੇ ਜਮਾਤੀ ਹੁੰਦੇ ਸਨ। ਸੁ ਐਸਾ ਹੀ ਹੋਇਆ। ਮਹਾਰਾਜਾ ਸਾਹਿਬ ਨੇ ਇਕ ਹਜ਼ਾਰ ਪੌਂਡ (੧੫੦੦੦ ਰੁਪਏ) ਨਕਦ ਦੇ ਦਿਤੇ ਅਤੇ ਸਵਾ ਲੱਖ ਰੁਪਏ ਹੋਰ ਦੇਣ ਦਾ ਬਚਨ ਦੇ ਦਿਤਾ। ਤੇ ਫ਼ਰਮਾਇਆ ਕਿ ਵਾਪਸ ਦੇਸ਼ ਵਿਚ ਜਾ ਕੇ ਭੇਜ ਦੇਣਗੇ। ਮੇਰੇ ਉਥੇ ਹੁੰਦਿਆਂ ਤਾਂ ਅਜੇ ਉਹ ਰਕਮ ਨਹੀਂ ਸੀ ਪਹੁੰਚੀ। ਮਗਰੋਂ ਕੀ ਹੋਇਆ ? ਇਹ ਮੈਨੂੰ ਪਤਾ ਨਹੀਂ। ਮੈਨੂੰ ਮਗਰੋਂ ਪਤਾ ਲਗਾ ਕਿ ਸਰਕਾਰ ਹਿੰਦ ਦੇ ਲਿਖਣ 'ਤੇ ਸਕਾਟਲੈਂਡ ਯਾਰਡ ਵਾਲੇ ਅਰਥਾਤ ਲੰਡਨ ਦੀ ਖ਼ੁਫ਼ੀਆ ਪੋਲੀਸ (C. I. D.) ਮੇਰੀ ਬਾਬਤ ਪੁੱਛ ਗਿਛ ਕਰਦੀ ਰਹੀ ਅਤੇ ਉਨ੍ਹਾਂ ਸਰਕਾਰ ਹਿੰਦ ਨੂੰ ਲਿਖ ਭੇਜਿਆ ਕਿ ਇਹ ਨੌਜਵਾਨ ਕੇਵਲ ਆਪਣੇ ਕਾਲਜ ਦੇ ਲੈਕਚਰ ਹੀ ਸੁਣਿਆ ਕਰਦਾ ਹੈ। ਰਾਜਸੀ ਮਾਮਲਿਆਂ ਵਿਚ ਕੋਈ ਹਿੱਸਾ ਨਹੀਂ ਲੈਂਦਾ। ਖ਼ਾਲਸਾ ਜਥਾ ਬ੍ਰਿਟਿਸ਼ ਆਈਲਜ਼ ਦਾ ਸਕੱਤਰ ਹੈ ਤੇ ਧਾਰਮਕ ਕੰਮਾਂ ਵਲ ਵਧੇਰੇ ਰੁਚੀ ਰਖਦਾ ਹੈ।

ਦੇਸ ਵਿਚੋਂ ਇਕਤਰ ਹੋਈਆਂ ਰਕਮਾਂ ਨਾਲ ਮਹਾਰਾਜਾ ਪਟਿਆਲਾ ਵਾਲੇ ਸੌ ਪੌਂਡ ਮਿਲਾ ਕੇ ਸਾਡੇ ਪਾਸ ਏਨੀ ਨਕਦੀ ਹੋ ਗਈ ਕਿ ਅਸੀਂ ਇਕ ਚੰਗਾ ਮਕਾਨ ੯੯ ਸਾਲ ਦੀ ਲੀਜ਼ ਉਪਰ ਸਾਰਾ ਕਿਰਾਇਆ ਅਗਾਊਂ ਦੇ ਕੇ ਲੈ



Digitized by Panjab Digital Library | www.panjabdigilib.org

ਲਿਆ। ਉਸ ਦੇ ਪਿਛੋਂ ਸਾਡੇ ਜ਼ਿੰਮੇ ਟੈਕਸਾਂ ਦੀ ਅਦਾਇਗੀ ਤੇ ਮੁਰੰਮਤ ਦਾ ਖ਼ਰਚ ਹੀ ਰਹਿ ਗਿਆ। ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲੱਗ ਪਿਆ। ਅਤੇ ਐਤਵਾਰ ਦੇ ਐਤਵਾਰ ਹਫ਼ਤੇ ਵਾਰੀ ਦੀਵਾਨ ਦੀ ਰੌਣਕ ਵੀ ਹੋਣ ਲੱਗ ਪਈ। ਗੁਰਬਾਣੀ ਦਾ ਪਾਠ ਹੁੰਦਾ ਰਹਿੰਦਾ ਤੇ ਸ਼ਬਦ ਕੀਰਤਨ ਅਸੀਂ ਆਪੇ ਹੀ ਰਲ ਮਿਲ ਕੇ ਕਰਦੇ ਰਹੇ। ਕੜਾਹ ਪ੍ਰਸ਼ਾਦ ਦੇ ਅਰਦਾਸੇ ਵਿਦਿਆਰਥੀਆਂ ਵਲੋਂ ਹੁੰਦੇ ਰਹੇ। ਗੁਰੂ ਕਾ ਲੰਗਰ ਵੀ ਵਰਤਾਇਆ ਜਾਂਦਾ। ਇਕ ਇਹ ਵੀ ਪ੍ਰਬੰਧ ਕੀਤਾ ਗਿਆ ਕਿ ਦੋ ਦੋ ਵਿਦਿਆਰਥੀ ਆਪਣੇ ਆਪਣੇ ਦੇਸ ਵਲੋਂ ਆਉਣ ਵਾਲੇ ਜਹਾਜ਼ਾਂ ਤੇ ਰੇਲ ਗੱਡੀਆਂ ਦੀ ਦੇਖ ਭਾਲ ਰਖਦੇ ਤੇ ਜੋ ਹਿੰਦੁਸਤਾਨੀ ਨੌਜਵਾਨ ਲੰਡਨ ਪਹੁੰਚਦੇ, ਉਨ੍ਹਾਂ ਨੂੰ ਗੁਰਦੁਆਰੇ ਵਿਚ ਉਤਾਰਾ ਦਿਤਾ ਜਾਂਦਾ। ਗੁਰਦਅਾਰੇ ਦਾ ਨਾਓਂ 'ਭੂਪਿੰਦਰਾ ਧਰਮਸਾਲਾ' ਰਖਿਆ ਗਿਆ ਸੀ। ਹਰ ਇਕ ਨਵਾਂ ਆਉਣ ਵਾਲਾ ਹਿੰਦੁਸਤਾਨੀ ਗੁਰਦੁਆਰੇ ਵਿਚ ਬਿਨਾਂ ਕੋਈ ਖ਼ਰਚ ਕਰਨ ਦੇ ਰਿਹਾਇਸ਼ ਰਖ ਸਕਦਾ ਸੀ। ਨਾਲੇ ਉਨ੍ਹਾਂ ਨੂੰ ਕਾਲਜ ਦਾਖਲ ਹੋਣ ਅਤੇ ਕਿਸੇ ਚੰਗੇ ਕਬੀਲੇ (Family) ਵਿਚ ਰਿਹਾਇਸ਼ ਕਰਵਾ ਦੇਣ ਦਾ ਪ੍ਰਬੰਧ ਕਰਨ ਵਿਚ ਯੋਗ ਸਹਾਇਤਾ ਵੀ ਦਿਤੀ ਜਾਂਦੀ ਸੀ। ਉਹ ਹਰ ਹਫ਼ਤੇ ਗੁਰਦੁਆਰੇ ਆਉਂਦੇ ਰਹਿੰਦੇ। ਦੀਵਾਨ ਵਿਚ ਸ਼ਾਮਲ ਹੁੰਦੇ ਅਤੇ ਪਬਲਿਕ ਪਾਰਕਾਂ ਵਿਚ ਕਦੇ ਕਦੇ ਪਿਕਨਿਕ ਵੀ ਕਰਦੇ ਰਹਿੰਦੇ। ਜਿਸ ਕਰਕੇ ਉਹ ਕਿਸੇ ਬੁਰੀ ਸੁਹਬਤ ਵਿਚ ਨਾ ਬੈਠਦੇ ਅਤੇ ਪਤਿਤ ਹੋਣ ਤੋਂ ਬਚੇ ਰਹਿੰਦੇ। ਗੁਰਦੁਆਰੇ ਦੇ ਦਰਵਾਜ਼ੇ ਹਰ ਕਿਸੇ ਵਾਸਤੇ ਹਰ ਵੇਲੇ ਖੁਲ੍ਹੇ ਰਹਿੰਦੇ ਸਨ। ਹਿੰਦੂ ਤੇ ਮੁਸਲਮਾਨ ਸੱਜਣ ਵੀ ਉਥੇ ਆ ਕੇ ਰਹਿੰਦੇ ਅਤੇ ਲਾਭ ਉਠਾਉਂਦੇ ਸਨ।

ਸੰਨ ੧੯੦੮ ਤੋਂ ੧੯੧੧ ਤਕ ਤਿੰਨ ਸਾਲ ਜੋ ਮੈਂ ਲੰਡਨ ਵਿਚ ਰਿਹਾ, ਮੇਰੇ ਵਾਸਤੇ ਇਹ ਇਕ ਅਨੋਖਾ ਹੀ ਸਮਾਂ ਸੀ। ਇਕ ਸੌ ਤੋਂ ਕੁਝ ਵਧੇਰੀ ਗਿਣਤੀ ਵਿਚ ਜੋ ਸਿਖ ਵਿਦਿਆਰਥੀ ਸਨ, ਸਾਰੇ ਦੇ ਸਾਰੇ ਬੜੇ ਚੰਗੇ ਘਰਾਂ ਦੇ ਸਨ। ਸਿਖੀ ਨਾਲ ਦਿਲੀ ਪਿਆਰ ਰਖਦੇ ਸਨ। ਜਿਹੜੇ ਕੁਝ ਢਿੱਲੜ ਵੀ ਸਨ ਉਹ ਵੀ ਬਾਕੀਆਂ ਦੀ ਸੰਗਤ ਦਾ ਸਦਕਾ ਤਿਆਰ-ਬਰ-ਤਿਆਰ ਸਜ ਗਏ ਸਨ। ਇਨ੍ਹਾਂ ਤਿੰਨਾਂ ਸਾਲਾਂ ਵਿਚ ਕੇਵਲ ਤਿੰਨ ਵਿਦਿਆਰਥੀ ਹੀ ਪਤਿਤ ਹੋਏ। ਜਿਨ੍ਹਾਂ ਵਿਚੋਂ ਇਕ ਨੂੰ ਤਾਂ ਮੁੜ ਅੰਮ੍ਰਿਤ ਛਕਾ ਕੇ ਸਿੰਘ ਸਜਾ



Digitized by Panjab Digital Library | www.panjabdigilib.org

ਲਿਆ ਗਿਆ। ਜੋ ਅਜੇ ਜੀਉਂਦਾ ਹੈ ਤੇ ਸਿਖੀ ਜਾਮੇ ਵਿਚ ਕਾਇਮ ਹੈ। ਸੁਹਣਾ ਚਿੱਟਾ ਦਾੜ੍ਹਾ ਹੈ ਤੇ ਚਿੱਟੀ ਹੀ ਦਸਤਾਰ ਸਜਾਉਂਦਾ ਹੈ। ਬਾਕੀ ਦੋ ਸਾਡੇ ਪ੍ਰੇਰਨ 'ਤੇ ਵੀ ਸਿੰਘ ਨਾ ਸੱਜੇ। ਇਕ ਰਾਵਲਪਿੰਡੀ ਦੇ ਇਲਾਕੇ ਦਾ ਸੀ ਜੋ ਦੇਸ ਵਾਪਸ ਪਰਤ ਕੇ ਦੋ ਕੁ ਸਾਲ ਦੇ ਅੰਦਰ ਹੀ ਨੇਤਰਹੀਨ ਹੋ ਗਿਆ। ਤੀਜੇ ਦਾ ਮੈਨੂੰ ਫੇਰ ਕੁਝ ਪਤਾ ਨਹੀਂ ਚਲਿਆ ਕਿ ਕਿਥੇ ਹੈ ਤੇ ਕਿਥੇ ਨਹੀਂ। ਹੈ ਵੀ ਕਿ ਕੋਈ ਨਾ। ਮੇਰਾ ਉਸ ਨਾਲ ਅਗਾਧ ਪਿਆਰ ਸੀ। ਅਸੀਂ ਦੋਵੇਂ ਲੰਡਨ ਵਿਚ ਇਕੋ ਘਰ ਰਿਹਾ ਕਰਦੇ ਸੀ। ਅਰਥਾਤ ਮਕਾਨ ਨੰਬਰ ੮੪, ਅਪਰ ਟੋਲਿੰਗਟਨ ਪਾਰਕ ਵਿਚ। ਗਰਮੀਆਂ ਵਿਚ ਪਹਿਲੋਂ ਮੈਂ ਈਸਟ ਬਰਾਉਨੀ ਛੁੱਟੀਆਂ ਕੱਟਣ ਗਿਆ। ਮੈਂ ਵਾਪਸ ਹੋ ਆਇਆ ਤਾ ਫੇਰ ਉਹ ਵੀ ਉਥੇ ਚਲਾ ਗਿਆ। ਇਕ ਦਿਨ ਟੈਨਿਸ ਖੇਡਦਿਆਂ ਉਸ ਦਾ ਬੂਟ ਫਿਸਲ ਗਿਆ ਤੇ ਉਹ ਡਿਗ ਪਿਆ। ਉਸ ਦੀ ਪੱਗ ਕਿਤੇ ਜਾ ਪਈ ਤੇ ਕੇਸ ਖੁਲ੍ਹ ਕੇ ਗਲ ਵਿਚ ਪੈ ਗਏ। ਛੁੱਟੀ ਮਨਾ ਰਹੀ ਜਨਤਾ (ਹਾਲੀਡੇ ਕਰਾਊਡ) ਨੇ ਤਾੜੀ ਵਜਾ ਵਜਾ ਉਸ ਦਾ ਮੌਜੂ ਉਡਾ ਦਿਤਾ।

ਉਹ ਉਠਿਆ, ਪੱਗ ਉਸੇ ਤਰ੍ਹਾਂ ਚੁਕ ਕੇ ਸਿਰ 'ਤੇ ਰਖ ਲਈ ਤੇ ਛਿਕਾ ਹੱਥ ਵਿਚ ਫੜੀ ਸਿਧਾ ਬਾਰਬਰ (ਨਾਈ) ਦੀ ਦੁਕਾਨ ਅੰਦਰ ਜਾ ਵੜਿਆ। ਅੰਦਰੋਂ ਕੇਸ ਤੇ ਦਾੜ੍ਹਾ ਸਫ਼ਾ ਚਟ ਕਰਵਾ ਕੇ ਸਿੱਧਾ ਆਪਣੇ ਹੋਸਟਲ ਨੂੰ ਤੁਰਦਾ ਹੋਇਆ। ਜਦੋਂ ਮੈਨੂੰ ਏਸ ਮਾਮਲੇ ਦੀ ਖ਼ਬਰ ਪੁਜੀ, ਮੈਨੂੰ ਡਾਢਾ ਦੁਖ ਹੋਇਆ। ਮੈਂ ਉਹ ਘਰ ਹੀ ਛਡ ਦਿਤਾ। ਤੇ ਫਿਨਸਬੇਰੀ ਪਾਰਕ ਦੇ ਪਰਲੇ ਪਾਰ ਸੈਵਨ ਸਿਸਟਰਜ਼ ਰੋਡ ਉਪਰ ਇਕ ਹੋਰ ਫ਼ੈਮਲੀ (ਕੁਨਬੇ) ਦਾ ਪੇਇੰਗ ਗੈੱਸਟ (ਖਟਾਊ ਪ੍ਰਾਹੁਣਾ) ਬਣ ਕੇ ਰਹਿਣ ਲਗ ਪਿਆ।

ਥੋੜੇ ਦਿਨਾਂ ਮਗਰੋਂ ਮੇਰਾ ਇਕ ਦੋਸਤ, ਜਿਸ ਨੂੰ ਖ਼ਾਲਸਾ ਕਾਲਜ ਦੇ ਮੁੰਡੇ ਮਾਸਟਰ ਟੌਮ ਕਹਿ ਕੇ ਬੁਲਾਇਆ ਕਰਦੇ ਸਨ, ਮੈਨੂੰ ਮਿਲਣ ਵਾਸਤੇ ਮੇਰੇ ਮਕਾਨ 'ਤੇ ਆਇਆ। ਮੇਰੀ ਲੈਂਡ ਲੇਡੀ (ਮਕਾਨ ਮਾਲਿਕਾ) ਉਸ ਦਾ ਕਾਰਡ ਲੈ ਕੇ ਮੇਰੇ ਪਾਸ ਆਈ ਤੇ ਆਖਣ ਲਗੀ, "ਮਿਸਟਰ ਸਿੰਘ! ਤੇਰਾ ਇਹ ਮਿੱਤਰ ਤੈਨੂੰ ਮਿਲਣਾ ਚਾਹੁੰਦਾ ਹੈ" ਇਹ ਆਖ ਕੇ ਉਸ ਦਾ ਕਾਰਡ ਮੇਰੇ ਸਾਹਮਣੇ ਰਖ ਦਿਤਾ। ਕਾਰਡ ਵੇਖਦਿਆਂ ਸਾਰ ਮੇਰੇ ਅੱਥਰੂ ਵਹਿ ਤੁਰੇ। ਜਿਉਂ ਜਿਉਂ



Digitized by Panjab Digital Library | www.panjabdigilib.org

ਕਾਰਡ ਨੂੰ ਵੇਖਾਂ ਮੇਰਾ ਰੋਣ ਹੀ ਮੈਥੋਂ ਠਲ੍ਹਿਆ ਨਾ ਜਾਵੇ। ਮੇਰੀ ਲੈਂਡ ਲੇਡੀ ਨੇ ਮੈਨੂੰ ਬਥੇਰਾ ਸਮਝਾਉਣ ਦਾ ਯਤਨ ਕੀਤਾ। ਅਤੇ ਕਿਹਾ ਕਿ ਤੇਰੇ ਦੋਸਤ ਦਾ ਫ਼ੇਥ (ਈਮਾਨ) ਉਸ ਦਾ ਆਪਣਾ ਫ਼ੇਥ ਹੈ। ਤੇਰਾ ਉਸ ਵਿਚ ਕੋਈ ਦਖ਼ਲ ਨਹੀਂ। ਪਰ ਮੈਂ ਇਕੋ ਜ਼ਿਦ ਫੜੀ ਗਿਆ ਤੇ ਉਸ ਨੂੰ ਮਿਲਣ ਤੋਂ ਸਾਫ਼ ਇਨਕਾਰ ਕਰ ਦਿਤਾ। ਉਹ ਚਲਾ ਗਿਆ, ਮੁੜ ਮੈਂ ਨਾ ਉਸ ਨੂੰ ਲੰਡਨ ਵਿਚ ਮਿਲਿਆ ਅਤੇ ਨਾ ਹੀ ਦੇਸ ਵਿਚ ਵਾਪਸ ਆ ਕੇ ਮੈਨੂੰ ਉਸ ਦੀ ਕੋਈ ਉਘ ਸੁਘ ਲਗੀ। ਮੈਨੂੰ ਕੁਝ ਪਤਾ ਨਹੀਂ ਉਸ ਨਾਲ ਕੀ ਬੀਤੀ ? ਉਹ ਕਿਥੇ ਹੈ ਤੇ ਕਿਥੇ ਨਹੀਂ। ਜੀਉਂਦਾ ਵੀ ਹੈ ਜਾਂ ਮਰ ਗਿਆ ?

ਮਹਾਰਾਜਾ ਪਟਿਆਲਾ ਦੀ ਪ੍ਰੇਰਨਾ 'ਤੇ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਮਸਤੂਆਣਾ (ਮਧਸੂਆਣਾ) ਵਾਲਿਆਂ ਦੇ ਉਦਮ ਨਾਲ ਲੰਡਨ ਦੇ ਗੁਰਦਵਾਰਾ (ਭੂਪਿੰਦਰਾ ਧਰਮਸਾਲਾ) ਵਿਚ ਪਹਿਲੀ ਵਾਰ ਅੰਮ੍ਰਿਤ ਪਰਚਾਰ ਦਾ ਅਰੰਭ ਹੋਇਆ। ਸੰਤ ਜੀ ਉਹਨੀਂ ਦਿਨੀਂ ਵੈਨੀਕੋਵਰ (ਕੈਨੇਡਾ) ਤੋਂ ਲੰਡਨ ਆਏ ਹੋਏ ਸਨ। ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਉਨ੍ਹਾਂ ਦਾ ਇਕ ਛੋਟਾ ਜਿਹਾ ਭੁਜੰਗੀ ਜਿਸ ਦਾ ਨਾਮ ਸ਼ਾਇਦ ਉਨ੍ਹਾਂ ਨੇ ਮੁਕੰਦ ਸਿੰਘ ਰਖਿਆ ਹੋਇਆ ਸੀ ਹਿੰਦੁਸਤਾਨ ਦੇ ਨਕਸ਼ੇ ਉਪਰ ਹੱਥ ਰਖ ਕੇ ਕਿਹਾ ਕਰਦਾ ਸੀ, ਮੈਂ ਵਡਾ ਹੋ ਕੇ ਅੰਗ੍ਰੇਜ਼ਾਂ ਨੂੰ ਆਪਣੇ ਦੇਸ ਵਿਚੋਂ ਕੱਢ ਦਿਆਂਗਾ। ਤੇ ਆਪਣੇ ਜਹਾਜ਼ਾਂ ਨਾਲ ਇੰਗਲੈਂਡ 'ਤੇ ਹਮਲਾ ਕਰ ਕੇ ਉਸ ਨੂੰ ਫ਼ਤਹ ਕਰਾਂਗਾ। ਹੁਣ ਮੈਨੂੰ ਕੁਝ ਪਤਾ ਨਹੀਂ ਲਗ ਸਕਿਆ ਕਿ ਅੰਗ੍ਰੇਜ਼ ਨੂੰ ਦੇਸ ਵਿਚੋਂ ਕੱਢ ਦੇਣ ਵਿਚ ਉਸ ਦਾ ਕਿਤਨਾ ਕੁ ਹੱਥ ਸੀ ? ਹੈ ਵੀ ਸੀ ਕਿ ਕੋਈ ਨਾ ??

ਅੰਮ੍ਰਿਤ ਪ੍ਰਚਾਰ ਹੋਣ 'ਤੇ ਕਈਆਂ ਸੱਜਣਾਂ ਨੇ, ਜਿਨ੍ਹਾਂ ਪਹਿਲੋਂ ਅੰਮ੍ਰਿਤ ਪਾਨ ਨਹੀਂ ਸੀ ਕੀਤਾ ਹੋਇਆ, ਅੰਮ੍ਰਿਤ ਛਕ ਲਿਆ ਸੀ। ਜਿਨ੍ਹਾਂ ਸਿੰਘਾਂ ਨੇ ਲੰਡਨ ਵਿਚ ਗੁਰਦੁਆਰਾ ਸਥਾਪਨ ਕਰਨ ਤੇ ਸਿੱਖੀ ਦਾ ਝੰਡਾ ਲੰਡਨ ਵਿਚ ਝੂਲਦਾ ਰਖਣ ਦੇ ਮਹਾਨ ਕਾਰਜ ਅੰਦਰ ਵਧ ਚੜ੍ਹ ਕੇ ਹਿੱਸਾ ਲਿਆ ਸੀ, ਉਨ੍ਹਾਂ ਦੇ ਸ਼ੁਭ ਨਾਮ ਏਸ ਪ੍ਰਕਾਰ ਸਨ :

ਮਲਿਕ ਤੇਜਾ ਸਿੰਘ ਜੀ, ਮਲਿਕ ਹਰਦਿਤ ਸਿੰਘ ਜੀ, ਮਲਿਕ ਮੁਖਬੈਨ ਸਿੰਘ ਜੀ, ਮਲਿਕ ਜਸਵੰਤ ਸਿੰਘ ਜੀ, ਸ੍ਰ: ਕਰਮ ਸਿੰਘ ਜੀ ਰਾਮਗੜ੍ਹੀਏ



Digitized by Panjab Digital Library | www.panjabdigilib.org

(ਅੰਮ੍ਰਿਤਸਰ), ਸ੍ਰ: ਤੇਜਾ ਸਿੰਘ ਜੀ 'ਰੰਧਾਵਾ' । ਸ੍ਰ: ਆਤਮਾ ਸਿੰਘ ਜੀ, ਸ੍ਰ: ਉਜਾਗਰ ਸਿੰਘ ਜੀ, ਪਟਿਆਲਾ, ਸ੍ਰ: ਬਸ਼ੇਸ਼ਰ ਸਿੰਘ ਜੀ, ਕੈਪਟਨ ਸ੍ਰ ਹਰਦਿਆਲ ਸਿੰਘ ਜੀ ਗ਼ਮ ਦੂਰ, ਰਿਆਸਤ ਪਟਿਆਲਾ, ਸ੍ਰ: ਨਿਹਾਲ ਸਿੰਘ ਬੈਰਿਸਟਰ ਅੰਮ੍ਰਿਤਸਰ, ਸ੍ਰ: ਲਾਭ ਸਿੰਘ ਬੈਰਿਸਟਰ, ਅੰਮ੍ਰਿਤਸਰ । ਇਤਿ ਆਦਿ ।

ਭੂਪਿੰਦਰਾ ਧਰਮਸਾਲਾ ਲੰਡਨ ਉਪਰ ਅਜੇ ਤਕ ਅਕਾਲੀ ਝੰਡਾ ਫੱਰਾਟੇ ਮਾਰ ਰਿਹਾ ਹੈ । ਥੋੜਾ ਹੀ ਚਿਰ ਹੋਇਆ ਹੈ ਕਿ ਮੈਨੂੰ ਸ੍ਰ: ਬਸੰਤ ਸਿੰਘ ਜੀ ਸੁਪ੍ਰਿੰਟੈਂਡੈਂਟ ਇੰਜੀਨੀਅਰ (ਸੈਂਟਰਲ ਪੀ.ਡਬਲਯੂ. ਡੀ.) ਰੋਡਜ ਐਂਡ ਬਿਲਡਿੰਗਸ ਅੰਮ੍ਰਿਤਸਰ ਮਿਲੇ ਸਨ । ਉਨ੍ਹਾਂ ਦਾ ਦਫ਼ਤਰ ਮੇਰੀ ਹੀ ਕੋਠੀ ਵਿਚ ਹੈ । ਗੱਲਾਂ ਕਰਦਿਆਂ ਉਨ੍ਹਾਂ ਮੈਨੂੰ ਦਸਿਆ ਕਿ ਜਦ ਉਹ ਇੰਗਲੈਂਡ ਗਏ ਸਨ, ਤਾਂ ਪਹਿਲੀ ਰਾਤ ਲੰਡਨ ਦੀ ਭੂਪਿੰਦਰਾ ਧਰਮਸਾਲਾ ਵਿਚ ਹੀ ਕਟੀ ਸੀ । ਮੈਂ ਉਨ੍ਹਾਂ ਨੂੰ ਦਸਿਆ ਕਿ ਚਾਰ ਕੁ ਸਾਲ ਹੋਏ ਹਨ, ਮੇਰੇ ਸਭ ਤੋਂ ਛੋਟੇ ਲੜਕੇ ਸ਼ੇਰ ਬਲਵੰਤ ਸਿੰਘ ਨੇ ਵੀ ਲੰਡਨ ਪਹੁੰਚ ਕੇ ਪਹਿਲੀ ਰਾਤ ਏਸ ਗੁਰਦੁਆਰੇ ਵਿਚ ਹੀ ਕੱਟੀ ਸੀ । ਅਗਲੇ ਦਿਨ ਉਸ ਦਾ ਇਕ ਮਿੱਤਰ, ਜੋ ਪਹਿਲੋਂ ਤੋਂ ਹੀ ਉਥੇ ਰਹਿ ਰਿਹਾ ਸੀ ਆਪਣੇ ਨਿਵਾਸ ਅਸਥਾਨ ਉਪਰ ਲੈ ਗਿਆ ਸੀ, ਮੈਨੂੰ ਇਹ ਸੁਣ ਕੇ ਬੜਾ ਦੁਖ ਹੋਇਆ ਹੈ ਕਿ ਹੁਣ ਭੂਪਿੰਦਰਾ ਧਰਮਸਾਲਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਖੀ ਤੋਂ ਪਤਿਤ ਹੋ ਚੁਕੇ ਲਾਣੇ ਦੇ ਹੱਥ ਵਿਚ ਹੈ, ਜਿਨ੍ਹਾਂ ਦੀ ਜਨ ਸੰਖਿਆ ਤਿਆਰ-ਬਰ-ਤਿਆਰ ਖ਼ਾਲਸੇ ਦੇ ਟਾਕਰੇ ਵਿਚ ਬਹੁਤ ਵਧੇਰੇ ਹੈ ।

ਉਂਜ ਤਾਂ ਲੰਡਨ ਅਤੇ ਇੰਗਲੈਂਡ ਦੇ ਹੋਰ ਸ਼ਹਿਰਾਂ ਵਿਚ ਰਹਿਣ ਵਾਲਿਆਂ ਅੰਦਰ ਹਿੰਦੂ, ਸਿਖ ਤੇ ਮੁਸਲਮਾਨ ਦਾ ਕੋਈ ਭਿੰਨ-ਭੇਦ ਹੈ ਹੀ ਨਹੀਂ । ਸਭ ਸਕੇ ਭਰਾਵਾਂ ਵਾਂਗ ਆਪਸ ਵਿਚ ਰਲ ਮਿਲ ਕੇ ਰਹਿੰਦੇ ਹਨ । ਤੇ ਇਕ ਦੂਸਰੇ ਨਾਲ ਹਾਰਦਿਕ ਪਿਆਰ ਕਰਦੇ ਹਨ । ਮੈਨੂੰ ਗੁਰਦੁਆਰਾ ਕਮੇਟੀ ਦਾ ਪਹਿਲਾ ਸਕੱਤਰ ਚੁਣਿਆ ਗਿਆ । ਖ਼ਾਲਸਾ ਜੱਥਾ ਬ੍ਰਿਟਿਸ਼ ਆਈਲਜ਼ ਦਾ ਤਾਂ ਮੈਂ ਪਹਿਲੋਂ ਹੀ ਸਕੱਤਰ ਸੀ । ਮੈਂ ਜਿੰਨਾ ਅਰਸਾ ਲੰਡਨ ਵਿਚ ਰਿਹਾ ਗੁਰਦੁਆਰਾ ਪ੍ਰਬੰਧ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ । ਪੌਣੇ ਤਿੰਨ ਸਾਲ ਦਾ ਕੋਰਸ ਪੂਰਾ ਕਰ ਕੇ ਅਤੇ ਬੈਰਿਸਟਰੀ ਦੀ ਡਿਗਰੀ ਲੈ ਕੇ ਮੈਂ ਦੇਸ ਵਾਪਸ ਆ ਗਿਆ । ਏਥੇ ਆ ਕੇ ਆਪਣੇ ਅਤੇ ਪਰਵਾਰ ਦੇ ਕੰਮਾਂ ਵਿਚ ਅਜਿਹਾ ਖਚਿਤ ਹੋਇਆ ਕਿ ਫੇਰ



Digitized by Panjab Digital Library | www.panjabdigilib.org

ਲੰਡਨ ਗੁਰਦੁਆਰੇ ਦੇ ਪ੍ਰਬੰਧ ਵਿਚ ਕੋਈ ਹਿੱਸਾ ਨਾ ਲੈ ਸਕਿਆ।

ਦੇਸ ਵਿਚ ਵਾਪਸ ਆ ਕੇ ਮੈਂ ਸਿੱਧਾ ਸਰਗੋਧੇ ਜਾ ਪੁਜਾ। ਜਿਥੇ ਮੇਰੇ ਵਡੇ ਵੀਰ ਜੀ ਘਰ ਬਣਾ ਕੇ ਰਿਹਾਇਸ਼ ਰਖਦੇ ਸਨ। ਮਾਤਾ ਜੀ ਤੇ ਪਿਤਾ ਜੀ ਤਾਂ ਮਿੱਠੇ ਟਿਵਾਣੇ ਹੀ ਰਿਹਾਇਸ਼ ਰਖਦੇ ਸਨ। ਸਰਗੋਧੇ ਦੀ ਸੰਗਤ ਨੇ ਮੇਰਾ ਬੜਾ ਨਿਘਾ ਸਵਾਗਤ ਕੀਤਾ। ਵੱਡਾ ਭਾਰੀ ਜਲੂਸ ਕਢਿਆ। ੩ ਬਲਾਕ ਦੇ ਗੁਰ-ਦੁਆਰੇ ਪਹੁੰਚ ਕੇ ਦੀਵਾਨ ਸਜਾਇਆ ਅਤੇ ਮੈਨੂੰ ਮਾਨ ਪੱਤਰ ਪੇਸ਼ ਕੀਤਾ ਗਿਆ। ਮੇਰੀਆਂ ਐਨੀਆਂ ਤਾਰੀਫ਼ਾਂ ਕੀਤੀਆਂ ਗਈਆਂ ਕਿ ਮੇਰਾ ਸਿਰ ਹੀ ਭਉਂ ਗਿਆ।

ਦੋ ਦਿਨ ਸਰਗੋਧੇ ਰਹਿ ਕੇ ਮੈਂ ਆਪਣੇ ਪਿੰਡ ਮਾਤਾ ਪਿਤਾ ਦੀ ਸੇਵਾ ਵਿਚ ਜਾ ਹਾਜ਼ਰ ਹੋਇਆ। ਮੈਂ ਓਥੋਂ ਵਾਪਸ ਓਦੋਂ ਹੋਇਆ, ਜਦ ਪਿਤਾ ਜੀ ਨੇ ਸਰਗੋਧੇ ਆ ਕੇ ਰਹਿਣਾ ਮੰਨ ਲਿਆ। ਏਥੇ ਰਹਿਣ ਦੀਆਂ ਸ਼ਰਤਾਂ ਵੀ ਉਨ੍ਹਾਂ ਦੀਆਂ ਓਹੋ ਹੀ ਸਨ, ਜੋ ਉਨ੍ਹਾਂ ਦੀਆਂ ਮਿੱਠੇ ਟਿਵਾਣੇ ਰਹਿਣ ਵਾਸਤੇ ਵੀਰ ਜੀ ਨਾਲ ਤੈਅ ਹੋਈਆਂ ਸਨ।

ਮੈਂ ਉਨ੍ਹਾਂ ਨਾਲ ਇਹ ਵੀ ਇਕਰਾਰ ਕੀਤਾ ਸੀ ਕਿ ਸ਼ਹਿਰੋਂ ਬਾਹਰ ਆਪਣੇ ਬਾਗ਼ ਵਿਚ ਉਨ੍ਹਾਂ ਦੇ ਰਹਿਣ ਲਈ ਇਕ ਚੁਬਾਰਾ ਬਣਵਾ ਦਿਆਂਗਾ। ਜੋ ਕੇਵਲ ਤਿੰਨ ਚਾਰ ਦਿਨਾਂ ਦੇ ਵਿਚ ਹੀ ਤਿਆਰ ਹੋ ਗਿਆ ਅਤੇ ਪਿਤਾ ਜੀ ਨੂੰ ਇਹ ਤਿੰਨ ਚਾਰ ਦਿਨ ਗੁਰਦੁਆਰੇ ਦੇ ਪ੍ਰਹੁਣਾ ਘਰ ਵਿਚ ਗੁਜ਼ਾਰਨੇ ਪਏ। ਉਪਰੰਤ ਆਪਣੇ ਨਵੇਂ ਬਣੇ ਚੁਬਾਰੇ ਵਿਚ ਚਲੇ ਗਏ। ਜੋ ਗੁਰਦੁਆਰੇ ਤੋਂ ਅਧ ਕੁ ਮੀਲ ਤੋਂ ਵੀ ਥੋੜੀ ਦੂਰੀ 'ਤੇ ਸੀ। ਜਿੰਨਾ ਚਿਰ ਮੈਂ ਚੀਫ਼ ਕੋਰਟ ਲਾਹੌਰ* ਦਾ ਐਡਵੋਕੇਟ ਐਨਰੋਲ ਨਾ ਹੋ ਗਿਆ, ਮੈਂ ਫ਼ੀਰੋਜ਼ਪੁਰ ਵਿਚ ਸ੍ਰ: ਬ: ਮਹਿਤਾਬ ਸਿੰਘ ਪਾਸ ਜਾ ਰਿਹਾ। ਤੇ ਉਨ੍ਹਾਂ ਪਾਸੋਂ ਕੰਮ ਸਿਖਦਾ ਰਿਹਾ। ਕਾਨੂੰਨ ਅਥਵਾ ਕਿਸੇ ਵੀ ਹੋਰ ਇਲਮ ਦਾ ਕਿਤਾਬਾਂ ਵਿਚ ਪੜ੍ਹ ਲੈਣਾ ਕੁਝ ਹੋਰ ਹੁੰਦਾ ਹੈ। ਤੇ ਅਮਲੀ ਤੌਰ 'ਤੇ ਕਰ ਵਖਾਉਣਾ ਕੁਝ ਹੋਰ ਹੁੰਦਾ ਹੈ।

ਮੈਂ ਨਿਸ਼ਚੇ ਕਰ ਲਿਆ ਸੀ ਕਿ ਕਿਸੇ ਵਕਾਲਤ ਵਿਚ ਲਗੇ ਹੋਏ ਵਕੀਲ ਦੇ ਨਾਲ ਲਗ ਕੇ ਕੰਮ ਕੀਤਾ ਜਾਵੇ, ਤਾਂ ਚੰਗਾ ਰਹੇਗਾ। ਸੁ ਮੈਂ ਏਸੇ ਤਰ੍ਹਾਂ ਕੀਤਾ

---

* ਉਹਨੀਂ ਦਿਨੀਂ ਲਾਹੌਰ ਵਿਚ ਚੀਫ਼ ਕੋਰਟ ਹੀ ਹੁੰਦੀ ਸੀ ਹਾਈ ਕੋਰਟ ਮਗਰੋਂ ਬਣਾਈ ਗਈ ਸੀ।



Digitized by Panjab Digital Library | www.panjabdigilib.org

ਤੇ ਮੈਨੂੰ ਇਸ ਦਾ ਅਤਿਅੰਤ ਲਾਭ ਹੋਇਆ। ਜਦੋਂ ਮੈਨੂੰ ਕੰਮ ਕਰਨ ਦੀ ਆਗਿਆ ਮਿਲ ਗਈ, ਤਾਂ ਸਰਗੋਧੇ ਆ ਕੇ ਵਕਾਲਤ ਸ਼ੁਰੂ ਕਰ ਦਿਤੀ। ਦਫ਼ਤਰ ੩ ਬਲਾਕ ਵਿਚ, ਜੋ ਵਕੀਲਾਂ ਦਾ ਬਲਾਕ ਅਖਵਾਂਦਾ ਸੀ, ਲੈ ਲਿਆ। ਚੌਕ ਦੇ ਵਿਚ, ਚੌਕ ਵਾਲੇ ਪਾਸੇ ਦਫ਼ਤਰ ਤੇ ਨਾਲ ਉਸੇ ਮਕਾਨ ਦੇ ਪਿਛਲੇ ਹਿੱਸੇ ਵੀਰ ਜੀ ਨੇ ਚੰਗੇ ਤਕੜੇ ਮੁਨਸ਼ੀ ਰਖ ਕੇ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰ ਦਿਤਾ। ਵੀਰ ਜੀ ਦੀ ਆਪਣੀ ਵੀ ਏਸ ਇਲਾਕੇ ਵਿਚ ਬੜੀ ਤਕੜੀ ਜਾਣ ਪਛਾਣ ਤੇ ਚਲਦੇ ਬੰਦਿਆਂ ਨਾਲ ਮਿਲਵਰਤਨ ਸੀ। ਸੁ ਦਿਨਾਂ ਵਿਚ ਹੀ ਕੰਮ ਚਲ ਨਿਕਲਿਆ।

ਪਹਿਲੇ ਦੋ ਮਹੀਨਿਆਂ ਦੀ ਆਮਦਨੀ ਵਿਚੋਂ ਇਕ ਇਕ ਮਹੀਨੇ ਦੀ ਆਮਦਨ ਗੁਰਦੁਆਰੇ ਅਤੇ ਲੜਕੀਆਂ ਦੇ ਸਕੂਲ ਨੂੰ ਅਰਦਾਸ ਕਰਵਾ ਦਿਤੀ। ਮੈਂ ਏਥੇ ੧੯੧੨ ਈ: ਵਿਚ ਕੰਮ ਆਰੰਭ ਕੀਤਾ ਤੇ ਸੰਨ ੧੯੧੭ ਵਿਚ ਲਾਹੌਰ ਚੀਫ਼ ਕੋਰਟ ਵਿਚ ਪ੍ਰੈਕਟਿਸ ਕਰਨ ਚਲਾ ਗਿਆ। ਜਿਥੇ ਮੇਰੇ ਦੂਜੇ ਪੁੱਤਰ ਜਗਜੀਤ ਸਿੰਘ ਦਾ ਜਨਮ ਹੋਇਆ। ਇਸ ਤੋਂ ਪਹਿਲਾਂ ਮੇਰੇ ਘਰ ਇਕ ਲੜਕਾ ਤੇ ਇਕ ਲੜਕੀ ਹੋ ਚੁਕੇ ਸਨ। ਲਾਹੌਰ ਮੇਰੀ ਪ੍ਰੈਕਟਿਸ ਚੰਗੀ ਚਲ ਨਿਕਲੀ। ਮੈਨੂੰ ਲਾਹੌਰ ਦੀ ਖ਼ਾਲਸਾ ਯੰਗ ਮੈਨਜ਼ ਐਸੋਸੀਏਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ। ਤੇ ਕੁਝ ਚਿਰ ਮਗਰੋਂ ਸਿੰਘ ਸਭਾ ਲਾਹੌਰ ਦਾ ਸਕੱਤਰ ਥਾਪ ਦਿਤਾ ਗਿਆ। ਲਾਹੌਰ ਕੇਵਲ ਇਕ ਸਾਲ ਹੀ ਕੰਮ ਕਰਨਾ ਨਸੀਬ ਹੋ ਸਕਿਆ ਕਿਉਂਕਿ ਘਰ ਦੇ ਝਮੇਲਿਆਂ ਨੇ ਮੈਨੂੰ ਮੁੜ ਸਰਗੋਧੇ ਚਲੇ ਜਾਣ ਲਈ ਮਜਬੂਰ ਕਰ ਦਿਤਾ। ਜਿਥੋਂ ਤਕ ਮੈਨੂੰ ਯਾਦ ਹੈ ਕੋਈ ਦੋ ਕੁ ਸਾਲ ਮਗਰੋਂ ਮਹਾਤਮਾ ਗਾਂਧੀ ਜੀ ਨੇ ਇਕ ਸਾਲ ਲਈ ਵਿਦਿਆਰਥੀਆਂ ਨੂੰ ਸਕੂਲ, ਕਾਲਜ ਤੇ ਵਕੀਲਾਂ ਨੂੰ ਅਦਾਲਤਾਂ ਦਾ ਬਾਈਕਾਟ ਕਰਨ ਦੇ ਆਦੇਸ਼ ਜਾਰੀ ਕਰ ਦਿਤੇ, ਸਨ ਤੇ ਯਕੀਨ ਦਵਾਇਆ ਸੀ ਕਿ ਜੇ ਇਨ੍ਹਾਂ ਆਦੇਸ਼ਾਂ ਉਪਰ ਡਟ ਕੇ ਅਮਲ ਕੀਤਾ ਗਿਆ, ਤਾਂ ਇਕ ਸਾਲ ਦੇ ਅੰਦਰ ਅੰਦਰ ਜਨਤਾ ਨੂੰ ਸ੍ਵੈਰਾਜ ਮਿਲ ਜਾਵੇਗਾ।

ਸੁ ਮੈਂ ਤੇ ਸ੍ਰ: ਲਾਭ ਸਿੰਘ ਜੀ ਨੇ ਪ੍ਰਸਪਰ ਸਲਾਹ ਕਰ ਕੇ ਇਕ ਸਾਲ ਵਾਸਤੇ ਆਪਣਾ ਕੰਮ ਬੰਦ ਕਰ ਦਿਤਾ। ਪਰ ਸਾਡੇ ਦੋਹਾਂ ਪਾਸ ਜੋ ਦੋ ਦੋ ਮੁਨਸ਼ੀ ਸਨ, ਉਨ੍ਹਾਂ ਦੇ ਜ਼ੋਰ ਦੇਣ 'ਤੇ ਉਨ੍ਹਾਂ ਚਵ੍ਹਾਂ ਨੂੰ ਹੀ ਵਖ ਵਖ ਕੰਮ ਚਾਲੂ ਕਰ ਕੇ ਸੌਂਪ ਦਿਤੇ। ਦੋ ਨੂੰ ਇੱਟਾਂ ਪਕਾਣ ਦੇ ਭੱਠੇ ਲਵਾ ਦਿਤੇ। ਇਕ ਨੂੰ ਲੱਕੜ ਮੰਡੀ ਵਿਚ



Digitized by Panjab Digital Library | www.panjabdigilib.org

ਲੱਕੜੀ ਦੀ ਦੁਕਾਨ ਪਵਾ ਦਿਤੀ। ਚੌਥੇ ਨੂੰ ਸਬਜ਼ੀ ਮੰਡੀ ਦੇ ਚੌਕ ਵਿਚ ਸਬਜ਼ੀ ਤੇ ਫਲ ਨੀਲਾਮ ਕਰਨ ਦੀ ਦੁਕਾਨ ਕਢਵਾ ਦਿਤੀ। ਏਸ ਨਵੇਂ ਕਾਰੋਬਾਰੀ ਵਿਹਾਰ ਕਾਰ ਦਾ ਨਾ ਸਾਨੂੰ ਕੁਝ ਤਜਰਬਾ ਸੀ ਤੇ ਨਾ ਸਾਡੇ ਮੁਨਸ਼ੀਆਂ ਨੂੰ ਕੋਈ ਥਹੁ ਸੀ। ਸੁ ਸਾਲ ਮਗਰੋਂ ਸਾਰੇ ਕੰਮ ਠਪ ਕਰ ਕੇ ਮੁੜ ਵਕਾਲਤ ਦਾ ਧੰਦਾ ਚਾਲੂ ਕਰ ਲਿਆ। ਸਵਰਾਜ ਕੋਈ ਨਾ ਮਿਲਿਆ। ਕਿਉਂਕਿ ਮਹਾਤਮਾ ਜੀ ਦੇ ਪ੍ਰੋਗਰਾਮ ਨੂੰ ਲੋਕਾਂ ਨੇ ਘਟ ਵਧ ਹੀ ਸਮਝਿਆ ਤੇ ਉਸ ਉਪਰ ਅਮਲ ਵੀ ਘਟ ਵਧ ਹੀ ਕੀਤਾ ਗਿਆ। ਸੰਨ ੧੯੨੦ ਦੇ ਅਖ਼ੀਰ ਤਕ ਮੈਂ ਸਰਗੋਧੇ ਪ੍ਰੈਕਟਿਸ ਕਰਦਾ ਰਿਹਾ। ਅਤੇ ਫ਼ਰਵਰੀ ਸੰਨ ੧੯੨੧ ਦੇ ਅੱਧ ਵਿਚ ਕੁਝ ਛੁੱਟੀਆਂ ਹੋਣ ਕਰ ਕੇ ਮੀਆਂ ਚੰਨੂੰ (ਜ਼ਿਲਾ ਮੁਲਤਾਨ) ਚਲਾ ਗਿਆ। ਜਿਥੇ ਮੈਂ ਇਕ ਮੁਨਸ਼ੀ ਰਖ ਕੇ ਕੁਝ ਮਕਾਨ ਬਣਵਾ ਰਿਹਾ ਸੀ। ਜਦੋਂ ਮੈਂ ਸਰਗੋਧੇ ਮੁੜ ਜਾਣ ਲਈ ਤਿਆਰ ਹੋਇਆ, ਤਾਂ ਮੇਰੇ ਮੁਨਸ਼ੀ ਨੇ ਮੈਨੂੰ ਸ਼ੋਰ ਕੋਟ ਜੰਕਸ਼ਨ ਰਾਹੀਂ ਜਾਣ ਦੀ ਬਜਾਏ ਲਾਹੌਰ ਦੇ ਰਸਤੇ ਵਾਪਸ ਜਾਣ ਦੀ ਸਲਾਹ ਦਿਤੀ। ਅਤੇ ਕਿਹਾ ਕਿ ਜੇ ਮੈਂ ਮਕਾਨ ਵਾਸਤੇ ਲੋਹੇ ਦਾ ਸਾਮਾਨ ਲਾਹੌਰੋਂ ਲੈ ਭੇਜਾ ਤਾਂ ਬੜਾ ਸਸਤਾ ਰਹੇਗਾ। ਸੁ ਮੈਂ ੨੧ ਫ਼ਰਵਰੀ ਸੰਨ ੧੯੨੧ ਦੀ ਸ਼ਾਮ ਨੂੰ ਮੁਨਸ਼ੀ ਨੂੰ ਨਾਲ ਲੈ ਕੇ ਲਾਹੌਰ ਜਾ ਪਹੁੰਚਿਆ। ਮੈਂ ਰੇਲ ਦੇ ਪੁਲ ਉਤੋਂ ਦੀ ਬਾਹਰ ਜਾਣ ਲਈ ਅਗੇ ਨੂੰ ਹੋਇਆ ਤਾਂ ਅਗੋਂ ਇਕ ਸਿੰਘ ਆਉਂਦਾ ਹੋਇਆ ਮਿਲਿਆ। ਅਤੇ ਉਸ ਨੇ ਇਹ ਖ਼ਿਆਲ ਕਰ ਕੇ ਕਿ ਮੈਂ ਸ਼ਾਇਦ ਨਨਕਾਣਾ ਸਾਹਿਬ ਵਲੋਂ ਆ ਰਿਹਾ ਹਾਂ ਮੈਨੂੰ ਪੁੱਛਿਆ, ਕਿ ਨਨਕਾਣਾ ਸਾਹਿਬ ਦੇ ਘੱਲੂਘਾਰੇ ਦਾ ਮੈਨੂੰ ਕੁਝ ਪਤਾ ਹੋਵੇ ਤਾਂ ਦਸਦਾ ਜਾਵਾਂ। ਮੈਂ ਦਸਿਆ ਕਿ ਉਹ ਤਾਂ ਮਿੰਟਗੁਮਰੀ ਵਲੋਂ ਆ ਰਿਹਾ ਹੈ। ਸੁ ਉਸ ਨੇ ਨਾ ਕੁਝ ਸੁਣਿਆ ਹੈ ਤੇ ਨਾ ਕੁਝ ਪਤਾ ਹੀ ਹੈ। ਇਹ ਗੱਲ ਕਰਦਿਆਂ ਹੀ ਮੇਰੇ ਦਿਲ ਨੂੰ ਚੁਟਕੀ ਭਰੀ ਗਈ। ਮੈਂ ਏਸ ਸਾਕੇ ਬਾਰੇ ਸੁ-ਵਿਸਥਾਰ ਪਤਾ ਕਰਨ ਵਾਸਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਦੀ ਕੋਠੀ ਦਾ ਟਾਂਗਾ ਕਰਨ ਦਾ ਨਿਸਚਾ ਕਰ ਲਿਆ। ਉਹ ਉਹਨੀਂ ਦਿਨੀਂ ਲਾਹੌਰ ਵਿਚ ਸਰਕਾਰੀ ਵਕੀਲ ਹੁੰਦੇ ਸਨ। ਜਿਸ ਕਰ ਕੇ ਉਨ੍ਹਾਂ ਨਾਲੋਂ ਚੰਗਾ ਪਤਾ ਹੋਰ ਕਿਤੋਂ ਨਹੀਂ ਸੀ ਲਗ ਸਕਦਾ। ਸੁ ਮੈਂ ਸਟੇਸ਼ਨ ਤੋਂ ਬਾਹਰ ਨਿਕਲ ਕੇ ਸਿੱਧਾ ਸਰਦਾਰ ਬਹਾਦਰ ਦੀ ਕੋਠੀ ਦਾ ਟਾਂਗਾ ਕਰ ਲਿਆ।



Digitized by Panjab Digital Library | www.panjabdigilib.org

# ਸਾਕਾ ਨਨਕਾਣਾ ਸਾਹਿਬ

ਟਾਂਗੇ ਨੇ ਸਰਦਾਰ ਬਹਾਦਰ ਦੀ ਕੋਠੀ ਪਲੋ ਪਲੀ ਵਿਚ ਪਹੁੰਚਾ ਦਿਤਾ। ਕੋਠੀ ਤੋਂ ਪਤਾ ਲਗਾ ਕਿ ਸਰਦਾਰ ਬਹਾਦਰ ਅੰਦਰ ਨਹੀਂ ਹਨ। ਸੋ ਮੈਂ ਟਾਂਗੇ ਤੋਂ ਸਾਮਾਨ ਉਤਾਰੇ ਬਗ਼ੈਰ ਹੀ ਉਨ੍ਹਾਂ ਦੀ ਸਿੰਘਣੀ ਨੂੰ ਜਾ ਮਿਲਿਆ। ਅਤੇ ਪੁੱਛਿਆ "ਭਰਜਾਈ ਜੀ! ਜੋ ਸ੍ਰੀ ਨਨਕਾਣਾ ਸਾਹਿਬ ਹੋਏ ਅਤਿਆਚਾਰਾਂ ਬਾਬਤ ਮੈਂ ਸੁਣ ਕੇ ਆ ਰਿਹਾ ਹਾਂ ਕੀ ਇਹ ਸਭ ਕੁਝ ਸਚ ਹੈ ?" ਉਨ੍ਹਾਂ ਉੱਤਰ 'ਹਾਂ' ਵਿਚ ਦਿਤਾ ਅਤੇ ਕਿਹਾ ਕਿ ਏਸ ਵੇਲੇ ਗੁਰਦੁਆਰੇ ਵਿਚ ਏਸੇ ਬਾਰੇ ਬੜਾ ਭਾਰੀ ਦੀਵਾਨ ਸਜ ਰਿਹਾ ਹੈ ਤੇ ਸਰਦਾਰ ਬਹਾਦਰ ਵੀ ਉਥੇ ਹੀ ਗਏ ਹੋਏ ਹਨ। ਮੈਂ ਟਾਂਗਾ ਲੈ ਕੇ ਗੁਰਦੁਆਰੇ ਚਲਾ ਗਿਆ। ਸਾਮਾਨ ਮੇਰੇ ਨਾਲ ਹੀ ਸੀ। ਉਹ ਵੀ ਗੁਰਦੁਆਰੇ ਹੀ ਉਤਾਰ ਲਿਆ। ਪੁੱਛਣ 'ਤੇ ਪਤਾ ਲਗਾ ਕਿ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਇਕ ਸਪੈਸ਼ਲ ਟਰੇਨ ਰਾਹੀਂ ਗੋਰਿਆਂ ਦੀ ਬਹੁਤ ਸਾਰੀ ਫ਼ੌਜ ਅਤੇ ਪੰਜ ਸਿਖ ਮੁਖੀਆਂ ਨੂੰ ਨਾਲ ਲੈ ਕੇ ਸ੍ਰੀ ਨਨਕਾਣਾ ਸਾਹਿਬ ਚਲਾ ਗਿਆ ਹੈ। ਮੁੜ ਸਰਦਾਰ ਬਹਾਦਰ ਦੀ ਕੋਠੀ ਜਾਣ ਦੀ ਥਾਂ ਮੈਂ ਮਿਓ ਹਸਪਤਾਲ ਦੇ ਬਾਹਰ ਡਾਕਟਰ ਪ੍ਰੇਮ ਸਿੰਘ ਗਰੇਵਾਲ ਦੇ ਮਕਾਨ 'ਤੇ ਚਲਾ ਗਿਆ ਜੋ ਉਹਨੀਂ ਦਿਨੀਂ ਓਥੇ ਹਾਊਸ ਫ਼ਿਜ਼ੀਸ਼ਨ ਲਗੇ ਹੋਏ ਸਨ।

ਸਾਮਾਨ ਡਾਕਟਰ ਸਾਹਿਬ ਦੇ ਮਕਾਨ 'ਤੇ ਰੱਖ ਦਿਤਾ। ਤੇ ਉਥੋਂ ਹੀ ਟਾਂਗਾ ਸਵਾਰ ਹੋ ਕੇ ਸਿਧਾ ਬਦਾਮੀ ਬਾਗ਼ ਨੂੰ ਆਪਣੇ ਦੋਸਤ ਸ: ਸਰਦੂਲ ਸਿੰਘ ਸਟੇਸ਼ਨ ਮਾਸਟਰ ਪਾਸ ਜਾ ਪੁੱਜਾ ਜੋ ਕੁਝ ਚਿਰ ਪਹਿਲਾਂ ਸਰਗੋਧਾ ਰੇਲਵੇ ਸਟੇਸ਼ਨ



Digitized by Panjab Digital Library | www.panjabdigilib.org

ਦੇ ਸਟੇਸ਼ਨ ਮਾਸਟਰ ਹੁੰਦੇ ਸਨ । ਮੈਂ ਨਨਕਾਣਾ ਸਾਹਿਬ ਪਹੁੰਚਣ ਵਾਸਤੇ ਉਨ੍ਹਾਂ ਪਾਸੋਂ ਸਹਾਇਤਾ ਦੀ ਯਾਚਨਾ ਕੀਤੀ । ਉਨ੍ਹਾਂ ਨੇ ਪਹਿਲੋਂ ਤਾਂ ਮੈਨੂੰ ਵਰਜਣ ਦਾ ਯਤਨ ਕੀਤਾ, ਪਰ ਜਦ ਉਨ੍ਹਾਂ ਨੇ ਦੇਖਿਆ ਕਿ ਮੈਂ ਆਪਣੀ ਜ਼ਿਦ ਉਪਰ ਡਟਿਆ ਪਿਆ ਹਾਂ ਤਾਂ ਕਹਿਣ ਲਗੇ ਨਨਕਾਣਾ ਸਾਹਿਬ ਜਾਣ ਦਾ ਇਕੋ ਢੰਗ ਹੈ । ਉਹ ਇਹ ਕਿ ਮੈਂ ਰੇਲ ਦਵਾਰਾ ਜੜ੍ਹਾਂਵਾਲੇ ਚਲਾ ਜਾਵਾਂ । ਜਿਥੋਂ ਪਤਾ ਲਗਾ ਹੈ ਕਿ ਲਾਇਲਪੁਰ, ਲਾਹੌਰ, ਸ਼ੇਖ਼ੂਪੁਰਾ ਤੇ ਗੁਜਰਾਂਵਾਲਾ ਜ਼ਿਲਿਆਂ ਦੀਆਂ ਨੇੜੇ ਨੇੜੇ ਦੀਆਂ ਸੰਗਤਾਂ ਹੁਮ ਹੁਮਾ ਕੇ ਇਕੱਤ੍ਰ ਹੋ ਗਈਆਂ ਹਨ, ਤੇ ਉਥੋਂ ਉਹ ਪੈਦਲ ਹੀ ਸ੍ਰੀ ਨਨਕਾਣਾ ਸਾਹਿਬ ਪਹੁੰਚਣਗੀਆਂ । ਮੈਂ ਵੀ ਉਨ੍ਹਾਂ ਦੇ ਨਾਲ ਹੀ ਚਲਾ ਜਾਵਾਂ ।

ਮੈਂ ਕਿਹਾ ਕਿ ਜਦੋਂ ਗੱਡੀ ਨਨਕਾਣਾ ਸਾਹਿਬ ਦੇ ਕੋਲ ਦੀ ਲੰਘਣ ਲਗੇਗੀ ਤਾਂ ਮੈਂ ਅਲਾਰਮ ਚੇਨ ਖਿੱਚ ਕੇ ਗੱਡੀ ਖੜੀ ਕਰ ਲਵਾਂਗਾ । ਇਹ ਸੁਣ ਕੇ ਉਹ ਹੱਸ ਪਏ ਤੇ ਕਹਿਣ ਲਗੇ ਕਿ ਏਨੀ ਅਕਲ ਸਰਕਾਰ ਨੂੰ ਵੀ ਹੈ ਸੋ ਉਸ ਨੇ ਰੇਲ ਦੇ ਅਮਲੇ ਨੂੰ ਪਹਿਲਾਂ ਹੀ ਹੁਕਮ ਕਰ ਰਖਿਆ ਹੈ ਕਿ ਨਨਕਾਣਾ ਸਾਹਿਬ ਅਤੇ ਦੋਹਾਂ ਪਾਸਿਆਂ ਦੇ ਤਿੰਨ ਤਿੰਨ ਸਟੇਸ਼ਨਾਂ ਉਪਰ ਗੱਡੀ ਕਿਸੇ ਹਾਲਤ ਵਿਚ ਵੀ ਖੜੀ ਨਾ ਕੀਤੀ ਜਾਵੇ । ਅਤੇ ਨਾ ਹੀ ਅਲਾਰਮ ਚੇਨ ਨੂੰ ਖਿਚਿਆਂ ਜਾਂ ਕਿਸੇ ਹੋਰ ਕਾਰਨ ਕਰ ਕੇ ਗੱਡੀ ਖੜੀ ਕੀਤੀ ਜਾ ਸਕੇਗੀ । ਉਹ ਇਕੋ ਹੀ ਢੰਗ ਹੈ । ਜੋ ਉਨ੍ਹਾਂ ਨੇ ਮੈਨੂੰ ਦਸ ਰਖਿਆ ਸੀ । ਸੋ ਮੈਂ ਉਨ੍ਹਾਂ ਪਾਸੋਂ ਵਿਦਾ ਹੋ ਕੇ ਡਾਕਟਰ ਪ੍ਰੇਮ ਸਿੰਘ ਜੀ ਦੇ ਘਰ ਪੁਜਾ ਆਪਣੀ ਵਸੀਅਤ ਲਿਖ ਕੇ ਸਾਮਾਨ ਸਮੇਤ ਉਨ੍ਹਾਂ ਦੇ ਹਵਾਲੇ ਕਰ ਦਿਤੀ । ਕੇਵਲ ਇਕ ਤੌਲੀਆ, ਇਕ ਕਛਹਿਰਾ ਤੇ ਇਕ ਕੰਬਲ ਆਪਣੇ ਨਾਲ ਰਖ ਲਏ ।

ਡਾਕਟਰ ਸਾਹਿਬ ਅਤੇ ਉਨ੍ਹਾਂ ਦੇ ਪਰਵਾਰ ਨੇ ਵਰਜਣ ਵਾਸਤੇ ਸਿਰੋਂ ਪਰੇ ਵਾਹ ਲਾਈ, ਕਿ ਜਦ ਤਕ ਨਨਕਾਣਾ ਸਾਹਿਬ ਦੇ ਹਾਲਾਤ ਠੀਕ ਨਹੀਂ ਹੋ ਜਾਂਦੇ ਤਦ ਤਕ ਓਧਰ ਜਾਣ ਦਾ ਨਾਉਂ ਨਹੀਂ ਲੈਣਾ ਚਾਹੀਦਾ । ਪਰ ਮੈਂ ਨਾ ਮੰਨਿਆ ।

ਮੈਂ ਕਿਹਾ "ਹਾਲਾਤ ਠੀਕ ਕਰਨ ਵਾਸਤੇ ਹੀ ਤਾਂ ਉਥੇ ਜਾਣਾ ਜ਼ਰੂਰੀ ਹੈ ।" ਅਤੇ ਨਾਲ ਹੀ ਕਹਿ ਸੁਣਾਇਆ "ਹੁਕਮ ਬਿਨਾ ਝੂਲੇ ਨਹੀਂ ਪਾਤਾ ।" ਅਤੇ



Digitized by Panjab Digital Library | www.panjabdigilib.org

ਉਨ੍ਹਾਂ ਨੂੰ ਆਖ ਦਿਤਾ :

"ਅੱਵਲ ਤਾਂ ਮੈਂ ਵੀਹ ਵਿਸਵੇ ਦੋ ਚਾਰ ਦਿਨ ਤੀਕਰ ਪਰਤ ਆਵਾਂਗਾ ਤੇ ਆਪਣਾ ਸਾਮਾਨ ਆ ਕੇ ਆਪਣੇ ਹੱਥੀਂ ਸੰਭਾਲ ਲਵਾਂਗਾ। ਪਰ ਜੇ ਮੇਰਾ ਸਰੀਰ ਵੀ ਗੁਰੂ ਚਰਨਾਂ ਵਿਚ ਲੇਖੇ ਲਗ ਗਿਆ ਤਾਂ ਸਾਮਾਨ ਮੇਰੇ ਘਰ ਭੇਜ ਦੇਣਾ ਅਤੇ ਵਸੀਅਤ ਮੇਰੀ ਸਿੰਘਣੀ ਦੇ ਹੱਥ ਫੜਾ ਦੇਣੀ। ਇਹ ਸੁਣ ਕੇ ਡਾਕਟਰ ਸਾਹਿਬ ਦੀ ਸਿੰਘਣੀ ਦੇ ਨੇਤਰਾਂ ਵਿਚ ਜਲ ਭਰ ਆਇਆ ਤੇ ਰੋਂਦੀ ਰੋਂਦੀ ਹੱਥ ਜੋੜ ਕੇ ਕਹਿਣ ਲਗੀ :

"ਵੀਰ ਜੀ ! ਅੱਜ ਨਾ ਜਾਓ !! ਦੋ ਦਿਨ ਠਹਿਰ ਕੇ ਚਲੇ ਜਾਣਾ।"

ਮੈਂ ਕਿਹਾ "ਅੱਜ ਤਾਂ ਮੈਂ ਵੀ ਨਹੀਂ ਚਲੇ ਜਾਣਾ। ਜਾਵਾਂਗਾ ਤਾਂ ਭਲਕੇ ਸਵੇਰ ਦੀ ਹੀ ਗੱਡੀ। ਤੌਖ਼ਲੇ ਵਾਲੀ ਗੱਲ ਹੀ ਕੋਈ ਨਹੀਂ। ਫ਼ੌਜ ਤੇ ਪੁਲਿਸ ਬੇ-ਅੰਤ ਪਹੁੰਚ ਗਈ ਹੋਈ ਹੈ। ਅਤੇ ਕਲ੍ਹ ਸ਼ਾਮ ਤਕ ਅਨੇਕਾਂ ਹੀ ਸੰਗਤਾਂ ਵੀ ਉਥੇ ਪੁੱਜ ਜਾਣਗੀਆਂ, ਜਿਨ੍ਹਾਂ ਵਿਚ ਇਕ ਮੈਂ ਵੀ ਹੋਵਾਂਗਾ।"

ਮਸਾਂ ਮਸਾਂ ਕਰ ਕੇ ਦਿਨ ਨਿਕਲ ਆਇਆ। ਡਾਕਟਰ ਸਾਹਿਬ ਨੇ ਧਕੋ ਧਕੀ ਕੁਝ ਖਵਾ ਕੇ ਤੇ ਚਾਹ ਪਿਲਾ ਕੇ ਮੈਨੂੰ ਤੁਰ ਚਲਣ ਦੀ ਆਗਿਆ ਦੇ ਹੀ ਦਿਤੀ। ਮੈਂ ਜੜ੍ਹਾਂਵਾਲੇ ਦਾ ਟਿਕਟ ਲੈ ਕੇ ਰੇਲ ਵਿਚ ਜਾ ਬੈਠਾ। ਜਦ ਗੱਡੀ ਉਥੇ ਪਹੁੰਚੀ ਤਾਂ ਉਥੇ ਗੱਡੀ ਦੇ ਦੋਹੀਂ ਪਾਸੀਂ ਚੋਖੀ ਸਾਰੀ ਭੀੜ ਭਾੜ ਸੀ। ਮੈਂ ਵੀ ਜਾ ਸ਼ਾਮਲ ਹੋਇਆ ਅਤੇ ਸੰਗਤਾਂ ਨੇ ਛੇਤੀ ਹੀ ਚਾਲੇ ਪਾ ਦਿਤੇ। ਸ੍ਰੀ ਨਨਕਾਣਾ ਸਾਹਿਬ ਜਨਮ ਅਸਥਾਨ ਦੀ ਆਬਾਦੀ ਨੂੰ ਪੁਲਸ ਤੇ ਗੋਰਾ ਫ਼ੌਜ ਨੇ ਘੇਰੇ ਵਿਚ ਲੈ ਰਖਿਆ ਸੀ। ਰੇਲਵੇ ਲਾਈਨ ਤੋਂ ਪਾਰ ਕਿਸੇ ਨੂੰ ਜਾਣ ਨਹੀਂ ਸੀ ਦਿਤਾ ਜਾਂਦਾ। ਜ਼ਿਲਾ ਸ਼ੇਖ਼ੂਪੁਰੇ ਦੀ ਸੰਗਤ ਸਾਡੇ ਨਾਲੋਂ ਪਹਿਲੋਂ ਉਥੇ ਪਹੁੰਚੀ ਹੋਈ ਸੀ। ਦੀਵਾਨ ਸਜਾਇਆ ਗਿਆ। ਭਾਈ ਕਰਤਾਰ ਸਿੰਘ ਝੱਬਰ ਦੀਵਾਨ ਦੇ ਪ੍ਰਧਾਨ ਥਾਪ ਦਿਤੇ ਗਏ। ਬੜੀਆਂ ਜੋਸ਼ੀਲੀਆਂ ਤੇ ਧੂੰਆਂ ਧਾਰ ਤਕਰੀਰਾਂ ਹੋਈਆਂ। ਓੜਕ ਇਕ ਪ੍ਰਸਤਾਵ ਦਵਾਰਾ ਕਮਿਸ਼ਨਰ ਲਾਹੌਰ ਨੂੰ ਇਕ ਘੰਟੇ ਦੀ ਮੁਹਲਤ ਦਿਤੀ ਗਈ ਕਿ ਸੰਗਤਾਂ ਨੂੰ ਇਕ ਘੰਟੇ ਦੇ ਅੰਦਰ ਅੰਦਰ ਜੇ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਦੀ ਖੁਲ੍ਹ ਨ ਦਿਤੀ ਗਈ ਤਾਂ ਸੰਗਤਾਂ ਹੱਲਾ ਬੋਲ ਕੇ ਗੁਰਦੁਆਰੇ ਅੰਦਰ ਦਾਖ਼ਲ ਹੋ ਜਾਣਗੀਆਂ। ਜੋ ਇਸ ਦਾ ਨਤੀਜਾ



Digitized by Panjab Digital Library | www.panjabdigilib.org

ਨਿਕਲੇਗਾ ਉਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਹੋਵੇਗੀ।

ਇਸ ਗੁਰਮਤੇ ਦੀ ਨਕਲ ਇਕ ਪੁਲਸ ਅਫ਼ਸਰ ਦੇ ਹੱਥ ਕਮਿਸ਼ਨਰ ਲਾਹੌਰ ਨੂੰ ਫੜਾ ਦਿਤੀ ਗਈ। ਜਿਸ 'ਤੇ ਪਤਾ ਲਗਾ ਕਿ ਕਮਿਸ਼ਨਰ ਲਾਹੌਰ, ਕਪਤਾਨ ਪੁਲੀਸ ਤੇ ਡਿਪਟੀ ਕਮਿਸ਼ਨਰ ਸ਼ੇਖੂਪੁਰਾ ਨੇ ਆਪਸ ਵਿਚ ਮਸ਼ਵਰਾ ਕਰ ਕੇ ਸਰਦਾਰ ਬਹਾਦਰ ਪਾਸੋਂ ਸਲਾਹ ਪੁਛੀ ਕਿ ਕੀ ਕਰਨਾ ਚਾਹੀਦਾ ਹੈ ? ਉਨ੍ਹਾਂ ਨੇ ਸਲਾਹ ਦਿਤੀ ਕਿ ਜ਼ਾਬਤਾ ਫ਼ੌਜਦਾਰੀ ਦੀ ਧਾਰਾ ੧੪੫ ਦੇ ਅਧੀਨ ਗੁਰਦੁਆਰੇ ਨੂੰ ਸਰਕਾਰੀ ਕਬਜ਼ੇ ਵਿਚ ਲੈ ਲਿਆ ਗਿਆ। ਅਤੇ ਸ੍ਰ: ਬਹਾਦਰ ਦੇ ਮਸ਼ਵਰੇ ਮੂਜਬ ਸਿੱਖ ਸੰਗਤਾਂ ਨੂੰ ਦਰਸ਼ਨ ਕਰਨ ਦੀ ਆਗਿਆ ਦੇ ਦਿਤੀ ਗਈ। ਸੰਗਤਾਂ ਝੱਟ ਪਟ ਗੁਰਦੁਆਰੇ ਦੇ ਅੰਦਰ ਜਾ ਦਾਖਲ ਹੋਈਆਂ।

ਅਗੋਂ ਜੋ ਕੁਝ ਉਥੇ ਜਾ ਕੇ ਏਨ੍ਹਾਂ ਨੇਤਰਾਂ ਨੇ ਦੇਖਿਆ ਉਹ ਦਰਦਨਾਕ ਨਜ਼ਾਰਾ ਕਦੀ ਭੁਲ ਨਹੀਂ ਸਕਦਾ। ਜੋ ਚੁਬੱਚਾ ਅੰਦਰ ਦੇ ਫ਼ਰਸ਼ਾਂ ਦੀ ਧੋ ਧੁਵਾਈ ਕਰਨ 'ਤੇ ਜਲ ਨਾਲ ਭਰ ਜਾਇਆ ਕਰਦਾ ਸੀ। ਅਜ ਸ਼ਹੀਦ ਸਿੰਘਾਂ ਦੇ ਪਵਿਤਰ ਖੂਨ ਨਾਲ ਭਰਿਆ ਪਿਆ ਸੀ। ਚਾਂਦੀ, ਦੇ ਤਾਕਾਂ ਵਿਚੋਂ ਪਤਰਿਆਂ ਦੀਆਂ ਟਾਕੀਆਂ ਕਟ ਕੇ ਦੁਸ਼ਟ ਮਹੰਤ ਦੇ ਭਾੜੇ ਦੇ ਕਾਤਲ ਇਨ੍ਹਾਂ ਮੋਰੀਆਂ ਥਾਣੀਂ ਬੰਦੂਕਾਂ ਦੀਆਂ ਨਾਲੀਆਂ ਅੰਦਰ ਨੂੰ ਵਹਾ ਵਹਾ ਸ਼ਾਂਤਮਈ ਧਾਰੀ ਬੈਠੀਆਂ ਸੰਗਤਾਂ ਉਪਰ ਗੋਲੀਆਂ ਦਾਗਦੇ ਰਹੇ ਸਨ। ਜੋ ਸੰਗਤਾਂ ਨੇ ਆਪਣੇ ਬਚਾਉ ਵਾਸਤੇ ਅੰਦਰੋਂ ਕੁੰਡੀਆਂ ਲਾ ਕੇ ਬੰਦ ਕਰ ਰਖੇ ਸਨ। ਗੋਲੀਆਂ ਦੇ ਨਿਸ਼ਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਵਿੱਤਰ ਦੇਹ ਵਿਚ ਵੀ ਦਿਖਾਈ ਦੇ ਰਹੇ ਸਨ! ਓੜਕ ਮਹੰਤ ਦੇ ਕਹਿਣ 'ਤੇ ਕਿ ਜਥੇਦਾਰ ! ਦਰਵਾਜ਼ਾ ਖੋਲ੍ਹ ਦੇਵੇ ਤਾਂ ਚੰਗੀ ਗੱਲ ਏ।

ਜਥੇਦਾਰ ਲਛਮਣ ਸਿੰਘ ਜੀ ਨੇ ਦਰਵਾਜ਼ਾ ਖੋਲ੍ਹ ਦਿਤਾ। ਕਿਉਂਕਿ ਉਸ ਨੇ ਦੇਖ ਲਿਆ ਸੀ ਕਿ ਮਹੰਤ ਦੇ ਆਦਮੀਆਂ ਨੇ ਦਰਵਾਜ਼ੇ ਕਟ ਕੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿਤੀਆਂ ਹਨ। ਜਥੇਦਾਰ ਜੀ ਨੂੰ ਦੋਹਾਂ ਹੀ ਹਾਲਤਾਂ ਵਿਚ ਬਚਾਓ ਦੀ ਕੋਈ ਸੂਰਤ ਨਹੀਂ ਸੀ ਦਿਖਾਈ ਦੇ ਰਹੀ। ਪਰ ਦਰਵਾਜ਼ਾ ਖੁਲ੍ਹਦਿਆਂ ਹੀ ਮਹੰਤ ਦੇ ਹਥਿਆਰ ਬੰਦ ਖੂਨੀ ਡਾਕੂਆਂ ਦੇ ਦਸਤੇ, ਛਵ੍ਹੀਆਂ ਤੇ ਗੰਡਾਸੇ ਲੈ ਕੇ ਅੰਦਰ ਜਾ ਵੜੇ ਤੇ ਜੋ ਸਿੰਘ ਬਾਹਰੋਂ ਚਲਾਈਆਂ ਜਾ ਰਹੀਆਂ ਗੋਲੀਆਂ ਦੀ



Digitized by Panjab Digital Library | www.panjabdigilib.org

ਮਾਰ ਪਾਸੋਂ ਬਚੇ ਰਹਿ ਗਏ ਸਨ ਉਨ੍ਹਾਂ ਨੂੰ ਟੋਟੇ ਟੋਟੇ ਕਰ ਦਿਤਾ ਗਿਆ ਜਥੇਦਾਰ ਲਛਮਣ ਸਿੰਘ ਨੂੰ ਜੀਉਂਦੇ ਜੀਅ ਜੰਡ ਨਾਲ ਪੁਠਾ ਟੰਗ ਕੇ ਉਪਰ ਮਿਟੀ ਦੇ ਤੇਲ ਦਾ ਪੀਪਾ ਸੁਟਿਆ ਤੇ ਅੱਗ ਲਗਾ ਦਿਤੀ। ਤੇ ਕੁਝ ਸਿੰਘਾਂ ਨੂੰ ਖੇਤਾਂ ਵਿਚ ਭਜੇ ਜਾਂਦਿਆਂ ਫੜ ਕੇ ਜੀਊਂਦੇ ਜੀਅ ਸੜਦੇ ਬਲਦੇ ਭਠਿਆਂ ਦੇ ਲਟ ਲਟ ਕਰਦੇ ਲੂੰਬਿਆਂ ਵਿਚ ਸੁਟ ਸੁਟ ਭਸਮ ਕਰ ਦਿਤਾ ।

ਸਾਨੂੰ ਪਤਾ ਲਗਾ ਕਿ ਗੁਰਦੁਆਰੇ ਅੰਦਰ ਗਏ ਸਿੰਘਾਂ ਵਿਚੋਂ ਕੇਵਲ ਦੋ ਸਿੰਘ ਕੋਠੜੀਆਂ ਤੋਂ ਛਾਲਾਂ ਮਾਰ ਕੇ ਬਚ ਨਿਕਲੇ ਸਨ। ਭਾਵੇਂ ਉਸ ਵੇਲੇ ਇਹ ਗੱਲ ਦਰਸ਼ਕਾਂ ਦੀ ਸਮਝ ਵਿਚ ਨਹੀਂ ਸੀ ਬੈਠਦੀ ਕਿ ਉਹ ਏਨੀ ਉਚੀ ਥਾਂ ਤੋਂ ਛਾਲਾਂ ਕਿਵੇਂ ਮਾਰ ਗਏ ! ਪਰ ਗੱਲ ਇਹ ਠੀਕ ਸੀ ਤੇ ਉਹ ਅੰਦਰੋਂ ਨਿਕਲ ਕੇ ਦੌੜੇ ਜ਼ਰੂਰ ਸਨ। ਉਨ੍ਹਾਂ ਵਿਚੋਂ ਇਕ ਨੂੰ ਘੋੜ ਸਵਾਰਾਂ ਨੇ ਦੋ ਫ਼ਰਲਾਂਗ ਦੀ ਵਾਟ ਤੋਂ ਬਰਛੀਆਂ ਨਾਲ ਵਿਨ੍ਹ ਕੇ ਸ਼ਿਕਾਰ ਕਰ ਲਿਆ ਸੀ ਤੇ ਉਥੇ ਹੀ ਤੇਲ ਪਾ ਕੇ ਸਾੜ ਦਿਤਾ ਸੀ। ਦੂਜਾ ਸਾਕੇ ਤੋਂ ਤਿੰਨ ਦਿਨ ਮਗਰੋਂ ਮੈਨੂੰ ਆਪਣੇ ਪਿੰਡ ਵਾਪਸ ਆ ਕੇ ਮਿਲਿਆ। ਜਿਸ ਦੀ ਜ਼ਬਾਨੀ ਹੇਠ ਲਿਖੇ ਸਮਾਚਾਰਾਂ ਦਾ ਪਤਾ ਲਗਾ :

"ਕੁਝ ਕੁ ਦਿਨ ਹੋਏ ਹਨ ਕਿ ਜਥੇਦਾਰ ਭਾਈ ਲਛਮਣ ਸਿੰਘ ਸਾਡੇ ਪਿੰਡ ਅਤੇ ਹੋਰ ਲਾਗੇ ਦੇ ਪਿੰਡਾਂ ਦੇ ਕੋਈ ਇਕ ਸੌ ਤੇ ਦਸ ਬਾਰਾਂ ਸਿੰਘ ਇਕੱਠੇ ਕਰ ਕੇ ਨਨਕਾਣਾ ਸਾਹਿਬ ਲੈ ਆਇਆ ਸੀ । ਜਦੋਂ ਰੇਲ ਦੀ ਲਾਈਨ ਦੇ ਲਾਗੇ ਪੁਜੇ, ਤਾਂ ਜਥੇਦਾਰ ਜੀ ਨੇ ਆਪਣੀ ਸੋਟੀ ਨਾਲ ਲੀਕ ਵਾਹ ਕੇ ਕਿਹਾ— "ਸਜਣੋ ! ਜਿਸ ਕਿਸੇ ਨੇ ਅਗੇ ਜਾ ਕੇ ਆਪਣੇ ਮਾਂ ਬਾਪ ਬਾਲ ਬੱਚੇ ਜਾਂ ਘਰ ਘਾਟ ਦਾ ਖ਼ਿਆਲ ਕਰਕੇ ਪਿਛੇ ਮੁੜ ਆਉਣਾ ਹੋਵੇ ਉਹ ਹੁਣੇ ਏਥੋਂ ਹੀ ਮੁੜ ਜਾਵੇ। ਤੇ ਜਿਸ ਨੇ ਸਿੱਧੇ ਮੱਥੇ ਸ਼ਹੀਦੀਆਂ ਪਾਉਣ ਵਾਸਤੇ ਜਾਣਾ ਹੋਵੇ ਉਹ ਮੇਰੇ ਨਾਲ ਲਕੀਰ ਟੱਪ ਕੇ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਣਾਂ ਨੂੰ ਚਲਾ ਚਲੇ। ਉਹਨੇ ਇਹ ਵੀ ਕਿਹਾ ਕਿ ਦੁਸ਼ਟ ਮਹੰਤ ਨੇ ਸਰਕਾਰ ਨਾਲ ਗੋਂਦ ਗੁੰਦ ਕੇ ਸਿੱਖ ਆਗੂਆਂ ਨੂੰ ਸਮਝੌਤਾ ਕਰਨ ਲਈ ਸਦੇ ਦੇ ਭੇਜੇ ਹਨ ਕਿ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਨਿਕਲ ਕੇ ਜਾਣ ਨ ਦਿਤਾ ਜਾਵੇ। ਤੇ ਸਾਰੇ ਹੀ ਆਗੂਆਂ ਨੂੰ ਮੁਕਾ ਦਿਤੇ ਜਾਣ 'ਤੇ



Digitized by Panjab Digital Library | www.panjabdigilib.org

ਉਠ ਰਹੀ ਗੁਰਦੁਆਰਾ ਸੁਧਾਰ ਦੀ ਅਕਾਲੀ ਲਹਿਰ ਆਪੇ ਹੀ ਠੱਪੀ ਜਾਵੇਗੀ ।

"ਕਿਉਂਕਿ ਮਹੰਤ ਪਾਸ ਬੇਅੰਤ ਹੀ ਹਥਿਆਰ ਹਨ ਅਤੇ ਬੜੇ ਬੜੇ ਡਾਕੂ, ਖ਼ੂਨੀ, ਕਾਤਲ ਤੇ ਬਦਮਾਸ਼ਾਂ ਦੇ ਗਰੁਹ ਉਸ ਨੇ ਪਾਲ ਰਖੇ ਹਨ। ਅਸੀਂ ਗੁਰਦਵਾਰੇ ਦੇ ਅੰਦਰ ਜਾ ਕੇ ਬੈਠ ਜਾਵਾਂਗੇ। ਸ਼ਬਦ ਪੜ੍ਹਾਂਗੇ, ਸਾਨੂੰ ਉਹ ਚਲੇ ਜਾਣ ਲਈ ਕਹਿਣਗੇ। ਅਸੀਂ ਨਹੀਂ ਜਾਵਾਂਗੇ। ਤੇ ਉਹ ਸਾਡੇ ਉਪਰ ਹੱਲਾ ਬੋਲ ਦੇਣਗੇ। ਸਾਨੂੰ ਮਾਰ ਮੁਕਾਉਣਗੇ। ਉਹ ਸਾਨੂੰ ਮਾਰ ਕੇ ਸਾਡਾ ਖੁਰਾ ਖੋਜ ਮੁਕਾ ਦੇਣ ਦਾ ਵੀ ਜਤਨ ਕਰਨਗੇ।

"ਉਸ ਨੇ ਅਨੇਕਾਂ ਹੀ ਮਿਟੀ ਦੇ ਤੇਲ ਦੇ ਕਨੱਸਤਰ ਮੰਗਵਾ ਰਖੇ ਹਨ। ਲੱਕੜੀ ਵੀ ਬੇਅੰਤ ਜਮਾ ਕਰ ਰਖੀ ਹੈ। ਸਾਨੂੰ ਇਕ ਇਕ ਨੂੰ ਫੂਕ ਕੇ ਭਸਮ ਕਰ ਛਡਣ ਵਿਚ ਕੋਈ ਕਸਰ ਨਹੀਂ ਛਡਣਗੇ। ਪਰ ਏਨਿਆਂ ਬੰਦਿਆਂ ਦਾ ਖ਼ੂਨ ਪਚਾਉਣਾ ਵੀ ਬੜਾ ਮੁਸ਼ਕਲ ਹੈ। ਜਿੰਨੇ ਸਾਡੇ ਵਿਚੋਂ ਗੁਰਦੁਆਰੇ ਦੇ ਅੰਦਰ ਕੁੰਡੀਆਂ ਬੰਦ ਕਰ ਕੇ ਬੈਠ ਸਕਣਗੇ ਉਨ੍ਹਾਂ ਵਿਚੋਂ ਕੁਝ ਤਾਂ ਬਚ ਹੀ ਰਹਿਣਗੇ। ਏਨੇ ਨੂੰ ਪੁਲਿਸ ਤੇ ਫ਼ੌਜ ਪਹੁੰਚ ਜਾਵੇਗੀ। ਮਹੰਤ ਤੇ ਮਹੰਤ ਦੇ ਸਾਥੀ ਕਾਤਲ ਇਕ ਇਕ ਕਰ ਕੇ ਫੜ ਲਏ ਜਾਣਗੇ। ਗੁਰਦੁਆਰਾ ਪੰਥਕ ਪ੍ਰਬੰਧ ਵਿਚ ਆ ਜਾਵੇਗਾ।

"ਯਾਦ ਰਖੋ! ਸਿੰਘੋ!! ਅਸਾਂ ਅਗੋਂ ਹੱਥ ਨਹੀਂ ਉਠਾਉਂਣਾ ਨਹੀਂ ਤਾਂ ਇਹ ਗੱਲ ਬਣਾ ਲਈ ਜਾਵੇਗੀ ਕਿ ਮਹੰਤ ਤੇ ਉਸ ਦੇ ਕਾਤਲਾਂ ਨੇ ਜੋ ਕੁਝ ਵੀ ਕੀਤਾ ਹੈ, ਆਪਣੇ ਬਚਾਓ ਵਾਸਤੇ ਕੀਤਾ ਹੈ।"

"ਜਥੇਦਾਰ ਦੇ ਇਹ ਬਚਨ ਸੁਣ ਕੇ ਸਾਰੇ ਜੱਥੇ ਵਿਚੋਂ ਦੋ ਤਿੰਨ ਪ੍ਰੇਮੀ ਪਿਛਾਂਹ ਪਰਤ ਗਏ ਅਤੇ ਮੈਂ ਤੇ ਹੋਰ ਸਾਰੇ ਬਾਕੀ ਦੇ ਸਿੰਘ ਜਥੇਦਾਰ ਜੀ ਦੇ ਮਗਰੇ ਹੋ ਤੁਰੇ। ਗੁਰਦੁਆਰੇ ਪਹੁੰਚ ਕੇ ਉਹੋ ਕੁਝ ਹੀ ਹੋਇਆ ਜੋ ਕੁਝ ਜਥੇਦਾਰ ਜੀ ਨੇ ਕਿਹਾ ਸੀ। ਜਥੇਦਾਰ ਲਛਮਣ ਸਿੰਘ ਜੀ, ਮੈਂ ਅਤੇ ੨੫-੩੦ ਹੋਰ ਸਿੱਖ ਜਨਮ ਅਸਥਾਨ ਦੇ ਅੰਦਰ ਜਾ ਬੈਠੇ। ਦਰਵਾਜ਼ੇ ਅੰਦਰ ਕੁੰਡੇ ਲਗਾ ਕੇ ਬੰਦ ਕਰ ਲਏ। ਜਥੇਦਾਰ ਜੀ ਮਹਾਰਾਜ ਦੀ ਤਾਬਿਆ ਜਾ ਬੈਠੇ। ਸਾਨੂੰ ਬਾਹਰੋਂ ਮਾਰ ਦਿਓ!



Digitized by Panjab Digital Library | www.panjabdigilib.org

ਵੱਢ ਸੁਟੋ !! ਦੀਆਂ ਆਵਾਜ਼ਾਂ ਆ ਰਹੀਆਂ ਸਨ ।

"ਕੁਝ ਚਿਰ ਪਿਛੋਂ ਪਿਛਲੇ ਦਰਵਾਜ਼ੇ ਨੂੰ ਆਰੀ ਨਾਲ ਚੀਰੇ ਜਾਣ ਦੀ ਆਵਾਜ਼ ਆਈ । ਅਤੇ ਇਕ ਗਿੱਠ ਕੁ ਭਰ ਦਾ ਟੁਕੜਾ ਕਟ ਦਿੱਤਾ ਗਿਆ ਤੇ ਉਸ ਮੋਰੀ ਦੇ ਵਿਚੋਂ ਦੀ ਗੋਲੀਆਂ ਦੀ ਤਾੜ ਤਾੜ ਹੋਣ ਲਗ ਪਈ । ਜਥੇਦਾਰ ਨੂੰ ਦੋ ਤਿੰਨ ਗੋਲੀਆਂ ਲਗੀਆਂ ਤੇ ਮਹਾਰਾਜ ਦੀ ਦਿਹ ਵੀ ਵਿੰਨ੍ਹੀ ਗਈ । ਮੈਂ ਦਰਵਾਜ਼ੇ ਦੇ ਹੇਠਲੇ ਪਾਸੇ ਇਕ ਨੁਕਰੇ ਜਿਹੇ ਲਗਾ ਰਿਹਾ, ਤੇ ਗੋਲੀਆਂ ਦੀ ਮਾਰ ਪਾਸੋਂ ਬਚਿਆ ਰਿਹਾ । ਏਨੇ ਨੂੰ ਮਹੰਤ ਨੇ ਜਥੇਦਾਰ ਨੂੰ ਆਵਾਜ਼ ਦੇ ਕੇ ਦਰਵਾਜ਼ਾ ਖੋਲ੍ਹ ਦੇਣ ਵਾਸਤੇ ਕਿਹਾ । ਉਸ ਨੇ ਦਰਵਾਜ਼ਾ ਖੋਲ੍ਹ ਦਿਤਾ । ਬੱਸ ! ਫੇਰ ਕੀ ਸੀ ? ਰੱਬ ਦਏ ਤੇ ਬੰਦਾ ਸਹੇ ।

ਬਾਹਰ ਨਿਕਲਣ ਵਾਲਿਆਂ ਉਪਰ ਸੈਂਕੜੇ ਹੀ ਹਤਿਆਰੇ ਛਵ੍ਹੀਆਂ, ਗੰਡਾਸੇ, ਕੁਹਾੜੇ, ਬਰਛੇ ਤੇ ਤਲਵਾਰਾਂ ਫੜ ਕੇ ਟੁੱਟ ਕੇ ਆਣ ਪਏ । ਮੈਂ ਤੇ ਮੇਰਾ ਇਕ ਹੋਰ ਸਾਥੀ ਦੌੜ ਕੇ ਕੰਧ ਦੇ ਉਤੋਂ ਦੀ ਛਾਲਾਂ ਮਾਰ ਕੇ ਨੱਸ ਉਠੇ । ਅਸੀਂ ਰੇਲ ਦੀ ਲਾਈਨ ਟਪ ਆਏ । ਮਿੰਟ ਕੁ ਮਗਰੋਂ ਸਾਡੇ ਪਿਛੇ ਪਿਛੇ ਘੋੜਿਆਂ ਦੀ ਟਾਪ ਦੀ ਆਵਾਜ਼ ਸੁਣਾਈ ਦੇਣ ਲਗੀ । ਮੁੜ ਕੇ ਵੇਖਿਆ ਤਾਂ ਘੋੜ ਸਵਾਰ ਸਰਪਟ ਨੱਸੇ ਆਉਂਦੇ ਦਿਖਾਈ ਦਿਤੇ । ਜਿਸ ਤੇ ਮੈਂ ਇਕ ਵਡੀ ਸਾਰੀ ਝਾੜੀ ਹੇਠ ਵੜ ਗਿਆ । ਮੇਰਾ ਸਾਥੀ ਵਾਹੋ ਦਾਹੀ ਨਸਦਾ ਚਲਾ ਗਿਆ । ਓੜਕ ਘੋੜ ਸਵਾਰਾਂ ਦੇ ਘੇਰੇ ਵਿਚ ਫਸ ਗਿਆ । ਉਨ੍ਹਾਂ ਨੇ ਇਸ ਨੂੰ ਛਵ੍ਹੀਆਂ ਗੰਡਾਸੀਆਂ ਤੇ ਬਰਛੀਆਂ ਨਾਲ ਟੋਟੇ ਟੋਟੇ ਕਰ ਘਤਿਆ । ਮੈਨੂੰ ਬਥੇਰਾ ਲਭਦੇ ਰਹੇ । ਇਕ ਆਦਮੀ ਨੂੰ ਘੋੜੀ ਉਪਰ ਪਿਛੇ ਗੁਰਦੁਆਰੇ ਭੇਜ ਕੇ ਮਿੱਟੀ ਦੇ ਤੇਲ ਦਾ ਟੀਨ ਮੰਗਵਾ ਲਿਆ । ਏਨੇ ਨੂੰ ਘੋੜ ਸਵਾਰ ਦੂਰ ਤਕ ਮੇਰੀ ਟੋਹ ਲਗਾ ਆਏ । ਪਰ ਮੈਂ ਨਾ ਮਿਲ ਸਕਿਆ । ਓੜਕ ਉਹ ਉਸੇ ਨੂੰ ਤੇਲ ਨਾਲ ਫੂਕ ਕੇ ਗੁਰਦਵਾਰੇ ਪਰਤ ਗਏ । ਮੈਂ ਕੁਝ ਚਿਰ ਹੋਰ ਦੜ ਵਟੀ ਝਾੜੀ ਵਿਚ ਹੀ ਪਿਆ ਰਿਹਾ । ਤੇ ਜਦੋਂ ਲਾਗੇ ਬੰਨੇ ਕੋਈ ਨਾ ਦਿਸਿਆ ਮੈਂ ਝਾੜੀ ਵਿਚੋਂ ਨਿਕਲ ਕੇ ਨੀਵਾਂ ਨੀਵਾਂ ਹੋ ਕੇ ਪਿੰਡ ਵਲ ਨੂੰ ਖਿਸਕ ਤੁਰਿਆ ਤੇ ਥੋੜੀ ਦੂਰ ਜਾ ਕੇ ਵਾਹੋ ਦਾਹੀ ਨੱਸ ਉੱਠਾ । ਤੇ ਪਿੰਡ ਜਾ ਕੇ ਸਾਹ ਲਿਆ । ਹੁਣ ਫ਼ੌਜ ਤੇ ਪੁਲਸ ਦੇ ਆ ਜਾਣ ਅਤੇ ਮਹੰਤ ਤੇ ਮਹੰਤ ਦੇ ਆਦਮੀ ਫੜੇ ਜਾਣ ਅਤੇ ਬੇਅੰਤ ਸੰਗਤਾਂ ਦੇ ਪਹੁੰਚ



Digitized by Panjab Digital Library | www.panjabdigilib.org

ਪੈਣ ਦਾ ਪਤਾ ਲਗਣ 'ਤੇ ਤੁਹਾਡੇ ਪਾਸ ਚਲੇ ਆਉਣ ਦਾ ਹੌਸਲਾ ਪੈ ਗਿਆ।"

ਏਸ ਪ੍ਰੇਮੀ ਨੂੰ ਸਾਡੇ ਇਕ ਆਗੂ ਨੇ ਸਲਾਹ ਦਿਤੀ ਕਿ ਵੇਖੀਂ ਕਿਤੇ ਉਪਰ ਦਸੀ ਗੱਲ ਪੁਲੀਸ ਨੂੰ ਨਾ ਕਹਿ ਸੁਣਾਈਂ। ਨਹੀਂ ਤਾਂ ਮੁਕੱਦਮਾ ਖ਼ਾਰਜ ਹੋ ਜਾਏਗਾ ਤੇ ਮਹੰਤ ਅਤੇ ਉਸ ਦੇ ਕਾਤਲ ਸਾਥੀ ਸਾਰੇ ਹੀ ਬਰੀ ਹੋ ਜਾਣਗੇ ਤੇ ਗੁਰਦੁਆਰਾ ਵੀ ਪੰਥ ਦੇ ਕਬਜ਼ੇ ਵਿਚੋਂ ਜਾਂਦਾ ਰਹੂ। ਤੂੰ ਜਿਥੇ ਵੀ ਬਿਆਨ ਦੇਵੇਂ ਇਹੋ ਆਖੀਂ ਕਿ ਅਸੀਂ (ਕਿਸੇ ਪਿੰਡ ਦਾ ਨਾਮ ਲੈ ਕੇ ਅਮਕੀ ਥਾਂ ਦੀਵਾਨ ਵਿਚ ਸ਼ਾਮਲ ਹੋਣ ਵਾਸਤੇ ਜਾ ਰਹੇ ਸੀ, ਰਾਹ ਵਿਚ ਨਨਕਾਣਾ ਸਾਹਿਬ ਪੈਂਦਾ ਸੀ। ਅਸੀਂ ਦਰਸ਼ਨ ਕਰਨ ਜਨਮ ਅਸਥਾਨ ਦੇ ਅੰਦਰ ਗਏ। ਏਨੇ ਨੂੰ ਮਹੰਤ ਤੇ ਉਸ ਦੇ ਬੰਦੇ ਬੰਦੂਕਾਂ, ਪਸਤੌਲ, ਛਵ੍ਹੀਆਂ, ਗੰਡਾਸੇ, ਬਰਛੇ ਤੇ ਤਲਵਾਰਾਂ ਲੈ ਕੇ ਆ ਗਏ, ਤੇ ਸਾਡੇ ਉਪਰ ਟੁੱਟ ਪਏ। ਜਥੇਦਾਰ ਲਛਮਣ ਸਿੰਘ, ਮੈਂ ਤੇ ਹੋਰ ਅਕਾਲੀ ਗੁਰਦੁਆਰੇ ਦੇ ਅੰਦਰ ਜਾ ਵੜੇ ਤੇ ਅੰਦਰੋਂ ਕੁੰਡੇ ਲਾ ਕੇ ਦਰਵਾਜ਼ੇ ਬੰਦ ਕਰ ਲਏ। ਤੇ ਇਸ ਤੋਂ ਪਿਛੋਂ ਤੂੰ ਉਹੋ ਹੀ ਗੱਲਾਂ ਦਸਦਾ ਜਾਵੀਂ ਜੋ ਤੂੰ ਸਾਨੂੰ ਹੁਣੇ ਹੀ ਦੱਸੀਆਂ ਹਨ। ਕਿਸ ਤਰ੍ਹਾਂ ਦਰਵਾਜ਼ਾ ਕਟਿਆ ਗਿਆ, ਗੋਲੀਆਂ ਚਲਾਈਆਂ ਗਈਆਂ, ਕਿਦਾਂ ਜਥੇਦਾਰ ਨੇ ਮਹੰਤ ਦੇ ਕਹੇ 'ਤੇ ਦਰਵਾਜ਼ਾ ਖੋਲ੍ਹ ਦਿਤਾ ਤੇ ਤੇਰੇ ਸਾਥੀਆਂ ਦੀ ਵੱਢ ਟੁਕ ਜਾਰੀ ਹੋ ਗਈ। ਤੂੰ ਤੇ ਇਕ ਹੋਰ ਤੇਰੇ ਨਾਲ ਦਾ ਕੋਠਿਆਂ ਦੇ ਉਤੋਂ ਦੀ ਛਾਲਾਂ ਮਾਰ ਕੇ ਕੰਧਾਂ ਟਪ ਕੇ ਨਸ ਉਠੇ। ਤੇ ਕਿਸ ਤਰ੍ਹਾਂ ਘੋੜ ਸਵਾਰਾਂ ਨੇ ਤੁਹਾਡਾ ਪਿੱਛਾ ਕਰ ਕੇ ਤੇਰੇ ਸਾਥੀ ਨੂੰ ਬਰਛੀਆਂ ਤੇ ਨੇਜ਼ਿਆਂ ਨਾਲ ਵਿੰਨ੍ਹ ਕੇ ਟੋਟੇ ਟੋਟੇ ਕਰ ਦਿਤਾ ਤੇ ਫੇਰ ਮਿੱਟੀ ਦਾ ਤੇਲ ਪਾ ਕੇ ਫੂਕ ਸੁਟਿਆ ਤੇ ਤੂੰ ਆਪ ਕਿਸ ਤਰ੍ਹਾਂ ਬਚ ਕੇ ਪਿੰਡ ਜਾ ਪੁੱਜਾ। ਜਥੇਦਾਰ ਲਛਮਣ ਸਿੰਘ ਦੀ ਲਕੀਰ ਖਿੱਚ ਕੇ ਲੈਕਚਰ ਕਰਨ ਦਾ ਉੱਕਾ ਹੀ ਕੋਈ ਜ਼ਿਕਰ ਨਾ ਕਰਨਾ।

ਮੈਨੂੰ ਇਹ ਵੀ ਪਤਾ ਲਗਾ ਕਿ ਕਾਰਖ਼ਾਨੇ ਵਾਲੇ ਸ: ਉੱਤਮ ਸਿੰਘ ਜੀ ਨੇ ਲਾਹੌਰ, ਅੰਮ੍ਰਿਤਸਰ ਗੁਜਰਾਂਵਾਲੇ ਤੇ ਹੋਰ ਕਈ ਥਾਈਂ ਤਾਰਾਂ ਦਵਾਰਾ ਸਾਰੇ ਸਿਖ ਪੰਥ ਅੰਦਰ ਇਸ ਦੁਰਘਟਨਾਂ ਦੀਆਂ ਖ਼ਬਰਾਂ ਪਰਸਾਰਤ ਕਰ ਦਿਤੀਆਂ ਹਨ। ਗਵਰਨਰ ਤੇ ਵਡੇ ਵਡੇ ਸਿਖ ਆਗੂਆਂ ਨੂੰ ਸ: ਉਤਮ ਸਿੰਘ ਨੇ ਗੁਰਦਵਾਰੇ ਆ ਕੇ ਇਹ ਵੀ ਦਸਿਆ ਕਿ ਜਥੇਦਾਰ ਸਰਦਾਰ ਦਲੀਪ ਸਿੰਘ ਜੀ ਘੋੜੇ ਉਪਰ



Digitized by Panjab Digital Library | www.panjabdigilib.org

ਲਾਹੌਰ ਜਾਂਦੇ ਹੋਏ ਚੰਦ ਮਿੰਟਾਂ ਵਾਸਤੇ ਉਨ੍ਹਾਂ ਪਾਸ ਪ੍ਰਸ਼ਾਦ ਛਕ ਕੇ ਜਾਂਦਿਆਂ ਹੋਇਆਂ ਗੁਰਦੁਆਰੇ ਵਿਚੋਂ ਸ਼ੋਰ ਸ਼ਰਾਬਾ ਤੇ ਗੋਲੀਆਂ ਦੀ ਤਾੜ ਤਾੜ ਸੁਣ ਕੇ, ਉਨ੍ਹਾਂ ਦੇ ਵਰਜਣ ਦੇ ਬਾਵਜੂਦ ਘੋੜਾ ਦੁੜਾ ਕੇ ਮਹੰਤ ਨੂੰ ਹੋਰ ਖ਼ੂਨ ਖ਼ਰਾਬਾ ਕਰਨ ਤੋਂ ਰੁਕ ਜਾਣ ਲਈ ਸਮਝਾਉਣ ਬੁਝਾਉਣ ਗੁਰਦੁਆਰੇ ਦੇ ਅੰਦਰ ਚਲੇ ਗਏ ਸਨ ।

ਸ: ਉਤਮ ਸਿੰਘ ਜੀ ਨੇ ਦਸਿਆ ਕਿ ਉਨ੍ਹਾਂ ਨੂੰ ਇਹ ਪਤਾ ਲਗਾ ਕਿ ਸ: ਦਲੀਪ ਸਿੰਘ ਨੇ ਜਨਮ ਅਸਥਾਨ ਪੁੱਜ ਕੇ ਮਹੰਤ ਨੂੰ ਬੜੇ ਜ਼ੋਰ ਨਾਲ ਆਵਾਜ਼ ਦਿਤੀ ! "ਮਹੰਤ ਸਾਹਿਬ ! ਇਹ ਕੀ ਪਏ ਕਰਦੇ ਹੋ ?" ਜਿਸ ਲਲਕਾਰੇ ਨੂੰ ਸੁਣ ਇਕ ਕਾਤਲ ਨੇ, ਜੋ ਸ਼ਰਾਬ ਨਾਲ ਗੁਟ ਸੀ, ਸਰਦਾਰ ਦਲੀਪ ਸਿੰਘ ਨੂੰ ਪੁੱਛਿਆ ਕਿ "ਓਏ ! ਤੂੰ ਵੀ ਸਗੋਂ ਅਕਾਲੀ ਹੈਂ ?" ਜਿਸ ਦੇ ਉੱਤਰ ਵਿਚ ਸਰਦਾਰ ਦਲੀਪ ਜੀ ਨੇ ਕਿਹਾ ਕਿ "ਹਾਂ ! ਤੂੰ ਕੀ ਆਖਣਾ ਹੈ ?" ਸਰਦਾਰ ਜੀ ਦਾ ਇਹ ਨਿਧੜਕ ਉੱਤਰ ਸੁਣਦਿਆਂ ਹੀ ਤਿੰਨਾਂ ਆਦਮੀਆਂ ਨ ਰਲ ਕੇ ਸਰਦਾਰ ਜੀ ਨੂੰ ਘੋੜੇ ਉਤੋਂ ਧੂਹ ਲਿਆ ਤੇ ਲੱਤਾਂ ਬਾਹਵਾਂ ਤੋਂ ਫੜ ਕੇ ਇਕ ਕੁਮ੍ਹਾਰ ਦੀ ਬਲਦੀ ਆਵੀ ਵਿਚ ਝੋਂਕ ਦਿਤਾ । ਜਿਸ 'ਤੇ ਸਰਦਾਰ ਜੀ ਬਤਾਊਂ ਵਾਂਗ ਸੜ ਬਲ ਕੇ ਮਿੰਟਾਂ ਸਕਿੰਟਾਂ ਵਿਚ ਭੜਥਾ ਹੋ ਗਏ । ਬਾਕੀ ਸ਼ਹੀਦਾਂ ਦੇ ਟੁਕੜਿਆਂ ਦੇ ਨਾਲ ਆਪ ਜੀ ਦੀਆਂ ਅਸਥੀਆਂ ਵੀ ਸ਼ਾਮਲ ਕਰ ਕੇ ਗੁਰਦੁਆਰੇ ਦੇ ਨਾਲ ਦੀ ਵਲਗਣ ਵਿਚ ਸਸਕਾਰ ਕਰ ਦਿਤਾ ਗਿਆ ।

ਜਦੋਂ ਅਸੀਂ ਰਾਤ ਸਮੇਂ ਗੁਰਦੁਆਰਾ ਜਨਮ ਅਸਥਾਨ ਪੁਜੇ ਸੀ ਮਹਾਰਾਜ ਦਾ ਹੁਕਮ ਲਿਆ ਗਿਆ ਸੀ ਜੋ ਏਹ ਸੀ :

"ਜੋ ਲੋੜੀਂਦੇ ਰਾਮ ਸੇਵਕ ਸੋਈ ਕਾਢਿਆ । ਨਾਨਕ ਜਾਣੇ ਸਤਿ, ਸਾਈ ਸੰਤ ਨਾ ਬਾਹਰਾ......"

ਅਗਲੇ ਦਿਨ ਸੰਗਤਾਂ ਦੀ ਆਵਾਜਾਈ ਦੀ ਕੋਈ ਧੁਰ ਧਜ ਨਹੀਂ ਸੀ । ਦੋ ਦਿਨਾਂ ਦੇ ਅੰਦਰ ਅੰਦਰ ਲੱਖਾਂ ਦਾ ਭੀੜ-ਭੜੱਕਾ ਹੋ ਗਿਆ । ਗਵਰਨਰ ਪੰਜਾਬ, ਸਰਦਾਰ ਬਹਾਦਰ ਸੁੰਦਰ ਸਿੰਘ ਮਜੀਠਾ, ਇਨਸਪੈਕਟਰ ਜਨਰਲ ਪੁਲੀਸ, ਕਮਿਸ਼ਨਰ, ਡੀ. ਸੀ., ਐਸ. ਪੀ, ਤੇ ਹੋਰ ਬਹੁਤ ਸਾਰੇ ਅਫ਼ਸਰ ਗੁਰਦੁਆਰੇ ਆ ਗਏ । ਸੰਗਤਾਂ ਨੇ ਕਮਿਸ਼ਨਰ ਵਲ ਇਸ਼ਾਰਾ ਕਰ ਕੇ ਕਿਹਾ ਕਿ "ਸਾਰੀ ਸ਼ਰਾਰਤ



Digitized by Panjab Digital Library | www.panjabdigilib.org

ਏਸੇ ਦੁਸ਼ਟ ਦੀ ਹੈ ?"

ਸ: ਸੁੰਦਰ ਸਿੰਘ ਮਜੀਠਾ ਤੇ ਹੋਰ ਪਤਵੰਤੇ ਸਿਖ ਆਗੂਆਂ ਨੇ ਸੰਗਤਾਂ ਨੂੰ 'ਸ਼ਾਂਤੀ' ਕਰਨ ਵਾਸਤੇ ਕਿਹਾ। ਉਸੇ ਦਿਨ ਗੁਰਦੁਆਰੇ ਦੇ ਪ੍ਰਬੰਧ ਵਾਸਤੇ ਇਕ ਕਮੇਟੀ ਦੀ ਸਥਾਪਨਾ ਕਰ ਲਈ ਗਈ। ਇਹ ਕਮੇਟੀ ਆਖਣ ਨੂੰ ਤਾਂ ਨੀਮ ਸਰਕਾਰੀ ਕਮੇਟੀ ਸੀ ਕਿਉਂਕਿ ਇਸ ਦੇ (੧) ਪ੍ਰਧਾਨ, ਸ: ਹਰਬੰਸ ਸਿੰਘ ਅਟਾਰੀ ਸਨ। ਮੈਂਬਰਾਂ ਵਿਚ (੨) ਸਰਦਾਰ ਬਹਾਦਰ ਮਹਿਤਾਬ ਸਿੰਘ ਪੰਜਾਬ ਸਰਕਾਰ ਦੇ ਸਰਕਾਰੀ ਵਕੀਲ ਅਤੇ (੩) ਪ੍ਰਿੰਸੀਪਲ ਜੋਧ ਸਿੰਘ ਜੀ ਐਮ. ਏ. ਸਨ। ਇਨ੍ਹਾਂ ਵਿਚ ਨੰਬਰ ੧ ਅਤੇ ੩ ਸ: ਬ: ਸੁੰਦਰ ਸਿੰਘ ਮਜੀਠਾ ਦੇ ਖ਼ਾਸ ਆਪਣੇ ਆਦਮੀ ਸਨ ਤੇ ਨਰਮ ਧੜੇ ਨਾਲ ਸੰਬੰਧ ਰਖਣ ਵਾਲੇ ਸਨ ਅਤੇ ਸ: ਬਹਾਦਰ ਮਹਿਤਾਬ ਸਿੰਘ ਤਾਂ ਸੋਲਾਂ ਆਨੇ ਹੀ ਸਰਕਾਰੀ ਆਦਮੀ ਸਨ। ਜਿਨ੍ਹਾਂ ਨੇ ਥੋੜੇ ਦਿਨਾਂ ਮਗਰੋਂ ਸਰਕਾਰੀ ਵਕਾਲਤ ਦੀ ਕੁਰਸੀ ਨੂੰ ਲੱਤ ਮਾਰ ਦਿਤੀ ਤੇ ਅਸਤੀਫ਼ਾ ਦੇ ਕੇ ਦੇਸ਼ ਭਗਤਾਂ ਦੀ ਪਾਲ ਵਿਚ ਆ ਸ਼ਾਮਲ ਹੋਏ। ਇਨ੍ਹਾਂ ਦੇ ਨਾਲ ਹੋਰ ਮੈਂਬਰ ਮਾਸਟਰ ਤਾਰਾ ਸਿੰਘ, ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ, ਸ: ਤੇਜਾ ਸਿੰਘ ਸਮੁੰਦਰੀ ਆਦਿ ਸਨ। ਜਿਨ੍ਹਾਂ ਨੇ ਮਗਰੋਂ ਕੁਝ ਹੋਰ ਮੈਂਬਰ ਆਪਣੇ ਨਾਲ ਸ਼ਾਮਲ ਕਰ ਲਏ। ਜਿਨ੍ਹਾਂ ਵਿਚ ਕਪਤਾਨ ਰਾਮ ਸਿੰਘ ਜੀ ਤੇ ਮੈਂ ਵੀ ਸੀ। ਮੈਨੂੰ ਮਜਬੂਰ ਕੀਤਾ ਗਿਆ ਕਿ ਮੈਂ ਸਕੱਤਰ ਦਾ ਕੰਮ ਕਰਾਂ। ਤੇ ਮੈਨੇਜਰੀ ਵੀ ਸੰਭਾਲਾਂ।

ਮੈਨੂੰ ੧੫ ਕੁ ਦਿਨਾਂ ਵਾਸਤੇ ਮੈਨੇਜਰ ਦਾ ਕੰਮ ਸੌਂਪਿਆ ਗਿਆ। ਕਿਹਾ ਗਿਆ ਕਿ ਦੋ ਕੁ ਹਫ਼ਤਿਆਂ ਤਕ ਜਦ ਕੋਈ ਲਾਇਕ ਸੱਜਣ ਮਿਲ ਜਾਏਗਾ, ਤੁਹਾਨੂੰ ਛੁੱਟੀ ਦੇ ਦਿਤੀ ਜਾਵੇਗੀ। ਪਹਿਲਾਂ ਤਾਂ ਮੈਂ ਨਹੀਂ ਸੀ ਮੰਨਦਾ, ਪਰ ਸਰਦਾਰ ਬਹਾਦਰ ਜੀ ਦੇ ਜ਼ੋਰ ਦੇਣ 'ਤੇ ਮੈਨੂੰ ਮੰਨਣਾ ਹੀ ਪਿਆ। ਉਹ ਕਹਿਣ ਲਗੇ ਕਿ ਮੈਂ ਮੁਨਸ਼ੀ ਨੂੰ ਚਿੱਠੀ ਲਿਖ ਦਿਆਂ ਕਿ ਹਾਲੀਂ ਨਵੇਂ ਮੁਕੱਦਮੇ ਨਾ ਲਵੇ ਤੇ ਪਿਛਲੇ ਮੇਰੇ ਮਿੱਤਰ ਵਕੀਲਾਂ ਪਾਸੋਂ ਭੁਗਤਵਾ ਲਵੇ। ਸੁ ਏਸੇ ਤਰ੍ਹਾਂ ਕੀਤਾ ਗਿਆ। ਮੈਂ ਬਥੇਰੀ ਕੋਸ਼ਸ਼ ਕੀਤੀ, ਪਰ ਮੈਨੂੰ ਵਿਹਲਾ ਨਾ ਕੀਤਾ ਗਿਆ। ਨਾ ਕੋਈ ਮੈਨੇਜਰੀ ਦੇ ਯੋਗ ਆਦਮੀ ਕਮੇਟੀ ਨੂੰ ਮਿਲਿਆ ਤੇ ਨਾ ਮੈਨੂੰ ਛੁੱਟੀ ਦਿਤੀ ਗਈ। ਓਹਨੀਂ ਦਿਨੀਂ ਨਨਕਾਣਾ ਸਾਹਿਬ ਦੀ ਮੈਨੇਜਰੀ ਕੋਈ ਮਖ਼ੌਲ ਨਹੀਂ ਸੀ।



Digitized by Panjab Digital Library | www.panjabdigilib.org

ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨੇ ਮਹਾਤਮਾ ਗਾਂਧੀ ਜੀ ਦੀ ਸਲਾਹ ਮੰਨ ਕੇ ਸਰਕਾਰ ਤੇ ਸਰਕਾਰੀ ਕਰਮਚਾਰੀਆਂ ਨਾਲ, ਅਦਾਲਤਾਂ ਨਾਲ ਤੇ ਪੁਲੀਸ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦਿਤਾ। ਬਸ ! ਫੇਰ ਕੀ ਸੀ, ਆਪਣੇ ਹੀ ਬਾਹੂ ਬਲ ਨਾਲ ਜੋ ਕੁਝ ਹੋ ਸਕੇ ਸੋ ਕੀਤਾ ਜਾਵੇ।

ਸਾਨੂੰ ਕੇਵਲ ਗੁਰਦੁਆਰਾ ਜਨਮ ਅਸਥਾਨ ਦਾ ਹੀ ਕਬਜ਼ਾ ਮਿਲਿਆ ਸੀ। ਬਾਕੀ ਗੁਰਦੁਆਰੇ ਮਹੰਤਾਂ ਦੇ ਕਬਜ਼ਿਆਂ ਵਿਚ ਹੀ ਸਨ। ਜਥੇਦਾਰ ਕਰਤਾਰ ਸਿੰਘ ਜੀ 'ਝੱਬਰ,' ਜਥੇਦਾਰ ਤੇਜਾ ਸਿੰਘ ਜੀ 'ਭੁੱਚਰ,' ਤੇ ਹੋਰ ਦੋ ਕੁ ਜਥੇਦਾਰਾਂ ਨੇ ਆਪਣੇ ਆਪਣੇ ਜਥੇ ਨਾਲ ਲੈ ਕੇ ਕੁਝ ਹੋਰ ਗੁਰਦੁਆਰਿਆਂ 'ਤੇ ਵੀ ਕਬਜ਼ੇ ਕਰ ਲਏ। ਸੁ ਇਨ੍ਹਾਂ ਸਾਰੇ ਜਥੇਦਾਰਾਂ ਅਤੇ ਸਰਦਾਰ ਉੱਤਮ ਸਿੰਘ ਜੀ ਕਾਰਖ਼ਾਨੇ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਭਾਵੇਂ ਦੂਜਿਆਂ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਵਾਲੇ ਜਥੇਦਾਰ ਗ੍ਰਿਫ਼ਤਾਰ ਕਰ ਲਏ ਗਏ, ਪਰ ਗੁਰਦੁਆਰਿਆਂ 'ਤੇ ਕਬਜ਼ੇ ਅਕਾਲੀਆਂ ਦੇ ਹੀ ਰਹੇ। ਕਿਉਂਕਿ ਗ੍ਰਿਫ਼ਤਾਰ ਹੋਣ ਵਾਲਿਆਂ ਦੇ ਖ਼ਾਲੀ ਸਥਾਨ ਉਸੇ ਵੇਲੇ ਨਾਮਜ਼ਦਗੀ ਦਵਾਰਾ ਪੂਰ ਕਰ ਲਏ ਜਾਂਦੇ ਸਨ ਤੇ ਮਹੰਤਾਂ ਨੂੰ ਗੁਰਦੁਆਰਿਆਂ ਦੇ ਅੰਦਰ ਪੈਰ ਪਾਉਣ ਦੀ ਹਿੰਮਤ ਨਹੀਂ ਸੀ ਪੈਂਦੀ।

ਗੁਰਦੁਆਰਾ ਮਾਲ ਜੀ ਸਾਹਿਬ ਦਾ ਮਹੰਤ ਕਿਰਪਾ ਰਾਮ ਆਪ ਗੁਰਦੁਆਰੇ ਚਲ ਕੇ ਆਇਆ ਤੇ ਸੰਗਤ ਦੇ ਜੋੜਿਆਂ ਵਿਚ ਖਲੋ ਕੇ, ਗਲ ਵਿਚ ਪੱਲਾ ਪਾ, ਹੱਥ ਜੋੜ ਕੇ ਬੇਨਤੀ ਕੀਤੀ ਕਿ ਗੁਰਦੁਆਰਾ ਪੰਥ ਦਾ ਹੈ। ਪੰਥ ਸੰਭਾਲ ਲਵੇ ਅਤੇ ਜੋ ਮੁਨਾਸਬ ਸਮਝਿਆ ਜਾਵੇ, ਕਮੇਟੀ ਉਸ ਦਾ ਤੇ ਉਸ ਦੇ ਬਾਲ ਬੱਚੇ ਦਾ ਗੁਜ਼ਾਰਾ ਨਿਯਤ ਕਰ ਦੇਵੇ। ਤੇ ਜੋ ਉਸ ਨੇ ਕਰਜ਼ਾ ਦੇਣਾ ਹੈ, ਉਸ ਦੀ ਅਦਾਇਗੀ ਦਾ ਵੀ ਪ੍ਰਬੰਧ ਕਰ ਲਵੇ। ਮਹੰਤ ਨੂੰ ਕਿਹਾ ਗਿਆ ਕਿ ਉਹ ਏਸ ਮਤਲਬ ਦਾ ਬੇਨਤੀ ਪੱਤਰ ਲਿਖ ਕੇ ਕਮੇਟੀ ਨੂੰ ਦੇ ਦੇਵੇ। ਜੋ ਉਸ ਨੇ ਮੇਰੇ ਦਫ਼ਤਰ ਵਿਚ ਬੈਠ ਕੇ ਓਸੇ ਵੇਲੇ ਲਿਖ ਦਿਤਾ। ਤੇ ਉਸ ਲਿਖਤ ਉਪਰ ਕੁਝ ਕੁ ਪਤਵੰਤੇ ਸੱਜਣਾਂ ਦੀਆਂ ਗਵਾਹੀਆਂ ਵੀ ਪਵਾ ਲਈਆਂ ਗਈਆਂ। ਤਾਂ ਜੁ ਮਗਰੋਂ ਕਿਤੇ ਮੁਕਰ ਹੀ ਨਾ ਜਾਵੇ, ਤੇ ਨਾ ਇਹ ਕਹਿ ਸਕੇ ਕਿ ਉਸ ਪਾਸੋਂ ਜ਼ਬਰਦਸਤੀ ਦਸਤਖ਼ਤ ਕਰਵਾ ਲਏ ਗਏ ਸਨ।

ਮਹੰਤ ਜੀ ਨੇ ਜੋ ਮੰਡੀ ਬਣਵਾਈ ਸੀ, ਬਾਜ਼ਾਰ ਤੇ ਆਬਾਦੀ ਮਾਲ ਜੀ



Digitized by Panjab Digital Library | www.panjabdigilib.org

ਸਾਹਿਬ ਬਾਰੇ ਨੀਲਾਮੀਆਂ ਕੀਤੀਆਂ ਸਨ, ਉਨ੍ਹਾਂ ਦੇ ਰਜਿਸਟਰ, ਪਟੇ ਤੇ ਹੋਰ ਜ਼ਰੂਰੀ ਕਾਗ਼ਜ਼ ਪੱਤਰ ਉਨ੍ਹਾਂ ਪਾਸੋਂ ਲੈ ਕੇ ਆਪਣੇ ਕਬਜ਼ੇ ਕਰ ਲਏ ਗਏ। ਮੁਨਸ਼ੀ ਸੋਹਨ ਲਾਲ ਨੂੰ, ਜੋ ਪਹਿਲਾਂ ਮਹੰਤ ਦਾ ਕਾਰਿੰਦਾ ਸੀ, ਕਮੇਟੀ ਵਲੋਂ ਓਸੇ ਹੀ ਪੁਰਾਣੀ ਤਨਖ਼ਾਹ 'ਤੇ ਮੁਨਸ਼ੀ ਰਖ ਲਿਆ ਗਿਆ। ਪਰ ਉਸ ਉਪਰ ਸਾਨੂੰ ਭਰੋਸਾ ਨਹੀਂ ਸੀ। ਸੁ ਫ਼ੌਰਨ ਪ੍ਰਬੰਧ ਕੀਤਾ ਗਿਆ ਕਿ ਰਜਿਸਟਰਾਂ ਪਟਿਆਂ ਤੇ ਹੋਰ ਜ਼ਰੂਰੀ ਕਾਗ਼ਜ਼ਾਂ ਦੀਆਂ ਡੁਪਲੀਕੇਟ (ਦੂਹਰੀਆਂ) ਨਕਲਾਂ ਬਣਾ ਲਈਆਂ ਜਾਣ। ਅਤੇ ਦਿਨ ਭਰ ਵਿਚ ਜਿੰਨਾ ਕੰਮ ਹੋ ਜਾਇਆ ਕਰੇ, ਉਹ ਅਤੇ ਅਸਲ ਰਜਿਸਟਰ, ਪਟੇ ਆਦਿ ਇਕ ਲੋਹੇ ਦੇ ਸੇਫ਼ ਵਿਚ ਬੰਦ ਕਰ ਲਏ ਜਾਇਆ ਕਰਨ। ਉਸ ਸੇਫ਼ ਦੀਆਂ ਚਾਬੀਆਂ ਵੀ ਡੁਪਲੀਕੇਟ ਬਣਵਾ ਕੇ ਇਕ ਗੁੱਛਾ ਭਾਈ ਹਰਨਾਮ ਸਿੰਘ ਖ਼ਜ਼ਾਨਚੀ ਦੇ ਹਵਾਲੇ ਕਰ ਦਿਤਾ ਜਾਵੇ ਅਤੇ ਦੂਜਾ ਨਨਕਾਣਾ ਸਾਹਿਬ ਗੁਰਦੁਆਰੇ ਦੇ ਅਸਿਸਟੈਂਟ ਮੈਨੇਜਰ ਸ੍ਰ: ਬੂਟਾ ਸਿੰਘ ਚਕ ੧੦੩ ਵਾਲਿਆਂ ਨੂੰ ਸੌਂਪ ਦਿਤਾ ਜਾਵੇ। ਸਵੇਰੇ ਦਫ਼ਤਰ ਖੁਲ੍ਹਣ ਦੇ ਨਾਲ ਹੀ ਭਾਈ ਹਰਨਾਮ ਸਿੰਘ ਜੀ ਖ਼ਜ਼ਾਨਚੀ ਸੇਫ਼ ਵਿਚੋਂ ਰਜਿਸਟਰ, ਪਟੇ ਤੇ ਕਾਗ਼ਜ਼ ਪੱਤਰ ਕਢ ਕੇ ਮੁਨਸ਼ੀ ਸੋਹਨ ਲਾਲ ਦੇ ਹਵਾਲੇ ਕਰ ਦੇਂਦਾ ਤੇ ਉਹ ਸਾਡੇ ਇਕ ਅਨਿਨ ਏਤਬਾਰੀ ਸੱਜਣ ਨੂੰ ਨਾਲ ਲੈ ਕੇ ਸਾਰਾ ਦਿਨ ਨਕਲਾਂ ਤਿਆਰ ਕਰਦਾ ਰਹਿੰਦਾ ਤੇ ਸ਼ਾਮ ਨੂੰ ਦਫ਼ਤਰ ਬੰਦ ਹੋਣ ਦੇ ਵੇਲੇ ਇਹ ਸਭ ਕੁਝ ਭਾਈ ਹਰਨਾਮ ਸਿੰਘ ਖ਼ਜ਼ਾਨਚੀ ਦੀ ਹੱਥੀਂ ਮੁੜ ਸੇਫ਼ ਵਿਚ ਬੰਦ ਕਰ ਦਿਤਾ ਜਾਂਦਾ।

ਥੋੜੇ ਦਿਨਾਂ ਵਿਚ ਹੀ ਸਾਰੇ ਰਜਿਸਟਰ, ਪਟੇ ਤੇ ਹੋਰ ਸਾਰੇ ਕਾਗ਼ਜ਼ ਪੱਤਰ ਡੁਪਲੀਕੇਟ ਤਿਆਰ ਹੋ ਗਏ। ਇਨ੍ਹਾਂ ਨਕਲਾਂ ਦੇ ਹੇਠਾਂ ਇਹ ਲਿਖ ਦਿਤਾ ਗਿਆ ਕਿ "ਡੁਪਲੀਕੇਟ ਨਕਲ ਅਸਲ ਦੇ ਮੁਤਾਬਕ ਠੀਕ ਹੈ। ਹੇਠਾਂ ਮੁਨਸ਼ੀ ਸੋਹਨ ਲਾਲ ਤੇ ਉਸ ਦੇ ਨਾਲ ਮਿਲ ਕੇ ਕੰਮ ਕਰਨ ਵਾਲੇ ਆਪਣੇ ਇਤਬਾਰੀ ਸੱਜਣ ਦੇ ਵੀ ਦਸਤਖ਼ਤ ਕਰਵਾ ਲਏ ਜਾਂਦੇ ਸਨ। ਨਾਲ ਹੀ ਹਰ ਕਾਗ਼ਜ਼ ਉਪਰ ਦੋ ਦੋ ਹੋਰ ਪਤਵੰਤਿਆਂ ਦੇ ਅਤੇ ਮਹੰਤ ਕ੍ਰਿਪਾ ਰਾਮ ਦੇ ਵੀ ਦਸਤਖ਼ਤ ਕਰਵਾਏ ਜਾਂਦੇ। ਅਸਲ ਰਜਿਸਟਰ ਪਟੇ ਤੇ ਕਾਗ਼ਜ਼ਾਤ ਮੈਂ ਆਪਣੀ ਕਾਨਫ਼ੀਡੈਂਸ਼ਲ (ਗੁਪਤ) ਅਲਮਾਰੀ ਵਿਚ ਬੰਦ ਕਰ ਕੇ ਆਪਣੇ ਕਾਬੂ ਕਰ ਲਏ ਅਤੇ ਨਕਲਾਂ ਪਹਿਲੀ ਅਲਮਾਰੀ ਵਿਚ ਤੇ ਪਹਿਲੇ ਹੀ ਹੱਥਾਂ ਵਿਚ ਰਹਿਣ ਦਿਤੀਆਂ ਗਈਆਂ।



Digitized by Panjab Digital Library | www.panjabdigilib.org

ਜੋ ਦਫ਼ਤਰ ਖੁਲ੍ਹਣ ਦੇ ਨਾਲ ਹੀ ਮੁਨਸ਼ੀ ਸੋਹਨ ਲਾਲ ਤੇ ਉਸ ਦੇ ਨਾਲ ਕੰਮ ਕਰਨ ਵਾਲੇ ਸਾਡੇ ਆਪਣੇ ਇਤਬਾਰੀ ਸੱਜਣ ਪਾਸੋਂ ਰਸੀਦਾਂ ਲਿਖਵਾ ਕੇ ਉਨ੍ਹਾਂ ਦੇ ਹਵਾਲੇ ਕਰ ਦਿਤੇ ਜਾਂਦੇ ਤੇ ਸ਼ਾਮ ਨੂੰ ਦਫ਼ਤਰ ਬੰਦ ਹੋ ਜਾਣ 'ਤੇ ਉਨ੍ਹਾਂ ਪਾਸੋਂ ਡੁਪਲੀਕੇਟ ਕਾਗ਼ਜ਼ਾਤ ਵਾਪਸ ਲੈ ਲੈਣੇ ਅਤੇ ਸਵੇਰ ਦੀ ਲਿਖਵਾਈ ਹੋਈ ਰਸੀਦ ਪਾੜ ਦਿਆ ਕਰਨੀ।

ਏਸੇ ਤਰ੍ਹਾਂ ਹੀ ਆਬਾਦੀ, ਮੰਡੀ ਤੇ ਜਨਮ ਅਸਥਾਨ ਦੇ ਵੀ ਜ਼ਰੂਰੀ ਕਾਗ਼ਜ਼ਾਤ ਡੁਪਲੀਕੇਟ ਕਰਵਾ ਲਏ ਅਤੇ ਕੰਮ ਚਾਲੂ ਹੋ ਗਿਆ। ਪਰ, ਉਹ ਲੋਕ ਜਿਨ੍ਹਾਂ ਨੇ ਪਟੇ ਲਿਖ ਲਿਖ ਦਿਤੇ ਹੋਏ ਸਨ, ਗੁਰਦੁਆਰਾ ਕਮੇਟੀ ਨੂੰ ਹੱਕ ਮਾਲਕਾਨਾਂ ਦੇਣ ਲਈ ਰਜ਼ਾਮੰਦ ਨਹੀਂ ਸਨ। ਭਾਵੇਂ ਉਨ੍ਹਾਂ ਨੇ ਪਟਿਆਂ ਵਿਚ ਲਿਖ ਲਿਖ ਦਿਤਾ ਹੋਇਆ ਸੀ ਕਿ "ਜਿਹੜੀਆਂ ਜ਼ਮੀਨਾਂ ਮੰਡੀ ਤੇ ਬਾਜ਼ਾਰ ਦੀਆਂ ਦੁਕਾਨਾਂ ਲਈ ਤੇ ਆਬਾਦੀ ਵਿਚ ਮਕਾਨਾਂ ਲਈ ਲੈ ਰਖੀਆਂ ਹਨ। ਉਨ੍ਹਾਂ ਦਾ ਮਾਲਕ ਗੁਰਦੁਆਰਾ ਹੀ ਰਹੇਗਾ ਅਤੇ ਉਹ ਹਰ ਸਾਲ ੧।) ਰੁਪਿਆ ਸੈਂਕੜਾ ਹੱਕ ਮਾਲਕਾਨਾ ਗੁਰਦੁਆਰੇ ਦੇ ਮਹੰਤ ਨੂੰ ਦਿਆ ਕਰਨਗੇ। ਇਹ ਝਗੜਾ-ਝਮੇਲਾ ਚੋਖਾ ਚਿਰ ਚਲਦਾ ਰਿਹਾ। ਮੁਨਸ਼ੀ ਸ਼ਹਿਰ ਤੇ ਮੰਡੀ ਵਿਚ ਹੱਕ ਮਾਲਕਾਨੇ ਦੀ ਉਗਰਾਹੀ ਵਾਸਤੇ ਜਾਂਦਾ, ਪਰ ਦੇਂਦਾ ਕੋਈ ਵੀ ਨਾ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਸਾਡੇ ਕੁਝ ਕੁ ਕਾਲੀਆਂ ਦਸਤਾਰਾਂ ਵਾਲੇ ਸਿੰਘ ਜੋ ਅਕਾਲੀ ਅਖਵਾਉਂਦੇ ਸਨ, ਉਹ ਨਾ ਕੇਵਲ ਆਪ ਹੀ ਹੱਕ ਮਾਲਕਾਨਾਂ ਨਹੀਂ ਸਨ ਦੇਂਦੇ ਸਗੋਂ ਦੂਜੇ ਪਟੇਦਾਰਾਂ ਨੂੰ ਵੀ ਹੱਕ-ਮਾਲਕਾਨਾਂ ਨਾ ਦੇਣ ਲਈ ਚੁਕਦੇ ਰਹਿੰਦੇ ਸਨ। ਅਤੇ ਕਈ ਕਿਹਾ ਕਰਦੇ ਸਨ ਕਿ ਕੋਈ ਹੱਕ ਮਾਲਕਾਨਾ ਨਾ ਦਿਓ! ਕੱਲ੍ਹ ਨੂੰ ਜੇ ਕੋਈ ਗੱਲ ਹੋਈ ਤਾਂ ਅਸੀਂ ਆਪੇ ਹੀ ਗੁਰਦੁਆਰਾ ਕਮੇਟੀ ਪਾਸੋਂ ਮਾਫ਼ ਕਰਵਾ ਲਵਾਂਗੇ। ਕਈ ਕਹਿੰਦੇ, ਸਾਨੂੰ ਆਪਣੇ ਪ੍ਰਬੰਧ ਦਾ ਫ਼ਾਇਦਾ ਹੀ ਕੀ ਹੋਇਆ, ਜੇ ਕਰ ਮਹੰਤਾਂ ਵਾਂਗ ਹੀ ਸਾਡਾ ਲਹੂ ਚੂਪੀ ਦਾ ਰਹਿਣਾ ਹੈ। ਸਰਕਾਰ ਜੁ ਮਾਲੀਆ ਵਸੂਲ ਕਰ ਲੈਂਦੀ ਹੈ ਏਸ ਵਾਸਤੇ ਗੁ: ਕਮੇਟੀ ਨੂੰ ਹੱਕ ਮਾਲਕਾਨਾ ਆਪੇ ਹੀ ਮਾਫ਼ ਕਰ ਛਡਣਾ ਚਾਹੀਦਾ ਹੈ। ਕਈ ਮਹੀਨੇ ਬੀਤ ਗਏ, ਪਰ ਸਾਨੂੰ ਹੱਕ ਮਾਲਕਾਨਾ ਵਸੂਲ ਕਰਨ ਵਿਚ ਕੋਈ ਸਫ਼ਲਤਾ ਪ੍ਰਾਪਤ ਨਾ ਹੋ ਸਕੀ।



Digitized by Panjab Digital Library | www.panjabdigilib.org

# ਗੁਰਦੁਆਰਾ ਕਮੇਟੀ ਦੇ ਦਫ਼ਤਰ 'ਤੇ ਛਾਪਾ

ਜਦੋਂ ੨੧ ਫ਼ਰਵਰੀ ਦੀ ਦੁਰਘਟਨਾ ਹੋਈ, ਲੋਕੀਂ ਇਹ ਵੇਖ ਕੇ ਕਿ ਸੌ ਤੋਂ ਉਪਰ ਅਕਾਲੀਆਂ ਨੂੰ ਕਤਲ ਕਰ ਦਿੱਤਾ ਗਿਆ ਹੈ, ਤੇ ਅਕਾਲੀ ਵਹੀਰਾਂ ਘੱਤੀ ਲੱਖਾਂ ਦੀ ਗਿਣਤੀ ਅੰਦਰ ਨਨਕਾਣਾ ਸਾਹਿਬ ਆਣ ਇਕੱਠੇ ਹੋਏ ਹਨ ਤੇ ਖ਼ਬਰ ਨਹੀਂ ਉਹ ਕਲ੍ਹ ਨੂੰ ਕੀ ਕਰ ਗੁਜ਼ਰਨ, ਬੜੇ ਹੀ ਸਹਿਮੇ ਹੋਏ ਸਨ। ਕਈ ਤਾਂ ਆਪਣੇ ਘਰ ਘਾਟ ਹੀ ਛੱਡ ਕੇ ਏਧਰ ਓਧਰ ਨੱਠ ਭੱਜ ਗਏ ਸਨ। ਸਾਰੀ ਜਨਮ ਅਸਥਾਨ ਦੀ ਆਬਾਦੀ ਖ਼ਾਲੀ ਹੋ ਗਈ। ਜਿਥੇ ਕਿਤੇ ਕਿਸੇ ਦੀ ਕੋਈ ਚੀਜ਼ ਵਸਤ ਪਈ ਸੀ, ਧਰੀ ਦੀ ਧਰੀ ਰਹਿ ਗਈ। ਕਈਆਂ ਮਕਾਨਾਂ ਦੇ ਜੰਦਰੇ ਖੋਲ੍ਹੇ ਪਏ ਸਨ ਤੇ ਕਈਆਂ ਦਾ ਪਤਾ ਹੀ ਨਹੀਂ ਸੀ ਕਿ ਕਿੰਨ ਜਿੰਦਰੇ ਭੰਨ ਖੜੇ ਹਨ। ਕਈ ਘਰਾਂ ਦੇ ਅੰਦਰ ਗਊਆਂ ਮੱਝੀਆਂ ਭੁੱਖੀਆਂ ਤਿਹਾਈਆਂ ਅੜਾ ਰਹੀਆਂ ਸਨ।

ਮੈਨੂੰ ਮੈਨੇਜਰ ਨਿਯਤ ਕਰ ਦਿੱਤਾ ਸੀ। ਮੈਂ ਤੇ ਮੇਰਾ ਮੀਤ ਮੈਨੇਜਰ ਤੇ ਹੋਰ ਕਈ ਮੈਂਬਰ ਰਲ ਕੇ ਦੌਰੇ ਚੜ੍ਹੇ। ਮਕਾਨਾਂ ਦੀ ਦੇਖ ਭਾਲ ਕੀਤੀ। ਡੰਗਰਾਂ ਨੂੰ ਪੱਠੇ ਪਵਾਏ। ਤਿਹਾਏ ਮਾਲ ਡੰਗਰ ਨੂੰ ਪਾਣੀ ਡਵ੍ਹਾਇਆ। ਜਿੱਥੇ ਕਿਤੇ ਭੀ ਕੋਈ ਲਾਵਾਰਸ ਡੰਗਰ ਢੋਰ ਜਾਂ ਚੀਜ਼ ਵਸਤ ਨਜ਼ਰ ਪਈ ਆਪਣੇ ਕਬਜ਼ੇ ਲੈ ਕੇ ਦਫ਼ਤਰ ਦੇ ਹੇਠਲੇ ਕਮਰਿਆਂ ਵਿਚ ਬੰਦ ਕਰਵਾ ਦਿੱਤੀ, ਤੇ ਚਿੱਟਾਂ ਲਿਖ ਲਿਖ ਕੇ ਲਵਾ ਦਿੱਤੀਆਂ ਕਿ ਕਿਹੜੀ ਚੀਜ਼ ਕਿਥੋਂ ਮਿਲੀ ਹੈ। ਖ਼ਿਆਲ ਇਹ ਸੀ ਕਿ ਜਦੋਂ ਲੋਕੀਂ ਘਰਾਂ ਨੂੰ ਮੁੜ ਕੇ ਆਉਣਗੇ, ਜਿਸ ਦੀ



Digitized by Panjab Digital Library | www.panjabdigilib.org

ਜੋ ਚੀਜ਼ ਹੋਵੇਗੀ ਉਸ ਪਾਸੋਂ ਮਾਲਕੀ ਦਾ ਪੂਰਾ ਸਬੂਤ ਲੈ ਕੇ ਦੇ ਦਿਤੀ ਜਾਵੇਗੀ। ਪਰ ਏਸ ਨਿਰਸਵਾਰਥ ਜਨ ਸੇਵਾ ਦਾ ਸਿੱਟਾ ਮਾੜਾ ਹੀ ਨਿਕਲਿਆ। ਇਸ ਲਾਵਾਰਸ ਮਾਲ ਵਿਚ ਬਹੁਤ ਸਾਰੀਆਂ ਕੀਮਤੀ ਪੁਸਤਕਾਂ, ਬਰਤਨ, ਜ਼ੇਵਰ ਤੇ ਹੋਰ ਕੀਮਤੀ ਚੀਜ਼ਾਂ ਸ਼ਾਮਲ ਸਨ।

ਜਦ ਕੁਝ ਚਿਰ ਪਿਛੋਂ ਸਰਕਾਰ ਨੇ ਆਪਣੀ ਨੀਤੀ ਅਕਾਲੀਆਂ ਪ੍ਰਤੀ ਬਦਲ ਲਈ। ਅਕਾਲੀਆਂ ਦੀਆਂ ਥਾਂ ਥਾਂ ਗ੍ਰਿਫ਼ਤਾਰੀਆਂ ਹੋਣ ਲਗ ਗਈਆਂ ਤਾਂ ਨਠੇ ਹੋਏ ਲੋਕ ਫੇਰ ਦਿਲ ਧਰ ਆਏ। ਤੇ ਘਰਾਂ ਨੂੰ ਮੁੜ ਮੁੜ ਆਉਣ ਲਗ ਪਏ। ਬਜਾਇ ਇਸ ਦੇ ਕਿ ਆਪਣੀਆਂ ਗਵਾਚੀਆਂ ਹੋਈਆਂ ਚੀਜ਼ਾਂ ਬਾਰੇ ਸਾਥੋਂ ਪੁੱਛ ਗਿਛ ਤੇ ਮੰਗ ਕਰਦੇ ਉਹ ਥਾਣੇ ਵਿਚ ਰਪਟਾਂ ਲਿਖਾਉਣ ਦੌੜ ਨਿਕਲੇ। ਅਤੇ ਹਰ ਦਰਖ਼ਾਸਤ ਨਾਲ ਇਹ ਵੀ ਲਿਖ ਦੇਂਦੇ ਕਿ ਉਨ੍ਹਾਂ ਦਾ ਚੋਰੀ ਦਾ ਮਾਲ ਏਸ ਵੇਲੇ ਗੁਰਦੁਆਰਾ ਕਮੇਟੀ ਵਾਲਿਆਂ ਦੇ ਕਬਜ਼ੇ ਵਿਚ ਮੌਜੂਦ ਹੈ।

ਮੈਂ ਆਪਣੇ ਦਫ਼ਤਰ ਵਿਚ ਆ ਕੇ ਮਸਾਂ ਅਜੇ ਬੈਠਾ ਹੀ ਸੀ ਤੇ ਰਾਤ ਦੇ ਦਸ ਸਾਢੇ ਦਸ ਵਜੇ ਦਾ ਵੇਲਾ ਹੋ ਗਿਆ ਸੀ ਕਿ ਹੇਠਾਂ ਤਕੜਾ ਗ਼ੌਗ਼ਾ ਮਚ ਗਿਆ। ਮੈਂ ਬਾਹਰ ਝਾਤੀ ਮਾਰ ਕੇ ਵੇਖਿਆ ਤਾਂ ਇਕ ਪੁਲੀਸ ਅਫ਼ਸਰ ਅਤੇ ਹੋਰ ਬਹੁਤ ਸਾਰੇ ਕਾਨਸਟੇਬਲ ਅੰਦਰ ਵੜਨ ਦਾ ਯਤਨ ਕਰ ਰਹੇ ਸਨ ਅਤੇ ਅਕਾਲੀ ਪਹਿਰੇਦਾਰ ਛਾਤੀਆਂ ਤਾਣ ਕੇ ਉਨ੍ਹਾਂ ਨੂੰ ਪਰੇ ਧਕ ਰਹੇ ਸਨ ਤੇ ਉੱਚੀ ਉੱਚੀ ਆਖ ਰਹੇ ਸਨ ਕਿ ਉਹ ਮੈਨੇਜਰ ਸਾਹਿਬ ਦੀ ਆਗਿਆ ਤੋਂ ਬਿਨਾਂ ਕਿਸੇ ਨੂੰ ਵੀ ਅੰਦਰ ਨਹੀਂ ਆਉਣ ਦੇਣਗੇ। ਮੈਂ ਉਪਰੋਂ ਹੀ ਉੱਚੀ ਆਵਾਜ਼ ਨਾਲ ਅਕਾਲੀ ਸੇਵਾਦਾਰਾਂ ਨੂੰ ਕਿਹਾ ਕਿ ਜੇ ਇਨ੍ਹਾਂ ਨਾਲ ਕੋਈ ਅਫ਼ਸਰ ਹੈ ਤਾਂ ਉਸ ਨੂੰ ਉਪਰ ਆਉਣ ਦਿਤਾ ਜਾਵੇ। ਸਿਪਾਹੀ ਬਾਹਰ ਹੀ ਖੜੇ ਰਹਿਣ ਤੇ ਕੋਈ ਆਦਮੀ ਨਾ ਬਾਹਰ ਨਿਕਲੇ ਨਾ ਅੰਦਰ ਆਵੇ।

ਪੁਲੀਸ ਇਨਸਪੈਕਟਰ ਸਾਹਿਬ ਨੇ ਬਾਕਾਇਦਾ ਸੈਲਯੂਟ ਕਰ ਕੇ ਮੈਨੂੰ ਕਿਹਾ, "ਜੀ! ਮੈਂ ਇਨਸਪੈਕਟਰ ਪੁਲੀਸ ਹਾਂ ਅਤੇ ਸਰਕਾਰੀ ਕੰਮ 'ਤੇ ਹਾਂ।" ਮੈਂ ਕਿਹਾ ਆਪ ਉਪਰ ਤਸ਼ਰੀਫ ਲੈ ਆਓ। ਉਹ ਉਪਰ ਪੌੜੀਆਂ ਚੜ੍ਹ ਆਏ। ਉਨ੍ਹਾਂ ਨੂੰ ਬੜੇ ਆਦਰ ਸਤਿਕਾਰ ਨਾਲ ਕੁਰਸੀ ਉਪਰ ਬੈਠਾ ਕੇ ਮੀਤ ਮੈਨੇਜਰ ਸਾਹਿਬ



Digitized by Panjab Digital Library | www.panjabdigilib.org

ਨੂੰ ਕੁਝ ਖਾਣ ਪੀਣ ਦੇ ਸਾਮਾਨ ਦਾ ਪ੍ਰਬੰਧ ਕਰਨ ਵਾਸਤੇ ਕ'ਹ ਦਿਤਾ । ਬਾਕੀ ਦੇ ਆਦਮੀਆਂ ਨੂੰ ਕਮਰਿਉਂ ਬਾਹਰ ਭੇਜ ਕੇ ਇਨਸਪੈਕਟਰ ਸਾਹਿਬ ਨੂੰ 'ਜੀ ਆਇਆਂ ਨੂੰ' ਕਿਹਾ । ਫੇਰ ਉਨ੍ਹਾਂ ਦੇ ਦਫ਼ਤਰ ਆਉਣ ਦੇ ਮਨੋਰਥ ਦਾ ਪਤਾ ਕੀਤਾ । ਸ: ਬੂਟਾ ਸਿੰਘ ਜੀ ਕੁਝ ਫਲ, ਮਿਠਾਈ ਤੇ ਚਾਹ ਆਦਿ ਲੈ ਆਏ । ਪਹਿਲਾਂ ਤਾਂ ਇਨਸਪੈਕਟਰ ਸਾਹਿਬ ਖਾਣ ਪੀਣ ਤੋਂ ਨਾਂਹ ਨੁਕਰ ਕਰਦੇ ਰਹੇ, ਪਰ ਜਦੋਂ ਮੈਂ ਕਿਹਾ ਕਿ ਜਦ ਤਕ ਉਹ ਕੁਝ ਖਾ ਪੀ ਨਹੀਂ ਲੈਣਗੇ ਉਨ੍ਹਾਂ ਨਾਲ ਕੋਈ ਗੱਲ ਬਾਤ ਨਹੀਂ ਕੀਤੀ ਜਾਵੇਗੀ । ਮੈਂ ਉਨ੍ਹਾਂ ਨੂੰ ਫੇਰ ਕਿਹਾ ਕਿ ਆਪ ਆਪਣਾ ਕੰਮ ਜੰਮ ਜੰਮ ਕਰੋ, ਮੇਰੇ ਪਾਸੋਂ ਤੁਹਾਡੀ ਜੋ ਸਹਾਇਤਾ ਕਰ ਹੋਵੇਗੀ ਜ਼ਰੂਰ ਕਰਾਂਗਾ । ਇਹ ਗੱਲ ਸੁਣ ਕੇ ਉਨ੍ਹਾਂ ਨੇ ਕੁਝ ਥੋੜਾ ਬਹੁਤ ਖਾ ਕੇ ਚਾਹ ਦੀ ਪਿਆਲੀ ਵੀ ਪੀ ਲਈ । ਮੈਂ ਅਤੇ ਸਰਦਾਰ ਬੂਟਾ ਸਿੰਘ ਜੀ ਨੇ ਵੀ ਕੁਝ ਖਾ ਕੇ ਚਾਹ ਦੀ ਪਿਆਲੀ ਪਿਆਲੀ ਪੀ ਲਈ । ਮੈਂ ਹੱਸ ਕੇ ਇਨਸਪੈਕਟਰ ਸ਼ਾਹਿਬ ਨੂੰ ਕਿਹਾ ਕਿ ਨਮਕੀਨ ਚੀਜ਼ ਬੇ-ਸ਼ਕ ਕੋਈ ਨਾ ਖਾਓ, ਪਰ ਫਲ ਅਤੇ ਮਿੱਠੀ ਚੀਜ਼ ਖਾ ਲੈਣ ਦਾ ਕੋਈ ਹਰਜ ਨਹੀਂ । ਉਹ ਮੇਰੀ ਗੱਲ 'ਤੇ ਖ਼ੂਬ ਹੱਸ ਪਏ । ਫੇਰ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਹੁਣ ਆਪਣਾ ਏਥੇ ਆਉਣ ਦਾ ਮਨੋਰਥ ਦਸੋ, ਤੇ ਦਸੋ ਮੈਂ ਤੁਹਾਡੀ ਮਨੋਰਥ ਸਿਧੀ ਵਿਚ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ ? ਉਨ੍ਹਾਂ ਦੇ ਦਸਿਆ :

"ਪੁਲੀਸ ਪਾਸ ਬਹੁਤ ਸਾਰੇ ਲੋਕਾਂ ਰਪੱਟਾਂ ਦਰਜ ਕਰਵਾਈਆਂ ਹਨ ਕਿ ਉਨ੍ਹਾਂ ਦੇ ਘਰਾਂ ਤੋਂ ਬਹੁਤ ਸਾਰੀਆਂ ਚੀਜ਼ਾਂ ਚੋਰੀ ਹੋ ਗਈਆਂ ਹਨ ਤੇ ਚੋਰੀ ਦਾ ਸਾਰਾ ਮਾਲ ਏਸ ਵੇਲੇ ਏਸ ਦਫ਼ਤਰ ਵਿਚ ਹੀ ਪਿਆ ਹੈ । ਸੋ ਅਸੀਂ ਤਲਾਸ਼ੀ ਲੈਣ ਦਾ ਆਪਣਾ ਕੰਮ ਪੂਰਾ ਕਰਨ ਲਈ ਮਜਬੂਰ ਹਾਂ ।"

ਇਹ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ । ਇਸ ਤੋਂ ਇਕ ਦੋ ਦਿਨ ਹੀ ਪਹਿਲੋਂ ਜਥੇਦਾਰ 'ਝੱਬਰ' ਜਥੇਦਾਰ 'ਭੁੱਚਰ' ਤੇ ਸ: ਉੱਤਮ ਸਿੰਘ ਕਾਰਖ਼ਾਨੇ ਵਾਲੇ ਦੀਆਂ ਗ੍ਰਿਫ਼ਤਾਰੀਆਂ ਹੋ ਚੁਕੀਆਂ ਸਨ । ਹੁਣ ਮੇਰੀਆਂ ਅੱਖਾਂ ਦੇ ਸਾਹਮਣੇ ਸ: ਹਰਬੰਸ ਸਿੰਘ ਜੀ ਅਟਾਰੀ, ਕਮੇਟੀ ਦੇ ਹੋਰ ਪਤਵੰਤੇ ਮੈਂਬਰਾਂ ਅਤੇ ਆਪਣੀ ਗ੍ਰਿਫ਼ਤਾਰੀ ਦੇ ਨਜ਼ਾਰੇ ਨੱਚਣ ਲਗ ਪਏ । ਤੇ ਫੇਰ ਗ੍ਰਿਫ਼ਤਾਰੀ ਕਿਸੇ ਹੋਰ ਜੁਰਮ ਵਿਚ ਨਹੀਂ । ਚੋਰੀ ਦੇ ਜੁਰਮ ਵਿਚ । ਚੋਰੀ ਦਾ ਮਾਲ ਆਪਣੇ ਕਬਜ਼ੇ



Digitized by Panjab Digital Library | www.panjabdigilib.org

ਵਿਚ ਰਖਣ ਦੇ ਜੁਰਮ ਵਿਚ ! ਜਿਸ ਦੀ ਜ਼ਮਾਨਤ ਵੀ ਨਾ ਹੋ ਸਕੇ ।

ਅੰਦਰੋਂ ਤਾਂ ਮੈਂ ਡਾਢਾ ਘਬਰਾਇਆ ਹੋਇਆ ਸੀ । ਪਰ ਸ਼ਰਮਿੰਦਗੀ ਦੇ ਤਾਣ ਹੱਸਦਿਆਂ ਹੋਇਆਂ ਇਨਸਪੈਕਟਰ ਸਾਹਿਬ ਪਾਸੋਂ ਪੁੱਛਣ ਲਗ ਪਿਆ : "ਕਿਉਂ ਜੀ, ਇਨਸਪੈਕਟਰ ਸਾਹਿਬ ਆਪ ਜੀ ਨੂੰ ਰਪੋਟਾਂ ਕਰਨ ਵਾਲਿਆਂ ਦੀ ਗੱਲ ਉਪਰ ਯਕੀਨ ਆ ਗਿਆ ਕਿ ਸ: ਸ਼ਾਮ ਸਿੰਘ ਅਟਾਰੀ ਵਾਲੇ ਦਾ ਪੋਤਰਾ ਸ: ਹਰਬੰਸ ਸਿੰਘ ਅਟਾਰੀ, ਪ੍ਰੋਫ਼ੈਸਰ ਜੋਧ ਸਿੰਘ ਐਮ. ਏ. ਜਾਂ ਮੈਂ ਜਾਂ ਮੇਰਾ ਮੀਤ ਮੈਨੇਜਰ ਇਸ ਕਿਸਮ ਦੀ ਕਮੀਨੀ ਹਰਕਤ ਕਰ ਸਕਦੇ ਹਾਂ ?"

ਇਸ ਦੇ ਉੱਤਰ ਵਿਚ ਇਨਸਪੈਕਟਰ ਸਾਹਿਬ ਕੰਨਾਂ ਉਪਰ ਹੱਥ ਰਖ ਕੇ 'ਤੋਬਾ ਤੋਬਾ' ਕਰਨ ਲਗ ਪਏ, ਅਤੇ ਕਹਿਣ ਲਗੇ ਕਿ ਉਨ੍ਹਾਂ ਨੇ ਤਾਂ ਐਸ. ਪੀ. ਸਾਹਿਬ ਨੂੰ ਪਹਿਲੋਂ ਹੀ ਕਹਿ ਦਿਤਾ ਸੀ ਕਿ ਏਡੇ ਵਡੇ ਵਡੇ ਆਦਮੀ ਇਹੋ ਜੇਹੇ ਜੁਰਮ ਨਹੀਂ ਕਰ ਸਕਦੇ । ਪਰ ਉਨ੍ਹਾਂ ਨੇ ਕਿਹਾ ਕਿ ਜ਼ਾਬਤੇ ਦੀ ਕਾਰਵਾਈ ਸਾਨੂੰ ਲਾਜ਼ਮੀ ਕਰਨੀ ਹੀ ਪਏਗੀ, ਸੋ ਮੈਂ ਹਾਜ਼ਰ ਹਾਂ । ਕਾਗਜ਼ੀ ਕਾਰਵਾਈ ਪੂਰੀ ਕਰਵਾ ਛਡੋ । ਨਾ ਤੁਹਾਡੇ ਕਬਜ਼ੇ ਵਿਚੋਂ ਕੋਈ ਚੋਰੀ ਦੀ ਚੀਜ਼ ਮਿਲਣ ਲਗੀ ਹੈ ਨ ਕੋਈ ਹੋਰ ਕਾਰਵਾਈ ਹੋ ਹੀ ਸਕੇਗੀ ।

ਏਨੇ ਚਿਰ ਵਿਚ ਮੈਨੂੰ ਇਕ ਗੱਲ ਅਹੁੜੀ ਕਿ ਕਿਸੇ ਨਾ ਕਿਸੇ ਪਜ ਕੁਝ ਸਮਾਂ ਮਿਲ ਜਾਵੇ ਤਾਂ ਜੋ ਚੀਜ਼ਾਂ ਅੰਦਰ ਪਈਆਂ ਹਨ ਏਧਰ ਓਧਰ ਬਿਲੇ ਲਗਾ ਦਿਤੀਆਂ ਜਾਣ । ਮੈਂ ਇਨਸਪੈਕਟਰ ਸਾਹਿਬ ਨੂੰ ਕਿਹਾ ਕਿ ਬਾਹਰ ਪੁਲੀਸ ਦਾ ਪਹਿਰਾ ਬੇਸ਼ਕ ਏਸੇ ਤਰ੍ਹਾਂ ਬੈਠਾ ਰਹੇ । ਜੇਕਰ ਉਹ ਚਾਹੁਣ ਤਾਂ ਬਾਹਰ ਤਾਲਾ ਲਗਾ ਕੇ ਚਾਬੀ ਬੇਸ਼ਕ ਆਪਣੀ ਜੇਬ ਵਿਚ ਪਾ ਕੇ ਲੈ ਜਾਣ । ਪਰ ਮੇਰੀ ਇਕ ਚਿੱਠੀ ਐਸ. ਪੀ. ਸਾਹਿਬ ਪਾਸ ਲੈ ਜਾ ਕੇ ਉਸ ਦਾ ਉੱਤਰ ਮੈਨੂੰ ਲਿਆ ਦੇਣ ਫੇਰ ਮੈਂ ਆਪ ਉਨ੍ਹਾਂ ਦੇ ਨਾਲ ਹੋ ਕੇ ਜ਼ਾਬਤੇ ਦੀ ਸਾਰੀ ਕਾਗ਼ਜ਼ੀ ਕਾਰਵਾਈ ਕਰਵਾ ਦਿਆਂਗਾ । ਪੁਲੀਸ ਇਨਸਪੈਕਟਰ ਮੇਰੇ ਏਸ ਝਾਸੇ ਵਿਚ ਆ ਗਿਆ ਤੇ ਮੈਂ ਐਸ. ਪੀ. ਵਲ ਇਕ ਚਿੱਠੀ ਲਿਖ ਕੇ ਉਨ੍ਹਾਂ ਦੇ ਹੱਥ ਦੇ ਦਿਤੀ, ਜਿਸ 'ਤੇ ਉਹ ਆਪਣਾ ਪਹਿਰਾ ਪੱਕਾ ਕਰ ਕੇ ਐਸ. ਪੀ. ਸਾਹਿਬ ਦੇ ਦਫ਼ਤਰ ਜਾਣ ਲਈ ਤਿਆਰ ਹੋ ਗਏ । ਮੈਂ ਆਪਣੇ ਅਕਾਲੀ ਸੇਵਾਦਾਰਾਂ ਦਾ ਪਹਿਰਾ ਉਠਾ ਲਿਆ ਤੇ ਉਨ੍ਹਾਂ ਵਿਚੋਂ ਕੇਵਲ ਇਕ ਸੇਵਾਦਾਰ ਨੂੰ



Digitized by Panjab Digital Library | www.panjabdigilib.org

ਪੁਲੀਸ ਪਾਸ ਬੈਠਾ ਰਹਿਣ ਦਿਤਾ ਗਿਆ । ਉਪ੍ਰੰਤ ਹੁਕਮ ਚਾੜ੍ਹ ਦਿਤਾ ਕਿ ਇਨਸਪੈਕਟਰ ਸਾਹਿਬ ਦੇ ਆਉਣ ਤਕ ਕਿਸੇ ਵੀ ਆਦਮੀ ਨੂੰ ਮੇਰੇ ਸਮੇਤ ਅੰਦਰੋਂ ਬਾਹਰ ਨਾ ਜਾਣ ਦਿਤਾ ਜਾਵੇ ਅਤੇ ਨਾ ਕਿਸੇ ਨੂੰ ਬਾਹਰੋਂ ਅੰਦਰ ਹੀ ਆਉਣ ਦੇਣਾ । ਮੇਰੀ ਏਸ ਗੱਲ 'ਤੇ ਇਨਸਪੈਕਟਰ ਸਾਹਿਬ ਬੜੇ ਹੀ ਪ੍ਰਸੰਨ ਹੋਏ ਅਤੇ ਖ਼ੁਸ਼ੀ ਖ਼ੁਸ਼ੀ ਮੇਰੇ ਨਾਲ ਹੱਥ ਮਿਲਾ ਕੇ ਐਸ. ਪੀ. ਸਾਹਿਬ ਵਲ ਪਤਰਾ ਵਾਚ ਗਏ ।

ਏਧਰੋਂ ਵਿਹਲਾ ਹੋ ਕੇ ਮੈਂ ਹੌਲਦਾਰ ਨਾਲ ਗਲੀਂ ਜੁੱਟ ਪਿਆ । ਤੇ ਕਿਹਾ ਏਸ ਤਰ੍ਹਾਂ ਖੜੇ ਖੜੇ ਤਾਂ ਤੁਸੀਂ ਇਨਸਪੈਕਟਰ ਸਾਹਿਬ ਦੇ ਆਉਣ ਤਕ ਆਕੜ ਕੇ ਤਖ਼ਤਾ ਹੋ ਜਾਓਗੇ । ਮੈਂ ਤੁਹਾਨੂੰ ਮੰਜਾ ਮੰਗਵਾ ਦੇਂਦਾ ਹਾਂ ਤੇ ਤੁਹਾਡੇ ਬੈਠਣ ਵਾਸਤੇ ਕੁਰਸੀ ਆ ਜਾਂਦੀ ਹੈ । ਆਰਾਮ ਕਰੋ ! ਜਦੋਂ ਇਨਸਪੈਕਟਰ ਸਾਹਿਬ ਆ ਜਾਣਗੇ ਤਾਂ ਫੇਰ ਅਟੈਨਸ਼ਨ ਹੋ ਜਾਣਾ । ਇਕ ਸਿਪਾਹੀ ਨੂੰ ਵਾਰੋ ਵਾਰੀ ਮੋੜ 'ਤੇ ਖੜਾ ਕਰ ਛਡੋ ਜੋ ਇਨਸਪੈਕਟਰ ਸਾਹਿਬ ਨੂੰ ਦੂਰੋਂ ਆਉਂਦਾ ਦੇਖ ਕੇ ਅਗੇਤਰੇ ਹੀ ਇਤਲਾਹ ਦੇ ਦੇਵੇ ਤੇ ਤੁਸਾਂ ਮੰਜੇ ਕੁਰਸੀਆਂ ਛੱਡ ਕੇ ਤਿਆਰ-ਬਰ-ਤਿਆਰ ਤਣ ਕੇ ਖੜੇ ਹੋ ਜਾਣਾ । ਉਹ ਹੱਸ ਕੇ ਕਹਿਣ ਲਗੇ, "ਸਰਦਾਰ ਸਾਹਿਬ ਸਿਪਾਹੀ ਕੀ ? ਤੇ ਕੁਰਸੀਆਂ ਮੰਜੇ ਕੀ ??" ਪਰ ਜਦ ਮੈਂ ਉਨ੍ਹਾਂ ਨੂੰ ਸਮਝਾਇਆ ਕਿ ਜਿਸ ਕੰਮ ਇਨਸਪੈਕਟਰ ਸਾਹਿਬ ਗਏ ਹੋਏ ਹਨ, ਉਸ ਦੇ ਕਰਨ ਵਿਚ ਉਨ੍ਹਾਂ ਨੂੰ ਢੇਰ ਸਮਾਂ ਲਗ ਜਾਏਗਾ । ਸ਼ਾਇਦ ਉਹ ਸ਼ਾਮ ਤੋਂ ਪਹਿਲਾਂ ਮੁੜ ਹੀ ਨਾ ਸਕਣ । ਤਾਂ ਉਹ ਮੰਨ ਗਏ ।

ਇਕ ਜੰਦਰਾ ਮੰਗਵਾ ਕੇ ਮੈਂ ਉਨ੍ਹਾਂ ਨੂੰ ਦੇ ਦਿਤਾ ਕਿ ਬਾਹਰੋਂ ਮਾਰ ਲੈਣ ਤੇ ਚਾਬੀ ਆਪਣੇ ਪਾਸ ਰੱਖ ਲੈਣ । ਇਹ ਕਰਨ 'ਤੇ ਉਹ ਬਿਲਕੁਲ ਹੀ ਨਿਸਚਿੰਤ ਹੋ ਗਏ । ਤੇ ਇਕ ਜੰਦਰਾ ਮੈਂ ਅੰਦਰੋਂ ਮਾਰ ਲਿਆ, ਤਾਂ ਜੋ ਕੋਈ ਅਚਣਚੇਤ ਅੰਦਰ ਨਾ ਆਣ ਵੜੇ । ਫੇਰ ਮੈਂ ਮਾਲ ਨੂੰ ਸੰਭਾਲਣ ਦੀ ਤਜਵੀਜ਼ ਸੋਚਣ ਲਗਾ । ਦਫ਼ਤਰ ਦੇ ਮਕਾਨ ਦੇ ਨਾਲ ਹੀ ਪਿਛਲੇ ਪਾਸੇ ਇਕ ਮਹੰਤ ਦਾ ਮਕਾਨ ਸੀ ਜਿਸ 'ਤੇ ਕਬਜ਼ਾ ਕਮੇਟੀ ਦਾ ਹੀ ਸੀ । ਉਸ ਵਿਚ ਇਕ ਸਜਣ ਸ੍ਰ: ਲਾਭ ਸਿੰਘ ਜੀ ਮੇਰੀ ਆਗਿਆ ਨਾਲ ਰਹਿੰਦੇ ਸਨ । ਉਹ ਕਿਸੇ ਥਾਂ ਰੇਲਵੇ ਦੇ ਸਟੇਸ਼ਨ ਮਾਸਟਰ ਸਨ । ਤੇ ਨਨਕਾਣਾ ਸਾਹਿਬ ਉਹ ਦੁਰਘਟਨਾ ਵੇਖਣ ਲਈ ਬਾਲ ਬਚੇ ਸਮੇਤ ਆ ਗਏ ਸਨ । ਮੈਂ ਉਸ ਮਕਾਨ ਦੇ ਵਿਹੜੇ ਵਿਚ ਝਾਤੀ ਮਾਰੀ ਤੇ



Digitized by Panjab Digital Library | www.panjabdigilib.org

'ਸਰਦਾਰ ਲਾਭ ਸਿੰਘ ਜੀ !' ਕਰ ਕੇ ਹੌਲੀ ਜਿਹੀ ਆਵਾਜ਼ ਵੀ ਦਿਤੀ ।

ਉਨ੍ਹਾਂ ਦੀ ਸਿੰਘਣੀ ਬਾਹਰ ਵਿਹੜੇ ਵਿਚ ਆਈ ਤੇ ਕਹਿਣ ਲਗੀ, "ਦਹੀਂ ਲੈਣ ਜ਼ਰਾ ਹੱਟੀ ਤਕ ਗਏ ਹਨ । ਹੁਣੇ ਆਏ ਹੀ ਸਮਝੋ । ਵੀਰ ਜੀ ! ਹੁਕਮ ਕੀ ਹੈ ?" ਏਨੇ ਨੂੰ ਸ੍ਰ: ਲਾਭ ਸਿੰਘ ਜੀ ਵੀ ਆ ਗਏ । ਪਰ ਇਹ ਪਤਾ ਲਗਣ 'ਤੇ ਕਿ ਉਨ੍ਹਾਂ ਦਾ ਖਾਣਾ ਤਿਆਰ ਹੈ ਤੇ ਉਹ ਛਕਣ ਹੀ ਲਗੇ ਹਨ ਮੈਂ ਕਿਹਾ ਕਿ "ਖਾਣਾ ਬਾਹਰ ਪਾਰਲੇ ਖੇਤ ਵਿਚ ਬੈਠ ਕੇ ਖਾ ਲੈਣ । (ਹੱਸ ਕੇ) ਅਜ ਸਮਝ ਲਓ ਪਿਕਨਿਕ ਹੀ ਸਹੀ ।" ਉਨ੍ਹਾਂ ਸਤਿ ਬਚਨ ਕਹਿ ਕੇ ਸਿੰਘਣੀ ਨੂੰ ਕਿਹਾ ਕਿ ਟਿਫ਼ਨ ਕੈਰੀਅਰ ਟੋਕਰੀ ਵਿਚ ਬੰਦ ਕਰ ਲੈਣ । ਆਪ ਸਰਦਾਰ ਲਾਭ ਸਿੰਘ ਜੀ ਮੇਰੇ ਕਹਿਣ 'ਤੇ ਜਥੇਦਾਰ ਵਸਾਵਾ ਸਿੰਘ ਨੂੰ ਬੁਲਾਣ ਚਲੇ ਗਏ । ਜਦੋਂ ਵਾਪਸ ਆਏ ਤਾਂ ਉਨ੍ਹਾਂ ਦੇ ਬਾਲ ਬਚੇ ਖੇਤ ਵਿਚ ਬੈਠ ਕੇ ਪਿਕਨਿਕ ਕਰਨ ਲਈ ਤਿਆਰ ਸਨ । ਮੇਰੇ ਪਾਸੋਂ ਆਗਿਆ ਮੰਗਣ ਲਗੇ ! ਮੈਂ ਕਿਹਾ "ਅੰਦਰਲੇ ਮਕਾਨ ਨੂੰ ਤਾਲਾ ਲਗਾ ਕੇ ਚਾਬੀ ਨਾਲ ਲੈ ਜਾਣ ਤੇ ਬਾਹਰਲਾ ਦਰਵਾਜ਼ਾ ਮੇਰੀ ਜ਼ਿੰਮੇਵਾਰੀ 'ਤੇ ਖੁਲ੍ਹਾ ਹੀ ਛੱਡ ਜਾਣ ।" ਹੱਸ ਪਏ ਤੇ ਜੰਦਰਾ ਲਗਾ ਕੇ ਚਲੇ ਗਏ ।

ਉਨ੍ਹਾਂ ਦੇ ਜਾਣ ਦੀ ਦੇਰ ਸੀ ਕਿ ਮੈਂ ਜਥੇਦਾਰ ਵਸਾਵਾ ਸਿੰਘ ਨੂੰ ਕਿਹਾ ਕਿ ਬਾਹਰ ਨਜ਼ਰ ਮਾਰ ਲਓ ਕੋਈ ਨੇੜੇ ਤੇੜੇ ਤਾਂ ਨਹੀਂ । ਜਦੋਂ ਇਸ ਗੱਲ ਦੀ ਤਸੱਲੀ ਹੋ ਗਈ ਤਾਂ ਮੈਂ ਉਨ੍ਹਾਂ ਨੂੰ ਆਪਣੇ ਨੇੜੇ ਵਿਹੜੇ ਵਿਚ ਬੁਲਾ ਕੇ ਕਿਹਾ ਕਿ ਕੋਈ ਦੋ ਆਦਮੀ ਜੋ ਸੰਨ੍ਹ ਲਾਉਣ ਦੇ ਕੰਮ ਵਿਚ ਮਾਹਿਰ (Expert) ਹੋਣ ਸਨ੍ਹੇਵੇ ਲੈ ਕੇ ਆ ਜਾਣ । ਤੇ ਆਪ ਵੀ ਨਾਲ ਹੀ ਚਲੇ ਆਉਣ । ਜਥੇਦਾਰ ਵਾਸਾਵਾ ਸਿੰਘ ਇਕ ਕੰਮ ਕਰਨ ਵਾਲਾ ਬੰਦਾ ਸੀ । ਉਹ ਆਪਣੇ ਜਵਾਨ ਲੜਕੇ ਤੇ ਸਿੰਘਣੀ ਨੂੰ ਸੰਨ੍ਹ ਮਾਰਨ ਦੇ ਸਾਮਾਨ ਸਮੇਤ ਨਾਲ ਲੈ ਕੇ ਆ ਗਿਆ । ਮੈਂ ਅਜੇ ਉਪਰ ਹੀ ਖੜਾ ਸੀ ਕਿ ਉਸ ਦੇ ਲੜਕੇ ਤੇ ਸਿੰਘਣੀ ਨੂੰ ਨਾਲ ਆਉਂਦਿਆਂ ਵੇਖ ਕੇ ਹੈਰਾਨ ਹੋ ਗਿਆ । ਉਨ੍ਹਾਂ ਕਿਹਾ ਕਿ ਕੀ ਅਜੇ ਆਪ ਜੀ ਦੇ ਹੁਕਮ ਦੀ ਪੂਰੀ ਪੂਰੀ ਪਾਲਣਾ ਨਹੀਂ ਹੋਈ ? ਨਾਲ ਹੀ ਵਿਹੜੇ ਦਾ ਬੂਹਾ ਢੋਅ ਕੇ ਸਿੰਘਣੀ ਨੂੰ ਬਾਹਰ ਪਹਿਰੇ 'ਤੇ ਖੜਾ ਕਰ ਦਿਤਾ ਤੇ ਆਪਣੇ ਆਪ ਅਤੇ ਲੜਕੇ ਵਲ ਇਸ਼ਾਰਾ ਕਰਕੇ ਕਹਿਣ ਲਗਾ ਕਿ ਜਥੇਦਾਰ ਜੀ ਸਾਨੂੰ ਹੁਕਮ ਕਰੋ । ਇਕ



Digitized by Panjab Digital Library | www.panjabdigilib.org

ਇਕ ਸੰਨ੍ਹੇਵਾ ਦੋਹਾਂ ਪਿਉ ਪੁਤਰਾਂ ਦੇ ਹੱਥ ਵਿਚ ਸੀ। ਮੈਂ ਵੇਖ ਕੇ ਹੱਸ ਪਿਆ ਤੇ ਮੇਰੇ ਮੂੰਹੋਂ ਬੇ ਅਖ਼ਤਿਆਰ ਹੀ 'ਸ਼ਾਬਾਸ਼ !' ਨਿਕਲ ਗਿਆ। (ਦਫ਼ਤਰ ਦੇ ਹੇਠਲੇ ਕਮਰੇ ਦੀ ਕੰਧ ਵਲ ਇਸ਼ਾਰਾ ਕਰ ਕੇ) ਇਸ ਕੰਧ ਵਿਚ ਅੱਖ ਦੇ ਪਲਕਾਰੇ ਅੰਦਰ ਪਾੜ ਲਗਾ ਦਿਓ। ਜਿਸ ਦੇ ਵਿਚੋਂ ਦੀ ਆਦਮੀ ਅੰਦਰ ਬਾਹਰ ਆ ਜਾ ਸਕੇ। ਉਨ੍ਹਾਂ ਦੋਹਾਂ ਜਣਿਆਂ ਵੇਖਦਿਆਂ ਵੇਖਦਿਆਂ ਪਾੜ ਮੁਕੰਮਲ ਕਰ ਦਿਤਾ। ਮੈਂ ਹੇਠਲੇ ਕਮਰੇ ਵਿਚ ਸਾਮਾਨ ਦੀ ਛਾਂਟੀ ਕਰਵਾ ਰਿਹਾ ਸੀ ਕਿ ਕਿਹੜਾ ਰੱਖ ਲੈਣਾ ਹੈ ਤੇ ਕਿਹੜਾ ਫੂਕ ਛਡਣਾ ਹੈ।

ਏਨੇ ਨੂੰ ਜਥੇਦਾਰ ਪਾੜ ਰਾਹੀਂ ਅੰਦਰ ਆਣ ਵੜਿਆ ਤੇ ਸੈਲਯੂਟ ਮਾਰ ਕੇ ਕਹਿਣ ਲਗਾ—'ਹੁਕਮ ਹਜ਼ੂਰ'। ਬੱਸ ਅਸੀਂ ਕਿਤਾਬਾਂ ਤੇ ਕਪੜਿਆਂ ਆਦਿ ਨੂੰ ਤਾਂ ਬਸੰਤਰ ਦੇਵਤਾ ਦੀ ਭੇਟ ਕਰਨ ਲਗ ਗਏ ਤੇ ਬੋਤਲਾਂ ਬਾਤਲਾਂ ਜਿਨ੍ਹਾਂ ਵਿਚੋਂ ਕਈਆਂ ਵਿਚ ਘਰ ਦੀ ਕਢੀ ਸ਼ਰਾਬ ਵੀ ਸੀ, ਤੋੜਤਾੜ ਕੇ ਬਾਹਰ ਛਪੜ ਵਿਚ ਸੁਟ ਆਉਣ ਦਾ ਹੁਕਮ ਕਰ ਦਿਤਾ ਤੇ ਬਾਕੀ ਜ਼ੇਵਰ ਆਦਿ ਕੀਮਤੀ ਚੀਜ਼ਾਂ ਨੂੰ ਕਿਧਰੇ ਦੁਰੇਡੇ ਭੇਜ ਦੇਣ ਦਾ ਪ੍ਰਬੰਧ ਕਰ ਲਿਆ। ਇਹ ਕੰਮ ਮੈਂ ਆਪਣੇ ਅਸਿਸਟੈਂਟ ਸਰਦਾਰ ਬੂਟਾ ਸਿੰਘ ਜੀ ਦੇ ਸਪੁਰਦ ਕਰ ਦਿਤਾ ਸੀ। ਉਸ ਨੇ ਉਹ ਚੀਜ਼ਾਂ ਅਜੇਹੇ ਥਾਂ ਪਹੁੰਚਾਈਆਂ ਜਿਥੋਂ ਪੁਲਸ ਦੀ ਮਾਂ ਵੀ ਪਤਾ ਨ ਲਗਾ ਸਕੇ। ਅਸੀਂ ਏਸ ਸਾਰੇ ਕੰਮ ਤੋਂ ਕੋਈ ਤਿੰਨ ਕੁ ਘੰਟਿਆਂ ਵਿਚ ਵੇਹਲੇ ਹੋ ਗਏ। ਜਥੇਦਾਰ ਨੂੰ ਪਾੜ ਬੰਦ ਕਰ ਦੇਣ ਲਈ ਹੁਕਮ ਕਰ ਦਿਤਾ ਤੇ ਕਿਹਾ ਕਿ ਬਾਹਰਲੇ ਪਾਸਿਓਂ ਭਾਵੇਂ ਪਿਆ ਨਜ਼ਰ ਆਵੇ, ਪਰ ਅੰਦਰਲਾ ਪਾਸਾ ਬਿਲਕੁਲ ਖ਼ੁਸ਼ਕ ਤੇ ਬੇ-ਮਲੂਮਾ ਹੋ ਜਾਣਾ ਚਾਹੀਦਾ ਹੈ।

ਵਸਾਵਾ ਸਿੰਘ ਜਥੇਦਾਰ ਨੇ ਆਪਣਾ ਕੰਮ ਬੜੇ ਸੁਹਣੇ ਤੇ ਸੁਚੱਜੇ ਢੰਗ ਨਾਲ ਨਿਬਾਹ ਦਿਤਾ। ਨਾ ਅੰਦਰੋਂ ਤੇ ਨਾ ਬਾਹਰੋਂ ਏਸ ਗੱਲ ਦਾ ਸਰਸਰੀ ਨਜ਼ਰ ਨਾਲ ਪਤਾ ਲਗ ਸਕਦਾ ਸੀ ਕਿ ਕੋਈ ਪਾੜ ਲਗਾ ਕੇ ਬੰਦ ਕਰ ਦਿਤਾ ਗਿਆ ਹੈ। ਜਦ ਸਾਰੀ ਕਾਰਵਾਈ ਮੁਕੰਮਲ ਹੋ ਚੁਕੀ ਤਾਂ ਅੰਦਰੋਂ ਝਾੜੂ ਲਵਾ ਕੇ ਸਫ਼ਾਈ ਕਰ ਦਿਤੀ ਗਈ। ਇਨਸਪੈਕਟਰ ਸਾਹਿਬ ਦੇ ਚਲੇ ਜਾਣ ਤੋਂ ਚਾਰ ਘੰਟੇ ਦੇ ਅੰਦਰ ਅੰਦਰ ਲੋਕਾਂ ਦਾ ਮਾਲ ਨਿਸ਼ਾਨ ਮਾਤਰ ਵੀ ਅੰਦਰ ਨ ਰਹਿਣ ਦਿਤਾ ਗਿਆ। ਮੈਂ ਏਸ ਕੰਮੋਂ ਵਿਹਲਾ ਹੋ ਕੇ ਦਫ਼ਤਰ ਦੇ ਬੰਦਿਆਂ ਨੂੰ ਛੁੱਟੀ ਦੇ ਦਿਤੀ।



Digitized by Panjab Digital Library | www.panjabdigilib.org

ਇਸ ਤੋਂ ਪਹਿਲਾਂ ਉਨ੍ਹਾਂ ਨੂੰ ਹੁਕਮ ਸੀ ਕਿ ਬਾਹਰ ਬਿਲਕੁਲ ਨਾ ਨਿਕਲਣਾ। ਜੇ ਕਿਸੇ ਨੇ ਟੱਟੀ ਪਿਸ਼ਾਬ ਲਈ ਪਖਾਨੇ ਵਲ ਜਾਣਾ ਹੋਵੇ ਤਾਂ ਰਵਾਂਰਵੀਂ ਓਧਰ ਤੁਰ ਜਾਣ ਤੇ ਮੁੜ ਸਿਧੇ ਹੀ ਆਪਣੀ ਕੁਰਸੀ ਉਪਰ ਬੈਠ ਜਾਣ।

ਮੈਂ ਤੇ ਦਫ਼ਤਰ ਵਾਲੇ ਹੇਠਾਂ ਉਤਰ ਆਏ। ਅੰਦਰਲਾ ਜੰਦਰਾ ਖੋਲ੍ਹ ਕੇ ਹੌਲਦਾਰ ਨੂੰ ਬਾਹਰਲਾ ਤਾਲਾ ਖੋਲ੍ਹ ਦੇਣ ਲਈ ਕਹਿ ਦਿਤਾ। ਉਸ ਨੇ ਮੇਰੀ ਆਵਾਜ਼ ਪਛਾਣ ਕੇ ਕਿਹਾ ਕਿ ਸਗੋਂ ਮੈਨੇਜਰ ਸਾਹਿਬ ਨੇ ? ਮੇਰੇ ਹਾਂ ਕਹਿਣ 'ਤੇ ਝਟ ਜੰਦਰਾ ਖੋਲ੍ਹ ਦਿਤਾ। ਮੈਂ ਉਸ ਨੂੰ ਕਿਹਾ "ਭਾਈ ਇਨਸਪੈਕਟਰ ਸਾਹਿਬ ਤਾਂ ਅਜੇ ਆਏ ਕੋਈ ਨਹੀਂ। ਅਸੀਂ ਕੁਝ ਚਾਹ ਪਾਣੀ ਪੀਣ ਨਿਕਲਣਾ ਹੈ ਤੇ ਦਫ਼ਤਰ ਦੇ ਆਦਮੀਆਂ ਨੇ ਆਪਣੇ ਘਰਾਂ ਨੂੰ ਜਾਣਾ ਹੈ। ਮੇਰੀ 'ਤੇ ਦਫ਼ਤਰ ਵਾਲਿਆਂ ਦੀ ਜਾਮਾ ਤਲਾਸ਼ੀ ਲੈ ਲਓ।" ਉਹ ਵਿਚਾਰਾ ਮੇਰੀ ਗੱਲ ਤੇ ਸ਼ਰਮਿੰਦਾ ਹੋ ਕੇ ਕਹਿਣ ਲਗਾ। "ਹਜ਼ੂਰ ! ਹਾਂ ਤਾਂ ਅਸੀਂ ਵੀ ਇਨਸਾਨ, ਪਰ ਪੇਟ ਦੀ ਖ਼ਾਤਰ ਨੌਕਰੀ ਭੁਗਤਾਣੀ ਹੀ ਪੈਂਦੀ ਹੈ। ਬਹੁਤਾ ਸ਼ਰਮਿੰਦਿਆਂ ਨਾ ਕਰੋ। ਅਸੀਂ ਆਪਣੇ ਵਡੇ ਤੋਂ ਵਡੇ ਅਫ਼ਸਰ ਨਾਲੋਂ ਵੀ ਆਪ ਜੀ ਦੀ ਇੱਜ਼ਤ ਵਧੇਰੇ ਕਰਦੇ ਹਾਂ, ਜੋ ਆਪਣਾ ਘਰ ਘਾਟ ਤੇ ਕੰਮ ਕਾਰ ਛਡ ਕੇ ਏਥੇ ਪ੍ਰਦੇਸ ਵਿਚ ਸੇਵਾ ਕਰ ਰਹੇ ਹੋ।" ਮੈਂ ਕਿਹਾ ਕਿ ਫੇਰ ਵੀ ਡਯੂਟੀ ਡਯੂਟੀ ਹੀ ਹੈ। ਜ਼ਰੂਰ ਪੂਰੀ ਕਰੋ। ਸੋ ਉਨ੍ਹਾਂ ਨੇ ਦਫਤਰ ਵਾਲਿਆਂ ਨੂੰ ਓਪਰਾ ਓਪਰਾ ਜਿਹਾ ਹੱਥ ਮਾਰ ਕੇ ਥੋੜਾ ਬਹੁਤ ਵੇਖਿਆ, ਪਰ ਮੇਰੇ ਤਾਂ ਕੋਈ ਨੇੜੇ ਵੀ ਨਾ ਲਗਾ। ਮੈਂ ਆਪੇ ਹੀ ਉਨ੍ਹਾਂ ਦੇ ਸਾਹਮਣੇ ਆਪਣੇ ਕਪੜੇ ਝਾੜ ਦਿਤੇ।

ਸਾਰੇ ਹੀ ਪੁਲਸੀਏ ਕਹਿਣ ਲਗ ਪਏ, "ਸਰਦਾਰ ਜੀ ਸਾਨੂੰ ਏਨਾ ਸ਼ਰਮਿੰਦਾ ਐਵੇਂ ਕਾਹਨੂੰ ਪਏ ਕਰਦੇ ਹੋ। ਆਖੋ ਤਾਂ ਨੌਕਰੀਆਂ ਤੋਂ ਅਸਤੀਫ਼ੇ ਦੇ ਦੇਈਏ।" ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਇਨਸਪੈਕਟਰ ਸਾਹਿਬ ਰਾਤ ਪੈ ਜਾਣ 'ਤੇ ਵੀ ਵਾਪਸ ਨਾ ਆਉਣ ਤਾਂ ਨਾਲ ਦੀ ਬੈਠਕ ਜੋ ਬਾਹਰ ਨੂੰ ਹੀ ਖੁਲ੍ਹਦੀ ਹੈ ਉਸ ਵਿਚ ਸਾਰੇ ਜਣੇ ਆਰਾਮ ਕਰਨ। ਜੰਦਰਾ ਦਫ਼ਤਰ ਦੀ ਇਮਾਰਤ ਨੂੰ ਮਾਰੀ ਰਖਣ ਤੇ ਪਹਿਰੇਦਾਰ ਚੌਕਸੀ ਰਖੇ। ਅਸੀਂ ਅਗਲੇ ਦਿਨ ਦਫ਼ਤਰ ਦੇ ਟਾਈਮ 'ਤੇ ਆ ਜਾਵਾਂਗੇ। ਜੇ ਇਨਸਪੈਕਟਰ ਸਾਹਿਬ ਦਸ ਵਜੇ ਤੋਂ ਪਹਿਲੇ ਆ ਜਾਣ ਤਾਂ ਦੁਕਾਨਦਾਰ ਨੂੰ ਭੇਜ ਕੇ ਮੈਨੂੰ ਬੁਲਾ ਲੈਣਾ ਮੈਂ ਉਸੇ ਵੇਲੇ ਆ ਜਾਵਾਂਗਾ।



Digitized by Panjab Digital Library | www.panjabdigilib.org

ਰਾਤ ਪੈ ਗਈ। ਇਨਸਪੈਕਟਰ ਸਾਹਿਬ ਅਜੇ ਵੀ ਨਾ ਬਹੁੜੇ। ਸੁ ਖ਼ਿਆਲ ਕੀਤਾ ਗਿਆ ਕਿ ਹੁਣ ਉਹ ਕਲ੍ਹ ਨੂੰ ਹੀ ਆਉਣਗੇ। ਹਵਾਲਦਾਰ ਤੇ ਸਿਪਾਹੀ ਰਾਤ ਦੇ ਬਿਸ਼ਰਾਮ ਵਾਸਤੇ ਬੈਠਕ ਅੰਦਰ ਜਾ ਟਿਕੇ। ਇਕ ਇਕ ਸਿਪਾਹੀ ਵਾਰੀ ਵਾਰੀ ਬੈਠ ਕੇ ਬਾਹਰਲੇ ਦਰਵਾਜ਼ੇ ਸਾਹਮਣੇ ਸਾਰੀ ਰਾਤ ਪਹਿਰਾ ਦੇਂਦੇ ਰਹੇ। ਅਸੀਂ ਉਪਰ ਆਪਣੇ ਦਫ਼ਤਰ ਨੂੰ ਜੰਦਰੇ ਮਾਰ ਹੀ ਆਏ ਸੀ। ਮੈਂ ਸਵੇਰੇ ਦਸ ਕੁ ਵਜੇ ਆਪਣੇ ਦਫ਼ਤਰ ਪਹੁੰਚ ਗਿਆ। ਮੇਰਾ ਦਫ਼ਤਰ ਦਾ ਸਟਾਫ਼ ਅਗੇ ਮੈਨੂੰ ਉਡੀਕ ਰਿਹਾ ਸੀ। ਮੇਰੇ ਪਹੁੰਚਣ ਤੇ ਸਿਪਾਹੀ ਨੇ ਬਾਹਰੋਂ ਜੰਦਰਾ ਖੋਲ੍ਹ ਦਿਤਾ। ਤੇ ਸਾਰੇ ਅੰਦਰ ਚਲੇ ਜਾਣ ਮਗਰੋਂ ਫੇਰ ਮਾਰ ਦਿਤਾ। ਅਸਾਂ ਆਪਣਾ ਜੰਦਰਾ ਅਜ ਅੰਦਰੋਂ ਕੋਈ ਨ ਲਗਾਇਆ। ਗਿਆਰਾਂ ਸਵਾ ਗਿਆਰਾਂ ਵਜੇ ਇਨਸਪੈਕਟਰ ਸਾਹਿਬ ਆ ਗਏ। ਸਿਪਾਹੀ ਨੇ ਤਾਲਾ ਖੋਲ੍ਹ ਕੇ ਉਨ੍ਹਾ ਨੂੰ ਅੰਦਰ ਲੰਘਾ ਲਿਆ।

ਅਜ ਮੇਰੇ ਸੇਵਾਦਾਰ ਨੇ ਵੀ ਉਨ੍ਹਾਂ ਦੇ ਅੰਦਰ ਆਉਣ 'ਤੇ ਕੋਈ ਏਤਰਾਜ਼ ਨਾ ਕੀਤਾ। ਆ ਕੇ ਮੇਰੇ ਸਾਹਮਣੇ ਸਤਿ ਸ੍ਰੀ ਅਕਾਲ ਬੁਲਾਈ ਤੇ ਕੁਰਸੀ ਉਪਰ ਬੈਠ ਗਏ। ਕਾਗ਼ਜ਼ਾਂ ਦਾ ਇਕ ਬੰਡਲ ਮੇਰੀ ਮੇਜ਼ 'ਤੇ ਟਿਕਾ ਦਿਤਾ। ਤੇ ਬੋਲੇ, "ਜੀ! ਇਹ ਹਨ ਇਬਤਦਾਈ ਰਪੋਟਾਂ (F. I. Rs.) ਦੀਆਂ ਨਕਲਾਂ ਅਤੇ ਮੁਦੱਈਆਂ ਵਲੋਂ ਦਸੇ ਗਏ ਸ਼ਨਾਖ਼ਤ ਦੇ ਨਿਸ਼ਾਨਾਂ ਬਾਰੇ ਨੋਟ।" ਇਹ ਕਹਿ ਕੇ ਐਸ. ਪੀ: ਦੀ ਚਿੱਠੀ ਮੈਨੂੰ ਫੜਾ ਦਿਤੀ। ਜਿਸ ਵਿਚ ਲਿਖਿਆ ਸੀ :—

"ਸਰਦਾਰ ਸਾਹਿਬ! ਸਤਿ ਸ੍ਰੀ ਅਕਾਲ। ਜਿਸ ਤਰ੍ਹਾਂ ਆਪ ਚਾਹੁੰਦੇ ਸੀ ਮੇਰਾ ਇਨਸਪੈਕਟਰ ਆਪ ਜੀ ਲਈ, ਰਪੋਟਾਂ ਦੀਆਂ ਨਕਲਾਂ ਤੇ ਸ਼ਨਾਖ਼ਤ ਦੇ ਨਿਸ਼ਾਨ ਜੋ ਦਾਅਵੇਦਾਰਾਂ ਨੇ ਆਪਣੇ ਚੋਰੀ ਗਏ ਮਾਲ ਬਾਬਤ ਲਿਖਵਾਏ ਹਨ, ਲੈ ਕੇ ਪਹੁੰਚ ਰਿਹਾ ਹੈ। ਕਿਰਪਾ ਕਰ ਕੇ ਇਸ ਦੀ ਯੋਗ ਸਹਾਇਤਾ ਕਰਨੀ। ਮੈਨੂੰ ਆਸ ਹੈ ਕਿ ਆਪ ਜੀ ਦੇ ਹੁੰਦਿਆਂ ਕੋਈ ਨਾ-ਖ਼ੁਸ਼ਗਵਾਰ ਮਾਮਲਾ ਪੇਸ਼ ਨਹੀਂ ਆਏਗਾ।"

ਚਿੱਠੀ ਪੜ੍ਹ ਕੇ ਮੈਂ ਦਫ਼ਤਰ ਵਿਚ ਬੈਠੇ ਆਪਣੇ ਸਟਾਫ਼ ਨੂੰ ਅੱਧੇ ਘੰਟੇ ਦੀ ਛੁਟੀ ਦੇ ਦਿਤੀ ਤੇ ਕਿਹਾ "ਜਾਓ ਸੈਰ ਸਪੱਟੇ ਕਰ ਆਓ।" ਉਹ ਕਹਿਣ ਲਗੇ, "ਸਰਦਾਰ ਸਾਹਿਬ ਕਲ੍ਹ ਵੀ ਕੁਝ ਚਿਰ ਵਕਤ ਤੋਂ ਪਹਿਲਾਂ ਹੀ ਛੁੱਟੀ ਹੋ ਗਈ ਸੀ, ਜੇ ਅਜ ਵੀ ਛੁੱਟੀ ਕਰਦੇ ਰਹੇ ਤਾਂ ਕੰਮ ਬਹੁਤ ਪਿਛੇ ਪੈ ਜਾਏਗਾ।"



Digitized by Panjab Digital Library | www.panjabdigilib.org

ਮੈਂ ਕਿਹਾ, "ਹੱਛਾ ! ਪੰਜ ਕੁ ਮਿੰਟ ਸੀਆ ਸੇਕ ਆਓ । ਪਰ ਪਰਲੇ ਬਰਾਂਡੇ ਉਪਰ ਚਲੇ ਜਾਣਾ । ਜਿਥੇ ਤੁਸੀਂ ਸਾਡੀ ਗੱਲ ਬਾਤ ਨਾ ਸੁਣ ਸਕੋ ।" ਉਹ ਚਲੇ ਗਏ ਤੇ ਮੈਂ ਇਨਸਪੈਕਟਰ ਸਾਹਿਬ ਨੂੰ ਪੁੱਛਿਆ ਕਿ ਉਨ੍ਹਾਂ ਦੀ ਪੁਲਸ ਦੀ ਨੌਕਰੀ ਕਿੰਨੇ ਕੁ ਸਾਲ ਦੀ ਹੈ । ਉਨ੍ਹਾਂ ਉਤਰ ਦਿਤਾ ਕਿ ਸਾਲ ਦੇ ਵਿਚ ਵਿਚ ਪੈਨਸ਼ਨ ਮਿਲ ਜਾਵੇਗੀ । ਮੈਂ ਕਿਹਾ "ਆਪ ਬੜੇ ਹੀ ਤਜਰਬੇਕਾਰ ਹੋਣੇ ਚਾਹੀਦੇ ਹੋ । ਕੀ ਆਪ ਸਮਝਦੇ ਹੋ ਕਿ ਜੇ ਸਾਡੇ ਪਾਸ ਕਲ੍ਹ ਤਕ ਕੋਈ ਚੋਰੀ ਦਾ ਮਾਲ ਹੈ ਵੀ ਸੀ ਤਾਂ ਅਜੇ ਤਕ ਅਸੀਂ ਉਸ ਨੂੰ ਆਪਣੇ ਅੰਦਰ ਹੀ ਰਹਿਣ ਦਿਤਾ ਹੋਵੇਗਾ ?" ਮੇਰੀ ਇਹ ਗਲ ਸੁਣ ਕੇ ਉਸ ਦੇ ਚਿਹਰੇ ਦੀਆਂ ਹਵਾਈਆਂ ਉੱਡ ਗਈਆਂ । ਇਕ ਰੰਗ ਆਵੇ ਤੇ ਇਕ ਰੰਗ ਜਾਵੇ ।

ਉਹ ਹਉਕਾ ਭਰ ਕੇ ਕਹਿਣ ਲਗਾ, "ਮੈਂ ਅਜ ਤਕ ਕਿਸੇ ਦੇ ਦਾਉ ਪੇਚ ਵਿਚ ਨਹੀਂ ਸੀ ਆਇਆ ।" ਮੈਂ ਹਸ ਕੇ ਕਿਹਾ, "ਸਾਹਿਬ ਮੈਂ ਆਪ ਜੀ ਦੇ ਨਾਲ ਦੋਸਤਾਨਾ ਵਰਤਾਉ ਕਰ ਰਿਹਾ ਹਾਂ । 'ਦਾਉ ਪੇਚ' ਨਾ ਕਹੋ । ਇਹ ਕਹੋ ਕਿ ਅਜ ਤਕ ਕਿਸੇ ਨੇ ਮੇਰਾ "ਫੂਲ" ਨਹੀਂ ਸੀ ਉਡਾਇਆ ।"

ਉਹ ਬੋਲ ਉਠਿਆ, "ਬੇੜਾ ਗ਼ਰਕ ਹੋਵੇ ਅੰਗ੍ਰੇਜ਼ੀ ਤਹਿਜ਼ੀਬ ਦਾ । ਜਦ ਆਪ ਜੀ ਦੀ ਚਿੱਠੀ ਲੈ ਕੇ ਮੈਂ ਕਲ੍ਹ ਐਸ. ਪੀ. ਸਾਹਿਬ ਪਾਸ ਡਾਕ ਬੰਗਲੇ ਪੁੱਜਾ ਤਾਂ ਚਾਰ ਵਜੇ ਸ਼ਾਮ ਤੋਂ ਪਹਿਲਾਂ ਤਾਂ ਮੇਰੀ ਮੁਲਾਕਾਤ ਹੀ ਨਾ ਹੋ ਸਕੀ । ਸਾਰੇ ਅੰਗ੍ਰੇਜ਼ ਨੰਗੇ ਹੋ ਕੇ ਨਾਚ ਕਰ ਰਹੇ ਸਨ ਤੇ ਮੇਰੀ ਮੁਲਾਕਾਤ ਕੋਈ ਕਿਸ ਤਰ੍ਹਾਂ ਕਰਾਉਂਦਾ ? ਜਦ ਨਾਚ ਖ਼ਤਮ ਕਰ ਕੇ ਮੂੰਹ ਹੱਥ ਧੋ ਚਾਹ ਪੀਣ ਲਈ ਮੇਜ਼ ਦੇ ਗਿਰਦੇ ਜਾ ਬੈਠੇ ਤਾਂ ਅਧੇ ਕੁ ਮਿੰਟ ਲਈ ਐਸ. ਪੀ. ਬਾਹਰ ਆਇਆ । ਆਪ ਜੀ ਦੀ ਚਿੱਠੀ ਪੜ੍ਹ ਕੇ ਕਹਿਣ ਲਗਾ । "ਤਾਮੀਲ ਕਰੋ : ਇਬਤਦਾਈ ਰਪੋਟ (F. I. Rs.) ਦੀਆਂ ਨਕਲਾਂ ਤਿਆਰ ਕਰਵਾਓ ! ਤੇ ਮੁਦੱਈਆਂ ਨੂੰ ਬੁਲਾ ਲਉ । ਉਨ੍ਹਾਂ ਪਾਸੋਂ ਨਿਸ਼ਾਨ ਸ਼ਨਾਖ਼ਤ ਪਤਾ ਕਰ ਕੇ ਲਿਖ ਲਓ ਤੇ ਮੈਨੇਜਰ ਸਾਹਿਬ ਪਾਸਾਂ ਲੈ ਜਾਓ ! ਉਹ ਚੰਗਾ ਬੰਦਾ ਹੈ, ਆਪ ਜੀ ਦੀ ਮਦੱਦ ਕਰੇਗਾ । ਕੋਈ ਗੜ ਬੜ ਨਾ ਹੋਵੇ । ਜਦ ਕਾਗ਼ਜ਼ ਤਿਆਰ ਹੋ ਜਾਣ ਚਿੱਠੀ ਦਾ ਜਵਾਬ ਲੈਂਦੇ ਜਾਣਾ ।

"ਪਰ ਮੁਦੱਈਆਂ ਨੂੰ ਲਭਣਾ ਕਿਹੜਾ ਸੌਖਾ ਕੰਮ ਸੀ ? ਤੇ ਮੁਨਸ਼ੀ ਅਗੇ ਹੀ ਚਾਰ ਵਜੇ ਤਕ ਕੰਮ ਕਰਕੇ ਥੱਕ ਕੇ ਚੂਰ ਹੋ ਰਹੇ ਸਨ । ਨਕਲਾਂ ਏਨੀਆਂ ਕੌਣ



Digitized by Panjab Digital Library | www.panjabdigilib.org

ਕਰਦਾ ? ਕੁਝ ਕੰਮ ਰਾਤ ਕਰਦੇ ਰਹੇ ਤੇ ਕੁਝ ਸਵੇਰੇ ਉਠ ਕੇ ਕੀਤਾ। ਦਸ ਕੁ ਵਜੇ ਨਾਲ ਸਾਰੀਆਂ ਨਕਲਾਂ ਤੇ ਕਾਗ਼ਜ਼ ਆਦਿ ਮਸਾਂ ਮੁਕੰਮਲ ਹੋ ਸਕੇ। ਮੁਦੱਈ ਸਾਰੇ ਅਜੇ ਵੀ ਮਿਲ ਨਹੀਂ ਸਕੇ। ਜਿਹੜੇ ਮਿਲ ਸਕੇ ਹਨ ਉਨ੍ਹਾਂ ਨੂੰ ਨਾਲ ਲੈ ਆਇਆ ਹਾਂ, ਕਿ ਆਪਣਾ ਮਾਲ ਵੇਖ ਕੇ ਸ਼ਨਾਖਤ ਕਰ ਲੈਣ।

ਇਹ ਸੁਣ ਕੇ ਮੈਂ ਉਚੀ ਸਾਰੀ ਖਿੜ ਖਿੜਾ ਕੇ ਹੱਸ ਪਿਆ, ਤੇ ਕਿਹਾ, "ਕੋਈ ਮਾਲ ਤਲਾਸ਼ੀ ਲਿਆਂ ਮਿਲੇਗਾ ਤਾਂ ਸ਼ਨਾਖਤ ਕਰਨਗੇ।"

ਮੈਂ ਇਨਸਪੈਕਟਰ ਸਾਹਿਬ ਨੂੰ ਕਿਹਾ, "ਲਓ ! ਘੜੀ ਦੀ ਘੜੀ ਲਈ ਨਾ ਤੁਸੀਂ ਇਨਸਪੈਕਟਰ ਤੇ ਨਾ ਮੈਂ ਮੈਨੇਜਰ। ਦੋ ਚਾਰ ਗੱਲਾਂ ਤੁਹਾਡੇ ਨਾਲ, ਦੋਸਤ ਸਮਝ ਕੇ, ਪਰਦੇ ਦੀਆਂ ਕਰ ਲਵਾਂ।" ਉਸ ਦੇ 'ਹੱਛਾ' ਕਹਿਣ 'ਤੇ ਮੈਂ ਸਾਰੀ ਗੱਲ ਉਸ ਨੂੰ ਖੋਲ੍ਹ ਕੇ ਦਸ ਦਿਤੀ। "ਕਿ ਕਿਸ ਤਰ੍ਹਾਂ ਨਾਲ ਲੋਕ ਸਹਿਮ ਕੇ ਸਾਰਾ ਮਾਲ ਮੱਤਾਹ ਲਾਵਾਰਸ ਸੁੱਟ ਕੇ ਦੌੜ ਗਏ ਸਨ। ਤੇ ਕਿਸ ਤਰ੍ਹਾਂ ਤੇ ਕਿਸ ਨੀਯਤ ਨਾਲ ਅਸਾਂ ਲਾ-ਵਾਰਸ ਮਾਲ ਨੂੰ ਆਪਣੇ ਕਬਜ਼ੇ ਵਿਚ ਲਿਆ ਤੇ ਓਟਾਂ ਲਾ ਲਾ ਕੇ ਸੰਭਾਲ ਰਖਿਆ ਕਿ ਜਦੋਂ ਕੋਈ ਵਾਰਸ ਬਣੇਗਾ, ਤਸੱਲੀ ਕਰਕੇ ਉਸ ਦੇ ਸਪੁਰਦ ਕਰ ਦਿਆਂਗੇ।

"ਚੋਰੀ ਦੀ ਗੱਲ ਬਣ ਜਾਣ ਦਾ ਸੁਪਨੇ ਮਾਤਰ ਵੀ ਕੋਈ ਖ਼ਿਆਲ ਨਹੀਂ ਸੀ। ਪਰ ਹੁਣ ਜਦ ਉਨ੍ਹਾਂ ਨੇ ਤੁਹਾਡੇ ਪਾਸ ਚੋਰੀ ਦੀਆਂ ਰਪੋਟਾਂ ਜਾ ਦਰਜ ਕਰਵਾਈਆਂ ਤੇ ਸਾਨੂੰ ਚੋਰ ਬਣਾ ਧਰਨ ਦੀ ਕੋਸ਼ਿਸ਼ ਕੀਤੀ ਗਈ ਤੇ ਤੁਸੀਂ ਜਦ ਢੇਰ ਸਾਰੀ ਪੁਲੀਸ ਲੈ ਕੇ ਤਲਾਸ਼ੀ ਲੈਣ ਲਈ ਬੂਹੇ 'ਤੇ ਆਣ ਧਮਕੇ ਤਾਂ ਮਾਲ ਸਾਰਾ ਸਾਡੇ ਅੰਦਰੇ ਪਿਆ ਸੀ। ਬਾਬੇ ਨਾਨਕ ਨੇ ਜੋ ਜੋ ਗੱਲ ਸੁਝਾਈ ਕਰ ਦਿਤੀ ਤੇ ਸਾਡੀ ਰਹਿ ਆ ਗਈ। ਨਹੀਂ ਤਾਂ ਆਪ ਜੀ ਨੇ ਇਕ ਵਾਰ ਤਾਂ ਸਾਨੂੰ ਸਾਰਿਆਂ ਨੂੰ ਚੋਰੀ ਦੇ ਮੁਕੱਦਮਿਆਂ ਵਿਚ ਧੱਸ ਹੀ ਲੈਣਾ ਸੀ। ਮਗਰੋਂ ਭਾਵੇਂ ਆਪਣੀਆਂ ਪਏ ਸਫ਼ਾਈਆਂ ਦੇਂਦੇ ਫਿਰਦੇ। ਇਕ ਵਾਰ ਤਾਂ ਹੱਥਕੜੀਆਂ ਲਾ ਕੇ ਤੁਸਾਂ ਸਾਨੂੰ ਅਦਾਲਤਾਂ ਦੇ ਕਠਹਿਰਿਆਂ ਵਿਚ ਲਿਜਾ ਖੜਿਆਂ ਕਰਨਾ ਸੀ। ਤੇ ਸਾਡੀ ਏਨੇ ਵਿਚ ਹੀ ਫੱਕੜੀ ਵਜ ਜਾਣੀ ਸੀ। ਹੁਣ ਤਾਂ ਮਾਲ ਕੋਈ ਨਹੀਂ ਹੈ। ਬੇਸ਼ੱਕ ਤਲਾਸ਼ੀਆਂ ਲੈਂਦੇ ਫਿਰੋ।"

ਇਨਸਪੈਕਟਰ ਸਾਹਿਬ ਹੱਕੇ ਬੱਕੇ ਹੋ ਕੇ ਕਹਿਣ ਲਗੇ, "ਹੱਦ ਹੋ ਗਈ !



Digitized by Panjab Digital Library | www.panjabdigilib.org

ਬਾਹਰੋਂ ਤਾਂ ਮੇਰੇ ਹਵਾਲਦਾਰ ਨੇ ਤਾਲਾ ਲਗਾ ਰਖਿਆ ਸੀ। ਕਲ੍ਹ ਮੈਂ ਏਥੋਂ ਜਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਤਸੱਲੀ ਕਰ ਲਈ ਸੀ ਕਿ ਮਕਾਨ ਨੂੰ ਦੂਜਾ ਰਸਤਾ ਕੋਈ ਨਹੀਂ। ਫੇਰ ਮਾਲ ਚਲਾ ਕਿਧਰ ਗਿਆ।"

ਮੈਂ ਕਿਹਾ, "ਇਹ ਗੱਲ ਮੈਂ ਨਹੀਂ ਦਸਣੀ ਕਿ ਮਾਲ ਕੀਕਣ, ਕਿਸ ਰਸਤੇ ਤੇ ਕਿਧਰ ਨੂੰ ਚਲਾ ਗਿਆ। ਇਨਸਪੈਕਟਰ ਸਾਹਿਬ! ਇਸੀ ਕਾ ਨਾਮ ਤੋ 'ਬੀਹ-ਦਾਨਾ' ਹੈ।"

ਮੈਂ ਘੰਟੀ ਦਬਾਈ, ਸੇਵਾਦਾਰ ਆ ਗਿਆ ਤੇ ਮੈਂ ਉਸ ਨੂੰ ਕਿਹਾ, "ਜਾਓ! ਮੀਤ ਮੈਨੇਜਰ ਸਾਹਿਬ ਨੂੰ ਮੇਰਾ ਸਤਿ ਸ੍ਰੀ ਅਕਾਲ ਬੋਲੋ। ਤੇ ਦਫ਼ਤਰ ਦੇ ਕਲੱਰਕਾਂ ਨੂੰ ਵੀ ਅੰਦਰ ਬੁਲਾ ਲਓ।"

ਕਲੱਰਕ ਅੰਦਰ ਆ ਗਏ। ਤੇ ਆਪੋ ਆਪਣੇ ਕੰਮ ਵਿਚ ਜੁਟ ਪਏ।

ਸਰਦਾਰ ਬੂਟਾ ਸਿੰਘ ਜੀ ਨੂੰ ਆਉਂਦਿਆਂ ਹੀ ਚਾਬੀਆਂ ਦਾ ਗੁੱਛਾ ਫੜਾ ਕੇ ਕਿਹਾ, "ਇਨਸਪੈਕਟਰ ਸਾਹਿਬ ਦੇ ਨਾਲ ਹੇਠਾਂ ਚਲੇ ਜਾਓ ਤੇ ਸਾਰੇ ਹੀ ਮਕਾਨ ਦੇ ਇਕ ਇਕ ਕਮਰੇ ਦੀ ਤਲਾਸ਼ੀ ਲੈਣ ਵਿਚ ਇਨ੍ਹਾਂ ਦੀ ਸਹਾਇਤਾ ਕਰੋ। ਉਹ ਦੋਵੇਂ ਚਲੇ ਗਏ। ਤੇ ਕਾਗ਼ਜ਼ੀ ਕਾਰਵਾਈ ਪੂਰੀ ਕਰਕੇ ਇਨਸਪੈਕਟਰ ਸਾਹਿਬ ਮੇਰੇ ਪਾਸੋਂ ਵਿਦਾ ਹੋਣ ਲਈ ਮੇਰੇ ਕਮਰੇ ਵਿਚ ਆ ਗਏ।

ਵਿਦੈਗੀ ਦਾ ਦਸਤਪੰਜਾ ਲੈ ਕੇ ਕਹਿਣ ਲਗੇ, "ਇੰਸ਼ਾ ਅੱਲਾ! ਦੋਸਤੀ ਦਾ ਹੱਕ ਨਿਬਾਹੁੰਦਾ ਰਹਾਂਗਾ। ਜਦੋਂ ਆਪ ਜੀ ਨੂੰ ਮਿਲਣ ਲਈ ਜੀ ਕਰੇ ਤਾਂ ਚਿੱਠੀ ਰਾਹੀਂ ਵਕਤ ਨੀਯਤ ਕਰ ਕੇ ਆਇਆ ਕਰਾਂ ਜਾਂ ਕਿਸ ਤਰ੍ਹਾਂ?"

ਮੈਂ ਕਿਹਾ, "ਜਦੋਂ ਆਪ ਦਾ ਰੂਹ ਕਰੇ, ਆ ਜਾਇਆ ਕਰਨਾ। ਮੈਂ ਸੇਵਾਦਾਰਾਂ ਨੂੰ ਪੱਕਾ ਹੁਕਮ ਦੇ ਦਿਆਂਗਾ ਕਿ ਆਪ ਜੀ ਨੂੰ ਬਿਨਾਂ ਕਿਸੇ ਰੋਕ ਟੋਕ ਦੇ ਸਿੱਧੇ ਹੀ ਮੇਰੇ ਕਮਰੇ ਲੈ ਆਇਆ ਕਰਨ।" ਹਾਸੇ ਨਾਲ ਇਹ ਵੀ ਕਹਿ ਦਿਤਾ ਕਿ ਜਦੋਂ ਕਦੀ ਤਲਾਸ਼ੀ ਲੈਣ ਆਉਣਾ ਹੋਵੇ ਤਾਂ ਦੋ ਚਾਰ ਘੰਟੇ ਪਹਿਲੋਂ ਇਤਲਾਹ ਦੇ ਦਿਆ ਕਰਨੀ ਤਾਂ ਜੋ ਰਸਤਾ ਸਾਫ਼ ਕਰ ਲਿਆ ਜਾਇਆ ਕਰੇ ਤੇ ਕਾਗ਼ਜ਼ੀ ਕਾਰਵਾਈ ਫ਼ੌਰਨ ਮੁਕੰਮਲ ਹੋ ਸਕਿਆ ਕਰੇ।"

ਅਸੀਂ ਦੋਵੇਂ ਖਿੜ ਖਿੜਾ ਕੇ ਹੱਸ ਪਏ। ਤੇ ਮੈਂ ਇਨਸਪੈਕਟਰ ਸਾਹਿਬ ਨੂੰ ਥਲੇ ਦਰਵਾਜ਼ੇ ਤਕ ਛਡਣ ਵਾਸਤੇ ਉਸ ਦੇ ਨਾਲ ਪੌੜੀਆਂ ਉਤਰ ਗਿਆ।



Digitized by Panjab Digital Library | www.panjabdigilib.org

ਮੁਦੱਈ ਵਿਚਾਰੇ ਪਾਲ ਬੰਨ੍ਹੀ ਖੜ੍ਹੇ ਕਦੇ ਮੇਰੇ ਵਲ ਵੇਖਣ ਤੇ ਕਦੀ ਇਨਸਪੈਕਟਰ ਵਲ। ਅਜ ਦਾ ਖੇਲ ਖ਼ਤਮ ਹੋਇਆ ਤੇ ਦਫ਼ਤਰ ਵਾਲਿਆਂ ਨੂੰ ਇਹ ਗੱਲ ਕਹਿ ਕੇ ਕਿ ਮੈਂ ਇਕ ਜ਼ਰੂਰੀ ਕੰਮ ਜਾ ਰਿਹਾ ਹਾਂ ਦਫ਼ਤਰੋਂ ਚਲਾ ਗਿਆ, ਤੇ ਅੱਜ ਉਨ੍ਹਾਂ ਨੂੰ ਅੱਧਾ ਘੰਟਾ ਲੇਟ (ਪਛੜ ਕੇ) ਛੁੱਟੀ ਕਰਨ ਵਾਸਤੇ ਜਾਂਦਾ ਜਾਂਦਾ ਪੱਕੀ ਕਰ ਗਿਆ।

ਇਨਸਪੈਕਟਰ ਸਾਹਿਬ ਨੇ ਆਪਣੀ ਜ਼ਾਬਤੇ ਦੀ ਕਾਰਵਾਈ ਪੂਰੀ ਕਰ ਲਈ। ਫ਼ਰਦ ਤਲਾਸ਼ੀ ਬਣਾ ਕੇ ਦੋ ਪਤਵੰਤੇ ਸੱਜਣਾਂ ਦੇ ਤੇ ਮਦੱਈਆਂ ਵਿਚੋਂ ਵੀ ਦੋ ਦੇ ਦਸਤਖ਼ਤ ਕਰਵਾ ਲਏ। ਤੇ ਲਿਖਿਆ ਕਿ ਸਾਰੇ ਕਮਰਿਆਂ ਦੀ ਤਲਾਸ਼ੀ ਲੈ ਲਈ ਗਈ, ਪਰ ਚੋਰੀ ਦਾ ਮਾਲ ਕੋਈ ਬਰਾਮਦ ਨਹੀਂ ਹੋਇਆ। ਆਦਿ।

ਗਵਾਹਾਂ ਦੀਆਂ ਸ਼ਹਾਦਤਾਂ ਪਵਾਉਣ ਮਗਰੋਂ ਆਪਣੀ ਵਲੋਂ ਵੀ ਇਕ ਲੰਮਾ ਚੌੜਾ ਨੋਟ ਲਿਖ ਦਿਤਾ ਜਿਸ ਵਿਚ ਮੇਰੀ ਖ਼ੂਬ ਤਾਰੀਫ਼ ਕੀਤੀ ਗਈ। ਤੇ ਦਸਿਆ ਕਿ ਮੈਨੇਜਰ ਸਾਹਿਬ ਵਲੋਂ ਮੈਨੂੰ ਬਹੁਤ ਸਾਰੀ ਸਹਾਇਤਾ ਮਿਲੀ ਹੈ। ਜਦ ਉਨ੍ਹਾਂ ਨੂੰ ਪਤਾ ਲਗਾ ਕਿ ਪੁਲਸ ਪਾਰਟੀ ਨਾਲ ਇਕ ਇਨਸਪੈਕਟਰ ਵੀ ਹੈ ਤਾਂ ਉਨ੍ਹਾਂ ਮੈਨੂੰ ਆਪਣੇ ਦਫ਼ਤਰ ਵਿਚ ਬੈਠਾ ਕੇ ਮੇਰਾ ਹਰ ਤਰੀਕੇ ਨਾਲ ਆਦਰ ਸਨਮਾਨ ਕੀਤਾ ਅਤੇ ਹਰ ਜਾਇਜ਼ ਤਰੀਕੇ ਮੇਰੇ ਕੰਮ ਵਿਚ ਮੇਰਾ ਹੱਥ ਵਟਾਉਣ ਦਾ ਬਚਨ ਦਿਤਾ। ਅਤੇ ਮੇਰੇ ਸਾਹਮਣੇ ਮੇਰੇ ਹਵਾਲਦਾਰ ਪਾਸੋਂ ਦਰਵਾਜ਼ੇ ਨੂੰ ਤਾਲਾ ਲਗਵਾ ਦਿਤਾ।

ਆਪਣੇ ਸੇਵਾਦਾਰ ਗੇਟ ਤੋਂ ਹਟਾ ਲਏ ਅਤੇ ਪੁਲੀਸ ਨੂੰ ਕਿਹਾ ਕਿ ਕਿਸੇ ਨੂੰ ਵੀ ਜਾਮਾਂ ਤਲਾਸ਼ੀ ਲਏ ਬਿਨਾਂ ਅੰਦਰ ਨਾ ਜਾਣ ਦਿਤਾ ਜਾਵੇ ਅਤੇ ਆਪਣੇ ਇਕ ਸੇਵਾਦਾਰ ਨੂੰ ਹਰ ਵੇਲੇ ਪੁਲੀਸ ਦੇ ਪਾਸ ਖੜਾ ਰਹਿਣ ਦਾ ਹੁਕਮ ਕਰ ਦਿਤਾ ਤਾਂ ਜੁ ਕਿਸੇ ਨੂੰ ਬਿਨਾਂ ਆਗਿਆ ਅੰਦਰ ਨਾ ਆਉਣ ਦਿਤਾ ਜਾਵੇ।

ਜਦੋਂ ੪ ਵਜੇ ਦਫ਼ਤਰ ਦਾ ਵਕਤ ਬੀਤ ਚੁਕਾ ਤਾਂ ਮੈਨੇਜਰ ਸਾਹਿਬ ਅਤੇ ਸਟਾਫ਼ ਦੇ ਆਦਮੀ ਹੇਠਾਂ ਉਤਰੇ ਤੇ ਹਵਾਲਦਾਰ ਪਾਸੋਂ ਆਗਿਆ ਲੈ ਕੇ ਤੇ ਜਾਮਾਂ ਤਲਾਸ਼ੀ ਦੇ ਕੇ ਬਾਹਰ ਗਏ, ਅਤੇ ਜਦੋਂ ਫੇਰ ਦਫ਼ਤਰ ਜਾਣ ਲਗੇ ਤਦ ਵੀ ਹਵਾਲਦਾਰ ਦੇ ਜਿੰਦਰਾ ਖੋਹਲਣ 'ਤੇ ਹੀ ਅੰਦਰ ਗਏ। ਅਤੇ ਮੇਰੇ ਦਫ਼ਤਰ



Digitized by Panjab Digital Library | www.panjabdigilib.org

ਵਿਚ ਪਹੁੰਚਣ ਤਕ ਪੁਲੀਸ ਦਾ ਪਹਿਰਾ ਦਿਨੇ ਰਾਤ ਬਰਾਬਰ ਬੈਠਾ ਰਿਹਾ। ਏਸ ਗੱਲ ਦੀ ਮੈਂ ਪਹਿਲੇ ਦਿਨ ਹੀ ਤਸੱਲੀ ਕਰ ਲਈ ਸੀ ਕਿ ਮਕਾਨ ਨੂੰ ਰਸਤਾ ਇਕੋ ਹੀ ਹੈ। ਦੂਸਰਾ ਕੋਈ ਨਹੀਂ।

ਇਨਸਪੈਕਟਰ ਸਾਹਿਬ ਨੂੰ ਆਪਣੇ ਇਤਬਾਰ ਵਿਚ ਲੈ ਲੈਣ, ਅਤੇ ਉਨ੍ਹਾਂ ਨੂੰ ਸਾਰੇ ਹੀ ਸਮਾਚਾਰ ਸੁਣਾ ਦੇਣ ਦਾ ਉਨ੍ਹਾਂ ਦੇ ਦਿਲ ਉਪਰ ਬੜਾ ਚੰਗਾ ਅਸਰ ਪਿਆ। ਉਹ ਮੇਰੇ ਸਚ ਮੁਚ ਹੀ ਮਿੱਤਰ ਬਣ ਗਏ। ਬੜੀ ਇੱਜ਼ਤ ਕਰਨ ਲਗ ਗਏ ਤੇ ਹਫ਼ਤੇ ਦੋ ਹਫ਼ਤੇ ਮਿਲਣ ਵਾਸਤੇ ਆਉਂਦੇ ਰਹੇ ਅਤੇ ਮੈਨੂੰ ਵੀ ਜਦ ਸਮਾਂ ਮਿਲਦਾ ਉਨ੍ਹਾਂ ਨੂੰ ਮਿਲਣ ਵਾਸਤੇ ੪ ਵਜੇ ਛੁਟੀ ਕਰਨ ਮਗਰੋਂ ਉਨ੍ਹਾਂ ਦੇ ਘਰ ਚਲਾ ਜਾਂਦਾ ਤੇ ਇਕੱਠੇ ਬੈਠ ਕੇ ਇਕ ਅੱਧੀ ਪਿਆਲੀ ਚਾਹ ਦੀ ਪੀ ਲੈਂਦੇ।

ਉਹ ਇਕ ਚੰਗਾ ਨਿਮਾਜ਼ੀ ਬੰਦਾ ਮਲੂਮ ਹੋਇਆ ਤੇ ਆਮ ਪੁਲਸੀਆਂ ਨਾਲੋਂ ਬਹੁਤ ਚੰਗਾ ਬੰਦਾ ਸਾਬਤ ਹੋਇਆ। ਉਹ ਮੇਰੀ ਬੜੀ ਹੀ ਇੱਜ਼ਤ ਕਰਦਾ ਜਿਸ ਦਾ ਉਸ ਦੇ ਮਾਤਹਿਤਾਂ ਉਪਰ ਵੀ ਬਹੁਤ ਚੰਗਾ ਅਸਰ ਪੈਂਦਾ। ਉਹ ਵੀ ਜਦੋਂ ਕਦੀ ਜਿਥੇ ਕਿਤੇ ਮਿਲਦੇ ਬਾ-ਕਾਇਦਾ ਅਟੈਨਸ਼ਨ ਹੋ ਕੇ ਤੇ ਦੋਵੇਂ ਅਡੀਆਂ ਮਿਲਾ ਕੇ ਸੈਲਯੂਟ ਕਰਿਆ ਕਰਦੇ।

ਮੈਂ ਵੀ ਉਨ੍ਹਾਂ ਨੂੰ ਸਤਿਕਾਰ ਦੀ ਨਿਗਾਹ ਨਾਲ ਵੇਖਦਾ। ਬਿਨਾਂ ਕਿਸੇ ਝਗੜੇ ਦੇ ਸਾਡੇ ਦਿਨ ਵਾਹਵਾ ਅਮਨ ਚੈਨ ਨਾਲ ਬੀਤਦੇ ਰਹੇ। ਪਰ ਥੋੜੇ ਹੀ ਦਿਨਾਂ ਪਿਛੋਂ ਇਕ ਅਜਿਹੀ ਘਟਨਾ ਵਾਪਰੀ ਜਿਸ ਦੇ ਕਾਰਨ ਮੇਰਾ ਤੇ ਪੁਲੀਸ ਦਾ ਪ੍ਰਸਪਰ ਮਤ-ਭੇਦ ਹੋ ਗਿਆ। ਉਹ ਇਉਂ ਹੋਇਆ ਕਿ :—

ਇਕ ਦਿਨ ਆਈ. ਜੀ. (ਇਨਸਪੈਕਟਰ ਜਰਨਲ) ਪੁਲੀਸ ਕੁਝ ਕੁ ਸੀ. ਆਈ. ਡੀ. (ਖ਼ੁਫੀਆ ਮਹਿਕਮੇ) ਦੇ ਸਿਖ ਅਫ਼ਸਰਾਂ ਨੂੰ ਨਾਲ ਲੈ ਕੇ ਗੁਰਦੁਆਰਾ ਜਨਮ ਅਸਥਾਨ ਵਰਦੀ ਸਮੇਤ ਚਲਾ ਆਇਆ। ਸੀ. ਆਈ. ਡੀ. ਦੇ ਅਫ਼ਸਰ ਬਿਨਾਂ ਵਰਦੀਆਂ ਦੇ ਸਨ। ਅਕਾਲੀ ਸੇਵਾਦਾਰਾਂ ਨੇ ਆਈ. ਜੀ. ਨੂੰ ਵਰਦੀ ਸਮੇਤ ਗੁਰਦੁਆਰੇ ਅੰਦਰ ਜਾਣ ਤੋਂ ਰੋਕ ਦਿਤਾ। ਅਤੇ ਕਿਹਾ ਕਿ ਜੇਕਰ ਗੁਰਦੁਆਰੇ ਦੇ ਅੰਦਰ ਜਾਣਾ ਹੈ ਤਾਂ ਯਾਤਰੂਆਂ ਦੀ ਸ਼ਕਲ ਜਾਓ ਨਾ ਕਿ ਅਫ਼ਸਰਾਂ ਦੇ ਲਿਬਾਸ ਵਿਚ। ਸੁ ਜਾਣਾ ਹੈ ਤਾਂ ਪਹਿਲੇ ਵਰਦੀ ਉਤਾਰੋ ਤੇ ਸਾਦੇ ਕਪੜੇ ਪਾਓ।



Digitized by Panjab Digital Library | www.panjabdigilib.org

ਇਸ 'ਤੇ ਸਾਹਿਬ ਬਹਾਦਰ ਸੜ ਕੇ ਕੋਲਾ ਹੋ ਗਿਆ । ਸੇਵਾਦਾਰਾਂ ਨੂੰ ਭਾਂਤ-ਭਾਂਤ ਦੇ ਡ੍ਰਮ-ਡਰਾਵੇ ਵੀ ਦਿਤੇ ਪਰ ਸੇਵਾਦਾਰ ਮਾਸਾ ਨਾ ਡਰੇ ਤੇ ਆਈ. ਜੀ. ਨੂੰ ਅੰਦਰ ਨਹੀਂ ਜਾਣ ਦਿਤਾ, । ਸੀ. ਆਈ. ਡੀ. ਵਾਲੇ ਦੋਵੇਂ ਸਿਖ ਅਫ਼ਸਰ ਸਨ । ਇਕ ਦਾ ਤਾਂ ਬਹੁਤ ਹੀ ਸੋਹਣਾ ਦਰਸ਼ਨੀ ਚਿੱਟਾ ਦਾਹੜਾ ਸੀ । ਉਨ੍ਹਾਂ ਵੀ ਆਈ. ਜੀ. ਨੂੰ ਸਮਝਾਇਆ ਕਿ ਵਰਦੀ ਉਤਾਰ ਕੇ ਚਿੱਟੇ ਕਪੜਿਆਂ ਵਿਚ ਗੁਰਦੁਆਰੇ ਦੇ ਅੰਦਰ ਚਲੇ ਜਾਓ । ਕੋਈ ਰੋਕ ਟੋਕ ਨਹੀਂ ਹੋਵੇਗੀ । ਸਾਹਿਬ ਬਹਾਦਰ ਡਾਢਾ ਪਚੀ ਹੋ ਕੇ ਵਾਪਸ ਚਲਾ ਗਿਆ ਤੇ ਕਿਸੇ ਕਿਸਮ ਦੀ ਕੋਈ ਦੁਰਘਟਨਾ ਪੇਸ਼ ਨਾ ਆਈ ।

ਦੋ ਕੁ ਘੰਟੇ ਮਗਰੋਂ ਇਕ ਆਦਮੀ ਡੀ. ਸੀ. ਸਾਹਿਬ ਦੀ ਚਿੱਠੀ ਲੈ ਕੇ ਮੇਰੇ ਪਾਸ ਆਇਆ । ਚਿੱਠੀ ਵਿਚ ਲਿਖਿਆ ਸੀ ਕਿ ਉਹ ਮੈਨੂੰ ਮਿਲਣਾ ਚਾਹੁੰਦੇ ਹਨ, ਮੈਂ ਕਿਸ ਵਕਤ ਮਿਲ ਸਕਾਂਗਾ ? ਮੈਂ ਇਸ ਦੇ ਉੱਤਰ ਵਿਚ ਉਸੇ ਹੀ ਆਦਮੀ ਹੱਥ ਉੱਤਰ ਲਿਖ ਭੇਜਿਆ ਕਿ ਚਾਰ ਕੁ ਵਜੇ ਉਨ੍ਹਾਂ ਨੂੰ ਡਾਕ ਬੰਗਲੇ ਹੀ ਆਣ ਮਿਲਾਂਗਾ । ਮੈਂ ਜਦ ਉਨ੍ਹਾਂ ਦੇ ਕੋਲ ਗਿਆ ਤਾਂ ਉਹ ਦੋਵੇਂ ਚਾਹ ਦਾ ਪਿਆਲਾ ਪਿਆਲਾ ਪੀਣ ਵਾਸਤੇ ਮੇਜ਼ ਉਪਰ ਬੈਠੇ ਸਨ । ਡੀ. ਸੀ. ਨੇ ਮੇਰੀ ਜਾਣ-ਪਛਾਣ ਆਈ. ਜੀ. ਨਾਲ ਕਰਵਾਈ ਅਤੇ ਇਕ ਪਿਆਲਾ ਚਾਹ ਦਾ ਮੈਨੂੰ ਵੀ ਪੇਸ਼ ਕੀਤਾ ।

ਮੈਂ ਧੰਨਵਾਦ ਸਹਿਤ ਸਵੀਕਾਰ ਕਰ ਲਿਆ । ਉਪਰੰਤ ਉਨ੍ਹਾਂ ਨੇ ਸਵੇਰ ਵਾਲੀ ਘਟਨਾ ਦਾ ਜ਼ਿਕਰ ਛੇੜ ਦਿਤਾ, ਅਤੇ ਕਿਹਾ ਕਿ ਪੁਲਸ ਨੂੰ ਹਰ ਵੇਲੇ ਤੇ ਹਰ ਥਾਂ ਚਲੇ ਜਾਣ ਦਾ ਅਧਿਕਾਰ ਹੈ । ਅਕਾਲੀ ਸੇਵਾਦਾਰਾਂ ਨੇ ਬੜੀ ਗ਼ਲਤੀ ਤੇ ਸਾਹਿਬ ਬਹਾਦਰ ਨਾਲ ਵਧੀਕੀ ਕੀਤੀ ਹੈ । ਸਾਹਿਬ ਬਹਾਦਰ ਨੂੰ ਗੁਰਦੁਆਰੇ ਅੰਦਰ ਦਰਸ਼ਨ ਕਰਨ ਤੋਂ ਰੋਕ ਕੇ ਪਹਿਰੇਦਾਰਾਂ ਨੇ ਬਹੁਤ ਬੁਰਾ ਕੀਤਾ ਹੈ ।

ਮੈਂ ਕਿਹਾ,"ਹਾਂ, ਹਾਂ ਠੀਕ ਹੈ, ਪੁਲਿਸ ਹਰ ਥਾਂ ਤੇ ਹਰ ਵੇਲੇ ਜ਼ਰੂਰ ਜਾ ਸਕਦੀ ਹੈ, ਪਰ ਕਿਸੇ 'ਕਾਬਿਲ ਦਸਤ ਅੰਦਾਜ਼ੀ' ਪੁਲੀਸ (Cognizable offence) ਮੁਕੱਦਮੇ ਦੀ ਤਫ਼ਤੀਸ਼ ਦੇ ਸਿਲਸਿਲੇ ਵਿਚ, ਐਵੇਂ ਨਹੀਂ ।" ਏਸ ਤਰ੍ਹਾਂ ਸਾਡਾ ਏਸ ਮਾਮਲੇ ਸਬੰਧੀ ਮਤ-ਭੇਦ ਟਿਕਿਆ ਰਿਹਾ ਤੇ ਮਾਮਲਾ ਓਥੇ ਦਾ ਓਥੇ ਛਡ ਦਿਤਾ ਗਿਆ ।



Digitized by Panjab Digital Library | www.panjabdigilib.org

ਮੈਂ ਜਾਂਦੇ ਜਾਂਦੇ ਨੇ ਫੇਰ ਕਿਹਾ ਕਿ ਜੇਕਰ ਆਈ. ਜੀ. ਸਾਹਿਬ ਨੂੰ ਦਰਸ਼ਨਾਂ ਵਾਸਤੇ ਜਾਣ ਦੀ ਲੋੜ ਸੀ ਤਾਂ ਵਰਦੀ ਪਹਿਨ ਕੇ ਜਾਣ ਦੀ ਕੀ ਲੋੜ ਸੀ ? ਸਿਵਲੀਅਨ ਕੱਪੜੇ ਪਾ ਕੇ ਆ ਜਾਂਦੇ ਤੇ ਮੈਨੂੰ ਨਾਲ ਹੋ ਕੇ ਦਰਸ਼ਨ ਕਰਾਉਣ ਲਈ ਕਹਿ ਭੇਜਦੇ। ਮੈਨੂੰ ਆਪ ਜੀ ਨੂੰ ਪੂਰੇ ਪੂਰੇ ਸਤਿਕਾਰ ਤੇ ਆਦਰ ਨਾਲ ਦਰਸ਼ਨ ਕਰਵਾ ਲਿਆਉਣ ਦੀ ਬੜੀ ਖ਼ੁਸ਼ੀ ਹੁੰਦੀ। ਗੁਰਦੁਆਰੇ ਦੇ ਸੇਵਾਦਾਰ, ਗ੍ਰੰਥੀ ਸਿੰਘਾਂ ਸਮੇਤ ਉਨ੍ਹਾਂ ਦੀ ਇਜ਼ਤ ਤੇ ਮਾਨ ਕਰਦੇ।

ਦਸ ਪੰਦਰਾਂ ਮਿੰਟ ਗੱਲ ਬਾਤ ਕਰ ਕੇ ਮੈਂ ਗੁਰਦੁਆਰੇ ਵਾਪਸ ਪਰਤ ਆਇਆ ਤੇ ਮਾਮਲਾ ਹੋਰ ਨਾ ਵਧਿਆ।



Digitized by Panjab Digital Library | www.panjabdigilib.org

# ਗੁਰਦੁਆਰੇ ਦੀਆਂ ਜ਼ਮੀਨਾਂ ਦਾ ਕਬਜ਼ਾ

ਗੁਰਦੁਆਰਾ ਕਮੇਟੀ ਬਣਿਆਂ ਅਜੇ ਕੋਈ ਬਹੁਤਾ ਚਿਰ ਨਹੀਂ ਸੀ ਹੋਇਆ ਕਿ ਇਕ ਦਿਨ ਜਦ ਮੈਂ ਆਪਣੇ ਦਫ਼ਤਰ ਆਇਆ ਤਾਂ ਆਪਣੀ ਮੇਜ਼ ਉਪਰ ਇਕ ਸਰਕਾਰੀ ਚਿੱਠੀ ਪਈ ਹੋਈ ਵੇਖੀ ਜੋ ਖੁਲ੍ਹੀ ਪਈ ਸੀ। ਪਤਾ ਕਰਨ 'ਤੇ ਮਲੂਮ ਹੋਇਆ ਕਿ ਇਹ ਚਿੱਠੀ ਕੱਲ੍ਹ ਸ਼ਾਮ ਵੇਲੇ ਕੋਈ ੩-੪ ਵਜੇ ਪਹੁੰਚੀ ਸੀ। ਅਤੇ ਪਰਧਾਨ ਸਾਹਿਬ (ਸ: ਹਰਬੰਸ ਸਿੰਘ ਅਟਾਰੀ) ਨੇ ਪੜ੍ਹ ਕੇ ਮੁੜ ਮੇਜ਼ ਉਪਰ ਰੱਖ ਦਿਤੀ ਸੀ। ਖੁਲ੍ਹੀ ਚਿੱਠੀ ਨੂੰ ਪੜ੍ਹ ਲੈਣ ਵਿਚ ਮੈਂ ਕੋਈ ਔਗੁਣ ਨਾ ਸਮਝਿਆ। ਚਿੱਠੀ ਨੂੰ ਪੜ੍ਹ ਕੇ ਮੈਂ ਸੋਚ ਰਿਹਾ ਸੀ ਕਿ ਪਰਧਾਨ ਜੀ ਨੇ ਮੇਰੀ ਸਲਾਹ ਲਏ ਬਿਨਾਂ ਇਹ ਚਿੱਠੀ-ਪੱਤ੍ਰ ਦਾ ਸਿਲਸਿਲਾ ਜਾਰੀ ਕਿਉਂ ਕਰ ਦਿਤਾ ਹੈ ? ਮੈਂ ਏਸ ਗੱਲ ਦਾ ਦਿਲ ਹੀ ਦਿਲ ਵਿਚ ਅਫ਼ਸੋਸ ਕਰ ਰਿਹਾ ਸੀ ਕਿ ਜੋ ਕੰਮ ਗੁੜ ਦਿਤਿਆਂ ਹੋ ਸਕਦਾ ਸੀ ਉਸ ਵਾਸਤੇ ਜ਼ਹਿਰ ਦੀਆਂ ਪੁੜੀਆਂ ਦਿਤੀਆਂ ਜਾਣ ਦੀਆਂ ਤਿਆਰੀਆਂ ਕਿਉਂ ਅਰੰਭ ਹੋ ਰਹੀਆਂ ਹਨ ! ਜਿਹੜਾ ਕੰਮ ਸਹਿਜ ਭਾ ਨਾਲ ਨਿਕਲ ਆਉਣਾ ਸੀ ਉਹ ਏਸ ਚਿੱਠੀ ਪੱਤਰ ਨੇ ਮੁਸ਼ਕਲ ਬਣਾ ਦਿਤਾ ਸੀ। ਹੁਣ ਮੈਂ ਸੋਚਦਾ ਸੀ ਕਿ ਅਗੋਂ ਕਿਵੇਂ ਕੀਤੀ ਜਾਵੇ ? ਮੈਂ ਚਿੱਠੀ ਹੱਥ ਫੜੀ ਇਹ ਗੱਲਾਂ ਸੋਚ ਹੀ ਰਿਹਾ ਸੀ ਕਿ ਪਰਧਾਨ ਸਾਹਿਬ ਵੀ ਆ ਗਏ।

ਮੈਂ ਉਠ ਕੇ ਤੇ ਹੱਥ ਜੋੜ ਕੇ ਉਨ੍ਹਾਂ ਨੂੰ 'ਵਾਹਿਗੁਰੂ ਜੀ ਕੀ ਫ਼ਤਹ' ਗਜਾਈ ਅਤੇ ਆਪਣੀ ਕੁਰਸੀ ਖ਼ਾਲੀ ਛਡ ਕੇ ਉਸ ਉਪਰ ਬੈਠ ਜਾਣ ਦੀ ਬੇਨਤੀ ਕੀਤੀ।



Digitized by Panjab Digital Library | www.panjabdigilib.org

ਪਰ ਉਨ੍ਹਾਂ ਮੈਨੂੰ ਮੋਢਿਆਂ ਤੋਂ ਫੜ ਕੇ ਬੈਠਾ ਦਿਤਾ ਤੇ ਕਿਹਾ "ਭਾਈਆ ! ਏਥੇ ਤੇਰੀ ਹੀ ਥਾਂ ਹੈ। ਤੂੰ ਕੰਮ ਕਰਨਾ ਹੈ, ਮੈਂ ਤਾਂ ਵਿਹਲੜ ਹੀ ਹਾਂ।"

ਮੈਂ ਬੈਠ ਗਿਆ ਤੇ ਸਰਦਾਰ ਸਾਹਿਬ ਨੂੰ ਕਿਹਾ ਕਿ ਚੰਗਾ ਹੁੰਦਾ ਜੇ ਉਹ ਚਿੱਠੀ ਲਿਖਣ ਤੋਂ ਪਹਿਲਾਂ ਮੇਰੇ ਨਾਲ ਵੀ ਸਲਾਹ ਕਰ ਲੈਂਦੇ। ਕਿਉਂਕਿ ਮੈਨੂੰ ਥੋੜੀ ਬਹੁਤ ਕਾਨੂੰਨ ਦੀ ਵਾਕਫ਼ੀਅਤ ਵੀ ਹੈ। ਜ਼ਮੀਨਾਂ ਦਾ ਕਬਜ਼ਾ ਲੈਣਾ ਕੋਈ ਔਖਾ ਕੰਮ ਨਹੀਂ। ਜ਼ਮੀਨਾਂ ਦੇ ਕਬਜ਼ੇ ਲੈਣ ਲਈ ਸ਼ਸਤ੍ਰਧਾਰੀ ਪੁਲਿਸ (ਆਰਮਡ ਪੁਲੀਸ) ਦੀ ਲੋੜ ਨਹੀਂ ਹੋਇਆ ਕਰਦੀ। ਇਹ ਕੋਈ ਅਜਿਹੀ ਚੀਜ਼ ਨਹੀਂ ਜਿਸ ਦਾ ਬਲ ਪੂਰਵਕ ਕਬਜ਼ਾ (ਫ਼ਿਜ਼ੀਕਲ ਪੋਜ਼ੈੱਸ਼ਨ) ਹੋ ਸਕਦਾ ਹੋਵੇ! ਜ਼ਮੀਨ ਕੋਈ ਅਜਿਹੀ ਚੀਜ਼ ਨਹੀਂ ਜਿਸ ਨੂੰ ਮੁੱਠੀ ਵਿਚ ਲੈ ਲਿਆ ਜਾਵੇ ਜਾਂ ਫੜ ਕੇ ਜੇਬ ਵਿਚ ਪਾ ਲਿਆ ਜਾਵੇ। ਇਹ ਤਾਂ ਕਾਨੂੰਨੀ ਕਬਜ਼ੇ ਘਰ ਬੈਠਿਆਂ ਹੀ ਲੈ ਲਈ ਦੇ ਨੇ। ਥੋੜੇ ਜਿਹੇ ਉੱਦਮ, ਸਿਆਣਪ ਤੇ ਯੋਗ ਢੰਗ ਵਰਤਣ ਦੀ ਲੋੜ ਹੁੰਦੀ ਹੈ।

ਮੇਰੀਆਂ ਗੱਲਾਂ ਸੁਣ ਕੇ ਉਹ ਬੜੇ ਹੀ ਹੈਰਾਨ ਜਿਹੇ ਹੋ ਗਏ ਤੇ ਕਹਿਣ ਲਗੇ ਜ਼ਮੀਨ ਉਤੇ ਗਿਆਂ ਬਗ਼ੈਰ ਭਲਾ ਜ਼ਮੀਨ ਦਾ ਕਬਜ਼ਾ ਕਿਵੇਂ ਹੋ ਸਕਦਾ ਹੈ ?" ਮੈਂ ਕਿਹਾ "ਕਿ ਜੇ ਆਗਿਆ ਦਿਓ ਤੇ ਸਤਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਆਪ ਨੂੰ ਕਰ ਕੇ ਵਿਖਾ ਦਿਆਂਗਾ। ਪਰਧਾਨ ਸਾਹਿਬ ਨੇ ਕਿਹਾ "ਭਾਈਆ ! ਕੋਈ ਐਸਾ ਵੈਸਾ ਕੰਮ ਨਹੀਂ ਕਰਨਾ ਜਿਸ ਨਾਲ ਕੋਈ ਕਿਸੇ ਕਿਸਮ ਦਾ ਨੁਕਸਾਨ ਹੋ ਜਾਵੇ। ਅੱਗੇ ਹੀ ਕੌਮ ਬੜਾ ਨੁਕਸਾਨ ਕਰਵਾ ਬੈਠੀ ਹੈ। ਲਭੇ ਖਾਂ ਹੁਣ ਭਾਈ ਲਛਮਣ ਸਿੰਘ ਤੇ ਭਾਈ ਦਲੀਪ ਸਿੰਘ। ਹੁਣ ਉਹ ਲੱਖੀਂ ਤੇ ਕਰੋੜੀਂ ਵੀ ਹੱਥ ਨਹੀਂ ਆਉਣ ਲਗੇ। ਮੈਂ ਕਿਹਾ—"ਭਾਈਆ ਜੀ ! ਇਹ ਸਾਰੀਆਂ ਗੱਲਾਂ ਠੀਕ ਹਨ, ਪਰ ਹਰ ਚੀਜ਼ ਦੀ ਕੀਮਤ ਤਾਰ ਦੇਣ 'ਤੇ ਹੀ ਉਸ ਦੀ ਪ੍ਰਾਪਤੀ ਹੋਇਆ ਕਰਦੀ ਹੈ। ਮੇਰੇ ਖ਼ਿਆਲ ਵਿਚ ਜੇ ਤੁਸੀਂ ਹੁਣ ਵੀ ਮੈਨੂੰ ਜ਼ਮੀਨਾਂ ਦੇ ਕਬਜ਼ੇ ਲੈਣ ਦੀ ਆਗਿਆ ਦੇ ਦਿਓ ਤਾਂ ਬੜੀ ਆਸਾਨੀ ਨਾਲ ਲਏ ਜਾ ਸਕਦੇ ਨੇ।

"ਮੈਂ ਕਮੇਟੀ ਨੂੰ ਲਿਖ ਕੇ ਦੇ ਦੇਣ ਲਈ ਤਿਆਰ ਹਾਂ ਕਿ ਇਸ ਕੰਮ ਦੇ ਕਰਨ ਵਿਚ ਕੋਈ ਗੜ ਬੜ ਜਾਂ ਨੁਕਸਾਨ ਨਹੀਂ ਹੋਵੇਗਾ। ਆਪ ਜੀ ਨਿਸਚਾ ਰਖੋ !"



Digitized by Panjab Digital Library | www.panjabdigilib.org

ਮੈਂ ਉਨ੍ਹਾਂ ਨੂੰ ਲਿਖਤ ਦੇ ਦਿਤੀ ਤੇ ਉਨ੍ਹਾਂ ਮੈਨੂੰ ਆਪਣੇ ਢੰਗ ਨਾਲ ਕੰਮ ਕਰਨ ਦੀ ਆਗਿਆ ਦੇ ਦਿਤੀ, ਪਰ ਏਨੀ ਸ਼ਰਤ ਲਗਾ ਦਿਤੀ ਕਿ ਜੇ ਕੋਈ ਗੜ ਬੜ ਜਾਂ ਨੁਕਸਾਨ ਹੋਇਆ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਕੇਵਲ ਮੇਰੇ ਹੀ ਸਿਰ ਆਵੇਗੀ।

ਪਰਧਾਨ ਸਾਹਿਬ ਪਾਸੋਂ ਆਗਿਆ ਪੱਤਰ ਲੈ ਕੇ ਮੈਂ ਆਪਣੇ ਬਕਸੇ ਵਿਚ ਬੰਦ ਕਰ ਲਿਆ ਅਤੇ ਕਿਸੇ ਜੋਗ ਸਮੇਂ ਦੀ ਉਡੀਕ ਕਰਨ ਲੱਗਾ। ਮੈਂ ਸਰਕਾਰੀ ਅਫ਼ਸਰਾਂ ਨਾਲ ਦਿਖਾਵੇ ਮਾਤਰ ਹੋਰ ਵਧੇਰੇ ਮੇਲ ਜੋਲ ਰੱਖਣਾ ਸ਼ੁਰੂ ਕਰ ਦਿਤਾ। ਅਤੇ ਮੈਂ ਉਨ੍ਹਾਂ ਦੀ ਏਸ ਮਾਮਲੇ ਵਿਚ ਬੜੀ ਸਹਾਇਤਾ ਕੀਤੀ ਕਿ ਜੋ ਲੱਖਾਂ ਦੀ ਗਿਣਤੀ ਵਿਚ ਅਕਾਲੀ ਸਿੰਘ ਗੁਰਦੁਆਰੇ ਦੀਆਂ ਹੱਦਾਂ ਅੰਦਰ ਆਣ ਲੱਥੇ ਸਨ ਕਿਸੇ ਤਰ੍ਹਾਂ ਛੇਤੀ ਤੋਂ ਛੇਤੀ ਆਪਣੇ ਘਰਾਂ ਨੂੰ ਪਰਤ ਜਾਣ। ਉਨ੍ਹਾਂ ਦਾ ਪੁਲਸ ਵਾਲੇ ਵੀ ਠੀਕ ਤੌਰ 'ਤੇ ਕੋਈ ਪ੍ਰਬੰਧ ਨਹੀਂ ਸਨ ਕਰ ਰਹੇ। ਅਤੇ ਮੇਰੇ ਆਪਣੇ ਪ੍ਰਬੰਧ ਵਿਚ ਵੀ ਫ਼ਰਕ ਆਉਂਦਾ ਸੀ।

ਮੈਂ ਤਜਵੀਜ਼ ਦਸੀ ਕਿ ਘਟੋ ਘਟ ਲਾਹੌਰ ਤਕ ਸਪੈਸ਼ਲ ਗਡੀਆਂ ਚਲਾ ਦਿਤੀਆਂ ਜਾਣ। ਅਤੇ ਓਥੋਂ ਅੱਗੇ ਰਾਵਲਪਿੰਡੀ ਤੇ ਦਿੱਲੀ ਤਕ ਘਟੋ ਘਟ ਇਕ ਇਕ ਸਪੈਸ਼ਲ ਟ੍ਰੇਨ ਹਰ ਰੋਜ਼ ਚਲਾਈ ਜਾਏ। ਮੇਰੀ ਤਜਵੀਜ਼ ਤਾਂ ਮੰਨ ਲਈ, ਪਰ ਰੇਲਵੇ ਪਾਸੋਂ ਏਸ ਤਜਵੀਜ਼ ਨੂੰ ਅਮਲੀ ਸ਼ਕਲ ਦੇਣ ਵਿਚ ਵਡੀ ਭੁੱਲ ਇਹ ਹੋ ਗਈ ਕਿ ਉਨ੍ਹਾਂ ਏਸ ਕੰਮ ਵਾਸਤੇ ਮਾਲ ਗੱਡੀਆਂ ਦੇ ਅਜਿਹੇ ਗੰਦੇ ਤੇ ਮੈਲੇ ਡੱਬੇ ਲਿਆ ਖੜੇ ਕੀਤੇ ਜੋ ਉਹ ਤਰਨ ਤਾਰਨ ਦੇ ਮੱਸਿਆ ਦੇ ਮੇਲਿਆਂ ਸਮੇਂ ਗੱਡੀਆਂ ਨਾਲ ਲਗਾ ਲਿਆ ਕਰਦੇ ਹਨ। ਇਹ ਡੱਬੇ ਸਗੋਂ ਉਨ੍ਹਾਂ ਨਾਲੋਂ ਵੀ ਮੈਲੇ ਤੇ ਗੰਦੇ ਸਨ।

ਅਕਾਲੀ ਸਿੰਘਾਂ ਨੇ ਇਨ੍ਹਾਂ ਡੰਗਰਾਂ ਤੇ ਕੋਲਿਆਂ ਵਾਲੇ ਡੱਬਿਆਂ ਵਿਚ ਸਵਾਰ ਹੋਣ ਤੋਂ ਇਨਕਾਰ ਕਰ ਦਿਤਾ। ਸਟੇਸ਼ਨ ਉਪਰ ਅਕਾਲੀ ਸਿੰਘ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਸਨ। ਟਿਕਟਾਂ ਉਨ੍ਹਾਂ ਨੇ ਲੈ ਲਈਆਂ ਸਨ, ਪਰ ਗੱਡੀ ਵਿਚ ਬੈਠਣ ਦਾ ਨਾਂ ਨਹੀਂ ਸਨ ਲੈਂਦੇ। ਸਰਕਾਰੀ ਕਰਮਚਾਰੀਆਂ ਨੂੰ ਮੇਰੀ ਸਹਾਇਤਾ ਦੀ ਫੇਰ ਲੋੜ ਆਣ ਪਈ। ਤੇ ਏਸ ਮਤਲਬ ਦੀ ਗੁਰਦੁਆਰਾ ਕਮੇਟੀ ਪਾਸੋਂ ਮੰਗ ਕੀਤੀ। ਮੈਂ ਸਟੇਸ਼ਨ 'ਤੇ ਗਿਆ। ਜਾ ਕੇ ਗੱਡੀਆਂ ਵੇਖੀਆਂ।



Digitized by Panjab Digital Library | www.panjabdigilib.org

ਕਈਆਂ ਵਿਚ ਲਿੱਦ ਤੇ ਗੋਹੇ ਦੇ ਢੇਰ ਤੇ ਕਈਆਂ ਵਿਚ ਕੋਲੇ ਦੀ ਕੇਰੀ ਤੇ ਸਵਾਹ ਖਿਲਰੀ ਪਈ ਸੀ।

ਮੈਂ ਰੇਲਵੇ ਦੇ ਇਕ ਅਫ਼ਸਰ ਨੂੰ ਬਾਹੋਂ ਫੜਿਆ ਤੇ ਗੱਡੀ ਦੇ ਇਕ ਡੱਬੇ ਵਿਚ ਲੈ ਵੜਿਆ। ਤੇ ਪੁੱਛਿਆ, "ਕਿਉਂ ਜੀ ਤੁਸੀਂ ਅਜ ਕਲ੍ਹ ਦੀ ਰੋਸ਼ਨੀ ਦੇ ਜ਼ਮਾਨੇ ਵਿਚ ਆਸ ਕਰ ਸਕਦੇ ਹੋ ਕਿ ਜਨਤਾ ਇਨ੍ਹਾਂ ਗੱਡੀਆਂ ਵਿਚ ਸਫ਼ਰ ਕਰੇ ?"

ਉਸ ਦੇ ਨੇਤ੍ਰਾਂ ਵਿਚੋਂ ਅੱਥਰੂ ਟਪਕਣ ਲਗ ਪਏ। ਇਹ ਇਕ ਦੋਗਲਾ ਅੰਗਰੇਜ਼ (Anglo Indian) ਸ਼ਰੀਫਜ਼ਾਦਾ ਸੀ। ਕਹਿਣ ਲਗਾ, "ਏਸ ਗ਼ਲਤੀ ਦੀ ਜ਼ਿੰਮੇਵਾਰੀ ਵੀ ਉਸ ਦੇ ਹੀ ਸਿਰ ਹੈ। ਜੇ ਅਕਾਲੀ ਸਵਾਰ ਨਾ ਹੋਏ ਤਾਂ ਉਸ ਦੀ ਨੌਕਰੀ ਹੈ ਨਹੀਂ।"

ਇਸ ਦੀ ੯ ਕੁ ਸਾਲ ਦੇ ਵਿਚ ਵਿਚ ਨੌਕਰੀ ਦੀ ਮਿਆਦ ਮੁਕਨ ਵਾਲੀ ਸੀ। ਖ਼ੁਦਾ ਦੇ ਵਾਸਤੇ ਪਾ ਕੇ ਕਹਿਣ ਲਗਾ ਕਿ ਮੈਂ ਕਿਸੇ ਨਾ ਕਿਸੇ ਬਿਧ ਇਹ ਗੱਡੀ ਭਰਵਾ ਕੇ ਭੇਜ ਦਿਆਂ, ਤੇ ਇਸ ਤੋਂ ਮਗਰੋਂ ਜੋ ਡੱਬੇ ਆਉਣਗੇ ਉਹ ਸਵਾਰੀ ਗੱਡੀ ਦੇ ਤੀਜੇ ਦਰਜੇ ਦੇ ਹੀ ਹੋਣਗੇ। ਮੁੜ ਕੇ ਏਸ ਕਿਸਮ ਦੀਆਂ ਮਾਲ ਡੰਗਰ ਤੇ ਕੋਲੇ ਵਾਲੀਆਂ ਗੱਡੀਆਂ ਕਦੀ ਨਹੀਂ ਲਗਾਈਆਂ ਜਾਣਗੀਆਂ। ਮੈਂ ਉਸ ਨੂੰ ਕਿਹਾ ਕਿ ਸਵਾਰੀਆਂ ਨੂੰ ਸੁਣਾ ਸੁਣਾ ਕੇ ਮੈਂ ਪਹਿਲਾਂ ਰੇਲ ਕਰਮਚਾਰੀਆਂ ਨੂੰ ਬੇ-ਤੁਕੀਆਂ ਹੀ ਗਾਲੀਆਂ ਸੁਣਾਈ ਜਾਵਾਂਗਾ। ਤੂੰ ਆ ਕੇ ਮਾਫ਼ੀ ਮੰਗ ਲਈਂ। ਫੇਰ ਗੱਡੀਆਂ ਵਿਚ ਝਾੜੂ ਦਵਾ ਕੇ, ਧੋ ਕੇ ਸਾਫ਼ ਕਰ ਕੇ ਕਪੜੇ ਨਾਲ ਸਾਫ਼ ਕਰਵਾ ਦੇਣੀਆਂ। ਮੇਰਾ ਖ਼ਿਆਲ ਹੈ ਕਿ ਮੈਨੂੰ ਗੱਡੀਆਂ ਭਰਵਾ ਦੇਣ ਵਿਚ ਸਫਲਤਾ ਹੋਵੇਗੀ ਤੇ ਤੇਰਾ ਕੰਮ ਵੀ ਬਣ ਜਾਵੇਗਾ।

'ਸਾਹਿਬ ਬਹਾਦਰ' ਨਾਲ ਗੱਲ ਬਾਤ ਕਰ ਕੇ ਮੈਂ ਉਸ ਨੂੰ ਕਿਹਾ, "ਇਕ ਮੇਜ਼ ਬਾਹਰ ਪਲੇਟਫ਼ਾਰਮ ਉਪਰ ਕਢਵਾ ਦੇਵੇ ਤੇ ਉਸ ਦੇ ਉਪਰ ਇਕ ਕੁਰਸੀ ਰਖਵਾ ਦੇਵੇ।" ਜਦੋਂ ਪਲੇਟਫ਼ਾਰਮ ਉਪਰ ਮੇਜ਼ ਅਤੇ ਮੇਜ਼ 'ਤੇ ਕੁਰਸੀ ਰਖੀ ਗਈ ਤਾਂ ਮੈਂ ਕੁਰਸੀ ਉਪਰ ਚੜ੍ਹ ਕੇ ਬੈਠ ਗਿਆ ਅਤੇ ਲੈਕਚਰ ਦੇਣਾ ਸ਼ੁਰੂ ਕਰ ਦਿਤਾ। ਪਹਿਲਾਂ ਤਾਂ ਰੇਲਵੇ ਦੇ ਮਹਿਕਮੇ ਵਾਲਿਆਂ ਨੂੰ ਬੇ-ਤੁਕੀਆਂ ਹੀ ਸੁਣਾਈ ਗਿਆ ਤੇ ਦਸਿਆ ਕਿ ਜ਼ਮਾਨਾ ਬਹੁਤ ਬਦਲ ਗਿਆ ਹੈ ਜੋ ਕੰਮ ਉਨ੍ਹਾਂ ਨੇ



Digitized by Panjab Digital Library | www.panjabdigilib.org

ਗੰਦ ਨਾਲ ਭਰੀਆਂ ਹੋਈਆਂ ਮਾਲ ਗੱਡੀਆਂ ਦੇ ਦੇਣ ਦਾ ਕੰਮ ਕੀਤਾ ਹੈ, ਬੜਾ ਹੀ ਅਯੋਗ ਕੀਤਾ ਹੈ।

ਇਸ ਦੇ ਮਗਰੋਂ ਮੈਂ ਅਕਾਲੀ ਸਿੰਘਾਂ ਨੂੰ ਸੰਬੋਧਨ ਕਰ ਕੇ ਕਿਹਾ, "ਖ਼ਾਲਸਾ ਜੀ ! ਰੇਲ ਵਾਲਿਆਂ ਕੋਲੋਂ ਭੁੱਲ ਹੋ ਗਈ ਹੈ ਉਹ ਆਪਣੀ ਭੁੱਲ ਨੂੰ ਮੰਨਦੇ ਹਨ ਤੇ ਪਸਚਾਤਾਪ ਕਰਦੇ ਹਨ ਅਤੇ ਉਨ੍ਹਾਂ ਦੇ ਅਫ਼ਸਰ ਨੇ ਮੇਰੇ ਨਾਲ ਇਕਰਾਰ ਕਰ ਲਿਆ ਹੈ ਕਿ ਅਗੋਂ ਇਹੋ ਜਿਹੀ ਗ਼ਲਤੀ ਕਦੀ ਨਹੀਂ ਹੋਵੇਗੀ। ਉਹ ਗੱਡੀਆਂ ਵਿਚ ਝਾੜੂ ਫਿਰਵਾ ਕੇ, ਪਾਣੀ ਨਾਲ ਧੁੰਵਾ ਕੇ ਤੇ ਕਪੜੇ ਨਾਲ ਸਾਫ਼ ਕਰਵਾ ਕੇ ਅੰਗੀਠੀਆਂ ਨਾਲ ਡੱਬਿਆਂ ਨੂੰ ਸੁਕਾ ਕੇ ਤੇ ਗਰਮ ਕਰ ਦੇਂਦੇ ਹਨ। ਸਿੱਖਾਂ ਦਾ ਧਰਮ ਹੈ ਭੁੱਲੇ ਨੂੰ ਰਾਹੇ ਪੈ ਤੁਰਨ ਦਾ ਮੌਕਿਆ ਦੇਣ। ਤੇ ਜਿਹੜਾ ਭੁੱਲ ਬਖ਼ਸ਼ਵਾ ਲਵੇ ਉਸ ਨੂੰ ਖਿਮਾ ਬਖ਼ਸ਼ ਦੇਣ।" ਇਹ ਗੱਲ ਸੁਣਦਿਆਂ ਸਾਹਿਬ ਬਹਾਦਰ ਮੇਜ਼ ਉਪਰ ਆਣ ਚੜ੍ਹਿਆ, ਸਿਰ ਤੋਂ ਟੋਪ ਲਾਹ ਕੇ ਸੰਗਤ ਪਾਸੋਂ ਮਾਫ਼ੀ ਮੰਗ ਲਈ।

ਸਿੰਘਾਂ ਨੇ ਗਲੇ ਖੋਲ੍ਹ ਖੋਲ੍ਹ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿਤੇ। ਲੰਗਰ ਵਿਚੋਂ ਪ੍ਰਸ਼ਾਦੇ ਤੇ ਕੜਾਹ ਪ੍ਰਸ਼ਾਦ ਤਿਆਰ ਹੋ ਕੇ ਆ ਗਿਆ। ਜੋ ਸਭ ਨੂੰ ਵਰਤਾ ਕੇ ਚਾਹ ਦੇ ਗੜ੍ਹੇ ਵੀ ਲਵਾ ਦਿਤੇ ਗਏ। ਏਨੇ ਨੂੰ ਗੱਡੀਆਂ ਦੇ ਡੱਬੇ ਵੀ ਸਾਫ਼ ਹੋ ਗਏ। ਸੰਗਤਾਂ ਛਾਲਾਂ ਮਾਰ ਮਾਰ ਡੱਬਿਆਂ ਵਿਚ ਜਾ ਬੈਠੀਆਂ। ਗੱਡੀ ਖਚਾਖਚ ਭਰ ਗਈ (ਲੋਕ ਘਰਾਂ ਨੂੰ ਜਾਣ ਵਾਸਤੇ ਤਾਂ ਅਗੇ ਹੀ ਕਾਹਲੇ ਪਏ ਹੋਏ ਸਨ) ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸਟੇਸ਼ਨ ਗੂੰਜ ਉਠਿਆ ਤੇ ਗੱਡੀ ਸਟੇਸ਼ਨ ਤੋਂ ਤੁਰ ਪਈ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਤੋਂ ਮਗਰੋਂ ਫੇਰ ਕਦੀ ਵੀ ਸਵਾਰੀ ਗੱਡੀ ਨਾਲ ਮਾਲ ਗੱਡੀ ਦੇ ਡੱਬੇ ਨਹੀਂ ਲਗਾਏ ਗਏ। ਤੇ ਥੋੜੇ ਹੀ ਦਿਨਾਂ ਵਿਚ ਅਕਾਲੀ ਸਿੰਘ ਸੁਖ ਸੁਖਾਂ ਨਾਲ ਘਰੀਂ ਪੁੱਜ ਗਏ। ਕੇਵਲ ਦੋ ਚਾਰ ਹਜ਼ਾਰ ਹੀ ਰਹਿ ਗਏ ਜੋ ਅਸੀਂ ਆਪ ਹੀ ਚਾਹੁੰਦੇ ਸੀ ਕਿ ਕੁਝ ਦਿਨ ਹੋਰ ਟਿਕੇ ਰਹਿਣ। ਕਿਉਂਕਿ ਏਡੇ ਵਡੇ ਗੁਰਦੁਆਰੇ ਦੇ ਪ੍ਰਬੰਧ ਵਾਸਤੇ ਉਨ੍ਹਾਂ ਦੀ ਮੌਜੂਦਗੀ ਦੀ ਡਾਢੀ ਲੋੜ ਸੀ।

ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਅਦਾਲਤਾਂ ਤੇ ਪੁਲੀਸ ਨਾਲ ਨਾ-ਮਿਲਵਰਤਣ



Digitized by Panjab Digital Library | www.panjabdigilib.org

ਰਖਣ ਦਾ ਫ਼ੈਸਲਾ ਕੀਤਾ ਜਾ ਚੁਕਾ ਸੀ। ਤੇ ਹੁਣ ਪ੍ਰਬੰਧਕਾਂ ਨੇ ਇਨ੍ਹਾਂ ਪਰਵਾਨਿਆਂ ਦੇ ਬਾਹੂ ਬਲ ਦਵਾਰਾ ਤੇ ਕੁਰਬਾਨੀ ਦੇ ਸਹਾਰੇ ਹੀ ਪ੍ਰਬੰਧ ਕਰਨਾ ਸੀ। ਫ਼ੌਜਾਂ ਵੀ ਵਾਪਸ ਭੇਜ ਦਿਤੀਆਂ ਗਈਆਂ ਤੇ ਪੁਲੀਸ ਵੀ ਘਟਾ ਦਿਤੀ ਗਈ।

ਐਸ. ਐਸ. ਪੀ. ਨੇ ਅਗਲੇ ਦਿਨ ਮੈਨੂੰ ਸ਼ੁਕਰੀਆ ਦੀ ਬਹੁਤ ਹੀ ਭਾਵ ਪੂਰਤ ਚਿੱਠੀ ਲਿਖ ਭੇਜੀ। ਜਿਸ ਵਿਚ ਲਿਖਿਆ ਸੀ ਕਿ ਮੈਂ ਇਕ ਨਹਾਇਤ ਨਾਜ਼ਕ ਮੌਕਿਆ ਨੂੰ ਬੜੇ ਸੁਚੱਜੇ ਢੰਗ ਨਾਲ ਸੰਭਾਲ ਕੇ ਅਫ਼ਸਰਾਂ ਦੀ ਸਿਰ-ਦਰਦੀ ਨੂੰ ਬਹੁਤ ਹੱਦ ਤਕ ਘਟਾ ਦੇਣ ਦਾ ਜਸ ਖੱਟ ਲਿਆ ਹੈ।

ਉੱਤਰ ਵਿਚ ਮੈਂ ਲਿਖ ਭੇਜਿਆ, "ਮੈਂ ਸ਼ੁਕਰੀਆ ਦੀਆਂ ਚਿੱਠੀਆਂ ਦਾ ਭੁੱਖਾ ਨਹੀਂ ਹਾਂ। ਇਹੋ ਜਿਹੀਆਂ ਚਿੱਠੀਆਂ ਮੈਨੂੰ ਨਾ ਹੀ ਲਿਖੀਆਂ ਜਾਇਆ ਕਰਨ ਤੇ ਚੰਗਾ ਹੈ। ਜੇ ਅਕਾਲੀ ਸਿੰਘਾਂ ਨੂੰ ਇਹੋ ਜਿਹੀਆਂ ਸਰਕਾਰੀ ਚਿੱਠੀਆਂ ਆਉਣ ਦਾ ਪਤਾ ਲਗ ਗਿਆ ਤਾਂ ਉਹ ਸਮਝਣਗੇ ਕਿ ਮੈਂ ਸਰਕਾਰੀ ਹੱਥ ਠੋਕਾ ਹਾਂ ਤੇ ਅੰਦਰੋ-ਅੰਦਰੀ ਪੁਲਸ ਨਾਲ ਮਿਲਿਆ ਹੋਇਆ ਹਾਂ। ਫੇਰ ਮੈਂ ਆਪ ਦੀ ਕਿਸੇ ਮੌਕਿਆ ਪੈਣ 'ਤੇ ਕੋਈ ਵੀ ਮਦਦ ਨਹੀਂ ਕਰ ਸਕਿਆ ਕਰਾਂਗਾ। ਤੇ ਹੋ ਸਕਦਾ ਹੈ ਮੇਰੀ ਇਹੋ ਜਿਹੀ ਬਦਨਾਮੀ ਮੈਨੂੰ ਲੋਕ ਸੇਵਾ ਦੇ ਹਲਕਿਆਂ ਅੰਦਰ ਵੀ ਲੈ ਡੁੱਬੇ।"

ਹੁਣ ਮੈਂ ਇਹ ਵੇਖ ਕੇ ਕਿ ਵਾਯੂ-ਮੰਡਲ ਇਸ ਵੇਲੇ ਬਹੁਤ ਸਾਰਾ ਅਨੁਕੂਲ ਬੈਠ ਰਿਹਾ ਹੈ। ਐਸ. ਪੀ. ਦੀ ਰਾਇ ਮੇਰੇ ਬਾਬਤ ਚੰਗੀ ਹੈ। ਉਸ ਤੋਂ ਹੇਠਾਂ ਮੇਰਾ ਮਿੱਤਰ ਇਨਸਪੈਕਟਰ ਹੀ ਸਭ ਤੋਂ ਸੀਨੀਅਰ ਸਥਾਨਕ ਅਫ਼ਸਰ ਹੈ। ਮੈਂ ਏਸ ਵਾਤਾਵਰਣ ਦਾ ਕਿਉਂ ਨਾ ਲਾਭ ਉਠਾਉਂਦਾ ਹੋਇਆ ਜ਼ਮੀਨਾਂ ਦੇ ਕਬਜ਼ੇ ਲੈ ਲਵਾਂ। ਇਹ ਗੱਲ ਸੋਚ ਕੇ ਮੈਂ ਦਸਾਂ ਅਕਾਲੀ ਜੱਥਿਆਂ ਦੇ ਜਥੇਦਾਰਾਂ ਨੂੰ ਆਪਣੇ ਕੋਲ ਬੁਲਾ ਭੇਜਿਆ। ਤੇ ਉਨ੍ਹਾਂ ਪਾਸੋਂ ਮੰਗ ਕੀਤੀ ਕਿ ਮੈਨੂੰ ਹਰ ਇਕ ਜਥੇਦਾਰ ਦਸ ਦਸ ਤਿਆਰ-ਬਰ-ਤਿਆਰ ਤੇ ਰਿਸ਼ਟ-ਪੁਸ਼ਟ ਅਕਾਲੀ ਸਿੰਘ ਦੇਣ ਜੋ ਛਵ੍ਹੀਆਂ ਡਬਾਂ ਵਿਚ ਪਾ ਕੇ ਹੱਥਾਂ ਵਿਚ ਡਾਂਗਾਂ ਸੰਭਾਲ ਕੇ ਸਵੇਰੇ ਹੀ ਇਕ ਇਕ ਕਰ ਕੇ ਏਥੋਂ ਨਿਕਲ ਤੁਰਨ ਤੇ ਦਸੇ ਹੋਏ ਪਿੰਡ ਪਹੁੰਚ ਕੇ ਉਸ ਨੂੰ ਘੇਰਾ ਘੱਤ ਲੈਣ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਧਰਤੀ ਅਸਮਾਨ ਗੂੰਜਾ ਦੇਣ। ਬਾਕੀ ਜੋ ਕੰਮ ਕਰਨਾ ਹੈ ਮੈਂ ਆਪੇ ਹੀ ਆ ਕੇ ਕਰ ਲਵਾਂਗਾ। ਮੈਂ ਜਾਣਾਂ ਤੇ ਮੇਰਾ ਕੰਮ।



Digitized by Panjab Digital Library | www.panjabdigilib.org

ਜਥੇਦਾਰ ਆਪੋ ਆਪਣੇ ਜੱਥੇ ਲੈ ਕੇ ਸਵੇਰੇ ਸਵੇਰ ਆ ਗਏ। ਤੇ ਇਕ ਇਕ ਕਰ ਕੇ ਸਾਰੇ ਹੀ ਨਿਯਤ ਕੀਤੇ ਪਿੰਡ ਪਹੁੰਚ ਗਏ ਤੇ ਜਿਸ ਤਰ੍ਹਾਂ ਉਨ੍ਹਾਂ ਨੂੰ ਸਮਝਾਇਆ ਗਿਆ ਸੀ ਓਸੇ ਤਰ੍ਹਾਂ ਕਰਨ ਲਗ ਗਏ। ਮੈਂ ਵੀ ਝਟ ਪਟ ਘੋੜੇ ਨੂੰ ਅੱਡੀ ਲਗਾ ਕੇ ਓਥੇ ਹੀ ਜਾ ਪਹੁੰਚਿਆ। ਅਗੇ ਕੀ ਵੇਖਿਆ ਕਿ ਪਿੰਡ ਦੇ ਜੋ ਪੱਗ ਬੰਨ੍ਹ ਸਨ ਸਭ ਓਥੇ ਆਏ ਹੋਏ ਸਨ। ਕੋਈ ਮੇਰੇ ਗੋਡੀਂ ਤੇ ਕੋਈ ਪੈਰੀਂ ਹੱਥ ਲਾ ਲਾ ਕੇ ਰੋਈ ਜਾਣ ਤੇ ਕਹੀ ਜਾਣ, "ਹਜ਼ੂਰ! ਸਾਡੇ ਕੋਲੋਂ ਕੀ ਖੁਨਾਮੀ ਹੋਈ ਹੈ? ਸਾਡੇ ਪਿੰਡ ਨੂੰ ਨ ਫੂਕੋ! ਅਸੀਂ ਤੁਹਾਡੇ ਹੀ ਹਾਂ। ਸਾਨੂੰ ਤੁਸੀਂ ਜੋ ਹੁਕਮ ਕਰੋਗੇ ਅਸੀਂ ਓਸੇ ਤਰ੍ਹਾਂ ਹੀ ਕਰਾਂਗੇ। ਸਾਡਾ ਗੁਨਾਹ ਸਾਨੂੰ ਦਸਿਆ ਜਾਵੇ ਅਸੀਂ ਮਾਫ਼ੀ ਮੰਗ ਲਵਾਂਗੇ।"

ਮੈਂ ਕਿਹਾ ਜੇ ਤੁਸੀਂ ਸਾਡੇ ਬਣ ਕੇ ਰਹੋਗੇ ਤਾਂ ਤੁਹਾਨੂੰ ਫੂਕਣ ਦੀ ਲੋੜ ਨਹੀਂ ਪੈਣ ਲਗੀ। ਪਰ ਜੇ ਅਜੇ ਵੀ ਤੁਹਾਡੀਆਂ ਮਹੰਤ ਦੇ ਏਜੰਟਾਂ ਨਾਲ ਰਲੀਆਂ ਚੁਗਦੀਆਂ ਰਹੀਆਂ ਤੇ ਤੁਸੀਂ ਓਸੇ ਦੇ ਚੇਲਿਆਂ ਚਾਂਟਿਆਂ ਤੇ ਕਾਤਲਾਂ ਦੀ ਹਮਦਰਦੀ ਦਾ ਦਮ ਭਰਦੇ ਰਹੇ ਤਾਂ ਜ਼ਰੂਰ ਪੁਰਾਣੇ ਪਿੰਡ ਫੂਕ ਸੁੱਟਾਂਗੇ ਤੇ ਉਨ੍ਹਾਂ ਦੀ ਥਾਂ ਨਵੇਂ ਵਸਾਵਾਂਗੇ।"

ਫਿਰ ਤਾਂ ਸਾਰੇ ਦੇ ਸਾਰੇ ਇਕ ਜ਼ਬਾਨ ਹੋ ਕੇ ਆਖਣ ਲਗੇ, "ਅਸੀਂ ਆਪ ਦੇ ਹੀ ਹਾਂ। ਆਪ ਦਾ ਹੱਥ ਸਾਡੇ ਸਿਰਾਂ 'ਤੇ ਹੋਏਗਾ ਤਾਂ ਅਸੀਂ ਵਸ ਤਦੇ ਹੀ ਸਕਦੇ ਹਾਂ। ਹੁਕਮ ਕਰੋ! ਜੋ ਕੁਝ ਸਾਥੋਂ ਕਰਾਉਣਾ ਚਾਹੁੰਦੇ ਹੋ। ਜੇ ਅਸੀਂ ਨਾਂਹ ਨੁੱਕਰ ਕਰੀਏ ਤਾਂ ਜੋ ਜੀ ਆਵੇ ਕਰਨਾ। ਐਵੇਂ ਨਿਦੋਸ਼ਿਆਂ ਨੂੰ ਮਾਰਨਾ ਠੀਕ ਨਹੀਂ।"

ਜਿਸ 'ਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਸਚਮੁਚ ਤੁਸੀਂ ਸਾਡੇ ਬਣ ਕੇ ਰਹਿਣਾ ਚਾਹੁੰਦੇ ਹੋ ਤਾਂ ਸਾਨੂੰ ਸਾਰੀਆਂ ਗੱਲਾਂ ਸਚ ਸਚ ਦਸ ਦਿਓ। ਉਹ ਕਹਿਣ ਲਗੇ ਕਿ ਜੀ ਸਚ ਸਚ ਦਸਾਂਗੇ ਤੇ ਜੋ ਹੁਕਮ ਕਰੋਗੇ ਕਰਾਂਗੇ। ਮੇਰੇ ਕਹਿਣ 'ਤੇ ਉਨ੍ਹਾਂ ਨੇ ਮੈਨੂੰ ਪਿੰਡ ਦੇ ਚੌਗਾਨ ਵਿਚ ਲਿਜਾ ਕੇ ਅਨਾਜਾਂ ਦੇ ਉਹ ਗੁਦਾਮ (ਕੋਠੇ) ਦਿਖਾਏ ਜੋ ਜਿਨਸਾਂ ਨਾਲ ਭਰੇ ਪਏ ਸਨ।

ਮੈਂ ਚਾਬੀਆਂ ਦੇ ਦੋ ਵਡੇ ਵਡੇ ਗੁੱਛੇ ਜੋ ਮਹੰਤ ਦੇ ਮਕਾਨ ਵਿਚੋਂ ਮਿਲੇ ਸਨ ਤੇ ਮੈਂ ਹੁਣ ਆਪਣੇ ਨਾਲ ਹੀ ਲੈ ਆਇਆ ਸੀ। ਨੰਬਰਦਾਰ ਦੇ ਹੱਥ ਦੇ ਕੇ



Digitized by Panjab Digital Library | www.panjabdigilib.org

ਕਿਹਾ ਕਿ ਚਾਬੀਆਂ ਤਾਲਿਆਂ ਨੂੰ ਲਾਉਂਦੇ ਜਾਓ । ਜੋ ਜੰਦ੍ਰਿਆਂ ਨੂੰ ਲਗਦੀਆਂ ਗਈਆਂ ਉਹ ਵਖਰੇ ਧਾਗੇ ਵਿਚ ਪਰੋ ਕੇ ਜਥੇਦਾਰ ਦੇ ਹਵਾਲੇ ਕੀਤੀਆਂ ਤੇ ਉਸ ਨੂੰ ਕਿਹਾ ਕਿ ਰਾਤ ਉਹਨੇ ਇਸੇ ਪਿੰਡ ਵਿਚ ਜੱਥੇ ਸਮੇਤ ਸੌਣਾ ਹੈ ਤੇ ਸਭਨਾਂ ਦਸੇ ਹੋਏ ਕੰਮ ਵਿਚ ਨੰਬਰਦਾਰ ਦੀ ਸਹਾਇਤਾ ਕਰਨੀ ਹੈ ।

ਨੰਬਰਦਾਰ ਨੇ ਕਿਹਾ ਕਿ ਰਾਤ ਉਹ ਜੱਥੇ ਨੂੰ ਆਪਣੀ ਬੈਠਕ ਵਿਚ ਰਖੇਗਾ । ਤੇ ਪ੍ਰਸ਼ਾਦੇ ਦੀ ਸੇਵਾ ਵੀ ਉਸੇ ਨੂੰ ਦੇ ਦਿਤੀ ਜਾਵੇ। ਪਹਿਲਾਂ ਤਾਂ ਮੈਂ ਨਾ ਮੰਨਿਆ ਕਿ ਅਸੀਂ ਇਨ੍ਹਾਂ ਨੂੰ ਮਾਂਗਤ ਲੋਕ ਨਹੀਂ ਬਣਾਉਣਾ ਚਾਹੁੰਦੇ । ਪ੍ਰਸ਼ਾਦ ਆਪਣੇ ਲੰਗਰ ਵਿਚੋਂ ਹੀ ਤਿਆਰ ਕਰਵਾ ਕੇ ਭਿਜਵਾ ਦਿਆਂਗੇ । ਪਰ ਜਦੋਂ ਨੰਬਰਦਾਰ ਨੇ ਬਾਰ ਬਾਰ ਮਿੰਨਤਾਂ ਕੀਤੀਆਂ ਤਾਂ ਮੈਂ ਮੰਨ ਗਿਆ । ਜਾਂਦੇ ਜਾਂਦੇ ਮੈਂ ਨੰਬਰਦਾਰ ਨੂੰ ਤਾੜ ਗਿਆ ਕਿ ਦੇਖਣਾ ਇਨ੍ਹਾਂ ਅਕਾਲੀਆਂ ਨਾਲ ਕੋਈ ਛੇੜ ਛਾੜ ਨਾ ਕਰ ਬੈਠਣਾ ਨਹੀਂ ਤਾਂ ਇਹ ਸਾਰੇ ਪਿੰਡ ਨੂੰ ਹੀ ਟੋਟੇ ਟੋਟੇ ਕਰ ਕੇ ਵਿਛਾ ਦੇਣਗੇ । ਨੰਬਰਦਾਰ ਨੇ ਕਿਹਾ "ਵਾਹਿਗੁਰੂ ਵਾਹਿਗੁਰੂ ਆਖੋ ਜੀ, ਅਸਾਂ ਇਨ੍ਹਾਂ ਨੂੰ ਛੇੜ ਕੇ ਭਲਾ ਜਾਣਾ ਕਿਥੇ ਹੋਇਆ ।"

ਉਹ ਪਿੰਡ ਛਡ ਕੇ ਅਸੀਂ ਦੂਜੇ ਪਿੰਡ ਚਲੇ ਗਏ, ਦੂਜੇ ਤੋਂ ਤੀਜੇ ਤੇ ਤੀਜੇ ਤੋਂ ਚੌਥੇ ਪਿੰਡ ਚਲੇ ਗਏ । ਤੇ ਦੋ ਵਜੇ ਤਕ ਅਸਾਂ ਸਾਰੇ ਹੀ ਪਿੰਡ ਭੁਗਤਾ ਲਏ । ਹਰ ਇਕ ਪਿੰਡ ਵਿਚ ਇਕ ਜੱਥਾ ਛਡ ਦਿਤਾ । ਨੰਬਰਦਾਰਾਂ ਨੂੰ ਕਹਿ ਦਿਤਾ ਕਿ ਸਵੇਰ ਸਾਰ ਸਾਰੀ ਜਿਨਸ ਗੱਡਿਆਂ 'ਤੇ ਲੱਦ ਕੇ ਕਮੇਟੀ ਦੇ ਆੜ੍ਹਤੀਆਂ (ਸ: ਮੰਗਲ ਸਿੰਘ ਵਸਾਵਾ ਮਲ) ਦੀ ਦੁਕਾਨ 'ਤੇ ਪਹੁੰਚਾ ਦੇਣ । ਤੇ ਸਾਰੇ ਦੇ ਸਾਰੇ ਮੁਜ਼ਾਰੇ ਜੋ ਗੁਰਦਵਾਰੇ ਦੀਆਂ ਜ਼ਮੀਨਾਂ ਕਾਸ਼ਤ ਕਰਦੇ ਹਨ ਅਗਲੀ ਸਵੇਰ ੧੦ ਵਜੇ ਤਕ ਗੁਰਦੁਆਰਾ ਕਮੇਟੀ ਦੇ ਦਫ਼ਤਰ (ਮਹੰਤ ਦੀ ਬੈਠਕ) ਵਿਚ ਪਹੁੰਚ ਜਾਣ । ਜਿਹੜਾ ਨਹੀਂ ਆਵੇਗਾ ਉਸ ਨੂੰ ਮਹੰਤ ਦਾ ਆਦਮੀ ਸਮਝਿਆ ਜਾਵੇਗਾ । ਤੇ ਉਸ ਦੇ ਨਾਲ ਫੇਰ ਯੋਗ ਢੰਗ ਨਾਲ ਸਿੱਝ ਲਿਆ ਜਾਵੇਗਾ ।

ਆੜ੍ਹਤੀਆਂ ਨੂੰ ਬੁਲਾ ਭੇਜਿਆ ਤੇ ਉਨ੍ਹਾਂ ਕਹਿ ਦਿਤਾ ਕਿ ਸਾਡੀ ਸਾਰੀ ਦੀ ਸਾਰੀ ਜਿਨਸ ਬਾਜ਼ਾਰ ਦੇ ਭਾਅ ਨਾਲੋਂ ਪੈਸਾ ਟਕਾ ਸਸਤੀ ਵੇਚ ਕੇ ਸ਼ਾਮ ਤੋਂ ਪਹਿਲਾਂ ਪਹਿਲਾਂ ਰਕਮ ਗੁਰਦੁਆਰਾ ਕਮੇਟੀ ਦੇ ਖ਼ਜ਼ਾਨੇ ਜਮ੍ਹਾਂ ਕਰਵਾ ਦੇਣ । ਨਾਲ ਹੀ



Digitized by Panjab Digital Library | www.panjabdigilib.org

ਉਨ੍ਹਾਂ ਨੂੰ ਤੇ ਕੁਝ ਕੁ ਹੋਰ ਲੋਕਾਂ ਨੂੰ ਸਮਝਾ ਦਿਤਾ ਕਿ ਅਗਲੇ ਦਿਨ ਸਵੇਰੇ ੧੨ ਵਜੇ ਜ਼ਮੀਨਾਂ ਦੇ ਠੇਕੇ ਨੀਲਾਮ ਕੀਤੇ ਜਾਣਗੇ ਤੇ ਖਲੋਤਾ ਫ਼ਸਲ ਵੀ ਨੀਲਾਮ ਕਰ ਦਿਤਾ ਜਾਵੇਗਾ। ਅਤੇ ਜ਼ਰੇ ਚੁਹਾਰਮ (ਰਕਮ ਦਾ ਚੌਥਾ ਹਿੱਸਾ) ਓਸੇ ਵੇਲੇ ਲੈ ਲਿਆ ਜਾਵੇਗਾ। ਸਭ ਤੋਂ ਵਡੇ ਠੇਕੇਦਾਰ ਸ: ਮੰਗਲ ਸਿੰਘ, ਵਸਾਵਾ ਸ਼ਾਹ ਹੀ ਸਨ ਉਹ ਲਗ ਪਏ ਮਿੰਨਤਾਂ ਕਰਨ ਕਿ ਉਨ੍ਹਾਂ ਦੇ ਠੇਕੇ ਉਨ੍ਹਾਂ ਪਾਸ ਹੀ ਰਹਿਣ ਦਿਤੇ ਜਾਣ।

ਮੈਂ ਉਨ੍ਹਾਂ ਨੂੰ ਵਖਰਿਆਂ ਲਿਜਾ ਕੇ ਸਮਝਾਇਆ ਕਿ ਅਸਾਂ ਮਹੰਤ ਵਾਲੇ ਠੇਕੇ ਇਕ ਵਾਰ ਜ਼ਰੂਰ ਹੀ ਮਨਸੂਖ਼ ਕਰ ਦੇਣੇ ਹਨ ਤੇ ਫੇਰ ਦੁਬਾਰਾ ਨੀਲਾਮ ਕਰ ਦੇਣੇ ਹਨ। ਸੁ ਉਨ੍ਹਾਂ ਨਾਲ ਕੋਈ ਜ਼ੁਲਮ ਨਹੀਂ ਕੀਤਾ ਜਾਵੇਗਾ। ਕੋਸ਼ਸ਼ ਕੀਤੀ ਜਾਵੇਗੀ ਕਿ ਮੁੜ ਇਹ ਠੇਕੇ ਪੁਰਾਣੇ ਠੇਕੇਦਾਰਾਂ ਨੂੰ ਹੀ ਦੇ ਦਿਤੇ ਜਾਣ। ਪਰ ਖਲੋਤੇ ਫ਼ਸਲ ਦਾ ਜ਼ਰ ਚੁਹਾਰਮ ਤੇ ਅਗਲੇ ਸਾਲ ਦੇ ਠੇਕੇ ਦਾ ੫) ਰੁਪਏ ਪ੍ਰਤੀ ਸੈਂਕੜਾ ਫ਼ੌਰਨ ਤੇ ੨੦) ਰੁਪਏ ਪ੍ਰਤੀ ਸੈਂਕੜਾ ੧੫ ਦਿਨ ਦੇ ਅੰਦਰ ਅੰਦਰ ਵਸੂਲ ਕਰ ਲਿਆ ਜਾਏਗਾ।

ਉਹ ਇਹ ਸਾਰੀਆਂ ਸ਼ਰਤਾਂ ਮੰਨ ਗਏ।

ਉਹਨੀਂ ਦਿਨੀਂ ਲਾਇਲਪੁਰ ਵਾਲੇ ਸ: ਇਕਬਾਲ ਸਿੰਘ ਜੀ ਐਡਵੋਕੇਟ, ਨਨਕਾਣਾ ਸਾਹਿਬ ਆਏ ਹੋਏ ਸਨ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਜੋ ਪਟੇ ਮੁਜ਼ਾਰਿਆਂ ਪਾਸੋਂ ਲਿਖਵਾਉਣੇ ਹਨ, ਉਨ੍ਹਾਂ ਦਾ ਡਰਾਫ਼ਟ (ਮਸੌਦਾ) ਤਿਆਰ ਕਰ ਦੇਣ। ਜੋ ਉਨ੍ਹਾਂ ਨੇ ਝਟਪਟ ਬਣਾ ਕੇ ਦੇ ਦਿਤਾ। ਮੈਂ ਪੰਜ ਸਤ ਪੜ੍ਹੇ ਲਿਖੇ ਆਦਮੀਆਂ ਨੂੰ ਬੈਠਾ ਕੇ ਉਸ ਦੀਆਂ ਨਕਲਾਂ ਕਰਵਾਉਣੀਆਂ ਸ਼ੁਰੂ ਕਰ ਦਿਤੀਆ। ਰਾਤੋ ਰਾਤ ਕੋਈ ਸੌ ਕੁ ਨਕਲਾਂ ਤਿਆਰ ਹੋ ਗਈਆਂ। ਬਾਕੀ ਸਵੇਰੇ ੯ ਤੋਂ ੧੦ ਵਜੇ ਤਕ ਤੇ ਫੇਰ ੧੨ ਵਜੇ ਤਕ ਹੋਣੀਆਂ ਸਨ। ਸੁ ੧੨ ਵਜੇ ਤਕ ਲੋੜ ਤੋਂ ਵਧੇਰੇ ਨਕਲਾਂ ਤਿਆਰ ਹੋ ਗਈਆਂ। ਸਵੇਰੇ ਦੋ ਤਿੰਨ ਅਰਜ਼ੀ ਨਵੀਸਾਂ ਨੂੰ ਬੁਲਾ ਭੇਜਿਆ ਕਿ ੯ ਵਜੇ ਤਕ ਗੁਰਦਵਾਰਾ ਕਮੇਟੀ ਦੇ ਦਫ਼ਤਰ ਪਹੁੰਚ ਜਾਣ।

ਨਨਕਾਣਾ ਸਾਹਿਬ ਨਾ ਕੇਵਲ ਤਹਿਸੀਲ ਹੀ ਸੀ, ਸਗੋਂ ਸਾਕੇ ਦੇ ਫ਼ੌਰਨ ਹੀ ਮਗਰੋਂ ਉਥੇ ਥਾਣਾ ਵੀ ਬਣਾ ਦਿਤਾ ਗਿਆ ਤੇ ਇਕ ਐਸ. ਡੀ. ਓ, (ਹਾਕਮ ਇਲਾਕਾ) ਵੀ ਬੈਠਾ ਦਿਤਾ ਗਿਆ। ਸੋ ਹੁਣ



Digitized by Panjab Digital Library | www.panjabdigilib.org

ਨਨਕਾਣਾ ਸਬ ਡਵੀਯਨ ਵੀ ਬਣ ਗਿਆ । ਜੋ ਪਹਿਲ ਪਹਿਲਾ ਐਸ. ਡੀ. ਓ. ਲਗਾ, ਉਹ ਕਿਸੇ ਸਮੇਂ ਸਰਗੋਧੇ ਵੀ ਐਸ. ਡੀ. ਓ. ਹੀ ਰਹਿ ਚੁਕਾ ਸੀ ਤੇ ਮੇਰਾ ਚੰਗਾ ਵਾਕਫ਼ ਤੇ ਮਿਲਣ ਵਾਲਾ ਸੀ । ਥਾਣੇਦਾਰ ਇਕ ਬੜਾ ਉਚਾ ਲੰਮਾ ਖ਼ਾਨ ਫ਼ਕੀਰ ਉਲਾ ਖਾਂ ਆ ਲਗਾ । ਉਹ ਵੀ ਮੇਰਾ ਜਾਣੂੰ ਪਛਾਣੂੰ ਨਿਕਲ ਆਇਆ । ਅਰਜ਼ੀ ਨਵੀਸ ਕਈ ਸਨ । ਜਿਹੜੇ ਦੋ ਤਿੰਨ ਮੈਂ ਬੁਲਵਾ ਭੇਜੇ ਸਨ, ਉਨ੍ਹਾਂ ਨੂੰ ਦਸ ਦਸ ਰੁਪਏ ਦਿਹਾੜੀ ਦੇਣੇ ਕਰ ਕੇ ਉਨ੍ਹਾਂ ਦੀ ਡਯੂਟੀ ਕੇਵਲ ਏਨੀ ਹੀ ਲਗਾਈ ਗਈ ਕਿ ਜਿਹੜੇ ਪਟੇ ਅਸਾਂ ਤਿਆਰ ਕਰ ਰਖੇ ਸਨ ਉਨ੍ਹਾਂ ਨੂੰ ਅਪਨਾ ਕੇ ਅਰਥਾਤ ਆਪਣੇ ਦਸਤਖ਼ਤ ਕਰ ਕੇ, ਮੁਹਰਾਂ ਲਗਾ ਕੇ ਤੇ ਆਪਣੇ ਰਜਿਸਟਰ ਵਿਚ ਦਰਜ ਕਰ ਕੇ ਉਨ੍ਹਾਂ ਉਤੇ ਮੁਜ਼ਾਰਿਆਂ ਦੇ ਦਸਤਖ਼ਤ ਕਰਵਾ ਲਏ ਜਾਣ ਜਾਂ ਅੰਗੂਠੇ ਲਗਵਾ ਲਏ ਜਾਣ । ਸ਼ਾਮ ਤੋਂ ਪਹਿਲਾਂ ਪਹਿਲਾਂ ਸਾਰੇ ਕਾਗਜ਼ ਮੁਕੰਮਲ ਹੋ ਗਏ ਤੇ ਅਰਜ਼ੀ ਨਵੀਸਾਂ ਦਾ ਕੰਮ ਉਨ੍ਹਾਂ ਦੇ ਸਪੁਰਦ ਕਰ ਕੇ ਅਸੀਂ ਆਪ ਅਗਲੇ ਸਾਲ ਦੇ ਠੇਕੇ ਨੀਲਾਮ ਕਰਨ ਲਗ ਪਏ । ਤੇ ਖਲੋਤੇ ਫ਼ਸਲ ਨੂੰ ਵੀ ਨੀਲਾਮ ਕਰ ਕੇ ਪੰਜ ਰੁਪਏ ਸੈਂਕੜਾ ਠੇਕਿਆਂ ਦਾ ਤੇ ਚੁਹਾਰਮ, ਖਲੋਤੇ ਫ਼ਸਲ ਦੀ ਰਕਮ ਨੀਲਾਮ ਦਾ, ਵਸੂਲ ਕਰ ਲਿਆ । ਠੇਕੇ ਪਿਛਲੇ ਠੇਕੇਦਾਰਾਂ ਦੇ ਹੀ ਨਾਂ, ਸੌ ਸੌ ਦੋ ਦੋ ਸੌ ਰਕਮ ਵਧੇਰੇ ਲੈ ਕੇ, ਖ਼ਤਮ ਕਰ ਦਿਤੇ । ਉਨ੍ਹਾਂ ਦੇ ਸਿਵਾ ਬਾਕੀ ਸਾਡੇ ਆਪਣੇ ਫ਼ਰਜ਼ੀ ਆਦਮੀ ਸਨ । ਜੋ ਲੋੜ ਪੈਣ 'ਤੇ ਗਵਾਹੀ ਦੇ ਸਕਣ ।

ਅਰਜ਼ੀ ਨਵੀਸਾਂ ਨੂੰ ਤਾੜਨਾ ਕਰ ਦਿਤੀ ਸੀ ਕਿ ਜੇ ਉਹ ਆਪਣਾ ਭਲਾ ਲੋੜਦੇ ਹਨ, ਅਤੇ ਨਨਕਾਣਾ ਸਾਹਿਬ ਵਿਚ ਰਹਿਣਾ ਚਾਹੁੰਦੇ ਹਨ, ਤਾਂ ਉਸ ਦਿਨ ਦੀ ਕਾਰਵਾਈ ਆਪਣੇ ਤੀਕ ਹੀ ਰਖਣ ਅਤੇ ਕਿਧਰੇ ਉਸ ਦਾ ਧੂੰਅ ਤਕ ਨਾ ਨਿਕਲਣ ਦੇਣ । ਰਾਤ ਨੂੰ ਹੀ ਸ੍ਰ: ਅਮਰ ਸਿੰਘ ਪਟਵਾਰੀ ਨੂੰ ਬੁਲਾ ਕੇ ਮੈਂ ਉਸ ਨਾਲ ਇਸ ਗੱਲ ਦਾ ਫ਼ੈਸਲਾ ਕੀਤਾ ਕਿ ਅੱਜ ਦੀ ਕਾਰਵਾਈ ਦਾ ਅੰਦਰਾਜ ਉਹ ਆਪਣੇ ਵਾਕਿਆਤੀ ਰੋਜ਼ਨਾਮਚੇ ਵਿਚ ਕਰ ਲਵੇ ਤੇ ਇਹ ਗੱਲ ਬਾਹਰ ਜਾਂ ਉਪਰਲੈ ਅਫ਼ਸਰਾਂ ਤਕ ਨਾ ਜਾਣ ਦੇਵੇ । ਉਸ ਨੂੰ ਧਕੇ ਧਕੀ ਪੰਜ ਰੁਪਏ ਦੇ ਦਿਤੇ ਗਏ, ਜੋ ਇਹ ਸਮਝ ਕੇ ਲੈਣੋਂ ਕੰਨੀ ਕਰਤਾਉਂਦਾ ਸੀ ਕਿ ਸ਼ਾਇਦ ਗੁਰਦੁਆਰੇ ਦੇ ਰਜਿਸਟਰਾਂ ਵਿਚ ਏਸ ਰਕਮ ਦਾ ਅੰਦਰਾਜ ਹੋ ਜਾਵੇਗਾ । ਪਰ



Digitized by Panjab Digital Library | www.panjabdigilib.org

ਜਦੋਂ ਉਸ ਨੂੰ ਇਸ ਗੱਲ ਦਾ ਭਰੋਸਾ ਦਿਵਾ ਦਿਤਾ ਗਿਆ ਕਿ ਇਹ ਰਕਮ ਮੈਂ ਤੇ ਸਰਦਾਰ ਇਕਬਾਲ ਸਿੰਘ ਜੀ ਆਪਣੇ ਪਾਸੋਂ ਦੇ ਰਹੇ ਹਾਂ, ਉਹ ਲੈ ਲੈਣੇ ਮੰਨ ਗਿਆ ਤੇ ਲੈ ਕੇ ਜੇਬ ਵਿਚ ਪਾ ਲਏ । ਨਾ ਪਟਵਾਰੀ ਅਤੇ ਨਾ ਅਰਜ਼ੀ ਨਵੀਸਾਂ ਨੇ ਏਸ ਗੱਲ ਦੀ ਕਿਧਰੇ ਕੋਈ ਉਘ ਸੁਘ ਨਿਕਲਣ ਦਿਤੀ । ਆਮ ਲੋਕਾਂ ਦੀ ਨਜ਼ਰ ਵਿਚ ਇਹ ਗੱਲ ਬਹੁਤ ਮਾਮੂਲੀ ਸਮਝੀ ਜਾਂਦੀ ਸੀ । ਉਨ੍ਹਾਂ ਦਾ ਇਹ ਖ਼ਿਆਲ ਸੀ ਕਿ ਗੁਰਦੁਆਰੇ ਦਾ ਕਬਜ਼ਾ ਸਿਖਾਂ ਨੂੰ ਮਿਲ ਗਿਆ ਹੈ, ਏਸ ਲਈ ਅਗੋਂ ਤੋਂ ਗੁਰਦੁਆਰਾ ਕਮੇਟੀ ਨੇ ਹੀ ਗੁਰਦੁਆਰੇ ਦੀਆਂ ਜ਼ਮੀਨਾਂ ਦੇ ਠੇਕੇ ਦੇਣੇ ਸਨ । ਉਨ੍ਹਾਂ ਲਈ ਇਹ ਗੱਲ ਕੋਈ ਅਲੋਕਾਰ ਨਹੀਂ ਸੀ ਤੇ ਨਾ ਏਸ ਗੱਲ ਦਾ ਕੋਈ ਆਮ ਚਰਚਾ ਹੀ ਕਹਿਣ ਸੁਣਨ ਵਿਚ ਆਇਆ ।

ਜਿਨਸਾਂ ਦੀ ਵੱਟਤ ਦੀ ਰਕਮ, ਖਲੋਤੇ ਫ਼ਸਲ ਦੀ ਨੀਲਾਮ ਦਾ ਜ਼ਰ ਚੁਹਾਰਮ ਤੇ ਅਗਲੇ ਸਾਲ ਦੇ ਠੇਕਿਆਂ ਦਾ ਪੰਜ ਰੁਪਏ ਸੈਂਕੜਾ ਆਦਿ ਰਕਮਾਂ ਰਲਾਮਿਲਾ ਕੇ ਸਾਡੇ ਪਾਸ ਇਕ ਤਕੜੀ ਰਕਮ ਨਕਦ ਜਮ੍ਹਾਂ ਹੋ ਗਈ । ਜੋ ਰਾਤ ਭਰ ਤਾਂ ਦਫ਼ਤਰ ਦੀ ਲੋਹੇ ਦੀ ਪੇਟੀ ਵਿਚ ਰਖੀ ਰਹੀ ਤੇ ਬਾਹਰ ਤਕੜਾ ਪਹਿਰਾ ਲਗਾਈ ਰਖਿਆ ਤੇ ਅਗਲੇ ਦਿਨ ਇਹ ਸਾਰੀ ਜਮ੍ਹਾਂ ਬੈਂਕਾਂ ਵਿਚ ਚਲੀ ਗਈ । ਏਸ ਤਰ੍ਹਾਂ ਨਾਲ ਜ਼ਮੀਨਾਂ ਦਾ ਮਾਮਲਾ ਅਮਨ ਅਮਾਨ ਹੀ ਨਜਿੱਠਿਆ ਗਿਆ । ਫੇਰ ਹਰ ਇਕ ਪਿੰਡ ਵਿਚ ਇਕ ਜਥੇਦਾਰ ਦੇ ਮਾਤਹਿਤ ਅਕਾਲੀ ਜਥਾ ਬੈਠਾ ਦਿਤਾ ਗਿਆ । ਤਾਂ ਜੁ ਪਿੰਡ ਵਿਚ ਅਮਨ ਚੈਨ ਕਾਇਮ ਰਖਿਆ ਜਾਵੇ । ਕੋਈ ਵਾਕਿਆ ਹੋ ਵੀ ਜਾਵੇ ਤਾਂ ਪੁਲਸ ਜਾਂ ਅਦਾਲਤਾਂ ਤਕ ਨਾ ਜਾਣ ਦੇਣ । ਸਗੋਂ ਗੁਰਦੁਆਰਾ ਕਮੇਟੀ ਵਿਚ ਲਿਜਾ ਕੇ ਨਿਪਟਾ ਲੈਣ । ਅਤੇ ਠੇਕੇਦਾਰਾਂ ਨੂੰ ਮੁਜ਼ਾਰਿਆਂ ਪਾਸੋਂ ਵੰਡ ਵੰਡਾਈ ਕਰਵਾ ਦਿਆ ਕਰਨ । ਅਤੇ ਉਨ੍ਹਾਂ ਦੀ ਇਹ ਵੀ ਡਯੂਟੀ ਲਗਾਈ ਗਈ ਕਿ ਉਹ ਰਜਿਸਟਰਾਂ ਵਿਚ ਵੰਡਾਈ ਦਾ ਅੰਦਰਾਜ ਕਰ ਕੇ ਠੇਕੇਦਾਰ, ਮੁਜ਼ਾਰੇ ਤੇ ਨੰਬਰਦਾਰ ਦੇ ਵੀ ਦਸਤਖ਼ਤ ਕਰਵਾ ਲਿਆ ਕਰਨ । ਤੇ ਹਫ਼ਤੇ ਦੇ ਹਫਤੇ ਗੁਰਦੁਆਰਾ ਕਮੇਟੀ ਦੇ ਦਫ਼ਤਰ ਆ ਕੇ ਗੁਰਦੁਆਰਾ ਕਮੇਟੀ ਦੇ ਪੱਕੇ ਰਜਿਸਟਰ ਵਿਚ ਹਫ਼ਤੇ ਭਰ ਦੇ ਕੁਲ ਅੰਦਰਾਜਾਂ ਨੂੰ ਚੜ੍ਹਾ ਜਾਇਆ ਕਰਨ । ਸੁ ਏਸੇ ਤਰ੍ਹਾਂ ਹੀ ਕਰਦੇ ਰਹੇ ।

ਜ਼ਮੀਨਾਂ ਦੇ ਕਬਜ਼ਿਆਂ ਦਾ ਮਾਮਲਾ ਬਿਨਾਂ ਕਿਸੇ ਝਗੜੇ ਝਾਂਜੇ ਜਾਂ ਗੜ



Digitized by Panjab Digital Library | www.panjabdigilib.org

ਬੜ ਦੇ ਚੰਗਾ ਨਜਿੱਠਿਆ ਗਿਆ। ਤੇ ਮੈਂ ਪਰਧਾਨ ਸਾਹਿਬ ਸ੍ਰ: ਹਰਬੰਸ ਸਿੰਘ ਅਟਾਰੀ ਨੂੰ ਚਿੱਠੀ ਲਿਖ ਭੇਜੀ, ਕਿ ਜਿਹੜੀ ਸੇਵਾ ਮੈਂ ਉਨ੍ਹਾਂ ਦੀ ਆਗਿਆ ਲੈ ਕੇ ਆਪਣੇ ਜ਼ਿਮੇ ਲਈ ਸੀ, ਸਤਿਗੁਰੂ ਨੇ ਉਸ ਸੇਵਾ ਵਿਚ ਸਫ਼ਲਤਾ ਦੇ ਦਿਤੀ ਹੈ। ਬਾਕੀ ਸਭ ਕੁਝ ਮਿਲਣ 'ਤੇ ਜ਼ਬਾਨੀ ਦਸਾਂਗਾ। ਜਦ ਥੋੜੇ ਚਿਰ ਪਿਛੋਂ ਉਹ ਨਨਕਾਣਾ ਸਾਹਿਬ ਆਏ, ਤਾਂ ਮੈਨੂੰ ਜੱਫ਼ੀ ਵਿਚ ਲੈ ਕੇ ਬੜਾ ਹੀ ਪਿਆਰ ਕੀਤਾ ਤੇ ਸ਼ਾਬਾਸ਼ ਦਿਤੀ। ਮੈਂ ਕਿਹਾ, "ਜਿਸ ਕਾ ਕਾਰਜ ਤਿਨ ਹੀ ਕੀਆ, ਮਾਨਸ ਕਿਆ ਬੇਚਾਰਾ ਰਾਮ।" ਉਹ ਕਹਿਣ ਲਗੇ, "ਭਾਵੇਂ ਸਭ ਕੁਝ ਕਰਨ ਵਾਲਾ ਕਰਤਾਰ ਕਰਨਹਾਰ ਹੀ ਹੈ, ਪਰ ਫੇਰ ਵੀ ਸ਼ਾਬਾਸ਼ ਮੈਂ ਤੈਨੂੰ ਹੀ ਦਿਆਂਗਾ।"

ਥਾਣੇਦਾਰ ਮੇਰਾ ਪਹਿਲਾਂ ਦਾ ਜਾਣੂੰ ਪਛਾਣੂੰ ਸੀ। ਇਕ ਦਿਨ ਮੈਂ ਉਸ ਨੂੰ ਰੁੱਕਾ ਲਿਖ ਕੇ ਆਪਣੇ ਦਫ਼ਤਰ ਬੁਲਾ ਭੇਜਿਆ ਕਿ ਆਪ ਜੀ ਨਾਲ ਜ਼ਰੂਰੀ ਗੱਲਾਂ ਕਰਨੀਆਂ ਹਨ, ਦਰਸ਼ਨ ਦਿਉ। ਉਹ ਆ ਗਿਆ ਤੇ ਅਸੀਂ ਕਿੰਨੀ ਰਾਤ ਗਈ ਤਕ ਗੱਲਾਂ ਕਰਦੇ ਰਹੇ। ਮੈਂ ਉਸ ਨੂੰ ਇਹ ਸਮਝਾਇਆ "ਕਿ ਵਾਰਦਾਤਾਂ ਤਾਂ ਹਰ ਥਾਂ ਹੁੰਦੀਆਂ ਹੀ ਹਨ, ਏਥੇ ਵੀ ਹੋਇਆ ਕਰਨਗੀਆਂ। ਪਰ ਜੇ ਅਸੀਂ ਰਲ ਮਿਲ ਕੇ ਕਿਸੇ ਗਿਣੀ ਮਿਥੀ ਸਕੀਮ ਅਨੁਸਾਰ ਕੰਮ ਕਰੀਏ ਤਾਂ ਨਾ ਪੁਲਸ ਦੀ ਅਰਥਾਤ ਉਸ ਦੀ ਆਪਣੀ (ਥਾਣੇਦਾਰ ਇਨਚਾਰਜ ਦੀ) ਬਦਨਾਮੀ ਹੋਏਗੀ ਤੇ ਨਾ ਗੁਰਦੁਆਰੇ ਦੇ ਪ੍ਰਬੰਧ ਦੀ, ਅਰਥਾਤ ਮੇਰੀ ਆਪਣੀ।" ਉਸ ਨੇ ਪੁੱਛਿਆ, "ਉਹ ਕਿਸ ਤਰ੍ਹਾਂ ?"

ਮੈਂ ਕਿਹਾ ਤੁਹਾਨੂੰ ਏਸ ਗੱਲ ਦਾ ਪਤਾ ਹੀ ਹੈ ਕਿ ਕਰੀਬ ਕਰੀਬ ਸਭਨਾਂ ਹੀ ਅਕਾਲੀਆਂ ਨੇ ਆਪਣੇ ਫ਼ਰਜ਼ੀ ਨਾਉਂ ਰਖੇ ਹੋਏ ਹਨ। ਅਤੇ ਪਿਤਾ ਦਾ ਨਾਮ "ਗੁਰੂ ਗੋਬਿੰਦ ਸਿੰਘ" ਅਤੇ ਵਾਸੀ ਅਨੰਦਪੁਰ ਸਾਹਿਬ ਦਾ ਹੀ ਦਸ ਰਖਿਆ ਹੈ। ਸੁ ਜੇ ਕੋਈ ਵਾਰਦਾਤ ਹੋ ਜਾਵੇ ਤੇ ਤੁਸੀਂ ਰਪੋਰਟ ਦਰਜ ਕਰ ਲਵੋ ਤਾਂ ਤੁਹਾਨੂੰ ਨਾ ਏਸ ਪਤੇ ਉਪਰ ਮੁਲਜ਼ਮ ਦਾ ਕੋਈ ਥਹੁ ਪਤਾ ਮਿਲੇਗਾ ਅਤੇ ਨਾ ਮੁਕੱਦਮਾ ਹੀ ਸਰਸਬਜ਼ ਹੋਵੇਗਾ। ਤੇ ਜੇ ਦੋ ਕੁ ਮੁਕੱਦਮਿਆਂ ਦਾ ਇਹ ਹਾਲ ਹੋ ਗਿਆ, ਤਾਂ ਨਾ ਕੇਵਲ ਤੁਹਾਡੀ ਬਦਨਾਮੀ ਹੋਵੇਗੀ, ਸਗੋਂ ਨਾਲਾਇਕ ਕਰਾਰ ਦੇ ਕੇ ਕਿਧਰੇ ਦੂਰ ਦੇ ਸਟੇਸ਼ਨ ਉਪਰ ਸੁਟ ਦਿਤੇ ਜਾਉਗੇ ਜਾਂ ਕੋਈ ਹੋਰ ਹੀ ਬੁਰਾ ਨਤੀਜਾ ਸਾਹਮਣੇ ਆ ਜਾਵੇਗਾ। ਜੇ ਮੇਰੇ ਨਾਲ ਸਮਝੌਤਾ ਨਾ ਹੋ ਸਕੇਗਾ, ਤਾਂ



Digitized by Panjab Digital Library | www.panjabdigilib.org

ਮੈਂ ਜੁਰਮ ਕਰਨ ਵਾਲਿਆਂ ਨੂੰ ਕਿਤੇ ਦੂਰ ਦੁਰੇਡੇ ਦੇ ਗੁਰਦੁਆਰੇ ਵਿਚ ਬਦਲੀ ਕਰ ਦਿਆਂਗਾ। ਸਾਡੇ ਗੁਰਦੁਆਰੇ ਬੰਬਈ, ਕਲਕੱਤੇ, ਕਰਾਚੀ, ਪਿਸ਼ਾਵਰ ਤੇ ਨੁਸ਼ਹਿਰਾ ਆਦਿ ਸਾਰੇ ਹਿੰਦ ਵਿਚ ਹਰ ਥਾਂ ਮੌਜੂਦ ਹਨ। ਬਿਨਾਂ ਠੀਕ ਨਾਮ, ਕੌਮੀਅਤ ਤੇ ਸਕੂਨਤ ਦੇ ਤੁਸੀਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ। ਸੁ ਤੁਹਾਨੂੰ ਚਾਹੀਦਾ ਹੈ ਕਿ ਕਿਸੇ ਮਾਮਲੇ ਦੀ ਰਪੋਟ ਮੈਨੂੰ ਮਿਲੇ ਜਾਂ ਮੈਥੋਂ ਪੁੱਛੇ ਬਿਨਾਂ ਕਦੀ ਦਰਜ ਨ ਕਰੋ। ਮੈਂ ਕੋਸਸ਼ ਕਰ ਕੇ ਮਾਮਲਾ ਨਜਿੱਠ ਦਿਆ ਕਰਾਂਗਾ।" ਉਹ ਇਹ ਗੱਲਾਂ ਮੰਨ ਗਿਆ। ਉਸ ਦੇ ਪਸੰਦ ਆ ਗਈਆਂ ਤੇ ਸਾਡਾ ਕੰਮ ਵਾਹਵਾ ਚਲਦਾ ਰਿਹਾ।

ਦੂਜੇ ਪਾਸੇ ਸ: ਬੂਟਾ ਸਿੰਘ ਅਸਿਸਟੈਂਟ ਮੈਨੇਜਰ ਅਤੇ ਮੈਂ ਬੈਠ ਕੇ ਆਪਸ ਵਿਚ ਇਹ ਫ਼ੈਸਲਾ ਕਰ ਲਿਆ ਕਿ ਸਾਡੇ ਦੋਹਾਂ ਵਿਚੋਂ ਇਕ ਗਰਮ ਅਤੇ ਦੂਜਾ ਨਰਮ ਬਣ ਕੇ ਰਲ ਮਿਲਕੇ ਕੰਮ ਕਰੀਏ, ਤਾਂ ਕੰਮ ਠੀਕ ਚਲ ਸਕਦਾ ਹੈ। ਤੇ ਜੇ ਦੋਵੇਂ ਹੀ ਗਰਮ ਜਾਂ ਨਰਮ ਬਣ ਕੇ ਇਕੇ ਪਹੇ ਪੈ ਨਿਕਲੇ ਤਾਂ ਕੰਮ ਠੀਕ ਨਹੀਂ ਬੈਠੇਗਾ। ਉਹ ਛੇਤੀ ਨਾਲ ਬੋਲ ਉੱਠੇ, ਬੱਸ ਠੀਕ ਹੈ। ਜਥੇਦਾਰ ਜੀ ਤੁਸੀਂ 'ਗਰਮ' ਤੇ ਮੈਂ 'ਨਰਮ'।" ਮੈਂ ਕਿਹਾ, "ਤੁਸੀਂ ਬਹੁਤ ਸਿਆਣੇ ਪਏ ਹੋ। 'ਝਗੜੇ ਨਿਪਟਾਊ' ਆਪ ਬਣ ਗਏ ਹੋ। ਹੱਛਾ ਏਸੇ ਤਰ੍ਹਾਂ ਹੀ ਸਹੀ।" ਸੁ ਉਸ ਦਿਨ ਤੋਂ ਅਸਾਂ ਇਹ ਕੰਮ ਕਰਨਾ ਸ਼ੁਰੂ ਕੀਤਾ ਕਿ ਜੋ ਕੰਮ ਕਰਨਾ ਹੋਵੇ, ਪਹਿਲਾਂ ਉਸ ਦੀ ਪੂਰੀ ਪੂਰੀ ਸਕੀਮ ਬਣਾ ਲੈਣੀ। ਕੰਮ ਕਰਨ ਵਾਲਿਆਂ ਦੀਆਂ ਡਯੂਟੀਆਂ ਮੁਕੱਰਰ ਕਰ ਦੇਣੀਆਂ ਅਤੇ ਉਨ੍ਹਾਂ ਨੂੰ ਕਿਤੇ ਬਾਹਰ ਭੇਜਣ ਦਾ ਪਹਿਲਾਂ ਹੀ ਪ੍ਰਬੰਧ ਕਰ ਲੈਣਾ ਤਾਂ ਜੋ ਉਹ ਪੁਲਿਸ ਦੇ ਹੱਥ ਵੀ ਨਾ ਆ ਸਕਣ।

ਇਹ ਕੁਝ ਕਰ ਕੇ ਮੈਂ ਦੋ ਚਾਰ ਦਿਨਾਂ ਲਈ ਬਾਹਰ ਸ੍ਰੀ ਅੰਮ੍ਰਿਤਸਰ ਜਾਂ ਲਾਹੌਰ ਜ਼ਰੂਰੀ ਕੰਮ ਕਰਨ ਲਈ ਚਲੇ ਜਾਣਾ ਤੇ ਮਗਰੋਂ ਕੰਮ ਕਰਨ ਵਾਲਿਆਂ ਨੇ ਕੰਮ ਕਰ ਦੇਣਾ। ਜਦੋਂ ਕਿਸੇ ਨੇ ਪੁਲਿਸ ਪਾਸ ਜਾਣਾ, ਤਾਂ ਉਨ੍ਹਾਂ ਨੇ ਰਪੋਟ ਲਿਖਤ ਵਿਚ ਨਾ ਲਿਆਉਣੀ ਤੇ ਮੁਦੱਈ ਨੂੰ ਸਮਝਾ ਬੁਝਾ ਦੇਣਾ ਕਿ "ਸਹੁਰਿਆਂ ਅਕਾਲੀਆਂ ਤਾਂ ਦਬਾਇਆਂ ਦਬਣਾ ਹੀ ਨਾ ਹੋਇਆ। ਤੇ ਉਨ੍ਹਾਂ ਨਾਲ ਸਮਝੌਤਾ ਕਰਵਾ ਦਿਆਂਗੇ ਤੇ ਤੇਰੀ ਹੱਕ-ਰਸੀ ਹੋ ਜਾਵੇਗੀ। ਇਤਿਆਦਿ।"



Digitized by Panjab Digital Library | www.panjabdigilib.org

ਤੇ ਜੇ ਕੋਈ ਬਹੁਤੀ ਜ਼ਿੱਦ ਹੀ ਪਿੱਟੀ ਜਾਵੇ ਕਿ ਉਸ ਨੇ ਰਪੋਟ ਜ਼ਰੂਰ ਲਿਖਵਾਣੀ ਹੀ ਹੈ, ਤਾਂ ਕਹਿ ਦੇਣਾ ਕਿ ਜਾਹ ਲਿਖਵਾ ਕੇ ਲਿਆ। ਅਸੀਂ ਦਰਜ ਕਰ ਲਵਾਂਗੇ। ਆਪਣੇ ਮੁਲਜ਼ਮਾਂ ਦੇ ਪੂਰ ਪੂਰੇ ਤੇ ਠੀਕ ਠੀਕ ਨਾਮ, ਪਤੇ, ਵਲਦੀਅਤਾਂ ਤੇ ਸਕੂਨਤ ਆਦਿ ਸਭ ਕੁਝ ਤੇ ਨਾਲ ਗਵਾਹਾਂ ਦੇ ਨਾਮ, ਪਤੇ ਵੀ ਲਿਖਵਾ ਕੇ ਲਿਆਵੀਂ ! ਏਸ ਗੱਲ 'ਤੇ ਮੁਦੱਈਆਂ ਨੇ ਟਰਕ ਜਾਣਾ ਤੇ ਜਦੋਂ ਥਾਣੇਦਾਰ ਨੇ ਗੁਰਦੁਆਰੇ ਜਾਣਾ ਤਾਂ ਸਰਦਾਰ ਬੂਟਾ ਸਿੰਘ ਨੇ ਕਹਿ ਦੇਣਾ, "ਮੈਨੇਜਰ ਸਾਹਿਬ ਤਾਂ ਲਾਹੌਰ ਸਰਕਾਰ ਨਾਲ ਗੱਲ ਬਾਤ ਕਰਨ ਗਏ ਹੋਏ ਨੇ। ਜਦ ਉਹ ਆ ਜਾਣਗੇ, ਤਾਂ ਜਿਵੇਂ ਕਹਿਣਗੇ ਹੋ ਜਾਵੇਗਾ।"

ਕਈ ਕੰਮ ਜੋ ਅਕਾਲੀ ਸਿੰਘ ਸਾਥੋਂ ਬਿਨਾਂ ਪੁੱਛਿਆਂ ਆਪਣੇ ਆਪ ਹੀ ਕਰ ਬੈਠਦੇ ਸਨ। (ਮਿਸਾਲ ਦੇ ਤੌਰ 'ਤੇ ਚੋਰੀ ਚਿਕਾਰੀ ਦੀ ਵਾਰਦਾਤ) ਉਹ ਤਾਂ ਅਸੀਂ ਨਿਪਟਾ ਦਿਆ ਕਰਦੇ ਸੀ ਤੇ ਮੁਦੱਈ ਦਾ ਮਾਲ ਵੀ ਉਸ ਨੂੰ ਵਾਪਸ ਕਰਵਾ ਦੇਂਦੇ ਸੀ, ਪਰ ਜਿਹੜੇ ਕੰਮ ਸਾਡੀ ਗਿਣੀ ਮਿਥੀ ਸਕੀਮ ਅਨੁਸਾਰ ਹੁੰਦੇ ਸਨ ਉਹ ਖੱਟੇ ਪੈ ਜਾਇਆ ਕਰਦੇ ਸਨ। ਜਦੋਂ ਦੋ ਤਿੰਨ ਦਿਨ ਦੀ ਢਿੱਲ ਪੈ ਜਾਵੇ ਤਾਂ ਫ਼ੌਜਦਾਰੀ ਮੁਕੱਦਮੇ ਕਾਮਯਾਬ ਨਹੀਂ ਹੋਇਆ ਕਰਦੇ। ਮੇਰੀ ਵਾਪਸੀ ਤਕ ਵਾਰਦਾਤ ਕਰਨ ਵਾਲੇ ਕਿਤੇ ਦੇ ਕਿਤੇ ਚਲੇ ਜਾਇਆ ਕਰਦੇ ਸਨ। ਉਨ੍ਹਾਂ ਨੂੰ ਫੜੇ ਕੌਣ ? ਤੇ ਫੜਵਾਏ ਕੌਣ ?? ਏਸੇ ਤਰ੍ਹਾਂ ਸਮਾਂ ਬੀਤਦਾ ਗਿਆ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸ੍ਰੀ ਨਨਕਾਣਾ ਸਾਹਿਬ ਵਿਚ ਪਲੇਗ ਦੀ ਬੀਮਾਰੀ ਫੁਟ ਪਈ। ਦੋ ਚਾਰ ਸਾਡੇ ਸੇਵਾਦਾਰ ਵੀ ਤੁਰ ਗਏ। ਤੇ ਹੌਲੀ ਹੌਲੀ ਖਿਸਕਣੇ ਸ਼ੁਰੂ ਹੋ ਗਏ।

ਮੇਰੇ ਵਾਸਤੇ ਬੜੀ ਮੁਸ਼ਕਲ ਬਣ ਗਈ। ਮੈਂ ਆਪਣੇ ਬਾਲ ਬੱਚੇ ਆਪਣੇ ਕੋਲ ਮੰਗਵਾ ਬੈਠਾ ਹੋਇਆ ਸੀ। ਮੈਂ ਬਥੇਰਾ ਜ਼ੋਰ ਲਗਾਇਆ ਕਿ ਮੇਰੀ ਸਿੰਘਣੀ ਬਾਲ ਬੱਚੇ ਨੂੰ ਲੈ ਕੇ ਸਰਗੋਧੇ ਚਲੀ ਜਾਵੇ। ਪਰ ਉਹ ਨਾ ਮੰਨੀ। ਮੈਂ ਉਸ ਨੂੰ ਇਹ ਵੀ ਕਿਹਾ ਕਿ ਮੈਂ ਤੁਹਾਨੂੰ ਲਾਹੌਰ ਕਿਰਾਏ 'ਤੇ ਮਕਾਨ ਲੈ ਦੇਂਦਾ ਹਾਂ ਉਥੇ ਹਰਬੰਸ ਸਿੰਘ ਤੁਹਾਡੀ ਖ਼ਬਰ ਰਖੇਗਾ। ਜੇ ਕਹੋਗੇ ਤਾਂ ਤੁਹਾਡੇ ਵਾਲੇ ਮਕਾਨ ਵਿਚ ਹੀ ਤੁਹਾਡੇ ਪਾਸ ਆ ਰਹੇਗਾ। ਕਦੇ ਕਦੇ ਮੈਂ ਵੀ ਤੁਹਾਡੇ ਪਾਸ ਫੇਰਾ ਤੋਰਾ ਰਖਾਂਗਾ, ਪਰ ਮੇਰੀ ਸਿੰਘਣੀ ਨੇ ਕੋਈ ਗੱਲ ਨਾ ਮੰਨੀ। ਉਸ ਦੀ ਇਕੋ ਹੀ



Digitized by Panjab Digital Library | www.panjabdigilib.org

ਦਲੀਲ ਸੀ ਕਿ ਜੇ ਪਲੇਗ ਤੁਹਾਨੂੰ ਕੁਝ ਨਹੀਂ ਆਖੇਗੀ ਤਾਂ ਸਾਨੂੰ ਵੀ ਕੁਝ ਨਹੀਂ ਆਖਣ ਲਗੀ। ਤੁਸੀਂ ਵੀ ਸਾਡੇ ਨਾਲ ਚਲੋ ਤਾਂ ਜਿਥੇ ਕਹੋ ਚਲੇ ਚਲਾਂਗੇ।

ਮੈਂ ਬਥੇਰਾ ਸਮਝਾਇਆ ਕਿ ਭਲੀਏ ਲੋਕੇ ਮੇਰੀ ਪੁਜ਼ੀਸਨ (ਹਾਲਤ) ਇਕ ਡੁਬਦੇ ਬੇੜੇ ਦੇ ਕਪਤਾਨ ਵਾਲੀ ਹੈ। ਉਸ ਦਾ ਫ਼ਰਜ਼ ਹੁੰਦਾ ਹੈ ਕਿ ਜਦ ਬੇੜੇ ਦਾ ਬਚਾਉਣਾ ਉਸ ਨੂੰ ਆਪਣੇ ਵਸੋਂ ਬਾਹਰ ਦਿਖਾਈ ਦੇਣ ਲਗੇ ਤਾਂ ਉਹ ਸਭ ਤੋਂ ਪਹਿਲਾਂ ਬੱਚਿਆਂ ਤੇ ਇਸਤਰੀਆਂ ਨੂੰ ਸੇਫ਼ਟੀ ਬੋਟਸ (ਸੁਰੱਖਿਆ ਬੇੜੀਆਂ) ਰਾਹੀਂ ਡੁਬਦੇ ਬੇੜੇ ਵਿਚੋਂ ਬਾਹਰ ਕਢ ਦੇਵੇ। ਫੇਰ ਬੀਮਾਰਾਂ ਤੇ ਬੁੱਢਿਆਂ ਨੂੰ ਤੇ ਫੇਰ ਬਾਕੀ ਮੁਸਾਫ਼ਰਾਂ ਨੂੰ। ਉਸ ਦੀ ਆਪਣੀ ਵਾਰੀ ਸਭ ਤੋਂ ਮਗਰੋਂ ਜਹਾਜ਼ ਨੂੰ ਛਡਣ ਦੀ ਆਇਆ ਕਰਦੀ ਹੈ। ਜੇ ਮੈਂ ਹੀ ਹੁਣੇ ਨਿਕਲ ਤੁਰਿਆ ਤਾਂ ਬਾਕੀ ਸਾਰਾ ਅਮਲਾ ਫੈਲਾ ਵੀ ਮੇਰੇ ਨਾਲ ਹੀ ਨਿਕਲ ਤੁਰੇਗਾ ਤੇ ਪਿੰਡ ਸਾਰਾ ਹੀ ਖ਼ਾਲੀ ਹੋ ਜਾਵੇਗਾ। ਗੁਰਦੁਆਰੇ ਦਾ ਪ੍ਰਬੰਧ ਕਿਸ ਤਰ੍ਹਾਂ ਚਲੇਗਾ ? ਪਰ ਉਸ ਨੂੰ ਮੇਰੀ ਨਾ ਕੋਈ ਦਲੀਲ ਚੰਗੀ ਲਗੇ ਨ ਤਜਵੀਜ਼।

ਉਹ ਇਕੋ ਗੱਲ ਕਹੀ ਜਾਵੇ ਕਿ ਜਿਥੇ ਤੁਸੀਂ ਰਹੋਗੇ ਅਸੀਂ ਵੀ ਉਥੇ ਹੀ ਰਹਾਂਗੇ। ਓੜਕ ਸੋਚ ਸੋਚ ਕੇ ਮੈਂ ਏਸ ਸਿੱਟੇ 'ਤੇ ਪੁੱਜਾ ਕਿ ਕਿਸੇ ਵੀ ਤਰ੍ਹਾਂ ਭਾਵੇਂ ਧੋਖੇ ਨਾਲ ਹੀ ਸਹੀ, ਬਾਲ ਬੱਚੇ ਨੂੰ ਏਥੋਂ ਜ਼ਰੂਰ ਕਢਣਾ ਹੈ। ਸੋ ਮੈਂ ਆਪਣੇ ਭਤੀਜੇ ਹਰਬੰਸ ਸਿੰਘ ਨੂੰ ਲਾਹੌਰ (ਏਥੇ ਉਹ ਡਾਕਟਰੀ ਪੜ੍ਹਦਾ ਸੀ) ਲਿਖ ਭੇਜਿਆ ਕਿ ਸਾਡੇ ਵਾਸਤੇ ਇਕ ਨਿੱਕਾ ਜਿਹਾ ਮਕਾਨ, ਆਪਣੇ ਕਾਲਜ ਦੇ ਨੇੜੇ ਤੇੜੇ ਕਿਰਾਏ 'ਤੇ ਲੈ ਕੇ ਮੈਨੂੰ ਲਿਖ ਭੇਜੇ। ਪਰ ਚਿੱਠੀ ਅੰਗ੍ਰੇਜ਼ੀ ਵਿਚ ਲਿਖੇ ਤਾਂ ਜੁ ਉਸ ਦੀ ਚਾਚੀ ਨਾ ਪੜ੍ਹ ਲਵੇ।

ਦੋ ਤਿੰਨ ਦਿਨ ਵਿਚ ਹੀ ਹਰਬੰਸ ਸਿੰਘ ਦੀ ਚਿੱਠੀ ਆ ਗਈ ਕਿ ਮਕਾਨ ਦਾ ਪ੍ਰਬੰਧ ਹੋ ਗਿਆ ਹੈ। ਅਤੇ ਲੋੜੀਂਦੀਆਂ ਚੀਜ਼ਾਂ ਲੈ ਕੇ ਰਖ ਦਿਤੀਆਂ ਗਈਆਂ ਹਨ। ਤੇ ਲੋੜ ਅਨੁਸਾਰ ਫ਼ਰਨੀਚਰ, ਤੇ ਮੰਜੇ ਆਦਿ, ਸਾਮਾਨ ਕਿਰਾਏ 'ਤੇ ਲੈ ਲਿਆ ਗਿਆ ਹੈ। ਅਸੀਂ ਝਟ ਪਟ ਲੋੜੀਦਾ ਸਾਮਾਨ ਬੰਨ੍ਹ ਬਨ੍ਹਾ ਕੇ ਉਸੇ ਦਿਨ ਰੇਲ ਰਾਹੀਂ ਲਾਹੌਰ ਪਹੁੰਚ ਗਏ। ਤੁਰਨ ਤੋਂ ਪਹਿਲੇ ਸ੍ਰ: ਬੂਟਾ ਸਿੰਘ ਜੀ ਨੂੰ ਕਹਿ ਦਿਤਾ ਕਿ ਸ਼ਾਮ ਦੇ ਦੀਵਾਨ ਵਿਚ ਸੰਗਤਾਂ ਨੂੰ ਕਹਿ ਦੇਣਾ ਕਿ ਮੈਂ ਕੇਵਲ



Digitized by Panjab Digital Library | www.panjabdigilib.org

ਬਾਲ ਬੱਚੇ ਨੂੰ ਲਾਹੌਰ ਤੱਕ ਛਡਣ ਵਾਸਤੇ ਗਿਆ ਹਾਂ। ਦੋ ਦਿਨ ਦੇ ਅੰਦਰ ਅੰਦਰ ਵਾਪਸ ਆ ਜਾਵਾਂਗਾ। ਇਹ ਨਾ ਸਮਝਿਆ ਜਾਵੇ ਕਿ ਉਹ ਪਲੇਗ ਤੋਂ ਡਰਦਾ ਮਾਰਾ ਨਨਕਾਣਾ ਸਾਹਿਬ ਛਡ ਕੇ ਹੀ ਕਿਧਰੇ ਨੱਸ ਗਿਆ ਹੈ। ਇਹ ਸਾਰੀ ਗੱਲ ਬਾਤ ਸੰਗਤ ਨੂੰ ਜ਼ਰਾ ਖੋਲ੍ਹ ਕੇ ਦਸ ਦੇਣੀ। ਉਨ੍ਹਾਂ ਨੂੰ ਕੋਈ ਭੁਲੇਖਾ ਨਾ ਰਹਿ ਜਾਵੇ।

ਮੈਂ ਦੂਜੇ ਦਿਨ ਹੀ ਆਪਣਾ ਜ਼ਰੂਰੀ ਸਾਮਾਨ ਚੁੱਪ ਕੀਤੇ ਬਾਹਰ ਭੇਜ ਦਿਤਾ ਤੇ ਸਿੰਘਣੀ ਨੂੰ ਏਨੀ ਗੱਲ ਆਖ ਕੇ ਕਿ ਮੈਂ ਕਿਸੇ ਜ਼ਰੂਰੀ ਕੰਮ ਅੰਮ੍ਰਿਤਸਰ ਜਾ ਰਿਹਾ ਹਾਂ, ਉਥੋਂ ਖਿਸਕ ਆਇਆ ਤੇ ਨਨਕਾਣਾ ਸਾਹਿਬ ਜਾ ਹਾਜ਼ਰ ਹੋਇਆ। ਸੰਗਤਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਅਕਾਲੀ ਜਥੇ ਤਾਂ ਅਗੇ ਹੀ ਹੌਸਲੇ ਵਿਚ ਸਨ। ਤੇ ਹਰ ਰੋਜ਼ "ਮਰਉਂ ਤਾਂ ਹਰਿ ਕੇ ਦਵਾਰ" ਦਾ ਸ਼ਬਦ ਪੜ੍ਹਿਆ ਕਰਦੇ ਸਨ।

ਪਲੇਗ ਕੁਝ ਚਿਰ ਪਿਛੋਂ ਮੱਠੀ ਪੈ ਗਈ। ਕਈ ਲੋਕ ਘਰਾਂ ਨੂੰ ਛੱਡ ਕੇ ਨੱਸ ਗਏ ਹੋਏ ਸਨ। ਅਕਾਲੀ ਜਥੇ ਖੁਲ੍ਹੇ ਹਵਾਦਾਰ ਮਕਾਨਾਂ ਵਿਚ ਤੇ ਗੁਰੂ ਕੀ ਸਰਾਂ ਵਿਚ ਰਹਿੰਦੇ ਸਨ। ਸਾਮਾਨ ਉਨ੍ਹਾਂ ਦੇ ਕਮਰਿਆਂ ਵਿਚ ਹੁੰਦਾ ਹੀ ਕੋਈ ਨਹੀਂ ਸੀ। ਪ੍ਰਸ਼ਾਦੇ ਗੁਰੂ ਕੇ ਲੰਗਰ ਤੋਂ ਛੱਕ ਲਿਆ ਕਰਦੇ ਸਨ। ਸੁ ਚੂਹਿਆਂ ਦਾ ਉਨ੍ਹਾਂ ਦੇ ਮਕਾਨਾਂ ਵਿਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਚੂਹਿਆਂ ਤੋਂ ਬਿਨਾਂ ਪਲੇਗ ਕੰਧਾਂ ਨੂੰ ਤਾਂ ਨਹੀਂ ਸੀ ਹੋ ਜਾਣੀ। ਸਫ਼ਾਈ ਦਾ ਵੀ ਇੰਨਾਂ ਜ਼ਬਰਦਸਤ ਇੰਤਜ਼ਾਮ ਹੋ ਗਿਆ ਸੀ ਕਿ ਘਰਾਂ ਦੀ ਤਾਂ ਗੱਲ ਹੀ ਛੱਡ ਦਿਓ, ਗਲੀਆਂ ਵਿਚ ਵੀ ਏਨੀ ਸਫ਼ਾਈ ਸੀ ਕਿ ਦੁੱਧ ਡੁਲ੍ਹਿਆਂ ਮੇਲਾ ਨਾ ਹੋਵੇ। ਦਿਨ ਬੀਤਦੇ ਗਏ ਤੇ ਪਲੇਗ ਬਿਲਕੁਲ ਜਾਂਦੀ ਰਹੀ। ਭਗੌੜੇ ਸੇਵਾਦਾਰ ਮੁੜ ਵਾਪਸ ਆਉਣੇ ਸੁਰੂ ਹੋ ਗਏ। ਪਰ ਅਸਾਂ ਉਨ੍ਹਾਂ ਨੂੰ ਮੁੜ ਨੌਕਰੀ 'ਤੇ ਨਾ ਲਗਾਉਣ ਦਾ ਫ਼ੈਸਲਾ ਕਰ ਲਿਆ ਤੇ ਨਾ ਕਿਸੇ ਨੂੰ ਲਗਾਇਆ ਹੀ ਗਿਆ।

ਮੈਂ ਹਫ਼ਤੇ ਵਿਚ ਇਕ ਅੱਧ ਗੇੜਾ ਲਾਹੌਰ ਦਾ ਕਢ ਆਇਆ ਕਰਦਾ ਸੀ। ਮੇਰੀ ਸਿੰਘਣੀ ਕਹਿ ਦਿਆ ਕਰੇ ਕਿ ਅਸੀਂ ਵੀ ਰੇਲੇ ਚੜ੍ਹ ਕੇ ਨਨਕਾਣਾ ਸਾਹਿਬ ਆ ਜਾਵਾਂਗੇ। ਸਾਨੂੰ ਭਲਾ ਰਾਹ ਦਾ ਪਤਾ ਨਹੀਂ। ਤੇ ਮੈਂ ਹੱਸ ਕੇ ਆਖ ਛਡਿਆ



Digitized by Panjab Digital Library | www.panjabdigilib.org

ਕਰਾਂ ਕਿ ਸਰਕਾਰੀ ਹੁਕਮ ਹੋ ਗਿਆ ਹੈ ਕਿ ਭਗੌੜਿਆਂ ਨੂੰ ਰੇਲ ਦਾ ਟਿਕਟ ਹੀ ਨਾ ਦਿਤਾ ਜਾਵੇ। ਏਸ ਗੱਲ ਦਾ ਉਸ ਨੇ ਡਾਢਾ ਵੱਟ ਛਾਣਨਾ ਕਿ ਨਾਲੇ ਤੇ ਸਾਨੂੰ ਧੋਖੇ ਨਾਲ ਓਥੋਂ ਕੱਢ ਕੇ ਏਥੇ ਡਕ ਰਖਿਆ ਜੇ ਨਾਲੇ ਸਾਨੂੰ 'ਭਗੌੜੇ', ਦਸਦੇ ਹੋ ! ਏਸੇ ਤਰ੍ਹਾਂ ਸਮਾਂ ਬੀਤਦਾ ਗਿਆ ਤੇ ਮੇਰਾ ਬਾਲ ਬੱਚਾ ਵੀ ਨਨਕਾਣਾ ਸਾਹਿਬ ਵਾਪਸ ਪਹੁੰਚ ਗਿਆ।



Digitized by Panjab Digital Library | www.panjabdigilib.org

# ਸਾਡੇ ਸਿਰਾਂ ਦੇ ਇਨਾਮ

ਹੁਸੈਨ ਭੱਟੀ ਜ਼ੈਲਦਾਰ ਦੇ ਪਿੰਡ ਇਕ ਵਡਾ ਭਾਰੀ ਜਲਸਾ ਹੋਇਆ । ਜਿਸ ਦੀ ਪਰਧਾਨਗੀ ਜ਼ੈਲਦਾਰ ਨੇ ਆਪ ਕੀਤੀ । ਉਸ ਜਲਸੇ ਵਿਚ ਮਹੰਤ ਦੇਵਾ ਦਾਸ ਤੇ ਹੋਰ ਬਹੁਤ ਸਾਰੇ ਮਹੰਤ ਨਰੈਣੂ ਦੇ ਚੇਲੇ ਚਾਟੜੇ ਸ਼ਾਮਲ ਹੋਏ ਸਨ । ਦੇਵਾ ਦਾਸ ਨੇ ਉਸ ਜਲਸੇ ਵਿਚ ਐਲਾਨ ਕੀਤਾ ਕਿ ਜੋ ਕੋਈ ਨਨਕਾਣਾ ਸਾਹਿਬ ਦੇ ਮੈਨੇਜਰ ਦਾ ਸਿਰ ਲਾਹ ਕੇ ਲੈ ਆਵੇਗਾ ਉਸ ਨੂੰ ਦਸ ਹਜ਼ਾਰ ਰੁਪਿਆ ਇਨਾਮ ਦਿਤਾ ਜਾਵੇਗਾ ਤੇ ਜੋ ਕੋਈ ਮੀਤ ਮੈਨੇਜਰ ਦਾ ਸਿਰ ਵੱਢ ਲਿਆਵੇ ਉਸ ਨੂੰ ਪੰਜ ਹਜ਼ਾਰ ਇਨਾਮ ਮਿਲੇਗਾ । ਸਾਡੀ ਵੀ ਸੀ. ਆਈ. ਡੀ. ਇਹੋ ਜੇਹੀ ਹਰ ਗੱਲ ਦੀ ਸੂਹ ਰਖਿਆ ਕਰਦੀ ਸੀ ਤੇ ਸਾਨੂੰ ਸਮੇਂ ਸਿਰ ਖ਼ਬਰਦਾਰ ਕਰ ਦਿਆ ਕਰਦੀ ਸੀ । ਇਕ ਘੋੜ ਸਵਾਰ ਨੇ ਸਾਨੂੰ ਏਸ ਗੱਲ ਦੀ ਖ਼ਬਰ ਆ ਦਿਤੀ ।

ਮੈਂ ਸਰਦਾਰ ਬੂਟਾ ਸਿੰਘ ਨੂੰ ਝਟ ਪਟ ਦੋ ਘੋੜੇ ਮੰਗਵਾਉਣ ਲਈ ਕਹਿ ਦਿਤਾ । ਘੋੜੇ ਜਲਦੀ ਹੀ ਆ ਗਏ । ਅਸੀਂ ਦੋਵੇਂ ਜਣੇ ਸਵਾਰ ਹੋ ਕੇ ਘੋੜਿਆਂ ਨੂੰ ਅੱਡੀਆਂ ਲਾ ਹੁਸੈਨ ਭੱਟੀ ਦੇ ਪਿੰਡ ਜਲਸੇ ਲਗੇ 'ਤੇ ਹੀ ਪਹੁੰਚ ਗਏ । ਮੈਂ ਜਾਂਦਿਆਂ ਹੀ ਹੁਸੈਨ ਭੱਟੀ ਨੂੰ ਲਲਕਾਰਿਆ, "ਆ ਗਏ ਨੀ ਮੈਨੇਜਰ ਤੇ ਮੀਤ ਮੈਨੇਜਰ ਦੋਵੇਂ ਹੀ । ਕਢ ਉਸ ਸੂਰਮੇ ਨੂੰ ਜਿਸ ਨੂੰ ਹੌਸਲਾ ਹੈ ਸਾਡੇ ਸਿਰ ਲਹਾ ਕੇ ਡੇੜ੍ਹ ਹਜ਼ਾਰ ਰੁਪਿਆ ਇਨਾਮ ਲੈਣ ਦਾ ।"

ਹੁਸੈਨ ਨੇ ਪਰਧਾਨਗੀ ਦੀ ਕੁਰਸੀ ਤੋਂ ਉਠ ਕੇ ਮੇਰੇ ਪੈਰ ਆਣ ਫੜੇ ਤੇ ਕਹਿਣ ਲਗਾ ਏਸ ਗੱਲ ਵਿਚ ਉਸ ਦਾ ਆਪਣਾ ਕਸੂਰ ਕੋਈ ਨਹੀਂ ਹੈ ।



Digitized by Panjab Digital Library | www.panjabdigilib.org

ਮੈਂ ਕਿਹਾ "ਓਏ ਪਾਜੀਆ, ਤੂੰ ਏਸ ਜਲਸੇ ਦਾ ਪਰਧਾਨ ਬਣਿਆ ਹੋਇਆ ਹੈਂ ਜੇ ਏਸ ਤਜ਼ਵੀਜ਼ ਵਿਚ ਤੂੰ ਆਪ ਸ਼ਾਮਲ ਨਹੀਂ ਤਾਂ ਦਸ ਤੂੰ ਏਸ ਤਜਵੀਜ਼ ਦੀ ਨਿੰਦਾ ਕੀਤੀ ? ਤੇਰੇ ਨਾਲ ਤਾਂ ਮੈਂ ਛੇਤੀ ਹੀ ਸਿਝ ਲਵਾਂਗਾ, ਹੁਸ਼ਿਆਰ ਰਹੀਂ।" ਫੇਰ ਮੈਂ ਦੇਵਾ ਦਾਸ ਵਲ ਹੋਇਆ ਤੇ ਉਸ ਨੂੰ ਲਲਕਾਰ ਕੇ ਆਖ ਦਿਤਾ ਕਿ ਉਹ ਸਿਰ ਵੱਢਣ ਵਾਸਤੇ ਆਪ ਪਿਓ ਦਾ ਪੁੱਤ ਬਣੇ, ਲੋਕਾਂ ਨੂੰ ਇਨਾਮਾਂ ਦੇ ਲਾਲਚ ਕਿਉਂ ਸੁਣਾਉਂਦਾ ਫਿਰਦਾ ਹੈ। ਫੇਰ ਜਲਸੇ ਵਿਚ ਬੈਠਿਆਂ ਸਾਰਿਆਂ ਹੀ ਲੋਕਾਂ ਨੂੰ ਲਲਕਾਰਾ ਦਿਤਾ ਕਿ ਕੋਈ ਹੈ ਇਨਾਮ ਲੈਣ ਦਾ ਸ਼ੁਕੀਨ ਤਾਂ ਅਗੇ ਆ ਜਾਵੇ। ਪਰ ਆਉਂਦਾ ਕੌਣ ?

ਜਦ ਅਗੋਂ ਕੋਈ ਉਤਰ ਨਾ ਮਿਲਿਆ ਤਾਂ ਮੈਂ ਦੇਵਾ ਦਾਸ ਨੂੰ ਕਿਹਾ "ਖ਼ਬਰਦਾਰ ! ਜੇ ਨਨਕਾਣਾ ਸਾਹਿਬ ਵਿਚ ਪੈਰ ਵੀ ਪਾਇਆ। ਮੈਂ ਅਕਾਲੀਆਂ ਨੂੰ ਹੁਕਮ ਕਰ ਦੇਵਾਂਗਾ ਕਿ ਇਹ ਜਿਥੇ ਵੀ ਮਿਲੇ ਇਸ ਨੂੰ ਲੰਮਿਆਂ ਪਾ ਕੇ ਸੌ ਛਿੱਤਰ ਇਸ ਦੇ ਸਿਰ ਵਿਚ ਟਿੱਕਾ ਦੇਣ।" ਸੁ ਦੇਵਾ ਦਾਸ ਉਸ ਦਿਨ ਮਗਰੋਂ ਕਦੀ ਵੀ ਨਨਕਾਣਾ ਸਾਹਿਬ ਦੇਖਣ ਵਿਚ ਨਾ ਆਇਆ। ਸਾਨੂੰ ਸਜਣਾਂ ਮਿੱਤਰਾਂ ਦੀਆਂ ਚਿੱਠੀਆਂ ਆਉਂਦੀਆਂ ਰਹਿੰਦੀਆਂ ਸਨ ਕਿ ਸਭਲ ਕੇ ਰਹਿਣਾ ਤੁਹਾਡੇ ਖ਼ੂਨ ਦੇ ਤਿਹਾਏ ਬਹੁਤ ਫਿਰ ਰਹੇ ਹਨ। ਉਨ੍ਹਾਂ ਨੂੰ ਜਦ ਵੀ ਮੌਕਾ ਮਿਲਿਆ ਉਹ ਵਾਰ ਕਰਨ ਤੋਂ ਉਕਣਗੇ ਨਹੀਂ। ਅਸੀਂ ਉਨ੍ਹਾਂ ਨੂੰ ਇਹੋ ਕਹਿ ਕੇ ਹੱਸ ਛਡਦੇ ਕਿ "ਜਿਸ ਕੇ ਸਿਰ ਊਪਰ ਤੂੰ ਸਵਾਮੀ, ਸੋ ਦੁਖ ਕੈਸਾ ਪਾਵੇ ?" ਮਾਰਨ ਵਾਲੇ ਮਰ ਖਪ ਗਏ, ਪਰ ਮੈਂ ਤੇ ਮੇਰਾ ਮੀਤ ਮੈਨੇਜਰ ਦੋਵੇਂ ਭਰਾ ਜੀਉਂਦੇ ਜਾਗਦੇ ਫਿਰ ਰਹੇ ਹਾਂ।

ਕੁਝ ਸਾਲ ਹੋਏ ਕਿ ਸਰਦਾਰ ਬੂਟਾ ਸਿੰਘ ਜੀ ਸੁਭਾਵਕ ਹੀ ਜ਼ਿਲਾ ਕਚਹਿਰੀ ਅੰਮ੍ਰਿਤਸਰ ਕਿਸੇ ਕੰਮ ਆਏ ਹੋਏ ਮਿਲ ਪਏ। ਦੌੜ ਕੇ ਆ ਮੈਨੂੰ ਜੱਫੀ ਪਾਈ। ਪੁੱਛਣ ਲਗੇ ਕਿ ਵਕਾਲਤ ਦੀ ਪ੍ਰੈਕਟਿਸ ਕਰਦੇ ਹੋ ? ਮੈਂ ਸੁਣਿਆ ਸੀ ਕਿ ਛੱਡ ਬੈਠੇ ਹੋ। ਮੁਕੱਦਮਿਆਂ ਵਾਲੇ ਬੜਾ ਹੀ ਤੰਗ ਕਰਦੇ ਹਨ। ਕੋਈ ਚੰਗਾ ਜਿਹਾ ਵਕੀਲ ਕਰ ਦਿਓ ! ਤੇ ਥੋੜਾ ਬਹੁਤ ਆਪ ਵੀ ਕਰ ਲਿਆ ਕਰੋ, ਸਹਿਜੇ ਹੀ ਹਜ਼ਾਰ ਬਾਰਾਂ ਸੌ ਰੁਪਿਆ ਬਣ ਜਾਇਆ ਕਰੇਗਾ। ਮੈਂ ਹੱਸ ਪਿਆ ਤੇ ਕਿਹਾ ਕਿ ਬਥੇਰਾ ਕਰ ਲਿਆ ਹੈ ਤੇ ਬਥੇਰਾ ਕਮਾ ਲਿਆ ਹੈ। ਬਸ ਤਾਂ ਕਿਤੇ ਹੈ ਹੀ ਨਹੀਂ



Digitized by Panjab Digital Library | www.panjabdigilib.org

ਵਕੀਲ ਤਾਂ ਏਥੇ ਕਈ ਚੰਗੇ ਚੰਗੇ ਹਨ ਕਿਸੇ ਨੂੰ ਕਰਵਾ ਦਿਆ ਕਰੋ । ਤੁਹਾਡੇ ਭਾਈਚਾਰੇ ਨੇ ਜੁਰਮ ਕਰਨੋਂ ਤਾਂ ਹਟਣਾ ਹੀ ਨਹੀਂ, ਆਦਿ ।

ਇਸ ਮੁਲਾਕਾਤ ਦੇ ਮਗਰੋਂ ਫੇਰ ਮੈਨੂੰ ਕਦੀ ਨਹੀਂ ਮਿਲੇ ਅਜ ਕਲ੍ਹ ਪਤਾ ਨਹੀਂ ਕਿਥੇ ਹਨ । "ਤੁਸੀਂ ਗਰਮ ਤੇ ਮੈਂ ਨਰਮ" ਆਖਣ ਵਾਲੇ ।



Digitized by Panjab Digital Library | www.panjabdigilib.org

# ਭਾਈ ਮੀਹਾਂ ਸਿੰਘ ਬੱਕਰੀਆਂ ਵਾਲਾ

ਮਹੰਤ ਨਰੈਣੂ ਸਾਡੀ ਵੱਖੀ ਵਿਚ ਇਕ ਤਿੱਖੀ ਸੂਲ ਖੋਭ ਗਿਆ ਹੋਇਆ ਸੀ। ਉਸ ਨੇ ਗੁਰੂ ਕੀ ਸਰਾਂ ਵਿਚ ਇਕ ਨੁੱਕਰੇ ਕਰ ਕੇ ਛੇ ਕੋਠੜੀਆਂ ਇਕ ਮੀਹਾਂ ਸਿੰਘ ਨਾਮ ਦੇ ਬੱਕਰੀਆਂ ਵਾਲੇ ਨੂੰ ਕਿਰਾਏ 'ਤੇ ਦਿਤੀਆਂ ਹੋਈਆਂ ਸਨ। ਇਨ੍ਹਾਂ ਛਿਆਂ ਕੋਠੜੀਆਂ ਅੱਗੇ ਇਕ ਵਲਗਣ ਵਲੀ ਹੋਈ ਸੀ। ਮਲੂਮ ਹੁੰਦਾ ਸੀ ਕਿ ਮੀਹਾਂ ਸਿੰਘ ਬਹੁਤ ਸਾਰੇ ਸਾਲਾਂ ਤੋਂ ਓਥੇ ਰਹਿ ਰਿਹਾ ਸੀ। ਬੱਕਰੀਆਂ ਵੀ ਉਸ ਪਾਸ ਚੋਖੀਆਂ ਸਾਰੀਆਂ ਸਨ। ਅਸੀਂ ਚਾਹੁੰਦੇ ਸੀ ਕਿ ਉਹ ਇਹ ਥਾਂ ਛੱਡ ਕੇ ਚਲਾ ਜਾਵੇ। ਸਾਨੂੰ ਸੰਗਤਾਂ ਵਾਸਤੇ ਇਨ੍ਹਾਂ ਕੋਠੜੀਆਂ ਦੀ ਬੜੀ ਲੋੜ ਸੀ। ਤੇ ਨਾਲੇ ਮੀਹਾਂ ਸਿੰਘ ਦੀਆਂ ਬੱਕਰੀਆਂ ਫ਼ਸਲ ਦਾ ਬੜਾ ਹੀ ਉਜਾੜਾ ਕਰਿਆ ਕਰਦੀਆਂ ਸਨ ਤੇ ਮੀਹਾਂ ਸਿੰਘ ਰੁੱਖਾਂ 'ਤੇ ਪੱਤਾ ਨਹੀਂ ਸੀ ਛੱਡਦਾ। ਜ਼ਿਮੀਂਦਾਰ ਤੇ ਸਾਡੇ ਮੁਜ਼ਾਰੇ ਉਸ ਦੇ ਹੱਥੋਂ ਬੜੇ ਹੀ ਸਤੇ ਹੋਏ ਸਨ।

ਅਸਾਂ ਬੜੇ ਯਤਨ ਕੀਤੇ ਉਹ ਕਿਸੇ ਤਰ੍ਹਾਂ ਭਲਮਾਣਸੀ ਨਾਲ ਉਨ੍ਹਾਂ ਕੋਠੜੀਆਂ ਨੂੰ ਛੱਡ ਜਾਵੇ। ਉਸ ਦੀਆਂ ਮਿੰਨਤਾਂ ਵੀ ਕੀਤੀਆਂ। ਦੋ ਕੁ ਹੋਰ ਹਵੇਲੀਆਂ ਭੀ ਉਸ ਨੂੰ ਲੈ ਕੇ ਦੇਣ ਵਾਸਤੇ ਦਿਖਾਈਆਂ, ਪਰ ਉਹ ਕਿਸੇ ਕੁੱਲ 'ਤੇ ਨਾ ਆਇਆ। ਉਹ ਆਦਮੀ ਬੜਾ ਹੀ ਅਵੈੜਾ ਤੇ ਖੋਚਰੀ ਵੀ ਬੜਾ ਸੀ। ਜਦ ਅਸੀਂ ਉਸ ਨੂੰ ਸਮਝਾ ਸਮਝਾ ਕੇ ਸਿਰ ਦੀਆਂ ਸਾਰੀਆਂ ਹੀ ਠੀਕਰੀਆਂ ਭੰਨ ਹਟੇ ਤਾਂ ਅਸਾਂ ਫ਼ੈਸਲਾ ਕਰ ਲਿਆ ਕਿ ਇਸ ਨੂੰ ਇਕ ਵਾਰ ਕਰਾਰੇ ਹੱਥ ਦਿਖਾਏ ਬਿਨਾਂ ਇਹ ਸਾਡਾ ਖਹਿੜਾ ਕਦੀ ਨਹੀਂ ਛੱਡਣ ਲੱਗਾ। ਸੁ ਉਸ ਨੂੰ



Digitized by Panjab Digital Library | www.panjabdigilib.org

ਅਸਾਂ ਆਪਣੇ ਡੁਰਲੀ ਜਥੇ ਦੇ ਸਪੁਰਦ ਕਰ ਦਿੱਤਾ।

ਇਕ ਦਿਨ ਜਦ ਕਿ ਉਸ ਨੂੰ ਡੁਰਲੀ ਜਥੇ ਨੇ ਚਾਹਟਾ ਛਕਾਉਣ ਦਾ ਪ੍ਰੋਗਰਾਮ ਬਣਾ ਰੱਖਿਆ ਸੀ, ਮੈਂ ਸਰਾਂ ਦੇ ਬਾਹਰ ਵਾਰ ਆਣ ਖਲੋਤਾ ਤੇ ਜਥੇ ਨੇ ਆਪਣੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਕਿ ਏਨੇ ਨੂੰ ਚੌਧਰੀ ਹੁਸੈਨ ਅਲੀ ਐਸ. ਡੀ. ਓ. ਮੇਰੇ ਕੋਲ ਆ ਕੇ ਗੱਲੀਂ ਲੱਗ ਗਏ। ਏਨੇ ਚਿਰ ਨੂੰ ਸਰਾਂ ਦੇ ਅੰਦਰੋਂ "ਮਾਰ ਸੁੱਟਿਆ, ਮਾਰ ਦਿੱਤਾ, ਲੋਕੋ ਬਚਾਓ" ਦੀਆਂ ਬੜੀਆਂ ਉੱਚੀ ਉੱਚੀ ਆਵਾਜ਼ਾਂ ਸੁਣਾਈ ਦੇਣ ਲੱਗ ਪਈਆਂ। ਮੈਂ ਕੋਲ ਖਲੋਤੇ ਸੇਵਾਦਾਰ ਨੂੰ ਕਿਹਾ, "ਓਏ ! ਦੌੜ ਕੇ ਜਾ ਕੇ ਵੇਖ ਖਾਂ ਇਹ ਰੌਲਾ ਗੌਲਾ ਕਿਹਾ ਹੈ ?" ਜਿਸ ਤਰ੍ਹਾਂ ਮੈਨੂੰ ਕੁਝ ਪਤਾ ਹੀ ਨਹੀਂ ਹੁੰਦਾ। ਉਹ ਪਰਤ ਕੇ ਆਇਆ ਤੇ ਆਖਣ ਲੱਗਾ — "ਜੀ ! ਮੀਹਾਂ ਸਿੰਘ ਨੂੰ ਚਾਹਟਾ ਛਕਾਈਦਾ ਹੈ।"

ਚੌਧਰੀ ਹੈਰਾਨ ਹੋ ਕੇ ਮੇਰੇ ਵੱਲ ਤੱਕਣ ਲੱਗ ਪਿਆ। ਉਸ ਵਿਚਾਰੇ ਨੂੰ ਚਾਹਟੇ ਦੇ ਅਰਥਾਂ ਦਾ ਕੋਈ ਪਤਾ ਨਹੀਂ ਸੀ। ਸੁ ਮੈਂ ਉਨ੍ਹਾਂ ਨੂੰ ਮਤਲਬ ਸਮਝਾਇਆ ਕਿ ਮੁਸ਼ਤਬਾਹ ਲੋਕਾਂ ਪਾਸੋਂ ਚੋਰੀ ਦਾ ਮਾਲ ਬਰਾਮਦ ਕਰਨ ਵਾਸਤੇ, ਜਾਂ ਇਕਬਾਲ ਜੁਰਮ ਕਰਾਉਣ ਵਾਸਤੇ ਪੁਲਸ ਉਨ੍ਹਾਂ ਨਾਲ ਜੋ ਸਲੂਕ ਕਰਿਆ ਕਰਦੀ ਹੈ ਓਹੀ ਸਲੂਕ ਸਾਡਾ ਡੁਰਲੀ ਜਥਾ ਵਿਗੜਿਆਂ ਤਿਗੜਿਆਂ ਨੂੰ ਸਿੱਧੇ ਰਾਹ ਪਾਉਣ ਵਾਸਤੇ ਉਨ੍ਹਾਂ ਨਾਲ ਕਰਿਆ ਕਰਦਾ ਹੈ।" ਚੌਧਰੀ ਅਜੇ ਵੀ ਕੁਝ ਸੋਚ ਵਿਚਾਰ ਕਰ ਰਿਹਾ ਸੀ ਕਿ ਮੈਂ ਉਸ ਨੂੰ ਭਾਈ ਮੀਹਾਂ ਸਿੰਘ ਦਾ ਸਾਰਾ ਕਿੱਸਾ ਖੋਲ੍ਹ ਸੁਣਾਇਆ। ਅਤੇ ਇਹ ਵੀ ਦੱਸਿਆ ਕਿ ਅਸਾਂ ਉਸ ਦੇ ਨਾਲ ਨਰਮੀ ਦੇ ਸਾਰੇ ਹੀ ਤਰੀਕੇ ਵਰਤ ਵੇਖੇ ਹਨ। ਜਦ ਸਾਨੂੰ ਉਸ ਤਰ੍ਹਾਂ ਕੋਈ ਸਫਲਤਾ ਹੁੰਦੀ ਦਿਖਾਈ ਨਹੀਂ ਦਿੱਤੀ ਤਾਂ ਅਸਾਂ ਉਸ ਨਾਲ ਸਖ਼ਤੀ ਦਾ ਰਾਹ ਫੜਿਆ ਹੈ। ਹੁਣ ਅਸੀਂ ਉਸ ਨਾਲ ਸਖ਼ਤੀ ਕਰਾਂਗੇ ਤੇ ਜ਼ਬਰਦਸਤੀ ਕੱਢ ਦਿਆਂਗੇ। ਉਹ ਕਹਿਣ ਲੱਗਾ ਕਿ ਅਦਾਲਤਾਂ ਕਿਸ ਮਰਜ਼ ਦੀ ਦਵਾ ਹਨ ?

ਮੈਂ ਕਿਹਾ ਕਿ "ਜੀ ! ਉਹ ਤਰੀਕਾ ਬਹੁਤ ਲੰਮਾ ਹੈ।" ਨਾਲੇ ਮੈਂ ਉਸ ਨੂੰ ਆਪਣੀ ਬੇ-ਬਸੀ ਵੀ ਦੱਸ ਦਿੱਤੀ ਕਿ "ਸ਼੍ਰੋ: ਗੁ: ਪ੍ਰ: ਕਮੇਟੀ ਨੇ ਨਾ-ਮਿਲ-ਵਰਤਣ ਦਾ ਮਤਾ ਪਾਸ ਕਰ ਕੇ ਸਾਡੇ ਵਾਸਤੇ ਪੁਲਸ ਤੇ ਅਦਾਲਤਾਂ ਦੀ ਸਹਾਇਤਾ ਲੈਣ ਦੇ ਸਾਰੇ ਰਸਤੇ ਬੰਦ ਕਰ ਛੱਡੇ ਹਨ। ਸੁ ਸਾਨੂੰ ਆਪਣੇ ਹੀ



Digitized by Panjab Digital Library | www.panjabdigilib.org

ਤੌਰ-ਤਰੀਕੇ ਵਰਤਣੇ ਪੈ ਰਹੇ ਹਨ ।

ਚੌਧਰੀ : ਤੁਹਾਨੂੰ ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਸਰਕਾਰ ਅੰਗਰੇਜ਼ੀ ਦਾ ਸਾਇਆ ਅਜੇ ਦੇਸ਼ ਵਿਚੋਂ ਦੂਰ ਨਹੀਂ ਹੋਇਆ ।

ਮੈਂ : ਇਹ ਗੱਲ ਸੋਲਾਂ ਆਨੇ ਠੀਕ ਹੈ । ਪਰ, ਅੰਗਰੇਜ਼ੀ ਰਾਜ ਦੇ ਪਰਮੁੱਖ ਕਾਰਿੰਦੇ, ਪੁਲਸ ਹੋਵੇ ਜਾਂ ਅਦਾਲਤਾਂ ਹੋਣ ਸਾਡੇ ਆਦਮੀਆਂ ਨੂੰ ਤਦੇ ਹੀ ਤਾਂ ਹੱਥ ਪਾਉਣ ਜੇਕਰ ਉਹ ਇਨ੍ਹਾਂ ਨੂੰ ਡਾਹੀ ਦੇ ਦੇਣ ।

ਚੌਧਰੀ : ਕਾਨੂੰਨ ਦੇ ਹੱਥ ਬੜੇ ਲੰਮੇ ਹਨ । ਏਸ ਦੀ ਮਾਰ ਪਾਸੋਂ ਕੋਈ ਕਿਥੋਂ ਕੁ ਤਕ ਬਚਿਆ ਰਹਿ ਸਕਦਾ ਹੈ ? ਪਹਿਲੋਂ ਸੰਮਣ ਜਾਰੀ ਹੋਣਗੇ । ਹਾਜ਼ਰ ਨਾ ਹੋਵੇਗਾ ਤਾਂ ਵਾਰੰਟ । ਜੇ ਵਾਰੰਟ ਨਾਲ ਵੀ ਹਾਜ਼ਰ ਨਾ ਹੋਇਆ ਤਾਂ ਬਿਨਾਂ ਜ਼ਮਾਨਤ ਵਾਰੰਟ ਫੇਰ ਇਸ਼ਤਿਹਾਰੀ ਮੁਲਜ਼ਮ ਤੇ ਜ਼ਬਤੀ ਜਾਇਦਾਦ ।

ਮੈਂ : ਪਰ ਏਸ ਕਾਨੂੰਨ ਦੀ ਮਾਰ ਤੋਂ ਮੇਰੇ ਅਕਾਲੀ ਭਰਾ ਮੁਤਸਨਾ (ਬਾਹਰ) ਹਨ । ਸੰਮਣ ਕਿਸ ਨੂੰ ? ਤੇ ਬਿਲਾ ਜ਼ਮਾਨਤ ਵਾਰੰਟ ਕਿਸ ਦੇ ਕੱਢੋਗੇ ?

ਚੌਧਰੀ : ਮੁਲਜ਼ਮਾਂ ਦੇ ਹੋਰ ਕਿਸ ਦੇ ? ਸ਼ਾਇਦ ਕਿਸੇ ਵੇਲੇ ਆਪ ਹੀ ਕਿਸੇ ਲਪੇਟ ਵਿਚ ਆ ਜਾਓ ।

ਮੈਂ : ਜਿਥੋਂ ਤਕ ਮੇਰੀ ਜ਼ਾਤ ਦਾ ਸੰਬੰਧ ਹੈ, ਮੈਂ ਤਾਂ ਅਜੇਹੀ ਲਪੇਟ ਨੂੰ ਜੀ-ਆਇਆਂ ਕਰਾਂਗਾ । ਕੁਝ ਦਿਨ ਆਰਾਮ ਤਾਂ ਮਿਲ ਜਾਏਗਾ ।

ਚੌਧਰੀ : ਕਾਨੂੰਨ ਤੋਂ ਜਾਣੂੰ ਹੋ ਕੇ ਵੀ ਇਹੋ ਜਿਹੇ ਕੰਮ ਕਰਵਾਉਂਦੇ ਹੋ ?

ਮੈਂ : ਜੇ ਮੈਂ ਲਪੇਟ ਵਿਚ ਆ ਗਿਆ ਤਾਂ ਮੇਰੇ ਵਿਰੁਧ ਉਸ ਨੂੰ ਇਕ ਵੱਡਾ ਮੁਹਤਬਰ ਗਵਾਹ ਤਾਂ ਮਿਲ ਹੀ ਜਾਵੇਗਾ ।

ਚੌਧਰੀ : ਉਹ ਕਿਹੜਾ ?

ਮੈਂ : ਮੇਰਾ ਪਰਮ ਹਿੱਤੂ ਤੇ ਮਿੱਤਰ ।

ਚੌਧਰੀ : ਉਹ ਕੌਣ ?

ਮੈਂ : ਚੌਧਰੀ ਹੁਸੈਨ ਅਲੀ, ਐਸ. ਡੀ. ਓ. ਸ੍ਰੀ ਨਨਕਾਣਾ ਸਾਹਿਬ ਸਬ ਡਵੀਯਨ, ਜ਼ਿਲ੍ਹਾ ਸ਼ੇਖ਼ੂਪੁਰਾ । ਹੋਰ ਕੌਣ ?

ਚੌਧਰੀ : ਇਹ ਡਹੂਸ਼ ਤੇ ਉਜੱਡ ਲੋਕ ਕਿਤੇ ਅਵੱਲੀ ਕੁਵੱਲੀ ਸਟ ਪੇਟ ਲਾ ਬੈਠੇ ਤੇ ਕੋਈ ਬੰਦਾ ਮਰ ਗਿਆ ਤਾਂ ਸਹਿਜੇ ਹੀ ੩੦੨ ਵਿਚ ਕਤਲ ਦਾ



Digitized by Panjab Digital Library | www.panjabdigilib.org

ਮੁਕੱਦਮਾ ਖੜਾ ਹੋ ਜਾਏਗਾ। ਫੇਰ ਲੈਣੇ ਦੇ ਦੇਣੇ ਪੈ ਜਾਣਗੇ।

ਮੈਂ : ਸੁਣੋ ਮੇਰੇ ਪਿਆਰੇ ਵੀਰ ਜੀ ! ਇਨ੍ਹਾਂ ਉਜੱਡ ਲੋਕਾਂ ਨੂੰ ਚੰਗੀ ਤਰ੍ਹਾਂ ਹਦਾਇਤ ਕਰ ਦਿੱਤੀ ਗਈ ਹੈ ਕਿ ੩੨੩ ਤੋਂ ਉਪਰ ਨਹੀਂ ਟੱਪਣਾ। ਤੇ ਸਮਝਾ ਦਿੱਤਾ ਗਿਆ ਹੈ ਕਿ ਜਿਸ ਨੂੰ ਵੀ ਚਾਹਟਾ ਛਕਾਉਣਾ ਹੋਇਆ ਕਰੇ ਉਸ ਨੂੰ ਮੂੰਹਦੇ ਮੂੰਹ ਲੰਮਿਆਂ ਪਾ ਕੇ, ਚਿੱਤੜ ਨੰਗੇ ਕਰ ਕੇ, ਪੱਕਾ ਸੋਲ੍ਹੀਆ ਜੁਤ ਫੇਰ ਕੇ ਪੁੜੇ ਪਾ ਦਿੱਤੇ ਜਾਣ। ਅਤੇ ਛੱਡਿਆ ਤਦ ਤਕ ਨਾ ਜਾਵੇ ਜਦ ਤਕ ਉਹ ਉਹੋ ਕੁਝ ਕਰਨਾ ਮੰਨ ਨਾ ਲਵੇ ਜੋ ਅਸੀਂ ਕਰਵਾਉਣਾ ਚਾਹੁੰਦੇ ਹੋਈਏ। ਤੇ ਜਦ ਤਕ ਮੰਨ ਨਾ ਜਾਣ ਰੋਜ਼ ਦੇ ਰੋਜ਼ ਚਾਹਟਾ ਛਕਾਈਦਾ ਰਹੇ।

ਉਹ ਭਾਵੇਂ ਕਿੱਡਾ ਵੀ ਰਾਠ ਪਿਆ ਹੋਵੇ, ਅਵਲ ਤਾਂ ਪਹਿਲੇ ਦਿਨ ਹੀ ਹਦੀਸਾਂ ਫੜ ਜਾਂਦਾ ਹੈ। ਨਹੀਂ ਤਾਂ ਹਦ ਦੂਸਰੇ ਦਿਨ ਸਿੱਧਾ ਤੁੱਕ ਹੋ ਤੁਰਦਾ ਹੈ। ਤੀਜੇ ਦਿਨ ਤਾਂ ਕਦੀ ਖੇਚਲ ਕਰਨੀ ਪਈ ਹੀ ਨਹੀਂ। ਤੁਸੀਂ ਇਹ ਤਾਂ ਭਲੀ ਭਾਂਤ ਜਾਣਦੇ ਹੋ ਕਿ ਚਿੱਤੜਾਂ ਦਾ ਮਾਸ ਕਾਫ਼ੀ ਮੋਟਾ ਹੁੰਦਾ ਹੈ ਤੇ ਛਿੱਤਰ ਨਾਲ ਕਦੀ ਕੋਈ ਹੱਡੀ ਟੁੱਟਦੀ ਵੀ ਸੁਣੀ ਨਹੀਂ ਤੇ ਜਦ ਤਕ ਹੱਡੀ ਨਾ ਟੁੱਟੇ ਪੁਲਿਸ ਕੋਈ ਦਖ਼ਲ ਦੇ ਸਕਦੀ ਹੀ ਨਹੀਂ। ੩੨੩ ਕੋਈ ਕਾਬਿਲੇ ਦਖ਼ਲ ਅੰਦਾਜ਼ੀ ਪੁਲਿਸ ਜੁਰਮ ਹੈ ਨਹੀਂ। ਤੇ ਅਦਾਲਤਾਂ ਦੇ ਕਾਗ਼ਜ਼ੀ ਘੋੜੇ ਵੀ ਮੱਠੀ ਚਾਲ ਹੀ ਚੱਲਦੇ ਹਨ। ਪਹਿਲੋਂ ਫ਼ਰਯਾਦੀ ਇਸਤਗ਼ਾਸਾ ਦਾਇਰ ਕਰੇ, ਡਾਕਟਰੀ ਮੁਆਇਨਾ ਕਰਵਾ ਕੇ ਸਰਟੀਫ਼ੀਕੇਟ ਹਾਸਲ ਕਰੇ। ਸਰਸਰੀ ਸਬੂਤ ਪੇਸ਼ ਕਰ ਕੇ ਘੱਟੋ ਘੱਟ ਦੋ ਗਵਾਹ ਭੁਗਤਾਵੇ। ਫੇਰ ਕਿਤੇ ਜਾ ਕੇ ਸੰਮਨ ਜਾਰੀ ਹੋਣ।

ਇਨ੍ਹਾਂ ਸੰਮਣਾਂ ਦੇ ਜਾਰੀ ਕਰਵਾਉਂਦਿਆਂ ਤੇ ਫੇਰ ਉਨ੍ਹਾਂ ਦੀ ਤਾਮੀਲ ਵਾਸਤੇ ਚੱਕਰ ਕਟਦਿਆਂ ਤਕ ਸਾਡੇ ਅਕਾਲੀ ਬਹਾਦਰ ਬੰਬਈ, ਮਦਰਾਸ, ਕਲਕੱਤਾ ਤੇ ਕਰਾਚੀ ਦੀਆਂ ਹੱਦਾਂ ਟੱਪ ਕੇ ਕਿਧਰੇ ਦੂਰ ਦੁਰਾਡੇ ਛਾਂਈਂ ਮਾਂਈਂ ਹੋ ਜਾਂਦੇ ਹਨ। ਦੱਸੋ : ਪੁਲਿਸ ਤੇ ਅਦਾਲਤਾਂ ਉਨ੍ਹਾਂ ਦਾ ਕੀ ਵਿਗਾੜ ਸਕਦੀਆਂ ਹਨ ? ਤੁਹਾਨੂੰ ਸ਼ਾਇਦ ਪਤਾ ਹੋਵੇ ਕਿ ਨਾ, ਕਿ ਹਰ ਇਕ ਅਕਾਲੀ ਨੇ, ਬਿਨਾਂ ਹਮਾਤੜ ਸਾਥ ਦੇ ਜਿਸ ਨੂੰ ਵੀ ਪੁਲਸ ਤੇ ਅਦਾਲਤਾਂ ਨਾਲ ਵਾਹ ਪੈਣ ਦਾ ਖ਼ਿਆਲ ਹੁੰਦਾ ਹੈ, ਆਪਣਾ ਇਕ ਫ਼ਰਜ਼ੀ ਨਾਮ ਰੱਖਿਆ ਹੋਇਆ ਹੁੰਦਾ ਹੈ ਵਲਦੀਅਤ ਤੇ ਸਕੂਨਤ ਵੀ ਉਨ੍ਹਾਂ ਦੀ ਲਭੀ ਨਹੀਂ ਜਾ ਸਕਦੀ ਕਿਉਂਕਿ ਉਹ



Digitized by Panjab Digital Library | www.panjabdigilib.org

ਸਾਰੇ ਹੀ ਆਪਣੇ ਆਪ ਨੂੰ ਪੁੱਤਰ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਵਾਉਂਦੇ ਹਨ, ਤੇ ਵਾਸੀ ਅਨੰਦ ਪੁਰ ਸਾਹਿਬ ਦੇ ਦੱਸਦੇ ਹਨ। ਤੁਸੀਂ ਉਨ੍ਹਾਂ ਨੂੰ ਤਦ ਤਕ ਫੜ ਹੀ ਨਹੀਂ ਸਕਦੇ ਜਦ ਤਕ ਕਿਧਰੋਂ ਸੰਨ੍ਹ ਤੋਂ ਹੀ ਨਾ ਫੜੇ ਜਾਣ।

ਮੇਰੇ ਮਿੱਤਰ ਚੌਧਰੀ ਸਾਹਿਬ ਮੇਰਾ ਲੈਕਚਰ ਸੁਣ ਕੇ ਦੋ ਕੁ ਮਿੰਟ ਮੂੰਹ ਵਿਚ ਉਂਗਲੀ ਪਾ ਕੇ ਕੁਝ ਸੋਚਦੇ ਰਹੇ। ਫੇਰ ਯਕਾ ਯਕ ਬੋਲ ਉਠੇ, "ਸ਼ਾਬਾਸ਼ ! ਗੁਰੂ ਗੋਬਿੰਦ ਸਿੰਘ ਦੇ ਫ਼ੌਲਾਦੀ ਸ਼ੇਰਾਂ ਦਾ। ਜੋ ਨਾ ਮਰਨੋਂ ਡਰਦੇ ਹਨ ਤੇ ਨਾ ਜੇਲ ਜਾਣੋਂ ਘਬਰਾਂਦੇ ਹਨ।

ਮੈਂ ਸੇਵਾਦਾਰ ਨੂੰ ਕਿਹਾ ਕਿ ਮੇਰੇ ਘਰ ਜਾਵੇ ਤੇ ਦੋ ਆਦਮੀਆਂ ਦੀ ਚਾਹ ਬਣਵਾ ਕੇ ਮੇਰੇ ਦਫ਼ਤਰ ਲੈ ਆਵੇ। ਤੇ ਆਉਂਦਾ ਹੋਇਆ ਜਥੇਦਾਰ ਅਸਤਬਲ ਨੂੰ ਟਾਂਗਾ ਭੇਜ ਦੇਣ ਲਈ ਆਖਦਾ ਆਵੇ ਕਿ ਟਾਂਗਾ ਦਫਤਰ ਦੇ ਸਾਹਮਣੇ ਲਿਆ ਖੜਾ ਕਰੇ। ਚੌਧਰੀ ਸਾਹਿਬ ਬਥੇਰੀ ਨਾਂਹ ਨਾਂਹ ਕਰਦੇ ਰਹੇ, ਪਰ ਮੈਂ ਇਕ ਨਾ ਮੰਨੀ। ਮੈਂ ਕਿਹਾ, "ਯਾਰ ਦੋ ਚਾਰ ਮਿੰਟ ਤਾਂ ਬੇ-ਫ਼ਿਕਰੀ ਵਿਚ ਬੈਠ ਕੇ ਚਾਹ ਦਾ ਘੁਟ ਪੀ ਲੈਣ ਦੇਹ।" ਪੰਜ ਸੱਤ ਮਿੰਟ ਅਸੀਂ ਚਾਹ ਦੇ ਪਿਆਲੇ 'ਤੇ ਏਧਰ ਓਧਰ ਦੀਆਂ ਗੱਲਾਂ ਠੋਕਦੇ ਰਹੇ ਤੇ ਜਦੋਂ ਸੇਵਾਦਾਰ ਨੇ ਆ ਆਖਿਆ ਕਿ 'ਜੀ ਟਾਂਗਾ ਆ ਗਿਆ ਹੈ।' ਚੌਧਰੀ ਉੱਠ ਕੇ ਤੁਰ ਪਿਆ ਤੇ ਮੈਂ ਉਸ ਨੂੰ ਟਾਂਗੇ ਵਿਚ ਬਿਠਾ ਕੇ ਘਰ ਨੂੰ ਵਾਪਸ ਤੁਰ ਆਇਆ।

ਅਗਲੇ ਦਿਨ ਮੀਹਾਂ ਸਿੰਘ ਬਾਰੇ ਪੁੱਛ ਗਿੱਛ ਕਰਨ 'ਤੇ ਪਤਾ ਲਗਾ ਕਿ ਉਹ ਆਪ ਬੱਕਰੀਆਂ ਲੈ ਕੇ ਚਾਰਨ ਨਹੀਂ ਗਿਆ। ਉਸ ਦਾ ਕੋਈ ਰਿਸ਼ਤੇਦਾਰ ਮੁੰਡਾ ਬੱਕਰੀਆਂ ਨੂੰ ਛੇੜ ਕੇ ਲੈ ਗਿਆ ਸੀ। ਜ਼ਿਮੀਂਦਾਰਾਂ ਨੇ ਉਸ ਦੀ ਮੁਰੰਮਤ ਵੀ ਕੀਤੀ ਹੈ ਤੇ ਸਾਰੀਆਂ ਬੱਕਰੀਆਂ ਦਾ ਦੁੱਧ ਵੀ ਚੋਅ ਲਿਆ ਹੈ। ਸ਼ਾਮ ਨੂੰ ਫੇਰ ਉਸ ਦੀ ਚਾਹਟੇ ਦੀ ਸੇਵਾ ਹੋਈ ਹੈ ਤੇ ਉਸ ਦੇ ਦੋ ਚਾਰ ਰਿਸ਼ਤੇਦਾਰ ਉਸ ਨੂੰ ਰਾਤੋ ਰਾਤ ਮੰਜੇ 'ਤੇ ਪਾ ਕੇ ਕਿਤੇ ਲੈ ਗਏ ਹਨ। ਪਤਾ ਲਗਾ ਹੈ ਕਿ ਪਹਿਲੋਂ ਤਾਂ ਉਸ ਨੂੰ ਬਾਲ ਲੀਲਾ ਦੀ ਇਕ ਪ੍ਰੂਲ੍ਹੀ ਹਵੇਲੀ ਵਿਚ ਮੰਜੇ 'ਤੇ ਲਿਟਾਇਆ ਹੋਇਆ ਸੀ। ਪਰ ਹੁਣ ਉਹ ਲੋਕਾਂ ਦਾ ਚੁਕਿਆ ਚੁਕਾਇਆ ਮੰਜੇ 'ਤੇ ਪੈ ਕੇ ਪੁਲਿਸ ਵਿਚ ਰਪਟ ਲਿਖਾਉਣ ਚਲਾ ਗਿਆ ਹੈ। ਪੁਲਸ ਨੇ ਰਪਟ ਦਰਜ ਕਰ ਕੇ ਉਸ ਨੂੰ ਕਹਿ ਦਿੱਤਾ ਹੈ ਕਿ ਅਦਾਲਤ ਵਿਚ ਇਸਤਗਾਸਾ ਦਾਇਰ ਕਰੇ। ਜਦੋਂ



Digitized by Panjab Digital Library | www.panjabdigilib.org

ਅਰਜ਼ੀ ਨਵੀਸ ਪਾਸੋਂ ਇਸਤਗਾਸਾ ਲਿਖਾਉਣ ਲਗਾ ਉਸ ਨੇ ਉਨ੍ਹਾਂ ਬੰਦਿਆਂ ਦੇ ਨਾਮ ਪੁੱਛੇ ਜਿਨ੍ਹਾਂ ਨੇ ਉਸ ਨੂੰ ਮਾਰਿਆ ਹੈ। ਤਾਂ ਆਖਣ ਲਗਾ, 'ਮੈਨੂੰ ਡੂਰਲੀ ਜਥੇ ਨੇ ਮਾਰਿਆ ਹੈ।" ਅਰਜ਼ੀ ਨਵੀਸ ਨੇ ਫੇਰ ਕਿਹਾ, "ਉਨ੍ਹਾਂ ਦੇ ਨਾਮ ਦਸ ਤੇ ਵਲਦੀਅਤਾਂ ਦਸ! ਇਹ ਵੀ ਦਸ ਕਿ ਉਹ ਕਿਥੋਂ ਕਿਥੋਂ ਦੇ ਰਹਿਣ ਵਾਲੇ ਹਨ ?"

ਮੀਹਾਂ ਸਿੰਘ ਨੇ ਕਿਹਾ, ਮੈਨੂੰ ਇਨ੍ਹਾਂ ਗੱਲਾਂ ਦਾ ਤਾਂ ਪਤਾ ਨਹੀਂ, ਪਰ ਵਡੇ ਮੈਨੇਜਰ ਨੇ ਆਖ ਕੇ ਮਰਵਾਇਆ ਹੈ।" ਅਰਜ਼ੀ ਨਵੀਸ ਨੇ ਪੁੱਛਿਆ ਕਿ ਤੇਰੀ ਗਵਾਹੀ ਦੇਣ ਵਾਲਾ ਕੌਣ ਹੈ ? ਤਦ ਕਹਿਣ ਲਗਾ ਕਿ ਮੈਂ ਸੁਣਿਆ ਹੈ ਕਿ ਜਦੋਂ ਸਰਾਂ ਦੇ ਅੰਦਰ ਮੈਨੂੰ ਮਾਰ ਕੁਟਾਈ ਹੋ ਰਹੀ ਸੀ ਤੇ ਮੇਰੀਆਂ ਡਾਡਾਂ ਦੂਰ ਦੂਰ ਸੁਣਾਈ ਦੇ ਰਹੀਆਂ ਸਨ, ਤਾਂ ਹਾਕਮ ਇਲਾਕਾ ਬਾਹਰ ਖਲੋਤੇ ਸੁਣ ਰਹੇ ਸਨ। ਪਰ ਉਹ ਸਰਕਾਰੀ ਅਫ਼ਸਰ ਨੇ, ਮੇਰੀ ਗਵਾਹੀ ਕਦੋਂ ਦੇਣ ਲਗੇ!

ਅਰਜ਼ੀ ਨਵੀਸ ਨੇ ਇਹ ਗੱਲਾਂ ਸੁਣ ਕੇ ਕਹਿ ਦਿਤਾ ਕਿ ਜਾਹ, ਜਾ ਕੇ ਚੁੱਪ ਕਰ ਕੇ ਦਿਨ ਕਟੀ ਕਰ। ਤੇਰਾ ਕੁਝ ਨਹੀਂ ਬਣਨ ਲਗਾ। ਐਵੇਂ ਔਖਾ ਨਾ ਹੁੰਦਾ ਫਿਰ। ਇਹ ਗੱਲ ਸੁਣ ਕੇ ਮੀਹਾਂ ਸਿੰਘ ਗਰਮ ਹੋ ਪਿਆ। ਆਖਣ ਲਗਾ ਤੂੰ ਆਪਣੀ ਲਿਖਾਈ ਲੈ। ਤੈਨੂੰ ਏਸ ਗੱਲ ਨਾਲ ਕੀ ਲਗੇ ? ਕੁਝ ਬਣੇ, ਜਾਂ ਨਾ ਬਣੇ। ਅਗੋਂ ਅਰਜ਼ੀ ਨਵੀਸ ਨੇ ਕਿਹਾ, "ਫੇਰ ਇਹ ਲਿਖਾਈ ਜਾਹ ਕਿਸੇ ਹੋਰ ਨੂੰ ਦੇ ਦੇਹ। ਮੈਂ ਲਿਖਾਈ ਨਹੀਂ ਕਰਦਾ।"

ਮੀਹਾਂ ਸਿੰਘ ਝਾੜ ਖਾ ਕੇ ਠੰਡਾ ਪੈ ਗਿਆ ਤੇ ਹਾਏ ਹਾਏ ਕਰਦਾ ਘਰ ਨੂੰ ਤੁਰ ਗਿਆ। ਅਕਾਲੀਆਂ ਨੇ ਰਾਤੋ ਰਾਤ ਵਲਗਣ ਦੀ ਕੰਧ ਢਾਹ ਕੇ ਪਧਰੀ ਕਰ ਦਿਤੀ, ਮਲਬਾ ਟਿਕਾਣੇ ਲਗਾ ਛਡਿਆ ਅਗਲੇ ਦਿਨ ਕੋਠੜੀਆਂ ਵੀ ਸਾਫ਼ ਕਰ ਕੇ ਖੁਲ੍ਹੇ ਰਕਬੇ 'ਤੇ ਕਬਜ਼ੇ ਜਮਾ ਲਏ।



Digitized by Panjab Digital Library | www.panjabdigilib.org

# ਹੁਸੈਨ ਭੱਟੀ ਕਾਬੂ ਆ ਗਿਆ

ਜ਼ੈਲਦਾਰ ਹੁਸੈਨ ਭੱਟੀ ਨੇ ਵੀ ਹੋਰ ਹਜ਼ਾਰਾਂ ਲੋਕਾਂ ਵਾਂਗ ਮਹੰਤ ਪਾਸੋਂ ਜ਼ਮੀਨ ਦਾ ਇਕ ਟੁਕੜਾ ਖ਼ਰੀਦ ਰਖਿਆ ਸੀ, ਇਹ ਇਕ ਬਹੁਤ ਵਡਾ ਜ਼ਮੀਨ ਦਾ ਟੁਕੜਾ ਸੀ, ਤੇ ਸਰਕਾਰੀ ਡਾਕ ਬੰਗਲੇ ਦੇ ਐਨ ਮੱਥੇ ਵਿਚ ਸੜਕੋਂ ਪਾਰ ਸੀ। ਇਸ ਦਾ ਵੀ ਹੋਰਨਾਂ ਲੋਕਾਂ ਵਾਂਗ ਪਟਾ ਲਿਖਿਆ ਹੋਇਆ ਸੀ। ਰਜਿਸਟਰ ਵਿਚ ਵੀ ਅੰਦਰਾਜ ਹੋ ਰਿਹਾ ਸੀ। ਕੀਮਤ ਵੀ ਦਰਜ ਸੀ। ਤੇ ਹਕ ਮਾਲਕਾਨੇ ਦੀ ਰਕਮ ਵੀ ਪਟੇ ਵਿਚ ਭਰੀ ਹੋਈ ਸੀ। ਕਿ ਇਕ ਰੁਪਿਆ ਸੈਂਕੜਾ ਸਾਲਾਨਾ ਗੁਰਦੁਆਰੇ ਨੂੰ ਦਿਆ ਕਰੇਗਾ। ਪਟੇ ਤਾਂ ਹੈਗੇ ਹੀ ਛਪੇ ਹੋਏ ਸਨ ਤੇ ਸਾਰਿਆਂ ਵਿਚ ਸ਼ਰਤਾਂ ਵੀ ਇਕੋ ਸਨ। ਜਦੋਂ ਹੁਸੈਨ ਨਾਲ ਸਾਡਾ ਝਗੜਾ ਛਿੜਿਆ, ਤਾਂ ਉਹ ਕਿਹਾ ਕਰਦਾ ਸੀ ਕਿ ਉਸ ਨੇ ਮਹੰਤ ਨੂੰ ਕਦੇ ਕੋਈ ਰਕਮ ਨਹੀਂ ਸੀ ਦਿਤੀ। ਤੇ ਨਾ ਕਦੇ ਹਕ ਮਾਲਕਾਨਾ ਦੇਣਾ ਮੰਨਿਆ ਹੈ ਤੇ ਨਾ ਕਦੀ ਦਿਤਾ ਹੈ।

ਉਸ ਦੀ ਪਿਛਲੀ ਗੱਲ ਤਾਂ ਕੁਝ ਠੀਕ ਹੀ ਮਾਲੂਮ ਹੁੰਦੀ ਸੀ। ਕਿਉਂਕਿ ਭਾਵੇਂ ਹੋਰ ਲੋਕ ਮਹੰਤ ਨੂੰ ਮਾਲਕਾਨਾਂ ਦੇਂਦੇ ਚਲੇ ਆ ਰਹੇ ਸਨ। ਹੁਸੈਨ ਵਲੋਂ ਕੋਈ ਰਕਮ ਵਸੂਲ ਹੋਈ ਹੋਈ ਕਾਗਜ਼ਾਂ ਵਿਚ ਕਿਧਰੇ ਵੀ ਦਰਜ ਨਹੀਂ ਸੀ। ਸਾਰੇ ਦਾ ਸਾਰਾ ਹੱਕ ਮਾਲਕਾਨਾਂ ਸਾਲ ਦੇ ਸਾਲ ਤੋਂ ਬਕਾਇਆ ਚਲਿਆ ਆ ਰਿਹਾ ਸੀ। ਹੁਸੈਨ ਨੇ ਥੋੜੇ ਚਿਰ ਮਗਰੋਂ ਇਕ ਬੜੀ ਵਡੀ ਹਵੇਲੀ, ਬੰਗਲੇ ਦੀ ਸ਼ਕਲ ਦਾ ਮਕਾਨ ਉਸਾਰਨ ਵਾਸਤੇ ਨੀਹਾਂ ਭਰ ਲਈਆਂ ਤੇ ਇਮਾਰਤ



Digitized by Panjab Digital Library | www.panjabdigilib.org

ਉਸਰਨੀ ਸ਼ੁਰੂ ਹੋ ਗਈ। ਮੈਨੂੰ ਕਦੇ ਕਦੇ ਡਾਕ ਬੰਗਲੇ ਜਾਣ ਦਾ ਵਾਸਤਾ ਪੈਂਦਾ ਸੁ ਮੈਨੂੰ ਪਤਾ ਲਗ ਗਿਆ ਕਿ ਹੁਸੈਨ ਭੱਟੀ ਜ਼ੈਲਦਾਰ ਦੀ ਹਵੇਲੀ ਉੱਸਰ ਰਹੀ ਹੈ। ਜੋ ਬਿਨਾਂ ਹੱਕ ਮਾਲਕਾਨਾ ਅਦਾ ਕਰਨ ਅਤੇ ਇਜਾਜ਼ਤ ਲੈਣ ਦੇ ਉਸਾਰੀ ਜਾ ਰਹੀ ਹੈ। ਸੁ ਮੈਂ ਅਕਾਲੀ ਜਥੇ ਨੂੰ ਯੋਗ ਕਾਰਵਾਈ ਕਰਨ ਦਾ ਹੁਕਮ ਦੇ ਦਿਤਾ। ਅਕਾਲੀ ਸਿੰਘਾਂ ਨੇ ਰਾਜਾਂ, ਮਜ਼ਦੂਰਾਂ ਤੇ ਤਰਖਾਣਾਂ ਨੂੰ ਤਾੜ ਫਾੜ ਕਰ ਕੇ ਉਸਾਰੀ ਬੰਦ ਕਰਵਾ ਦਿਤੀ। ਜ਼ੈਲਦਾਰ ਉਹਨੀਂ ਦਿਨੀਂ ਇਲਾਕੇ ਦਾ ਇਕ ਬਹੁਤ ਤਕੜਾ ਤੇ ਵਡਾ ਜਥ੍ਹੇ ਵਾਲਾ ਆਦਮੀ ਮਿਥਿਆ ਜਾਂਦਾ ਸੀ। ਬਥੇਰਾ ਤਰਲੋ ਮੱਛੀ ਹੋਇਆ। ਅਕਾਲੀਆਂ ਨਾਲ ਤਕੜੀ ਖੁੜਭਾ ਖੁੜਭੀ ਹੋ ਪਈ। ਪਰ ਸਿੰਘਾਂ ਨੇ ਰਾਹੇ ਪਾ ਲਿਆ। ਉਸ ਨੂੰ ਜਤਾ ਦਿਤਾ ਗਿਆ ਕਿ ਇਹ ਤੇਰਾ ਪਿੰਡ ਨਹੀਂ। ਸਾਡੇ ਨਾਲ ਉਚੀ ਨੀਵੀਂ ਕਰੇਂਗਾ, ਤਾਂ ਤੇਰਾ ਖੁਰਾ ਖੋਜ ਮਿਟਾ ਦਿਆਂਗੇ। ਤੇਰਾ ਝਗੜਾ ਕਮੇਟੀ ਦਾ ਹੈ, ਉਥੇ ਜਾ ਕੇ ਫ਼ੈਸਲਾ ਕਰ ਆ। ਅਸੀਂ ਤਾਂ ਮੈਨੇਜਰ ਸਾਹਿਬ ਦੇ ਹੁਕਮ ਦੀ ਪਾਲਣਾ ਕਰ ਰਹੇ ਹਾਂ। ਜਥੇਦਾਰ ਚੰਗਾ ਸਿਆਣਾ ਆਦਮੀ ਸੀ। ਉਸ ਦੇ ਸਮਝਾਉਣ 'ਤੇ ਸਮਝ ਗਿਆ। ਪਰ ਅੰਦਰੋਂ ਅੰਦਰੀ ਸੜਦਾ ਤੇ ਕੁੜ੍ਹਦਾ ਰਿਹਾ।

ਦੋ ਚਾਰ ਦਿਨਾਂ ਪਿਛੋਂ ਜਦ ਡੀ. ਸੀ, ਦੌਰੇ ਆਇਆ ਤੇ ਡਾਕ ਬੰਗਲੇ ਆ ਠਹਿਰਿਆ, ਤਾਂ ਉਸ ਦੇ ਪਾਸ ਹੁਸੈਨ ਆ ਰੋਇਆ ਕਿ ਅਕਾਲੀਆਂ ਨੇ ਉਸ ਦੇ ਨਾਲ ਬੜਾ ਧਕਾ ਕੀਤਾ ਹੈ। ਉਸ ਦੀ ਇਮਾਰਤ ਦੀ ਉਸਾਰੀ ਜ਼ਬਰਦਸਤੀ ਬੰਦ ਕਰਵਾ ਦਿਤੀ ਹੈ ਤੇ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦੇ ਰਹੇ ਹਨ। ਜੇ ਤੁਸੀਂ ਮੇਰੀ ਮਦਦ ਨਹੀਂ ਕਰ ਸਕਦੇ, ਤਾਂ ਮੈਂ ਅਸਤੀਫ਼ਾ ਦੇ ਦੇਂਦਾ ਹਾਂ। ਇਹੋ ਜਿਹੀ ਜ਼ੈਲਦਾਰੀ ਚੁਕੀ ਫਿਰਨ ਦਾ ਕੀ ਫ਼ਾਇਦਾ ? ਜੇ ਕਰ ਟਕੇ ਟਕੇ ਦੇ ਆਦਮੀ ਕਾਲੀਆਂ ਪਗਾਂ ਬੰਨ੍ਹ ਕੇ ਕਰਪਾਨਾਂ ਫੜੀ ਆ ਜਾਣ 'ਤੇ ਏਨਾ ਧੱਕਾ ਕਰਨ 'ਤੇ ਵੀ ਉਨ੍ਹਾਂ ਨੂੰ ਪੁੱਛਣ ਵਾਲਾ ਹੀ ਕੋਈ ਨ ਹੋਵੇ।

ਸਾਹਿਬ ਬਹਾਦਰ ਨੇ ਜ਼ੈਲਦਾਰ ਦੀ ਗੱਲ ਬਾਤ ਸੁਣ ਕੇ ਕਿਹਾ, "ਹਮ ਮੈਨੇਜਰ ਸੇ ਬਾਤ ਕਰ ਕੇ ਸਾਰਾ ਬੰਦੋਬਸਤ ਕਰ ਦੇਗਾ, ਫਿਕਰ ਮਤ ਕਰੋ !" ਇਹ ਕਹਿ ਕੇ ਮੇਰੇ ਨਾਮ ਉਪਰ ਇਕ ਚਿੱਠੀ ਫ਼ੌਰਨ ਟਾਈਪ ਕਰਵਾਈ ਤੇ ਮੇਰੇ ਵਲ ਹਰਕਾਰੇ ਦੇ ਹੱਥ ਭੇਜ ਦਿਤੀ। ਜਿਸ ਵਿਚ ਮੇਰੇ ਪਾਸੋਂ ਵਕਤ ਦੀ



Digitized by Panjab Digital Library | www.panjabdigilib.org

ਮੰਗ ਕੀਤੀ, ਜਦ ਮੈਂ ਉਸ ਨੂੰ ਡਾਕ ਬੰਗਲੇ ਆ ਕੇ ਮਿਲ ਸਕਾਂ। ਕਿਸੇ ਜ਼ਰੂਰੀ ਮਾਮਲੇ 'ਤੇ ਗੱਲ ਬਾਤ ਕਰਨੀ ਹੈ। ਮੈਂ ਚਿੱਠੀ ਪੜ੍ਹ ਲਈ ਤੇ ਮੋੜਵਾਂ ਉੱਤਰ ਲਿਖ ਭੇਜਿਆ ਕਿ "ਮੈਂ ਸ਼ਾਮ ਦੇ ਚਾਰ ਵਜੇ ਉਸ ਨੂੰ ਡਾਕ ਬੰਗਲੇ ਆ ਕੇ ਮਿਲ ਸਕਾਂਗਾ। ਤਾਂ ਚਾਹ ਦੇ ਪਿਆਲੇ 'ਤੇ ਬੈਠ ਕੇ ਗੱਲ ਬਾਤ ਕਰਾਂਗਾ।"

ਮੈਂ ਅਕਸਰ ਘੋੜੇ 'ਤੇ ਸਵਾਰ ਹੋ ਕੇ ਬਾਹਰ ਨਿਕਲਿਆ ਕਰਦਾ ਸੀ। ਇਕ ਤਾਂ ਟਾਈਮ ਦੀ ਬੜੀ ਬਚਤ ਹੋ ਜਾਇਆ ਕਰਦੀ ਸੀ, ਦੂਸਰੇ ਸੇਵਾਦਾਰ ਅਗੇ ਅਪੜਿਆ ਹੋਇਆ ਹੁੰਦਾ ਸੀ, ਝਟ ਘੋੜੇ ਨੂੰ ਸੰਭਾਲ ਲੈਂਦਾ ਸੀ, ਜਿਸ ਦਾ ਵੇਖਣ ਵਾਲਿਆਂ ਉਪਰ ਬੜਾ ਰੁਹਬ ਪੈ ਜਾਂਦਾ ਸੀ।

ਘੋੜੇ ਦੀ ਟਾਪ ਸੁਣ ਕੇ, ਡੀ. ਸੀ. ਨੇ ਮੈਨੂੰ ਆਉਂਦਿਆਂ ਵੇਖ ਲਿਆ। ਬਾਹਰ ਦਰੱਖ਼ਤ ਦੀ ਛਾਵੇਂ ਬੈਠਾ ਚਾਹ ਪੀ ਰਿਹਾ ਸੀ। ਮੇਮ ਸਾਹਿਬਾ ਵੀ ਨਾਲ ਦੀ ਕੁਰਸੀ ਉਪਰ ਬੈਠੀ ਹੋਈ ਸੀ। ਡੀ. ਸੀ. ਮੇਰਾ ਸਵਾਗਤ ਕਰਨ ਵਾਸਤੇ ਚਾਰ ਕਦਮ ਅਗੇ ਵਧ ਆਇਆ। ਦਸਤਪੰਜਾ ਲੈ ਕੇ ਮੈਨੂੰ ਇਕ ਕੁਰਸੀ 'ਤੇ ਜਾ ਬਿਠਾਇਆ। ਬੈਰੇ ਨੂੰ ਕਹਿ ਕੇ ਚਾਹ ਮੰਗਵਾਈ ਤੇ ਮੈਨੂੰ ਪੀਣ ਲਈ ਕਿਹਾ। ਮੈਂ ਵੀ ਹੌਲੀ ਹੌਲੀ ਦੋ ਤਿੰਨ ਪਿਆਲੇ ਪੀ ਗਿਆ। ਹੁਸੈਨ ਭੱਟੀ ਜ਼ੈਲਦਾਰ ਨੂੰ ਬੁਲਾਇਆ ਗਿਆ। ਉਹ ਆਉਂਦਿਆਂ ਹੀ ਆਪਣੇ ਰੰਡੀ ਰੋਣਿਆਂ ਦਾ ਚਿੱਠਾ ਖੋਲ੍ਹ ਬੈਠਾ। ਡੀ. ਸੀ. ਦੀ ਚਿੱਠੀ ਮਿਲਣ 'ਤੇ ਮੈਂ ਅਗੇ ਹੀ ਤਾੜ ਗਿਆ ਸੀ ਕਿ ਇਹ ਕੋਈ ਹੁਸੈਨ ਭੱਟੀ ਦੇ ਹੀ ਵਾਵੇਲਾ ਕਰਨ 'ਤੇ ਸੱਦਾ ਆਇਆ ਹੈ। ਸੁ ਮੈਂ ਵੀ ਲੋੜੀਂਦੇ ਕਾਗਜ਼ ਨਾਲ ਲੈ ਤੁਰਿਆ ਸੀ। ਤੇ ਮੁਨਸ਼ੀ ਸੋਹਨ ਲਾਲ ਨੂੰ ਹੁਕਮ ਕਰ ਆਇਆ ਸੀ ਕਿ ੪ ਵਜੇ ਤੋਂ ਪਹਿਲਾਂ ਪਹਿਲਾਂ ਰਜਿਸਟਰ ਲੈ ਕੇ ਡਾਕ ਬੰਗਲੇ ਦੇ ਬਾਹਰ ਆ ਬੈਠੇ। ਦੋ ਚਾਰ ਅਕਾਲੀਆਂ ਦੀ ਓਥੇ ਡਯੂਟੀ ਲਗਾ ਦਿਤੀ ਗਈ ਜੋ ਉਸ ਦੇ ਨਾਲ ਹੀ ਪਹੁੰਚ ਗਏ ਸਨ।

ਮੈਂ ਡੀ. ਸੀ. ਨੂੰ ਸਾਰੀ ਗੱਲ ਬਾਤ ਸਮਝਾਈ। ਪਟਾ ਦਿਖਾਇਆ ਰਜਿਸਟਰ ਵੀ ਦਿਖਾਇਆ ਜੋ ਮੇਰਾ ਇਸ਼ਾਰਾ ਮਿਲਣ ਤੇ ਸੋਹਨ ਲਾਲ ਝਟ ਲੈ ਆਇਆ। ਪਟੇ ਅਤੇ ਰਜਿਸਟਰ ਦੋਹਾਂ 'ਤੇ ਹੁਸੈਨ ਭਟੀ ਦੇ ਦਸਤਖ਼ਤ ਹੋ ਰਹੇ ਸਨ। ਸਾਹਿਬ ਬਹਾਦਰ ਨੇ ਜ਼ੈਲਦਾਰ ਨੂੰ ਪੁੱਛਿਆ, "ਇਹ ਆਪ ਦਾ ਦਸਤਖ਼ਤ ਹੈ ? ਸੱਚ ਬੋਲਨਾ ?" ਜ਼ੈਲਦਾਰ ਆਪਣੇ ਦਸਤਖ਼ਤਾਂ ਤੋਂ ਤਾਂ ਨਾ ਮੁਕਰਿਆ। ਪਰ ਕਹਿਣ



Digitized by Panjab Digital Library | www.panjabdigilib.org

ਲਗਾ, "ਸਾਹਿਬ ! ਇਹ ਸਾਰੀ ਕਾਰਵਾਈ ਐਵੇਂ ਫ਼ਰਜ਼ੀ ਹੈ। ਮੈਂ ਨਾ ਕੋਈ ਕੀਮਤ ਮਹੰਤ ਨੂੰ ਦਿਤੀ ਸੀ ਤੇ ਨਾ ਕੋਈ ਹੱਕ ਮਾਲਕਾਨਾ ਉਸ ਨੂੰ ਦੇਣਾ ਕੀਤਾ ਸੀ। ਤੇ ਨਾ ਹੀ ਕਦੀ ਕੁਝ ਦਿਤਾ ਹੈ।"

ਸਾਹਿਬ ਬਹਾਦਰ ਨੇ ਫੇਰ ਪੁੱਛਿਆ, "ਮਹੰਤ ਆਪ ਦੀ ਗਵਾਹੀ ਦੇਵੇਗਾ ?" ਜਿਸ ਦੇ ਉੱਤਰ ਵਿਚ ਉਸ ਨੇ ਕਿਹਾ ਕਿ ਮਹੰਤ ਗੁਰਦੁਆਰਾ ਕਮੇਟੀ ਨਾਲ ਮਿਲ ਗਿਆ ਹੈ। ਉਸ ਨੇ ਗੁਰਦੁਆਰਾ, ਸਾਰੀ ਜਾਇਦਾਦ ਤੇ ਮੁਰੱਬੇ ਸਭ ਗੁਰਦੁਆਰਾ ਕਮੇਟੀ ਦੇ ਹਵਾਲੇ ਕਰ ਦਿਤੇ ਹਨ। ਉਹ ਮੇਰੀ ਗਵਾਹੀ ਕਦੋਂ ਦੇਣ ਲਗਾ ਹੈ।"

ਇਹ ਗੱਲ ਸੁਣ ਕੇ ਸਾਹਿਬ ਬਹਾਦਰ ਦੇ ਬੋਲਣ ਤੋਂ ਪਹਿਲਾਂ ਹੀ ਮੇਮ ਸਾਹਿਬਾ ਮੇਰੇ ਵਲ ਇਸ਼ਾਰਾ ਕਰ ਕੇ ਜ਼ੈਲਦਾਰ ਨੂੰ ਕਹਿਣ ਲਗੀ, "ਇਨ੍ਹਾਂ ਨਾਲ ਫ਼ੈਸਲਾ ਕਰ ਲਵੋ !" ਏਧਰੋਂ ਸਾਹਿਬ ਬਹਾਦਰ ਵੀ ਬੋਲ ਪਏ ਕਿ "ਦੇਖੋ ਜ਼ੈਲਦਾਰ ਸਾਹਿਬ ! ਆਪ ਜੀ ਦੇ ਦਸਤਖ਼ਤ ਮੌਜੂਦ ਹਨ। ਮਹੰਤ ਆਪ ਜੀ ਦੀ ਗਵਾਹੀ ਦੇਣ ਨੂੰ ਤਿਆਰ ਨਹੀਂ। ਫੇਰ ਤਾਂ ਤੁਹਾਨੂੰ ਹਕ ਮਾਲਕਾਨਾ ਦੇਣਾ ਹੀ ਪਏਗਾ। ਸੋ ਦੇ ਦਿਓ ਤੇ ਮਕਾਨ ਬਣਾ ਲਓ। ਮੇਰਾ ਦੋਸਤਾਨਾ ਮਸ਼ਵਰਾ ਹੈ ਕਿ ਮੁਕੱਦਮੇਬਾਜ਼ੀ ਵਿਚ ਬਿਲਕੁਲ ਨ ਪੈਣਾ। ਕੋਈ ਅਦਾਲਤ ਤੇਰੀ ਗੱਲ ਨਹੀਂ ਸੁਣੇਗੀ।"

ਜ਼ੈਲਦਾਰ ਠਿਠ ਹੋ ਗਿਆ ਓਥੇ ਹੀ ਪੁੱਛਣ ਲਗ ਪਿਆ ਕਿ "ਜੇ ਉਹ ਗੁਰਦੁਆਰੇ ਤਕ ਮਾਲਕਾਨਾ ਤਾਰਨ ਆ ਜਾਵੇ ਤਾਂ ਅਕਾਲੀ ਤੇ ਉਸ ਨੂੰ ਕੁਝ ਨਹੀਂ ਕਹਿਣਗੇ ?" ਮੈਂ ਉਸ ਨੂੰ ਨਿਸਚਯ ਕਰਵਾਇਆ ਕਿ ਗੁਰਦੁਆਰੇ ਆਉਣ 'ਤੇ ਉਸ ਨੂੰ ਕੋਈ ਕੁਝ ਨਹੀਂ ਕਹੇਗਾ।

ਮੈਂ ਹੁਸੈਨ ਦੇ ਸਾਮ੍ਹਣੇ ਹੀ ਸਾਹਿਬ ਬਹਾਦਰ ਨੂੰ ਜਲਸੇ ਵਾਲੀ ਸਾਰੀ ਕਾਰਵਾਈ ਖੋਲ੍ਹ ਸੁਣਾਈ ਜੋ ਹੁਸੈਨ ਦੀ ਪ੍ਰਧਾਨਗੀ ਹੇਠ ਹੋਇਆ ਸੀ ਤੇ ਉਸ ਵਿਚ ਮੇਰੇ ਸਿਰ ਦਾ ਮੁੱਲ ਇਕ ਹਜ਼ਾਰ ਰੁਪਿਆ ਅਤੇ ਮੇਰੇ ਅਸਿਸਟੈਂਟ ਸ: ਬੂਟਾ ਸਿੰਘ ਦੇ ਸਿਰ ਦਾ ਇਨਾਮ ਪੰਜ ਸੌ ਰੁਪਿਆ ਰਖਿਆ ਗਿਆ ਸੀ।

ਜ਼ੈਲਦਾਰ ਨੇ ਨੀਵੀਂ ਪਾ ਲਈ ਤੇ ਕਹਿਣ ਲਗਾ, "ਇਹ ਸਭ ਮਹੰਤ ਦੇਵਾ ਦਾਸ ਦੀ ਸ਼ਰਾਰਤ ਸੀ।" ਡੀ. ਸੀ. ਸਾਹਿਬ ਨੇ ਕਿਹਾ ਕਿ ਉਸ ਜਲਸੇ ਦੇ ਫੇਰ



Digitized by Panjab Digital Library | www.panjabdigilib.org

ਆਪ ਚੇਅਰਮੈਨ ਕਿਉਂ ਬਣੇ ? ਇਸ ਗੱਲ ਦਾ ਉਸ ਦੇ ਪਾਸ ਨਾ ਕੋਈ ਉੱਤਰ ਸੀ ਤੇ ਨ ਉਹ ਦੇ ਸਕਿਆ ।

ਅਗਲੇ ਦਿਨ ਜ਼ੈਲਦਾਰ ਸਾਹਿਬ ਨੇ ਦੀਵਾਨ ਵਿਚ ਆ ਦਰਸ਼ਨ ਦਿਤੇ । ਮਾਫ਼ੀ ਮੰਗੀ ਤੇ ਹੱਕ ਮਾਲਕਾਨਾ ਤਾਰ ਕੇ ਰਸੀਦ ਕਟਵਾ ਲਈ । ਤੇ ਬੜੀ ਵਡੀ ਦੇਗ ਕੜਾਹ ਪ੍ਰਸ਼ਾਦ ਦੀ ਗੁਰਦੁਆਰੇ ਚੜ੍ਹਾਈ । ਇਹ ਮਸਲਾ ਏਸ ਤਰ੍ਹਾਂ ਨਾਲ ਨਿਪਟ ਗਿਆ । ਅਗੋਂ ਤੋਂ ਹੁਸੈਨ ਭੱਟੀ ਨੇ ਦੋਵੇਂ ਕੰਨ ਫੜ ਲਏ ਤੇ ਤੋਬਾ ਕੀਤੀ ਕਿ ਜੇ ਮੈਂ ਆਪਣੇ ਪਿਉ ਦਾ ਪੁੱਤਰ ਹਾਂ ਤਾਂ ਅਗੋਂ ਤੋਂ ਕਦੀ ਮਹੰਤਾਂ ਦਾ ਸਾਥ ਨਹੀਂ ਦਿਆਂਗਾ ।



Digitized by Panjab Digital Library | www.panjabdigilib.org

# ਸਾਡੀਆਂ ਮੁਸ਼ਕਲਾਂ

ਬਹੁਤ ਸਾਰੀਆਂ ਸੰਗਤਾਂ ਘਰੋ ਘਰੀ ਚਲੀਆਂ ਗਈਆਂ ਹੋਈਆਂ ਸਨ। ਪਰ ਜਿਹੜੇ ਦੋ ਚਾਰ ਹਜ਼ਾਰ ਅਕਾਲੀ ਸੇਵਾਦਾਰਾਂ ਦੇ ਤੌਰ 'ਤੇ ਜਾਂ ਅਕਾਲੀ ਜੱਥਿਆਂ ਦੀ ਸ਼ਕਲ ਵਿਚ ਬਾਕੀ ਰਹਿ ਗਏ ਸਨ ਉਹ ਸਾਡੇ ਵਾਸਤੇ ਨਿੱਤ ਨਵੀਆਂ ਨਵੀਆਂ ਔਕੜਾਂ ਤੇ ਮੁਸ਼ਕਲਾਂ ਖੜੀਆਂ ਕਰ ਦਿਆ ਕਰਦੇ ਸਨ। ਕਹਿੰਦੇ ਹਨ ਕਿ "ਵਿਹਲਾ ਦਿਮਾਗ਼ ਸ਼ੈਤਾਨ ਦਾ ਕਾਰਖ਼ਾਨਾ ਹੁੰਦਾ ਹੈ।" ਇਨ੍ਹਾਂ ਲੋਕਾਂ ਨੂੰ ਖਾਣ ਪੀਣ ਲਈ ਚੰਗਾ ਚੋਖਾ ਮਿਲਦਾ ਸੀ। ਇਨ੍ਹਾਂ ਨੂੰ ਫ਼ੀ ਆਦਮੀ ਇਕ ਛਟਾਂਕ ਦੇ ਹਿਸਾਬ ਰੋਜ਼ ਦਾ ਅਸਲੀ ਘਿਓ ਖਾਣ ਲਈ ਮਿਲਿਆ ਕਰਦਾ ਸੀ। ਸੁ ਖਾਣ ਨੂੰ ਚੰਗਾ ਚੋਖਾ ਮਿਲਣਾ ਤੇ ਕੰਮ ਕਾਰ ਕੋਈ ਵੀ ਨਾ ਹੋਣਾ। "ਰੱਜ ਆਉਣ, ਦੇ ਕੁੱਦ ਆਉਣ" ਦੇ ਅਖਾਣ ਅਨੁਸਾਰ ਇਨ੍ਹਾਂ ਅੰਦਰ ਚੋਰੀ ਅਤੇ ਵਿਭਚਾਰ ਦੀਆਂ ਵਾਰਦਾਤਾਂ ਦਾ ਦਿਨੋ ਦਿਨ ਵਾਧਾ ਹੋਣ ਲਗਾ।

ਅਸਾਂ ਦੋਹਾਂ ਪ੍ਰਬੰਧਕਾਂ ਨੇ ਏਸ ਗੱਲ 'ਤੇ ਵਿਚਾਰ ਕੀਤੀ ਅਤੇ ਉਨ੍ਹਾਂ ਵਿਹਲੜਾਂ ਨੂੰ ਕੰਮ ਲਾਉਣ ਦੇ ਵਸੀਲਿਆਂ ਬਾਰੇ ਸੋਚਿਆ। ਸਭ ਤੋਂ ਵੱਡਾ ਕੰਮ ਜੋ ਮੈਂ ਆਪਣੇ ਜ਼ਿੰਮੇ ਲੈ ਲਿਆ ਉਹ ਛੱਪੜ ਨੂੰ ਪੂਰ ਕੇ, ਗੁਰਦੁਆਰੇ ਤੇ ਗੁਰੂ ਕੀ ਸਰਾਇ ਤੋਂ ਲੈ ਕੇ ਰੇਲ ਦੀ ਪਟੜੀ ਤਕ ਪੱਧਰਾ ਕਰਨ ਦਾ ਸੀ ਤੇ ਇਕ ਬਾਗ਼ ਵੀ ਲਗਵਾਉਣਾ ਇਹ ਸਾਰਾ ਕੰਮ ਮੁਕਾਉਣਾ ਵੀ ਅੱਠਾਂ ਸੱਤਾਂ ਮਹੀਨਿਆਂ ਦੇ ਵਿਚ ਵਿਚ ਸੀ।

ਇਹ ਕੰਮ ਏਨਾ ਵੱਡਾ ਸੀ ਕਿ ਆਮ ਲੋਕਾਂ ਨੂੰ ਇਸ ਉਪਰ ਕਾਬੂ ਪਾਉਣਾ ਉੱਕਾ ਹੀ ਅਸੰਭਵ ਜਾਪਦਾ ਸੀ। ਇਕ ਦਿਨ ਮੇਰੇ ਮਿੱਤਰ ਚੌਧਰੀ ਹੁਸੈਨ ਅਲੀ



Digitized by Panjab Digital Library | www.panjabdigilib.org

ਫਿਰਦੇ ਤੁਰਦੇ ਓਧਰ ਆਣ ਨਿਕਲੇ ।

ਮੈਂ ਛੱਪੜ ਕੰਢੇ ਖਲੋਤਾ ਕੰਮ ਕਰਵਾ ਰਿਹਾ ਸੀ । ਜਦ ਮੈਂ ਉਸ ਨੂੰ ਆਪਣਾ ਪ੍ਰੋਗ੍ਰਾਮ ਦੱਸਿਆ, ਉਹ ਹੱਸ ਪਿਆ ਤੇ ਕਹਿਣ ਲੱਗਾ ਅਗੇ ਤਾਂ ਸੁਣਿਆ ਕਰਦੇ ਸੀ ਕਿ ਸਿੱਖ ਸਨਕੀ ਤੇ ਨੀਮ ਸੁਦਾਈ ਹੁੰਦੇ ਹਨ, ਪਰ ਅੱਜ ਮੈਂ ਉਨ੍ਹਾਂ ਵਿਚੋਂ ਇਕ ਨੂੰ ਪਰਤੱਖ ਵੇਖ ਵੀ ਲਿਆ ਹੈ । ਐਡਾ ਵੱਡਾ ਛੱਪੜ ਅੱਠਾਂ ਸੱਤਾਂ ਮਹੀਨਿਆਂ ਵਿਚ ਪੂਰ ਦਿਤਾ ਜਾਵੇ ! ਇਹ ਕੰਮ ਤਾਂ ਦੋ ਸਾਲ ਵਿਚ ਵੀ ਨਹੀਂ ਮੁਕਣ ਲੱਗਾ । ਅਸਾਂ ਸ਼ਰਤ ਲਗਾ ਲਈ । ਰਾਤ ਦਿਨ ਮੇਰਾ ਡੇਰਾ ਉਸ ਛੱਪੜ ਦੇ ਕੰਢੇ ਰਹਿਣ ਲੱਗਾ । ਬਹੁਤ ਸਾਰੀ ਰਾਤ ਗਈ ਤਕ ਗੈਸਾਂ ਦੀ ਰੋਸ਼ਨੀ ਵਿਚ ਕੰਮ ਹੁੰਦਾ ਰਹਿਣਾ ।

ਗੁਰਦੁਆਰੇ ਦੇ ਪਿਛਲੇ ਪਾਸੇ ਇਕ ਬਹੁਤ ਵੱਡੀ ਹਵੇਲੀ ਸੀ । ਜਿਸ ਵਿਚ ਗੱਡੇ ਤੇ ਊਠ ਖੜੇ ਕੀਤੇ ਜਾਇਆ ਕਰਦੇ ਸਨ । ਤੇ ਜਨਮ ਦਿਨ ਦੇ ਮੇਲੇ 'ਤੇ ਇਹ ਹਵੇਲੀ ਭਰ ਜਾਇਆ ਕਰਦੀ ਸੀ । ਏਸ ਵਿਚ ਬਾਰਾਂ ਮਹੀਨੇ ਹੀ ਗੰਦ ਦੇ ਕੁਸਕ ਲੱਗੇ ਰਹਿੰਦੇ ਸਨ । ਵੱਡੇ ਛੱਪੜ ਤੋਂ ਬਿਨਾਂ ਏਧਰ ਓਧਰ ਇੱਟਾਂ ਪੱਥਣ ਵਾਲੇ ਪਥੇਰਿਆਂ ਦੇ ਮਾਰੇ ਹੋਏ ਟੋਏ ਵੀ ਬੇ-ਅੰਤ ਸਨ । ਜੋ ਇੱਟਾਂ ਦੇ ਹਰ ਭੱਠੇ ਦੇ ਆਸ ਪਾਸ ਹੋਇਆ ਕਰਦੇ ਹਨ । ਮਹੰਤ ਇੱਟਾਂ ਦੀ ਢੁਵਾਈ ਦੇ ਖ਼ਰਚੇ ਤੋਂ ਬਚਣ ਵਾਸਤੇ ਆਬਾਦੀ ਦੇ ਲਾਗੇ ਬੰਨੇ ਹੀ ਭੱਠੇ ਲਗਵਾ ਦਿਆ ਕਰਦਾ ਸੀ ।

ਇਹ ਇੱਟਾਂ ਗੁਰਦਵਾਰੇ ਦੀ ਇਮਾਰਤ ਅਤੇ ਗੁਰਦੁਆਰੇ ਨਾਲ ਸੰਬੰਧਤ ਜਾਇਦਾਦ ਦੀ ਉਸਾਰੀ 'ਤੇ ਵਰਤੀਆਂ ਜਾਇਆ ਕਰਦੀਆਂ ਸਨ । ਪਰ ਮਹੰਤ ਇਨ੍ਹਾਂ ਇੱਟਾਂ ਨੂੰ ਮੰਡੀ ਵਿਚ ਦੁਕਾਨਾਂ ਬਣਾਉਣ ਵਾਲਿਆਂ ਦੇ ਹੱਥ ਹੀ ਵੇਚ ਦਿਆ ਕਰਦਾ ਸੀ । ਅਸੀਂ ਪ੍ਰੋਗ੍ਰਾਮ ਬਣਾ ਲਿਆ ਕਿ ਹਰ ਵੇਲੇ ੧੦੦ ਅਕਾਲੀ ਸਿੰਘ ਕਹੀਆਂ ਤੇ ਟੋਕਰੀਆਂ ਲੈ ਕੇ ਏਸ ਕੰਮ ਉਪਰ ਵਾਰੀ ਵਾਰੀ ਜੁੱਟੇ ਰਹਿਣ ਅਤੇ ੧੦-੨੦ ਹੱਲ ਤੇ ਏਨੀਆਂ ਹੀ ਜੋਗਾਂ ਕਰਾਹਾਂ ਨਾਲ ਕੰਮ ਕਰਦੀਆਂ ਰਹਿਣ । ਸੁ ਅੰਦਾਜ਼ਾ ਕਰੋ ਕਿ ਜਿਥੇ ਏਨੀ ਲੇਬਰ ਅਤੇ ਪਸ਼ੂ ਰਾਤ ਦਿਨ ਅਠਾਕੁਠ ਕੰਮ 'ਤੇ ਜੁੱਟੇ ਰਹਿਣ ਓਥੇ ਕਿੰਨਾ ਕੁ ਕੰਮ ਹੋ ਸਕਦਾ ਹੈ ।

ਥੋੜੇ ਚਿਰ ਪਿਛੋਂ ਕਮੇਟੀ ਦੀ ਮੀਟਿੰਗ ਨਨਕਾਣਾ ਸਾਹਿਬ ਹੋਈ ।



Digitized by Panjab Digital Library | www.panjabdigilib.org

ਮੈਂਬਰਾਂ ਨੇ ਮੇਰੇ ਕੰਮ ਅਤੇ ਉੱਦਮ ਦੀ ਬੜੀ ਸ਼ਲਾਘਾ ਕੀਤੀ। ਪਰ ਸਾਰੇ ਕਹਿਣ ਕੰਮ ਬਹੁਤ ਵੱਡਾ ਹੈ ਏਨੇ ਥੋੜ੍ਹੇ ਸਮੇਂ ਵਿਚ ਮੁਕਣ ਨਹੀਂ ਲੱਗਾ। ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਨੇ ਮੈਨੂੰ ਹੌਸਲਾ ਦਿੱਤਾ ਅਤੇ ਸਹਾਇਤਾ ਦੇਣ ਦਾ ਵੀ ਬਚਨ ਦਿੱਤਾ। ਛੇਤੀ ਹੀ ਲਾਹੌਰ ਮਿਉਂਸਪਲ ਕਮੇਟੀ ਪਾਸੋਂ ਛੋਟੀ ਰੇਲ ਦੀ ਲਾਈਨ ਤੇ ਕੂੜਾ ਢੋਣ ਵਾਲੇ ਛੱਕੜੇ ਲੈ ਕੇ ਨਨਕਾਣਾ ਸਾਹਿਬ ਮੇਰੇ ਪਾਸ ਭੇਜ ਦਿਤੇ। ਪਿੰਡੋਂ ਬਾਹਰ ਨੇੜੇ ਹੀ ਵੱਡੇ ਵੱਡੇ ਰੇਤ ਦੇ ਟਿੱਬੇ ਸਨ। ਪਟੜੀ ਵਛਾ ਕੇ ਛਕੜਿਆਂ ਰਾਹੀਂ ਰੇਤ ਦੇ ਟਿੱਬੇ ਵੱਢ ਵੱਢ ਕੇ ਛੱਪੜ ਵਿਚ ਪਾਏ ਜ਼ਾਣ ਲੱਗ ਪਏ।

ਇਹ ਢੋਆ ਢੁਆਈ ਸਾਰਾ ਸਾਰਾ ਦਿਨ ਬਰਾਬਰ ਲੱਗੀ ਰਹਿੰਦੀ। ਮੇਰਾ ਹੌਸਲਾ ਹੋਰ ਵਧ ਗਿਆ। ੯੦੦ ਆਦਮੀ ਹਰ ਵੇਲੇ ਇਨ੍ਹਾਂ ਠੇਲ੍ਹਿਆਂ ਨੂੰ ਰੇਤ ਦੇ ਭਰ ਭਰ ਕੇ ਭੇਜਦਾ ਰਹਿੰਦਾ ਤੇ ਛੱਪੜ ਕੰਢੇ ਪਹੁੰਚਦਿਆਂ ਹੀ ਉਲਟਾ ਦਿਤੇ ਜਾਂਦੇ। ਅਗੋਂ ਕਹੀਆਂ ਵਾਲੇ ਛੱਪੜ ਦੇ ਕੰਢੇ ਦੇ ਰੇਤੇ ਨੂੰ ਪੱਧਰਾ ਕਰੀ ਜਾਂਦੇ। ਉਚੇ ਨੀਵੇਂ ਥਾਂ ਨੂੰ ਕਰਾਹਾਂ ਨਾਲ ਕਰਾਹ ਕੇ ਬਿਲਕੁਲ ਪੱਧਰਾ ਕਰ ਦਿਤਾ। ਅਸੀਂ ਹਿੰਮਤ ਨਾ ਹਾਰੀ ਅਤੇ ਨਿਯਤ ਸਮੇਂ ਤੋਂ ਕੁਝ ਚਿਰ ਪਹਿਲਾਂ ਹੀ ਛੱਪੜ ਪੂਰ ਦਿਤਾ ਗਿਆ। ਖੇਤ ਬਣਾਂ ਦਿਤੇ ਗਏ। ਸੜਕਾਂ ਤੇ ਨਾਲੀਆਂ ਕੱਢ ਦਿੱਤੀਆਂ ਗਈਆਂ। ਜਿਨ੍ਹਾਂ ਦੇ ਕੰਢੇ ਕੰਢੇ ਕੇਲੇ ਤੇ ਦੇਸੀ ਅੰਬਾਂ ਦੇ ਬੂਟੇ ਲਗਾ ਦਿੱਤੇ ਗਏ।

ਕੱਚੀ ਹਵੇਲੀ ਵਾਲੀ ਥਾਂ ਛੱਪੜ ਨਾਲੋਂ ਕਿਤੇ ਉੱਚੀ ਸੀ। ਮੈਨੂੰ ਸਮਝ ਨਾ ਆਵੇ ਕਿ ਉਸ ਉੱਚੀ ਥਾਂ 'ਤੇ ਪਾਣੀ ਕਿਵੇਂ ਚੜ੍ਹਾਇਆ ਜਾਵੇ ! ਤਾਂ ਜੁ ਉਸ ਉੱਚੇ ਥਾਂ ਦਾ ਮਲਬਾ ਹਲਾਂ ਤੇ ਕਰਾਹਾਂ ਨਾਲ ਛੱਪੜ ਵਿਚ ਲਿਆਂਦਾ ਜਾ ਸਕੇ। ਮੈਂ ਮੀਂਹ ਨੂੰ ਪਿਆ ਉਡੀਕਦਾ ਸੀ। ਕਿ ਇਕ ਦਿਨ ਕਿਸੇ ਨੇ ਸਲਾਹ ਦਿਤੀ ਕਿ ਝੱਟੇ ਲਗਾ ਕੇ ਪਾਣੀ ਉੱਚੀ ਥਾਂ 'ਤੇ ਚੜ੍ਹਾਇਆ ਜਾ ਸਕਦਾ ਹੈ। ਮੈਨੂੰ ਕੁਝ ਸਮਝ ਨਾ ਆਵੇ। ਮੈਂ "ਝੱਟਾ" ਕਦੀ ਵੇਖਿਆ ਸੁਣਿਆ ਨਹੀਂ ਸੀ। ਜਿਸ ਪ੍ਰੇਮੀ ਨੇ ਝੱਟੇ ਦੀ ਸਲਾਹ ਦਿਤੀ ਸੀ ਉਸ ਨੇ ਫ਼ੌਰਨ ਸਾਮਾਨ ਮੰਗਵਾ ਕੇ ਇਕ ਝੱਟਾ ਤਿਆਰ ਕਰ ਦਿਤਾ ਤੇ ਉਸ ਨਾਲ ਕੰਮ ਕਰ ਕੇ ਵੀ ਦਿਖਾ ਦਿਤਾ। ਬੱਸ ! ਫੇਰ ਕੀ ਸੀ ਝਟ ਪਟ ਕਈ ਝੱਟੇ ਕੰਮ ਕਰਨ ਲੱਗ ਪਏ। ਝੱਟਿਆਂ ਦੇ



Digitized by Panjab Digital Library | www.panjabdigilib.org

ਪਾਣੀ ਨਾਲ ਉੱਚੀ ਥਾਂ ਨੂੰ ਸਿੰਜ ਕੇ ਵੱਤਰ ਕਰ ਲਿਆ ਅਤੇ ਥੋੜੇ ਚਿਰ ਵਿਚ ਹੀ ਕਰਾਹਾਂ ਨਾਲ ਉੱਚੇ ਥਾਂ ਦੀ ਸਾਰੀ ਮਿੱਟੀ ਧੂਹ ਧੂਹ ਕੇ ਛੱਪੜ ਵਿਚ ਲਿਆ ਸੁੱਟੀ ।

ਓਧਰ ਜਿਵੇਂ ਜਿਵੇਂ ਛੱਪੜ ਕੂੜਾ ਟਰੇਨ ਦੇ ਠੇਲ੍ਹਿਆਂ ਨਾਲ ਪੂਰੀਦਾ ਜਾਂਦਾ ਸੀ ਪੱਟੜੀ ਨੂੰ ਅਗੇ ਅਗੇ ਵਧਾ ਲੈਂਦੇ ਸੀ । ਕੰਮ ਨੇਪਰੇ ਚੜ੍ਹ ਗਿਆ ਤੇ ਚੌਧਰੀ ਹੁਸੈਨ ਅਲੀ ਨੂੰ ਸਦ ਭੇਜਿਆ ਕਿ ਸਿੱਖ "ਸੁਦਾਈ" ਹੁੰਦੇ ਹਨ ਜਾਂ "ਸੌ-ਦਾਈ" ? ਤ ਜਿਸ ਕੰਮ ਨੂੰ ਉਹ ਗੁਰੂ ਆਸਰੇ ਹੱਥ ਪਾ ਬਹਿਣ ਉਹ ਗੁਰੂ ਆਪੇ ਵਿਚ ਖਲੋ ਕੇ ਕਰ ਦੇਂਦਾ ਹੈ ।

ਛੱਪੜ ਪੂਰਨ ਦੇ ਕੰਮ ਦੇ ਨਾਲ ਨਾਲ ਕੁਮ੍ਹਾਰਾਂ ਦੀਆਂ ਭੱਠੀਆਂ ਉਠਵਾਉਣ ਤੇ ਗੁਰੂ ਕੀ ਸਰਾਇ ਦੀਆਂ ਕੋਠੜੀਆਂ ਦੀਆਂ ਕੰਧਾਂ ਵਿਚ ਪਾੜ ਲਾ ਲਾ ਕੇ ਬਾਰੀਆਂ ਤੇ ਰੋਸ਼ਨਦਾਨ ਕਢਾਉਣ ਕਾ ਕੰਮ ਕਰਾਉਣਾ ਵੀ ਜ਼ਰੂਰੀ ਸੀ ਜੋ ਛੇਤੀ ਹੀ ਸ਼ੁਰੂ ਕਰਵਾ ਦਿਤਾ ਗਿਆ । ਮੁਕਦੀ ਗੱਲ ਇਹ ਕਿ ਮੇਰੇ ਤੇ ਸ: ਬੂਟਾ ਸਿੰਘ ਜੀ ਦੇ ਬਾਲ ਬੱਚੇ ਸਮੇਤ ਸਾਰੇ ਦੇ ਸਾਰੇ ਅਕਾਲੀ ਸੇਵਾਦਾਰ ਤੇ ਉਨ੍ਹਾਂ ਦੀਆਂ ਸਿੰਘਣੀਆਂ ਆਪਣੀ ਵਾਰੀ ਵਾਰੀ ਕੰਮ ਕਰਨ ਲੱਗ ਪਏ । ਕੋਈ ਵੀ ਵਿਹਲਾ ਦਿਖਾਈ ਨਾ ਦੇਂਦਾ ।

ਇਕ ਆਦਮੀ ਇਕ ਹੱਥ ਮੂੰਹ ਲੱਗਦੀ ਅਧਖੜ ਉਮਰ ਦੀ ਜ਼ਨਾਨੀ ਨੂੰ ਕਿਤੋਂ ਉਧਾਲ ਕੇ ਨਨਕਾਣੇ ਲੈ ਆਇਆ । ਕਈ ਅਕਾਲੀ ਯੁਵਕ ਉਸ ਸ਼ੱਕੀ ਜੋੜੇ ਦੇ ਮਗਰ ਲੱਗੇ ਹੋਏ ਦੇਖੇ ਗਏ । ਉਨ੍ਹਾਂ ਦਾ ਪਤਾ ਕਰਨ 'ਤੇ ਮਲੂਮ ਹੋਇਆ ਕਿ ਉਹ ਸ਼ੱਕੀ ਜੋੜਾ ਨਨਕਾਣਾ ਸਾਹਿਬ ਰਹਿਣ ਦੇ ਯੋਗ ਨਹੀਂ । ਸੁ ਉਨ੍ਹਾਂ ਨੂੰ ਬੁਲਾ ਕੇ ਕਿਹਾ ਗਿਆ ਕਿ ਜਾਂ ਤਾਂ ਉਹ ਨਨਕਾਣਾ ਸਾਹਿਬ ਦੀਆਂ ਬੁਰਜੀਆਂ ਤੋਂ ਬਾਹਰ ਹੋ ਜਾਣ ਜਾਂ ਪੁਲੀਸ ਦੇ ਹਵਾਲੇ ਕਰ ਦਿੱਤੇ ਜਾਣਗੇ । ਉਨ੍ਹਾਂ ਨੇ ਰਾਤ ਕੱਟਣ ਵਾਸਤੇ ਕੋਈ ਥਾਂ ਮੰਗੀ । ਤਰਕਾਲਾਂ ਪੈ ਚੁੱਕੀਆਂ ਸਨ । ਸੁ ਉਨ੍ਹਾਂ ਨੂੰ ਲੰਗਰ ਦੇ ਨਾਲ ਘੁਰਾਟ ਵਾਲੀ ਥਾਂ ਰਾਤ ਕੱਟਣ ਨੂੰ ਦਿਤੀ । ਅਤੇ ਇਕ ਅਕਾਲੀ ਸਿੰਘ ਦੀ ਡਿਯੂਟੀ ਲਗਾਈ ਗਈ ਕਿ ਉਨ੍ਹਾਂ ਦੀ ਖ਼ਬਰਦਾਰੀ ਰੱਖੋ । ਉਸ ਨੇ ਉਨ੍ਹਾਂ ਦੀ ਖ਼ਬਰ ਕੀ ਰੱਖਣੀ ਸੀ । ਪਹਿਰੇਦਾਰ ਅਕਾਲੀ ਸਿੰਘ ਨੇ ਆਦਮੀ ਨੂੰ ਤਾਂ ਕਿਸੇ ਪੱਜ ਨਾਲ ਕਿਧਰੇ ਭੇਜ ਦਿਤਾ ਤੇ ਆਪ ਜ਼ਨਾਨੀ ਨੂੰ ਸਾਂਭ ਬੈਠਾ ।



Digitized by Panjab Digital Library | www.panjabdigilib.org

ਜ਼ਨਾਨੀ ਵੀ ਭਲੀਮਾਣਸ ਨਹੀਂ ਸੀ ਉਹ ਉਸ ਦੇ ਨਾਲ ਹੀ ਚਲੀ ਜਾਣ ਨੂੰ ਤਿਆਰ ਹੋ ਪਈ। ਇਹ ਦੋਵੇਂ ਜਣੇ ਤਿੱਤਰ ਹੋ ਜਾਂਦੇ, ਜੇ ਕਰ ਇਕ ਹੋਰ ਅਕਾਲੀ ਸਿੰਘ ਨੂੰ ਕੈੜ ਨਾ ਹੋ ਜਾਂਦੀ। ਉਹ ਸਿੰਘ ਸਾਨੂੰ ਖ਼ਬਰ ਦੇਣ ਦੌੜਿਆ ਤੇ ਅਕਾਲੀ ਸਿੰਘ ਹੁਰੀਂ, ਜਿਨ੍ਹਾਂ ਦਾ ਬੜਾ ਹੀ ਸੁਹਣਾ ਗੁਰਮੁਖੀ ਦਾੜ੍ਹਾ ਸੀ ਤੇ ਸ਼ਕਲ ਭੋਲੀ ਭਾਲੀ ਸੀ। ਇਹ ਖ਼ਿਆਲ ਕਰ ਕੇ ਕਿ ਦਿਨ ਚੜ੍ਹੇ ਛਿੱਤਰ ਖਾਣ ਤੇ ਮੂੰਹ ਕਾਲਾ ਕਰਵਾਉਣ ਦੀ ਬਦਨਾਮੀ ਖੱਟ ਕੇ ਜੁ ਨਿਕਲਣਾ ਹੈ ਮੂੰਹ ਹਨੇਰੇ ਹੀ ਕਿਉਂ ਨਾ ਚਾਲੇ ਪਾ ਦਿਤੇ ਜਾਣ, ਸੁ ਲੋਕਾਂ ਦੇ ਜਾਗਣ ਤੋਂ ਪਹਿਲਾਂ ਪਹਿਲਾਂ ਉਸ ਨੇ ਨਨਕਾਣਾ ਸਾਹਿਬ ਛੱਡ ਦਿਤਾ। ਜੋੜੇ ਨੂੰ ਅਗਲੀ ਭਲਕ ਬਾਰਬਰਟਨ ਦਾ ਟਿਕਟ ਲੈ ਕੇ ਦੇ ਦਿਤਾ ਤੇ ਓਧਰੇ ਗਡੀ ਚੜ੍ਹਾ ਦਿਤਾ। ਮੁੜ ਕੇ ਨਾ ਉਹ ਅਕਾਲੀ ਸਿੰਘ ਜੀ ਤੇ ਨਾ ਉਹ ਸੈਲਾਨੀ ਜੋੜਾ ਕਿਸੇ ਦੀ ਨਜ਼ਰੇ ਪਿਆ।

ਥੋੜ੍ਹੇ ਦਿਨਾਂ ਪਿਛੋਂ ਇਕ ਹੋਰ ਜੋੜਾ ਆਇਆ। ਮੁੰਡਾ ਤਾਂ ਕਿਸੇ ਚੰਗੇ ਖਾਂਦੇ ਪੀਂਦੇ ਘਰੋਂ ਨੰਬਰਦਾਰ ਦਾ ਪੁੱਤਰ ਸੀ ਤੇ ਉਹ ਇਕ ਬੜੀ ਹੀ ਖ਼ੂਬਸੂਰਤ ਕੁੜੀ ਨੂੰ ਕੱਢ ਕੇ ਲਈ ਫਿਰਦਾ ਸੀ। ਜਿਸ ਅਕਾਲੀ ਜਥੇ ਨਾਲ ਉਹ ਰਹਿ ਰਹੇ ਸਨ, ਉਸ ਜਥੇ ਦੇ ਜਥੇਦਾਰ ਦੇ ਕਹਿਣ 'ਤੇ ਉਹ ਅਨੰਦ ਕਾਰਜ ਕਰਾਉਣ ਨੂੰ ਰਜ਼ਾਮੰਦ ਹੋ ਗਏ। ਜਥੇ ਵਾਲਿਆਂ ਨੇ ਉਨ੍ਹਾਂ ਦਾ ਅਨੰਦ ਪੜ੍ਹਾ ਦਿੱਤਾ। ਪਰ, ਉਸ "ਬੀਬੀ ਰਾਣੀ" ਨੇ ਸਾਰੇ ਹੀ ਅਕਾਲੀ ਕੈਂਪ ਵਿਚ ਹਲਚਲ ਮਚਾ ਦਿੱਤੀ। ਉਹ ਦੂਜੇ ਜਥੇ ਦੇ ਇਕ ਬੜੇ ਸੋਹਣੇ ਮੁੰਡੇ ਨਾਲ ਅੱਖ ਲਗਾ ਬੈਠੀ।

ਦੂਜੇ ਜਥੇ ਵਾਲੇ ਕਹਿਣ ਕਿ ਕੁੜੀ ਦੀ ਰਜ਼ਾਮੰਦੀ ਤੋਂ ਬਿਨਾਂ ਹੀ ਉਸ ਦਾ ਅਨੰਦ ਪੜ੍ਹਿਆ ਗਿਆ ਹੈ। ਦੋਵੇਂ ਜਥੇ ਕਿਰਪਾਨਾਂ ਸੂਤ ਕੇ ਆਮ੍ਹੋ ਸਾਮ੍ਹਣੇ ਡਟ ਗਏ। ਤੇ ਜੇ ਕਰ ਵੇਲੇ ਸਿਰ ਮਾਮਲੇ 'ਤੇ ਕਾਬੂ ਨਾ ਪਾ ਲਿਆ ਜਾਂਦਾ ਤਾਂ ਕੋਈ ਬੜੀ ਗੱਲ ਨਹੀਂ ਸੀ ਜੇ ਦੋ ਚਾਰ ਖ਼ੂਨ ਹੋ ਜਾਂਦੇ। ਲੜਕੀ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਹਿ ਦਿੱਤਾ ਕਿ ਉਸ ਦੀ ਰਜ਼ਾਮੰਦੀ ਲਿਆਂ ਬਿਨਾਂ ਹੀ ਵਿਆਹ ਕਰ ਦਿਤਾ ਗਿਆ ਹੈ।

ਦੂਜੇ ਜਥੇ ਨੇ ਰੌਲਾ ਪਾ ਦਿਤਾ ਕਿ ਅਨੰਦ ਉਧੇੜ ਦਿਓ। ਅਸੀਂ ਇਹ ਗੱਲ ਸੁਣ ਕੇ ਬੜੇ ਹੈਰਾਨ ਹੋ ਗਏ। ਅਨੰਦ ਉਧੇੜਨ ਦਾ ਮਸਲਾ ਅਗੇ ਕਦੀ ਨਹੀਂ ਸੀ ਸੁਣਿਆ। ਸਰਦਾਰ ਬੂਟਾ ਸਿੰਘ ਜੀ ਨੇ ਵੀ ਕਿਹਾ ਕਿ ਇਹ ਕੋਈ



Digitized by Panjab Digital Library | www.panjabdigilib.org

ਨਵੀਂ ਹੀ ਕਾਢ ਹੈ। ਹੈੱਡ ਗਰੰਥੀ ਸਾਹਿਬ ਨੇ ਵੀ ਕਿਹਾ ਕਿ ਉਨ੍ਹਾਂ ਨੇ ਇਹ ਗੱਲ ਅਗੇ ਕਦੀ ਨਹੀਂ ਸੁਣੀ। ਮੈਂ ਕਿਹਾ ਭਾਈ ਐਡਵੋਕੇਟ (ਵਕੀਲ) ਦੀ ਹੈਸੀਅਤ ਵਿਚ ਮੈਂ ਕਹਿ ਸਕਦਾ ਹਾਂ ਕਿ ਅਦਾਲਤ ਸ਼ਾਦੀ ਨੂੰ ਰੱਦ ਕਰ ਸਕਦੀ ਜੇ ਕਰ ਇਹ ਸਾਬਤ ਹੋ ਜਾਵੇ ਕਿ ਲੜਕੀ (ਬਾਲਗ) ਦੀ ਰਜ਼ਾਮੰਦੀ ਬਿਨਾਂ ਵਿਆਹ ਪੜ੍ਹ ਦਿਤਾ ਗਿਆ ਹੈ। ਪਰ ਅਸੀਂ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੇ। ਜਾਂ ਤਾਂ ਦੋਵੇਂ ਧਿਰਾਂ ਸ਼ੇਖੂਪੁਰੇ ਚਲੀਆਂ ਜਾਣ। ਅਸੀਂ ਉਨ੍ਹਾਂ ਨੂੰ ਓਥੇ ਪਹੁੰਚਾ ਦੇਣ ਦਾ ਪ੍ਰਬੰਧ ਕਰ ਦੇਂਦੇ ਹਾਂ ਤੇ ਜਾਂ ਸ਼੍ਰੋ: ਗੁ: ਪ੍ਰ: ਕਮੇਟੀ ਵਲ ਚਿੱਠੀ ਲਿਖ ਕੇ ਦੋਹਾਂ ਧਿਰਾਂ ਨੂੰ ਅੰਮ੍ਰਿਤਸਰ ਭੇਜ ਦੇਂਦੇ ਹਾਂ ਕਿ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਕਰ ਕੇ ਫ਼ੈਸਲਾ ਕਰਵਾ ਦਿਤਾ ਜਾਵੇ, ਕਿ ਅਨੰਦ ਉਧੇੜਿਆ ਜਾ ਸਕਦਾ ਹੈ ਕਿ ਨਹੀਂ ? ਤੇ ਏਸ ਗੱਲ ਦਾ ਫ਼ੈਸਲਾ ਲੈ ਕੇ ਇਸ ਪੇਚੀਦਾ ਮਾਮਲੇ ਦਾ ਯੋਗ ਫ਼ੈਸਲਾ ਕੀਤਾ ਜਾਵੇ।

ਇਸ ਗੱਲ 'ਤੇ ਦੋਵੇਂ ਧਿਰਾਂ ਰਜ਼ਾਮੰਦ ਹੋ ਗਈਆਂ ਤੇ ਉਨ੍ਹਾਂ ਨੂੰ ਚਿੱਠੀ ਦੇ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਰ ਦਿੱਤਾ ਗਿਆ। ਮੁੜ ਸਾਨੂੰ ਏਸ ਗੱਲ ਦਾ ਪਤਾ ਕਰਨ ਦਾ ਵਿਹਲ ਹੀ ਨਹੀਂ ਮਿਲਿਆ ਕਿ ਓਥੇ ਕੀ ਫ਼ੈਸਲਾ ਹੋਇਆ ? ਤੇ ਨਾ ਹੀ ਉਨ੍ਹਾਂ ਵਿਚੋਂ ਕਿਸੇ ਦੇ ਫੇਰ ਕਦੀ ਦਰਸ਼ਨ ਹੀ ਹੋਏ।

ਕੁਮ੍ਹਾਰਾਂ ਦੀਆਂ ਭੱਠੀਆਂ (ਆਵੀਆਂ) ਓਥੋਂ ਹਟਾਣੀਆਂ ਬੜੀਆਂ ਹੀ ਜ਼ਰੂਰੀ ਸਨ। ਇਹ ਬਿਲਕੁਲ ਗੁਰਦੁਆਰਾ ਜਨਮ ਅਸਥਾਨ ਦੇ ਨਾਲ, ਗੁਰਦੁਆਰੇ, ਗੁਰੂ ਕੇ ਲੰਗਰ ਅਤੇ ਕਮੇਟੀ ਦੇ ਦਫ਼ਤਰ ਦੇ ਸੰਨ੍ਹ ਵਿਚ ਸਨ। ਗੁਰਦੁਆਰੇ ਤੇ ਭੱਠੀਆਂ ਦੇ ਦਰਮਿਆਨ ਕੇਵਲ ਇਕ ੧੦-੧੧ ਫ਼ੁਟ ਚੌੜੀ ਸੜਕ ਵਗਦੀ ਸੀ। ਇਹ ਆਵੀਆਂ ਏਥੇ ਬਹੁਤ ਬੁਰੀਆਂ ਲਗਦੀਆਂ ਸਨ ਤੇ ਗੁਰਦੁਆਰੇ ਦਾ ਲਾਗਾ ਬੰਨਾ 'ਕੁਮ੍ਹਾਰਾਂ ਦਾ ਵਿਹੜਾ' ਨਜ਼ਰ ਆਉਂਦਾ ਸੀ। ਉਨ੍ਹਾਂ ਦੇ ਕਾਰਨ ਉਹ ਪਾਸਾ ਨਿਰਾ ਗੰਦ ਹੀ ਗੰਦ ਬਣਿਆ ਪਿਆ ਸੀ।

ਪਹਿਲਾਂ ਤਾਂ ਕੁਮ੍ਹਾਰ ਮੰਨਣ ਹੀ ਨਾ ਫੇਰ ਉਨ੍ਹਾਂ ਦੇ ਮੁਖੀਏ ਨੂੰ ਬੁਲਾ ਕੇ ਸਮਝਾਇਆ ਗਿਆ ਤਾਂ ਉਸ ਦੀ ਸਮਝ ਵਿਚ ਇਹ ਗੱਲ ਬੈਠ ਗਈ ਕਿ ਉਹ ਸਾਡੀ ਮਰਜ਼ੀ ਬਿਨਾਂ ਓਥੇ ਨਹੀਂ ਰਹਿ ਸਕਦੇ। ਉਹ ਰਜ਼ਾਮੰਦ ਹੋ ਗਏ ਤੇ ਅਸਾਂ



Digitized by Panjab Digital Library | www.panjabdigilib.org

ਦੋ ਤਿੰਨ ਸੌ ਗਜ਼ ਦੀ ਵਾਟ 'ਤੇ ਉਨ੍ਹਾਂ ਨੂੰ ਥਾਂ ਦੇ ਦਿਤੀ । ਝੁਗੀਆਂ ਵੀ ਰਲ ਮਿਲ ਕੇ ਪਵਾ ਦਿਤੀਆਂ ਤੇ ਉਨ੍ਹਾਂ ਦੇ ਤਿਆਰ ਹੋਏ ਹੋਏ ਸਾਰੇ ਹੀ ਭਾਂਡੇ ਵੀ ਜੋ ਜੋ ਸਾਡੇ ਮਤਲਬ ਦੇ ਸਨ ਖ਼ਰੀਦ ਲਏ ਤੇ ਉਨ੍ਹਾਂ ਨੂੰ ਚੁਕਣੇ ਨਾ ਪਏ ।

ਗੁਰੂ ਕੀ ਸਰਾਇ ਦੀਆਂ ਬਾਰੀਆਂ ਤੇ ਰੋਸ਼ਨਦਾਨਾਂ ਦਾ ਕੰਮ ਇਸਤ੍ਰੀ ਸਤਿ ਸੰਗ ਦੇ ਹਵਾਲੇ ਕਰ ਦਿਤਾ ਗਿਆ । ਪਾੜ ਤਾਂ ਮਰਦ ਲਗਾ ਦੇਂਦੇ ਸਨ ਅਤੇ ਮਲਬਾ ਟੋਕਰੀਆਂ 'ਚ ਪਾ ਪਾ ਇਸਤ੍ਰੀਆਂ ਠਿਕਾਣੇ ਲਗਾ ਦੇਂਦੀਆਂ ਸਨ । ਮਹੀਨੇ ਕੁ ਦੇ ਅੰਦਰ ਅੰਦਰ ਬਾਰੀਆਂ ਤੇ ਰੋਸ਼ਨਦਾਨ ਲਗ ਗਏ । ਫੇਰ ਗੁਰਦਵਾਰੇ ਦੇ ਚੁਫੇਰੇ ਦੀਆਂ ਸੜਕਾਂ ਦੀ ਚੌੜਾਈ ਦਾ ਕੰਮ ਸ਼ੁਰੂ ਹੋ ਗਿਆ । ਇਹ ਸਾਰੇ ਕੰਮ ਛੱਪੜ ਦੇ ਕੰਮ ਤੋਂ ਇਲਾਵਾ ਸਨ । ਜੋ ਵਖ ਵਖ ਜੱਥਿਆਂ ਦੇ ਸਪੁਰਦ ਸਨ । ਸਾਮ੍ਹਣੀ ਸੜਕ ਨੂੰ ਚੌੜੀ ਕਰਨ ਲਗਿਆਂ ਕੁਝ ਰੁੱਖ ਕੱਟਣੇ-ਪੈਂਦੇ ਸਨ । ਜਿਨ੍ਹਾਂ ਦੀ ਕਟਾਈ ਸ਼ੁਰੂ ਕਰ ਦਿਤੀ ਗਈ । ਪਰ ਜਨਮ ਅਸਥਾਨ ਦੇ ਇਕ ਪੁਰਾਣੇ ਵਸਨੀਕ ਨੇ, ਜੋ ਮਹੰਤ ਦਾ ਚਾਟੜਾ ਸੀ, ਬੜਾ ਸ਼ੋਰ ਮਚਾਇਆ । ਉਹ ਇਕੋ ਹੀ ਗੱਲ ਕਹੀ ਜਾਵੇ ਕਿ ਮੈਂ ਇਕ ਵੀ ਰੁੱਖ ਨਹੀਂ ਵਢਣ ਦੇਣਾ ।

ਉਸ ਨੂੰ ਬਥੇਰਾ ਸਮਝਾਇਆ ਬੁਝਾਇਆ, ਪਰ ਜੋ ਕਹਿੰਦੇ ਹਨ ਕਿ "ਲਾਤੋਂ ਕੇ ਭੂਤ, ਬਾਤੋਂ ਸੇ ਨਹੀਂ ਮਾਨਾ ਕਰਤੇ" ਉਸ ਦੇ ਨਾਲ ਵੀ ਕਰੜਾਈ ਹੀ ਵਰਤਣੀ ਪਈ । ਤਾਂ ਕਿਤੇ ਜਾ ਕੇ ਅਸੀਂ ਸੜਕ-ਚੌੜੀ ਕਰ ਸਕੇ ਤੇ ਦਰਖ਼ਤਾਂ ਨੂੰ ਵਢਾ ਸਕੇ । ਉਸ ਨੂੰ ਦਸਿਆ ਕਿ ਇਕ ਇਕ ਆਦਮੀ ਦੇ ਏਤਰਾਜ਼ ਕਰਨ 'ਤੇ ਜੇ ਅਸੀਂ ਆਪਣੇ ਕੰਮ ਛਡਦੇ ਜਾਈਏ ਤਾਂ ਕੰਮ ਚਲ ਹੀ ਕਿਸ ਤਰ੍ਹਾਂ ਸਕਦਾ ਹੈ ?

ਅਸਾਂ ਉਸ ਨੂੰ ਇਹ ਵੀ ਕਿਹਾ ਕਿ ਅਸੀਂ ਉਸ ਦੀ ਖ਼ਾਤਰ ਦੋ ਦਿਨ ਲਈ ਕੰਮ ਬੰਦ ਕਰ ਦੇਂਦੇ ਹਾਂ, ਜੇ ਕਰ ਉਹ ਅੰਮ੍ਰਿਤਸਰ ਜਾ ਕੇ ਸ਼੍ਰੋ: ਗੁ: ਪ੍ਰ: ਕਮੇਟੀ ਪਾਸੋਂ ਸੜਕਾਂ ਚੌੜੀਆਂ ਕਰਨ ਅਤੇ ਰੁੱਖ ਵਢਾਉਣ ਦੇ ਕੰਮ ਨੂੰ ਬੰਦ ਕਰ ਦੇਣ ਦਾ ਹੁਕਮ ਸਾਡੇ ਨਾਮ 'ਤੇ ਲੈ ਆਵੇ ਤਾਂ ਅਸੀਂ ਇਹ ਦੋਵੇਂ ਕੰਮ ਬੰਦ ਕਰ ਦੇਵਾਂਗੇ । ਪਰ ਉਹ ਸਾਡੀ ਕਿਸੇ ਗੱਲ ਨੂੰ ਮੰਨੇ ਹੀ ਨਾ ਤੇ ਕਹੀ ਜਾਵੇ ਕਿ ਮੈਂ ਨਹੀਂ ਕੋਈ ਕਮੇਟੀ ਕਮੂਟੀ ਜਾਣਦਾ, ਤੁਹਾਨੂੰ ਮੇਰੀ ਗੱਲ ਮੰਨਣੀ ਪਵੇਗੀ । ਸੁ ਉਸ ਦੀ ਤਬੀਅਤ ਵੀ ਇਕ ਡੰਗ ਦਾ ਚਾਹਟਾ ਛਕ ਕੇ ਸਾਫ਼



Digitized by Panjab Digital Library | www.panjabdigilib.org

ਹੋ ਗਈ ਤੇ ਸਾਨੂੰ ਆਪਣਾ ਕੰਮ ਰੋਕਣ ਦੀ ਲੋੜ ਨਾ ਪਈ।

ਗੁਰਦੁਆਰੇ ਦੇ ਪਿਛਲੇ ਪਾਸੇ ਦੀ ਸੜਕ ਬਹੁਤ ਸੌੜੀ ਸੀ। ਚੌੜੀ ਕਰਨ ਲਈ ਕੁਝ ਕੁ ਕੱਚੀਆਂ ਹਵੇਲੀਆਂ, ਮਹੰਤ ਭਿਰਗਾ ਨੰਦ ਆਦਿ ਦੀਆਂ ਢਾਹੁਣੀਆਂ ਪੈਂਦੀਆਂ ਸਨ। ਤੇ ਕਈਆਂ ਸਮਿਆਂ ਤੋਂ ਜਮਾਂ ਹੁੰਦੇ ਚਲੇ ਆ ਰਹੇ ਰੂੜੀ ਦੇ ਵਡੇ ਵਡੇ ਢੇਰ ਵੀ ਉਠਵਾਉਣੇ ਜ਼ਰੂਰੀ ਸਨ। ਉਨ੍ਹਾਂ ਮਹੰਤਾਂ ਨੂੰ ਬਥੇਰਾ ਮਿੰਨਤ ਤਰਲਾ ਕੀਤਾ। ਹਵੇਲੀ ਦੀ ਥਾਂ ਥੋੜੀ ਵਿਥ 'ਤੇ ਹਵੇਲੀ ਲੈ ਕੇ ਦੇਣ ਲਈ ਵੀ ਕਿਹਾ। ਕੋਠੇ ਪਵਾ ਕੇ ਦੇਣ ਅਤੇ ਵਲਗਣਾਂ ਕਰਵਾ ਕੇ ਦੇਣ ਅਤੇ ਰੂੜੀ ਦਾ ਮੁੱਲ ਤਾਰ ਦੇਣ ਦੀ ਪੇਸ਼ਕਸ਼ ਵੀ ਕੀਤੀ, ਪਰ ਉਹ ਕੋਈ ਗੱਲ ਵੀ ਨਾ ਮੰਨੇ।

ਸੁ ਇਹ ਮਾਮਲਾ ਵੀ ਡੂਰਲੀ ਜੱਥੇ ਦੇ ਸਪੁਰਦ ਕਰ ਦਿਤਾ ਗਿਆ ਤੇ ਜੱਥੇਦਾਰ ਵਸਾਵਾ ਸਿੰਘ ਨੂੰ ਫੇਰ ਇਕ ਵਾਰ ਸਮਝਾਇਆ ਗਿਆ ਕਿ ਮਾਮਲਾ ਬਹੁਤ ਨਾਜ਼ਕ ਹੈ ਕਿਤੇ ਕਿਸੇ ਰੋਕਣ ਵਾਲੇ ਦੀ ਹੱਡੀ ਪੱਸਲੀ ਨਾ ਤੋੜ ਦੇਣੀ ਅਤੇ ਨਾਲ ਹੀ ਉਨ੍ਹਾਂ ਨੂੰ ਕਹਿ ਦਿਤਾ ਗਿਆ ਕਿ ਆਪਣਾ ਆਪਣਾ ਲੋੜੀਂਦਾ ਸਾਮਾਨ ਬੰਨ੍ਹ ਬੰਨ੍ਹਾ ਕੇ ਤਿਆਰ ਰਖ ਲੈਣ। ਢਾਹ ਢਵਾਈ ਦਾ ਕੰਮ ਰਾਤੋ ਰਾਤ ਕਰ ਕੇ ਉਨ੍ਹਾਂ ਚਾਲੇ ਪਾ ਜਾਣੇ ਹਨ ਤੇ ਵਾਰਬਰਟਨ ਦੀ ਰੇਲੇ ਚੜ੍ਹ ਕੇ ਗੁਰਦੁਆਰਾ 'ਸਮਾਧ ਬਾਬਾ ਫੂਲਾ ਸਿੰਘ ਅਕਾਲੀ' ਦੇ ਨੌਸ਼ਹਿਰੇ ਜਾ ਦਰਸ਼ਨ ਕਰਨੇ ਹਨ। ਸੁ ਉਨ੍ਹਾਂ ਨੇ ਏਸੇ ਤਰ੍ਹਾਂ ਕੀਤਾ। ਪਰ ਜਾਣ ਤੋਂ ਪਹਿਲਾਂ ਮੇਰੇ ਪਾਸ ਆਏ ਤੇ ਜੱਥੇਦਾਰ ਵਸਾਵਾ ਸਿੰਘ ਕਹਿਣ ਲੱਗਾ, "ਸਹੁੰ ਬਾਪੂ ਦੀ, ਜੱਥੇਦਾਰ ਜੀ ਭਿਰਗਾ ਨੰਦ ਦੀ ਗੋਗੜ ਤਾਂ ਰੂੰ ਵਰਗੀ ਪੋਲੀ ਸੀ। ਘਸੁੰਨ ਇਉਂ ਪੈਂਦਾ ਸੀ ਜਿਵੇਂ ਰੂੰ ਦੇ ਬੋਰੇ ਵਿਚ ਪੈਂਦਾ ਏ। ਅਰਕਾਂ ਤੀਕ ਅੰਦਰੇ ਹੀ ਧਸ ਜਾਂਦਾ ਸੀ। ਘਸੁੰਨ ਮਾਰਨ ਦਾ ਜੋ ਅਜ ਸਵਾਦ ਆਇਆ ਸੀ ਇਹ ਸਾਰੀ ਉਮਰ ਭਰ ਨਹੀਂ ਭੁੱਲਣ ਲਗਾ।"

ਨੌਸ਼ਹਿਰੇ ਦਾ ਕਿਰਾਇਆ ਤੇ ਸਫ਼ਰ ਖ਼ਰਚ ਲਈ ਮਾਇਆ ਉਨ੍ਹਾਂ ਦੇ ਪੱਲੇ ਬੰਨ੍ਹਾ ਕੇ ਵਿਦਾ ਕਰ ਦਿਤਾ ਤੇ ਉਨ੍ਹਾਂ ਨੂੰ ਸਮਝਾ ਦਿਤਾ ਗਿਆ ਕਿ ਏਥੋਂ ਤੁਸਾਂ ਸਿੱਧੇ ਭਾਈ ਜੋਗਾ ਸਿੰਘ ਦੇ ਗੁਰਦੁਆਰੇ (ਪਸ਼ੌਰ) ਦੇ ਦਰਸ਼ਨ ਜਾ ਕਰਨੇ। ਮੈਂ ਸਮਾਧ ਬਾਬਾ ਫੂਲਾ ਸਿੰਘ ਦੇ ਮੈਨੇਜਰ ਨੂੰ ਹੁਣੇ ਚਿੱਠੀ ਲਿਖ ਕੇ



Digitized by Panjab Digital Library | www.panjabdigilib.org

ਪਾ ਦੇਂਦਾ ਹਾਂ ਤੁਹਾਨੂੰ ਯੋਗ ਪ੍ਰਬੰਧ ਕਰ ਕੇ ਠਹਿਰਾ ਲੈਣ । ਪਸ਼ੌਰੋਂ ਹੋ ਕੇ ਆਉਂਦਿਆਂ ਤਕ ਓਥੇ ਮੇਰੀ ਚਿੱਠੀ ਪਹੁੰਚ ਜਾਵੇਗੀ । ਜਦ ਏਥੋਂ ਮਾਮਲਾ ਠੰਡਾ ਪੈ ਜਾਵੇਗਾ ਫੇਰ ਉਨ੍ਹਾਂ ਨੂੰ ਬੁਲਾ ਲਿਆ ਜਾਵੇਗਾ । ਉਹ ਚਾਲੇ ਪਾ ਗਏ ਤੇ ਕਿਸੇ ਨੇ ਵੀ ਮੈਨੂੰ ਏਨੀ ਨਾ ਆਖੀ ਕਿ "ਮਗਰੋਂ ਸਾਡੇ ਬਾਲ ਬੱਚੇ ਦੀ ਖ਼ਬਰ ਰਖਣੀ ।"

ਮਹੰਤ ਭਿਰਗਾ ਨੰਦ ਤੇ ਪਾਰਟੀ ਉਸ਼ੇਰ ਸਾਰ ਹੀ ਜਾ ਥਾਣੇ ਪਹੁੰਚੀ ਤੇ ਬੜਾ ਵਾ-ਵੇਲਾ ਕੀਤਾ । ਅਖੇ ਅਕਾਲੀਆਂ ਨੇ ਹਨੇਰ ਮਚਾ ਰਖਿਆ ਹੈ ਨਾਲੇ ਸਾਡੀਆਂ ਹਵੇਲੀਆਂ ਢਾਹ ਦਿਤੀਆਂ ਨੇ ਨਾਲੇ ਕੁਟ ਕੁਟ ਕੇ ਕੀਮਾ ਕਰ ਛਡਿਆ ਨੇ । ਮਾਰ ਮਾਰ ਕੇ ਸਾਡੀਆਂ ਵੱਖੀਆਂ ਅੰਦਰ ਪਾ ਦਿਤੀਆਂ ਨੇ ।

ਪੁਲੀਸ ਵਾਲਿਆਂ ਪੁੱਛਿਆ, ਮਹੰਤ ਜੀ ! ਕੋਈ ਹੱਡੀ ਪੱਸਲੀ ਟੁੱਟ ਗਈ ਜੇ । ਜਾਂ ਕੋਈ ਜ਼ਰਬ ਦਾ ਨਿਸ਼ਾਨ ਆਇਆ ਜੇ ?"

ਮਹੰਤ ਕਹਿਣ ਲਗਾ, "ਜੀ ! ਉਹ ਤਾਂ ਕਿਸੇ ਡਾਢੇ ਉਸਤਾਦ ਦੇ ਚੰਡੇ ਹੋਏ ਹਨ । ਨਾ ਹੱਡੀ ਪੱਸਲੀ ਤੋੜਦੇ ਨੇ, ਨਾ ਕੋਈ ਨਿਸ਼ਾਨ ਪੈਣ ਦੇਂਦੇ ਨੇ, ਪਰ ਗੁੱਝੀ ਮਾਰ ਉਹ ਦੇਂਦੇ ਨੇ ਕਿ ਰਹੇ ਰੱਬ ਦਾ ਨਾਂ । ਸੱਤੇ ਸੁਧਾਂ ਭੁਲਾ ਦੇਂਦੇ ਨੇ । ਜਾਂ ਤਾਂ ਮੂਧੇ ਮੂੰਹ ਲੰਮਿਆਂ ਪਾ ਕੇ ਚਿੱਤੜਾਂ 'ਤੇ ਛਿੱਤਰ ਮਾਰ ਮਾਰ ਕੇ ਬੇਹੋਸ਼ ਕਟ ਦੇਂਦੇ ਹਨ । ਜਾਂ ਪੈਰਾਂ ਦੀਆਂ ਤਲੀਆਂ 'ਤੇ ਡੰਡੇ ਮਾਰ ਮਾਰ ਬੰਦੇ ਦਾ ਕੂੜਾ ਕਰ ਦੇਂਦੇ ਨੇ, ਜਾਂ ਹੱਥਾਂ ਦੀਆਂ ਉਂਗਲੀਆਂ ਵਿਚ ਦਾਤਣਾਂ ਅੜਾ ਕੇ ਅਜਿਹਾ ਘੁਟਦੇ ਹਨ ਕਿ ਜਾਨ ਹੀ ਨਿਕਲ ਜਾਂਦੀ ਹੈ । ਏਸੇ ਤਰ੍ਹਾਂ ਦੀਆਂ ਹੀ ਗੁੱਝੀਆਂ ਮਾਰਾਂ ਦੇਂਦੇ ਹਨ ਕਿ ਕੁਝ ਨਾ ਪੁੱਛੋ ।"

ਹਵਾਲਦਾਰ ਨੇ ਪੁੱਛਿਆ, "ਉਨ੍ਹਾਂ ਮਾਰਨ ਵੇਲੇ ਤੁਹਾਡੇ ਉਪਰ ਹਥਿਆਰ ਕਿਹੜਾ ਕਿਹੜਾ ਵਰਤਿਆ ਹੈ ?" ਉਨ੍ਹਾਂ ਉੱਤਰ ਦਿਤਾ ਕਿ ਵੱਖੀਆਂ ਵਿਚ ਲੰਮੇ ਲੰਮੇ ਘਸੁੰਨ ਤੇ ਚਿੱਤੜਾਂ ਉੱਪਰ ਧੌੜੀ ਦੇ ਪੱਕੇ ਸੋਹਲੇ ਛਿੱਤਰ । ਹੱਡੀ ਕੋਈ ਨਹੀਂ ਟੁੱਟੀ ਤੇ ਨਾ ਕੋਈ ਮਾਰ ਕੁਟਾਈ ਦਾ ਦਾਗ਼ ਜਾਂ ਨਿਸ਼ਾਨ ਹੀ ਆਉਣ ਦਿਤਾ ਨੇ । ਸੁ ਪੁਲਸ ਵਾਲਿਆਂ ਨੇ ਅਦਾਲਤ ਵਿਚ ਇਸਤਗਾਸਾ ਕਰਨ ਦੀ ਹਦਾਇਤ ਕਰ ਦਿਤੀ, ਪਰ ਮਹੰਤ ਸਾਹਿਬ ਰੌਲਾ ਪਾਈ ਗਏ ਕਿ ਕੀ ਹਵੇਲੀਆਂ ਮਕਾਨ ਢਾਹ ਦੇਣਾ ਵੀ ਅਜਿਹਾਂ ਜੁਰਮ ਨਹੀਂ, ਜਿਸ ਬਦਲੇ ਤੁਸੀਂ



Digitized by Panjab Digital Library | www.panjabdigilib.org

ਪਕੜ ਧਕੜ ਕਰ ਸਕੇ ।

ਏਨੇ ਨੂੰ ਕਿਸੇ ਨੇ ਖਾਂ ਸਾਹਿਬ ਨੂੰ ਜਾਂ ਖ਼ਬਰ ਕੀਤੀ। ਉਹ ਆਪ ਹਵਾਲਦਾਰ ਤੇ ਕਈ ਇਕ ਸਿਪਾਹੀ ਨਾਲ ਲੈ ਕੇ ਦਗੜ ਦਗੜ ਕਰਦੇ ਤੇ ਹਥਕੜੀਆਂ ਛਣਕਾਉਂਦੇ ਮੇਰੇ ਦਫ਼ਤਰ ਆਣ ਪਹੁੰਚੇ ਤੇ ਇਕ ਸਿਪਾਹੀ ਨੂੰ ਮੈਨੂੰ ਬਲਾਉਣ ਲਈ ਮੇਰੇ ਘਰ ਵੀ ਭੇਜ ਦਿਤਾ ਤੇ ਆਪ ਮੌਕਿਆ 'ਤੇ ਮੇਰੀ ਉਡੀਕ ਕਰਨ ਲਗ ਗਏ । ਮੈਂ ਕਪੜੇ ਪਾਉਣ ਲਗ ਗਿਆ । ਸੇਵਾਦਾਰ ਨੂੰ ਸਰਦਾਰ ਬੂਟਾ ਸਿੰਘ ਹੁਰਾਂ ਨੂੰ ਸੱਦ ਲਿਆਉਣ ਲਈ ਭੇਜਾ ਦਿਤਾ। ਸਿਪਾਹੀ ਆਵਾਜ਼ਾਂ ਦੇਈ ਜਾਵੇ ਕਿ ਸਰਦਾਰ ਜੀ ਜਲਦੀ ਚਲੋ । ਖ਼ਾਂ ਸਾਹਿਬ ਮੈਨੂੰ ਗੁੱਸੇ ਹੋਣਗੇ । ਇਕ ਦੋ ਵਾਰ ਤਾਂ ਮੈਂ ਸੁਣ ਕੇ ਚੁੱਪ ਕਰ ਰਿਹਾ, ਪਰ ਅੰਤ ਬਾਰੀ ਵਿਚੋਂ ਸਿਰ ਕੱਢ ਕੇ ਤਾੜ ਕੇ ਆਖਣਾ ਪਿਆ :

"ਜਾਹ ! ਖ਼ਾਂ ਸਾਹਿਬ ਨੂੰ ਕਹਿ ਦੇ, ਕਿ ਇਸ਼ਨਾਨ ਕਰ ਰਹੇ ਨੇ, ਚਾਹ ਪੀ ਕੇ ਕਪੜੇ ਪਹਿਨ ਕੇ ਆ ਜਾਣਗੇ । ਨੰਗਿਆਂ ਤਾਂ ਨਹੀਂ ਠੱਠ ਉਠਣਾ । ਜੇ ਤੂੰ ਚਾਹ ਪੀਣੀ ਹੈ ਤਾਂ ਡਿਓਢੀ ਵਿਚ ਬੈਠ ਜਾ ਤੇ ਖ਼ਾਂ ਸਾਹਿਬ ਨੂੰ ਵੀ ਕਹਿ ਦੇ ਕਿ ਚਾਹ ਆ ਕੇ ਮੇਰੇ ਨਾਲ ਪੀਣ।" ਉਹ ਇਹ ਗੱਲ ਕਹਿ ਕੇ 'ਤੁਸੀਂ ਤਾਂ ਮਖ਼ੌਲ ਕਰਦੇ ਹੋ ।' ਚਲਾ ਗਿਆ । ਮੈਂ ਵੀ ਬਿਨਾਂ ਇਸ਼ਨਾਨ ਕੀਤੇ ਜਾਂ ਚਾਹ ਪੀਤੇ ਕਪੜੇ ਪਹਿਨ ਕੇ ਖ਼ਾਨ ਸਾਹਿਬ ਵਲ ਚਲ ਪਿਆ । ਅੱਗੇ ਜਾਂਦਿਆਂ ਨੂੰ ਸ: ਬੂਟਾ ਸਿੰਘ ਜੀ ਆਏ ਹੋਏ ਸਨ ਤੇ ਖ਼ਾਨ ਸਾਹਿਬ ਨੂੰ ਕਹਿ ਰਹੇ ਸਨ । "ਮੈਨੂੰ ਤਾਂ ਏਸ ਮਾਮਲੇ ਦਾ ਕੁਝ ਪਤਾ ਨਹੀਂ । ਮੈਨੇਜਰ ਸਾਹਿਬ ਨੂੰ ਆ ਲੈਣ ਦਿਓ ਸ਼ਾਇਦ ਉਨ੍ਹਾਂ ਦੇ ਕੰਨ ਕੋਈ ਭਿਣਕ ਪਈ ਹੋਵੇ ।"

ਏਨੇ ਨੂੰ ਮੈਂ ਵੀ ਪਹੁੰਚ ਗਿਆ । ਪੁਲੀਸ ਪਾਰਟੀ ਮੌਕਿਆਂ 'ਤੇ ਖੜੀ ਸੀ । ਮੌਕਿਆ ਗੁਰਦੁਆਰੇ ਦੇ ਰਾਹ ਵਿਚ ਹੀ ਪੈਂਦਾ ਸੀ । ਉਹ ਭਿਰਗਾ ਨੰਦ ਨੂੰ ਕਹਿ ਰਹੇ ਸਨ ਕਿ ਢਾਹੁਣ ਵਾਲਿਆਂ ਦੇ ਨਾਮ ਲਿਖਵਾ । ਉਨ੍ਹਾਂ ਦੀ ਵਲਦੀਅਤ, ਕੌਮੀਅਤ ਤੇ ਸਕੂਨਤ ਆਦਿ ਸਭ ਕੁਝ ਲਿਖਵਾ । ਉਹ ਕਹੇ ਜੀ ਮੈਨੂੰ ਏਨੀਆਂ ਗੱਲਾਂ ਦਾ ਤਾਂ ਪਤਾ ਨਹੀਂ ਡੁਰਲੀ ਜਥੇ ਦੇ ਤਿੰਨ ਚਾਰ ਬੰਦੇ ਸਨ । ਜਥੇਦਾਰ ਨੂੰ ਵਸਾਵਾ ਸਿੰਘ ਆਖ ਕੇ ਬੁਲਾਉਂਦੇ ਸਨ । ਸਾਹਮਣੇ ਹੋਣ ਤਾਂ ਪਛਾਣ ਕੇ ਹੱਥ ਲ਼ਾ ਦੇਵਾਂ । ਅਵਲ ਤਾਂ ਹਨੇਰੇ ਵਿਚ ਬੰਦੇ ਦੀ ਪਛਾਣ ਹੀ ਕੀ ਹੁੰਦੀ ਹੈ ? ਸਾਡੇ



Digitized by Panjab Digital Library | www.panjabdigilib.org

ਦੋਵਾਂ ਵਲ ਇਸ਼ਾਰਾ ਕਰ ਕੇ ਕਹਿਣ ਲਗਾ, ਇਨ੍ਹਾਂ ਸਰਦਾਰਾਂ ਨੂੰ ਪੁਛੋ, ਕਿਸ ਦੇ ਜ਼ਿੰਮੇ ਕੀ ਕੀ ਸੇਵਾ ਲਾਈ ਹੋਈ ਨੇ ? ਏਸ ਮਾਰ ਕੁਟਾਈ ਨੂੰ ਅਕਾਲੀ 'ਸੇਵਾ' ਹੀ ਆਖਦੇ ਹਨ ਤੇ ਜਾਂ ਕਹਿੰਦੇ ਹਨ, ਇਹਨੂੰ 'ਚਾਹਟਾ' ਛਕਾਓ !

ਪੁਲੀਸ ਵਾਲੇ ਖਿੜ ਖਿੜਾ ਕੇ ਹੱਸੀ ਚਲੇ ਜਾਣ । ਓੜਕ ਮੈਂ ਭਿਰਗਾ ਨੰਦ ਨੂੰ ਪੁੱਛਿਆ, "ਕਿਤੇ ਮੈਨੂੰ ਜਾਂ ਸਰਦਾਰ ਬੂਟਾ ਸਿੰਘ ਨੂੰ ਵੀ ਲਾਗੇ ਬੰਨੇ ਆਉਂਦਿਆਂ ਜਾਂਦਿਆਂ ਜਾਂ ਫਿਰਦਿਆਂ ਤੁਰਦਿਆਂ ਵੇਖਿਆ ਸਾ ਜੇ ? ਮਹੰਤ ਸਾਹਿਬ !" ਉਸ ਅਗੋਂ ਉਤਰ ਦਿਤਾ, "ਜੀ ! ਤੁਸਾਂ ਆ ਕੇ ਕੀ ਕਰਨਾ ਸੀ ? ਤੁਹਾਡੇ ਗੁਰ ਮੰਤਰ ਜੁ ਚਲਦੇ ਨੇ ।" ਮੈਂ ਥਾਣੇਦਾਰ ਨੂੰ ਕਿਹਾ, "ਖਾਨ ਸਾਹਿਬ ਭਿਰਗਾ ਨੰਦ ਦਾ ਇਹ ਬਿਆਨ ਲਿਖ ਲਓ ! ਅਸੀਂ ਏਸ ਦੇ ਖ਼ਿਲਾਫ਼ ਹਤਕ ਇਜ਼ਤ ਦੇ ਦੀਵਾਨੀ ਤੇ ਫ਼ੌਜਦਾਰੀ ਦੋਵੇਂ ਦਾਅਵੇ ਕਰਾਂਗੇ । ਜੇ ਇਹ ਲੋਕ ਮੁਜਰਮਾਂ ਦੀ ਸ਼ਨਾਖਤ ਕਰ ਸਕਦੇ ਹਨ ਤਾਂ ਮੈਂ ਦੋ ਘੰਟੇ ਦੇ ਅੰਦਰ ਅੰਦਰ ਸਾਰੇ ਅਕਾਲੀਆਂ ਨੂੰ ਬੁਲਾ ਕੇ ਸ਼ਨਾਖ਼ਤ ਪਰੇਡ ਵਿਚ ਲਿਆ ਖੜੇ ਕਰਦਾ ਹਾਂ ਜਾਂ ਹੋਰ ਜੋ ਕਹੋ ਪ੍ਰਬੰਧ ਕਰ ਦੇਂਦਾ ਹਾਂ । ਜਿਨ੍ਹਾਂ ਨੇ ਇਹ ਕੰਮ ਕੀਤਾ ਹੈ ਉਨ੍ਹਾਂ ਨੂੰ ਪਛਾਣ ਲੈਣ ।"

ਏਨੇ ਨੂੰ ਇਕ ਆਦਮੀ ਲਾਗੋਂ ਬੋਲ ਉਠਿਆ । ਸ਼ਨਾਖ਼ਤ ਕਿਨ੍ਹਾਂ ਦੀ ਕਰੋਗੇ ? ਉਹ ਪੰਛੀ ਤਾਂ ਮੂੰਹ ਹਨੇਰੇ ਦੇ ਹੀ ਉਡਾਰੀਆਂ ਲਗਾ ਗਏ ਹੋਏ ਨੇ । ਉਹ ਮੈਨੂੰ ਮਿਲੇ ਸਨ । ਕਿਧਰੇ ਆਪਣੇ ਬੋਰੀਏ ਬਿਸਤਰੇ ਚੁਕੀ ਰੇਲ ਦੀ ਪਟੜੀਏ ਪਟੜੀ ਵਾਹੋ ਦਾਹੀ ਤੁਰੇ ਜਾ ਰਹੇ ਸਨ । ਪਤਾ ਨਹੀਂ ਕਿਹੜੇ ਪਾਸੇ ਨਿਕਲ ਗਏ ਹਨ ।" ਇਹ ਗੱਲ ਸੁਣਦਿਆਂ ਮਹੰਤ ਭਿਰਗਾ ਨੰਦ ਦਾ ਚਿਹਰਾ ਫੂਕ ਹੋ ਗਿਆ ।

ਦੁਕਾਨਦਾਰ ਦਾ ਮੁੰਡਾ ਆ ਕੇ ਖਾਨ ਸਾਹਿਬ ਨੂੰ ਕਹਿਣ ਲਗਾ, "ਜੀ ! ਚਾਹ ਤਿਆਰ ਹੋ ਗਈ ਹੈ ।" ਦੁਕਾਨ ਦੇ ਮੁਹਰੇ ਦੋ ਕੁਰਸੀਆਂ ਤੇ ਇਕ ਮੇਜ਼ ਪਏ ਸਨ । ਖ਼ਾਨ ਸਾਹਿਬ ਸਮਝ ਗਏ ਕਿ ਚਾਹ ਦਾ ਪ੍ਰਬੰਧ ਕਿਸ ਨੇ ਕਰਵਾਇਆ ਹੋਵੇਗਾ । ਉਹ ਚਾਹ ਪੀਣ ਲਈ ਉਧਰ ਨੂੰ ਹੋਏ ਤਾਂ ਸ੍ਰ: ਬੂਟਾ ਸਿੰਘ ਨੇ ਕਿਹਾ, "ਖਾਨ ਸਾਹਿਬ ! ਮੇਰਾ ਘਰ ਬਿਲਕੁਲ ਹੀ ਨੇੜੇ ਹੈ, ਚਲੋ ਅਜ ਸਾਨੂੰ ਖ਼ੁਸ਼ੀਆਂ ਬਖ਼ਸ਼ੋ । ਮੈਂ ਚਾਹ ਦੀ ਸੇਵਾ ਕਰਾਂਗਾ ।" ਮੈਂ ਕਿਹਾ, "ਚਲੋ ! ਅਜ ਅਸੀਂ ਵੀ ਚਾਹ ਦੁਕਾਨਦਾਰ ਪਾਸੋਂ ਹੀ ਛਕ ਵੇਖਦੇ ਹਾਂ । ਚਾਹ ਪੀਣ ਵਾਸਤੇ ਘਰ ਕੀ ਜਾਣਾ ਹੋਇਆ ।" ਝਟ ਹੀ ਕਿਤੋਂ ਦੋ ਕੁਰਸੀਆਂ ਹੋਰ ਆ ਗਈਆਂ ਤੇ ਅਸੀਂ ਦੋਵੇਂ ਵੀ



Digitized by Panjab Digital Library | www.panjabdigilib.org

ਚਾਹ ਪਾਰਟੀ ਵਿਚ ਜਾ ਸ਼ਾਮਲ ਹੋਏ। ਚਾਹ ਪੀ ਚੁਕੇ ਤਾਂ ਖ਼ਾਨ ਸਾਹਿਬ ਪੈਸੇ ਦੇਣ ਵਾਸਤੇ ਜੇਬ ਵਿਚੋਂ ਬਟੂਆ ਕਢ ਕੇ ਖੋਲ੍ਹਣ ਲਗ ਪਏ ਤਾਂ ਦੁਕਾਨਦਾਰ ਨੇ ਝਟ ਪਟ ਕਹਿ ਦਿਤਾ, 'ਜੀ! ਆਪ ਦੇ ਹਵਾਲਦਾਰ ਸਾਹਿਬ ਨੇ ਚਾਹ ਦੇ ਪੈਸੇ ਪਹਿਲਾਂ ਹੀ ਜਮ੍ਹਾਂ ਕਰਵਾ ਦਿਤੇ ਸਨ।"

ਚੁਫੇਰੇ ਚੁਪ ਵਰਤ ਗਈ ਤਾਂ ਖਾਨ ਸਾਹਿਬ ਮਹੰਤ ਭਿਰਗਾ ਨੰਦ ਨੂੰ ਇਹ ਕਹਿ ਕੇ ਚਲਦੇ ਬਣੇ ਕਿ "ਭਾਈ! ਦਰਖ਼ਾਸਤ ਲਿਖਵਾ ਕੇ ਲੈ ਆ ਜਿਸ ਵਿਚ ਮੁਜਰਮਾਂ ਦੇ ਨਾਮ, ਵਲਦੀਅਤ, ਕੌਮੀਅਤ ਤੇ ਸਕੂਨਤ ਆਦਿ ਸਭ ਕੁਝ ਪੂਰਾ ਪੂਰਾ ਦਰਜ ਹੋਵੇ। ਤੇ ਜਾਂ ਲਿਖਾ ਕੇ ਲਿਆਵੀਂ ਕਿ ਮੈਂ ਉਨ੍ਹਾਂ ਨੂੰ ਸ਼ਨਾਖ਼ਤ ਕਰ ਸਕਦਾ ਹਾਂ। ਤੇ ਜਾਂ ਇਹ ਜਿਸ ਤਰ੍ਹਾਂ ਤੂੰ ਹੁਣੇ ਕਿਹਾ ਸੀ ਕਿ 'ਜੀ! ਮੈਂ ਹਨੇਰਾ ਹੋਣ ਕਰ ਕੇ ਕਿਸ਼ੇ ਨੂੰ ਪਛਾਣ ਨਹੀਂ ਸਕਿਆ ਸੀ।" ਫੇਰ ਤਫ਼ਤੀਸ਼ ਕਰਾਂਗੇ। ਐਵੇਂ ਛਗਲਾਂ ਨਾ ਮਾਰਿਆ ਕਰੋ। ਮੇਰੀ ਵਲ ਇਸ਼ਾਰਾ ਕਰਕੇ ਕਿਹਾ ਕਿ "ਇਹ ਵੀ ਪਤਾ ਕਰਨਗੇ ਕਿ ਕੌਣ ਕੌਣ ਇਹ ਕਾਰਾ ਕਰ ਗਿਆ ਹੈ।" ਉਹ ਕਹਿਣ ਲਗਾ, "ਜੀ! ਇਹ ਤਾਂ ਕਿੰਨੇ ਚਿਰਾਂ ਤੋਂ ਮੇਰੇ ਮਗਰ ਪਏ ਹੋਏ ਸਨ ਕਿ ਮਹੰਤ ਜੀ! ਇਹ ਹਵੇਲੀ ਅਸਾਂ ਨੂੰ ਦੇ ਦਿਓ ਤੇ ਇਨ੍ਹਾਂ ਦੇ ਬਦਲੇ ਸਾਥੋਂ ਹੋਰ ਲੈ ਲਓ! ਰੂੜੀ ਆਪਣੇ ਖੇਤਾਂ ਵਿਚ ਵਿਛਾ ਲਓ ਜਾਂ ਸਾਡੇ ਕੋਲ ਵੇਚ ਕੇ ਨਕਦੇ ਕਰ ਲਵੋ। ਅਸੀਂ ਆਪਣੀਆਂ ਜ਼ਮੀਨਾਂ ਵਿਚ ਪਾ ਲਵਾਂਗੇ। ਅਸਾਂ ਗੁਰਦੁਆਰੇ ਦੀਆਂ ਸੜਕਾਂ ਚੌੜੀਆਂ ਕਰਨੀਆਂ ਹਨ। ਪਰ ਮੈਂ ਨਾ ਮੰਨਿਆ। ਏਸ ਕਰ ਕੇ ਮੈਨੂੰ ਜਾਪਦਾ ਹੈ ਕਿ ਡੁਰਲੀ ਜਥੇ ਨੂੰ ਡੁਕਰ ਕੇ ਇਹ ਕਾਰਵਾਈ ਇਨ੍ਹਾਂ ਨੇ ਹੀ ਕਰਵਾਈ ਹੈ।"

ਮੈਂ ਇਹ ਸੁਣ ਕੇ ਹੱਸ ਪਿਆ ਤੇ ਕਿਹਾ, "ਏਸ ਲਈ ਦੋ ਚਾਰ ਮਨ ਚਲੇ ਅਕਾਲੀਆਂ ਨੇ ਆਪਣੇ ਆਪ ਹੀ ਇਹ ਕੰਮ ਕਰ ਦਿਤਾ ਹੋਵੇਗਾ। ਕਿ ਇਹ ਲੋਕ 'ਭਲਮਣਸਊ' ਦੇ ਗ੍ਰਾਹਕ ਨਹੀਂ ਹਨ। ਤੇ ਇਨ੍ਹਾਂ ਨੂੰ ਦੂਜੀ ਤਰ੍ਹਾਂ ਕਾਬੂ ਕਰੀਏ। ਜਿਹੜੇ ਸੰਨ੍ਹਾਂ ਲਾਉਂਦੇ ਹਨ, ਚੋਰੀਆਂ ਕਰਦੇ ਹਨ। ਰੰਨਾਂ ਹੁਦਾਲਦੇ ਹਨ, ਕੀ ਇਹ ਕੰਮ ਮੇਰੇ ਹੁਕਮ ਨਾਲ ਹੀ ਕਰਦੇ ਫਿਰਦੇ ਹਨ। ਅਕਾਲੀ ਪੰਥ ਦਾ ਨੁਕਸਾਨ ਹੁੰਦਾ ਵੇਖ ਕੇ ਜਰ ਹੀ ਨਹੀਂ ਸਕਦੇ। ਉਹ ਬਿਨਾਂ ਕਿਸੇ ਦੇ ਹੁਕਮ ਦੇ ਆਪਣੇ ਆਪ ਦੀ ਜ਼ਿੰਮੇਵਾਰੀ ਉਪਰ ਵਡੀ ਤੋਂ ਵਡੀ ਕੁਰਬਾਨੀ ਕਰ ਗੁਜ਼ਰਦੇ ਹਨ। ਕੀ ਭਾਈ ਲਛਮਣ ਸਿੰਘ ਸ਼ਹੀਦ ਮੇਰੇ ਹੁਕਮ ਨਾਲ ਹੀ ਆਪਣਾ ਜਥਾ



Digitized by Panjab Digital Library | www.panjabdigilib.org

ਲੈ ਕੇ ਆਏ ਸਨ ? ਇਹ ਗੱਲ ਕਰਦਿਆਂ ਖਾਨ ਸਾਹਿਬ ਵਿਚੋਂ ਹੀ ਬੋਲ ਉਠੇ, "ਜੇ ਇਹ ਤੈਨੂੰ ਹਵੇਲੀ ਦੀ ਥਾਂ ਹਵੇਲੀ ਦੇਂਦੇ ਸਨ ਤੇ ਰੂੜੀ ਦੀ ਨਕਦ ਕੀਮਤ ਦੇ ਰਹੇ ਸਨ ਤਾਂ ਤੂੰ ਬੜਾ ਅਹਿਮਕ ਹੈਂ ਜੋ ਨਾ ਮੰਨਿਆ। ਹੁਣ ਵੀ ਜੇ ਤੂੰ ਸਮਝਦਾ ਹੈਂ ਕਿ ਮੇਰੇ ਪਾਸੋਂ ਗ਼ਲਤੀ ਹੋ ਗਈ ਹੈ ਤਾਂ ਮੈਂ ਸਰਦਾਰ ਸਾਹਿਬ ਦੀ ਮਿੰਨਤ ਖ਼ੁਸ਼ਾਮਦ ਕਰਕੇ ਤੈਨੂੰ ਹਵੇਲੀ ਦੇ ਬਦਲੇ ਹਵੇਲੀ ਲੈ ਦੇਂਦਾ ਹਾਂ।"

ਮੈਂ ਕਿਹਾ, "ਖਾਨ ਸਾਹਿਬ ! ਉਹ ਸਮੇਂ ਲਦ ਗਏ। ਉਹ ਖ਼ਰੀਦਾਰ ਵਪਾਰੀ ਹੁਣ ਕੋਈ ਨਹੀਂ ਰਹੇ। "ਪੁਲਸੀਏ ਹੱਥਕੜੀਆਂ ਖੜਕਾਉਂਦੇ ਥਾਣੇ ਨੂੰ ਮੁੜ ਗਏ। ਮਗਰੋਂ ਕੁਝ ਅਕਾਲੀਆਂ ਨੇ ਰੂੜੀ ਦਾ ਸਫ਼ਾਇਆ ਸ਼ੁਰੂ ਕਰ ਦਿਤਾ।

ਮਹੰਤ ਭਿਰਗਾ ਨੰਦ ਮੁੜ ਠਾਣੇ ਨੂੰ ਉਠ ਨੱਠਾ। ਮਗਰੋਂ ਬਹੁਤ ਸਾਰੇ ਅਕਾਲੀਆਂ ਨੇ ਰੂੜੀ ਚੁਕਣੀ ਸ਼ੁਰੂ ਕਰ ਦਿਤੀ ਤੇ ਪੁਲਸ ਦੇ ਸਿਪਾਹੀਆਂ ਦੇ ਅਪੜਨ ਤੋਂ ਪਹਿਲਾਂ ਪਹਿਲਾਂ ਖੇਤਾਂ ਵਿਚ ਸੁਟ ਕੇ ਰਲਾ ਮਿਲਾ ਵੀ ਆਏ ਤੇ ਹੋਰ ਸੇਵਾ 'ਤੇ ਜਾ ਲਗੇ। ਜਦ ਤਕ ਰੂੜੀ ਚੁਕਦੇ ਰਹੇ ਗਲੀ ਦੇ ਦੋਹਾਂ ਸਿਰਿਆਂ 'ਤੇ ਸੇਵਾਦਾਰ ਪਹਿਰੇ 'ਤੇ ਖੜੇ ਰਹੇ। ਕਿਸੇ ਨੂੰ ਨੇੜੇ ਆਉਣ ਦਾ ਹੌਸਲਾ ਹੀ ਨਾ ਪਿਆ। ਨਾਲੇ ਉਹ ਸਵੇਰੇ ਵੇਖ ਹੀ ਚੁਕੇ ਸਨ ਕਿ ਪੁਲੀਸ ਆ ਕੇ ਬਿਨਾਂ ਕੋਈ ਕਾਰਵਾਈ ਕਰਨ ਦੇ ਮੁੜ ਗਈ ਸੀ। ਕਿਸੇ ਨੂੰ ਗ੍ਰਿਫ਼ਤਾਰ ਨਹੀਂ ਸੀ ਨੇ ਕੀਤਾ। ਚਾਹ ਪੀ ਕੇ, ਹੱਸ ਖੇਡ ਕੇ, ਮਖੌਲ ਠੱਠਾ ਕਰਦੇ ਚਲੇ ਗਏ ਸਨ।

ਬਾਕੀ ਰੂੜੀ ਵੀ ਅਕਾਲੀਆਂ ਨੇ ਤਿੰਨ ਦਿਨ ਮਗਰੋਂ ਚੁਕ ਲਈ, ਜਦ ਕਿ ਮਹੰਤ ਸਾਹਿਬ, ਸ਼ੇਖ਼ੂ ਪੁਰੇ ਕਪਤਾਨ ਸਾਹਿਬ ਨੂੰ ਦਰਖ਼ਾਸਤ ਕਰਨ ਵਾਸਤੇ ਉਥੇ ਗਏ ਹੋਏ ਸਨ। ਕਿ ਥਾਣੇ ਵਾਲਿਆਂ ਉਸ ਦਾ ਕੁਝ ਨਹੀਂ ਬਣਾਇਆ। ਉਹ ਦਰਖ਼ਾਸਤ ਕਪਤਾਨ ਸਾਹਿਬ ਨੇ ਰਪੋਟ ਵਾਸਤੇ ਥਾਣੇ ਭੇਜ ਦਿਤੀ। ਜਿਸ 'ਤੇ ਥਾਣੇ ਵਾਲੇ ਵੀ ਗੁੱਸੇ ਹੋ ਗਏ। ਉਨ੍ਹਾਂ ਨੇ ਮਹੰਤ ਦੇ ਖ਼ਿਲਾਫ਼ ਭਰ ਕੇ ਰਪੋਟ ਲਿਖ ਭੇਜੀ ਕਿ ਮਹੰਤ ਨਾ ਤਾਂ ਕਿਸੇ ਦਾ ਨਾਮ ਹੀ ਦਸ ਸਕਦਾ ਏ, ਨਾ ਵਲਦੀਅਤ ਨਾ ਕੌਮੀਅਤ ਨਾ ਸਕੂਨਤ ਤੇ ਨਾ ਸ਼ਨਾਖ਼ਤ ਪਰੇਡ ਕਰਾਉਣੀ ਚਾਹੁੰਦਾ ਸੀ। ਕਹਿੰਦਾ ਸੀ ਮੈਂ ਹਨੇਰੇ ਵਿਚ ਕਿਸੇ ਨੂੰ ਨਹੀਂ ਪਛਾਣਿਆ। ਸਿਰਫ਼ ਇਕ ਸ਼ਖ਼ਸ ਦਾ ਨਾਉਂ ਵਸਾਵਾ ਸਿੰਘ ਲੈਂਦਾ ਸੀ, ਜਿਸ ਨਾਉਂ ਦਾ ਏਥੇ ਕੋਈ ਬੰਦਾ ਹੀ ਹੈ ਨਹੀਂ। ਗੁਰਦੁਆਰੇ ਦੇ ਸੇਵਾਦਾਰਾਂ ਦਾ ਰਜਿਸਟਰ ਮੈਨੇਜਰ ਸਾਹਿਬ ਪਾਸੋਂ



Digitized by Panjab Digital Library | www.panjabdigilib.org

ਲੈ ਕੇ ਪੜਤਾਲ ਲਿਆ ਗਿਆ ਹੈ । ਉਸ ਵਿਚ ਵੀ ਕਿਧਰੇ ਕੋਈ 'ਵਸਾਵਾ ਸਿੰਘ' ਨਾਮ ਦਰਜ ਨਹੀਂ । ਸੁ ਮਹੰਤ ਸਾਹਿਬ ਨਾਲ ਤਾਂ ਉਹ ਗੱਲ ਹੋਈ, ਕਿ "ਕੰਨ ਵੀ ਪਾਟੇ ਤੇ ਰੰਨ ਵੀ ਗਈ ।"

ਅਕਾਲੀਆਂ ਨੇ ਹੌਲੀ ਹੌਲੀ ਹਵੇਲੀ ਦਾ ਮਲਬਾ ਵੀ ਛੱਪੜ ਵਿਚ ਵਿਛਾ ਦਿਤਾ । ਡਯੂਟੀ ਤਾਂ ਇਕ ਜਥੇ ਦੀ ਲਗ ਹੀ ਚੁੱਕੀ ਸੀ, ਉਹ ਜਦੋਂ ਦਾਅ ਲਗਦਾ ਝੁਟੀ ਲਗਾ ਕੇ ਚਲੇ ਜਾਂਦੇ । ਤੇ ਆਪਣੀ ਪੱਕੀ 'ਤੇ ਜਾ ਹਾਜ਼ਰ ਹੁੰਦੇ । ਏਸ ਤਰ੍ਹਾਂ ਹੱਥ ਪੈਰ ਮਾਰਦਿਆਂ ਪੰਦਰਾਂ ਦਿਨਾਂ ਦੇ ਵਿਚ ਵਿਚ ਸਾਰੀ ਸਫਾਈ ਹੋ ਗਈ, ਤੇ ਅਸਾਂ ਜਿੰਨੀ ਸੜਕ ਚੌੜੀ ਕਰਨੀ ਸੀ ਕਰ ਲਈ । ਲੋਕਾਂ ਦੀ ਸਾਡੇ ਨਾਲ ਦਿਲੀ ਹਮਦਰਦੀ ਕੋਈ ਨਹੀਂ ਸੀ । ਇਸ ਦੇ ਦੋ ਕਾਰਨ ਸਨ । ਇਕ ਤਾਂ ਸਰਕਾਰ ਨੇ ਨੀਤੀ ਬਦਲ ਲਈ ਸੀ ਜਿਸ ਨੂੰ ਦੇਖ ਕੇ ਲੋਕੀਂ ਖ਼ਿਆਲ ਕਰਨ ਲਗ ਪਏ ਕਿ ਸ਼ਾਇਦ ਮਹੰਤ ਮੁਕੱਦਮੇ ਵਿਚੋਂ ਸੁੱਕਾ ਹੀ ਬੱਚ ਨਿਕਲੇ ਤੇ ਮੁੜ ਛੇਤੀ ਹੀ ਏਥੇ ਆ ਜਾਵੇ । ਤੇ ਦੂਜੇ ਹੱਕ ਮਾਲਕਾਨਾ ਬਾਬਤ ਸਾਡੇ ਨਾਲ ਲੋਕਾਂ ਦੇ ਝਗੜੇ ਛਿੜੇ ਹੋਏ ਸਨ । ਸੁ ਅਸਾਂ ਫ਼ੈਸਲਾ ਕਰ ਲਿਆ ਕਿ ਲੋਕਾਂ ਨੂੰ ਏਸ ਗੱਲ ਦਾ ਇਹਸਾਸ ਕਰਵਾ ਦੇਣਾ ਜ਼ਰੂਰੀ ਹੈ ਕਿ ਸਾਡੇ ਨਾਲ ਮਿਲਵਰਤਣ ਕੀਤੇ ਬਿਨਾਂ ਉਨ੍ਹਾਂ ਦਾ ਗੁਜ਼ਾਰਾ ਮੁਸ਼ਕਲ ਹੈ ।

ਅਸਾਂ ਪਹਿਲਾ ਕੰਮ ਇਹ ਕੀਤਾ ਕਿ ਮਾਲ ਜੀ ਸਾਹਿਬ ਗੁਰਦੁਆਰੇ ਦਾ ਹਰਟ ਬੰਦ ਕਰ ਦਿਤਾ । ਪਹਿਲਾਂ ਹਰ ਰੋਜ਼ ਪੰਜ ਸਤ ਘੰਟੇ ਬਲਦ ਜੋੜ ਕੇ ਹਰਟ ਚਲਾਇਆ ਜਾਇਆ ਕਰਦਾ ਸੀ । ਤੇ ਲੋਕਾਂ ਨੂੰ ਨਹਾਉਣ ਧੋਣ ਦਾ ਬੜਾ ਸੁਖ ਸੀ । ਸੁ ਉਹ ਮੇਰੇ ਹੁਕਮ ਨਾਲ ਬੰਦ ਹੋ ਗਿਆ । ਫੇਰ ਦੂਜਾ ਹੁਕਮ ਇਹ ਜਾਰੀ ਕੀਤਾ ਕਿ ਗੁਰਦੁਆਰੇ ਦੀ ਮਲਕੀਅਤ ਜ਼ਮੀਨ ਵਿਚੋਂ ਮਿੱਟੀ ਕੋਈ ਨਾ ਪੁਟੇ । ਅਤੇ ਨਾ ਗੁਰਦੁਆਰੇ ਦੇ ਖਾਲਾਂ ਵਿਚੋਂ ਕੋਈ ਪਾਣੀ ਹੀ ਵਰਤੇ । ਮਿੱਟੀ ਤੇ ਪਾਣੀ ਬਿਨਾਂ ਗਾਰਾ ਕੀਕਣ ਬਣੇ । ਕੁਮ੍ਹਾਰਾਂ ਨੂੰ ਵੀ ਤਾੜਨਾ ਕਰ ਦਿਤੀ ਗਈ ਕਿ ਬਿਨਾਂ ਗੁਰਦੁਆਰਾ ਕਮੇਟੀ ਵਲੋਂ ਲਿਖਤੀ ਆਗਿਆ ਲੈਣ ਦੇ ਕਿਧਰੋਂ ਵੀ ਮਿੱਟੀ ਨਾ ਪੁਟਣਾ । ਥਾਂ ਮੁਕੱਰਰ ਕਰ ਦਿਤੇ ਗਏ ਕਿ ਉਨ੍ਹਾਂ ਥਾਵਾਂ ਤੋਂ ਬਿਨਾਂ ਹੋਰ ਕਿਤਿਉਂ ਵੀ ਕੋਈ ਮਿੱਟੀ ਨਾ ਲਵੇ । ਤੇ ਉਥੋਂ ਵੀ ਆਗਿਆ ਦੀ ਪਰਚੀ ਬਣਵਾਏ ਬਿਨਾਂ ਕੋਈ ਨਹੀਂ ਲੈ ਸਕਦਾ ਸੀ । ਨਾਲ ਹੀ



Digitized by Panjab Digital Library | www.panjabdigilib.org

ਅਸਾਂ ਭਠਿਆਂ ਤੋਂ ਸਾਰਾ ਦਾ ਸਾਰਾ ਹਾਜ਼ਰ ਸਟਾਕ (ਮਾਲ) ਆਪ ਖ਼ਰੀਦ **ਲਿਆ**। ਨਾਲੇ ਅਗੋਂ ਭੱਠਿਆਂ ਵਾਲਿਆਂ ਨਾਲ ਇਕ ਸਾਲ ਲਈ ਸਾਰੇ ਦਾ ਸਾਰਾ ਮਾਲ ਕੇਵਲ ਸਾਡੇ ਕੋਲ ਵੇਚਣ ਦੇ ਮੁਆਹਿਦੇ ਕਰ ਲਏ ਗਏ। ਨਾਲੇ ਢੰਡੋਰਾ ਪਿਟਵਾ ਦਿਤਾ ਕਿ ਜੋ ਲੋਕ ਛੇ ਮਹੀਨਿਆਂ ਦੇ ਅੰਦਰ ਅੰਦਰ ਇਮਾਰਤਾਂ ਦੀ ਉਸਾਰੀ ਸ਼ੁਰੂ ਨਹੀਂ ਕਰ ਦੇਣਗੇ, ਖ਼ਾਲੀ ਪਈ ਸਫ਼ੇਦ ਜ਼ਿਮੀਂ ਦੇ ਪਲਾਟ (ਟੁਕੜੇ) ਜ਼ਬਤ ਕਰ ਲਏ ਜਾਣਗੇ ਤੇ ਉਨ੍ਹਾਂ ਨੂੰ ਮੁੜ ਨਵੇਂ ਸਿਰਿਉਂ ਨੀਲਾਮ ਕਰ ਦਿਤਾ ਜਾਵੇਗਾ। ਨਾ ਕਿਧਰੋਂ ਇੱਟਾਂ ਮਿਲਣ, ਨਾ ਗਾਰੇ ਲਈ ਮਿੱਟੀ ਤੇ ਪਾਣੀ, ਤੇ ਉਤੋਂ ਪਲਾਟ ਜ਼ਬਤ ਕੀਤੇ ਜਾਣ ਦੀ ਧਮਕੀ। ਨਾਲ ਹੀ ਨਹਾਉਣ ਧੋਣ ਲਈ ਖੂਹ ਦਾ ਪਾਣੀ ਬੰਦ ਹੋ ਜਾਣ ਨਾਲ ਲੋਕ ਡਾਢੇ ਦੁਖੀ ਹੋ ਗਏ। ਤੇ ਉਨ੍ਹਾਂ ਨੂੰ ਛੇਤੀ ਹੀ ਸਮਝ ਆ ਗਈ ਕਿ ਅਕਾਲੀਆਂ ਨਾਲ ਬਣਾ ਕੇ ਰਖਣ ਨਾਲ ਹੀ ਗੁਜ਼ਾਰਾ ਹੋ ਸਕਦਾ ਹੈ। ਇਕ ਡੈਪੂਟੇਸ਼ਨ ਮਿਲਣ ਵਾਸਤੇ ਆਇਆ ਉਸ ਦੇ ਨਾਲ ਸ੍ਰ: ਬੂਟਾ ਸਿੰਘ ਜੀ ਸਫ਼ਾਰਸ਼ੀ ਬਣ ਕੇ ਆ ਗਏ।

ਕਹਿਣ ਲਗੇ "ਜਥੇਦਾਰ ਸਾਹਿਬ! ਅਸਾਂ ਨਨਕਾਣਾ ਸਾਹਿਬ ਨੂੰ ਵਸਾਉਣਾ ਹੈ, ਉਜਾੜਨਾ ਨਹੀਂ।" ਮੈਂ ਅਗੋਂ ਘੁਰਕ ਕੇ ਪਿਆ ਕਿ ਅਸੀਂ ਉਜਾੜਨ ਵਾਲੇ ਹਾਂ? ਲੋਕਾਂ ਨੇ ਹੱਥ ਜੋੜ ਕੇ ਹਾੜੇ-ਮਿੰਨਤਾਂ ਸ਼ੁਰੂ ਕਰ ਦਿਤੀਆਂ। ਅਖੇ, ਨਾਲੇ ਤਾਂ ਤੁਸਾਂ ਡੌਂਡੀ ਪਿਟਵਾ ਦਿਤੀ ਹੈ ਕਿ ਜਿਹੜਾ ਛੇ ਮਹੀਨੇ ਅੰਦਰ ਉਸਾਰੀ ਆਰੰਭ ਨਹੀਂ ਕਰ ਦੇਵੇਗਾ; ਉਸ ਦੀ ਖ਼ਾਲੀ ਪਈ ਜ਼ਮੀਨ ਜ਼ਬਤ ਕਰ ਲਈ ਜਾਵੇਗੀ। ਨਾਲੇ ਮਿੱਟੀ ਤੇ ਪਾਣੀ ਬੰਦ ਕਰ ਲਿਆ ਜੇ। ਗਾਰੇ ਵਾਸਤੇ ਮਿੱਟੀ ਤੇ ਪਾਣੀ ਦਾ ਮਿਲਣਾ ਲਾਜ਼ਮੀ ਹੈ। ਇੱਟਾਂ ਤੁਸਾਂ ਸਾਰੀਆਂ ਦੀਆਂ ਸਾਰੀਆਂ ਮੁੱਲ ਖ਼ਰੀਦ ਲਈਆਂ ਹਨ। ਸਗੋਂ ਅਗਲੇ ਸਾਲ ਭਰ ਵਿਚ ਪਕਣ ਵਾਲੀਆਂ ਵੀ ਆਪਣੇ ਭੱਠਿਆਂ ਵਾਲਿਆਂ ਕੋਲੋਂ ਲੈਣੀਆਂ ਕਰ ਲਈਆਂ ਹਨ। ਕੁਮ੍ਹਾਰ ਤੁਸਾਂ ਸਾਰੇ ਦੇ ਸਾਰੇ ਛੱਪੜ ਪੂਰਨ ਦੇ ਕੰਮ 'ਤੇ ਲਾ ਰਖੇ ਹਨ। ਅਸੀਂ ਇਮਾਰਤਾਂ ਖੜੀਆਂ ਕਰਨ ਵਾਸਤੇ ਕਿਹੜਾ 'ਅਲਾਹ ਦੀਨ ਦਾ ਚਰਾਗ਼' ਲੈ ਆਈਏ? ਜੋ ਬਿਨਾਂ ਇੱਟਾਂ ਤੇ ਗਾਰੇ ਦੇ ਮਹਿਲ ਖੜੇ ਕਰ ਦੇਵੇ?"

ਮੈਂ ਕਿਹਾ, "ਵੇਖੋ ਭਰਾਓ, ਪਹਿਲੀ ਗੱਲ ਤਾਂ ਤੁਸੀਂ ਇਹ ਕਰੋ ਕਿ ਆਪਣੇ ਦਿਮਾਗ਼ਾਂ ਵਿਚੋਂ ਇਹ ਗੱਲ ਉੱਕੀ ਹੀ ਕੱਢ ਛਡੋ ਕਿ ਮਹੰਤ ਮੁੜ ਕੇ



Digitized by Panjab Digital Library | www.panjabdigilib.org

ਨਨਕਾਣਾ ਸਾਹਿਬ ਆ ਜਾਵੇਗਾ। ਸਵਾ ਸੌ ਤੋਂ ਵਧੀਕ ਆਦਮੀਆਂ ਦਾ ਕਾਤਲ ਅੱਵਲ ਤਾਂ ਫ਼ਾਂਸੀ ਲਟਕੇਗਾ। ਉਸ ਦੇ ਬਚ ਨਿਕਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫ਼ਰਜ਼ ਕਰੋ, ਜੇ ਮੁਕੱਦਮੇ ਵਿਚੋਂ ਬਚ ਵੀ ਨਿਕਲਿਆ (ਜੋ ਹੋ ਨਹੀਂ ਸਕਦਾ) ਤਾਂ ਏਥੇ ਆਉਂਦੇ ਦਾ ਅਕਾਲੀ ਉਸ ਦਾ ਕੀਮਾ ਕਰ ਘੱਤਣਗੇ। ਉਹ ਕਿਸੇ ਸੂਰਤ ਵੀ ਨਨਕਾਣਾ ਸਾਹਿਬ ਦੀਆਂ ਬੁਰਜੀਆਂ ਅੰਦਰ ਪੈਰ ਪਾ ਕੇ ਜੀਉਂਦਾ ਨਹੀਂ ਰਹਿ ਸਕਦਾ।

"ਦੂਜੀ ਗੱਲ ਇਹ ਕਿ ਅਸੀਂ ਤੁਹਾਨੂੰ ਦੁਖੀ ਦੇਖ ਕੇ ਰਾਜ਼ੀ ਨਹੀਂ। ਅਸੀਂ ਤੁਹਾਨੂੰ ਸੁਖੀ ਵਸਦੇ ਰਸਦੇ ਵੇਖਣਾ ਚਾਹੁੰਦੇ ਹਾਂ। ਜੇ ਕਰ ਤੁਸੀਂ ਵੀ ਆਪਣੀ ਜ਼ਹਿਨੀਅਤ ਬਦਲ ਲਉ ਤੇ ਸਾਡੇ ਨਾਲ, ਉਪਰੋਂ ਉਪਰੋਂ ਮਜਬੂਰ ਹੋ ਕੇ ਨਹੀਂ, ਸਗੋਂ ਸੱਚੇ ਦਿਲੋਂ ਤੇ ਖ਼ੁਸ਼ੀ ਖ਼ੁਸ਼ੀ, ਮਿਲਵਰਤਣ ਕਰੋ, ਹਕ ਮਾਲਕਾਨਾਂ ਤਾਰ ਦਿਓ। ਜਿਸ ਨੇ ਮਕਾਨ ਬਣਾਉਣਾ ਹੋਵੇ ਗੁਰਦਵਾਰਾ ਕਮੇਟੀ ਪਾਸ ਹਕ ਮਾਲਕਾਨੇ ਦੀ ਰਕਮ ਜਮ੍ਹਾਂ ਕਰਵਾ ਦੇਵੇ, ਇਜਾਜ਼ਤ ਨਾਮਾ ਹਾਸਲ ਕਰ ਕੇ ਮਿੱਟੀ ਤੇ ਪਾਣੀ ਵਰਤ ਲੈਣ ਦੀਆਂ ਪਰਚੀਆਂ ਕਟਵਾ ਲਵੇ। ਤੇ ਮਕਾਨ ਉਸਾਰਨ ਦਾ ਕੰਮ ਸ਼ੁਰੂ ਕਰ ਦੇਵੇ।"

ਲੋਕਾਂ ਨੂੰ ਸਮਝ ਆ ਗਈ ਕਿ ਸਾਡੇ ਨਾਲ ਮਿਲਵਰਤਣ ਬਿਨਾਂ ਉਨ੍ਹਾਂ ਦਾ ਏਥੇ ਗੁਜ਼ਾਰਾ ਨਹੀਂ। ਸੋ ਨਵੀਆਂ ਇਮਾਰਤਾਂ ਬਣਾਉਣ ਵਾਲਿਆਂ ਨੇ ਤਾਂ ਸਾਨੂੰ ਹੱਕ ਮਾਲਕਾਨਾਂ ਦੇ ਕੇ ਮਿੱਟੀ, ਪਾਣੀ ਤੇ ਇੱਟਾਂ ਦੀਆਂ ਪਰਚੀਆਂ ਲੈਣੀਆਂ ਸ਼ੁਰੂ ਕਰ ਦਿਤੀਆਂ, ਪਰ ਜੋ ਲੋਕ ਦੁਕਾਨਾਂ ਤੇ ਮਕਾਨ ਉਸਾਰ ਚੁਕੇ ਸਨ, ਉਨ੍ਹਾਂ ਦਾ ਵਤੀਰਾ ਪਹਿਲੋਂ ਵਾਲਾ ਹੀ ਰਿਹਾ। ਤੇ ਮਹੰਤ ਦੇ ਚੇਲਿਆਂ ਦੇ ਦਿਮਾਗ਼ ਵੀ ਅਜੇ ਠੀਕ ਨਾ ਹੋਏ। ਉਹ ਅਜੇ ਵੀ ਆਪਣੇ ਆਪ ਨੂੰ ਸ਼ਹਿਰ ਦੇ ਮਾਲਕ ਹੀ ਸਮਝਦੇ ਸਨ। ਏਸ ਰਾਜ਼ੀਨਾਵੇਂ ਨੂੰ ਅਜੇ ਥੋੜਾ ਚਿਰ ਹੋਇਆ ਸੀ ਕਿ ਮੈਨੂੰ ਕੁਝ ਕੁ ਜ਼ਰੂਰੀ ਕੰਮਾਂ ਲਈ ਲਾਹੌਰ ਤੇ ਅੰਮ੍ਰਿਤਸਰ ਜਾਣਾ ਪੈ ਗਿਆ। ਜਦੋਂ ਮੈਂ ਵਾਪਸ ਆਇਆ। ਮੈਨੂੰ ਸਟੇਸ਼ਨ ਤੋਂ ਲੈਣ ਵਾਸਤੇ ਕੁਝ ਕੁ ਅਕਾਲੀ ਸਿੰਘ ਟਾਂਗਾ ਲੈ ਕੇ ਰੇਲਵੇ ਸਟੇਸ਼ਨ 'ਤੇ ਆਏ ਹੋਏ ਸਨ। ਮੈਂ, ਅਕਾਲੀ ਜਥੇਦਾਰ ਅਤੇ ਦੋ ਕੁ ਹੋਰ ਅਕਾਲੀ ਸਿੰਘ ਟਾਂਗੇ ਵਿਚ ਬੈਠ ਗਏ। ਥਾਣੇ ਦੇ ਨੇੜੇ ਪਹੁੰਚੇ, ਤਾਂ ਮੈਂ ਦੇਖਿਆ ਕਿ ਬਹੁਤ ਸਾਰੇ ਕਾਰੀਗਰ ਤੇ ਮਜ਼ਦੂਰ ਇਕ



Digitized by Panjab Digital Library | www.panjabdigilib.org

ਨਵੀਂ ਇਮਾਰਤ ਉਸਾਰਨ 'ਤੇ ਲਗੇ ਹੋਏ ਸਨ ਤੇ ਇਮਾਰਤ ਦਬਾ ਦਬ ਉਸਾਰੀ ਜਾ ਰਹੀ ਸੀ। ਜਿਸ ਦਿਨ ਮੈਂ ਏਥੋਂ ਗਿਆ ਸੀ, ਉਸ ਦਿਨ ਏਥੇ ਕੋਈ ਇਮਾਰਤ ਉਸਰਦੀ ਨਹੀਂ ਸੀ ਦੇਖੀ।

ਮੈਂ ਅਕਾਲੀ ਸਿੰਘਾਂ ਨੂੰ ਪੁੱਛਿਆ ਕਿ ਇਹ ਕਿਸ ਦੀ ਇਮਾਰਤ ਉੱਸਰ ਰਹੀ ਹੈ ? ਕੀ ਇਸ ਨੇ ਇਜਾਜ਼ਤ ਲੈ ਰਖੀ ਹੈ ? ਹੱਕ ਮਾਲਕਾਨਾ ਤਾਰ ਦਿਤਾ ਸੁ ? ਉਨ੍ਹਾਂ ਕਿਹਾ, ਜੀ ! ਸਾਨੂੰ ਪਤਾ ਨਹੀਂ। ਮੈਂ ਬੜਾ ਖ਼ਫ਼ਾ ਹੋਇਆ। ਕਿਹਾ ਕਿ ਤੁਸੀਂ ਏਥੇ ਕਿਸ ਮਰਜ਼ ਦੀ ਦਵਾ ਹੋ ? ਉਹ ਮੈਨੂੰ ਕਹਿਣ ਲਗੇ ਜੀ ! ਡਯੂਟੀ ਦੂਜੇ ਜਥੇ ਦੀ ਹੈ। ਮੈਂ ਤਾੜ ਕੇ ਕਿਹਾ ਕਿ ਨਹੀਂ ਹਰ ਅਕਾਲੀ ਹਰ ਵੇਲੇ ਡਯੂਟੀ ਉਪਰ ਹੈ। ਮੈਂ ਫੇਰ ਕਿਹਾ — ਪਤਾ ਤਾਂ ਕਰੋ ! ਤੇ ਨਾਲੇ ਡਯੂਟੀ ਵਾਲੇ ਜਥੇ ਨੂੰ ਖ਼ਬਰ ਕਰ ਦਿਉ ਕਿ ਆ ਕ ਉਸਾਰੀ ਫ਼ੌਰਨ ਬੰਦ ਕਰਵਾ ਦੇਵੇ। ਮੈਂ ਆਪ ਵੀ ਟਾਂਗੇ ਤੋਂ ਉਤਰਿਆ ਤੇ ਮਕਾਨ ਦੇ ਅੰਦਰ ਜਾ ਕੇ ਉਸਾਰੀ ਬੰਦ ਕਰਵਾ ਦਿਤੀ। ਤੇ ਨਾਲ ਹੀ ਠੋਕ ਵਜਾ ਕੇ ਕਹਿ ਦਿਤਾ ਕਿ ਜੇ ਹੱਥ ਪੈਰ ਸਾਬਤੇ ਲੈ ਕੇ ਜਾਣ ਦੀ ਲੋੜ ਹੈ ਤਾਂ ਤੇਸੀਆਂ ਕਾਂਡੀਆਂ ਚੁਕੋ ਤੇ ਏਥੋਂ ਪੱਤਰਾ ਵਾਚ ਜਾਓ।

ਉਹ ਸਭ ਚਲੇ ਗਏ ਤਾਂ ਉਸ ਇਮਾਰਤ ਦੀ ਉਸਾਰੀ ਲਾਉਣ ਵਾਲਾ ਮਹੰਤ ਗੋਪਾਲ ਦਾਸ ਆ ਕੇ ਕਹਿਣ ਲਗਾ, "ਕਿਉਂ ਜੀ, ਮਾਲਕਾਂ ਪਾਸੋਂ ਵੀ ਹੱਕ ਮਾਲਕਾਨਾ ਮੰਗਦੇ ਹੋ ?" ਮੈਂ ਕਿਹਾ "ਹੁਣ ਮਾਲਕ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਸੁ ਹੱਕ ਮਾਲਕਾਨਾ ਦੇ ਕੇ, ਇਜਾਜ਼ਤ ਲੈ ਕੇ ਮਕਾਨ ਬਣਾਓ ! ਨਹੀਂ ਤਾਂ ਬਣਿਆ ਬਣਾਇਆ ਮਕਾਨ ਢਾਹ ਦਿਤਾ ਜਾਵੇਗਾ।"

ਉਹ ਸਾਹਮਣੇ ਬੈਠੇ ਠਾਣੇਦਾਰ ਪਾਸ ਜਾ ਪਿਟਿਆ। ਜਦੋਂ ਮੇਰਾ ਟਾਂਗਾ ਉਥੋਂ ਲੰਘਣ ਲਗਾ ਤਾਂ ਠਾਣੇਦਾਰ ਉਠ ਕੇ ਸਲਾਮ ਕਰ ਕੇ ਕਹਿਣ ਲਗਾ, "ਕਦੇ ਮਿੰਟ ਦੋ ਮਿੰਟ ਸਾਨੂੰ ਵੀ ਦਰਸ਼ਨ ਦੇ ਜਾਇਆ ਕਰੋ ! ਅਸੀਂ ਵੀ ਤੁਹਾਡੇ ਸੇਵਾਦਾਰ ਹਾਂ। ਨਾਲੇ ਗੁਪਾਲ ਦਾਸ ਦੀ ਫ਼ਰਿਆਦ ਤਾਂ ਸੁਣਦੇ ਜਾਓ।" ਮੈਂ ਟਾਂਗੇ ਤੋਂ ਉਤਰ ਕੇ ਖ਼ਾਨ ਸਾਹਿਬ ਪਾਸ ਕੁਰਸੀ 'ਤੇ ਜਾ ਬੈਠਾ। ਅਤੇ ਸੇਵਾਦਾਰਾਂ ਨੂੰ ਟਾਂਗਾ ਲੈ ਜਾਣ ਦਾ ਹੁਕਮ ਦੇ ਕੇ ਨਾਲ ਹੀ ਘੋੜਾ ਭੇਜ ਦੇਣ ਦੀ ਪੱਕੀ ਕਰ ਦਿਤੀ। ਕਿਉਂਕਿ ਮੈਨੂੰ ਜ਼ੀਨ ਸਵਾਰੀ ਦਾ ਬੜਾ ਸ਼ੌਕ ਸੀ। ਤੇ ਘੋੜਾ ਵੀ ਬੜਾ ਸ਼ਾਨਦਾਰ ਸੀ। ਇਕ ਕਦਮ ਵੀ ਸਿਧਾ ਨਹੀਂ ਸੀ ਰਖਦਾ। ਜਦ ਤਕ ਸਵਾਰੀ



Digitized by Panjab Digital Library | www.panjabdigilib.org

ਹੇਠ ਰਹਿੰਦਾ, ਨੱਚਦਾ ਹੀ ਰਹਿੰਦਾ।

ਟਾਂਗਾ ਚਲਾ ਗਿਆ। ਦੋ ਸੇਵਾਦਾਰ ਥੋੜੇ ਜਿਹੇ ਦੁਰਾਡੇ ਜਾ ਬੈਠੇ। ਮੈਂ ਉਨ੍ਹਾਂ ਨੂੰ ਤੋਰ ਦਿਤਾ। ਮਗਰੋਂ ਗੁਪਾਲ ਦਾਸ ਦਾ ਕਿੱਸਾ ਸ਼ੁਰੂ ਹੋ ਗਿਆ। ਕਿ ਉਹ (ਮਹੰਤ) ਤਾਂ ਮਾਲਕ ਹਨ, ਉਨ੍ਹਾਂ ਪਾਸੋਂ ਹੱਕ ਮਾਲਕਾਨਾ ਕਾਹਦਾ ? ਮੈਂ ਕਿਹਾ ਕਿ ਅਵਲ ਤਾਂ ਮਹੰਤ ਸਾਹਿਬ ਗੁਰਦੁਆਰਾ ਜਨਮ ਅਸਥਾਨ ਦੇ ਮਹੰਤ ਦੇ ਚੇਲਿਆਂ ਵਿਚੋਂ ਹੈ ਤੇ ਇਹ ਜਾਇਦਾਦ ਮਹੰਤ ਗੁਰਦੁਆਰਾ ਮਾਲ ਜੀ ਸਾਹਿਬ ਦੇ ਮਹੰਤ ਕਿਰਪਾ ਰਾਮ ਪਾਸੋਂ ਸਾਡੇ ਕੋਲ ਆਈ ਹੈ, ਜਿਸ ਦਾ ਤੁਸਾਂ ਪਟਾ ਲਿਖ ਕੇ ਦਿਤਾ ਹੋਇਆ ਹੈ, ਜਿਸ 'ਤੇ ਤੁਸਾਂ ਲਿਖਿਆ ਹੈ ਕਿ ਇਕ ਰੁਪਿਆ ਸੈਂਕੜਾ ਸਾਲਾਨਾ ਗੁਰਦੁਆਰੇ ਨੂੰ ਹੱਕ ਮਾਲਕਾਨਾਂ ਦਿਆ ਕਰਾਂਗਾ। ਮਹੰਤ ਕਿਰਪਾ ਰਾਮ ਨੇ ਗੁਰਦੁਆਰਾ ਮਾਲ ਜੀ ਸਾਹਿਬ, ਸਾਰੀ ਜਾਇਦਾਦ, ਮੁਰੱਬੇ ਤੇ ਹੋਰ ਹਰ ਪ੍ਰਕਾਰ ਦੇ ਹੱਕ ਹਕੂਕ ਗੁ: ਪ੍ਰ: ਕਮੇਟੀ ਨਨਕਾਣਾ ਸਾਹਿਬ ਨੂੰ ਦੇ ਦਿਤੇ ਹਨ। ਤੈਨੂੰ ਇਨ੍ਹਾਂ ਗੱਲਾਂ ਦਾ ਸਾਰਾ ਚਾਨਣਾ ਹੈ। ਹੁਣ ਹੁੱਜਤਬਾਜ਼ੀ ਦੇ ਕੀ ਅਰਥ ? ਜ਼ੈਲਦਾਰ ਹੁਸੈਨ ਭੱਟੀ ਵਰਗਿਆਂ ਨੇ ਅਪਣਾ ਮਕਾਨ ਹੱਕ ਮਾਲਕਾਨਾਂ ਦੇ ਕੇ ਉਸਾਰਨਾ ਆਰੰਭ ਕੀਤਾ। ਪਹਿਲੋਂ ਓਨ ਵੀ ਮਾਲਕਾਨਾ ਤਾਰਿਆਂ ਬਗ਼ੈਰ ਉਸਾਰੀ ਲਗਾ ਦਿਤੀ ਸੀ ਤੇ ਮੈਨੂੰ ਉਸ ਦੀ ਉਸਾਰੀ ਬੰਦ ਕਰਨੀ ਪਈ ਸੀ। ਡੀ. ਸੀ. ਦੇ ਵੀ ਓਨ ਜਾ ਸ਼ਕਾਇਤ ਕੀਤੀ ਸੀ। ਜਦ ਉਸ ਨੇ ਵੀ ਪਟਾ ਤੇ ਰਜਿਸਟਰ ਦੇਖੇ ਤਾਂ ਉਸ ਨੇ ਵੀ ਸਲਾਹ ਦਿਤੀ ਕਿ ਜੋ ਹੱਕ ਮਾਲਕਾਨਾ ਦੇਣਾ ਕੀਤਾ ਹੋਇਆ ਹੈ ਤਾਂ ਜ਼ਰੂਰ ਦੇ ਦੇਵੇ ਤੇ ਮਕਾਨ ਬਣਾ ਲਵੇ। ਸਾਹਿਬ ਨੇ ਵੀ ਕਿਹਾ ਕਿ ਕੋਈ ਵੀ ਦੀਵਾਨੀ ਅਦਾਲਤ ਇਹ ਗੱਲ ਨਹੀਂ ਮੰਨਣ ਲਗੀ ਕਿ ਸਾਰੀ ਲਿਖਤ ਪੜ੍ਹਤ ਫ਼ਰਜ਼ੀ ਹੈ। ਖ਼ਾਸ ਕਰ ਕੇ ਜਦ ਕਿ ਉਹ ਆਪ ਕਹਿੰਦਾ ਸੀ ਕਿ ਮਹੰਤ ਵੀ ਉਸ ਦੀ ਸ਼ਹਾਦਤ ਨਹੀਂ ਦੇਵੇਗਾ। ਹੱਕ ਮਾਲਕਾਨਾ ਤਾਂ ਉਸ ਨੂੰ ਵੀ ਦੇਣਾ ਹੀ ਪਿਆ ਹੈ। ਤੂੰ ਭਲਾ ਕਿਸ ਬਾਗ਼ ਦੀ ਮੂਲੀ ਹੈਂ ?"

ਏਨੇ ਨੂੰ ਥਾਣੇਦਾਰ ਸਾਹਿਬ ਨੇ ਚਾਹ ਮੰਗਵਾ ਭੇਜੀ, ਮੈਂ ਵੀ ਦੋ ਪਿਆਲੇ ਪੀ ਲਏ। ਦੋ ਸੇਵਾਦਾਰ ਘੋੜਾ ਲੈ ਕੇ ਵੀ ਆ ਗਏ ਤੇ ਮੈਂ ਖ਼ਾਂ ਸਾਹਿਬ ਪਾਸੋਂ ਵਿਦਾ ਹੋ ਕੇ ਮਾਲ ਜੀ ਸਾਹਿਬ ਗੁਰਦੁਆਰੇ ਤੇ ਮੰਡੀ ਦਾ ਚੱਕਰ ਲਾਉਂਦਾ



Digitized by Panjab Digital Library | www.panjabdigilib.org

ਜਨਮ ਅਸਥਾਨ ਸਾਹਿਬ ਆ ਗਿਆ। ਫ਼ੌਰਨ ਜਥੇਦਾਰ ਵਸਾਵਾ ਸਿੰਘ ਨੂੰ ਬੁਲਾ ਭੇਜਿਆ ਤੇ ਉਸ ਦੀ ਡਯੂਟੀ ਲਗਾ ਦਿਤੀ ਕਿ ਮਹੰਤ ਗੁਪਾਲ ਦਾਸ ਦੀ ਸੋਧ ਕਰਨੀ ਹੈ।

ਜਥੇਦਾਰ ਵਸਾਵਾ ਸਿੰਘ ਤੇ ਉਸ ਦਾ ਸਾਥੀ ਗੁਰਦੁਆਰਾ ਭਾਂਈ ਜੋਗਾ ਸਿੰਘ (ਪਿਸ਼ਾਵਰ) ਤੇ ਗੁਰਦੁਆਰਾ ਸਮਾਧ ਬਾਬਾ ਫੂਲਾ ਸਿੰਘ ਅਕਾਲੀ (ਨੌਸ਼ਹਿਰਾ) ਦੇ ਦਰਸ਼ਨ ਕਰ ਚੁਕਣ ਮਗਰੋਂ ਸਦਾ ਪੱਤਰ ਪੁਜਣ 'ਤੇ ਵਾਪਸ ਆ ਗਏ ਸਨ। ਉਨ੍ਹਾਂ ਦੇ ਮਗਰੋਂ ਮਹੰਤ ਭਿਰਗਾ ਨੰਦ ਨੇ ਵੀ ਆਪਣੀ ਹਵੇਲੀ ਦੇ ਬਦਲੇ ਸਾਡੇ ਪਾਸੋਂ ਹੋਰ ਹਵੇਲੀ ਲੈ ਕੇ ਫੈਸਲਾ ਕਰ ਲਿਆ ਸੀ ਤੇ ਰੂੜੀ ਦੀ ਕੀਮਤ ਲੈਣ ਤੋਂ ਨਾਂਹ ਕਰ ਦਿਤੀ।

ਜਥੇਦਾਰ ਵਸਾਵਾ ਸਿੰਘ ਨੂੰ ਚੰਗੀ ਤਰ੍ਹਾਂ ਸਮਝਾ ਦਿਤਾ ਗਿਆ ਕਿ ਮਹੰਤ ਗੁਪਾਲ ਦਾਸ ਦੀ ਜਾਨ ਨਹੀਂ ਕਢਣੀ ਤੇ ਨਾ ਮਾਰ ਕੁਟਾਈ ਕਰਨ ਦੀ ਕੋਈ ਲੋੜ ਹੈ। ਲੋੜ ਹੈ ਤਾਂ ਕੇਵਲ ਇਸ ਗੱਲ ਦੀ ਕਿ ਕਿਸੇ ਤਰ੍ਹਾਂ ਉਸ ਨੂੰ ਇਸ ਗੱਲ ਦਾ ਨਿਸਚਾ ਕਰਵਾ ਦਿਤਾ ਜਾਵੇ ਕਿ ਉਸ ਦੀ ਜ਼ਿੰਦਗੀ ਸਾਡੇ ਨਾਲ ਵਗਾੜ ਪਾ ਕੇ ਖ਼ਤਰੇ ਤੋਂ ਬਾਹਰ ਨਹੀਂ। ਉਸ ਨੂੰ ਕਿਹਾ ਗਿਆ ਕਿ ਦੋ ਕੁ ਸਾਥੀਆਂ ਨੂੰ ਨਾਲ ਲੈ ਕੇ ਸਵੇਰੇ ਹੀ ਗੁਪਾਲ ਦਾਸ ਦੀ ਹਵੇਲੀ ਸਾਹਮਣੇ ਜਾ ਬੈਠੇ ਤੇ ਉਥੇ ਪਏ ਹੋਏ ਖਰਾਸ ਦੇ ਪੁੜ ਉਪਰ ਕਿਰਪਾਨਾਂ ਤੇਜ਼ ਕਰਨ ਲਗ ਜਾਣ। ਤੇ ਜਿਸ ਦੁਕਾਨਦਾਰ ਦੀ ਦੁਕਾਨ ਉਸ ਥਾਂ ਦੇ ਨੇੜੇ ਹੀ ਹੈ, ਉਹ ਤੁਹਾਨੂੰ ਜ਼ਰੂਰ ਪੁੱਛੇਗਾ ਕਿ ਜਥੇਦਾਰ ਜੀ ਅੱਜ ਕੀਹਦੀ ਸੋਧ-ਸੁਧਾਈ ਕਰਨੀ ਹੈ ? ਤੁਸਾਂ ਉਹਦੇ ਕੰਨ ਨਾਲ ਮੂੰਹ ਲਗਾ ਕੇ ਹੌਲੀ ਜਿਹੀ ਉਸ ਨੂੰ ਸਾਰੀ ਗੱਲ ਸਮਝਾ ਦੇਣੀ ਕਿ ਗੁਪਾਲ ਦਾਸ ਹੱਕ ਮਾਲਕਾਨਾਂ ਦੇਣ ਤੋਂ ਇਨਕਾਰੀ ਹੈ; ਉਤੋਂ ਹੁਕਮ ਹੋ ਗਿਆ ਹੈ ਕਿ ਉਸ ਨੂੰ ਵੱਢ ਦਿੱਤਾ ਜਾਏ ਤਾਂ ਜੁ ਬਾਕੀ ਲੋਕਾਂ ਨੂੰ ਕੰਨ ਹੋ ਜਾਣ ਕਿ ਹੱਕ ਮਾਲਕਾਨਾਂ ਦਿਤੇ ਬਿਨਾਂ ਛੁਟਕਾਰਾ ਨਹੀਂ। ਨਾਲ ਹੀ ਦੁਕਾਨਦਾਰ ਨੂੰ ਪੱਕੀ ਕਰ ਦਿਤੀ ਜਾਵੇ ਕਿ ਇਹ ਗੱਲ ਉਹ ਆਪਣੇ ਕੋਲ ਈ ਰੱਖੇ। ਥੋੜੇ ਹੀ ਮਿੰਟਾਂ ਮਗਰੋਂ ਇਕ ਸੇਵਾਦਾਰ ਸਰਦਾਰ ਬੂਟਾ ਸਿੰਘ ਜੀ ਵਲੋਂ ਇਹ ਸੁਨੇਹਾ ਲੈ ਕੇ ਤੁਹਾਡੇ ਪਾਸ ਪੁੱਜੇਗਾ ਕਿ ਝਟ ਪਟ ਗੱਡਾ ਲੈ ਕੇ ਕੋਟ ਸਾਧੂ ਰਾਮ ਚਲੇ ਜਾਓ ਤੇ ਓਥੋਂ ਪੱਠਿਆਂ ਦਾ ਲੱਦ ਕੇ ਲੈ ਆਉਣਾ। ਤੁਸੀਂ



Digitized by Panjab Digital Library | www.panjabdigilib.org

ਕਿਰਪਾਨਾਂ ਸਾਂਭ ਕੇ ਤੇ ਇਹ ਕਹਿ ਕੇ ਤੁਰ ਪੈਣਾ ਕਿ ਇਕ ਕੁਝ ਹੁਕਮ ਦੇਂਦਾ ਹੈ ਤੇ ਦੂਜਾ ਕੁਝ ਹੋਰ ਆਣ ਆਖਦਾ ਹੈ। ਗੁਪਾਲ ਦਾਸ ਦਾ ਫਾਹ ਤਾਂ ਵੱਢ ਲੈਣ ਦੇਂਦੇ। ਪੱਠੇ ਕਿਤੇ ਭੱਜ ਚੱਲੇ ਸਨ, ਜਾਂ ਲਿਆਉਣ ਵਾਲੇ ਹੋਰ ਸੇਵਾਦਾਰਾਂ ਦਾ ਘਾਟਾ ਸੀ ? ਸੁ ਉਨ੍ਹਾਂ ਏਸ ਤਰ੍ਹਾਂ ਹੀ ਕੀਤਾ। ਜਦ ਜਥੇਦਾਰ ਵਸਾਵਾ ਸਿੰਘ ਤੇ ਉਸ ਦੇ ਸਾਥੀ ਗੱਡਾ ਲੈ ਕੇ ਕੋਟ ਸਾਧੂ ਰਾਮ ਪੱਠੇ ਲੈਣ ਤੁਰ ਗਏ ਤਾਂ ਮਹੰਤ ਗੁਪਾਲ ਦਾਸ ਨੂੰ, ਆਪਣੀਆਂ ਮੱਝਾਂ ਦੀ ਧਾਰ ਕੱਢਣ ਆਏ ਨੂੰ ਦੁਕਾਨਦਾਰ ਨੇ ਹਵੇਲੀ ਵਿਚ ਆ ਕੇ, ਇਹ ਤਸੱਲੀ ਕਰ ਕੇ ਕਿ ਕੋਈ ਏਧਰ ਓਧਰ ਗੱਲਾਂ ਨਾ ਸੁਣ ਰਿਹਾ ਹੋਵੇ ਉਸ ਨੂੰ ਜਥੇਦਾਰ ਵਸਾਵਾ ਸਿੰਘ ਵਾਲੀ ਸਾਰੀ ਗੱਲ ਦੱਸ ਦਿਤੀ ਤੇ ਆਪ ਬਾਹਰ ਦੁਕਾਨ ਉਪਰ ਜਾ ਬੈਠਾ।

ਅਗਲੇ ਦਿਨ ਸਵੇਰੇ ਹੀ ਜਦੋਂ ਮੈਂ ਉਠਿਆ ਤੇ ਕਿਸੇ ਜ਼ਰੂਰੀ ਕੰਮ ਵਾਸਤੇ ਉਪਰਲੀ ਛੱਤ 'ਤੇ ਚੜ੍ਹਿਆ ਤਾਂ ਗੁਪਾਲ ਦਾਸ ਨੂੰ ਬਾਲ ਲੀਲਾ ਵਾਲੀ ਦਸ਼ਾ ਗੜਵੀ ਹੱਥ ਵਿਚ ਫੜੀ ਤੁਰੇ ਜਾਂਦਿਆਂ ਦੇਖਿਆ। ਮੈਂ ਝਟਪਟ ਜਥੇਦਾਰ ਵਸਾਵਾ ਸਿੰਘ ਨੂੰ ਖ਼ਬਰ ਭੇਜ ਦਿਤੀ। ਉਹ ਅਤੇ ਉਸ ਦੇ ਸਾਥੀ ਡਾਂਗਾਂ ਸੂਤ ਕੇ ਗੁਪਾਲ ਦਾਸ ਦੇ ਮਗਰ ਨੱਠ ਪਏ।

ਏਨੇ ਨੂੰ ਇਕ ਸੇਵਾਦਾਰ ਨੇ ਆਣ ਕਿਹਾ ਕਿ ਬਾਬਾ ਖੜਕ ਸਿੰਘ ਜੀ ਆ ਗਏ ਹਨ। ਉਨ੍ਹਾਂ ਦੀ ਕਈ ਦਿਨਾਂ ਤੋਂ ਆਉਣ ਦੀ ਉਡੀਕ ਸੀ। ਮੈਂ ਉਨ੍ਹਾਂ ਪਾਸ ਗਿਆ ਤੇ ਦੱਸਿਆ ਕਿ ਕਿਰਪਾ ਨੰਦ ਪਾਸੋਂ ਹਵੇਲੀ ਲੈ ਲਈ ਗਈ ਹੈ ਤੇ ਰੂੜੀਆਂ ਦੇ ਢੇਰ ਸਾਫ਼ ਕਰ ਕੇ ਸੜਕ ਸਿੱਧੀ ਤੇ ਚੌੜੀ ਕਰ ਲਈ ਗਈ ਹੈ। ਮੈਂ ਉਨ੍ਹਾਂ ਨੂੰ ਮੌਕਿਆ 'ਤੇ ਲੈ ਗਿਆ। ਉਹ ਦੇਖ ਕੇ ਬੜੇ ਖ਼ੁਸ਼ ਹੋਏ। ਫੇਰ ਛੱਪੜ ਪੂਰਨ ਦੀ ਸੇਵਾ ਹੁੰਦੀ ਵਿਖਾਈ। ਗੁਰੂ ਕੀ ਸਰਾਇ ਵਿਚੋਂ ਮੀਹਾਂ ਸਿੰਘ ਬੱਕਰੀਆਂ ਵਾਲੇ ਦੀ ਬੇ-ਦਖ਼ਲੀ, ਖਿੜਕੀਆਂ ਤੇ ਰੋਸ਼ਨਦਾਨ ਕੱਢੇ ਜਾਣ ਦੇ ਸਮਾਂਚਾਰ ਤੇ ਕੁਮ੍ਹਾਰਾਂ ਦੀਆਂ ਆਵੀਆਂ ਦਾ ਸਫਾਇਆ ਕੀਤੇ ਜਾਣ ਦਾ ਮੌਕਿਆ ਜਾ ਦਿਖਾਇਆ। ਫੇਰ ਅਸੀਂ ਇਕ ਹੋਰ ਕੰਮ ਵਿਚ ਰੁਝ ਗਏ। ਜਿਸ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ। ਕਈ ਗੱਲਾਂ ਅਜਿਹੀਆਂ ਗੁਪਤ ਤੌਰ 'ਤੇ ਕੀਤੀਆਂ ਗਈਆਂ ਕਿ ਉਹ ਜਿਨ੍ਹਾਂ ਦੋ ਸੇਵਕਾਂ ਦੇ ਦਰਮਿਆਨ ਹੋਈਆਂ ਉਨ੍ਹਾਂ ਵਿਚ ਹੀ ਰਹਿਣਗੀਆਂ। ਬਾਹਰਲੀ ਦੁਨੀਆਂ ਅੰਦਰ ਉਨ੍ਹਾਂ ਗੱਲਾਂ ਦੀ



Digitized by Panjab Digital Library | www.panjabdigilib.org

ਕਦੀ ਭੜਾਸ ਵੀ ਨਹੀਂ ਨਿਕਲੇਗੀ।

ਫਿਰਦੇ ਫਿਰਾਂਦੇ ਅਸੀਂ ਸ: ਉੱਤਮ ਸਿੰਘ ਜੀ ਦੇ ਕਾਰਖ਼ਾਨੇ ਜਾ ਨਿਕਲੇ। ਉਨ੍ਹਾਂ ਦੇ ਨਾਲ ਕਈ ਕੁ ਜ਼ਰੂਰੀ ਗੱਲਾਂ ਤੇ ਵਿਚਾਰ-ਵਟਾਂਦਰੇ ਕਰਨੇ ਸਨ। ਉਨ੍ਹਾਂ ਨੇ ਮਜਬੂਰ ਕੀਤਾ ਕਿ ਅਸੀਂ ਪਰਸ਼ਾਦਾ ਉਨ੍ਹਾਂ ਦੇ ਘਰ ਹੀ ਛਕੀਏ। ਪਹਿਲਾਂ ਤਾਂ ਅਸੀਂ ਨਹੀਂ ਸੀ ਮੰਨਦੇ ਕਿ ਘਰ ਪਰਸ਼ਾਦਾ ਤਿਆਰ ਹੋਵੇਗਾ ਉਸ ਦਾ ਅਸੀਂ ਕੀ ਕਰਾਂਗੇ ? ਪਰ, ਫੇਰ ਉਨ੍ਹਾਂ ਜਦ ਸਹੁੰ ਪਾ ਦਿੱਤੀ ਤਾਂ ਉਨ੍ਹਾਂ ਦੀ ਗੱਲ ਮੰਨਣੀ ਹੀ ਪੈ ਗਈ। ਸ: ਉੱਤਮ ਸਿੰਘ ਜੀ ਪਾਸੋਂ ਆਗਿਆ ਲੈ ਕੇ ਤੁਰਨ ਹੀ ਵਾਲੇ ਸੀ ਕਿ ਅਚਾਨਕ ਮਹੰਤ ਕਿਰਪਾ ਰਾਮ ਗੁ: ਮਾਲ ਜੀ ਸਾਹਿਬ ਵਾਲੇ ਆ ਗਏ। ਉਨ੍ਹਾਂ ਆਪਣਾ ਰੰਡੀ ਰੋਣਾ ਆਣ ਰੋਇਆ, ਕਿ ਉਸ ਨੂੰ ਕਰਜ਼ਾ ਲੈਣ ਵਾਲੇ ਤੋੜ ਤੋੜ ਖਾ ਰਹੇ ਹਨ। ਉਸ ਦੇ ਕਰਜ਼ਿਆਂ ਦੀ ਅਦਾਇਗੀ ਦਾ ਕਮੇਟੀ ਪ੍ਰਬੰਧ ਕਿਉਂ ਨਹੀਂ ਕਰਦੀ ? ਜਦ ਕਿ ਗੁਰਦੁਆਰਾ ਤੇ ਸ਼ਹਿਰ ਦੀ ਸਾਰੀ ਜਾਇਦਾਦ ਤੇ ਮੁਰੱਬੇ ਉਹ ਕਮੇਟੀ ਦੇ ਹਵਾਲੇ ਕਰ ਚੁੱਕਾ ਹੈ ਤੇ ਆਪਣੇ ਆਪ ਨੂੰ ਅਤੇ ਆਪਣੇ ਬਾਲ ਬੱਚੇ ਨੂੰ ਕਮੇਟੀ ਦੇ ਰਹਿਮ ਤੇ ਸੁਟ ਰੱਖਿਆ ਸੂ।

ਬਹੁਤ ਸਾਰਾ ਚਿਰ ਉਸ ਦੇ ਮਾਮਲਿਆਂ 'ਤੇ ਵਿਚਾਰ ਹੁੰਦੀ ਰਹੀ ਤੇ ਬਾਬਾ ਖੜਕ ਸਿੰਘ ਜੀ ਨੇ ਉਸ ਨੂੰ ਬਚਨ ਦੇ ਦਿਤਾ ਕਿ ਗੁਰਦੁਆਰਾ ਕਮੇਟੀ ਦੀ ਅਗਲੀ ਮੀਟਿੰਗ ਵਿਚ ਉਸ ਦਾ ਮਾਮਲਾ ਪੇਸ਼ ਕਰ ਕੇ ਇਕ ਸਬ ਕਮੇਟੀ ਨਿਯਤ ਕਰ ਦਿਤੀ ਜਾਵੇਗੀ ਜੋ ਕਰਜ਼ਿਆਂ ਦੀ ਪੜਤਾਲ ਕਰ ਕੇ ਜਿੰਨਾਂ ਅਸਲੀ ਤੇ ਜਾਇਜ਼ (ਫ਼ਰਜ਼ੀ ਨਹੀਂ) ਕਰਜ਼ਿਆਂ ਦੀ ਅਦਾਇਗੀ ਦੀ ਸਿਫ਼ਾਰਸ਼ ਕਰ ਦੇਵੇਗੀ, ਅਦਾ ਕਰ ਦਿਤੇ ਜਾਣਗੇ। ਅਸੀਂ ਗੱਲਾਂ ਤਾਂ ਸ: ਉੱਤਮ ਸਿੰਘ ਜੀ ਦੇ ਕਾਰਖ਼ਾਨੇ ਬੈਠੇ ਉਨ੍ਹਾਂ ਨਾਲ ਕਰ ਰਹੇ ਸੀ, ਪਰ ਮੇਰਾ ਖਿਆਲ ਮਹੰਤ ਗੁਪਾਲ ਦਾਸ ਵਲ ਹੀ ਗਿਆ ਰਿਹਾ। ਕਿ ਪਤਾ ਨਹੀਂ ਉਸ ਦਾ ਕੀ ਬਣਿਆ ? ਗੁਰਦੁਆਰੇ ਪਹੁੰਚ ਕੇ ਮੈਂ ਬਾਬਾ ਖੜਕ ਸਿੰਘ ਜੀ ਨੂੰ ਘੜੀ ਆਰਾਮ ਕਰ ਲੈਣ ਦੀ ਬੇਨਤੀ ਕੀਤੀ ਤੇ ਬਿਸਤਰਾ ਵਿਛਵਾ ਦਿਤਾ। ਉਹ ਕਹਿਣ ਲਗੇ ਤੁਸੀਂ ਵੀ ਘੜੀ ਪਲ ਵਾਸਤੇ ਨਿਸਲ ਹੋ ਲਵੋ ! ਮੈਂ ਹੱਸ ਪਿਆ, ਤੇ ਕਿਹਾ, "ਮੇਰੇ ਲਈ ਰਾਤ ਹੀ ਬਥੇਰੀ ਹੈ ਜੇ ਕਦੀ ਪੈ ਜਾਵੇ। ਮੇਰੇ ਲਈ ਦਿਨ ਭਰ ਆਰਾਮ



Digitized by Panjab Digital Library | www.panjabdigilib.org

ਦਾ ਕੀ ਕੰਮ ?" ਇਹ ਆਖ ਕੇ ਮੈਂ ਬਾਬਾ ਜੀ ਪਾਸੋਂ ਆਗਿਆ ਲਈ। ਤੇ ਜਥੇਦਾਰ ਵਸਾਵਾ ਸਿੰਘ ਨੂੰ ਬੁਲਾ ਭੇਜਿਆ। ਜਿਸ ਨੇ ਮਹੰਤ ਗੁਪਾਲ ਦਾਸ ਦੀ ਰਾਮ ਕਹਾਣੀ ਇਉਂ ਕਹਿ ਸੁਣਾਈ :

"ਆਪ ਜੀ ਦਾ ਹੁਕਮ ਪਾ ਕੇ ਅਸੀਂ ਡੰਗੋਰੀਆਂ ਚੁੱਕੀ ਲਲਕਾਰ ਕੇ ਮਹੰਤ ਦੇ ਪਿਛੇ ਨੱਠ ਪਏ। ਉਹ ਸਾਨੂੰ ਆਪਣੇ ਮਗਰ ਨੱਸੇ ਆਉਂਦੇ ਵੇਖ ਕੇ ਆਬਾਦੀ ਬਾਲ ਲੀਲਾ ਵਲ ਭੱਜ ਗਿਆ। ਅਤੇ ਇਕ ਹਵੇਲੀ ਵਿਚ ਵੜ ਕੇ ਅੰਦਰੋਂ ਕੁੰਡੀ ਲਗਾ ਕੇ ਲੁਕ ਬੈਠਾ। ਤੁਹਾਡਾ ਹੁਕਮ ਸੀ ਕਿ ਉਸ ਨੂੰ ਨਾ ਕਤਲ ਕਰਨਾ ਹੈ ਅਤੇ ਨਾ ਮਾਰ-ਕੁਟਾਈ ਕਰਨੀ ਹੈ। ਸਿਰਫ ਡਰਾ ਹੀ ਛੱਡਣਾ ਹੈ। ਅਸੀਂ ਹਵੇਲੀ ਦੇ ਦਰਵਾਜ਼ੇ ਨੂੰ ਡਾਂਗਾਂ ਮਾਰ ਮਾਰ ਲਲਕਾਰੇ ਦੇਂਦੇ ਰਹੇ। ਅਤੇ ਓੜਕ ਇਨੀ ਆਖ ਕੇ ਪਰਤ ਆਏ "ਹੱਛਾ ਅਜ ਨਹੀਂ ਤਾਂ ਕਲ੍ਹ ਸਹੀ, ਕਲ੍ਹ ਨਹੀਂ ਤਾਂ ਪਰਸੋਂ ਸਹੀ। ਜਦੋਂ ਵੀ ਢਹੇ ਚੜ੍ਹ ਗਿਓਂ, ਤੂੰ ਹੈ ਨਹੀਂ। ਲੋਕੀਂ ਢੇਰ ਸਾਰੇ ਆਣ ਇਕੱਠੇ ਹੋਏ। ਉਨ੍ਹਾਂ ਵੀ ਸਾਨੂੰ ਬਹੁਤ ਮਨ੍ਹਾਂ ਕੀਤਾ ਤੇ ਅਸੀਂ ਆ ਗਏ। ਮਗਰੋਂ ਪਤਾ ਲੱਗਾ ਕਿ ਕੁਝ ਵੱਡੇ ਵੱਡੇ ਆਦਮੀ ਸ: ਬੂਟਾ ਸਿੰਘ ਪਾਸ ਜਾ ਕੇ ਗੱਲਾਂ ਕਰਦੇ ਰਹੇ ਹਨ ਕਿ ਕਿਸੇ ਤਰ੍ਹਾਂ ਗੁਪਾਲ ਦਾਸ ਦੀ ਜਾਨ ਬਖਸ਼ੀ ਕਰਵਾਓ। ਤੇ ਮਾਫ਼ੀ ਦੇ ਦਿਓ ਸੁ। ਉਹ ਬੜੇ ਨਰਮ ਪਏ ਹੋਏ ਹਨ। ਪਤਾ ਨਹੀਂ ਉਨ੍ਹਾਂ, ਓਨ੍ਹਾਂ ਆਦਮੀਆਂ ਨੂੰ ਕੀ ਕਿਹਾ। ਤੁਸੀਂ ਉਨ੍ਹਾਂ ਪਾਸੋਂ ਹੀ ਪਤਾ ਕਰ ਲੈਣਾ। ਪਰ ਸਾਨੂੰ ਤਾਂ ਤੁਹਾਡੀ ਕੁਝ ਸਮਝ ਨਹੀਂ ਪੈਂਦੀ।" ਇਕ ਦੋ ਬੰਦੇ ਸਾਨੂੰ ਵੱਢ ਲੈਣ ਦਿਓ। ਫੇਰ ਸਾਰੇ ਮਾਮਲੇ ਆਪੇ ਸਾਫ਼ ਹੋ ਜਾਣਗੇ। ਲੋਕੀਂ ਸਮਝ ਜਾਣਗੇ ਕੇ ਹੱਕ ਮਾਲਕਾਨਾਂ ਦਿਤੇ ਬਿਨਾਂ ਕਿਸੇ ਦੀ ਜਾਨ ਦੀ ਖ਼ੈਰ ਨਹੀਂ। ਨਾਲੇ ਏਸ ਮਹੰਤ ਨੂੰ ਬੰਨੇ ਲਾ ਦੇਣ ਨਾਲ ਸਾਡੇ ਸੀਨੇ ਵੀ ਕੁਝ ਠੰਢੇ ਹੋ ਜਾਣਗੇ।"

ਮੈਂ ਕਿਹਾ, ਜਥੇਦਾਰ ਜੀ ! ਮਾਰੇ ਨਾਲੋਂ ਪਿਦਾਇਆ ਚੰਗਾ ਹੁੰਦਾ ਹੈ। ਕੰਮ ਉਹ ਕਰੀਏ ਕਿ ਸੱਪ ਵੀ ਮਰ ਜਾਵੇ ਤੇ ਲਾਠੀ ਭੀ ਬਚੀ ਰਹੇ। ਜਥੇਦਾਰ ਬੁੜਬੁੜਾਉਂਦਾ ਤੁਰ ਗਿਆ ਕਿ ਸਾਨੂੰ ਤਾਂ ਇਕੋ ਹੀ ਗੱਲ ਆਉਂਦੀ ਹੈ ਕਿ "ਵੈਰੀ ਨੂੰ ਓਥੇ ਮਾਰੋ ਜਿਥੇ ਪਾਣੀ ਨਾ ਲੱਭੇ।"

ਜਥੇਦਾਰ ਵਸਾਵਾ ਸਿੰਘ ਨੂੰ ਹੀ ਮੈਂ ਕਿਹਾ ਕਿ ਬਾਬਾ ਖੜਕ ਸਿੰਘ ਜੀ



Digitized by Panjab Digital Library | www.panjabdigilib.org

ਆਏ ਹੋਏ ਹਨ, ਉਹ ਵੀ ਮੇਰੇ ਮਕਾਨ 'ਤੇ ਪਹੁੰਚ ਜਾਣ। ਅੱਜ ਪੰਜ ਮਿੰਟ ਰਲ ਕੇ ਚਾਹ ਪੀ ਲਵਾਂਗੇ। ਮੈਂ ਜਥੇਦਾਰ ਨੂੰ ਵੀ ਚਾਹ 'ਤੇ ਆ ਜਾਣ ਲਈ ਕਿਹਾ, ਪਰ ਉਹ ਨਾ ਮੰਨਿਆ। ਕਹਿਣ ਲੱਗਾ, "ਸਾਨੂੰ ਤੁਹਾਡੀਆਂ ਗੱਲਾਂ ਦਾ ਕੋਈ ਥਹੁ ਨਹੀਂ।" ਸ: ਬੂਟਾ ਸਿੰਘ ਜੀ ਆ ਗਏ ਤੇ ਚਾਹ ਪੀਂਦਿਆਂ ਪੀਂਦਿਆਂ ਮੈਂ ਉਨ੍ਹਾਂ ਨੂੰ ਗੁਪਾਲ ਦਾਸ, ਵੱਲੋਂ ਆਏ ਡੈਪੂਟੇਸ਼ਨ ਬਾਰੇ ਪੁੱਛਿਆ ਕਿ ਉਨ੍ਹਾਂ ਨਾਲ ਕੀ ਗੱਲ ਬਾਤ ਹੋਈ ਹੈ? ਉਨ੍ਹਾਂ ਦੱਸਿਆ ਉਨ੍ਹਾਂ ਡੈਪੂਟੇਸ਼ਨ ਨਾਲ ਇਹ ਫ਼ੈਸਲਾ ਕੀਤਾ ਹੈ ਕਿ ਕਲ੍ਹ ਸਵੇਰੇ ਦੇ ਦੀਵਾਨ ਵਿਚ ਗੁਪਾਲ ਦਾਸ ਆ ਜਾਵੇ ਤੇ ਗਲ ਵਿਚ ਪੱਲਾ ਪਾ ਕੇ ਸੰਗਤ ਪਾਸੋਂ ਮਾਫ਼ੀ ਮੰਗ ਲਵੇ।

ਮੈਂ ਆਪਣੇ ਆਪ ਵਿਚ ਇਹ ਮਿੱਥ ਲਿਆ ਹੈ ਕਿ ਸੰਗਤ ਉਸ ਨੂੰ ਜੋੜੇ ਝਾੜਨ ਦੀ ਸੇਵਾ ਲਾ ਕੇ ੧੦੧ ਰੁਪਏ ਦੀ ਕੜਾਹ ਪਰਸ਼ਾਦ ਦੀ ਦੇਗ ਅਰਦਾਸ ਕਰਾਉਣ ਦਾ ਹੁਕਮ ਦੇਵੇਗੀ ਤੇ ਸੰਗਤ ਵਲੋਂ ਆਪ ਜੀ ਵਲ ਹੁਕਮਨਾਮਾ ਜਾਰੀ ਕੀਤਾ ਜਾਵੇਗਾ ਕਿ ਗੋਪਾਲ ਦਾਸ ਨੂੰ ਸੰਗਤ ਨੇ ਮਾਫ਼ੀ ਦੇ ਦਿਤੀ ਹੈ। ਉਸ ਦਾ ਮਕਾਨ ਨਾ ਢਾਹਿਆ ਜਾਵੇ ਅਤੇ ਸਾਰੇ ਦਾ ਸਾਰਾ ਬਕਾਇਆ ਹੱਕ ਮਾਲਕਾਨਾ ਲੈ ਲਿਆ ਜਾਵੇ। ਤੇ ਉਸ ਨੂੰ ਮਕਾਨ ਉਸਾਰ ਲੈਣ ਦੀ ਆਗਿਆ ਦਿਤੀ ਜਾਵੇ। ਸਾਰੀ ਗੱਲ ਸੁਣ ਕੇ ਮੈਂ ਸਰਦਾਰ ਬੂਟਾ ਸਿੰਘ ਨੂੰ ਪੁੱਛਿਆ — "ਕੀ ਉਹ ਸੰਗਤ ਦੇ ਜੋੜੇ ਝਾੜਨੇ ਮਨਜ਼ੂਰ ਕਰ ਲਵੇਗਾ?" ਉੱਤਰ ਵਿਚ ਸ: ਬੂਟਾ ਸਿੰਘ ਕਹਿਣ ਲੱਗਾ ਕਿ ਗੁਪਾਲ ਦਾਸ ਇਤਨਾ ਡਰਿਆ ਹੋਇਆ ਹੈ ਕਿ ਸਵੇਰ ਦਾ ਉਸੇ ਹਵੇਲੀ ਵਿਚ ਹੀ ਦੜਿਆ ਹੋਇਆ ਹੈ। ਨਾ ਬਾਹਰ ਨਿਕਲਿਆ ਹੈ ਤੇ ਨਾ ਘਰ ਗਿਆ ਹੈ। ਉਹ ਤਾਂ ਸਭ ਕੁਝ ਕਰੇਗਾ, ਤੁਸਾਂ ਨਾਂਹ ਨਾ ਕਰ ਦੇਣੀ। ਮੈਂ ਕਿਹਾ ਕਿ ਮੈਂ ਸੰਗਤ ਦਾ ਹੁਕਮ ਕਿੱਦਾਂ ਮੋੜ ਸਕਦਾ ਹਾਂ?

ਅਗਲੇ ਦਿਨ ਓਹੋ ਕੁਝ ਹੋਇਆ ਜੋ ਸ· ਬੂਟਾ ਸਿੰਘ ਦੀ ਤਜਵੀਜ਼ ਸੀ। ਇਸ ਦਿਨ ਤੋਂ ਮਗਰੋਂ ਸਾਨੂੰ ਨਵੇਂ ਮਕਾਨਾਂ ਦੇ ਹੱਕ ਮਾਲਕਾਨੇ ਦੀ ਵਸੂਲੀ ਵਿਚ ਕਦੇ ਕੋਈ ਦਿੱਕਤ ਪੇਸ਼ ਨਹੀਂ ਆਈ। ਨਵੇਂ ਮਕਾਨਾਂ ਦੇ ਹੱਕ ਮਾਲਕਾਨਾਂ ਦਾ ਮਾਮਲਾ ਤਾਂ ਨਜਿੱਠਿਆ ਗਿਆ, ਪਰ ਜਿਨ੍ਹਾਂ ਲੋਕਾਂ ਨੇ ਮਕਾਨ ਬਣਾ ਲਏ ਹੋਏ ਸਨ ਉਹ ਹੱਕ ਮਾਲਕਾਨਾ ਦੇਣ ਤੋਂ ਬੜੇ ਆਕੀ ਹੋਏ ਬੈਠੇ ਸਨ। ਸਾਡਾ ਮੁਨਸ਼ੀ (ਸੋਹਨ ਲਾਲ) ਜੋ ਮਹੰਤ ਕਿਰਪਾ ਰਾਮ ਦਾ ਪੁਰਾਣਾ ਮੁਨਸ਼ੀ ਸੀ ਤੇ



Digitized by Panjab Digital Library | www.panjabdigilib.org

ਸਾਰਿਆਂ ਕੰਮਾਂ ਤੋਂ ਜ਼ਾਣੂ ਸੀ ਤੇ ਕੋਸ਼ਸ਼ ਵੀ ਬੜੀ ਕਰਦਾ ਸੀ ਕਿ ਹੱਕ ਮਾਲਕਾਨਾਂ ਦੀਆਂ ਵਸੂਲੀਆਂ ਜ਼ਰੂਰ ਹੁੰਦੀਆਂ ਜਾਣ। ਕਿਉਂਕਿ ਮੈਂ ਉਸ ਨੂੰ ਇਸ਼ਾਰਾ ਵੀ ਕਰ ਚੁੱਕਾ ਸੀ ਕਿ ਜੇਕਰ ਵਸੂਲੀ ਨਾ ਹੋ ਸਕੇ ਤਾਂ ਉਸ ਨੂੰ ਤੇ ਉਸ ਦੇ ਸਟਾਫ਼ ਨੂੰ ਅਸਾਂ ਰੱਖ ਕੇ ਕੀ ਕਰਨਾ ਹੈ ਤੇ ਤਨਖ਼ਾਹਾਂ ਵਿਚ ਗੁਰਦਵਾਰੇ ਦਾ ਰੁਪਿਆ ਐਵੇਂ ਜ਼ਾਇਆ ਕਿਉਂ ਕੀਤਾ ਜਾਵੇ ? ਪਰ ਇਹ ਮਾਮਲਾ ਵੀ ਇਕ ਵਾਕਿਆ ਹੋ ਪੈਣ ਨਾਲ ਕੁਦਰਤੀ ਹੀ ਝਟਪਟ ਨਿਪਟਾ ਲਿਆ ਗਿਆ। ਉਹ ਵਾਕਿਆ ਇਸ ਤਰ੍ਹਾਂ ਹੋਇਆ :

## ਹੱਕ ਮਾਲਕਾਨਾ

ਇਕ ਦਿਨ ਦੀ ਗੱਲ ਹੈ, ਮੈਂ ਰੋਜ਼ ਦੀ ਤਰ੍ਹਾਂ ਛੱਪੜ ਕੰਢੇ ਖਲੋਤਾ ਇਸ ਨੂੰ ਪੂਰਨ ਦੇ ਕੰਮ ਦੀ ਦੇਖ ਰੇਖ ਕਰ ਰਿਹਾ ਸੀ, ਕਿ ਇਕ ਲੰਮੇ ਚੌੜੇ ਕੱਦ ਤੇ ਸਡੌਲ ਜੁੱਸੇ ਵਾਲਾ ਲਾਇਲਪੁਰ ਜ਼ਿਲੇ ਦਾ ਰਿਸ਼ਟ ਪੁਸ਼ਟ ਅਕਾਲੀ ਸਿੰਘ ਉਥੇ ਆ ਨਿਕਲਿਆ। ਉਹ ਮੈਨੂੰ ਕਿਸੇ ਨੌਕਰੀ ਵਾਸਤੇ ਕਹਿ ਰਿਹਾ ਸੀ ਕਿ ਮਾਲ ਜੀ ਸਾਹਿਬ ਦੀ ਆਬਾਦੀ ਦਾ ਇਕ ਡੈਪੂਟੇਸ਼ਨ, ਜਿਸ ਵਿਚ ਬਹੁਤ ਸਾਰੇ ਪਤਵੰਤੇ ਤੇ ਮਾਲਦਾਰ ਲੋਕ ਸ਼ਾਮਲ ਸਨ ਅਤੇ ਜਿਨ੍ਹਾਂ ਦੀ ਅਗਵਾਈ 'ਹੱਕ ਮਾਲਕਾਨਾ ਨਾ ਦੇਣ' ਦੀ ਏਜੀਟੇਸ਼ਨ ਦੇ ਮੁਹਰੀ ਸਾਡੇ ਸ਼ਹਿਰ ਦੇ ਹੀ ਅਕਾਲੀ ਜਥੇਦਾਰ ਸਾਹਿਬ ਕਰ ਰਹੇ ਸਨ, ਆ ਗਿਆ। ਇਹ ਅਕਾਲੀ ਜਥੇਦਾਰ ਸਾਹਿਬ ਕੋਈ ਚੁਣੇ ਹੋਏ ਜਥੇਦਾਰ ਨਹੀਂ ਸਨ, ਐਵੇਂ ਲੋਕਾਂ ਵਿਚ ਇਨ੍ਹਾਂ ਦੀ ਅੱਲ ਹੀ 'ਜਥੇਦਾਰ' ਪਈ ਚਲੀ ਆਉਂਦੀ ਸੀ। ਦਸਤਾਰਾ ਵੀ ਕਾਲਾ ਸਜਾਉਂਦੇ ਸਨ ਤੇ ਕਪੜੇ ਵੀ ਖੱਦਰ ਦੇ ਪਾਉਂਦੇ ਸਨ। ਮੇਰੇ ਲਾਗੇ ਆ ਕੇ ਖਲੋ ਗਏ। ਅਕਾਲੀ ਸਿੰਘ ਨੇ ਮੈਨੂੰ ਪੁੱਛਿਆ ਕਿ ਜੀ ਸਾਨੂੰ ਕਾਹਦੇ ਵਾਸਤੇ ਬੁਲਾਇਆ ਗਿਆ ਹੈ ?

ਮੈਂ ਕਿਹਾ,-ਮੈਂ ਤਾਂ ਕਿਸੇ ਨੂੰ ਅਜ ਦੇ ਦਿਨ ਲਈ ਨਹੀਂ ਬੁਲਾਇਆ। ਪਰ ਨਾਲ ਹੀ ਇਸ ਡੈਪੂਟੇਸ਼ਨ ਦੀ ਬਣਤਰ ਅਤੇ ਅਗਵਾਈ ਕਰਨ ਵਾਲੇ ਦੀ ਗੱਲ ਬਾਤ ਦੇ ਢੰਗ ਤੋਂ ਖਿਆਲ ਆ ਗਿਆ ਕਿ ਸ਼ਾਇਦ ਮੁਨਸ਼ੀ ਸੋਹਨ ਲਾਲ ਨੇ ਇਨ੍ਹਾਂ ਨੂੰ ਸਮਝਾਉਣ ਖ਼ਾਤਰ ਮੇਰੇ ਪਾਸ ਆਉਣ ਲਈ ਕਹਿ ਦਿਤਾ ਹੋਵੇ। ਸੁ ਮੈਂ ਕਹਿ ਵੀ ਦਿਤਾ ਕਿ ਮੁਨਸ਼ੀ ਸੋਹਨ ਲਾਲ ਨੂੰ ਸੱਦ ਕੇ ਪੁੱਛ ਵੇਖਦਾ ਹਾਂ, ਉਸੇ ਨੇ ਨਾ ਬੁਲਾ



Digitized by Panjab Digital Library | www.panjabdigilib.org

ਭੇਜਿਆ ਹੋਵੇ । ਇਕ ਅਕਾਲੀ ਸੇਵਾਦਾਰ ਨੂੰ ਭੇਜ ਵੀ ਦਿਤਾ ਕਿ ਮੁਨਸ਼ੀ ਸੋਹਨ ਲਾਲ ਨੂੰ ਬੁਲਾ ਲਿਆਵੇ ।

ਅਕਾਲੀ ਜਥੇਦਾਰ ਬੋਲ ਉਠਿਆ, "ਸੋਹਨ ਲਾਲ ਕੌਣ ਹੈ ਸਾਨੂੰ ਬੁਲਾਉਣ ਵਾਲਾ ? ਉਹਦੀ ਹੈਸੀਅਤ ਸਾਡੇ ਨੌਕਰਾਂ ਵਰਗੀ ਵੀ ਨਹੀਂ । ਰੋਜ਼ ਗਲੀਆਂ ਦੇ ਘਟੇ ਛਾਣਦਾ ਫਿਰਦਾ ਵੇਖੀਂਦਾ ਹੈ । (ਮੂੰਹ ਵਿੰਗਾ ਕਰਕੇ) ਸੋਹਨ ਲਾਲ ਨੇ ਬੁਲਾਇਆ ਹੋਵੇਗਾ, ਸੋਹਨ ਲਾਲ ਨੇ ਬੁਲਾਇਆ ਹੋਵੇਗਾ ।"

ਮੈਂ : ਸਰਦਾਰ ਸਾਹਿਬ ਸੋਹਨ ਲਾਲ ਗੁਰਦੁਆਰੇ ਦਾ ਇਕ ਜ਼ਿੰਮੇਵਾਰ ਮੁਲਾਜ਼ਮ ਹੈ । ਉਸ ਦਾ ਬੁਲਾਵਾ ਗੁਰਦੁਆਰਾ ਕਮੇਟੀ ਵਲੋਂ ਬੁਲਾਵਾ ਹੈ । ਮੂੰਹ ਵਿੰਗਾ ਕਰ ਕਰ ਕੇ ਗੱਲਾਂ ਮਾਰਨ ਦੀ ਲੋੜ ਨਹੀਂ । ਤੁਸੀਂ ਆਪਣੀ ਹੈਸੀਅਤ ਨੂੰ ਅਸਲ ਹੈਸੀਅਤ ਨਾਲੋਂ ਬਹੁਤ ਵਧੇਰੇ ਸਮਝੀ ਬੈਠੇ ਹੋ ! ਪੱਗ ਤਾਂ ਅਕਾਲੀਆਂ ਵਾਲੀ ਕਾਲੇ ਰੰਗ ਦੀ ਬੰਨ੍ਹ ਰਖੀ ਜੇ ਤੇ ਅਖਵਾਉਂਦੇ ਵੀ ਅਕਾਲੀ ਜਥੇਦਾਰ ਹੋ ਪਰ ਕਰਤੂਤ ਅਕਾਲੀਆਂ ਵਾਲੀ ਨਹੀਂ ।

ਅਕਾਲੀ : ਕਰਤੂਤਾਂ ਵਾਲੇ ਅਕਾਲੀ ਗੁਰਦੁਆਰਾ ਜਨਮ ਅਸਥਾਨ ਵਿਚ ਰਹਿੰਦੇ ਹਨ ਉਸ ਦੀ ਇਹ ਟਕੋਰ ਸੁਣ ਕੇ, ਡੈਪੂਟੇਸ਼ਨ ਵਾਲੇ ਬਹੁਤ ਸਾਰੇ ਲੋਕੀਂ ਹੱਸ ਪਏ । ਜਿਸ ਤੇ ਮੈਨੂੰ ਵੀ ਕਹਿਰ ਆ ਗਿਆ । ਤੇ ਮੈਂ ਕਿਹਾ ਕਿ ਵੇਖੋ ਭਾਈ ਜੀ ਬਹੁਤੀਆਂ ਗੱਲਾਂ ਨਾ ਬਣਾਓ । ਨਾਲੇ ਚੋਰ ਨਾਲੇ ਚੱਤਰ । ਨਾਲੇ ਤਾਂ ਤੁਸੀਂ ਆਪ ਹੱਕ ਮਾਲਕਾਨਾ ਨਹੀਂ ਦੇਂਦੇ ਤੇ ਨਾਲੇ ਲੋਕਾਂ ਨੂੰ ਨਾ ਦੇਣ ਵਾਸਤੇ ਵਰਗ ਲਾਉਂਦੇ ਫਿਰਦੇ ਓ । ਜ਼ਬਾਨ ਨੂੰ ਕਾਬੂ ਵਿਚ ਰਖੋ ਨਹੀਂ ਤਾਂ ਏਸ ਛੱਪੜ ਵਿਚ ਗ਼ੋਤੇ ਦੇ ਦੇ ਮਾਰ ਦਿਆਂਗਾ ।

ਅਕਾਲੀ : ਕੌਣ ਜੰਮਿਆ ਹੈ, ਮੈਨੂੰ ਗ਼ੋਤੇ ਦੇਣ ਵਾਲਾ ?

ਮੈਂ : (ਲਾਇਲਪੁਰੀ ਅਕਾਲੀ ਸਿੰਘ ਵਲ ਉਂਗਲੀ ਕਰ ਕੇ ਕਿਹਾ) "ਇਹ ਸਿੰਘ ।" ਮੇਰੇ ਮੂੰਹੋਂ 'ਇਹ ਸਿੰਘ' ਦੇ ਸ਼ਬਦ ਅਜੇ ਨਿਕਲੇ ਹੀ ਸਨ ਕਿ ਉਸ ਸਿੰਘ ਨੇ ਇਸ ਨੂੰ ਗਲੋਂ ਆਣ ਫੜਿਆ ਤੇ ਧੂਹ ਕੇ ਛੱਪੜ ਵਿਚ ਗ਼ੋਤੇ ਦੇਣ ਲਗ ਪਿਆ ਤੇ ਸਿੰਘ ਹੁਰਾਂ ਦੇ ਡੇਲੇ ਬਾਹਰ ਆ ਗਏ । ਉਹਦੇ ਸਾਥੀਆਂ ਨੇ "ਮਾਰ ਸੁਟਿਆ, ਮਾਰ ਘਤਿਆ ਤੇ ਮਰ ਗਿਆ, ਮਰ ਗਿਆ" ਦੀ ਡੰਡ ਪਾ ਦਿਤੀ । ਦੋ ਕੁ ਮਿੰਟ ਸੇਵਾ ਹੋ ਚੁਕੀ ਤਾਂ ਮੈਂ ਛਡ ਕਰੋ, ਬਸ ਕਰੋ, ਬਥੇਰੀ ਹੋ



Digitized by Panjab Digital Library | www.panjabdigilib.org

ਗਈ ਹੈ ਆਖ ਕੇ ਛਡਾ ਦਿਤਾ ਤੇ ਲਾਇਲਪੁਰੀ ਜਵਾਨ ਨੇ ਉਸ ਨੂੰ ਅੱਧ-ਮੋਇਆ ਕਰ ਕੇ ਛੱਪੜ ਕੰਢੇ ਲਿਆ ਸੁਟਿਆ। ਮੈਂ ਵੇਖਿਆ ਕਿ ਬਹੁਤੇ ਗ਼ੋਤੇ ਆ ਜਾਣ ਕਰਕੇ ਉਸ ਦੇ ਪੇਟ ਵਿਚ ਪਾਣੀ ਭਰ ਗਿਆ ਹੈ। ਸੁ ਸਰਦਾਰ ਬੂਟਾ ਸਿੰਘ ਦਾ ਘਰ ਲਾਗੇ ਹੀ ਸੀ, ਉਸ ਦੇ ਘਰੋਂ ਇਕ ਘੜਾ ਲੈ ਆਉਣ ਵਾਸਤੇ ਇਕ ਸੇਵਾਦਾਰ ਨੂੰ ਭਜਾ ਦਿੱਤਾ। ਸਰਦਾਰ ਬੂਟਾ ਸਿੰਘ ਘਰੇ ਹੀ ਸਨ ਤੇ ਰੌਲਾ ਗੌਲਾ ਸੁਣ ਰਹੇ ਸਨ।

ਇਹ ਸਮਝ ਕੇ ਕਿ ਸ਼ਾਇਦ ਕੋਈ ਛੱਪੜ ਵਿਚ ਡੁਬ ਗਿਆ ਹੈ, ਦੌੜੇ ਦੌੜੇ ਆਏ ਤੇ ਅਕਾਲੀ ਜਥੇਦਾਰ ਨੂੰ ਘੜੇ ਉਪਰ ਮੂਧਾ ਪਾਇਆ ਹੋਇਆ ਦੇਖ ਕੇ ਪੁੱਛਣ ਲਗੇ ਇਹ ਕੀ ਹੋਇਆ ਹੈ ? ਅਕਾਲੀ ਜਥੇਦਾਰ ਜੀ ਦੇ ਪੇਟ ਵਿਚੋਂ ਪਾਣੀ ਖ਼ਾਰਜ ਹੋ ਗਿਆ। ਗੋਗੜ ਹੌਲੀ ਹੋ ਗਈ। ਅੱਖਾਂ ਉਘੜ ਆਈਆਂ ਤਾਂ ਸਿੱਧਾ ਕਰ ਕੇ ਨੌ-ਨਿਸਲ ਲੰਮਿਆਂ ਪਾ ਦਿਤਾ। ਸਰਦਾਰ ਬੂਟਾ ਸਿੰਘ ਦੇ ਕੰਨ ਵਿਚ ਕਿਸੇ ਨੇ ਏਨੀ ਕੁ ਫ਼ੂਕ ਮਾਰ ਦਿਤੀ, ਕਿ ਇਹ ਸਭ ਕੁਝ ਇਨ੍ਹਾਂ ਦੇ ਹੁਕਮ ਨਾਲ ਹੀ ਹੋਇਆ ਹੈ, ਜੋ ਉਚੀ ਸਾਰੀ ਬੋਲ ਉਠੇ:-

"ਇਹ ਕੀ ਗ਼ਜ਼ਬ ਕੀਤਾ ਜੇ ? (ਏਸ ਲਹਿਜੇ ਨਾਲ ਉਹ ਕਦੀ ਮੈਨੂੰ ਤਾੜ ਕੇ ਨਹੀਂ ਬੋਲੇ ਸਨ)।

ਮੈਂ : ਸਭ ਤੇਰੀਆਂ ਹੀ ਨਰਮੀਆਂ ਦਾ ਨਤੀਜਾ ਹੈ। ਜਾਹ ਆਪਣੇ ਕੰਮ ਲਗ। (ਮੇਰਾ ਗ਼ੁਸੇ ਨਾਲ ਜਵਾਬ ਦੇਣ ਦਾ ਮਤਲਬ ਉਹੀ ਸੀ ਜਿਸ ਨੂੰ ਅੰਗ੍ਰੇਜ਼ੀ ਵਿਚ ਕਹਿੰਦੇ ਹਨ। "Mind your own business !") ਸਰਦਾਰ ਬੂਟਾ ਸਿੰਘ ਨੇ ਏਸ ਜਵਾਬ ਦਾ ਕੋਈ ਗੁੱਸਾ ਨਾ ਕੀਤਾ। ਉਸ ਨੂੰ ਉਹ ਸਮਝੌਤਾ ਚੇਤੇ ਆ ਗਿਆ ਕਿ ਸਰਦਾਰ ਜੀ ! "ਤੁਸੀਂ ਗਰਮ ਤੇ ਮੈਂ ਨਰਮ।" ਉਹ ਝੱਟ ਅਕਾਲੀ ਜਥੇਦਾਰ ਜੀ ਨੂੰ ਉਠਵਾ ਕੇ ਆਪਣੇ ਘਰ ਹੀ ਲੈ ਗਏ। ਉਸ ਦੇ ਲਿਬੜੇ ਹੋਏ ਕਪੜੇ ਉਤਰਵਾ ਦਿਤੇ ਤੇ ਆਪਣੇ ਹੀ ਧੋਬੀ ਦੇ ਧੋਤੇ ਹੋਏ ਕਪੜੇ ਪਵਾ ਦਿਤੇ। ਗਰਮ ਗਰਮ ਦੁੱਧ ਵੀ ਪਿਲਾਯਾ ਤੇ ਆਪਣੇ ਨਾਲ ਹੀ ਪੰਜਾਲ ਕੇ ਵਾਪਸ ਲੈ ਆਇਆ। ਅਤੇ ਉਸ ਨੂੰ ਮਚਲਾ ਬਣ ਕੇ ਕਹਿਣ ਲਗਾ, "ਜਥੇਦਾਰ ਜੀ ! ਮਾਫ਼ੀ ਦੇ ਦਿਓ। ਇਨ੍ਹਾਂ ਪਾਸੋਂ ਗਲਤੀ ਹੋ ਗਈ।" ਅਕਾਲੀ ਸਿੰਘ ਨੇ ਵੀ ਹੱਥ ਜੋੜ ਦਿਤੇ।



Digitized by Panjab Digital Library | www.panjabdigilib.org

ਮੈਂ ਉਸ ਨੂੰ ਗਲ ਵਿਚ ਲੈ ਕੇ ਜਫੀ ਪਾ ਲਈ। ਡੈਪੂਟੇਸ਼ਨ ਦੇ ਇਕ ਹੋਰ ਮੈਂਬਰ ਸੰਗਤ ਸ਼ਾਹ (ਮਾਲਕ ਕਾਰਖ਼ਾਨਾ) ਵਲ ਦੇਖ ਕੇ ਮੈਂ ਕਿਹਾ, "ਸ਼ਾਹ ਜੀ ! ਜੋ ਜੋ ਆਪਣੀ ਬੇ-ਇੱਜ਼ਤੀ ਨਹੀਂ ਕਰਾਉਣਾ ਚਾਹੀਦਾ ਉਹ ਆਪਣੇ ਆਪ ਦਫ਼ਤਰ ਵਿਚ ਆ ਕੇ ਬਕਾਇਆ ਹੱਕ ਮਾਲਕਾਨਾ ਜਮ੍ਹਾਂ ਕਰਵਾ ਜਾਵੇ। ਅੱਜ ਤੋਂ ਮਗਰੋਂ ਸਾਡਾ ਮੁਨਸ਼ੀ ਕਿਸੇ ਪਾਸੋਂ ਮੰਗਣ ਨਹੀਂ ਜਾਵੇਗਾ। ਤੇ ਜੋ ਆਪਣੇ ਆਪ ਨਹੀਂ ਦੇਵੇਗਾ ਉਸ ਨਾਲ ਵੀ ਓਹੋ ਸਲੂਕ ਹੋਵੇਗਾ ਜੋ ਮੈਨੂੰ ਹੁਣੇ ਆਪਣੇ ਅਕਾਲੀ ਵੀਰ ਨਾਲ ਕਰਨਾ ਪਿਆ ਹੈ। ਮੈਨੂੰ ਇਸ 'ਤੇ ਬੜਾ ਅਫ਼ਸੋਸ ਸੀ ਕਿ ਇਹ ਗੁਰਦੁਆਰੇ ਦੇ ਪ੍ਰਬੰਧ ਦੇ ਕੰਮ ਵਿਚ ਸਾਡੀ ਸਹਾਇਤਾ ਕਰਨ ਦੀ ਥਾਂ ਉਲਟੀ ਵਿਰੋਧਤਾ ਤੇ ਲਕ ਬੰਨ੍ਹ ਖਲੋਤਾ ਹੈ।

ਸੰਗਤ ਸ਼ਾਹ : ਮੈਨੇਜਰ ਸਾਹਿਬ, ਮੇਰੇ ਵਲੋਂ ਤੁਹਾਡਾ ਹੱਕ ਮਾਲਕਾਨਾ ਭਲਕੇ ਦਫ਼ਤਰ ਵਿਚ ਪਹੁੰਚ ਜਾਵੇਗਾ। ਤੇ ਹੋਰ ਵੀ ਇੱਜ਼ਤਦਾਰ ਜਮਾਂ ਕਰਵਾ ਜਾਣਗੇ। ਕੁਝ ਕੁ ਆਰੀਆ ਸਮਾਜੀ ਵੀਰਾਂ ਨੇ ਏਸ ਗੱਲ ਦਾ ਖ਼ੂਬ ਫ਼ਾਇਦਾ ਉਠਾਉਣ ਦਾ ਯਤਨ ਕੀਤਾ। ਇਹ ਮੁੱਢ ਤੋਂ ਹੀ ਗੁਰਦੁਆਰਾ ਪ੍ਰਬੰਧ ਦੀ ਵਰੋਧਤਾ ਕਰਦੇ ਚਲੇ ਆ ਰਹੇ ਸਨ। ਉਨ੍ਹਾਂ ਨੇ ਥਾਂ ਥਾਂ ਗੁਰਦੁਆਰਾ ਪਰਬੰਧ ਦੇ ਖਿਲਾਫ਼ ਜਲਸੇ ਕੀਤੇ, ਜਲੂਸ ਕਢੇ। ਧੂੰਆਂ ਧਾਰ ਤਕਰੀਰਾਂ ਕੀਤੀਆਂ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲਾਹੌਰ ਅੰਮ੍ਰਿਤਸਰ ਦੀਆਂ ਸਿੱਖ ਸੰਸਥਾਵਾਂ ਤੇ ਨੇਤਾਵਾਂ ਨੂੰ ਤਾਰਾਂ ਖੜਕਾ ਦਿਤੀਆਂ। ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਨੂੰ ਏਸ ਭਾਵ ਦੀ ਤਾਰ ਆਈ। (Nankana Sahib events shows failure of administration) "ਨਨਕਾਣਾ ਸਾਹਿਬ ਦੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਪ੍ਰਬੰਧ ਫ਼ੇਲ ਹੋ ਚੁਕਾ ਹੈ)।" ਜਿਸ ਦੇ ਉਤਰ ਵਿਚ ਮੈਂ ਤਾਰ ਭੇਜ ਦਿਤੀ ਕਿ Administiative measure immensly sucessful but replace the present management'. (ਪਰਬੰਧ ਬਹੁਤ ਹੀ ਕਾਮਯਾਬ ਹੈ ਪ੍ਰੰਤੂ ਮੌਜੂਦਾ ਪ੍ਰਬੰਧਕਾਂ ਨੂੰ ਫ਼ੌਰਨ ਬਦਲ ਦਿਤਾ ਜਾਵੇ।

ਸ੍ਰੀ ਨਨਕਾਣਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਉਚੇਚੀ ਇਕੱਤ੍ਰਤਾ ਚਾਰ ਦਿਨਾਂ ਦੇ ਨੋਟਿਸ ਨਾਲ ਬੁਲਾ ਲਈ ਗਈ। ਜਿਸ ਵਿਚ ਮੇਰੇ ਵਿਰੋਧੀ ਅਤੇ ਮਹੰਤ ਦੇ ਹਮੈਤੀ ਬਹੁਤ ਸਾਰੇ ਆਦਮੀ ਮੀਟਿੰਗ ਵਿਚ ਹਿੱਸਾ ਲੈਣ



Digitized by Panjab Digital Library | www.panjabdigilib.org

ਆਏ। ਉਨ੍ਹਾਂ ਦੀਆਂ ਮੈਨੇਜਰ ਦੇ ਵਿਰੁਧ ਸ਼ਕਾਇਤਾਂ ਸੁਣ ਕੇ ਕਮੇਟੀ ਨੇ ਕਿਹਾ ਕਿ ਇਹ ਸ਼ਕਾਇਤਾਂ ਮੈਨੇਜਰ ਸਾਹਿਬ ਦੇ ਰੂਬਰੂ ਕੀਤੀਆਂ ਜਾਣ ਤਾਂ ਜੁ ਉਹ ਵੀ ਆਪਣੀ ਸਫ਼ਾਈ ਪੇਸ਼ ਕਰ ਸਕਣ। ਬਹੁਤ ਸਾਰਿਆਂ ਨੇ ਕਮੇਟੀ ਦੀ ਏਸ ਤਜਵੀਜ਼ ਦੀ ਵਿਰੋਧਤਾ ਵਿਚ ਕਿਹਾ ਕਿ ਫੇਰ ਮੈਨੇਜਰ ਸਾਡੇ ਪਾਸੋਂ ਕਸਰਾਂ ਕਢੇਗਾ। ਪਰ ਬਾਬਾ ਖੜਕ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਨੇ ਉਨ੍ਹਾਂ ਨੂੰ ਨਿਸਚਾ ਦਵਾਇਆ ਕਿ ਨਹੀਂ, ਇਹੋ ਜਿਹਾ ਧੱਕਾ ਕਦੇ ਵੀ ਕਿਸੇ ਨਾਲ ਨਹੀਂ ਹੋਵੇਗਾ। ਨਾਲ ਇਹ ਵੀ ਕਿਹਾ ਕਿ ਕਿਸੇ ਆਦਮੀ ਦੇ ਖ਼ਿਲਾਫ਼, ਉਸ ਨੂੰ ਜਵਾਬ ਦਾ ਮੌਕਾ ਦਿਤੇ ਬਿਨਾਂ, ਕੋਈ ਫ਼ੈਸਲਾ ਨਹੀਂ ਦਿਤਾ ਜਾ ਸਕਦਾ। ਸੁ ਮੈਨੂੰ ਵੀ ਬੁਲਾ ਲਿਆ ਗਿਆ। ਸਰਦਾਰ ਬਹਾਦਰ ਜੀ ਨੇ ਕੁਝ ਨੋਟ ਲਿਖੇ ਹੋਏ ਸਨ।

ਉਨ੍ਹਾਂ ਨੇ ਬੜੀ ਸਿਆਣਪ ਕੀਤੀ ਕਿ ਆਪਣੇ ਨੋਟਾਂ ਨੂੰ ਦੇਖ ਦੇਖ ਮੈਨੂੰ ਦਸਦੇ ਗਏ ਕਿ ਮੇਰੇ ਖ਼ਿਲਾਫ਼ ਕੀ ਕੀ ਸ਼ਕਾਇਤਾਂ ਹਨ। ਮੈਂ ਇਕ ਇਕ ਨੋਟ ਆਪਣੇ ਪਾਸ ਲਿਖ ਕੇ ਰਖ ਲਿਆ ਅਤੇ ਉਨ੍ਹਾਂ ਨੋਟਾਂ ਦੇ ਆਧਾਰ 'ਤੇ ਇਕ ਇਕ ਦਾ ਕਰਮਵਾਰ ਉੱਤਰ ਤਿਆਰ ਕਰ ਲਿਆ। ਮੈਂ ਦਸਿਆ ਕਿ "ਮੈਨੂੰ ਜਦ ਇਹ ਸੇਵਾ ਸੌਂਪੀ ਗਈ ਸੀ ਕੇਵਲ ੧੫ ਦਿਨ ਲਈ ਸੇਵਾ ਸੰਭਾਲਣ ਨੂੰ ਮੈਨੂੰ ਮਜਬੂਰ ਕੀਤਾ ਗਿਆ ਸੀ ਤੇ ਹੁਣ ਉਸ ਗੱਲ ਨੂੰ ਛੇ ਮਹੀਨੇ ਬੀਤ ਚੁਕੇ ਹਨ। ਮੇਰੇ ਵਿਰੁੱਧ ਸ਼ਕੈਤਾਂ ਦਾ ਵੀ ਕੋਈ ਅੰਤ ਨਹੀਂ। ਮੈਂ ਸੱਚ ਮੁਚ ਬੜਾ ਹੀ ਤੇਜ਼ ਤਬੀਅਤ ਵੀ ਹਾਂ ਤੇ ਸਖ਼ਤੀ ਨਾਲ ਵੀ ਪੇਸ਼ ਆਉਂਦਾ ਹਾਂ। ਜਦ ਕਦੀ ਮੈਂ ਯੋਗ ਸਮਝਾਂਗਾ ਅੱਗੋਂ ਤੋਂ ਵੀ ਸਖ਼ਤੀ ਜ਼ਰੂਰ ਵਰਤਾਂਗਾ। ਮੈਂ ਆਪਣੀਆਂ ਆਦਤਾਂ 'ਤੇ ਕਾਬੂ ਨਹੀਂ ਪਾ ਸਕਦਾ ਤੇ ਨਾ ਇਹ ਬਦਲ ਹੀ ਸਕਦੀਆਂ ਹਨ, ਪਰ ਮੈਂ ਆਪ ਜੀ ਨੂੰ ਨਿਸਚਾ ਕਰਾਉਂਦਾ ਹਾਂ ਕਿ ਮੈਂ ਸਖ਼ਤੀ ਕਰਨ ਦੀ ਖ਼ਾਤਰ ਹੀ ਸਖ਼ਤੀ ਨਹੀਂ ਕਰਿਆ ਕਰਦਾ ਤੇ ਨਾ ਸਖ਼ਤੀ ਕਰਨ ਨਾਲ ਮੈਨੂੰ ਕੋਈ ਖ਼ੁਸ਼ੀ ਹੀ ਹੁੰਦੀ ਹੈ। ਮਜਬੂਰ ਹੋ ਕੇ ਇੰਤਜ਼ਾਮ ਕਾਇਮ ਰੱਖਣ ਲਈ ਸਖ਼ਤੀ ਕਰਨੀ ਹੀ ਪੈਂਦੀ ਹੈ। ਚੰਗਾ ਕਰੋ ਜੇ ਮੈਨੂੰ ਹੁਣ ਛੁੱਟੀ ਹੀ ਬਖ਼ਸ਼ ਦਿਓ। ਪਰ ਮੈਂ ਛੁੱਟੀ ਏਸ ਵਾਸਤੇ ਨਹੀਂ ਮੰਗਦਾ ਕਿ ਮੈਥੋਂ ਪ੍ਰਬੰਧ ਹੋ ਨਹੀਂ ਸਕਦਾ। ਜਾਂ ਏਸ ਲਈ ਕਿ ਮੈਂ ਆਪਣੇ ਵਿਰੁੱਧ ਸ਼ਕਾਇਤਾਂ ਦੀ ਸਚਾਈ ਪ੍ਰਗਟ ਹੋ ਜਾਣ ਤੋਂ ਡਰਦਾ ਹਾਂ।



Digitized by Panjab Digital Library | www.panjabdigilib.org

ਮੇਰੇ ਪ੍ਰਬੰਧ ਬਾਰੇ ਤਾਂ ਮੈਨੂੰ ਸਰਦਾਰ ਬਹਾਦਰ ਜੀ ਪਾਸੋਂ failure of administration ਦਾ ਬਹੁਤ ਵਧੀਆ ਪ੍ਰਮਾਣ ਪੱਤ੍ਰ (Certificate) ਮਿਲ ਚੁਕਾ ਹੈ ।

"ਇਸ ਤੋਂ ਮਗਰੋਂ ਮੈਂ ਭਾਈ ਮੀਹਾਂ ਸਿੰਘ ਬੱਕਰੀਆਂ ਵਾਲੇ, ਮਹੰਤ ਗੁਪਾਲ ਦਾਸ, ਮਹੰਤ ਭਿਰਗਾ ਨੰਦ, ਤੇ ਜ਼ੈਲਦਾਰ ਹੁਸੈਨ ਭੱਟੀ ਆਦਿ ਦੀ ਸੋਧ-ਸੁਧਾਈ ਦੇ ਮਾਮਲਿਆਂ ਉਪਰ ਰੋਸ਼ਨੀ ਪਾਈ । ਅਨੰਦ ਉਧੇੜ ਦੇਣ ਤੇ ਕੁਮ੍ਹਾਰਾਂ ਦੀਆਂ ਆਵੀਆਂ ਦੀ ਸਫ਼ਾਈ ਦਾ ਜ਼ਿਕਰ ਵੀ ਕੀਤਾ ਅਤੇ ਨਾਲ ਏਸ ਔਕੜ ਉਪਰ ਵੀ ਚਾਨਣ ਪਾਇਆ ਕਿ ਸ੍ਰ: ਗੁ: ਪ੍ਰ: ਕਮੇਟੀ ਦੇ ਸਰਕਾਰੀ ਅਦਾਲਤਾਂ ਤੇ ਪੁਲਸ ਨਾਲ ਨਾ-ਮਿਲਵਰਤਣ ਦੇ ਰੈਜ਼ੂਲੇਸ਼ਨ ਦੇ ਹੁੰਦਿਆਂ ਨਾ ਦੀਵਾਨੀ ਤੇ ਨਾ ਫ਼ੌਜਦਾਰੀ ਅਦਾਲਤ ਦਾ ਬੂਹਾ ਖੜਕਾਇਆ ਜਾ ਸਕਦਾ ਹੈ ਅਤੇ ਨਾ ਹੀ ਪੁਲੀਸ ਪਾਸ ਸਹਾਇਤਾ ਦੀ ਯਾਚਨਾ ਕੀਤੀ ਜਾ ਸਕਦੀ ਹੈ।

"ਲੋਕਾਂ ਨਰਮੀ ਦੇ ਸਲੂਕ ਦਾ ਨਾਮ ਕਮਜ਼ੋਰੀ ਰਖਿਆ ਹੋਇਆ ਹੈ । ਇਸ ਵਾਸਤੇ ਬਿਨਾਂ ਸਖ਼ਤੀ ਦੇ ਪ੍ਰਬੰਧ ਕਾਇਮ ਰਖਿਆ ਹੀ ਨਹੀਂ ਜਾ ਸਕਦਾ । ਹਰ ਮਾਮਲੇ ਵਿਚ ਨਾ ਅੰਧਾ ਧੁੰਦ ਸਖ਼ਤੀ ਹੀ ਵਰਤਣੀ ਠੀਕ ਹੈ ਅਤੇ ਨਾ ਨਰਮਾਈ ਨਾਲ ਹੀ ਹਰ ਇਕ ਕੰਮ ਸਾਰਿਆ ਜਾ ਸਕਦਾ ਹੈ । ਹਕ ਮਾਲਕਾਨੇ ਦੇ ਇਕੋ ਹੀ ਮਾਮਲੇ ਨੂੰ ਦੇਖ ਲਉ ਛੇਆਂ ਮਹੀਨਿਆਂ ਤੋਂ ਸਾਡੇ ਆਦਮੀ ਇਕ ਇਕ ਬੰਦੇ ਦੇ ਮਗਰ ਮਗਰ ਖੌਂਸੜੀਆਂ ਤੋੜਦੇ ਫਿਰਦੇ ਸਨ, ਪਰ ਭਲਮਾਣਸੀ ਨਾਲ ਸਾਡੇ ਆਦਮੀਆਂ ਨੂੰ ਕਿਸੇ ਨੇ ਡਾਹ ਨਾ ਦਿਤੀ ਤੇ ਕੰਨੀ ਨਾ ਫੜਾਈ। ਪਰ ਜਿਸ ਸਰਦਾਰ ਨੇ ਕਾਲਾ ਦਸਤਾਰਾ ਸਜਾ ਰਖਿਆ ਹੈ । ਅਕਾਲੀ ਜੱਥੇ ਦਾ ਜੱਥੇਦਾਰ ਵੀ ਅਖਵਾਉਂਦਾ ਹੈ ਨੇ ਗੁਰੂ ਕੀ ਜਾਇਦਾਦ ਸੰਭਾਲ ਕੇ ਇਕ ਤਾਂ ਕਮੇਟੀ ਨੂੰ ਹੱਕ ਮਾਲਕਾਨਾ ਆਪ ਅਦਾ ਨਹੀਂ ਕਰਦਾ ਅਤੇ ਉਲਟਾ 'ਹੱਕ ਮਾਲਕਾਨਾ ਨਾ ਦੇਣ' ਦੀ ਐਜੀਟੇਸ਼ਨ ਦਾ ਮੁਹਰੀ ਬਣ ਕੇ ਗੁਰਦੁਆਰੇ ਦਾ ਹੱਕ ਮਾਲਕਾਨਾ ਗੁਰਦੁਆਰੇ ਨੂੰ ਦੇਣ ਤੋਂ ਲੋਕਾਂ ਨੂੰ ਵੀ ਵਰਜਦਾ ਰਿਹਾ, ਪਰ ਜਦ ਆਪ ਜੀ ਨੂੰ ਗਲੋਂ ਫੜ ਕੇ ਛੱਪੜ ਵਿਚ ਗ਼ੋਤੇ ਦਿਵਾਏ ਗਏ ਇਨ੍ਹਾਂ ਨੇ ਕਮੇਟੀ ਦੇ ਸਟਾਫ਼ ਦੇ ਆਦਮੀਆਂ ਨੂੰ ਗੰਦੀਆਂ, ਫ਼ੁਹਸ਼ ਤੇ ਹੱਤਕ ਆਮੇਜ਼ ਗਾਲੀਆਂ ਕਢੀਆਂ ਅਤੇ ਬਿਨਾਂ ਕਿਸੇ ਦਾ ਨਾਮ ਲਏ ਦੇ ਕਿਹਾ ਗਿਆ ਕਿ "ਕਰਤੂਤਾਂ



Digitized by Panjab Digital Library | www.panjabdigilib.org

ਕਰਨ ਵਾਲੇ ਗੁਰਦੁਆਰਾ ਜਨਮ ਅਸਥਾਨ ਵਿਚ ਰਹਿੰਦੇ ਹਨ।" ਹਾਲਾਂ ਕਿ ਮੈਂ ਇਨ੍ਹਾਂ ਨੂੰ ਪਹਿਲੋਂ ਹੀ ਤਾੜਨਾ ਕਰ ਚੁਕਾ ਸੀ ਕਿ ਜੇ ਇਹੋ ਜਿਹੀਆਂ ਕੌੜੀਆਂ ਫਿਕੀਆਂ ਗੱਲਾਂ ਕਰਨਗੇ ਤਾਂ ਛੱਪੜ ਵਿਚ ਗ਼ੋਤੇ ਦੇ ਦੇ ਮਾਰ ਦਿਆਂਗਾ, ਪਰ ਮੇਰੀ ਏਸ ਤਾੜਨਾ (warning) ਦਾ ਵੀ ਅਸਰ ਕੋਈ ਨਾ ਹੋਇਆ। ਸਗੋਂ ਕਹਿਣ ਲਗੇ, 'ਕੌਣ ਜੰਮਿਆ ਹੈ, ਉਸ ਨੂੰ ਗ਼ੋਤੇ ਦੇਣ ਵਾਲਾ ?' ਜਿਸ 'ਤੇ ਮੈਨੂੰ ਵੀ ਗ਼ੁੱਸਾ ਆ ਗਿਆ ਤੇ ਇਕ ਅਕਾਲੀ ਸਿੰਘ ਵਲ ਤੱਕਿਆ, ਜਿਸ ਨੇ ਇਹਨੂੰ ਧੌਣੋਂ ਫੜ ਕੇ ਛਪੜ ਵਿਚ ਗ਼ੋਤੇ ਦੇਣੇ ਸ਼ੁਰੂ ਕਰ ਦਿਤੇ।

"ਮਗਰੋਂ ਸਰਦਾਰ ਬੂਟਾ ਸਿੰਘ ਨੇ ਜੋ ਆਪਣਾਂ ਪਾਰਟ ਪਲੇਅ ਕੀਤਾ ਜੋ ਮੈਂ ਏਸ ਸਮੇਂ ਵਿਸਥਾਰ ਨਾਲ ਬਿਆਨ ਨਹੀਂ ਕਰ ਸਕਦਾ ਤੇ ਜਣੇ ਖਣੇ ਦੇ ਅੱਗੇ ਆਪਣੇ ਢਿੱਡ ਤੋਂ ਕੁੜਤਾ ਚੁਕਣਾ ਮੁਨਾਸਬ ਖ਼ਿਆਲ ਨਹੀਂ ਕਰਦਾ। ਇਹ ਨੀਤੀ ਦਾ ਸਵਾਲ ਹੈ। ਜੇ ਕਮੇਟੀ ਯੋਗ ਸਮਝ ਕੇ ਕਹੇਗੀ ਤਾਂ ਸ: ਬੂਟਾ ਸਿੰਘ ਜੀ ਦੇ ਰੂ-ਬ-ਰੂ ਕੇਵਲ ਕਮੇਟੀ ਦੇ ਮੈਂਬਰਾਂ ਨੂੰ ਹੀ ਦਸ ਸਕਦਾ ਹਾਂ ਜੋ ਸੁਣ ਕੇ ਉਮੀਦ ਹੈ ਕਿ ਗੁ: ਪ੍ਰ: ਕਮੇਟੀ ਦੇ ਮੈਂਬਰ ਸਾਹਿਬਾਨ ਮੇਰੀ ਸੇਵਾ ਦੀ ਪਰਸੰਸਾ ਕਰਨਗੇ। ਇਨ੍ਹਾਂ ਦੇ ਸਾਥੀਆਂ ਨੂੰ ਮੈਂ ਕਹਿ ਦਿਤਾ ਸੀ ਕਿ ਜਿਹੜੇ ਲੋਕ ਹੱਕ ਮਾਲਕਾਨਾ ਕਮੇਟੀ ਦੇ ਦਫ਼ਤਰ ਲਿਆ ਕੇ ਅਦਾ ਨਹੀਂ ਕਰਨਗੇ ਉਨ੍ਹਾਂ ਨਾਲ ਵੀ ਇਹੋ ਸਲੂਕ ਕਰਾਂਗਾ ਜਾਂ ਉਹ ਗੁਰਦੁਆਰਾ ਕਮੇਟੀ ਪਾਸੋਂ ਹੱਕ ਮਾਲਕਾਨਾ ਨਾ ਵਸੂਲ ਕਰਨ ਦਾ ਮੇਰੇ ਨਾਮ ਹੁਕਮ ਲੈ ਆਉਣ।

"ਮੈਂ ਸਖ਼ਤੀ ਕੀਤੀ ਜ਼ਰੂਰ ਸੀ, ਪਰ ਉਸ ਸਖ਼ਤੀ ਦਾ ਨਤੀਜਾ ਕੀ ਹੋਇਆ। ਮਲੂਮ ਹੁੰਦਾ ਹੈ ਏਸ ਸਿੰਘ ਨੂੰ ਸਰਦਾਰ ਬੂਟਾ ਸਿੰਘ ਨੇ ਸਮਝਾ ਦਿਤਾ ਹੋਵੇਗਾ ਕਿ ਆਪ ਹੱਕ ਮਾਲਕਾਨਾ ਅਦਾ ਨਾ ਕਰਨਾ ਤੇ ਫੇਰ ਉਤੋਂ ਹੋਰਨਾਂ ਨੂੰ ਵੀ ਹੱਕ ਮਾਲਕਾਨਾ ਦੇਣ ਤੋਂ ਵਰਜਣ ਦਾ ਖੁਲ੍ਹਾ ਪਰਚਾਰ ਕਰਨਾ ਕਿੰਨਾ ਬੁਰਾ ਕੰਮ ਹੈ। ਏਸ ਸਿੰਘ ਨੇ ਤਾਂ ਫ਼ੌਰਨ ਹੀ ਮਗਰੋਂ ਮੇਰੇ ਪਾਸ ਆ ਕੇ ਮਾਫ਼ੀ ਮੰਗ ਲਈ ਤੇ ਮੈਂ ਵੀ ਅਫ਼ਸੋਸ ਜ਼ਾਹਰ ਕੀਤਾ ਕਿ ਮੈਨੂੰ ਉਨ੍ਹਾਂ ਉਪਰ ਸਖ਼ਤੀ ਵਰਤਨੀ ਪਈ ਹੈ। ਬਾਕੀ ਕੁਝ ਆਰੀਆ ਸਮਾਜੀਆਂ ਅਤੇ ਹੋਰ ਲੋਕਾਂ ਨੇ, ਜਿਨ੍ਹਾਂ ਬਾਰੇ ਮੈਂ ਕੁਝ ਕਹਿਣਾ ਮੁਨਾਸਬ ਨਹੀਂ ਸਮਝਦਾ, ਜੋ ਪਹਿਲੇ ਦਿਨ ਤੋਂ ਹੀ ਸਾਡੇ ਹਰ ਕੰਮ ਦੀ ਵਿਰੋਧਤਾ ਕਰਦੇ ਅਤੇ ਪ੍ਰਬੰਧ ਅੰਦਰ ਰੋੜੇ ਅਟਕਾਉਂਦੇ ਆ ਰਹੇ ਹਨ ਅਤੇ



Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਪਰਬੰਧ ਕਰਨ ਵਾਲੇ ਸਾਰੇ ਹੀ ਖਟਕਦੇ ਰਹਿੰਦੇ ਹਨ ਕਿ ਇਨ੍ਹਾਂ ਨੂੰ ਗੁਰਦੁਆਰੇ ਦੀ ਜਾਇਦਾਦ ਉਪਰ ਬਿਨਾਂ ਕੁਝ ਲਏ ਦਿਤੇ ਦੇ ਕਬਜ਼ੇ ਜਮਾ ਲੈਣ ਦੀ ਖੁਲ੍ਹੀ ਛੁੱਟੀ ਕਿਉਂ ਨਹੀਂ ਹੋ ਜਾਣ ਦੇਂਦੇ। ਇਨ੍ਹਾਂ ਲੋਕਾਂ ਨੇ ਆਪਣੀ ਏਸ ਖ਼ੁਦਗ਼ਰਜ਼ੀ ਦੇ ਆਧਾਰ 'ਤੇ ਹੀ ਸਾਰਾ ਰੌਲਾ ਗੌਲਾ ਪਾਇਆ ਹੈ ਤੇ ਤਾਰਾਂ ਖੜਕਾਈਆਂ ਹਨ।

"ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਮੇਰੀ ਸਖ਼ਤੀ ਦਾ ਨਤੀਜਾ ਇਹ ਨਿਕਲਿਆ ਕਿ ਅਗਲੇ ਦਿਨ ਸਵੇਰੇ ਦਫ਼ਤਰ ਖੁਲ੍ਹਣ ਤੋਂ ਦੋ ਘੰਟੇ ਪਹਿਲਾਂ ਹੀ ਸੈਂਕੜੇ ਲੋਕ ਹੱਕ ਮਾਲਕਾਨਾ ਜਮ੍ਹਾਂ ਕਰਾਉਣ ਲਈ ਆਣ ਪਹੁੰਚੇ ਤੇ ਮੈਨੂੰ ਟਾਈਮ ਤੋਂ ਦੋ ਘੰਟੇ ਪਹਿਲਾਂ ਹੀ ਦਫ਼ਤਰ ਖੋਲ੍ਹਣ ਲਈ ਮਜਬੂਰ ਕਰ ਦਿਤਾ ਤੇ ਹੱਕ ਮਾਲਕਾਨਾ ਲੈ ਲੈਣ ਲਈ ਜ਼ੋਰ ਦੇਣ ਲਗੇ। ਏਥੋਂ ਤਕ ਕਿ ਉਹ ਬਿਨਾਂ ਰਸੀਦਾਂ ਲਏ ਦੇ ਹੀ ਰਕਮਾਂ ਜਮ੍ਹਾਂ ਕਰਾਉਣ ਵਾਸਤੇ ਤਿਆਰ ਸਨ, ਪਰ ਮੈਂ ਕਿਹਾ ਕਿ ਇਹ ਗੁਰਦੁਆਰਾ ਕਮੇਟੀ ਦਾ ਕੰਮ ਹੈ, ਮੇਰਾ ਜ਼ਾਤੀ ਨਹੀਂ। ਰਸੀਦ ਤੋਂ ਬਿਨਾਂ ਕਿਸੇ ਦੀ ਰਕਮ ਨਹੀਂ ਫੜੀ ਜਾ ਸਕਦੀ। ਇਹ ਸਭ ਕੁਝ ਉਨ੍ਹਾਂ ਦੇ ਆਪਣੇ ਹੀ ਆਰਾਮ ਦੀ ਖ਼ਾਤਰ ਹੈ ਤਾਂ ਜੁ ਉਨ੍ਹਾਂ ਨੂੰ ਗੁਰਦੁਆਰਾ ਮਾਲ ਜੀ ਸਾਹਿਬ ਦੇ ਚੱਕਰ ਨਾ ਕੱਟਣੇ ਪੈਣ। ਸੁ ਮੈਂ ਦਫ਼ਤਰ ਉਸੇ ਵੇਲੇ ਖੁਲ੍ਹਵਾ ਦਿਤਾ ਅਤੇ ਦੋ ਚਾਰ ਆਦਮੀ ਰੁਪਏ ਲੈ ਲੈ ਕੇ ਰਸੀਦਾਂ ਕੱਟ ਕੱਟ ਕੇ ਰਕਮਾਂ ਲਈ ਜਾਣ 'ਤੇ ਲਗਾ ਦਿਤੇ। ਸਟਾਫ਼ ਨੇ ਉਸ ਦਿਨ ਰੋਟੀ ਵੀ ਦਫ਼ਤਰ ਵਿਚ ਮੰਗਵਾ ਕੇ ਖਾਧੀ।

"ਉਸ ਦਿਨ ਮਗਰੋਂ ਸਾਡਾ ਮੁਨਸ਼ੀ ਹੱਕ ਮਾਲਕਾਨਾ ਮੰਗਣ ਵਾਸਤੇ ਕਦੇ ਵੀ ਕਿਸੇ ਦੇ ਮਕਾਨ ਜਾਂ ਦੁਕਾਨ 'ਤੇ ਨਹੀਂ ਗਿਆ। ਲੋਕ ਆਪਣੇ ਆਪ ਹੀ ਕੰਨ ਖੁਰਕ ਕੇ ਦੇ ਜਾਂਦੇ ਹਨ। ਸੁ ਹੁਣ ਕਮੇਟੀ ਆਪੇ ਹੀ ਫ਼ੈਸਲਾ ਕਰੇ ਕਿ ਮੈਂ ਜੋ ਕੁਝ ਕੀਤਾ ਹੈ ਉਹ ਠੀਕ ਕੀਤੈ ਕਿ ਗ਼ਲਤ ? ਮਹੰਤ ਨੂੰ ਤਾਂ ਲੋਕ ਹੱਸ ਰਸ ਕੇ ਹੱਕ ਮਾਲਕਾਨਾ ਦੇ ਜਾਂਦੇ ਰਹੇ, ਪਰ ਸਾਨੂੰ ਦੇਣ ਲਗਿਆਂ ਉਨ੍ਹਾਂ ਨੂੰ ਗ਼ਸ਼ਾਂ ਕਿਉਂ ਪੈਂਦੀਆਂ ਹਨ ? ਛੇ ਮਹੀਨੇ ਫੇਰ ਵੀ ਕਟਾਂਦੇ ਰਹੇ, ਮਿੰਨਤਾਂ ਵੀ ਕਰਵਾਂਦੇ ਰਹੇ ਤੇ ਦਿਤਾ ਵੀ ਕਿਸੇ ਇਕ ਧੇਲਾ ਨਾ।

"ਮੈਂ ਹੁਣ ਆਪਣਾ ਪੱਖ ਤੁਹਾਨੂੰ ਬਿਆਨ ਕਰ ਦਿਤਾ ਹੈ। ਮੈਂ ਪਰਬੰਧ



Digitized by Panjab Digital Library | www.panjabdigilib.org

ਕਰਨ ਦੇ ਅ-ਸਮਰਥ ਹਾਂ । ਮੈਨੂੰ ਛੁਟੀ ਬਖ਼ਸ਼ੀ ਜਾਵੇ । ਜੇ ਮੈਂ ਕੋਈ ਬੁਰਾ ਕੰਮ ਕੀਤਾ ਹੈ ਤਾਂ ਮੈਨੂੰ ਡੰਨ ਲਗਾਇਆ ਜਾਵੇ ।" ਪਰ ਮੈਨੂੰ ਨਾ ਕਮੇਟੀ ਨੇ ਕੋਈ ਡੰਨ ਲਗਾਇਆ ਤੇ ਨਾ ਛੁੱਟੀ ਹੀ ਦਿਤੀ, ਏਨਾ ਜ਼ਰੂਰ ਕਿਹਾ ਕਿ ਜਦੋਂ ਸਖ਼ਤੀ ਕੀਤੇ ਬਿਨਾਂ ਕੰਮ ਸਰਦਾ ਹੀ ਨਾ ਹੋਵੇ ਓਥੇ ਮੁਨਾਸਬ ਹਦ ਤਕ ਕਰ ਲਈ ਜਾਇਆ ਕਰੇ । ਏਸ ਹਦ ਤਕ ਨਾ ਕੀਤੀ ਜਾਇਆ ਕਰੇ ਜਿਸ ਨਾਲ ਕਮੇਟੀ ਨੂੰ ਬਦਨਾਮੀ ਆ ਜਾਵੇ ।

ਇਸ ਦੇ ਉਤਰ ਵਿਚ ਮੈਂ ਫੇਰ ਕਿਹਾ ਕਿ "ਸਖ਼ਤੀ ਵਰਤਣ ਦਾ ਮਤਲਬ ਏਨਾ ਹੀ ਨਹੀਂ ਹੁੰਦਾ ਕਿ ਜਿਸ ਉਪਰ ਸਖ਼ਤੀ ਵਰਤੀ ਜਾਵੇ ਉਸ ਦਾ ਸੁਧਾਰ ਹੋ ਜਾਵੇ ਸਗੋਂ "ਤਾਜੀ ਮਾਰਾ, ਤੁਰਕੀ ਕਾਂਪਾ" ਦੇ ਆਖਾਣ ਅਨੁਸਾਰ ਹੋਰ ਵੀ ਵਿਗੜੇ ਤਿਗੜੇ ਲੋਕਾਂ ਅੱਗੇ ਇਹ ਮਿਸਾਲ ਰਖਣੀ ਹੁੰਦੀ ਹੈ ਕਿ ਇਕ ਦਾ ਸੁਧਾਰ ਹੁੰਦਾ ਵੇਖ ਕੇ ਦੂਜਿਆਂ ਨੂੰ ਕੰਨ ਹੋ ਜਾਣ । ਨਹੀਂ ਤਾਂ ਕਿਸੇ ਇਕ ਜਣੇ ਉਪਰ ਸਖ਼ਤੀ ਵਰਤਣ ਦਾ ਫ਼ਾਇਦਾ ਹੀ ਕੋਈ ਨਹੀਂ ।" ਖ਼ੈਰ ਮਾਮਲੇ ਨੇ ਬਹੁਤਾ ਤੂਲ ਨਾ ਪਕੜਿਆ ਤੇ ਮੈਂਬਰ ਸਾਹਿਬਾਨ ਘਰੋ ਘਰੀ ਤੁਰ ਗਏ ।

ਬਾਬਾ ਖੜਕ ਸਿੰਘ ਜੀ ਨੇ ਮੈਨੂੰ ਬੜਾ ਪਿਆਰ ਕੀਤਾ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਨੇ ਦੱਬੀ ਜ਼ਬਾਨ ਨਾਲ ਕਿਹਾ ਕਿ ਮੈਂ ਉਨ੍ਹਾਂ ਦੀ ਤਾਰ ਨੂੰ ਸੰਭਾਲ ਕੇ ਨਾ ਰਖਾਂ । ਉਨ੍ਹਾਂ ਨੇ ਆਪਣੀ ਗ਼ਲਤੀ ਮਹਿਸੂਸ ਕਰ ਲਈ । ਬਿਨਾਂ ਯੋਗ ਪੜਤਾਲ ਕਰਨ ਦੇ ਅਤੇ ਮੇਰੀ ਗੱਲ ਸੁਣ ਲੈਣ, ਤੇ ਮੈਨੂੰ ਆਪਣੀ ਸਫ਼ਾਈ ਪੇਸ਼ ਕਰ ਲੈਣ ਦਾ ਮੌਕਿਆ ਦਿਤੇ ਜਾਣ ਦੇ ਏਨੇ ਕਰੜੇ ਸ਼ਬਦਾਂ ਦੀ ਤਾਰ ਨਹੀਂ ਸੀ ਖੜਕਾ ਦੇਣੀ ਚਾਹੀਦੀ ਤੇ ਇਹੋ ਜਿਹੀ ਵਿਧਾਨਕ ਭੁੱਲ ਫੇਰ ਨਹੀਂ ਦੁਹਰਾਈ ਜਾਵੇਗੀ ।



Digitized by Panjab Digital Library | www.panjabdigilib.org

# ਨਿੱਤ ਨਵੇਂ ਪਵਾੜੇ

ਨਨਕਾਣਾ ਸਾਹਿਬ ਵਿਚ ਜੂਆ ਬੜਾ ਹੁੰਦਾ ਸੀ। ਘਰ ਸ਼ਰਾਬ ਕੱਢਣ, ਪੀਣ ਤੇ ਵੇਚਣ ਦਾ ਵੀ ਬੜਾ ਜ਼ੋਰ ਹੁੰਦਾ ਸੀ। ਇਨ੍ਹਾਂ ਜੁਰਮਾਂ ਦੇ ਕਰਨ ਵਾਲੇ ਅਕਸਰ ਪੁਲੀਸ ਨਾਲ ਮਿਲੇ ਹੋਏ ਹੁੰਦੇ ਹਨ। ਜਿਸ ਕਰ ਕੇ ਇਨ੍ਹਾਂ ਦੀ ਕੋਈ ਰੋਕ ਥਾਮ ਨਹੀਂ ਹੋ ਸਕਿਆ ਕਰਦੀ। ਕਦੇ ਕਦੇ ਪੁਲਸ ਛਾਪਾ ਮਾਰ ਕੇ ਕੋਈ ਭੱਠੀ ਫੜ ਵੀ ਲਿਆ ਕਰਦੀ ਹੈ ਜਾਂ ਕਦੀ ਜੂਆ ਖੇਡਣ ਵਾਲਿਆਂ ਨੂੰ ਫੜ ਕੇ ਉਨ੍ਹਾਂ ਦਾ ਚਾਲਾਨ ਵੀ ਕਰ ਦਿਆ ਕਰਦੀ ਹੈ। ਪਰ ਇਹ ਛਾਪੇ, ਇਹ ਫੜੋ ਫੜੀ ਤੇ ਇਹ ਚਾਲਾਨ ਉਨ੍ਹਾਂ ਦੇ ਹੀ ਹੁੰਦੇ ਹਨ ਜਿਨ੍ਹਾਂ ਦੀ ਪੁਲੀਸ ਨੂੰ ਮੁਕੱਰਰ ਕੀਤੀ ਰਕਮ ਦੀ ਅਦਾਇਗੀ ਬਾ-ਕਾਇਦਾ ਨਹੀਂ ਹੋਇਆ ਕਰਦੀ।

ਗੁਰਦੁਆਰੇ ਦੇ ਪ੍ਰਬੰਧਕ ਚਾਹੁੰਦੇ ਸਨ ਕਿ ਨਨਕਾਣੇ ਸਾਹਿਬ ਵਿਚੋਂ ਇਹ ਦੋਵੇਂ ਗੱਲਾਂ ਹੋਣੋਂ ਹਟ ਜਾਣ। ਸੁ ਅਸੀਂ ਸਦਾ ਹੀ ਪੁਲੀਸ ਨੂੰ ਕੋਸਦੇ ਰਹਿੰਦੇ ਸੀ। ਤੇ ਉਸ ਦੀ ਸਹਾਇਤਾ ਕਰ ਕੇ ਸ਼ਰਾਬੀਆਂ ਅਤੇ ਜਵਾਰੀਆਂ ਨੂੰ ਫੜਵਾਉਂਦੇ ਰਹਿੰਦੇ ਸੀ। ਜੇ ਕਿਤੇ ਸਾਡਾ ਹੱਥ ਪੈ ਜਾਵੇ ਤਾਂ ਆਦੀ ਮੁਜਰਮਾਂ ਨੂੰ ਚਾਹਟਾ ਵੀ ਛਕਾ ਦਿਆ ਕਰਦੇ ਸੀ। ਪਰ ਇਨ੍ਹਾਂ ਦੋਹਾਂ ਗੱਲਾਂ ਦੇ ਨਾਲ ਨਾਲ ਕੁਝ ਇਕ ਜ਼ਨਾਨੀਆਂ ਆਪਣਾ ਬਦਕਾਰੀ ਦਾ ਪੇਸ਼ਾ ਗਰਮ ਰੱਖੀ ਰੱਖਣ ਵਾਲੀਆਂ ਵੀ ਸਨ। ਉਹ ਸਿੱਧੀਆਂ ਸਾਮ੍ਹਣੇ ਚੁਬਾਰਿਆ 'ਤੇ ਬੈਠ ਕੇ ਪੇਸ਼ਾ ਨਹੀਂ ਸਨ ਕਰਾਉਂਦੀਆਂ ਸਗੋਂ ਇੰਗਲੈਂਡ ਵਾਂਗ — ਜਿਥੇ ਰੰਡੀਬਾਜ਼ੀ ਕਾਨੂੰਨਨ ਮਨ੍ਹਾਂ ਹੈ — ਫਿਰ ਤੁਰ ਕੇ, ਸੁਸਾਇਟੀਆਂ ਵਿਚ ਜਾ ਜਾ ਕੇ ਦਾਅ



Digitized by Panjab Digital Library | www.panjabdigilib.org

ਲਗਾਉਂਦੀਆਂ ਰਹਿੰਦੀਆਂ ਸਨ।

ਇਕ ਜ਼ਨਾਨੀ ਜੋ ਬੜੀ ਹੀ ਬਦਨਾਮ ਸੀ, ਗੁਰਦੁਆਰੇ ਦੇ ਹਜ਼ੂਰੀ ਰਾਗੀ ਜਥੇ ਦੇ ਇਕ ਪ੍ਰੇਮੀ ਨਾਲ ਖੇਤਾਂ ਵਿਚ ਖੇਹ ਖਾਂਦੀ ਫੜੀ ਗਈ। ਸੇਵਾਦਾਰਾਂ ਨੇ ਜੋੜੇ ਨੂੰ ਹੀ ਫੜ ਕੇ ਲਿਆ ਪੇਸ਼ ਕੀਤਾ। ਜਨਾਨੀ ਤਾਂ ਇਕ ਅਧ ਘੁਰਕੀ ਦੇਣ 'ਤੇ ਮੰਨ ਗਈ, ਪਰ ਨਾਲ ਹੀ ਕਹੀ ਜਾਵੇ ਕਿ ਉਸ ਨਾਲ ਜੋਰੋ ਜੋਰੀ ਬੁਰਾ ਭਲਾ ਕੀਤਾ ਗਿਆ ਹੈ। ਇਸ ਵਿਚ ਉਸ ਦਾ ਕਸੂਰ ਕੋਈ ਨਹੀਂ। ਪਰ ਰਾਗੀ ਸਿੰਘ ਤਾਂ ਪੈਰਾਂ 'ਤੇ ਪਾਣੀ ਹੀ ਨਾ ਪੈਣ ਦੇਵੇ ਤੇ ਉੱਕਾ ਮੁਕਰੀ ਜਾਵੇ ਤੇ ਕਹੇ ਕਿ ਸੇਵਾਦਾਰਾਂ ਦੀ ਉਸ ਨਾਲ ਲਾਗਤ ਬਾਜ਼ੀ ਹੈ।

ਮੈਂ ਕਿਹਾ ਇਹ ਗੱਲ ਤਾਂ ਠੀਕ ਮਲੂਮ ਨਹੀਂ ਹੁੰਦੀ। ਕੀ ਸੇਵਾਦਾਰ ਜ਼ਨਾਨੀ ਨੂੰ ਕਿਤੋਂ ਚੁਕ ਲਿਆਏ ਸਨ ਤੇ ਤੇਰੇ ਨਾਲ ਬਦੋਬਦੀ ਲਿਆ ਲੰਮੀ ਪਾਈ ਸੀ? ਪਰ ਜਦ ਉਸ ਨੂੰ ਦਫ਼ਤਰ ਦੇ ਸਾਮ੍ਹਣੇ ਵਾਲੇ ਥੜੇ 'ਤੇ ਲੰਮਾ ਪਾ ਕੇ ਗਰਮ ਗਰਮ ਚਾਹਟਾ ਛਕਾਇਆ ਗਿਆ ਤਾਂ ਤੋਬਾ ਤੋਬਾ ਕਰਦਾ ਸਭ ਕੁਝ ਬਕ ਪਿਆ ਤੇ ਮੰਨ ਗਿਆ ਕਿ ਉਸ ਦਾ ਉਸ ਜ਼ਨਾਨੀ ਨਾਲ ਕਈ ਚਿਰ ਤੋਂ ਯਰਾਨਾ ਹੈ।

ਹੁਣ ਸਵਾਲ ਪੈਦਾ ਇਹ ਹੋਇਆ ਕਿ ਕੀਤਾ ਕੀ ਜਾਵੇ? ਜੇ ਪੁਲੀਸ ਦੇ ਹਵਾਲੇ ਕਰਦੇ ਹਾਂ ਤਾਂ ਸਾਰੇ ਦੇਸ਼ ਵਿਚ ਅਕਾਲੀਆਂ ਦੀ ਬਦਨਾਮੀ ਹੋ ਜਾਂਦੀ ਹੈ। ਇਹ ਵੀ ਪਤਾ ਲੱਗਾ ਕਿ ਨਨਕਾਣੇ ਦੇ ਰਹਿਣ ਵਾਲੇ ਤਾਂ ਕਈ ਚਿਰ 'ਤੋਂ, ਏਸ ਜੋੜੇ ਦੀ ਲੁਕਣ ਮੀਚੀ ਤੋਂ ਜਿਚ ਆਏ ਹੋਏ ਸਨ, ਪਰ ਸਾਨੂੰ ਕਿਸੇ ਨੇ ਕੋਈ ਇਤਲਾਹ ਨਾ ਦਿੱਤੀ। ਤੇ ਜੇ ਅਸੀਂ ਉਨ੍ਹਾਂ ਨੂੰ ਛੱਡ ਦੇਂਦੇ ਹਾਂ ਤਾਂ ਦੂਜਿਆਂ 'ਤੇ ਬੁਰਾ ਅਸਰ ਪੈਣ ਦਾ ਡਰ ਸੀ। ਸੁ ਸੋਚ ਵਿਚਾਰ ਕੇ ਏਸ ਨਤੀਜੇ 'ਤੇ ਅੱਪੜੇ, ਕਿ ਪੁਲੀਸ ਵੀ ਤਾਂ ਇਨ੍ਹਾਂ ਦਾ ਚਾਲਾਨ ਅਦਾਲਤ ਵਿਚ ਭੇਜ ਕੇ ਸਜ਼ਾ ਦਿਵਾਉਣ ਦਾ ਯਤਨ ਕਰੇਗੀ। ਅਸੀਂ ਆਪ ਹੀ ਅਦਾਲਤ ਵਾਂਗ ਇਨ੍ਹਾਂ ਦਾ ਮੁਕੱਦਮਾ ਸੁਣ ਕੇ ਸਜ਼ਾ ਕਿਉਂ ਨਾ ਦੇਈਏ। ਇਹ ਸਭ ਕੁਝ ਸੋਚ ਸਮਝ ਕੇ ਮੈਂ ਆਪ ਮੀਤ ਮੈਨੇਜਰ, ਹੈੱਡ ਗ੍ਰੰਥੀ, ਖ਼ਜ਼ਾਨਚੀ ਤੇ ਹੈੱਡ ਕਲੱਰਕ, ਪੰਜਾਂ ਜੱਜਾਂ ਦਾ ਇਕ ਬੋਰਡ ਮੁਕੱਦਮਾ ਸੁਣਨ ਵਾਸਤੇ ਬੈਠ ਗਿਆ।

ਅਸੀਂ ਮੁਕੱਦਮੇ ਦੀ ਬਾ-ਕਾਇਦਾ ਮਿਸਲ ਬਣਾ ਲਈ। ਗਵਾਹੀਆਂ



Digitized by Panjab Digital Library | www.panjabdigilib.org

ਲਿਖੀਆਂ। ਮੁਲਜ਼ਮਾਂ ਦੇ ਇਕਬਾਲੀ ਬਿਆਨ ਲਿਖੇ। ਤੇ ਉਨ੍ਹਾਂ ਨੂੰ ਸਜ਼ਾਵਾਂ ਵੀ ਦੇ ਦਿੱਤੀਆਂ। ਜ਼ਨਾਨੀ ਨੂੰ ਨਨਕਾਣਾ ਸਾਹਿਬ ਤੋਂ ਬਾਹਰ ਹੋ ਜਾਣ ਦਾ ਹੁਕਮ ਸੁਣਾ ਦਿੱਤਾ। ਜੇ ਕਰ ਉਹ ਏਸ ਸਜ਼ਾ ਦੀ ਤਾਮੀਲ ਨਹੀਂ ਕਰੇਗੀ ਤਾਂ ਡੁਰਲੀ ਜਥਾ ਦੇ ਹਵਾਲੇ ਕਰ ਦਿੱਤੀ ਜਾਵੇ।

ਆਦਮੀ ਨੂੰ ਓਥੇ ਹੀ ਥੜੇ ਉਪਰ ਮੂਧਾ ਪਾ ਕੇ ਸੈਂਕੜੇ ਆਦਮੀਆਂ ਦੀ ਮੌਜੂਦਗੀ ਵਿਚ ਨੰਗੇ ਚਿੱਤੜਾਂ ਉਪਰ ਸੌ ਛਿੱਤਰ ਲਗਵਾ ਕੇ, ਮੂੰਹ ਕਾਲਾ ਕਰ ਦਿਤਾ ਤੇ ਥਾਣੇਦਾਰ (ਖੋਤੇ) ਦੀ ਸਵਾਰੀ ਕਰਵਾ ਕੇ ਸਾਰੇ ਸ਼ਹਿਰ ਵਿਚ ਜਲੂਸ ਕੱਢ ਦਿਤਾ। ਤੇ ਅਗੇ ਅਗੇ ਢੋਲ ਪਿਟਵਾ ਕੇ ਸਾਰੇ ਸ਼ਹਿਰ ਦੀ ਸੈਰ ਕਰਵਾ ਦਿਤੀ। ਨਾਲ ਹੀ ਸੰਗਤਾਂ ਨੂੰ ਹਦਾਇਤ ਕਰ ਦਿਤੀ ਕਿ ਜਦ ਵੀ ਉਹ ਨਨਕਾਣੇ ਸਾਹਿਬ ਦੀ ਜੂਹ ਅੰਦਰ ਨਜ਼ਰ ਆ ਜਾਵੇ ਇਸ ਨੂੰ ਓਥੇ ਹੀ ਲੰਮਾ ਪਾ ਕੇ ੧੦੦ ਛਿੱਤਰ ਏਸ ਦੇ ਚਿੱਤੜਾਂ ਉਪਰ ਟਿਕਾ ਦਿਤੇ ਜਾਣ।

ਉਹ ਜੋੜਾ ਹੀ ਨਨਕਾਣਾ ਸਾਹਿਬ ਛੱਡ ਗਿਆ। ਮੈਂ ਮੁਕੱਦਮੇ ਦੀ ਮੁਕੰਮਲ ਮਿਸਲ ਤੁਰਤ ਫੁਰਤ ਅੰਮ੍ਰਿਤਸਰ ਸ਼੍ਰੋ: ਗੁ: ਪ੍ਰ: ਕਮੇਟੀ ਪਾਸ ਇਕ ਉਚੇਚੇ ਸੇਵਾਦਾਰ ਦੇ ਹੱਥ ਭੇਜ ਦਿਤੀ। ਪਰ ਮਿਸਲ ਭੇਜੀ ਦਾ ਮੈਂ ਕਿਸੇ ਨੂੰ ਭੇਤ ਨਾ ਲੱਗਣ ਦਿਤਾ। ਲੋਕਾਂ ਦੇ ਸਾਮ੍ਹਣੇ ਮੈਂ ਮਿਸਲ ਬੰਨ੍ਹ ਬਨ੍ਹਾ ਕੇ ਆਪਣੇ ਦਫ਼ਤਰ ਭੇਜ ਦਿਤੀ ਸੀ। ਨਾਲ ਇਹ ਨੋਟ ਵੀ ਲਿਖ ਭੇਜਿਆ ਸੀ ਕਿ ਇਸ ਨੂੰ ਗੁਪਤ (Confidential) ਕਾਗਜ਼ਾਂ ਦ ਨਾਲ ਲੋਹੇ ਦੀ ਅਲਮਾਰੀ ਵਿਚ ਬੰਦ ਕਰ ਕੇ ਰੱਖ ਦਿਤਾ ਜਾਵੇ।

ਜਦ ਪੁਲਿਸ ਨੇ ਇਹ ਮਾਮਲਾ ਹੱਥ ਵਿਚ ਲੈ ਕੇ ਦੋ ਕੁ ਦਿਨ ਮਗਰੋਂ ਦਫ਼ਤਰ ਦੀ ਤਲਾਸ਼ੀ ਲੈਣ ਵਾਸਤੇ ਛਾਪਾ ਮਾਰਿਆ ਤਾਂ ਮਿਸਲ ਆਪਣੇ ਟਿਕਾਣੇ ਲੱਗ ਚੁੱਕੀ ਸੀ ਤੇ ਸੇਵਾਦਾਰ ਨੇ ਰਸੀਦ ਵੀ ਲਿਆ ਦਿਤੀ ਸੀ। ਜਿਸ ਵਿਚ ਲਿਖਿਆ ਆ ਗਿਆ ਸੀ ਕਿ ਜ਼ਰੂਰੀ ਕਾਗਜ਼ ਪਹੁੰਚ ਗਏ ਹਨ ਅਤੇ ਦਾਖ਼ਲ ਦਫ਼ਤਰ ਕਰ ਛੱਡੇ ਹਨ। ਮੈਂ ਰਸੀਦ ਪਾੜ ਕੇ ਸੁਟ ਛੱਡੀ ਸੀ। ਪਰ ਉਨ੍ਹਾਂ ਨੇ ਪਹਿਲੇ ਵਾਂਗਰ ਆਪਣੀ ਕਾਗ਼ਜ਼ੀ ਕਾਰਵਾਈ ਪੂਰੀ ਕੀਤੀ ਤੇ ਨਿਰਾਸ ਹੋ ਤੁਰਦੇ ਹੋਏ।

ਮੈਂ ਇਨਸਪੈਕਟਰ ਸਾਹਿਬ ਨੂੰ ਪਹਿਲਾਂ ਹੀ ਕੰਨ ਵਿਚ ਫੂਕ ਮਾਰ ਛੱਡੀ ਸੀ



Digitized by Panjab Digital Library | www.panjabdigilib.org

ਕਿ "ਪੰਛੀ ਆਲ੍ਹਣੇ ਵਿਚੋਂ ਉਡ ਚੁਕੇ ਹਨ।" ਉਹ ਸਮਝ ਗਿਆ ਅਤੇ ਮੁਸਕਰਾ ਪਿਆ ਤੇ ਆਪਣਾ ਫ਼ਰਜ਼ ਪੂਰਾ ਕਰ ਕੇ ਚਲੇ ਗਏ।

ਏਸ ਮਾਮਲੇ ਤੋਂ ਨਿਪਟਿਆਂ ਅਜੇ ਮਰ ਕੇ ਦੋ ਹੀ ਦਿਨ ਹੋਏ ਸਨ ਕਿ ਤੀਜੇ ਦਿਨ ਖਾਂ ਸਾਹਿਬ (ਥਾਣੇਦਾਰ) ਕੁਝ ਕੁ ਸਿਪਾਹੀਆਂ ਨੂੰ ਲੈ ਕੇ ਫੇਰ ਚੜ੍ਹ ਆਇਆ। ਨਾਲ ਉਨ੍ਹਾਂ ਦੇ ਇਕ ਮਹੰਤ ਵੀ ਸੀ। ਖਾਂ ਸਾਹਿਬ ਉਸ ਵਲ ਇਸ਼ਾਰਾ ਕਰ ਕੇ ਕਹਿਣ ਲਗੇ, "ਏਸ ਦੇ ਘਰ ਪਾੜ ਲਾ ਕੇ ਚੋਰੀ ਕੀਤੀ ਗਈ ਹੈ। ਏਸ ਨੂੰ ਗੁਰਦੁਆਰੇ ਦੇ ਸੇਵਾਦਾਰਾਂ ਉਪਰ ਸ਼ੱਕ ਹੈ।"

ਮੈਂ ਇਕ ਲੰਮਾ ਸਾਹ ਲਿਆ ਤੇ ਕਿਹਾ ਕਿ ਖਾਂ ਸਾਹਿਬ ਪਹਿਲੋਂ ਪਾੜ ਤਾਂ ਬੰਦ ਕਰਵਾ ਲਓ। ਮੌਕਿਆ ਜਾ ਕੇ ਦੇਖਿਆ। ਕੁਝ ਕੁ ਮਧਮ ਜਿਹੇ ਪੈਰਾਂ ਦੇ ਨਿਸ਼ਾਨ ਢਕਵਾ ਰੱਖੇ ਸਨ। ਮੇਰੇ ਜ਼ੋਰ ਦੇਣ 'ਤੇ ਪਾੜ ਬੰਦ ਕਰਵਾ ਦਿਤਾ ਗਿਆ। ਮੈਂ ਕਿਹਾ ਕਿ ਮੈਨੂੰ ਇਕ ਦਿਨ ਦੀ ਮੁਹਲਤ ਦਿਤੀ ਜਾਵੇ। ਬਾਕੀ ਦੀ ਕਾਰਵਾਈ ਕਲ੍ਹ ਜਾਂ ਪਰਸੋਂ ਫੇਰ ਆ ਕੇ ਕਰ ਲੈਣੀ। ਅੱਜ ਮੌਕਿਆ ਦਾ ਮੁਲਾਹਿਜ਼ਾ, ਨਕਸ਼ਾ ਵਾਰਦਾਤ, ਖੋਜਾਂ ਦਾ ਢੱਕਿਆ ਜਾਣਾ ਤੇ ਪਹਿਰਾ ਲਗਾ ਦੇਣਾ ਹੀ ਕਾਫ਼ੀ ਕਾਰਗੁਜ਼ਾਰੀ ਸਮਝੀ ਜਾਵੇਗੀ। ਤੇ ਲਿਖ ਦੇਣਾ ਕਿ ਖੋਜੀ ਨੂੰ ਬੁਲਾ ਕੇ ਖੋਜ ਦਿਖਾਏ ਜਾਣ।

ਜਿਨ੍ਹਾਂ ਜਿਨ੍ਹਾਂ ਉਪਰ ਸ਼ੱਕ ਸੀ ਤੇ ਉਹਦੇ ਘਰ ਆਇਆ ਜਾਇਆ ਕਰਦੇ ਸਨ, ਮੈਂ ਉਨ੍ਹਾਂ ਦੇ ਨਾਮ ਨੋਟ ਕਰ ਲਏ ਤੇ ਪੁਲੀਸ ਚਲੀ ਗਈ। ਸਰਦਾਰ ਬੂਟਾ ਸਿੰਘ ਜੀ ਦੀ ਡਯੂਟੀ ਲਗਾਈ ਗਈ ਕਿ ਜਿਨ੍ਹਾਂ ਜਿਨ੍ਹਾਂ 'ਤੇ ਮਹੰਤ ਨੇ ਸ਼ੱਕ ਕੀਤਾ ਸੀ ਉਨ੍ਹਾਂ ਦੇ ਘਰਾਂ ਦੀ ਆਪਣੇ ਤੌਰ 'ਤੇ ਤਲਾਸ਼ੀ ਲੈ ਲਈ ਜਾਵੇ, ਪਰ ਪਤਾ ਕਿਸੇ ਨੂੰ ਨਾ ਲੱਗੇ। ਤੇ ਜੇ ਉਨ੍ਹਾਂ ਘਰਾਂ ਵਿਚੋਂ ਮਾਲ ਦੀ ਸੂਹ ਨਾ ਲਗ ਸਕੇ ਤਾਂ ਹੋਰ ਏਧਰੋਂ ਓਧਰੋਂ ਵੀ ਪਤਾ ਕਰ ਲਿਆ ਜਾਵੇ ਕਿ ਮਾਲ ਕਿਸ ਦੇ ਪਾਸ ਹੈ? ਇਹ ਵਾਰਦਾਤ ਜ਼ਰਾ ਮਹੱਤਵ ਪੂਰਤ ਹੈ। ਸੰਨ੍ਹ ਲਗਾ ਕੇ ਮਾਲ ਚੋਰੀ ਕੀਤਾ ਗਿਆ ਹੈ।

ਥੋੜੇ ਚਿਰ ਪਿਛੋਂ ਸ: ਬੂਟਾ ਸਿੰਘ ਪਤਾ ਕੱਢ ਲਿਆਏ ਕਿ ਜਿਨ੍ਹਾਂ ਸੇਵਾਦਾਰਾਂ ਉਪਰ ਮਹੰਤ ਨੇ ਸ਼ੱਕ ਜ਼ਾਹਰ ਕੀਤਾ ਸੀ ਉਨ੍ਹਾਂ ਵਿਚੋਂ ਹੀ ਇਕ ਦੇ ਘਰ ਸਾਰਾ ਮਾਲ ਏਸ ਵੇਲੇ ਮੌਜੂਦ ਪਿਆ ਹੈ। ਚੋਰੀ ਕਰਨ ਵਾਲੇ ਦੋ ਜਾਣੇ ਹਨ। ਇਕ



Digitized by Panjab Digital Library | www.panjabdigilib.org

ਤਾਂ ਛੜਾ ਛਾਂਡ ਹੀ ਸੀ। ਪੁਲੀਸ ਦੇ ਚਲੇ ਜਾਣ ਦੇ ਫ਼ੌਰਨ ਮਗਰੋਂ ਉਹ ਕਿਧਰੇ ਛਿਲਤ ਮਿਲਤ ਹੋ ਗਿਆ ਹੈ। ਦੂਜੇ ਨੂੰ ਮਾਲ ਕੱਢ ਖੜਨ ਦਾ ਮੌਕਾ ਹੀ ਨਹੀਂ ਮਿਲਿਆ। ਉਹ ਆਪਣਾ ਕਸੂਰ ਮੰਨਦਾ ਹੈ ਤੇ ਪਛਤਾਉਂਦਾ ਵੀ ਹੈ। ਬਾਲ ਬੱਚੇਦਾਰ ਹੈ। ਉਨ੍ਹਾਂ ਦੇ ਨਾਲ ਮਹੰਤ ਦੀ ਮੁਟਿਆਰ ਧੀ ਵੀ ਸ਼ਾਮਲ ਹੈ। ਉਸ ਲੜਕੀ ਦਾ ਸੇਵਾਦਾਰ ਛੋਕਰੇ ਦੇ ਘਰ ਆਉਣ ਜਾਣ ਸੀ। ਕੁਝ ਕੁ ਗਵਾਂਢੀਆਂ ਨੂੰ ਉਸ ਦੇ ਚਾਲ ਚੱਲਨ ਬਾਰੇ ਸ਼ੱਕ ਵੀ ਸੀ।

ਮੈਂ ਸ਼ਾਮ ਨੂੰ ਮਹੰਤ ਨੂੰ ਆਪਣੇ ਮਕਾਨ 'ਤੇ ਬੁਲਾ ਲਿਆ ਅਤੇ ਉਸ ਨੂੰ ਸਮਝਾਇਆ ਕਿ ਪੁਲੀਸ ਦੀ ਕਾਰਵਾਈ ਜਾਰੀ ਰਹੀ ਤਾਂ ਉਸ ਦੀ ਆਪਣੇ ਨਮੋਸ਼ੀ ਦੇ ਬਥੇਰੇ ਸਾਮਾਨ ਪੈਦਾ ਹੋ ਜਾਣਗੇ। ਕਿਉਂਕਿ ਉਸ ਦੀ ਆਪਣੀ ਧੀ ਦਾ ਯਾਰਾਨਾ ਉਸ ਸੇਵਾਦਾਰ ਨਾਲ ਦੱਸੀਦਾ ਹੈ। ਇਹ ਸਾਰੀ ਗੱਲ ਜ਼ਾਹਰ ਹੋ ਜਾਵੇਗੀ। ਚੰਗੀ ਗੱਲ ਇਹੋ ਹੀ ਹੈ ਕਿ ਇਹ ਮਾਮਲਾ ਏਥੇ ਹੀ ਠੱਪ ਦਿਤਾ ਜਾਵੇ। ਉਸ ਦਾ ਮਾਲ ਅਸੀਂ ਤੀਲਾ ਤੀਲਾ ਵਾਪਸ ਕਰਵਾ ਦਿਆਂਗੇ।

ਮਹੰਤ ਏਸ ਗੱਲ 'ਤੇ ਰਾਜ਼ੀ ਹੋ ਗਿਆ। ਕੁਝ ਰਾਤ ਗਈ 'ਤੇ ਮੈਂ ਖਾਂ ਸਾਹਿਬ ਦੇ ਮਕਾਨ 'ਤੇ ਚਲਾ ਗਿਆ। ਉਸ ਨੂੰ ਵੀ ਰਾਜ਼ੀ ਕਰ ਲਿਆ ਅਤੇ ਤਜਵੀਜ਼ ਕੀਤੀ ਕਿ ਮਹੰਤ ਪਾਸੋਂ ਸਵੇਰੇ ਕਚਹਿਰੀ ਖੁਲ੍ਹ ਪੈਣ 'ਤੇ ਦਰਖ਼ਾਸਤ ਕਰਵਾ ਦੇਂਦੇ ਹਾਂ ਕਿ ਉਸ ਦਾ ਮਾਲ ਬਾਹਰ ਖੇਤਾਂ ਵਿਚ ਪਿਆ ਉਸ ਨੂੰ ਮਿਲ ਗਿਆ ਹੈ ਤੇ ਜਿਸ ਉਪਰ ਸ਼ੱਕ ਸੀ ਉਹ ਨੱਸ ਗਿਆ ਹੈ। ਉਸ ਦਾ ਨਾਮ, ਵਲਦੀਅਤ ਤੇ ਸਕੂਨਤ ਦਾ ਵੀ ਠੀਕ ਪਤਾ ਨਹੀਂ। ਤਫ਼ਤੀਸ਼ ਬੰਦ ਕਰ ਦਿਤੀ ਜਾਵੇ।

ਅਗਲੇ ਦਿਨ ਮਹੰਤ ਸਾਹਿਬ ਨੇ ਥਾਣੇ ਜਾ ਲਿਖਤੀ ਦਰਖ਼ਾਸਤ ਦਿਤੀ ਕਿ ਤਫਤੀਸ਼ ਬੰਦ ਕਰ ਦਿਤੀ ਜਾਵੇ। ਪੁਲੀਸ ਦਾ ਮੌਕੇ 'ਤੇ ਜਾਣਾ ਹੀ ਕਾਫ਼ੀ ਸੀ। ਚੋਰ ਭਜ ਗਿਆ ਹੈ ਤੇ ਅਜ ਸਾਰੇ ਦਾ ਸਾਰਾ ਮਾਲ ਖੇਤਾਂ ਵਿਚ ਸੁੱਟਿਆ ਪਿਆ ਮਿਲ ਗਿਆ ਹੈ। ਨਾ ਤਾਂ ਕਿਸੇ ਨੂੰ ਚੋਰ ਦੇ ਠੀਕ ਨਾਮ ਦਾ ਹੀ ਪਤਾ ਹੈ ਤੇ ਨਾ ਉਸ ਦੇ ਪਿੰਡ ਪੀੜ੍ਹ ਦਾ ਹੀ ਕਿਸੇ ਨੂੰ ਕੋਈ ਇਲਮ ਥਹੁ ਹੈ। ਪੁਲੀਸ ਨੇ ਮਿਸਲ ਦਾਖ਼ਲ ਦਫ਼ਤਰ ਕਰਨ ਦੀ ਸਫਾਰਸ਼ ਕਰ ਕੇ ਉਪਰ ਭੇਜ ਦਿਤੀ ਤੇ ਇਹ ਮਾਮਲਾ ਵੀ ਰਫ਼ਾ ਦਫ਼ਾ ਹੋ ਗਿਆ।

ਚਾਰ ਕੁ ਦਿਨ ਪਏ ਹੋਣਗੇ ਕਿ ਇਕ ਪੁਆੜਾ ਹੋਰ ਆਣ ਖੜਾ ਹੋਇਆ।



Digitized by Panjab Digital Library | www.panjabdigilib.org

ਇਕ ਮਹੰਤ ਸਾਹਿਬ ਨੇ ਆਪਣੇ ਘਰ ਜੂਆ ਖ਼ਾਨਾ ਖੋਲ੍ਹ ਰਖਿਆ ਸੀ। ਜੂਆ ਖਿਡਵਾਂਦਾ, ਆਪਣੀ 'ਨਾਲ' (ਕਮਿਸ਼ਨ ਦਾ ਹਿੱਸਾ) ਕਢਦਾ ਤੇ ਜੂਏ ਦੇ ਨਾਲ ਨਾਲ ਘਰ ਦੀ ਕੱਢੀ ਸ਼ਰਾਬ ਦਾ ਵੀ ਦੌਰ ਚਲਦਾ ਰਹਿੰਦਾ ਸੀ।

ਪੁਲੀਸ ਉਸ ਦੀ ਨਾਲ ਵਿਚ ਹਿੱਸੇਦਾਰ ਸੀ ਤੇ ਉਹ ਪੁਲੀਸ ਦੀ ਰਕਮ ਚੁੱਪ ਕਰ ਕੇ ਪੁਲੀਸ ਨੂੰ ਤਾਰ ਦਿਆ ਕਰਦਾ ਸੀ। ਹੁਣ ਇਹ ਕੁਝ ਮਹੀਨਿਆਂ ਤੋਂ ਇਕਰਾਰੋਂ ਬੇ-ਇਕਰਾਰਾ (Defaulter) ਹੋ ਚੁਕਾ ਸੀ।

ਇਕ ਦਿਨ ਕਾਫ਼ੀ ਰਾਤ ਗਿਆਂ ਸੇਵਾਦਾਰਾਂ ਨੇ ਆ ਖ਼ਬਰ ਸੁਣਾਈ ਕਿ ਮਹੰਤ ਦੇ ਘਰ ਜੂਆ ਹੋ ਰਿਹਾ ਸੀ ਕਿ ਜਵਾਰੀਏ ਸ਼ਰਾਬ ਵਿਚ ਗੁਟ ਹੋਏ ਆਪੋ ਵਿਚ ਲੜ ਪਏ ਹਨ। ਇਕ ਦੋ ਆਦਮੀਆਂ ਨੂੰ ਕਰਾਰੀਆਂ ਸੱਟਾਂ ਲਗ ਗਈਆਂ ਹਨ। ਸਾਡੇ ਦੋ ਸੇਵਾਦਾਰ ਵੀ ਜੂਆ ਖੇਡਣ ਤੇ ਲੜਾਈ ਦੰਗੇ ਵਿਚ ਸ਼ਾਮਲ ਹਨ। ਪਤਾ ਲਗਾ ਹੈ ਕਿ ਕਈ ਆਦਮੀ ਪੁਲਿਸ ਨੂੰ ਬੁਲਾ ਲਿਆਉਣ ਲਈ ਭੇਜ ਦਿਤੇ ਹੋਏ ਹਨ।

ਪੁਲਿਸ ਆ ਗਈ ਤਾਂ ਸੇਵਾਦਾਰਾਂ ਦੇ ਫੜੇ ਜਾਣ 'ਤੇ ਗੁਰਦੁਆਰੇ ਦੇ ਪ੍ਰਬੰਧ ਦੀ ਬੜੀ ਬਦਨਾਮੀ ਹੋਵੇਗੀ। ਮੈਂ ਝਟ ਪਟ ਡਰੈਸਿੰਗ ਗਾਉਨ ਮੋਢਿਆਂ ਉਤੋਂ ਹੀ ਸੁਟ ਕੇ ਮੌਕਿਆ 'ਤੇ ਜਾ ਪਹੁੰਚਾ। ਇਹ ਦੋਵੇਂ ਸੇਵਾਦਾਰ ਛੜੇ ਛਾਂਟ ਸਨ। ਸੁ ਉਨ੍ਹਾਂ ਨੂੰ ਇਹ ਗੱਲ ਕਹਿ ਕੇ ਨਸਾ ਦਿਤਾ ਕਿ ਜੇ ਪੁਲਿਸ ਦੇ ਕਾਬੂ ਆ ਗਏ ਤਾਂ ਪੁਲੀਸ ਦੀ ਗਿੱਦੜ ਕੁੱਟ, ਅਦਾਲਤ ਦੀ ਸਜ਼ਾ ਤੇ ਸਾਡਾ ਚਾਹਟਾ ਝੁਗੇ ਵਿਚ ਮਿਲ ਜਾਏਗਾ। ਸੇਵਾਦਾਰ ਖਿਸਕ ਗਏ ਤੇ ਮੁੜ ਕਦੇ ਨਜ਼ਰ ਨਾ ਪਏ।

ਬਾਕੀ ਜਵਾਰੀਆਂ ਵਿਚੋਂ ਕਿਸੇ ਨੂੰ ਵੀ ਜਾਣ ਨਾ ਦਿਤਾ ਗਿਆ। ਮਕਾਨ ਨੂੰ ਘੇਰਾ ਪਾਈ ਰਖਿਆ। ਏਨੇ ਨੂੰ ਪੁਲਸੀ ਧਾੜ ਵੀ ਦਗੜ ਦਗੜ ਕਰਦੀ ਮੌਕਿਆ 'ਤੇ ਆ ਪੁਜੀ। ਉਨ੍ਹਾਂ ਆਪਣੀ ਕਾਰਵਾਈ ਸ਼ੁਰੂ ਕਰ ਦਿਤੀ। ਮੈਂ ਚਲਾ ਆਇਆ। ਪੁਲਿਸ ਵਾਲਿਆਂ ਨੇ ਮੈਨੂੰ ਠਹਿਰ ਜਾਣ ਤੇ ਗਵਾਹੀ ਪਾ ਕੇ ਜਾਣ ਵਾਸਤੇ ਬਥੇਰਾ ਆਂਖਿਆ, ਪਰ ਮੈਂ ਕਿਹਾ, "ਮੈਨੂੰ ਏਸ ਮਾਮਲੇ ਵਿਚ ਨਾ ਹੀ ਲਿਆਓ ਤਾਂ ਚੰਗਾ ਰਹੇਗਾ। ਮੈਂ ਤੁਹਾਡੀ ਬਥੇਰੀ ਸਹਾਇਤਾ ਕਰ ਦਿਤੀ ਹੈ। ਮੇਰੇ ਸੇਵਾਦਾਰਾਂ ਨੇ ਤੁਹਾਡੇ ਆ ਜਾਣ ਤਕ ਮਕਾਨ ਨੂੰ ਘੇਰਾ ਪਾਈ ਰਖਿਆ ਹੈ। ਸਾਰੇ ਦੇ ਸਾਰੇ ਜਵਾਰੀਏ ਤੁਹਾਡੇ ਕਾਬੂ ਆ ਗਏ ਹਨ। ਮੈਂ ਨਾ ਆਉਂਦਾ ਤਾਂ



Digitized by Panjab Digital Library | www.panjabdigilib.org

ਤੁਹਾਨੂੰ ਏਥੇ ਕਝ ਵੀ ਨਾ ਲਭਦਾ।"

ਮੈਂ ਹਵਾਲਦਾਰ ਨੂੰ ਕਿਹਾ ਕਿ ਮੈਂ ਮਹੱਲੇ ਦੇ ਮੁਹਤਬਰ ਵਸਨੀਕਾਂ ਦੇ ਫ਼ਰਦਾਂ ਉਪਰ ਦਸਤਖ਼ਤ ਕਰਵਾ ਦਿਆਂਗਾ। ਉਨ੍ਹਾਂ ਦੀ ਕਾਰਵਾਈ ਵਿਚ ਕੋਈ ਫ਼ਰਕ ਨਹੀਂ ਆਵੇਗਾ। ਹਵਾਲਦਾਰ ਨੇ ਫ਼ਰਦ ਤਿਆਰ ਕਰ ਲਈ ਤੇ ਗਵਾਹਾਂ ਦੀ ਗਵਾਹੀ ਦੇ ਥਾਂ ਖਾਲੀ ਛਡ ਦਿਤੇ ਜੋ ਅਗਲੇ ਦਿਨ ਸਵੇਰੇ ਭਰ ਲਏ ਗਏ। ਸਾਰੀ ਦੀ ਸਾਰੀ ਪਾਰਟੀ ਦਾ ਚਾਲਾਨ ਹੋ ਗਿਆ, ਤੇ ਸਜ਼ਾਵਾਂ ਹੋ ਗਈਆਂ। ਮੁਕਦਮਾ ਨਨਕਾਣਾ ਸਾਹਿਬ ਦੀ ਅਦਾਲਤ ਵਿਚ ਈ ਚਲਦਾ ਰਿਹਾ। ਮਹੰਤ ਪਾਰਟੀ ਨੇ ਦਰਖ਼ਾਸਤ ਦਿਤੀ ਸੀ ਕਿ ਮੈਨੇਜਰ ਨੂੰ ਗਵਾਹੀ ਵਾਸਤੇ ਸੱਦਿਆ ਜਾਵੇ। ਮੈਜਿਸਟਰੇਟ ਨੇ ਕਿਹਾ ਕਿ ਕਲ੍ਹ ਸੋਚ ਵਿਚਾਰ ਕੇ ਹੁਕਮ ਦਿਤਾ ਜਾਵੇਗਾ।

ਮੈਨੂੰ ਏਸ ਗੱਲ ਦੀ ਇਤਲਾਹ ਖ਼ਾਨ ਸਾਹਿਬ ਨੇ ਫ਼ੌਰਨ ਭੇਜ ਦਿਤੀ ਤੇ ਮਹੰਤ ਦੇ ਵਕੀਲ ਨੂੰ ਉਸ ਦੀ ਬੈਠਕ 'ਤੇ ਜਾ ਮਿਲਿਆ ਤੇ ਉਸ ਨੂੰ ਸਮਝਾ ਦਿਤਾ ਕਿ ਮੈਨੂੰ ਗਵਾਹ ਤਲਬ ਨਾ ਕਰਨਾ। ਉਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਹੋਣ ਲਗਾ।

ਜੇ ਕਰ ਮੈਂ ਇਹ ਮੰਨ ਵੀ ਲਵਾਂਗਾ ਕਿ ਮੇਰੇ ਸੇਵਾਦਾਰ ਨੱਸ ਗਏ ਹਨ ਜਾਂ ਮੈਂ ਆਪ ਨਸਾ ਦਿਤੇ ਹਨ ਤਾਂ ਵੀ ਉਸ ਦੇ ਮੁਅੱਕਲ ਨੂੰ ਕੁਝ ਫ਼ਾਇਦਾ ਨਹੀਂ ਪਹੁੰਚਣ ਲਗਾ। ਬਾਕੀ ਸਾਰੇ ਮਾਮਲੇ ਬਾਰੇ ਮੈਂ ਭਰ ਕੇ ਗਵਾਹੀ ਦਿਆਂਗਾ ਤੇ ਤੁਹਾਡੇ ਮੁਅੱਕਲਾਂ ਦੇ ਖ਼ਿਲਾਫ਼ ਦਿਆਂਗਾ। ਭਾਵੇਂ ਮੈਨੂੰ ਝੂਠ ਵੀ ਬੋਲਣਾ ਪੈ ਜਾਵੇ। ਮੈਂ ਇਹ ਗੱਲ ਮੰਨ ਹੀ ਕਿਵੇਂ ਸਕਦਾ ਹਾਂ ਕਿ ਮੈਂ ਮੌਕਿਆ 'ਤੇ ਗਿਆ ਤੇ ਮੇਰੇ ਆਦਮੀ ਜੋ ਉਸ ਸਾਂਝੇ ਜੁਰਮ ਵਿਚ ਸ਼ਾਮਲ ਸਨ ਉਨ੍ਹਾਂ ਨੂੰ ਮੈਂ ਹੀ ਦੌੜਾ ਦਿਤਾ। ਵਕੀਲ ਸਾਹਿਬ ਸਮਝ ਗਏ ਤੇ ਅਗਲੇ ਦਿਨ ਆਪਣੀ ਦਰਖ਼ਾਸਤ ਵਾਪਸ ਲੈ ਲਈ।

ਮਹੰਤ ਪਾਰਟੀ ਨੂੰ ਸਜ਼ਾਵਾਂ ਹੋ ਗਈਆਂ, ਭਾਵੇਂ ਅਪੀਲ ਵਿਚ ਸਾਰੇ ਦੇ ਸਾਰੇ ਬਰੀ ਹੋ ਗਏ ਕਿਉਂਕਿ ਅਦਾਲਤ ਅਪੀਲ ਨੂੰ ਸ਼ਕ ਪੈ ਗਿਆ ਕਿ ਕਾਰਵਾਈ ਬਨਾਉਟੀ ਹੈ। ਫ਼ਰਦ ਹੋਰ ਸਿਆਹੀ ਨਾਲ ਭਰੇ ਗਏ ਸਨ ਤੇ ਗਵਾਹੀਆਂ ਹੋਰ ਸਿਆਹੀ ਨਾਲ ਪਾਈਆਂ ਗਈਆਂ ਸਨ। ਇਹ ਪੁਆੜਾ ਹੀ ਨਿਬੜ ਗਿਆ,



Digitized by Panjab Digital Library | www.panjabdigilib.org

ਪਰ ਮੈਂ ਗੁਰਦੁਆਰਾ ਕਮੇਟੀ ਦੀ ਅਗਲੀ ਮੀਟਿੰਗ ਵਿਚ ਕਹਿ ਦਿਤਾ ਕਿ ਮੈਨੂੰ ਏਸ ਗੱਲ ਦੀ ਆਗਿਆ ਦਿਤੀ ਜਾਵੇ ਕਿ ਅਗੋਂ ਤੋਂ ਮੈਂ ਜੁਰਮ ਕਰਨ ਵਾਲੇ ਸੇਵਾਦਾਰਾਂ ਨੂੰ ਪੁਲੀਸ ਦੇ ਹਵਾਲੇ ਕਰ ਦਿਆ ਕਰਾਂ। ਕਿੰਨਾ ਕੁ ਚਿਰ ਮੈਂ ਬਦਨਾਮੀ ਤੋਂ ਡਰਦਿਆਂ ਉਨ੍ਹਾਂ ਨੂੰ ਭਜਾਂਦਾ ਰਹਾਂਗਾ ! ਜੇ ਦੋ ਚਾਰ ਕੈਦ ਹੋ ਜਾਣ ਤਾਂ ਸ਼ਾਇਦ ਸੇਵਾਦਾਰਾਂ ਨੂੰ ਸਮਝ ਆ ਜਾਵੇ ਤੇ ਵਾਰਦਾਤਾਂ ਕੁਝ ਘਟ ਜਾਣ। ਕਮੇਟੀ ਨੇ ਮੈਨੂੰ ਆਗਿਆ ਦੇ ਦਿਤੀ ਕਿ ਮੈਂ ਜਿਵੇਂ ਮੁਨਾਸਬ ਸਮਝਾਂ ਕਰਾਂ।



Digitized by Panjab Digital Library | www.panjabdigilib.org

# ਡੀ. ਸੀ. ਤੇ ਐਸ. ਪੀ. ਦਾ ਮਿਲਵਾਂ ਛਾਪਾ

ਕੁਝਕੁ ਅਜਿਹੀਆਂ ਜ਼ਰੂਰੀ ਗੱਲਾਂ ਸਨ ਜਿਨ੍ਹਾਂ ਦਾਂ ਚਿੱਠੀ-ਪੱਤਰ ਦਵਾਰਾ ਫ਼ੈਸਲਾ ਕਰਨਾ ਮੁਨਾਸਬ ਨਾ ਸਮਝਦਾ ਹੋਇਆ ਮੈਂ ਮੂੰਹੀਂ ਦੂਹੀਂ ਫ਼ੈਸਲਾ ਕਰਨ ਵਾਸਤੇ ਅੰਮ੍ਰਿਤਸਰ ਗਿਆ ਹੋਇਆ ਸੀ। ਮੈਂ ਜਦ ਨਨਕਾਣਾ ਸਾਹਿਬ ਵਾਪਸ ਜਾ ਰਿਹਾ ਸੀ ਕਿ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ, ਜੋ ਸ੍ਰੀ ਅੰਮ੍ਰਿਤਸਰ ਨਹੀਂ ਸਨ ਤੇ ਮੈਨੂੰ ਫ਼ੋਨ 'ਤੇ ਕਹਿ ਰਖਿਆ ਸੀ ਕਿ ਉਹ ਇਕ ਅੱਧ ਦਿਨ ਤਕ ਨਨਕਾਣਾ ਸਾਹਿਬ ਜਾ ਰਹੇ ਹਨ, ਓਥੇ ਹੀ ਉਨ੍ਹਾਂ ਨਾਲ ਗੱਲ ਬਾਤ ਕਰ ਲਵਾਂ।

ਜਦ ਮੈਂ ਲਾਹੌਰ ਰੇਲਵੇ ਸਟੇਸ਼ਨ 'ਤੇ ਜਾ ਕੇ ਸੈਕੰਡ, ਫਸਟ ਦੇ ਡੱਬਿਆਂ ਕੋਲੋਂ ਦੀ ਲੰਘ ਰਿਹਾ ਸੀ ਤਾਂ ਸਰਦਾਰ ਬਹਾਦਰ ਜੀ ਨੇ ਮੈਨੂੰ ਕਿਹਾ ਕਿ ਏਥੇ ਹੀ ਬੈਠ ਜਾਓ। ਮੈਂ ਇਹ ਕਹਿ ਕੇ ਕਿ ਮੇਰੇ ਪਾਸ ਟਿਕਟ ਤੀਸਰੇ ਦਰਜੇ ਦਾ ਹੈ। ਅੱਗੇ ਲੰਘ ਗਿਆ ਤੇ ਤੀਸਰੇ ਦਰਜੇ ਦੇ ਡੱਬੇ ਵਿਚ ਜਾ ਬੈਠਾ। ਗੱਡੀ ਚੀਚੋਂ ਕੀ ਮਲ੍ਹੀਆਂ ਜੰਕਸ਼ਨ ਉਪਰ ਜਾ ਪਹੁੰਚੀ। ਏਥੇ ਬਹੁਤ ਚਿਰ ਠਹਿਰਦੀ ਸੀ।

ਮੈਂ ਪਲੇਟ ਫ਼ਾਰਮ 'ਤੇ ਉਤਰਿਆ। ਜਾਂ ਮੈਂ ਸਰਦਾਰ ਬਹਾਦਰ ਦੇ ਡੱਬੇ ਵਲ ਨੂੰ ਹੋਇਆ ਤਾਂ ਇਕ ਚੰਗੇ 'ਸੂਟਿਡ, ਬੂਟਿਡ, ਜੈਂਟਲਮੈਨ ਦੇਸੀ ਸਾਹਿਬ ਬਹਾਦਰ' ਨਾਲ ਉਨ੍ਹਾਂ ਨੂੰ ਹੱਥ ਮਿਲਾਉਂਦਿਆਂ ਡਿੱਠਾ। ਜੋ ਮੇਰਾ ਤਾਂ ਵਾਕਫ਼ ਨਹੀਂ ਸੀ, ਪਰ ਸਰਦਾਰ ਬਹਾਦਰ ਦਾ ਚੰਗਾ ਜਾਣੂ ਪਛਾਣੂ ਮਲੂਮ ਹੁੰਦਾ ਸੀ। ਕਿਉਂਕਿ ਉਹ ਉਨ੍ਹਾਂ ਨੂੰ ਬਾਹੋਂ ਫੜ ਕੇ ਫ਼ਸਟ ਕਲਾਸ ਦੇ ਡੱਬੇ ਵਿਚ ਲੈ ਵੜਿਆ ਤੇ ਮੈਂ ਉਨ੍ਹਾਂ ਨਾਲ ਓਥੇ ਵੀ ਕੋਈ ਗੱਲ ਨਾ ਕਰ ਸਕਿਆ।



Digitized by Panjab Digital Library | www.panjabdigilib.org

ਗੱਡੀ ਅਗਲੇ ਸਟੇਸ਼ਨ 'ਤੇ ਜਾ ਖੜੀ ਹੋਈ। ਮੈਂ ਵੇਖਿਆ ਕਿ ਸਰਦਾਰ ਬਹਾਦਰ ਦਾ ਅੜਦਲੀ ਅਕਾਲੀ ਮੰਗਲ ਸਿੰਘ ਮੇਰੀ ਵਲ ਦੌੜਿਆ ਚਲਿਆ ਆ ਰਿਹਾ ਹੈ। ਮੇਰੇ ਕੋਲ ਆ ਕੇ ਕਹਿਣ ਲਗਾ ਕਿ ਸਰਦਾਰ ਬਹਾਦਰ ਨੇ ਮੈਨੂੰ ਬੁਲਾਇਆ ਹੈ। ਮੈਂ ਅਗਲੇ ਸਟੇਸ਼ਨ 'ਤੇ ਉਨ੍ਹਾਂ ਦੇ ਡੱਬੇ ਵਿਚ ਜਾ ਬੈਠਾ। ਮੈਂ ਗਿਆ ਤਾਂ ਉਹ ਸਾਹਿਬ ਬਹਾਦਰ ਨਾਲ ਮੇਰੀ ਮੁਲਾਕਾਤ ਕਰਾਉਂਦੇ ਹੋਏ ਕਹਿਣ ਲਗੇ ਕਿ ਇਹ ਹਨ ਸ੍ਰੀ ਨਨਕਾਣਾ ਸਾਹਿਬ ਦੇ ਮੈਨੇਜਰ ਸਰਦਾਰ ਨਰੈਣ ਸਿੰਘ ਬੈਰਿਸਟਰ ਮੇਰੇ ਮਾਮਾ ਜੀ ਦੇ ਪੁਤ, ਭਰਾ। ਮੈਂ ਬੈਠ ਗਿਆ ਤੇ ਗੱਡੀ ਰਵਾਨਾ ਹੋ ਪਈ।

ਮੈਨੂੰ ਸਾਹਿਬ ਬਹਾਦਰ ਬਾਰੇ ਪਤਾ ਲੱਗ ਗਿਆ ਕਿ ਉਹ ਡਿਪਟੀ ਕਮਿਸ਼ਨਰ ਸ਼ੇਖ਼ੂਪੁਰਾ ਹੈ। ਸਰਦਾਰ ਬਹਾਦਰ ਨੇ ਉਸ ਦੇ ਸਾਹਮਣੇ ਮੇਰੇ ਪਾਸੋਂ ਪੁੱਛਿਆ ਕਿ ਸਗੋਂ ਗੁਰੂ ਕੀ ਸਰਾਂ ਵਿਚ ਕੋਈ ਕਿਰਪਾਨਾਂ ਬਣਾਉਣ ਦਾ ਕਾਰਖ਼ਾਨਾ ਖੋਲ੍ਹ ਲਿਆ ਜੇ ?

ਮੈਂ : ਨਹੀਂ ਜੀ, ਕਿਰਪਾਨਾਂ ਬਣਾਉਣ ਦਾ ਕਾਰਖ਼ਾਨਾ ਤਾ ਕੋਈ ਨਹੀਂ ਖੁਲ੍ਹਵਾਇਆ। ਇਕ ਲੁਹਾਰ ਦੁਕਾਨ ਕਿਰਾਏ 'ਤੇ ਲੈ ਕੇ ਲੋਹੇ ਦਾ ਕੰਮ ਜ਼ਰੂਰ ਕਰਦਾ ਹੈ। ਉਹ ਨਵੀਆਂ ਕਿਰਪਾਨਾਂ ਵੀ ਬਣਾਉਂਦਾ ਹੈ, ਪੁਰਾਣੀਆਂ ਕਿਰਪਾਨਾਂ ਦੀ ਮੁਰੰਮਤ ਵੀ ਕਰਦਾ ਹੈ। ਨਾਲ ਕਹੀਆਂ, ਕੁਹਾੜੀਆਂ, ਟਕਵੇ, ਦਾਤ੍ਰੀਆਂ, ਟੋਕੇ ਤੇ ਰੰਬੇ ਵੀ ਬਣਾ ਦੇਂਦਾ ਹੈ ਨਾਲੇ ਉਨ੍ਹਾਂ ਦੀ ਮੁਰੱਮਤ ਤੇ ਚੰਡਾਈ ਵੀ ਕਰਦਾ ਹੈ।

ਸ: ਬਹਾਦਰ : ਇਹ ਲੁਹਾਰ ਗੁਰਦੁਆਰੇ ਵਲੋਂ ਬੈਠਾਇਆ ਹੋਇਆ ਹੈ ? ਕਮੇਟੀ ਪਾਸੋਂ ਤਾਂ ਏਸ ਦੀ ਮਨਜ਼ੂਰੀ ਕਦੀ ਨਹੀਂ ਲਈ ਗਈ।

ਮੈਂ : ਗੁਰਦੁਆਰੇ ਨਾਲ ਤਾਂ ਉਸ ਦਾ ਏਨਾ ਹੀ ਵਾਸਤਾ ਹੈ, ਕਿ ਦੁਕਾਨ ਦਾ ਮਾਲਕ ਗੁਰਦੁਆਰਾ ਹੈ। ਜੋ ਉਸ ਲੁਹਾਰ ਨੇ ਵੀ ਬਾਕੀ ਦੁਕਾਨਦਾਰਾਂ ਵਾਂਗ ਕਿਰਾਏ 'ਤੇ ਲੈ ਕੇ ਆਪਣਾ ਰੋਜ਼ਗਾਰ ਚਲਾ ਰੱਖਿਆ ਹੈ। ਅਸੀਂ ਵੀ ਆਪਣੀਆਂ ਕਹੀਆਂ, ਰੰਬੇ ਤੇ ਦਾਤ੍ਰੀਆਂ ਆਦਿ ਉਸ ਪਾਸੋਂ ਪੈਸੇ ਦੇ ਕੇ ਮੁਰੰਮਤ ਕਰਵਾ ਲੈਂਦੇ ਹਾਂ। ਤੇ ਮੁਜ਼ਾਰੇ ਆਦਿ ਲੋਕੀਂ ਵੀ ਆਪਣੇ ਖੇਤੀ ਦੇ ਸੰਦ ਨਵੇਂ ਪੁਰਾਣੇ ਬਣਵਾਉਂਦੇ ਤੇ ਮੁਰੰਮਤ ਕਰਾਉਂਦੇ ਰਹਿੰਦੇ ਹਨ। ਤੇ ਅਕਾਲੀ ਸਿੰਘ ਵੀ



Digitized by Panjab Digital Library | www.panjabdigilib.org

ਆਪਣੀਆਂ ਕਿਰਪਾਨਾਂ ਬਣਵਾਉਂਦੇ ਤੇ ਮੁਰੰਮਤ ਕਰਵਾਉਂਦੇ ਰਹਿੰਦੇ ਹਨ।

ਡੀ. ਸੀ. : ਕੀ ਇਹ ਲੁਹਾਰ ਚੰਗਾ ਕਾਰੀਗਰ ਹੈ ?

ਮੈਂ : ਜੀ ! ਮੈਂ ਇਸ ਬਾਰੇ ਕੀ ਕਹਿ ਸਕਦਾ ਹਾਂ ? ਉਸ ਦਾ ਮੁਰੰਮਤ ਕੀਤਾ ਹੋਇਆ ਸਾਮਾਨ ਜੋ ਮੈਨੂੰ ਦੇਖਣ ਦਾ ਇਤਫ਼ਾਕ ਹੁੰਦਾ ਰਿਹਾ ਹੈ ਉਸ ਉਪਰ ਸਫ਼ਾਈ ਵਾਹਵਾ ਹੁੰਦੀ ਹੈ।

ਡੀ. ਸੀ. : ਕੀ ਉਹ ਬੰਦੂਕਾਂ ਪਸਤੌਲਾਂ ਦੀ ਮੁਰੰਮਤ ਵੀ ਕਰ ਲੈਂਦਾ ਹੈ ? ਮੈਂ ਆਪਣੇ ਪਸਤੌਲ ਦੀ ਮੁਰੰਮਤ ਕਰਾਉਣੀ ਹੈ, ਜੇ ਉਸ ਪਾਸੋਂ ਕਰਵਾ ਦਿਓ ਤਾਂ ਬੜੀ ਮਿਹਰਬਾਨੀ ਹੋਵੇਗੀ।

ਮੈਂ : ਜੀ ! ਮੈਨੂੰ ਜ਼ਾਤੀ ਤਜਰਬਾ ਤਾਂ ਕੋਈ ਨਹੀਂ। ਮੈਂ ਉਸ ਪਾਸੋਂ ਪੁੱਛ ਕੇ ਦੱਸ ਸਕਦਾ ਹਾਂ।

ਡੀ. ਸੀ. : ਕੀ ਤੁਹਾਡੇ ਇਲਮ ਵਿਚ ਉਹ ਨਾ-ਜਾਇਜ਼ ਅਸਲ੍ਹਾ ਬਣਾ ਬਣਾ ਤਾਂ ਨਹੀਂ ਵੇਚਦਾ ਜਾਂ ਮੁਰੰਮਤ ਕਰਦਾ ?

ਮੈਂ : ਜੀ ਮੇਰੇ ਇਲਮ ਵਿਚ ਨਹੀਂ।

ਸ਼: ਬਹਾਦਰ : ਕਦੀ ਦੁਕਾਨ ਨੂੰ ਵੇਖਿਆ ਵੀ ਹੈ, ਜਾ ਕੇ ?

ਮੈਂ : ਜੀ ਮੈਨੂੰ ਤਾਂ ਦੇਖਣ ਦਾ ਵਿਹਲ ਹੀ ਕਦੋਂ ਮਿਲਦਾ ਹੈ ? ਮੇਰੇ ਸਿਰ 'ਤੇ ਕੰਮ ਦੇ ਏਨੇ ਪਹਾੜ ਲੱਦੇ ਪਏ ਹਨ ਕਿ ਮੇਰੇ ਵਰਗੇ ਚਾਰ ਆਦਮੀ ਵੀ ਚੰਗੀ ਤਰ੍ਹਾਂ ਤਸੱਲੀ ਨਾਲ ਨਹੀਂ ਭੁਗਤਾ ਸਕਦੇ। ਆਪ ਨੂੰ ਤਾਂ ਚੰਗੀ ਤਰ੍ਹਾਂ ਪਤਾ ਹੀ ਹੈ।

ਸ: ਬਹਾਦਰ : ਇਹ ਹਕੀਮ ਨੇ ਦਸਿਆ ਹੋਇਆ ਹੈ ਕਿ ਦੁਨੀਆਂ ਭਰ ਦੇ ਸਾਰੇ ਕੰਮ ਇਕ ਦਮ ਛੋੜ ਲਉ ਤੇ ਜਿਹੜੇ ਕੰਮ ਸਾਲਾਂ ਵਿਚ ਵੀ ਨਾ ਹੋ ਸਕਣ ਵਾਲੇ ਹੋਣ। ਉਨ੍ਹਾਂ ਬਾਬਤ ਪ੍ਰਣ ਕਰ ਲਵੋ ਕਿ "ਜੇ ਮੈਂ ਸਿੱਖ ਹਾਂ ਤਾਂ ਮਹੀਨਿਆਂ ਵਿਚ ਮੁਕਾ ਕੇ ਛੱਡਾਂਗਾ ?"

(ਡੀ. ਸੀ. ਵਲ ਵੇਖ ਕੇ) : ਇਕ ਵੱਡਾ ਭਾਰੀ ਛੱਪੜ ਹੈ। ਚੌਥਾਈ ਮੀਲ ਵਿਚ ਫੈਲਿਆ ਹੋਇਆ ਹੈ। ਤੇ ਇਸ ਤੋਂ ਇਲਾਵਾ ਅਨੇਕਾਂ ਹੀ ਬੜੇ ਵੱਡੇ ਵੱਡੇ ਟੋਏ ਹਨ ਜੋ ਅਕਸਰ ਭੱਠਿਆਂ ਦੇ ਲਾਗੇ ਬੰਨੇ ਹੋਇਆ ਕਰਦੇ ਹਨ। ਜੋ ਦੋਂਹ ਸਾਲਾਂ ਵਿਚ ਕੀ ਚਹੁੰ ਸਾਲਾਂ ਵਿਚ ਵੀ ਪਧਰੇ ਨਹੀਂ ਕੀਤੇ ਜਾ ਸਕਦੇ।



Digitized by Panjab Digital Library | www.panjabdigilib.org

ਆਪ ਜੀ ਉਨ੍ਹਾਂ ਨੂੰ ਪੂਰ ਕੇ ਉਨ੍ਹਾਂ ਦੀ ਥਾਂ, ਨਨਕਾਣਾ ਸਾਹਿਬ ਦੇ ਮੇਲੇ ਤੋਂ ਪਹਿਲਾਂ ਬਾਗ ਅਤੇ ਘਾਹ ਦੇ ਮੈਦਾਨ (Grassy Plots) ਤਿਆਰ ਕਰ ਦੇਣ ਦਾ ਪ੍ਰਣ ਕਰ ਚੁੱਕੇ ਹਨ। ਕਿ ਗੁਰੂ ਨਾਨਕ ਜੀ ਦੇ ਜਨਮ ਦਿਨ ਦੇ ਮੇਲੇ ਸਮੇਂ ਸੰਗਤਾਂ ਨੂੰ ਆਪਣੇ ਦੀਵਾਨ ਸਜਾਉਣ ਵਾਸਤੇ ਉਨ੍ਹਾਂ ਪਲਾਟਾਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। ਦੂਜੇ ਕੁਮ੍ਹਾਰਾਂ ਦੀਆਂ ਆਵੀਆਂ ਚੁਕਵਾਉਣ ਦਾ ਕੰਮ ਵੀ ਚਾਲੂ ਹੈ। ਗੁਰੂ ਕੀ ਸਰਾਂ ਵਿਚ ਲਗ ਪਗ ਚਾਰ ਸੌ ਕੋਠੜੀਆਂ ਵਿਚ ਪਾੜ ਲਗਾ ਲਗਾ ਕੇ ਬਾਰੀਆਂ ਤੇ ਰੋਸ਼ਨਦਾਨ ਕਢਵਾਏ ਜਾ ਰਹੇ ਹਨ। ਤੀਜੇ ਚਾਰ ਚੁਫੇਰੇ ਦੀਆਂ ਸੜਕਾਂ ਸਿੱਧੀਆਂ ਤੇ ਚੌੜੀਆਂ ਕਰਨ ਦਾ ਕੰਮ ਜਾਰੀ ਹੈ। ਚੌਥਾ ਇਮਾਰਤ ਦਾ ਕੰਮ ਵੀ ਚਾਲੂ ਹੈ ਜੋ ਬਾਰਾਂ ਮਹੀਨੇ ਜਾਰੀ ਰਹਿੰਦਾ ਹੈ। ਪੰਜਵੇਂ ਦਫ਼ਤਰ ਦਾ ਅਤੇ ਆਮ ਪ੍ਰਬੰਧ ਦਾ ਕੰਮ ਜੋ ਰੋਜ਼ ਦਾ ਧੰਦਾ (Routine) ਹੈ ਉਸ ਦੀ ਨਿਗਰਾਨੀ ਵੀ ਇਨ੍ਹਾਂ ਨੇ ਆਪ ਹੀ ਰੱਖਣੀ ਹੁੰਦੀ ਹੈ। ਇਕ ਮੌਕਿਆਂ 'ਤੇ ਤਾਂ ਇਨ੍ਹਾਂ ਨੂੰ ੭੨ ਘੰਟੇ ਛੱਪੜ ਦੇ ਕੰਢੇ ਹੀ ਗੁਜ਼ਾਰਨੇ ਪਏ ਸਨ। ਇਹ ਕੰਮ ਨਿਰਾ ਪੁਰਾ ਦਿਨ ਵਿਚ ਹੀ ਜਾਰੀ ਨਹੀਂ ਰਹਿੰਦਾ ਸਗੋਂ ਰਾਤ ਨੂੰ ਗੈਸ ਜਗਾ ਕੇ ਨੀਵੇਂ ਥਾਂ ਦਾ ਪਾਣੀ ਝੱਟਿਆਂ ਨਾਲ ਉਚੇ ਥਾਂ 'ਤੇ ਚੜ੍ਹਾਇਆ ਜਾਂਦਾ ਹੈ ਤੇ ਉਚੀ ਧਰਤਾ ਨੂੰ ਵੱਤਰ 'ਤੇ ਲਿਆ ਕੇ ਹਲਾਂ ਤੇ ਕਰਾਹਾਂ ਨਾਲ ਉਚੇ ਥਾਂ ਦੀ ਮਿੱਟੀ ਥਲੇ ਵਲ ਧੂਹ ਕੇ ਛੱਪੜ ਨੂੰ ਪੂਰਨ ਦੇ ਕੰਮ ਲਿਆਂਦੀ ਜਾਂਦੀ ਹੈ। ਸੌ ਸੌ ਦੋ ਦੋ ਸੌ ਅਕਾਲੀ ਰਾਤ ਦਿਨ ਵਾਰੀ ਵਾਰੀ ਕਹੀਆਂ ਤੇ ਟੋਕਰੀਆਂ ਨਾਲ ਕੰਮ ਕਰਦੇ ਰਹਿੰਦੇ ਹਨ। ਪੰਜਾਹ ਪੰਜਾਹ ਹੱਲ ਤੇ ਕਰਾਹ ਰੋਜ਼ ਚਲਦੇ ਰਹਿੰਦੇ ਹਨ। ਇਨ੍ਹਾਂ ਦੇ ਪ੍ਰਣ ਦਾ ਪਤਾ ਲੱਗਣ 'ਤੇ ਮੈਂ ਲਾਹੌਰ ਮਿਉਂਸਪਲ ਕਮੇਟੀ ਪਾਸੋਂ ਨਿੱਕੀ ਰੇਲ ਦੀ ਪਟੜੀ ਤੇ ਟਰੇਨ, ਲੈ ਦਿਤੀ ਹੈ ਤਾਂ ਜੁ ਟਿੱਬੇ ਵੱਢ ਵੱਢ ਕੇ ਉਨ੍ਹਾਂ ਦੀ ਰੇਤ ਤੇ ਮਿੱਟੀ ਛੱਪੜ ਪੂਰਨ ਦੇ ਕੰਮ ਲਿਆਂਦੀ ਜਾ ਸਕੇ। ਕਦੇ ਇਨ੍ਹਾਂ ਨੂੰ ਉਨ੍ਹਾਂ, ਕੂੜਾ ਟਰੇਨ ਦੇ ਠੇਲ੍ਹਿਆਂ ਵਿਚ ਬੈਠਾ ਹੋਇਆ ਦੇਖੋ ਤਾਂ ਅਨੰਦ ਆ ਜਾਵੇ।

ਡੀ ਸੀ. : Wonderful man indeed (ਸੱਚ ਮੁੱਚ ਬੜਾ ਅਦਭੁਤ ਆਦਮੀ ਹੈ) ਜਿਸ ਦੇ ਸਿਰ ਏਨਾ ਕੰਮ ਹੈ ਕਿ ਉਸ ਨੂੰ ਅਸਲ੍ਹੇ ਦੇ ਕਾਰਖ਼ਾਨੇ ਦਾ ਪਤਾ ਹੀ ਨਹੀਂ।



Digitized by Panjab Digital Library | www.panjabdigilib.org

ਸ: ਬਹਾਦਰ : ਬਥੇਰਾ ਸਮਝਾਇਆ ਹੈ। ਨਹੀਂ ਟਲਦਾ, ਸ਼ਾਇਦ Insomnia (ਨਾ-ਸੌਣ ਦੀ ਬੀਮਾਰੀ) ਹੋ ਗਿਆ ਸੂ। ਪਰ ਕਹਿੰਦਾ ਹੈ S. D. O. (ਹਾਕਮ ਇਲਾਕਾ) ਨਾਲ ਸ਼ਰਤ ਲੱਗ ਚੁੱਕੀ ਹੈ ਤੇ ਗੁਰੂ ਆਸਰੇ ਕੰਮ ਕਰ ਕੇ ਹੀ ਛੱਡਾਂਗਾ। ਇਹ ਗੁਰੂ ਦਾ ਆਪਣਾ ਕੰਮ ਹੈ ਆਪੇ ਸਿਰੇ ਚੜ੍ਹਾ ਦੇਵੇਗਾ। ਜਿਸ ਦੇ ਪਾਸ ਏਨੇ ਅਕਾਲੀ ਕੰਮ ਕਰਨ ਲਈ ਹੋਣ। ਉਹ ਕੀ ਕੁਝ ਕੰਮ ਨਹੀਂ ਕਰ ਗੁਜ਼ਰਦਾ ? ਜੇ ਉਨ੍ਹਾਂ ਨੂੰ ਵਿਹਲਿਆਂ ਰਹਿਣ ਦਿਤਾ ਗਿਆ ਤਾਂ 'ਵਿਹਲਾ ਦਿਮਾਗ਼ ਸ਼ੈਤਾਨ ਦਾ ਕਾਰਖ਼ਾਨਾ' ਬਣ ਜਾਇਆ ਕਰਦਾ ਹੈ। ਵਿਹਲੜ ਬੰਦਿਆਂ ਦਾ ਕੁਝ ਵੀ ਪਤਾ ਨਹੀਂ ਹੁੰਦਾ ਕਿ ਕੀ ਕੁਝ ਕਰ ਗੁਜ਼ਰਨ।

ਡੀ. ਸੀ. ਅੱਖਾਂ ਪਾੜ ਪਾੜ ਮੇਰੇ ਵਲ ਵੇਖਦਾ ਰਿਹਾ। ਓੜਕ ਸਰਦਾਰ ਬਹਾਦਰ ਨੂੰ ਪੁੱਛਣ ਲੱਗਾ, "ਤੁਸੀਂ ਤਾਂ ਇਨ੍ਹਾਂ ਤੋਂ ਭਲੀ ਭਾਂਤ ਜਾਣੂ ਹੋ ? ਕੀ ਇਨ੍ਹਾਂ ਨੇ ਸਾਮ੍ਹਣੇ ਕੋਈ Confidential (ਗੁਪਤ) ਗੱਲ ਵੀ ਕੀਤੀ ਜਾ ਸਕਦੀ ਹੈ ?

ਸ: ਬਹਾਦਰ : ਮੇਰੇ ਹੱਥਾਂ ਵਿਚ ਤਾਂ ਜੰਮਿਆ ਪਲਿਆ ਹੈ। ਇਹ ਸਰਦਾਰ ਰਾਜ ਸਿੰਘ ਦਾ ਛੋਟਾਂ ਭਰਾ ਹੈ। ਸ: ਰਾਜ ਸਿੰਘ ਦਾ ਨਾਮ ਆਪ ਨੇ ਜ਼ਰੂਰ ਸੁਣਿਆ ਹੋਵੇਗਾ।

ਡੀ. ਸੀ. : (ਮੈਨੂੰ) ਬਰਖ਼ੁਰਦਾਰ ! ਏਸ ਨਾਜਾਇਜ਼ ਅਸਲ੍ਹੇ ਦੀਆਂ ਖ਼ਬਰਾਂ ਲਾਹੌਰ ਤਕ ਪਹੁੰਚ ਚੁੱਕੀਆਂ ਹਨ। ਮੈਨੂੰ ਲਾਹੌਰੋਂ ਚਿੱਠੀ ਆਈ ਹੈ ਕਿ ਛਾਪਾ ਮਾਰ ਕੇ ਨਾ-ਜਾਇਜ਼ ਅਸਲ੍ਹਾ ਫੜੋ ਤੇ ਕਾਨੂੰਨੀ ਕਾਰਵਾਈ ਕਰੋ। ਜੇ ਨਾ-ਜਾਇਜ਼ ਅਸਲ੍ਹਾ ਫੜਿਆ ਗਿਆ ਤਾਂ ਮੇਰਾ, ਕਪਤਾਨ ਸਾਹਿਬ ਦਾ, ਲੋਕਲ ਪੋਲੀਸ ਤੇ ਸੀ. ਆਈ. ਡੀ, ਦਾ ਮੂੰਹ ਕਾਲਾ ਹੋ ਜਾਵੇਗਾ। ਤੇ ਮੇਰੇ ਬਹੁਤ ਪੁਰਾਣੇ ਮਿੱਤਰ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਦੀ ਬੜੀ ਭਾਰੀ ਬਦਨਾਮੀ ਹੋਵੇਗੀ। ਤੇ ਤੂੰ ਆਪ ਵੀ ਲਪੇਟ ਵਿਚ ਆ ਜਾਵੇਗਾ। you are the man on the spot (ਮੌਕਿਆ 'ਤੇ ਜ਼ਿਮੇਂਦਾਰ ਆਦਮੀ ਤੂੰ ਹੀ ਹੈਂ।) ਤੂੰ ਇਹ ਕਹਿ ਕੇ ਕਿ 'ਕੰਮ ਬਹੁਤ ਵਧੇਰੇ ਰਹਿੰਦਾ ਹੈ' ਜਾਂ ਮੈਨੂੰ ਤਾਂ ਕੋਈ ਪਤਾ ਨਹੀਂ। ਜ਼ਿੰਮੇਵਾਰੀ ਤੋਂ ਛੁੱਟ ਨਹੀਂ ਸਕਦਾ।

ਏਨਾ ਕਹਿ ਕੇ ਡੀ. ਸੀ. ਚੁੱਪ ਹੋ ਗਿਆ।



Digitized by Panjab Digital Library | www.panjabdigilib.org

ਏਨੇ ਨੂੰ ਨਨਕਾਣਾ ਸਾਹਿਬ ਦਾ ਸਟੇਸ਼ਨ ਆ ਗਿਆ। ਮੈਂ ਆਪਣੇ ਕਮਰੇ ਵਲ ਆਪਣਾ ਸਾਮਾਨ ਲੈਣ ਚਲਾ ਗਿਆ। ਸਰਦਾਰ ਬਹਾਦਰ ਨੇ ਮੈਨੂੰ ਕਿਹਾ, Hurry up (ਝਟ ਪਟ ਕਰੋ) ਤੇ ਆਪਣੇ ਅਰਦਲੀ ਨੂੰ ਕਿਹਾ ਕਿ ਸਾਮਾਨ ਨੂੰ ਕੁਲੀਆਂ ਪਾਸੋਂ ਚੁਕਵਾ ਕੇ ਫਟਾਫਟ ਸਟੇਸ਼ਨ ਦੇ ਬਾਹਰ ਜਾ ਰਖਵਾਓ। ਉਨ੍ਹਾਂ ਨੂੰ ਪਤਾ ਸੀ ਕਿ ਗੁਰਦੁਆਰੇ ਦਾ ਟਾਂਗਾ ਹਰ ਗੱਡੀ 'ਤੇ ਸਟੇਸ਼ਨ ਉਪਰ ਆਉਂਦਾ ਹੈ।

ਦੋ ਕੁ ਮਿੰਟਾਂ ਵਿਚ ਅਸੀਂ ਟਾਂਗੇ 'ਤੇ ਸਵਾਰ ਹੋ ਕੇ ਗੁਰਦੁਆਰੇ ਵਲ ਰਵਾਨਾ ਹੋ ਪਏ। ਸਰਦਾਰ ਬਹਾਦਰ ਨੇ ਕੋਚਵਾਨ ਨੂੰ ਕਿਹਾ ਘੋੜੇ ਨੂੰ ਸਰਪਟ ਦੌੜਾ ਕੇ ਲੈ ਚਲੇ। ਗੁਰਦੁਆਰੇ ਦੀ ਸਰਾਂ ਦੇ ਸਾਮ੍ਹਣੇ ਸਰਦਾਰ ਬਹਾਦਰ ਨੇ ਘੋੜੇ ਦੀ ਰਾਸ ਜ਼ੋਰ ਨਾਲ ਖਿੱਚ ਕੇ ਟਾਂਗਾ ਖੜਾ ਕਰ ਲਿਆ। ਅਸੀਂ ਦੋਵੇਂ ਜਣੇ ਸਰਾਂ ਦੇ ਅੰਦਰ ਜਾ ਵੜੇ। ਸੇਵਾਦਾਰਾਂ ਨੂੰ ਟਾਂਗਾ ਮੇਰੇ ਮਕਾਨ 'ਤੇ ਲੈ ਚੱਲਣ ਦਾ ਹੁਕਮ ਕਰ ਦਿਤਾ।

ਡੀ. ਸੀ. ਇਕ ਕਿਰਾਏ ਦੇ ਟਾਂਗੇ ਉਪਰ ਬੈਠ ਕੇ ਡਾਕ ਬੰਗਲੇ ਚਲਾ ਗਿਆ। ਅਤੇ ਰਸਤੇ ਵਿਚ ਥਾਣੇਦਾਰ ਨੂੰ ਹੁਕਮ ਦੇਂਦਾ ਗਿਆ ਕਿ ਫ਼ੌਰਨ ਸਾਰੀ ਪੁਲੀਸ ਫ਼ੋਰਸ ਲੈ ਕੇ ਡਾਕ ਬੰਗਲੇ ਪਹੁੰਚ ਜਾਏ।

ਅਸੀਂ ਜਾਂਦਿਆਂ ਹੀ ਲੁਹਾਰ ਦੀ ਦੁਕਾਨ ਦੀ ਤਲਾਸ਼ੀ ਲਈ। ਸਾਨੂੰ ਤਾ ਓਥੇ ਕੋਈ ਨਾਜਾਇਜ਼ ਅਸਲ੍ਹਾ ਤਿਆਰ ਹੁੰਦਾ ਦਿਖਾਈ ਨਾ ਦਿਤਾ। ਫੇਰ ਮੈਂ ਲੁਹਾਰ ਨੂੰ ਕਿਹਾ ਕਿ ਹੁਣੇ ਹੀ ਪੁਲੀਸ ਕਪਤਾਨ ਤੇ ਡੀ. ਸੀ. ਏਥੇ ਆ ਰਹੇ ਹਨ। ਉਹ ਇਕ ਤਕੜੀ ਪੁਲੀਸ ਗਾਰਦ ਲੈ ਕੇ ਤੇਰੀ ਦੁਕਾਨ 'ਤੇ ਛਾਪਾ ਮਾਰਨ ਆ ਰਹੇ ਹਨ। ਜੇ ਕੋਈ ਨਾ-ਜਾਇਜ਼ ਅਸਲ੍ਹਾ ਛਾਪਾ ਮਾਰਨ 'ਤੇ ਬਰਾਮਦ ਹੋ ਗਿਆ ਤਾਂ ਤੇਰੇ ਲਈ ਉਮਰ ਕੈਦ ਤੇ ਸਾਡੀ ਵੀ ਸੁਖ ਨਹੀਂ। ਉਨ੍ਹਾਂ ਨੇ ਜ਼ਮੀਨਾਂ ਤੇ ਫ਼ਰਸ਼ ਸਭ ਪੁਟ ਸੁਟਣੇ ਹਨ। ਛੱਤਾਂ ਢਾਹ ਸੁਟਣੀਆਂ ਹਨ। ਸੁ ਜੇਕਰ ਕੋਈ ਚੀਜ਼ ਕਿਧਰੇ ਲੁਕਾ ਛੁਪਾ ਰੱਖੀ ਹੋਵੇ ਤਾਂ ਝਟਪਟ ਦੱਸ ਦੇਹ, ਦੇਰ ਨਾ ਕਰ। ਅਸੀਂ ਅਗੇ ਪਿਛੇ ਕਰ ਦੇਂਦੇ ਹਾਂ। ਤੂੰ ਵੀ ਬਚ ਜਾਏਂਗਾ ਤੇ ਅਸੀਂ ਵੀ ਕਿਸੇ ਖਤਰੇ ਵਿਚ ਨਾ ਪਵਾਂਗੇ।

ਇਹ ਗੱਲ ਸੁਣ ਕੇ ਉਸ ਨੇ ਨਾਲ ਦੀ ਕੋਠੜੀ 'ਚੋਂ ਛਵ੍ਹੀਆਂ, ਗੰਡਾਸੇ, ਇਕ



Digitized by Panjab Digital Library | www.panjabdigilib.org

ਦੁਨਾਲੀ, ਦੋ ਪਸਤੌਲ ਤੇ ਬਰਛੀਆਂ ਲਿਆ ਕੇ ਸਾਡੇ ਸਾਮ੍ਹਣੇ ਢੇਰ ਲਗਾ ਦਿਤੇ ਬਰਛੀਆਂ ਤੇ ਗੰਡਾਸਿਆਂ ਦੇ ਫਲ ਅਸਾਂ ਝਟ ਪਟ ਛੱਪੜ ਦੇ ਡੂੰਘੇ ਥਾਂ ਸੁਟਵਾ ਦਿਤੇ।

ਡਾਂਗਾਂ ਸੇਵਾਦਾਰਾਂ ਦੇ ਹਥੀਂ ਫੜਾ ਦਿਤੀਆਂ। ਦੁਨਾਲੀ ਬੰਦੂਕ ਦਾ ਬੈਰਲ ਟੁਕੜੇ ਟੁਕੜੇ ਕਰਵਾ ਸੁਟਿਆ ਤੇ ਉਸ ਨੂੰ ਪਸਤੌਲਾਂ ਸਮੇਤ ਇਕ ਇਤਬਾਰੀ ਘੋੜਸਵਾਰ ਦੇ ਸਪੁਰਦ ਕਰ ਕੇ ਉਸ ਨੂੰ ਟਿਕਾਣੇ ਲਗਾ ਦੇਣ ਲਈ ਸਮਝਾ ਦਿਤਾ ਗਿਆ।

ਅਸੀਂ ਸਭ ਕੁਝ ਸੰਭਾਲ ਕੇ ਦਫ਼ਤਰ ਜਾ ਬੈਠੇ ਤੇ ਲਗੇ ਡਾਕ ਬੰਗਲੇ ਵਲ ਤੱਕਣ। ਪੰਜ ਚਾਰ ਮਿੰਟਾਂ ਤਕ ਡੀ. ਸੀ. ਤੇ ਐਸ. ਪੀ. (ਪਤਾ ਨਹੀਂ ਉਹ ਕਿਥੋਂ ਆ ਗਿਆ) ਇਨਸਪੈਕਟਰ ਸਾਹਿਬ, ਥਾਣੇਦਾਰ ਤੇ ਕਈ ਇਕ ਪੁਲਿਸ ਕਾਨਸਟੇਬਲ ਆਣ ਪਹੁੰਚੇ ਅਤੇ ਸਰਾਂ ਨੂੰ ਘੇਰਾ ਘੱਤ ਲਿਆ ਤੇ ਸਾਨੂੰ ਬੁਲਾ ਭੇਜਿਆ।

ਸਰਦਾਰ ਬਹਾਦਰ, ਮੈਂ ਤੇ ਸਰਦਾਰ ਬੂਟਾ ਸਿੰਘ ਉਨ੍ਹਾਂ ਪਾਸ ਪਹੁੰਚ ਗਏ। ਤਲਾਸ਼ੀ ਲਈ ਗਈ ਤੇ ਜਿਸ ਤਰ੍ਹਾਂ ਮੈਂ ਲੁਹਾਰ ਨੂੰ ਕਿਹਾ ਸੀ ਪੁਲਸ ਨੇ ਫ਼ਰਸ਼ ਤੇ ਛੱਤਾਂ ਪੁੱਟ ਪੁੱਟ ਗਾਹ ਮਾਰੇ। ਲਕ ਲਕ ਥਾਂ ਪੁਟਵਾ ਸੁਟੀ, ਪਰ ਲੱਭਾ ਕੁਝ ਵੀ ਨਾ। ਪੁਲਿਸ ਨੇ ਫ਼ਰਦ ਤਿਆਰ ਕੀਤੀ ਤੇ ਚਲੀ ਗਈ।

ਅਸਾਂ ਸੁਖ਼ ਦਾ ਸਾਹ ਲਿਆ ਤੇ ਲੁਹਾਰ ਨੂੰ ਬੋਰੀਆਂ ਬਿਸਤਰਾ ਗੋਲ ਕਰਨ ਦਾ ਹੁਕਮ ਕਰ ਦਿਤਾ ਤੇ ਫ਼ਰਸ਼ ਤੇ ਛੱਤ ਦੀ ਮੁਰੰਮਤ ਕਰਨ ਲਈ ਆਦਮੀ ਲਗਾ ਦਿਤੇ ਜੋ ਰਾਤ ਪੈਣ ਤੋਂ ਪਹਿਲਾਂ ਪਹਿਲਾਂ ਸਭ ਠੀਕ ਠਾਕ ਹੋ ਗਏ।

ਇਹ ਡੀ. ਸੀ. ਮੁਸਲਮਾਨ ਸੀ, ਪਰ ਹੈ ਸੀ ਸਾਡੇ ਜ਼ਿਲੇ ਦਾ ਰਹਿਣ ਵਾਲਾ ਤੇ ਸਰਦਾਰ ਬਹਾਦਰ ਦਾ ਜਿਗਰੀ ਦੋਸਤ। ਮੁਸਲਮਾਨ ਵੀ ਸਾਰੇ ਮਾੜੇ ਨਹੀਂ ਹੁੰਦੇ। ਦੋਸਤੀ ਦਾ ਅੰਗ ਖ਼ੂਬ ਪਾਲਦੇ ਹਨ। ਮੇਰੇ ਆਪਣੇ ਵੀ ਬਥੇਰੇ ਮੁਸਲਮਾਨ ਮਿੱਤਰ ਹਨ ਜੋ ਮੇਰੀ ਇੱਜ਼ਤ ਦੀ ਖ਼ਾਤਰ ਤੇ ਮੈਂ ਉਨ੍ਹਾਂ ਦੀ ਆਬਰੂ ਦੀ ਖ਼ਾਤਰ ਕੀ ਕੁਝ ਕਰਨ ਨੂੰ ਤਿਆਰ ਨਹਾਂ।

ਸਰਦਾਰ ਬਹਾਦਰ ਪਾਸੋਂ ਮੇਰੇ ਵੀਰ ਸਰਦਾਰ ਰਾਜ ਸਿੰਘ ਦਾ ਨਾਮ ਸੁਣ ਕੇ ਕਹਿਣ ਲਗਾ, "ਦੋਸਤਾ ! ਕੋਈ ਦੋ ਚਾਰ ਕਾਰਨਾਮੇ ਤਾਂ ਆਪਣੇ ਭਰਾ ਦੇ ਚਾ



Digitized by Panjab Digital Library | www.panjabdigilib.org

ਸੁਣਾ ! ਮੈਂ ਸੁਣਿਆ ਹੈ ਬੜਾ ਨਿਡਰ, ਬਹਾਦਰ ਤੇ ਨਰ ਆਦਮੀ ਹੈ।

ਮੈਂ ਕਿਹਾ ਜੀ ਹੁਣ ਤਾਂ ਵਿਹਲ ਨਹੀਂ। ਕਦੇ ਸ਼ੇਖ਼ੂਪੁਰੇ ਆ ਜਾਵਾਂਗਾ ਤਾਂ ਮੈਂ ਤੁਹਾਨੂੰ ਆਰਾਮ ਨਾਲ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਾਵਾਂਗਾ ਤੇ ਮੈਂ ਵੀ ਦੋ ਦਿਨ ਰੈੱਸਟ (ਆਰਾਮ) ਕਰ ਲਵਾਂਗਾ।

ਜੋ ਜੋ ਗੱਲਾਂ ਮੈਂ ਡੀ. ਸੀ. ਨੂੰ ਸ਼ੇਖ਼ੂਪੁਰੇ ਉਨ੍ਹਾਂ ਦੀ ਕੋਠੀ ਠਹਿਰ ਕੇ ਸੁਣਾਈਆਂ ਏਸੇ ਕਿਤਾਬ ਵਿਚ ਕਿਸੇ ਦੂਸਰੇ ਥਾਂ ਦਰਜ ਕਰ ਦਿਤੀਆਂ ਹਨ। ਇਹ ਡੀ. ਸੀ. ਸਾਹਿਬ ਥੋੜਾ ਚਿਰ ਮਗਰੋਂ ਬਦਲ ਗਏ । ਉਨ੍ਹਾਂ ਦੀ ਥਾਂ ਇਕ ਅੰਗਰੇਜ਼ ਡੀ. ਸੀ. ਆਣ ਲਗਾ। ਉਨ੍ਹਾਂ ਮੈਨੂੰ ਰਜਿਸਟਰਡ ਨੋਟਿਸ ਚੁਕ ਭੇਜਿਆ ਕਿ ਜੇ ਤੂੰ ਮਾਮਲੇ ਦਾ ਵਸੂਲ ਕੀਤਾ ਹੋਇਆ ਰੁਪਿਆ ਸਰਕਾਰੀ ਖ਼ਜ਼ਾਨੇ ਵਿਚ ਜਲਦੀ ਜਮ੍ਹਾਂ ਨਾ ਕਰਵਾ ਦਿਤਾ ਤਾਂ ਤੇਰੇ ਬਰਖ਼ਿਲਾਫ਼ ਅਮਾਨਤ ਖ਼ਿਆਨਤ ਦਾ ਫ਼ੌਜਦਾਰੀ ਮੁਕੱਦਮਾ ਚਲਾਇਆ ਜਾਵੇਗਾ। ਇਹ ਕਿੱਸਾ ਇਉਂ ਹੈ:



Digitized by Panjab Digital Library | www.panjabdigilib.org

# ਗੁਰਦੁਆਰੇ ਦੀ ਜਾਗੀਰ

ਗੁਰਦੁਆਰਾ 'ਜਨਮ ਅਸਥਾਨ' ਦੇ ਨਾਮ ਕੁਝ ਸਰਕਾਰੀ ਜਾਗੀਰ ਚਲੀ ਆ ਰਹੀ ਸੀ। ਇਹ ਮਹਾਰਾਜਾ ਰਣਜੀਤ ਸਿੰਘ ਨੇ ਲਗਵਾਈ ਸੀ ਜੋ ਅੰਗਰੇਜ਼ ਨੇ ਵੀ ਜਾਰੀ ਰੱਖੀ। ਜਦੋਂ ਤੀਕ ਮਹੰਤ ਦੀ ਮਹੰਤੀ ਕਾਇਮ ਸੀ ਬਰਾਬਰ ਮਿਲਦੀ ਰਹੀ। ਮਹੰਤ ਨਰੈਣ ਦਾਸ ਜਨਮ ਅਸਥਾਨ ਦੀ ਆਬਾਦੀ ਦਾ ਨੰਬਰਦਾਰ ਵੀ ਸੀ। ਉਹ ਬਾਕੀ ਨੰਬਰਦਾਰਾਂ ਵਾਂਗ ਹੀ ਸਰਕਾਰੀ ਮਾਮਲਾ ਉਗਰਾਹਿਆ ਤੇ ਖ਼ਜ਼ਾਨੇ ਜਮ੍ਹਾਂ ਕਰਵਾਇਆ ਕਰਦਾ ਸੀ।

ਜਦੋਂ ਮਹੰਤ ਗ੍ਰਿਫ਼ਤਾਰ ਹੋ ਗਿਆ ਤੇ ਸਰਕਾਰ ਨੇ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ, ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਉਸ ਦੇ ਹਵਾਲੇ ਕਰ ਦਿਤਾ ਤਾਂ ਨੰਬਰਦਾਰ ਕੋਈ ਨਾ ਰਿਹਾ। ਕੁਝ ਚਿਰ ਮਗਰੋਂ ਡੀ. ਸੀ. ਨੇ ਮੈਨੂੰ ਮੈਨੇਜਰ ਦੀ ਹੈਸੀਅਤ ਵਿਚ ਨੰਬਰਦਾਰ ਨਿਯੁਕਤ ਕਰ ਦਿਤਾ। ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੇ ਬਥੇਰਾ ਯਤਨ ਕੀਤਾ ਕਿ ਸਰਕਾਰ 'ਜਾਗੀਰ' ਦੀ ਰਕਮ ਸਾਨੂੰ ਦੇ ਦਿਆ ਕਰੇ, ਪਰ ਕੋਈ ਸਫਲਤਾ ਨਾ ਹੋਈ।

ਪਟਵਾਰੀ ਨਾਲ ਮੇਰੀ ਚੰਗੀ ਬਣੀ ਹੋਈ ਸੀ। ਉਸ ਪਾਸੋਂ ਮੈਂ ਢਾਲ ਬਾਛ ਵਿਚ ਦਰਜ ਕਰਵਾ ਲਿਆ ਕਿ ਕੁਲ ਮਾਮਲਾ ਕਿੰਨਾ ਹੈ, ਤੇ ਕਿਤਨੀ ਰਕਮ ਜਾਗੀਰ ਦੀ ਕਢ ਕੇ, ਬਾਕੀ ਕਿੰਨੀ ਰਕਮ ਸਰਕਾਰੇ ਜਮ੍ਹਾਂ ਕਰਾਉਣੀ ਹੈ ?

ਇਸ ਗੱਲ ਦਾ ਉਪਰਲੇ ਅਫ਼ਸਰਾਂ ਨੂੰ ਕੋਈ ਭੇਤ ਨਹੀਂ ਸੀ ਦਿਤਾ ਗਿਆ। ਮੈਂ ਮਾਮਲਾ ਉਗਰਾਹ ਕੇ, ਜਾਗੀਰ ਦੀ ਰਕਮ ਗੁਰਦੁਆਰੇ ਜਮ੍ਹਾਂ ਕਰਵਾ ਦਿਤੀ



Digitized by Panjab Digital Library | www.panjabdigilib.org

ਤੇ ਬਾਕੀ ਸਰਕਾਰੀ ਖ਼ਜ਼ਾਨੇ ਜਾ ਜਮ੍ਹਾਂ ਕਰਵਾਈ । ਡੀ. ਸੀ. ਕਹਿੰਦਾ ਸੀ ਕਿ ਜਾਗੀਰ ਦਾ ਫ਼ੈਸਲਾ ਗੁਰਦੁਆਰਾ ਕਮੇਟੀ ਦੇ ਹੱਕ ਵਿਚ ਅਜੇ ਨਹੀਂ ਹੋਇਆ। ਤੇਹ ਰਕਮ ਵੀ ਸਾਰੀ ਦੀ ਸਾਰੀ ਖ਼ਜ਼ਾਨੇ ਜਮ੍ਹਾਂ ਹੋਣੀ ਚਾਹੀਦੀ ਹੈ । ਜੋ ਰਕਮ ਨੰਬਰਦਾਰ ਦੀ ਹੈਸੀਅਤ ਵਿਚ ਵਸੂਲ ਕੀਤੀ ਗਈ ਹੈ ਉਹ ਨੰਬਰਦਾਰ ਦਾ ਫ਼ਰਜ਼ ਹੈ ਕਿ ਸਾਲਮ ਦੀ ਸਾਲਮ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾ ਦੇਵੇ ਜੇ ਨਹੀਂ ਕਰਵਾਂਦਾ ਤਾਂ ਉਸ ਉਪਰ "Criminal misappropriation by Govt. Servent" (ਸਰਕਾਰੀ ਮੁਲਾਜ਼ਮ ਵਲੋਂ ਅਮਾਨਤ ਦੀ ਰਕਮ ਖ਼ੁਰਦ ਬੁਰਦ ਕਰ ਜਾਣ) ਦੇ ਸੰਗੀਨ ਜੁਰਮ ਵਿਚ ਮੁਕੱਦਮਾ ਚਲਾਇਆ ਜਾਵੇ।

ਨਾਲ ਹੀ ਮੈਨੂੰ ਧਮਕੀ ਦਿਤੀ ਕਿ "ਤੈਨੂੰ ਇਸ ਜੁਰਮ ਦੀ ਸਜ਼ਾ ਦਾ ਵੀ ਇਲਮ ਹੀ ਹੋਵੇਗਾ ।" ਮੈਂ ਕਿਹਾ ਸਰਕਾਰੀ ਰੁਪਿਆ ਮੈਂ ਜਮ੍ਹਾਂ ਕਰਵਾ ਦਿਤਾ ਹੈ । ਜਾਗੀਰ ਗੁਰਦੁਆਰੇ ਦਾ ਹੱਕ ਹੈ । ਗੁਰਦੁਆਰੇ ਉਪਰ ਗੁ: ਪ੍ਰ: ਕਮੇਟੀ ਕਾਬਜ਼ ਹੈ । ਜਿਸ ਨੂੰ ਗੁਰਦੁਆਰੇ ਦਾ ਕਬਜ਼ਾ ਸਰਕਾਰ ਨੇ ਆਪ ਦਿਤਾ ਹੈ ।

ਜਾਗੀਰ ਗੁਰਦੁਆਰੇ ਦੇ ਨਾਮ ਹੈ ਕਿਸੇ ਜ਼ਾਤੀ ਨਾਮ ਉਪਰ ਨਹੀਂ । ਮੈਂ ਗੁਰਦੁਆਰੇ ਦਾ ਮੈਨੇਜਰ ਹਾਂ ਤੇ ਸਰਕਾਰ ਦਾ ਨੰਬਰਦਾਰ ਵੀ ਹਾਂ । ਮੈਨੇਜਰ ਦੀ ਹੈਸੀਅਤ ਵਿਚ ਗੁਰਦੁਆਰੇ ਦੀ ਜਾਗੀਰ ਦਾ ਰੁਪਿਆ ਗੁਰਦੁਆਰੇ ਦੇ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਇਆ ਹੋਇਆ ਮੌਜੂਦ ਹੈ । ਕਿਸੇ ਨੇ misappropriation ਨਹੀਂ ਕੀਤਾ ਨਾ ਮੈਂ ਆਪਣੇ ਖਾਣ ਪੀਣ ਤੇ ਨਾ ਕਪੜੇ ਬਣਾਉਣ 'ਤੇ ਖ਼ਰਚ ਕੀਤਾ ਹੈ, ਨਾ ਬੈਂਕ ਵਿਚ ਆਪਣੇ ਖਾਤੇ ਜਮ੍ਹਾਂ ਕਰਵਾਇਆ ਹੈ ।

ਖ਼ੈਰ ਮੁਕਦੀ ਗੱਲ ਇਹ ਕਿ ਇਹ ਮਾਮਲਾ ਏਸ ਤਰ੍ਹਾਂ ਹੀ ਲਮਕਦਾ ਰਿਹਾ ਤੇ ਨਵੇਂ ਸਾਹਿਬ ਬਹਾਦਰ ਨੇ ਮੈਨੂੰ ਨੋਟਿਸ ਚੁਕ ਦਿਤਾ । ਥੋੜੇ ਹੀ ਦਿਨਾਂ ਮਗਰੋਂ ਇਕ ਕਾਨਫ਼ਰੰਸ ਸਰਕਾਰੀ ਕਰਮਚਾਰੀਆਂ ਤੇ ਅਕਾਲੀ ਆਗੂਆਂ ਦੇ ਦਰਮਿਆਨ ਹੋਮ ਸੈਕ੍ਰੇਟਰੀ ਦੇ ਦਫ਼ਤਰ ਲਾਹੌਰ ਵਿਚ ਹੋਣੀ ਨਿਯਤ ਹੋਈ । ਸਰਦਾਰ ਬਹਾਦਰ ਨੇ ਮੈਨੂੰ ਵੀ ਉਸ ਕਾਨਫ਼ਰੰਸ ਵਿਚ ਸ਼ਾਮਲ ਹੋਣ ਵਾਸਤੇ ਬੁਲਾ ਭੇਜਿਆ ।

ਮੈਂ ਸੋਚਿਆ ਕਿ ਮੌਕਿਆ ਤਾਂ ਚੰਗਾ ਮਿਲ ਗਿਆ ਹੈ ਕਿਉਂ ਨਾ ਜਾਗੀਰ



Digitized by Panjab Digital Library | www.panjabdigilib.org

ਦਾ ਫ਼ੈਸਲਾ ਹੁਣੇ ਕਰਵਾ ਲਿਆ ਜਾਵੇ । ਸੁ ਮੈਂ ਡੀ. ਸੀ. ਦਾ ਨੋਟਿਸ ਤੇ ਢਾਲ ਬਾਂਛ ਜੇਬ ਵਿਚ ਪਾ ਕੇ ਨਾਲ ਹੀ ਲਾਹੌਰ ਲੈ ਗਿਆ । ਮੇਰੇ ਗਾਤਰੇ ਵਿਚ ਕੇਵਲ ਡੇਢ ਫ਼ੁਟ ਲੰਮੀ ਕਿਰਪਾਨ ਲਟਕ ਰਹੀ ਸੀ । ਖੱਦਰ ਦੇ ਕਪੜੇ ਤੇ ਕਾਲਾ ਹੀ ਖੱਦਰ ਦਾ ਦਸਤਾਰਾ ਸਜ ਰਿਹਾ ਸੀ । ਜੋ ਮੇਰੀ ਰੋਜ਼ ਦੀ ਸਾਧਾਰਨ ਪੁਸ਼ਾਕ ਸੀ ।

ਮੈਂ ਵੀ ਸਰਦਾਰ ਬਹਾਦਰ ਨਾਲ ਜਾ ਕੇ ਕਾਨਫਰੰਸ ਵਿਚ ਸ਼ਾਮਲ ਹੋ ਗਿਆ । ਗੱਲ ਬਾਤ ਮੈਂ ਸੁਣਦਾ ਰਿਹਾ, ਪਰ ਮੂੰਹ ਮੇਰਾ ਵੱਟਿਆ ਹੀ ਰਿਹਾ ਤੇ ਮੱਥੇ ਤਿਊੜੀ ਤਣੀ ਰਹੀ । ਇਕ ਮੌਕਿਆ 'ਤੇ ਜਦ ਹੋਮ ਸੈਕ੍ਰੇਟਰੀ ਨੇ ਇਹ ਗੱਲ ਕਹੀ ਕਿ ਗਵਰਨਮੈਂਟ ਦੀ ਤੁਹਾਡੇ ਨਾਲ ਪੂਰੀ ਪੂਰੀ ਹਮਦਰਦੀ ਹੈ ਤੇ ਤੁਹਾਡੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਵਾਸਤੇ ਹਰ ਵੇਲੇ ਤਿਆਰ ਹੈ । ਤੁਸੀਂ ਵੀ ਆਪਣਾ ਵਤੀਰਾ ਬਦਲੋ ।

ਇਹ ਗੱਲ ਸੁਣ ਕੇ ਮੈਂ ਮੁਸਕਰਾ ਪਿਆ ਤੇ ਹੋਮ ਸੈਕ੍ਰੇਟਰੀ ਵਲ ਵੇਖ ਕੇ ਕਿਹਾ "that is better" ਤੇ ਸਰਦਾਰ ਬਹਾਦਰ ਪਾਸੋਂ ਪੁਛਣ ਲਗਾ "ਇਹ ਸਾਹਿਬ ਕੌਣ ਹਨ ? ਤੇ ਕਿਥੋਂ ਦੇ ਜੱਥੇਦਾਰ ਹਨ ? ਮੈਂ ਇਨ੍ਹਾਂ ਨੂੰ ਪਹਿਲਾਂ ਤੋਂ ਨਹੀਂ ਜਾਣਦਾ, ਪਰ ਵੇਖਦਾ ਜ਼ਰੂਰ ਰਿਹਾ ਹਾਂ, ਕਿ ਇਹ ਇਸ ਮੀਟਿੰਗ ਦੇ ਦੌਰਾਨ ਭਰੇ ਪੀਤੇ ਹੀ ਬੈਠੇ ਰਹੇ ਹਨ । ਹੁਣ ਪਤਾ ਨਹੀਂ ਕਿਹੜੀ ਗਲੋਂ ਇਨ੍ਹਾਂ ਨੂੰ ਹਾਸਾ ਆ ਗਿਆ ਹੈ ।

ਸਰਦਾਰ ਬਹਾਦਰ ਨੇ ਮੇਰੀ ਜਾਣ-ਪਛਾਣ ਕਰਵਾ ਦਿਤੀ ਤੇ ਮੈਂ ਹੋਮ ਸੈਕ੍ਰੇਟਰੀ ਨੂੰ ਫੇਰ ਰੜਕਾਇਆ ਕਿ "ਹਾਂ ਜੀ ! ਹਾਥੀ ਕੇ ਦਾਂਤ, ਖਾਣੇ ਕੇ ਔਰ, ਦਿਖਾਣੇ ਕੇ ਔਰ ।"

ਹੋਮ ਸੈਕ੍ਰੇਟਰੀ : ਕਿਆ ਮਤਲਬ ? ਸਰਦਾਰ ਸਾਹਿਬ !

ਮੈਂ : ਸਾਹਿਬ ਬਹਾਦਰ ! ਕਹਿਣ ਨੂੰ ਤਾਂ ਤੁਸੀਂ ਕਹਿੰਦੇ ਹੋ ਕਿ ਸਰਕਾਰ ਦੀ ਪੂਰੀ ਪੂਰੀ ਹਮਦਰਦੀ ਸਿੱਖਾਂ ਦੇ ਨਾਲ ਹੈ ਅਤੇ ਹਰ ਜਾਇਜ਼ ਮੰਗ ਪੂਰੀ ਕਰਨ ਨੂੰ ਤਿਆਰ ਹੈ, ਪਰ ਅਮਲ ਇਸ ਦੇ ਬਿਲਕੁਲ ਉਲਟ ।

ਹੋਮ ਸੈਕ੍ਰੇਟਰੀ : ਉਹ ਕਿਸ ਤਰ੍ਹਾਂ ?

ਉੱਤਰ ਵਿਚ ਜੋ ਮੇਰੇ ਮੂੰਹ ਵਿਚ ਆਇਆ । ਫ੍ਰੰਟੀਅਰ ਮੇਲ ਹੋ ਕੇ ਛੁੱਟ



Digitized by Panjab Digital Library | www.panjabdigilib.org

ਪਿਆ। ਮੇਰੀ ਤਕਰੀਰ ਦਾ ਸਾਰੰਸ਼ ਇਹ ਸੀ :

"ਗੁਰਦੁਆਰੇ ਦਾ ਦੁਰਾਚਾਰੀ ਮਹੰਤ, ਜੋ ਸ਼ਰਾਬ ਪੀਂਦਾ ਸੀ, ਸ਼ਰਾਬ ਘਰ ਵਿਚ ਕਸ਼ੀਦ ਕਰਾਉਣ ਦਾ ਜੁਰਮ ਵੀ ਗੱਜ ਵੱਜ ਕੇ ਕਰਦਾ ਸੀ। ਜੂਆ ਵੀ ਖੇਡਦਾ ਤੇ ਖਿਡਾਉਂਦਾ ਸੀ। ਗ਼ੈਰ ਵਿਆਹੁਤਾ ਮੁਸਲਮਾਨੀ ਮਰਾਸਣ ਘਰਾਨੇ ਤੌਰ ਘਰ ਵਿਚ ਰੱਖੀ ਹੋਈ ਸੀ। ਤੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਗੁਰ ਅਸਥਾਨ ਵਿਚ ਕੰਜਰੀ ਦਾ ਨਾਚ ਕਰਾਉਣ ਤੋਂ ਵੀ ਸ਼ਰਮ ਮਹਿਸੂਸ ਨਹੀਂ ਸੀ ਕਰਦਾ।

ਇਹੋ ਜਿਹੇ ਵਿਭਚਾਰੀ ਤੇ ਗੰਦੇ ਚਾਲ ਚਲਨ ਦੇ ਆਦਮੀ ਨੂੰ ਸਰਕਾਰ ਹੱਸ ਹੱਸ ਕੇ ਜਾਗੀਰਾਂ ਬਖ਼ਸ਼ਦੀ ਰਹੀ ਹੈ, ਪਰ ਜਦ ਮੈਂ ਉਹੋ ਜਾਗੀਰ ਦੀ ਰਕਮ ਗੁਰਦੁਆਰੇ ਦੇ ਖ਼ਜ਼ਾਨੇ ਜਮ੍ਹਾਂ ਕਰਵਾ ਦਿਤੀ ਹੈ ਤਾਂ ਮੈਨੂੰ ਫ਼ੌਜਦਾਰੀ ਮੁਕੱਦਮੇ ਵਿਚ ਫਸਾਉਣ ਦੀਆਂ ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਮੈਂ ਕੋਈ ਰਕਮ ਖਾ ਨਹੀਂ ਗਿਆ।

ਨਾਲ ਹੀ ਮੈਂ ਜੇਬ ਵਿਚੋਂ ਡੀ. ਸੀ. ਵਲੋਂ ਆਇਆ ਨੋਟਿਸ ਹੋਮ ਸੈਕ੍ਰੇਟਰੀ ਦੇ ਹੱਥ ਫੜਾ ਦਿਤਾ ਤੇ ਆਖਿਆ। "ਇਹ ਹੈ ਸਬੂਤ ਗਵਰਨਮੈਂਟ ਦੀ ਅਮਲੀ ਹਮਦਰਦੀ ਦਾ।" ਤੇ ਨਾਲ ਹੀ ਮੈਂ ਪਟਵਾਰੀ ਦੀ ਢਾਲ ਬਾਂਛ ਵੀ ਮੇਜ਼ ਉਪਰ ਟਿਕਾ ਦਿਤੀ। ਜਿਸ ਦੇ ਆਧਾਰ 'ਤੇ ਮੈਂ ਨੰਬਰਦਾਰ ਹੁੰਦਿਆਂ ਹੋਇਆਂ ਮਾਮਲਾ ਉਗ੍ਰਾਹਿਆ ਤੇ ਜਾਗੀਰ ਦਾ ਰੁਪਿਆ ਗੁਰਦੁਆਰੇ ਦੇ ਖ਼ਜ਼ਾਨੇ ਦੇ ਦਿਤਾ।

ਮੈਨੂੰ ਪਤਾ ਲੱਗਾ ਹੈ ਕਿ ਮਹੰਤ ਨੂੰ ਵੀ ਏਸੇ ਹੀ ਨਮੂਨੇ ਦੀ ਢਾਲ ਬਾਂਛ ਦਿਤੀ ਜਾਇਆ ਕਰਦੀ ਸੀ ਜਦ ਉਹ ਜਨਮ ਅਸਥਾਨ ਗਰਦੁਆਰੇ ਦੀ ਆਬਾਦੀ ਦਾ ਨੰਬਰਦਾਰ ਹੋਇਆ ਕਰਦਾ ਸੀ।

ਹੋਮ ਸੈਕ੍ਰੇਟਰੀ ਨੇ ਦੋਵੇਂ ਕਾਗ਼ਜ਼ ਮੇਜ਼ ਉਪਰ ਰੱਖ ਕੇ, ਪੇਪਰ ਵ੍ਹੇਟ ਦੇ ਹੇਠ ਦਬਾ ਦਿਤੇ। ਫੇਰ ਮੇਜ਼ 'ਤੇ ਲਗੀ ਘੰਟੀ (Call bell) ਦਾ ਬਟਨ ਦਬਾਇਆ। ਜਿਸ ਨੂੰ ਸੁਣ ਕੇ ਇਕ ਚਪੜਾਸੀ ਫ਼ੁਰਤੀ ਨਾਲ ਅੰਦਰ ਆ ਗਿਆ।

ਹੋਮ ਸੈਕ੍ਰੇਟਰੀ ਸਾਹਿਬ ਨੇ ਉਸ ਨੂੰ ਕਿਹਾ, "ਬਾਬੂ ਕੋ ਬੋਲੋ ਹਮ ਡੀ. ਸੀ. ਜ਼ਿਲਾ ਸ਼ੇਖ਼ੂਪੁਰਾ ਸੇ ਟੈਲੀਫ਼ੋਨ ਪਰ ਬਾਤ ਕਰਨਾ ਮਾਂਗਤਾ ਹੈ।" ਚਪੜਾਸੀ "ਬਹੁਤ ਹੱਛਾ ਸਾਹਿਬ" ਆਖ ਕੇ ਚਲਾ ਗਿਆ ਤੇ ਫੇਰ ਹੋਮ ਸਕੱਤਰ ਨੇ ਮੇਰੀ ਵਲ



Digitized by Panjab Digital Library | www.panjabdigilib.org

ਧਿਆਨ ਕਰ ਕੇ ਕਿਹਾ :

"ਸਰਦਾਰ ਸਾਹਿਬ ਘਬਰਾਓ ਨਹੀਂ ! ਕੋਈ ਮੁਕੱਦਮਾ ਨਹੀਂ ਚੱਲੇਗਾ !!"

ਮੈਂ : ਜੇ ਮੁਕੱਦਮਾ ਚਲਾਓ ਤਾਂ ਬੜੀ ਹੀ ਚੰਗੀ ਗੱਲ ਹੈ । ਮੈਂ ਵੀ ਕੁਝ ਸਮਾਂ ਰੱਬ ਦੀ ਯਾਦ ਵਿਚ ਮਾਲਾ ਫੇਰ ਲਵਾਂ ਤੇ ਆਰਾਮ ਦੇ ਦੋ ਦਿਨ ਕੱਟ ਸਕਾਂ ।

ਏਹ ਗੱਲ ਸੁਣ ਕੇ ਉਹ ਖਿੜ ਖਿੜਾ ਕੇ ਹੱਸਣ ਲੱਗ ਪਿਆ ।

ਮੈਂ ਢਾਲ ਬਾਂਛ ਦਾ ਕਾਗ਼ਜ਼ ਵਾਪਸ ਮੰਗ ਲਿਆ । ਜੋ ਮੈਨੂੰ ਮਿਲ ਗਿਆ। ਪਰ ਉਸ ਨੇ ਆਪਣੇ ਹੀ ਅਮਲੇ ਦੇ ਇਕ ਆਦਮੀ ਪਾਸੋਂ ਢਾਲ-ਬਾਂਛ ਦੀ ਨਕਲ ਕਰਵਾ ਕੇ ਆਪਣੇ ਪਾਸ ਰੱਖ ਲਈ । ਫੇਰ ਸੁਲ੍ਹਾ ਸਫਾਈ ਦੀ ਗੱਲ ਬਾਤ ਹੁੰਦੀ ਰਹੀ । ਅਤੇ ਦੋਵੇਂ ਧਿਰਾਂ ਗੱਲ ਬਾਤ ਦੇ ਨੋਟ ਲੈਂਦੀਆਂ ਰਹੀਆਂ । ਉਸ ਦਿਨ ਦੇ ਮਗਰੋਂ ਮੈਨੂੰ ਕਿਸੇ ਨੇ ਕਦੀ ਨਹੀਂ ਛੇੜਿਆ । ਨਾ ਹੀ ਕੋਈ ਮੁਕੱਦਮਾ ਚਲਿਆ ਨਾ ਮੈਂ ਫੇਰ ਕਦੀ ਕਿਸੇ ਇਹੋ ਜਿਹੀ ਕਾਨਫ਼ਰੰਸ ਵਿਚ ਹੀ ਸ਼ਾਮਲ ਹੋਇਆ ।



Digitized by Panjab Digital Library | www.panjabdigilib.org

# ਖਹਿ ਖਹਿ ਮਰਨਾ

ਸਿੱਖਾਂ ਵਿਚ ਇਕ ਵੱਡਾ ਭਾਰੀ ਨੁਕਸ ਇਹ ਹੈ ਕਿ ਜਦੋਂ ਸਾਡੇ ਸਾਹਮਣੇ ਕੋਈ ਦੁਸ਼ਮਣ ਲੜਨ ਵਾਲਾ ਨਾ ਹੋਵੇ ਤਾਂ ਅਸੀਂ ਆਪੋ ਵਿਚ ਹੀ ਲੜਨ ਲਗ ਪੈਂਦੇ ਹਾਂ। "ਜਾਤ ਗੋਤ ਸਿੰਘਨ ਕੋ ਦੰਗਾ, ਦੰਗਾ ਹੀ ਇਨ ਗੁਰ ਤੇ ਮੰਗਾ" ਰਵਾਇਤ ਅਨੁਸਾਰ ਸਾਨੂੰ ਇਹੋ ਹੀ ਗੱਲ ਨਨਕਾਣੇ ਸਾਹਿਬ ਆਣ ਵਾਪਰੀ। ਜਿਹੜੇ ਅਕਾਲੀ ਜਥੇ ਸੇਵਾ ਹਿਤ ਨਨਕਾਣਾ ਸਾਹਿਬ ਠਹਿਰੇ ਹੋਏ ਸਨ ਉਨ੍ਹਾਂ ਨੂੰ ਗੁ: ਪ੍ਰ: ਕਮੇਟੀ ਦੇ ਹੁਕਮ ਅਨੁਸਾਰ ਚੰਗੇਰਾ ਰਾਸ਼ਨ ਦਿਤਾ ਜਾਂਦਾ ਸੀ।

ਮਿਸਾਲ ਦੇ ਤੌਰ 'ਤੇ ਹਰ ਇਕ ਅਕਾਲੀ ਜਥੇ, ਜਾਂ ਇਹੋ ਜਿਹੇ ਜਥਿਆਂ ਵਾਲਿਆਂ ਨੂੰ ਰੋਜ਼ਾਨਾ ਇਕ ਛਟਾਂਕ ਪੰਜਵਾਂ (ਘਿਉ) ਬਾਕੀ ਰਾਸ਼ਨ ਤੋਂ ਵੱਖਰਾ ਦਿਤਾ ਜਾਇਆ ਕਰਦਾ ਸੀ ਤੇ ਬਹੁਤ ਸਾਰੇ ਜਥੇ ਆਪੋ ਆਪਣਾ ਅੱਡ ਅੱਡ ਲੰਗਰ ਆਪਣੇ ਆਪਣੇ ਨਿਵਾਸ ਅਸਥਾਨ 'ਤੇ ਹੀ ਤਿਆਰ ਕਰ ਲਿਆ ਕਰਦੇ ਸਨ। ਹਰ ਇਕ ਜਥੇ ਨੇ ਮਕਾਨ ਤੇ ਕੋਠੜੀਆਂ ਵੀ ਇਕ ਦੂਜੇ ਦੀ ਰੀਸੇ ਵੱਖ ਵੱਖ ਮੱਲ ਰੱਖੇ ਸਨ।

ਪ੍ਰਬੰਧਕਾਂ ਨੂੰ ਉਸ ਵੇਲੇ ਵੱਡੀ ਭਾਰੀ ਔਕੜ ਮਹਿਸੂਸ ਹੋਣ ਲੱਗੀ ਜਦ ਹਰ ਇਕ ਅਕਾਲੀ, ਭਾਵੇਂ ਉਹ ਨਨਕਾਣਾ ਸਾਹਿਬ ਆਪਣੇ ਨਿੱਜੀ ਕੰਮ ਵਾਸਤੇ ਵੀ ਕਿਉਂ ਨਾ ਆਵੇ ਉਹ ਇਹੋ ਸਮਝ ਲੈਂਦਾ ਕਿ ਉਸ ਨੂੰ ਪੂਰਾ ਹੱਕ ਹੈ ਕਿ ਉਹ ਆਪਣੇ ਜ਼ਿਲ੍ਹੇ ਦੀ ਵੰਡ ਵਿਚ ਆਏ ਮਕਾਨ ਅੰਦਰ ਡੇਰਾ ਲਗਾ ਬਹੇ। ਤੇ ਉਸ ਨੂੰ ਵੀ ਚੰਗੇਰਾ ਲੰਗਰ (੧ ਛਟਾਂਕ ਪੰਜਵੇਂ ਵਾਲਾ) ਤਿਆਰ ਕੀਤਾ



Digitized by Panjab Digital Library | www.panjabdigilib.org

ਕਿਤਾਇਆ ਮਿਲੇ । ਗੁਰੂ ਕੇ ਲੰਗਰ ਦਾ ਪ੍ਰਸ਼ਾਦਾ ਉਨ੍ਹਾਂ ਨੇ ਛਕਣਾ ਪਸੰਦ ਹੀ ਨਾ ਕਰਨਾ ।

ਮੇਰੇ ਵਾਸਤੇ ਇਹ ਮੁਸ਼ਕਲ ਪੇਸ਼ ਆ ਗਈ ਕਿ ਵਖਰੇ ਵਖਰੇ ਜਥਿਆਂ ਦੇ ਅਕਾਲੀਆਂ ਨਾਲ ਵਖ ਵਖ ਸਲੂਕ ਕਿਵੇਂ ਕਰਾਂ ? ਇਨ੍ਹਾਂ ਸੱਜਣਾਂ ਨੇ ਮੇਰੇ ਖ਼ਿਲਾਫ਼ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਨਿਰਮੂਲ ਤੇ ਮਨ ਘੜਤ ਝੂਠੀਆਂ ਸੱਚੀਆਂ ਸ਼ਿਕਾਇਤਾਂ ਕਰਨੀਆਂ ਆਰੰਭ ਕਰ ਦਿਤੀਆਂ ।

ਮੈਂ ਸ਼ਾਇਦ ਇਨ੍ਹਾਂ ਸ਼ਕਾਇਤਾਂ ਦੀ ਏਡੀ ਪ੍ਰਵਾਹ ਵੀ ਨਾ ਕਰਦਾ, ਪਰ ਜਦ ਚੰਗੇ ਚੰਗੇ ਜਥੇਦਾਰਾਂ, ਜਿਨ੍ਹਾਂ ਦੀ ਪੰਥ ਅੰਦਰ ਚੰਗੀ ਮਾਣ ਵਡਿਆਈ ਤੇ ਇੱਜ਼ਤ ਬਣੀ ਆ ਰਹੀ ਸੀ, ਨੇ ਮੇਰੇ ਨਾਲ ਏਸ ਮਾਮਲੇ 'ਤੇ ਝਗੜਾ ਕਰਨਾ ਸ਼ੁਰੂ ਕਰ ਦਿਤਾ ਤਾਂ ਮੈਂ ਬੜਾ ਬੇ-ਦਿਲਾ ਜਿਹਾ ਹੋ ਗਿਆ । ਮੈਂ ਉਨ੍ਹਾਂ ਨੂੰ ਸਮਝਾਉਣ ਦਾ ਸਿਰੋਂ ਪਰੇ ਯਤਨ ਕੀਤਾ, ਕਿ ਜੇ ਉਹ ਮੇਰੀ ਥਾਂ ਹੋਣ ਤਾਂ ਉਹ ਵੀ ਇਹੋ ਕੁਝ ਹੀ ਕਰਨ ਜੋ ਮੈਂ ਕਰ ਰਿਹਾ ਸੀ ।

ਮੇਰੀ ਨਜ਼ਰ ਵਿਚ ਗੁਰਦੁਆਰੇ ਆਉਣ ਵਾਲਾ. ਹਰ ਇਕ ਯਾਤਰੂ, ਇਕ ਬਰਾਬਰ ਸੀ । ਵੱਡੇ ਛੋਟੇ, ਗ਼ਰੀਬ ਅਮੀਰ ਵਾਸਤੇ ਗੁਰੂ ਕਾ ਲੰਗਰ ਮੌਜੂਦ ਸੀ । ਮੈਂ ਕਿਸੇ ਨਾਲ ਉਚੇਚੇ ਸਲੂਕ ਵਾਸਤੇ ਤਿਆਰ ਨਹੀਂ ਸੀ ।

ਮੈਂ ਮਿਸਾਲ ਦੇ ਤੌਰ 'ਤੇ ਕਹਿ ਦਿਆ ਕਰਦਾ ਸੀ ਕਿ ਗੁਰੂ ਅਮਰ ਦਾਸ ਜੀ ਦੇ ਸਮੇਂ ਅਕਬਰ ਬਾਦਸ਼ਾਹ ਵਾਸਤੇ ਵੀ ਕੋਈ ਉਚੇਚ ਨਹੀਂ ਕੀਤਾ ਗਿਆ ਸੀ । ਉਸ ਨੂੰ ਵੀ ਉਸੇ ਹੀ ਲੰਗਰ ਦਾ ਪ੍ਰਸ਼ਾਦਾ ਛਕਣ ਲਈ ਕਿਹਾ ਗਿਆ ਜਿਸ ਵਿਚ ਇਕ, ਰੰਬਾ ਫੜ ਕੇ ਘਾਹ ਖੋਤ੍ਰਨ ਵਾਲਾ ਛੱਕ ਰਿਹਾ ਸੀ । ਪਰ ਉਨ੍ਹਾਂ ਦੇ ਸਾਹਮਣੇ ਮੇਰੀ ਕਿਸੇ ਵੀ ਦਲੀਲ ਦੀ ਦਾਲ ਨਾ ਗਲ ਸਕੀ ।

ਉਹ ਇਕੋ ਹੀ ਗੱਲ ਕਹੀ ਜਾਂਦੇ ਸਨ ਕਿ ਤੁਹਾਡੇ ਨਾਲੋਂ ਤਾਂ ਮਹੰਤ ਹੀ ਸਾਡੇ ਨਾਲ ਚੰਗਾ ਸਲੂਕ ਕਰਿਆ ਕਰਦਾ ਸੀ । ਜਿਹੋ ਜਿਹਾ ਕੋਈ ਯਾਤਰੂ ਆਉਂਦਾ ਸੀ ਉਸ ਨਾਲ ਉਸ ਦੀ ਹੈਸੀਅਤ ਤੇ ਸ਼ਖਸੀਅਤ ਦੇ ਮੁਤਾਬਕ ਸਲੂਕ ਕਰਿਆ ਕਰਦਾ ਸੀ ।

ਇਹ ਮਾਮਲਾ ਵਧਦਾ ਗਿਆ । ਤੇ ਸ਼ਕਾਇਤਾਂ ਦੀ ਇਕ ਖ਼ਾਸੀ ਮਿਸਲ ਤਿਆਰ ਹੋ ਗਈ । ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਦਰਬਾਰ ਸਾਹਿਬ



Digitized by Panjab Digital Library | www.panjabdigilib.org

ਅੰਮ੍ਰਿਤਸਰ ਦੀਆਂ ਚਾਬੀਆਂ ਦੇ ਮੋਰਚੇ ਵਿਚ ਪੰਥਦੇ ਚੋਟੀ ਦੇ ਆਗੂ ਸਰਕਾਰ ਨੇ ਕੈਮਲਪੁਰ ਜੇਲ ਵਿਚ ਡਕ ਰੱਖੇ ਸਨ ।

ਇਕ ਦਿਨ ਇਜੇਹਾ ਇਤਫ਼ਾਕ ਹੋਇਆ, ਕਿ ਜਦੋਂ ਮੈਂ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਦਫ਼ਤਰ ਸ੍ਰੀ ਅੰਮ੍ਰਿਤਸਰ ਪੁੱਜਾ ਤਾਂ ਜ਼ਿਲਾ ਸ਼ੇਖ਼ੂਪੁਰ ਦੇ ਇਕ ਸਿਰ-ਕਰਦਾ ਜਥੇਦਾਰ ਤੇ ਸਰਦਾਰ ਅਮਰ ਸਿੰਘ ਝਬਾਲ ਦੀ ਏਸੇ ਮਾਮਲੇ ਉਪਰ ਗਰਮ ਗਰਮ ਬਹਿਸ ਛਿੜੀ ਹੋਈ ਸੀ ।

ਸਰਦਾਰ ਅਮਰ ਸਿੰਘ ਜੀ ਕਹਿ ਰਹੇ ਸਨ ਕਿ ਜਦੋਂ ਪੰਥ ਦੇ ਸਿਰਤਾਜ ਲੀਡਰ ਜੇਲਾਂ ਵਿਚੋਂ ਆਜ਼ਾਦ ਹੋ ਕੇ ਆ ਜਾਣਗੇ ਨਨਕਾਣਾ ਸਾਹਿਬ ਦੇ ਮੈਨੇਜਰ ਵਿਰੁਧ ਹੋ ਚੁੱਕੀਆਂ ਤੇ ਹੋ ਰਹੀਆਂ ਸ਼ਕਾਇਤਾਂ 'ਤੇ ਵਿਚਾਰ ਕਰ ਕੇ ਫ਼ੈਸਲਾ ਕੀਤਾ ਜਾਏਗਾ । ਹਾਲ ਦੀ ਘੜੀ ਏਸ ਮਾਮਲੇ ਨੂੰ ਰੁਕਿਆ ਹੀ ਰਹਿਣ ਦਿਓ ।

ਜਦ ਮੈਂ ਗੱਲਾਂ ਹੁੰਦੀਆਂ ਉਤੇ ਜਾ ਪਹੁੰਚਿਆ ਤਾਂ ਮੈਂ ਸਰਦਾਰ ਅਮਰ ਸਿੰਘ ਜੀ ਨੂੰ ਕਿਹਾ ਕਿ ਜਦੋਂ ਇਕ ਮੰਨਿਆ ਪ੍ਰਮੰਨਿਆ ਸੱਜਣ ਸ਼ਿਕਾਇਤ ਕਰਨ ਵਾਲੇ ਦੇ ਰੂਪ ਵਿਚ ਅਤੇ ਦੂਸਰਾ ਜਿਸ ਦੇ ਵਿਰੁਧ ਸ਼ਕਾਇਤ ਹੋ ਰਹੀ ਹੈ ਉਹ ਦੋਵੇਂ ਹੀ ਆਮ੍ਹੋ ਸਾਮ੍ਹਣੇ ਮੌਜੂਦ ਹਨ ਤਾਂ ਕਿਉਂ ਨਾ ਏਥੇ ਆਏ ਹੋਏ ਪਤਵੰਤੇ ਆਗੂਆਂ ਨੂੰ ਨਾਲ ਲੈ ਕੇ ਸ਼ਿਕਾਇਤਾਂ ਸੁਣ ਲਈਆਂ ਜਾਣ ਤੇ ਸੋਚ ਸਮਝ ਕੇ ਯੋਗ ਫ਼ੈਸਲਾ ਕਰਵਾ ਲਿਆ ਜਾਵੇ ।

ਮੇਰੀ ਗੱਲ ਮੰਨ ਲਈ ਗਈ । ਤੇ ਸ਼ਕਾਇਤ ਕਰਨ ਵਾਲੇ ਜਥੇਦਾਰ ਸਾਹਿਬ ਨੂੰ ਕਹਿ ਦਿਤਾ ਗਿਆ ਕਿ ਉਹ ਦੱਸਣ ਕਿ ਉਨ੍ਹਾਂ ਨੂੰ ਮੈਨੇਜਰ ਦੇ ਵਿਰੁਧ ਸ਼ਕਾਇਤ ਕੀ ਹੈ ? ਥੋੜਾ ਚਿਰ ਗੱਲ ਬਾਤ ਸੁਣਨ ਮਗਰੋਂ ਝਬਾਲੀਆ ਸਰਦਾਰ ਤਾਂ ਸ਼ਕਾਇਤ ਕਰਨ ਵਾਲੇ ਅਕਾਲੀ ਜਥੇਦਾਰ ਦੇ ਗਲ ਟੁੱਟ ਕੇ ਪੈ ਗਿਆ । ਕਿ ਇਹ ਸ਼ਕਾਇਤ ਤਾਂ ਬਿਲਕੁਲ ਫ਼ਜ਼ੂਲ ਹੈ । ਜੇ ਗੁਰਦੁਆਰਿਆਂ ਵਿਚ ਵੱਖਰੇ ਵੱਖਰੇ ਲੰਗਰ ਚੱਲਣ ਲਗ ਪਏ ਤੇ ਗੁਰਦੁਆਰਿਆਂ ਨੂੰ ਅਕਾਲੀਆਂ ਦੇ ਘੋੜਿਆਂ ਦੇ ਅਸਤਬਲ ਬਣਾ ਲੈਣਾ ਹੈ ਤਾਂ ਤੇ ਕਲ੍ਹ ਨੂੰ ਅਸੀਂ ਵੀ ਮੰਗ ਕਰਾਂਗੇ ਕਿ ਸ੍ਰੀ ਦਰਬਾਰ ਸਾਹਿਬ ਦੇ ਨਾਲ ਸਾਡੇ ਘੋੜਿਆਂ ਵਾਸਤੇ ਵੀ ਜਗ੍ਹਾ ਬਣਾਈ ਜਾਵੇ । ਤੇ ਸਾਡਾ ਲੰਗਰ ਵੀ ਵਖਰਾ ਚਾਲੂ ਕੀਤਾ ਜਾਵੇ ਸਾਨੂੰ ਵੀ ਰੋਜ਼ਾਨਾ ਫ਼ੀ ਆਦਮੀ ਇਕ ਛਟਾਂਕ ਘਿਉ ਮਿਲਿਆ ਕਰੇ ।



Digitized by Panjab Digital Library | www.panjabdigilib.org

ਏਸ ਜ਼ਿਲੇ ਦੇ ਵੀ ਹਜ਼ਾਰਾਂ ਅਕਾਲੀ ਸਿੰਘ ਰੋਜ਼ਾਨਾ ਅੰਮ੍ਰਿਤਸਰ ਦੇ ਚੱਕਰ ਕੱਢਦੇ ਰਹਿੰਦੇ ਹਨ। ਤੇ ਫੇਰ ਤਾਂ ਹੋਰ ਵੀ ਵਧੇਰੇ ਆਉਣ ਲਗ ਪੈਣਗੇ ਜਦ ਉਨ੍ਹਾਂ ਨੂੰ ਪਤਾ ਲਗੇਗਾ ਕਿ ਉਨ੍ਹਾਂ ਦੇ ਘੋੜਿਆਂ ਨੂੰ ਅਗੋਂ ਆ ਕੇ ਫੜਨ ਵਾਲੇ ਤੇ ਘਾਹ ਪੱਠਾ ਪਾਉਣ ਵਾਲੇ ਮੁਫਤ ਦੇ ਸੇਵਾਦਾਰ ਮੌਜੂਦ ਹਨ ਤੇ ਉਨ੍ਹਾਂ ਨੂੰ ਵੀ ਚੰਗਾ ਚੋਖਾ ਉਚੇਚਾ ਰਾਸ਼ਨ ਮਿਲਿਆ ਕਰੇਗਾ। ਉਨ੍ਹਾਂ ਨੇ ਫੇਰ ਭਲਾ ਵਾਪਸ ਪਿੰਡਾਂ ਨੂੰ ਕੀ ਲੈਣ ਜਾਣਾ ਹੈ ? ਉਹ ਤਾਂ ਏਥੇ ਹੀ ਪੱਕੇ ਡੇਰੇ ਗੱਡ ਕੇ ਸਣ-ਟੱਬਰੇ ਧਰਨੇ ਮਾਰ ਬਹਿਣਗੇ।

ਏਸ ਸਬ ਕਮੇਟੀ ਨੇ ਸਰਬ ਸੰਮਤੀ ਨਾਲ ਫ਼ੈਸਲਾ ਦਿਤਾ ਕਿ ਮੈਨੇਜਰ ਨਨਕਾਣਾ ਸਾਹਿਬ ਬਿਲਕੁਲ ਨਿਰਦੋਸ਼ ਹੈ। ਜਿਹੜੀ ਉਸ ਦੇ ਵਿਰੁਧ ਇਹ ਸ਼ਿਕਾਇਤ ਹੈ ਕਿ ਉਹ ਬੜੀ ਸਖ਼ਤੀ ਵਰਤਦਾ ਹੈ ਤੇ ਭਲੇਮਾਣਸਾਂ ਦੀ ਇੱਜ਼ਤ ਨੂੰ ਹੱਥ ਪਾਉਂਦਾ ਹੈ। ਉਸੇ ਦੇ ਬਾਰੇ ਵੀ ਉਨ੍ਹਾਂ ਨੇ ਮੇਰਾ ਬਿਆਨ ਸੁਣਨ ਮਗਰੋਂ ਇਹ ਫ਼ੈਸਲਾ ਦਿਤਾ ਕਿ ਉਨ੍ਹਾਂ ਦੀ ਰਾਇ ਵਿਚ ਮੈਨੇਜਰ ਨੇ ਕਦੀ ਕਿਸੇ 'ਤੇ ਅਯੋਗ ਸਖ਼ਤੀ ਨਹੀਂ ਵਰਤੀ ਤੇ ਕਦੇ ਕਿਸੇ ਭਲੇ ਲੋਕ ਦੀ ਇੱਜ਼ਤ ਨੂੰ ਹੱਥ ਨਹੀਂ ਪਾਇਆ।

ਫ਼ੈਸਲੇ ਤਾਂ ਮੇਰੇ ਹੱਕ ਵਿਚ ਕੀਤੇ ਗਏ, ਪਰ ਫੇਰ ਵੀ ਮੈਂ ਹੱਥ ਜੋੜ ਦਿਤੇ ਤੇ ਕਿਹਾ ਕਿ ਮੈਨੂੰ ਜਿਸ ਸੇਵਾ ਦੇ ਯੋਗ ਸਮਝੋ ਓਥੇ ਹੀ ਲਗਾ ਦਿਓ। ਤੇ ਸਭ ਤੋਂ ਚੰਗੀ ਗੱਲ ਤਾਂ ਇਹੋ ਹੈ ਕਿ ਮੈਨੂੰ ਛੁੱਟੀ ਹੀ ਬਖ਼ਸ਼ ਦਿਤੀ ਜਾਵੇ। ਪਰ ਮੇਰੀ ਕਿਸੇ ਨੇ ਕੋਈ ਨਾ ਮੰਨੀ 'ਤੇ ਹੁਕਮ ਹੋਇਆ ਕਿ ਫ਼ੌਰਨ ਨਨਕਾਣਾ ਸਾਹਿਬ ਵਾਪਸ ਜਾ ਕੇ ਉਥੋਂ ਦਾ ਪ੍ਰਬੰਧ ਕਰਨ ਤੇ ਹੀ ਡਟ ਕੇ ਲਗਾ ਰਵ੍ਹਾਂ।



Digitized by Panjab Digital Library | www.panjabdigilib.org

# ਮੈਨੇਜਰ ਨੱਸ ਗਿਆ

ਜਿਨ੍ਹੀਂ ਦਿਨੀਂ ਨਨਕਾਣਾ ਸਾਹਿਬ ਵਿਚ ਪਲੇਗ ਪੈ ਜਾਣ ਦੇ ਕਾਰਨ ਮੈਂ ਆਪਣੇ ਬਾਲ ਬੱਚੇ ਨੂੰ ਲੈ ਕੇ ਕੁਝ ਕੁ ਘਰ ਦੇ ਜ਼ਰੂਰੀ ਸਾਮਾਨ ਸਹਿਤ ਕੁਝ ਦਿਨਾਂ ਲਈ ਲਾਹੌਰ ਚਲੇ ਜਾਣ ਵ ਸਤੇ ਰੇਲ ਦੇ ਸਟੇਸ਼ਨ ਵਲ ਜਾ ਰਿਹਾ ਸੀ ਤਾਂ ਜਿਨ੍ਹਾਂ ਮੇਰੇ ਵਿਰੋਧੀ ਧੜੇ ਦੇ ਲੋਕਾਂ ਮੈਨੂੰ ਵੇਖਿਆ, ਉਨ੍ਹਾਂ ਸਾਰੇ ਸ਼ਹਿਰ ਵਿਚ ਹਵਾੜਾ ਉਡਾ ਦਿਤਾ ਕਿ ਆਮ ਅਕਾਲੀ ਸੇਵਾਦਾਰਾਂ ਵਾਂਗ ਮੈਨੇਜਰ ਨਸ ਗਿਆ ਹੈ। ਤਾਂ ਸਮਝਦਾਰ ਜਨਤਾ ਵਲੋਂ ਵਡੀ ਉਮਰ ਵਾਲਿਆਂ ਨੂੰ ਤਾਂ ਉੱਤਰ ਮਿਲਦਾ ਕਿ "ਫ਼ਿਕਰ ਨ ਕਰੋ ! ਤੁਹਾਡਾ ਜਵਾਈ ਫੇਰ ਮੁੜ ਛੇਤੀ ਹੀ ਵਾਪਸ ਆ ਜਾਏਗਾ ਤੇ ਛੋਟੀ ਉਮਰ ਵਾਲੇ ਗਭਰੂ ਲਾਣੇ ਨੂੰ ਕਹਿ ਦਿਤਾ ਜਾਂਦਾ ਕਿ "ਬਹੁਤਾ ਘਬਰਾਓ ਨਾ ਤੁਹਾਡਾ ਭਣਵਈਆ ਦੋ ਇਕ ਦਿਨਾਂ ਦੇ ਅੰਦਰ ਅੰਦਰ ਵਾਪਸ ਆਇਆ ਕਿ ਆਇਆ ਹੀ ਸਮਝੋ, ਕਿਤੇ ਕੰਮ ਹੀ ਗਿਆ ਹੋਵੇਗਾ।"

ਜਦ ਮੈਂ ਬਾਲ ਬੱਚੇ ਨੂੰ ਲਾਹੌਰ ਛਡ ਕੇ ਦੂਜੇ ਦਿਨ ਹੀ ਮੁੜ ਆਇਆ ਤਾਂ ਮੈਂ ਕਈਆਂ ਮਖ਼ੌਲੀਆਂ ਨੂੰ ਇਹ ਕਹਿੰਦਿਆਂ ਆਪਣੇ ਕੰਨੀਂ ਸੁਣਿਆ, "ਲਉ ! ਆ ਗਿਆ ਜੇ ਜਵਾਈ ਤੁਹਾਡਾ।"

ਮੈਂ ਇਹ ਸੁਣ ਕੇ ਉਨ੍ਹਾਂ ਨੂੰ ਝਿੜਕਿਆ ਤੇ ਕਿਹਾ ਕਿ ਮੈਨੂੰ ਕਿੰਨਿਆਂ ਕੁ ਦਾ ਜਵਾਈ ਬਣਾ ਦਿਓਗੇ ? ਚੰਗਾ ਤਾਂ ਇਹੋ ਹੀ ਹੁੰਦਾ ਜੇ ਤੁਸੀਂ ਇਨ੍ਹਾਂ ਭਲੇ ਲੋਕਾਂ ਨੂੰ ਏਨੀ ਹੀ ਗੱਲ ਸਮਝਾ ਦੇਂਦੇ ਕਿ "ਭਾਈ ! ਕਿਸੇ ਭੁਲੇਖੇ ਵਿਚ ਨਾ ਪਉ, ਇਹ ਮੈਨੇਜਰ ਭੱਜਣ ਵਾਲਾ ਨਹੀਂ। ਤੁਸੀਂ ਏਸ ਨੂੰ ਵਾਪਸ ਆਇਆ



Digitized by Panjab Digital Library | www.panjabdigilib.org

ਕਿ ਆਇਆ ਹੀ ਸਮਝੋ, ਕਿਸੇ ਕੰਮ ਵਾਸਤੇ ਗਿਆ ਹੋਵੇਗਾ।" ਇਤਿ ਆਦਿ।

ਮੈਨੂੰ ਏਨਾਂ ਵਧੇਰੇ ਕੰਮ ਰਹਿੰਦਾ ਸੀ ਕਿ ਇਕ ਮਿੰਟ ਲਈ ਸਿਰ ਖੁਰਕਣ ਦਾ ਵਿਹਲ ਵੀ ਨਹੀਂ ਸੀ ਮਿਲਦਾ। ਵਕਤ ਬਚਾਉਣ ਵਾਸਤੇ ਮੈਂ ਇਹ ਪ੍ਰਬੰਧ ਕਰ ਲਿਆ ਸੀ ਕਿ ਜਦੋਂ ਕਦੀ ਮੈਂ ਲਾਹੌਰ ਜਾਂ ਅੰਮ੍ਰਿਤਸਰ ਜਾਣਾ ਹੁੰਦਾ ਸੀ ਤਾਂ ਇਹ ਗੱਲ ਕਰਿਆ ਕਰਦਾ ਸੀ ਕਿ ਇਕ ਸੇਵਾਦਾਰ ਘੋੜਾ ਤਿਆਰ ਕਰ ਕੇ ਦਫ਼ਤਰ ਦੇ ਸਾਹਮਣੇ ਆਣ ਖਲੋਂਦਾ ਸੀ ਤੇ ਦੋ ਸੇਵਾਦਾਰ ਗੱਡੀ ਦੇ ਵਕਤ ਤੋਂ ਘਟੋ ਘਟ ਅਧਾ ਘੰਟਾ ਪਹਿਲੋਂ ਰੇਲਵੇ ਸਟੇਸ਼ਨ ਨੂੰ ਤੋਰ ਦਿਤੇ ਜਾਂਦੇ ਸਨ।

ਉਨ੍ਹਾਂ ਵਿਚੋਂ ਇਕ ਮੇਰੇ ਲਈ ਟਿਕਟ ਖ਼ਰੀਦ ਕੇ ਸਟੇਸ਼ਨ ਦੇ ਬਾਹਰ ਖਲੋ ਜਾਂਦਾ ਤੇ ਦੂਜਾ ਜੇ ਕੋਈ ਸਾਮਾਨ ਲੈ ਜਾਣ ਵਾਲਾ ਮੇਰੇ ਨਾਲ ਹੁੰਦਾ ਤਾਂ ਉਸ ਨੂੰ ਡੱਬੇ ਵਿਚ ਰਖ ਕੇ ਆਪ ਉਸ ਡੱਬੇ ਦੇ ਸਾਹਮਣੇ ਖੜਾ ਹੋ ਜਾਂਦਾ ਸੀ ਤਾਂ ਜੁ ਮੈਨੂੰ ਸਟੇਸ਼ਨ ਦੇ ਅੰਦਰ ਪਲੇਟ ਫ਼ਾਰਮ ਉਪਰ ਜਾਂਦਿਆਂ ਹੀ ਪਤਾ ਲਗ ਜਾਵੇ ਕਿ ਮੈਂ ਕਿਸ ਡੱਬੇ ਵਿਚ ਬੈਠ ਕੇ ਸਫ਼ਰ ਕਰਨਾ ਹੈ।

ਦਫ਼ਤਰ ਦੇ ਮੂਹਰੇ ਘੋੜਾ ਲੈ ਕੇ ਖਲੋਤਾ ਸੇਵਾਦਾਰ, ਗੱਡੀ ਨੂੰ ਦਫ਼ਤਰ ਦੇ ਲਾਗੋਂ ਦੀ ਗੁਜ਼ਰਦੀ ਵੇਖ ਕੇ ਜਾਂ ਰੇਲ ਦੀ ਖੜ ਖੜ ਦੀ ਆਵਾਜ਼ ਸੁਣ ਕੇ ਮੈਨੂੰ ਖ਼ਬਰ ਕਰ ਦੇਂਦਾ ਸੀ ਤੇ ਮੈਂ ਝਟ ਬਾਹਰ ਆ ਕੇ ਘੋੜੇ 'ਤੇ ਪਲਾਕੀ ਮਾਰ ਔਹ ਗਿਆ, ਔਹ ਗਿਆ, ਹੋ ਜਾਂਦਾ। ਘੋੜੇ ਨੂੰ ਸਰਪਟ ਦੁੜਾ ਸਟੇਸ਼ਨ ਉਪਰ ਜਾ ਪਹੁੰਚਦਾ ਸੀ। ਪਹਿਲਾਂ ਲੋਕੀਂ ਸਮਝ ਲੈਂਦੇ ਕਿ ਮੈਨੇਜਰ ਨਸ ਗਿਆ ਹੈ, ਪਰ ਜਦ ਮੈਂ ਇਕ ਦੋ ਦਿਨਾਂ ਮਗਰੋਂ ਫੇਰ ਆ ਜਾਇਆ ਕਰਦਾ ਤਾਂ ਉਨ੍ਹਾਂ ਨੂੰ ਸਮਝ ਆ ਜਾਂਦੀ ਕਿ ਵਕਤ ਬਚਾਣ ਦਾ ਮਾਰਾ ਏਸ ਤਰ੍ਹਾਂ ਕਰਦਾ ਹੈ। ਸਟੇਸ਼ਨ 'ਤੇ ਪਹੁੰਚਦਾ ਤਾਂ ਬਾਹਰ ਵਾਲਾ ਸੇਵਾਦਾਰ ਮੈਨੂੰ ਟਿਕਟ ਫੜਾ ਦੇਂਦਾ ਤੇ ਘੋੜੇ ਨੂੰ ਸੰਭਾਲ ਵਿਚ ਲੈ ਲੈਂਦਾ। ਅੰਦਰ ਸੇਵਾਦਾਰ ਵਾਲੇ ਪਾਸ ਜਾ ਕੇ ਮੈਂ ਗੱਡੀ ਵਿਚ ਆਪਣੀ ਸੀਟ 'ਤੇ ਜਾ ਬੈਠਦਾ ਤੇ ਇਕ ਅਧ ਮਿੰਟ ਵਿਚ ਗੱਡੀ ਤੁਰ ਪੈਂਦੀ। ਜੇ ਮੈਨੂੰ ਆਪਣੀ ਵਾਪਸੀ ਬਾਰੇ ਪੱਕਾ ਨਿਸਚਾ ਹੁੰਦਾ ਤਾਂ ਵਾਪਸੀ ਦਾ ਪਰੋਗਰਾਮ ਵੀ ਤੈਅ ਕਰ ਜਾਂਦਾ। ਜੇ ਪੱਕਾ ਪਤਾ ਕੁਝ ਨਾ ਹੁੰਦਾ ਤਾਂ ਕੋਈ ਖ਼ਾਸ ਪਰੋਗਰਾਮ ਨਿਯਤ ਨਾ ਕੀਤਾ ਜਾਂਦਾ। ਤੇ ਨਾ ਅਜਿਹਾ ਕਰ ਕੇ ਜਾਣ ਦੀ ਕੋਈ ਖ਼ਾਸ ਲੋੜ



Digitized by Panjab Digital Library | www.panjabdigilib.org

ਹੀ ਪਰਤੀਤ ਹੁੰਦੀ ਸੀ, ਕਿਉਂਕਿ ਗੁਰਦੁਆਰੇ ਦਾ ਟਾਂਗਾ ਤਾਂ ਹਰ ਰੋਜ਼ ਸਟੇਸ਼ਨ 'ਤੇ ਆਇਆ ਹੀ ਕਰਦਾ ਸੀ। ਉਸ ਉਪਰ ਬੈਠ ਕੇ ਆਪਣੇ ਅਸਥਾਨ 'ਤੇ ਪਹੁੰਚ ਜਾਇਆ ਕਰਦਾ ਸੀ।

ਮੈਂ ਇਹ ਕਾਇਦਾ ਵੀ ਬਣਾ ਰਖਿਆ ਸੀ ਕਿ ਜਦੋਂ ਕਿਸੇ ਗੁਰਦੁਆਰੇ ਜਾਣਾ ਹੁੰਦਾ ਸੀ ਜਾਂ ਸ਼ਹਿਰ, ਮੰਡੀ ਅਥਵਾ ਬਾਜ਼ਾਰ ਦਾ ਦੌਰਾ ਕਰਨਾ ਹੁੰਦਾ ਸੀ ਤਾਂ ਘਟੋ ਘਟ ਦੋ ਸੇਵਾਦਾਰ ਮੇਰੇ ਅਗੇ ਪਿਛੇ ਰਿਹਾ ਕਰਦੇ ਸਨ ਕਈ ਵਾਰ ਸੇਵਾਦਾਰਾਂ ਦੀ ਗਿਣਤੀ ਵਧੇਰੇ ਵੀ ਹੋ ਜਾਇਆ ਕਰਦੀ ਸੀ।

ਸਰਦਾਰ ਬੂਟਾ ਸਿੰਘ ਜੀ ਕਿਹਾ ਕਰਦੇ ਸਨ ਕਿ ਭਲਾ ਮੈਨੇਜਰ ਦੀ ਸ਼ਾਨ ਹੀ ਕੀ ਹੋਈ ਜੇਕਰ ਉਹ ਇਕੱਲਾ ਹੀ ਗਲੀਆਂ ਬਜ਼ਾਰਾਂ ਵਿਚ ਏਧਰ ਉਧਰ ਬੁਰ ਭਟਾਂ ਵਾਂਗ ਖੁਚੀਂ ਘੱਟਾ ਉਡਾਉਂਦਾ ਫਿਰੇ। ਇਹ ਵਿਚਾਰ ਕਿਸੇ ਹੱਦ ਤੀਕ ਉਨ੍ਹਾਂ ਦਾ ਦਰੁਸਤ ਸੀ ਤੇ ਮੇਰੇ ਆਪਣੇ ਵੀ ਦਿਲ ਦਮਾਗ ਵਿਚੋਂ ਅਜੇ ਵਲੈਤ ਦੀ ਪਾਣ ਬਿਲਕੁਲ ਦੂਰ ਨਹੀਂ ਹੋਈ ਸੀ।

ਪਹਿਲੇ ਪਹਿਲ ਜਦ ਮੈਂ ਇੰਗਲੈਂਡ ਤੋਂ ਵਾਪਸ ਆਇਆ ਹੀ ਸੀ, ਤਾਂ ਮੈਂ ਕਿਹਾ ਕਰਦਾ ਸੀ ਕਿ ਪਤਾ ਨਹੀਂ ਲਗਦਾ ਕਿ ਕਿਸ ਤਰ੍ਹਾਂ ਕੋਈ ਡੀਸੈਂਟ (ਬਣਦਾ ਤਣਦਾ) ਆਦਮੀ ਬਿਨਾਂ ਨੌਕਰ ਦੇ ਸਫ਼ਰ ਹੀ ਕਰ ਸਕਦਾ ਹੈ। ਮੇਰਾ ਨੌਕਰ ਰਾਤ ਨੂੰ ਮੇਰੇ ਆਪਣੇ ਕਮਰੇ ਵਿਚ ਹੀ ਥੱਲੇ ਫ਼ਰਸ਼ 'ਤੇ ਬਿਸਤਰਾ ਕਰ ਕੇ ਸੌਂ ਰਿਹਾ ਕਰਦਾ ਸੀ।



Digitized by Panjab Digital Library | www.panjabdigilib.org

# ਅਕਾਲੀ ਗੁਰਦੁਆਰਿਆਂ ਨੂੰ ਲੁੱਟ ਲੁੱਟ ਖਾ ਰਹੇ ਹਨ

ਇਕ ਦਿਨ ਦੀ ਗੱਲ ਹੈ, ਮੈਂ ਸ੍ਰੀ ਅੰਮ੍ਰਿਤਸਰ ਤੋਂ ਤੀਸਰੇ ਦਰਜੇ ਦੇ ਡੱਬੇ ਵਿਚ ਬੈਠਾ ਰੇਲ ਦਾ ਸਫ਼ਰ ਕਰਦਾ ਸ੍ਰੀ ਨਨਕਾਣਾ ਸਾਹਿਬ ਨੂੰ ਵਾਪਸ ਆ ਰਿਹਾ ਸੀ। ਗੱਡੀ ਵਿਚ ਤਕੜਾ ਭੀੜ-ਭੜੱਕਾ ਸੀ। ਮੈਂ ਇਕ ਪਾਸੇ ਹੀ ਸੀਟ ਉਪਰ ਬੈਠਾ ਸੀ ਤੇ ਮੈਥੋਂ ਥੋੜੀ ਹੀ ਵਿੱਥ 'ਤੇ ਇਕ ਚਿੱਟੇ ਤੇ ਲੰਮੇ ਗੁਰਮੁਖੀ ਦਾੜ੍ਹੇ ਵਾਲਾ ਬਜ਼ੁਰਗ ਸਿਖ ਆਪਣੇ ਨਾਲ ਦੀਆਂ ਸਵਾਰੀਆਂ ਨਾਲ ਗੱਲਾਂ ਕਰਦਾ ਕਹਿ ਰਿਹਾ ਸੀ, "ਅਗੇ ਤਾਂ ਇਕੋ ਮਹੰਤ ਹੁੰਦਾ ਸੀ ਜਿਸ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ, ਹੁਣ ਗੁਰਦੁਆਰਿਆਂ ਵਿਚ ਹਜ਼ਾਰਾਂ ਹੀ ਅਕਾਲੀ ਡੇਰੇ ਜਮਾਈ ਪਏ ਰਹਿੰਦੇ ਨੇ ਤੇ ਰਾਤ ਦਿਨੇ ਗੁਰਦੁਆਰਿਆਂ ਨੂੰ ਲੁੱਟ ਲੁੱਟ ਖਾ ਰਹੇ ਹਨ।

"ਸਰਦਾਰ ਉੱਤਮ ਸਿੰਘ ਕਾਰਖ਼ਾਨੇ ਵਾਲੇ ਨੇ ਗੁਰਦੁਆਰੇ ਦੀ ਕਣਕ ਦੀ ਇਕ ਹਜ਼ਾਰ ਬੋਰੀ ਪਿਛੇ ਆਪਣੇ ਪਿੰਡ ਭਿਜਵਾ ਦਿਤੀ ਹੈ। ਪਤਾ ਨਹੀਂ ਬਾਕੀ ਦੇ ਅਕਾਲੀ ਕੀ ਕਰਤੂਤਾਂ ਘੋਲ ਰਹੇ ਹੋਣਗੇ।" ਇਹ ਗੱਲ ਸੁਣ ਕੇ ਮੇਰੇ ਤਨ ਬਦਨ ਵਿਚ ਅੱਗ ਦੇ ਲੰਬੂ ਹੀ ਫਿਰ ਗਏ, ਅੱਖਾਂ ਥਾਣੀਂ ਅੰਗਿਆਰ ਵਰ੍ਹਨ ਲਗ ਪਏ ਤੇ ਚਿਹਰਾ ਤੰਦੂਰ ਵਾਂਗ ਤਪ ਕੇ ਲਾਲ ਹੋ ਗਿਆ ਤੇ ਮੈਂ ਉਸ ਬੁੱਢੜੇ ਨੂੰ ਖਾਣ ਪੈ ਗਿਆ ਤੇ ਅੰਤ ਉਸ ਨੂੰ ਪੁੱਛਿਆ, "ਤੁਸੀਂ ਕੌਣ ਹੁੰਦੇ ਹੋ ? ਤੁਹਾਡਾ ਆਪਣਾ ਦੀਨ ਮਜ਼੍ਹਬ ਕੀ ਹੈ ?" ਇਹ ਗੱਲ ਸੁਣ ਕੇ ਉਹ ਵੀ



Digitized by Panjab Digital Library | www.panjabdigilib.org

ਤੱਤਾ ਹੋ ਪਿਆ। ਤੇ ਮੈਨੂੰ ਤਾੜ ਕੇ ਕਹਿਣ ਲਗਾ. "ਤੈਨੂੰ ਦੀਹਦਾ ਨਹੀਂ ਕਿ ਮੈਂ 'ਸਿਖ' ਹਾਂ ?"

ਮੈਂ : ਸ਼ਕਲ ਤਾਂ ਜ਼ਰੂਰ ਸਿੱਖਾਂ ਵਾਲੀ ਹੀ ਮਾਲੂਮ ਹੁੰਦੀ ਹੈ, ਪਰ ਕਰਤੂਤ ਬਿਲਕੁਲ ਹੀ ਉਲਟ।

ਉਹ : ਤੇ ਤੂੰ ਕੌਣ ਹੈਂ, ਮੈਨੂੰ ਕਰਤੂਤਾਂ ਦਸਣ ਵਾਲਾ ? ਤੂੰ ਵੀ ਉਨ੍ਹਾਂ ਦੇ ਨਾਲ ਦਾ ਹੀ ਹੋਵੇਂਗਾ।

ਮੈਂ ਅਜੇ ਕੁਝ ਕਹਿਣ ਵਾਲਾ ਹੀ ਸੀ ਕਿ ਉਸ ਦੇ ਨਾਲ ਦੀਆਂ ਸਵਾਰੀਆਂ ਵਿਚੋਂ ਹੀ ਇਕ ਬੋਲ ਉਠਿਆ, "ਇਹ ਹਨ ਸ੍ਰ: ਨਰੈਣ ਸਿੰਘ ਬੈਰਿਸਟਰ, ਮੈਨੇਜਰ ਸ੍ਰੀ ਨਨਕਾਣਾ ਸਾਹਿਬ ਤੇ ਸੈਕਰੇਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਨਕਾਣਾ ਸਾਹਿਬ। ਗੁਰਦੁਆਰਿਆਂ ਦਾ ਤੇ ਸਾਰੇ ਹੀ ਜ਼ਿਮੀਂਦਾਰੇ ਦਾ ਪ੍ਰਬੰਧ ਇਹੋ ਹੀ ਕਰਦੇ ਹਨ। ਇਨ੍ਹਾਂ ਦੇ ਹੁੰਦਿਆਂ ਕੀਹਦੀ ਮਾਂ ਸੂਈ ਹੈ ਕਿ ਗੁਰਦੁਆਰੇ ਦੀ ਕਿਸੇ ਚੀਜ਼ ਵਲ ਅੱਖ ਉਠਾ ਕੇ ਵੀ ਵੇਖ ਸਕੇ।" ਇਹ ਗੱਲ ਸੁਣ ਕੇ ਬਾਬਾ ਜੀ ਠਿਠ ਹੋ ਗਏ ਤੇ ਲਗੇ ਹੌਲੀ ਹੌਲੀ ਦਾੜ੍ਹੇ ਨੂੰ ਖੁਰਕਣ।

ਮੈਂ ਕਿਹਾ, "ਬਾਬਾ ਜੀ ! ਆਪ ਨੇ ਬੜਾ ਅਨੱਰਥ ਤੋਲਿਆ ਹੈ ਕਿ ਇਕ ਲੱਖਾਂ ਪਤੀ ਗੁਰਮੁਖ ਸਿੱਖ ਉਪਰ ਝੂਠਾ ਤੇ ਕੋਝਾ ਦੂਸ਼ਣ ਲਗਾ ਦਿਤਾ ਹੈ, ਗੁਰਦੁਆਰੇ ਦੀ ਕਣਕ ਦੀ ਇਕ ਹਜ਼ਾਰ ਬੋਰੀ ਖਾ ਜਾਣ ਦਾ। ਗੁਰਦੁਆਰਾ ਕਮੇਟੀ ਨੇ ਤਾਂ ਸਾਰੀਆਂ ਦੀਆਂ ਸਾਰੀਆਂ ਜ਼ਮੀਨਾਂ ਦੇ ਠੇਕੇ ਨੀਲਾਮ ਕਰ ਛਡੇ ਹੋਏ ਹਨ। ਤੇ ਕਬਜ਼ਾ ਲੈਣ ਸਮੇਂ ਜਿਹੜਾ ਫ਼ਸਲ ਖਲੋਤਾ ਸੀ, ਉਹ ਵੀ ਨੀਲਾਮ ਕਰ ਛਡਿਆ ਹੋਇਆ ਹੈ। ਕਮੇਟੀ ਪਾਸ ਖ਼ੁਦ ਕਾਸ਼ਤ ਦੀ ਇਕ ਮਰਲਾ ਜ਼ਮੀਨ ਵੀ ਨਹੀਂ। ਤੇ ਨਾ ਹੀ ਕਮੇਟੀ ਪਾਸ ਕਣਕ ਦਾ ਕੋਈ ਸਟਾਕ ਜਮ੍ਹਾਂ ਪਿਆ ਸੀ। ਸ੍ਰ: ਉਤਮ ਸਿੰਘ ਨੇ ਹਜ਼ਾਰ ਬੋਰੀ ਕਿਥੋਂ ਕਢ ਖੜੀ ?

"ਤੁਸੀਂ ਕਹਿ ਰਹੇ ਹੋ ਕਿ ਇਕ ਹਜ਼ਾਰ ਬੋਰੀ ਕਣਕ ਉਨ੍ਹਾਂ ਨੇ ਪਿਛੇ ਆਪਣੇ ਘਰ ਦਿਆਂ ਨੂੰ ਭੇਜ ਦਿਤੀ ਹੈ। ਪਰ ਉਹ ਕੀਹਨੂੰ ? ਉਹਦੇ ਮਾਤਾ ਪਿਤਾ, ਉਹਦੇ ਭੈਣਾਂ, ਭਰਾ, ਲੜਕੀਆਂ, ਲੜਕੇ ਤੇ ਇਸਤ੍ਰੀ ਆਦਿ ਸਭ ਨਨਕਾਣਾ ਸਾਹਿਬ ਉਨ੍ਹਾਂ ਦੇ ਪਾਸ ਹੀ ਰਹਿ ਰਹੇ ਹਨ। ਉਨ੍ਹਾਂ ਨੂੰ ਏਥੇ ਰਹਿੰਦਿਆਂ ਕਈ ਸਾਲ ਗੁਜ਼ਰ ਚੁਕੇ ਹਨ। ਇਸ ਤੋਂ ਪਹਿਲਾਂ ਕਰਾਚੀ ਹੁੰਦੇ ਸਨ, ਜਿਥੇ ਉਨ੍ਹਾਂ ਦੀ



Digitized by Panjab Digital Library | www.panjabdigilib.org

ਆੜ੍ਹਤ ਦੀ ਦੁਕਾਨ ਹੁੰਦੀ ਸੀ।

"ਪਿੰਡ ਛਡਿਆਂ ਤਾਂ ਉਨ੍ਹਾਂ ਨੂੰ ਸਮਾਂ ਗੁਜ਼ਰ ਗਿਆ ਹੈ। ਮੇਰਾ ਜੰਮ ਪਲ ਵੀ ਉਸੇ ਹੀ ਪਿੰਡ ਦਾ ਹੈ। ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਬੁਝਦਾ ਹਾਂ। ਜੇ ਕਰ ਉਹ ਆਪ ਜਾਂ ਉਨ੍ਹਾਂ ਦੇ ਟਬਰ ਵਿਚੋਂ ਕੋਈ ਪਿੰਡ ਚਲਾ ਜਾਵੇ ਤੇ ਉਸ ਨੂੰ ਕੋਈ ਪਛਾਣ ਵੀ ਨਾ ਸਕੇ। ਕਣਕ ਦੀ ਹਜ਼ਾਰ ਬੋਰੀ ਉਸ ਨੇ ਕੀਹਦੇ ਵਲ ਭੇਜੀ ? ਰੇਲ ਰਾਹੀਂ ਭੇਜੀ ਤਾਂ ਬਿਲਟੀ ਕੀਹਦੇ ਨਾਮ ਕਟਾਈ ? ਗੱਡਿਆਂ 'ਤੇ ਲੱਦ ਕੇ ਭੇਜੀ ਤਾਂ ਉਨ੍ਹਾਂ ਗਾਡੀਆਂ ਦੇ ਨਾਂ ਲਉ ਜੋ ਲੈ ਕੇ ਗਏ ? ਸੱਜਣ ਜੀ ! ਤੁਸੀਂ ਆਪਣੇ ਆਪ ਨੂੰ 'ਸਿਖ' ਅਖਵਾਂਦੇ ਤਾਂ ਜ਼ਰੂਰ ਹੋ। ਜਦੋਂ ਤੁਸਾਂ ਇਹ ਮਾਰ ਧਾੜ ਦੀ ਗੱਲ ਸੁਣੀ ਤੇ ਗੁਰਦੁਆਰੇ ਦੇ ਹਿਤ ਵਿਚ ਤੁਸਾਂ ਕੀ ਕੀਤਾ ? ਕੋਈ ਪੁਲੀਸ ਵਿਚ ਰਪਟ ਲਿਖਵਾਈ ? ਕੋਈ ਚੋਰੀ ਜਾਂ ਡਾਕੇ ਦਾ ਮੁਕੱਦਮਾ ਕਿਸੇ ਮਿਜਾਜ਼ ਅਦਾਲਤ ਵਿਚ ਦਰਜ ਕਰਵਾਇਆ ? ਸ਼੍ਰੋ: ਗੁ: ਪ੍ਰ: ਕਮੇਟੀ ਪਾਸ ਇਤਲਾਹ ਪਹੁੰਚਾਣ ਵਾਸਤੇ ਕੋਈ ਪੱਤਰ ਵਿਹਾਰ ਕੀਤਾ ? ਜਾਂ ਅੰਮ੍ਰਿਤਸਰ ਜਾ ਕੇ ਏਸ ਮਾਮਲੇ ਦੀ ਪੜਤਾਲ ਕਰਵਾਈ ? ਜੇ ਤੁਹਾਡੇ ਆਪਣੇ ਘਰ ਕੋਈ ਇਹੋ ਜਿਹਾ ਡਾਕਾ ਪੈ ਜਾਂਦਾ ਤਾਂ ਕੀ ਤੁਸੀਂ ਚੁੱਪ ਕਰ ਕੇ ਹੱਥ 'ਤੇ ਹੱਥ ਧਰੀ ਬੈਠੇ ਰਹਿੰਦੇ ?"

ਮੇਰੇ ਇਨ੍ਹਾਂ ਸਵਾਲਾਂ ਦਾ ਉਸ ਬਜ਼ੁਰਗ ਨੇ ਕੋਈ ਉਤਰ ਨਾ ਦਿਤਾ। ਬਸ ! ਨਿਰੁੱਤਰ ਜਿਹੇ ਹੋ ਕੇ ਮੇਰੇ ਪਾਸੋਂ ਕੇਵਲ ਏਨਾਂ ਹੀ ਪੁੱਛਿਆ ਕਿ ਕੀ ਇਹ ਸਾਰੀ ਗੱਲ ਨਿਰਮੂਲ ਹੀ ਹੈ ? ਮੈਂ ਕਿਹਾ, "ਮਹਾਰਾਜ ਮੈਂ ਤੁਹਾਨੂੰ ਹੁਣੇ ਦਸਿਆ ਹੈ ਕਿ ਗੁਰਦੁਆਰਾ ਕਮੇਟੀ ਪਾਸ ਤਾਂ ਇਕ ਦਾਣਾ ਵੀ ਕਣਕ ਦਾ ਆਪਣੇ ਸਟਾਕ ਵਿਚ ਮੌਜੂਦ ਨਹੀਂ। ਤੇ ਨਾ ਕੋਈ ਫੱਕਾ ਖੇਤਾਂ ਤੋਂ ਹੀ ਆਇਆ ਹੈ। ਸ੍ਰ: ਉੱਤਮ ਸਿੰਘ ਹਜ਼ਾਰ ਬੋਰੀ ਭਰ ਕੇ ਕਿਥੋਂ ਲੈ ਗਿਆ ?"

"ਹਾਂ ! ਕੇਵਲ "ਹਜ਼ਾਰ ਬੋਰੀ" ਦੇ ਦੋ ਸ਼ਬਦ ਮਾਤਰ ਗੁਰਦੁਆਰਾ ਕਮੇਟੀ ਦੇ ਰੀਕਾਰਡ ਵਿਚ ਦਰਜ ਜ਼ਰੂਰ ਹਨ। ਪਰ ਉਹ ਇਸ ਤਰ੍ਹਾਂ ਕਿ ਗੁਰਦੁਆਰਾ ਕਮੇਟੀ ਨੇ ਗੁਰੂ ਕੇ ਲੰਗਰ ਦੇ ਖ਼ਰਚੇ ਵਾਸਤੇ ਆਪਣੇ ਠੇਕੇਦਾਰਾਂ ਪਾਸੋਂ ਬਾਜ਼ਾਰ ਦੇ ਭਾਅ ਇਕ ਹਜ਼ਾਰ ਬੋਰੀ ਕਣਕ ਖ਼ਰੀਦੀ ਜ਼ਰੂਰ ਸੀ। ਜਿਸ ਨਾਲ ਗੁਰੂ ਕੇ ਲੰਗਰ ਦਾ ਸਿਲਸਿਲਾ ਜਾਰੀ ਰਖਿਆ ਗਿਆ ਤੇ ਹੁਣ ਤਕ



Digitized by Panjab Digital Library | www.panjabdigilib.org

ਜਾਰੀ ਚਲਿਆ ਆ ਰਿਹਾ ਹੈ ।"

ਮੈਂ ਫੇਰ ਕਿਹਾ, "ਸ੍ਰੀਮਾਨ ਜੀ ! ਤੁਸੀਂ ਆਪ ਕਹਿੰਦੇ ਹੋ ਕਿ ਹਜ਼ਾਰਾਂ ਅਕਾਲੀ ਗੁਰਦੁਆਰੇ ਵਿਚ ਡੇਰਾ ਜਮਾਈ ਬੈਠੇ ਹਨ । ਮੈਂ ਪੁੱਛਦਾ ਹਾਂ ਕਿ ਆਖ਼ਰ ਇਨ੍ਹਾਂ ਸੇਵਾਦਾਰਾਂ ਨੂੰ ਪ੍ਰਸ਼ਾਦਾ ਛਕਾਉਣਾ ਗੁਰਦੁਆਰੇ ਦੇ ਪ੍ਰਬੰਧਕਾਂ ਦਾ ਫ਼ਰਜ਼ ਹੈ ਕਿ ਕੋਈ ਨਾ ? ਜੇ ਕਰ ਹੈ ਤਾਂ ਫਿਰ ਉਨ੍ਹਾਂ ਨੂੰ ਏਸ ਕਣਕ ਦੇ ਨਾ ਹੋਣ 'ਤੇ ਪਰਸ਼ਾਦ ਪਾਣੀ ਛਕਾਇਆ ਕਿਥੋਂ ਜਾਂਦਾ ।

"ਉਨ੍ਹਾਂ ਤੋਂ ਬਿਨਾਂ ਜੋ ਬੇਅੰਤ ਸੰਗਤਾਂ ਗੁਰਦੁਆਰੇ ਦੇ ਦਰਸ਼ਨਾਂ ਨੂੰ ਆਉਂਦੀਆਂ ਹਨ, ਉਨ੍ਹਾਂ ਦੀ ਗੁਰੂ ਕੇ ਲੰਗਰ ਰਾਹੀਂ ਪਰਸ਼ਾਦ ਪਾਣੀ ਦੀ ਸੇਵਾ ਕਿਵੇਂ ਕੀਤੀ ਜਾਂਦੀ ? ਏਸ ਵਿਚ ਸ਼ਕ ਨਹੀਂ ਕਿ ਸੰਗਤਾਂ ਕੇਵਲ ਛਕ ਹੀ ਨਹੀਂ ਜਾਂਦੀਆਂ, ਉਹ ਪਰਸ਼ਾਦੇ ਛਕ ਕੇ ਲੰਗਰ ਦੀ ਸੇਵਾ ਵਾਸਤੇ ਅਰਦਾਸੇ ਵੀ ਕਰਵਾ ਜਾਂਦੀਆਂ ਹਨ, ਪਰ ਨਕਦੀ ਦੀ ਸ਼ਕਲ ਵਿਚ ਰਸਦ ਦੀ ਸਕਲ ਵਿਚ ਬਹੁਤ ਹੀ ਘਟ ਵਧ ।

"ਮੈਂ ਇਹ ਵੀ ਤੁਹਾਨੂੰ ਵਿਦਤ ਕਰ ਦਵਾਂ ਕਿ ਸਰਦਾਰ ਉੱਤਮ ਸਿੰਘ ਜੀ ਇਕ ਤਕੜੇ ਮੋਟੇ ਕਾਰਖ਼ਾਨੇ ਦੇ ਮਾਲਕ ਹਨ ਤੇ ਚੰਗੇ ਪੈਸੇ ਵਾਲੇ ਹਨ । ਜਦੋਂ ਕਦੀ ਉਨ੍ਹਾਂ ਦੇ ਕਾਰਖ਼ਾਨੇ ਜਾਣ ਦਾ ਮੈਨੂੰ ਇਤਫ਼ਾਕ ਹੁੰਦਾ ਹੈ, ਉਨ੍ਹਾਂ ਦੀ ਮੇਜ਼ ਉਪਰ ਅਠ ਦਸ ਮਿਲਣ ਮਿਲਾਉਣ ਵਾਲੇ, ਪਰਸ਼ਾਦੇ ਛਕਦੇ ਦਿਖਾਈ ਦਿਆ ਕਰਦੇ ਹਨ । ਉਹ ਆਪਣੇ ਵਿਤ ਅਨੁਸਾਰ ਦਾਨ ਵੀ ਦੇਂਦੇ ਰਹਿੰਦੇ ਹਨ । ਤੁਸਾਂ ਬੜਾ ਭਾਰੀ ਗੁਨਾਹ ਕੀਤਾ ਹੈ । ਨਾ ਕੇਵਲ ਇਹ ਕਿ ਏਨੇ ਲੋਕਾਂ ਵਿਚ ਤੁਸਾਂ ਨਿਰੀ ਪੁਰੀ ਅਕਾਲੀਆਂ ਦੀ ਹੀ ਬਦਨਾਮੀ ਕੀਤੀ ਹੈ, ਸਗੋਂ ਇਕ ਪੰਥ ਦਰਦੀ ਤੇ ਗੁਰਮੁਖ ਗੁਰਸਿਖ ਨੂੰ ਖ਼ਾਹ-ਮ-ਖ਼ਾਹ ਭੰਡ ਸੁਟਿਆ ਹੈ । ਤੇ ਉਸ ਦੀ ਵੱਡੀ ਭਾਰੀ ਹੱਤਕ ਇੱਜ਼ਤ ਕੀਤੀ ਹੈ । ਜੇ ਮੈਂ ਏਥੇ ਨਾ ਹੁੰਦਾ ਤੇ ਤੁਹਾਡੇ ਅਬਦੂ ਮਾਨੇ ਨੂੰ ਨਾ ਸੁਣਦਾ ਤੇ ਉਨ੍ਹਾਂ ਉਪਰ ਤੁਹਾਡੇ ਵਲੋਂ ਥੱਪੇ ਗਏ ਦੂਸ਼ਣਾਂ ਨੂੰ ਝੂਠ ਤੇ ਨਿਰਮੂਲ ਸਾਬਤ ਨਾ ਕਰਦਾ ਤਾਂ ਇਹ ਲੋਕ ਜੋ ਕੋਈ ਕਿਤੋਂ ਤੇ ਕੋਈ ਕਿਤੋਂ ਆਏ ਹੋਏ ਹਨ, ਉਹ ਆਮ ਅਕਾਲੀਆਂ ਤੇ ਸ੍ਰ: ਉੱਤਮ ਸਿੰਘ ਵਰਗੇ ਦੇਵਤਾ ਪੁਰਸ਼ ਦੇ ਬਾਰੇ ਕੀ ਖ਼ਿਆਲ ਲੈ ਕੇ ਜਾਂਦੇ ? ਤੇ ਇਨ੍ਹਾਂ ਗੱਲਾਂ ਦੇ ਨਾਲ ਹੋਰ ਗੰਢ ਤਰੁਪ ਕਰ ਕੇ ਆਪਣੇ ਆਂਢੀਆਂ ਗੁਵਾਂਢੀਆਂ ਤੇ ਸਜਣਾਂ



Digitized by Panjab Digital Library | www.panjabdigilib.org

ਮਿੱਤਰਾਂ ਨੂੰ ਕੀ ਕੁਝ ਨਾ ਜਾ ਸੁਣਾਂਦੇ ?

"ਮੈਂ ਇਹ ਕਦੀ ਨਹੀਂ ਕਹਾਂਗਾ ਕਿ ਸਾਰੇ ਅਕਾਲੀ ਹੱਲ ਤੇ ਨ੍ਹਾਤੇ ਦਿਉਤੇ ਹੀ ਹੁੰਦੇ ਹਨ ਤੇ ਉਨ੍ਹਾਂ ਵਿਚ ਔਗੁਣ ਹੈ ਹੀ ਕੋਈ ਨਹੀਂ। ਸੱਚੀ ਗੱਲ ਇਹ ਹੈ ਕਿ ਗੰਢਿਆਂ ਵਿਚ ਗੰਢੇਲ ਵੀ ਉਗ ਖਲੋਇਆ ਕਰਦੀ ਹੈ। ਚੰਗਿਆਂ ਬੰਦਿਆਂ ਵਿਚ ਮਾੜੇ ਵੀ ਹੁੰਦੇ ਹਨ। ਪਰ ਹਾਲਾਂ ਤੀਕ ਪ੍ਰਬੰਧਕਾਂ ਵਲੋਂ ਗੁਰਦੁਆਰੇ ਦਾ ਇਕ ਖੋਟਾ ਪੈਸਾ ਵੀ ਕਿਸੇ ਨੂੰ ਖਾਣ ਨਹੀਂ ਦਿਤਾ ਗਿਆ ਤੇ ਅੱਜ ਕਲ੍ਹ ਦੇ ਪੰਚਾਇਤ ਪ੍ਰਬੰਧ ਦੇ ਵਾਤਾਵਰਨ ਵਿਚ ਕੋਈ ਖਾਣ ਦਾ ਹੌਂਸਲਾ ਹੀ ਨਹੀਂ ਕਰ ਸਕਦਾ ਹੈ।

ਜਦ ਬਾਬਾ ਜੀ ਨੂੰ ਕੋਈ ਨਾ ਅਹੁੜੀ ਤਾਂ ਕਹਿਣ ਲਗੇ — ਸਰਦਾਰ ਜੀ ! ਤੁਹਾਥੋਂ ਮਾਫ਼ੀ ਮੰਗਦਾ ਹਾਂ।

ਮੈਂ : ਬਾਬਾ ਜੀ ! ਮੇਰੇ ਕੋਲੋਂ ਮਾਫ਼ੀ ਮੰਗਣ ਦੀ ਤਾਂ ਕੋਈ ਲੋੜ ਨਹੀਂ। ਤੁਸਾਂ ਮੇਰਾ ਕੀ ਵਿਗਾੜਿਆ ਹੈ ? ਤੁਸੀਂ ਜੇ ਕਰ ਮਾਫ਼ੀ ਮੰਗਣੀ ਹੈ ਤਾਂ ਸਿੱਧੇ ਸਰਦਾਰ ਉੱਤਮ ਸਿੰਘ ਜੀ ਪਾਸੋਂ ਮੰਗੋ ਤੇ ਜਾਂ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਜਨਮ ਅਸਥਾਨ 'ਤੇ ਜਾ ਕੇ ਨੱਕ ਰਗੜੋ ਜਿਨ੍ਹਾਂ ਦੇ ਅਨਿਨ ਸ਼ਰਧਾਲੂ ਸਿੱਖ ਨੂੰ ਐਵੇਂ ਰਾਹੇ ਜਾਂਦਿਆਂ ਤੁਸਾਂ ਬਦਨਾਮ ਕਰਨ ਦਾ ਨਿਰਾਰਥ ਯਤਨ ਕੀਤਾ ਹੈ। ਮੇਰਾ ਤਾਂ ਆਪ ਜੀ ਨੇ ਕੇਵਲ ਏਨਾ ਹੀ ਨੁਕਸਾਨ ਕੀਤਾ ਹੈ ਕਿ ਮੇਰੇ ਪ੍ਰਬੰਧ ਨੂੰ ਬਦਨਾਮ ਕਰਨ ਦੀ ਟਿੱਲ ਲਾਈ ਹੈ।

ਜੇ ਮੈਂ ਆਪ ਜੀ ਦੇ ਲਾਏ ਹੋਏ ਦੂਸ਼ਣਾਂ ਦੀ ਤਰਦੀਦ ਨਾ ਕਰਦਾ ਤਾਂ ਸੁਣਨ ਵਾਲੇ ਸਮਝ ਲੈਂਦੇ ਕਿ ਇਹ ਵੀ ਚੋਰ ਹੀ ਹੈ ਤੇ ਇਹ ਲੋਕ ਸਾਰੇ ਹੀ ਰਲ ਮਿਲ ਕੇ ਗੁਰਦੁਆਰੇ ਦਾ ਮਾਲ ਖਾਈ ਜਾਂਦੇ ਹਨ। ਸੁ ਮੈਂ ਤਾਂ ਤੁਹਾਨੂੰ ਕੁਝ ਕਹਿਣਾ ਚਾਹੁੰਦਾ ਹੀ ਨਹੀਂ।

ਉਹ ਬਜ਼ੁਰਗ ਜਾ ਤਾਂ ਭਾਵੇਂ ਕਿਧਰੇ ਅੱਗੇ ਹੀ ਰਹੇ ਸਨ, ਪਰ ਨਨਕਾਣਾ ਸਾਹਿਬ ਸਟੇਸ਼ਨ 'ਤੇ ਹੀ ਗੱਡੀਓਂ ਲੱਥ ਗਏ ਤੇ ਟਾਂਗੇ ਵਾਲੇ ਨੂੰ ਸਰਦਾਰ ਉੱਤਮ ਸਿੰਘ ਦੇ ਕਾਰਖ਼ਾਨੇ ਲੈ ਚਲਣ ਲਈ ਕਿਰਾਇਆ ਠਰ੍ਹਾਉਣ ਲਗ ਪਏ।

ਉਨ੍ਹਾਂ ਦਾ ਕਾਰਖ਼ਾਨਾ ਗੁਰਦੁਆਰਾ ਮਾਲ ਜੀ ਸਾਹਿਬ ਦੀ ਆਬਾਦੀ ਵਿਚ



Digitized by Panjab Digital Library | www.panjabdigilib.org

ਸੀ। ਮੈਂ ਗੁਰਦੁਆਰੇ ਦੇ ਟਾਂਗੇ 'ਤੇ ਸਵਾਰ ਹੋ ਕੇ ਗੁਰਦੁਆਰਾ ਜਨਮ ਅਸਥਾਨ ਵਲ ਤੁਰ ਗਿਆ।

ਅਗਲੇ ਦਿਨ ਸਵੇਰੇ ਪਤਾ ਲਗਾ ਕਿ ਉਹ ਬਜ਼ੁਰਗ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਨੂੰ ਆਏ ਹਨ ਤੇ ਗੁਰੂ ਕੇ ਲੰਗਰ ਵਾਸਤੇ ਮਾਇਆ ਵੀ ਅਰਦਾਸ ਕਰਵਾਈ ਹੈ।

ਕੁਝ ਚਿਰ ਪਿੱਛੋਂ ਉਹ ਮੈਨੂੰ ਮਿਲਣ ਵਾਸਤੇ ਦਫ਼ਤਰ ਵਿਚ ਵੀ ਆਏ। ਉਨ੍ਹਾਂ ਦੇ ਨੇਤਰਾਂ ਵਿਚੋਂ ਤ੍ਰਿਪ ਤ੍ਰਿਪ ਜਲ ਟਪਕ ਰਿਹਾ ਸੀ। ਇਉਂ ਜਾਪਦਾ ਸੀ ਕਿ ਉਹ ਆਪਣੇ ਕੀਤੇ ਹੋਏ ਗੁਨਾਹ ਬੇ-ਲੱਜ਼ਤ ਉਪਰ ਡਾਢੇ ਪਸ਼ੇਮਾਨ ਸਨ ਤੇ ਦਿਲ ਹੀ ਦਿਲ ਵਿਚ ਪਸ਼ਚਾਤਾਪ ਕਰ ਰਹੇ ਸਨ। ਮੈਂ ਜਾਣ ਕੇ ਹੀ ਉਨ੍ਹਾਂ ਦਾ ਨਾਂ-ਪਤਾ ਨਾ ਪੁੱਛਿਆ।



Digitized by Panjab Digital Library | www.panjabdigilib.org

# ਮੈਨੇਜਰ ਤੇ ਹੋਰ ਮੈਂਬਰਾਂ ਵਿਰੁੱਧ ਮੁਕੱਦਮਾ

ਸਾਨੂੰ ਜ਼ਮੀਨਾਂ ਦਾ ਕਬਜ਼ਾ ਲਿਆਂ ਮੁੱਦਤ ਬੀਤ ਚੁਕੀ ਸੀ । ਅਸੀਂ ਹਾੜ੍ਹੀ ਦੀ ਫ਼ਸਲ ਤਾਂ ਅਪ੍ਰੈਲ, ਮਈ ੧੯੨੧ ਵਿਚ ਸਾਂਭ ਸੂਤ ਚੁੱਕੇ ਸੀ । ਅਰਥਾਤ ਆਪਣੇ ਸਥਾਨਕ ਅਕਾਲੀ ਜੱਥਿਆਂ ਰਾਹੀਂ ਮੁਜ਼ਾਰਿਆਂ ਪਾਸੋਂ ਵੰਡਾਈ ਕਰਵਾ ਕੇ ਆਪਣੇ ਠੇਕੇਦਾਰਾਂ ਦਾ ਹਿੱਸਾ ਮਾਲ ਗੁਦਾਮ ਵਿਚ ਜਮ੍ਹਾਂ ਕਰਵਾ ਚੁਕੇ ਸੀ । ਫੇਰ ਸਉਣੀ ਦੀ ਫ਼ਸਲ ਦੀ ਵੰਡਾਈ ਵੀ ਕਰੀਬ ਕਰੀਬ ਹੋ ਹੀ ਚੁਕੀ ਸੀ ਕਿ ਮਹੰਤ ਨਰੈਣੂੰ ਦੇ ਸਭ ਤੋਂ ਵੱਡੇ ਚੇਲੇ ਮਹੰਤ ਦੇਵਾ ਦਾਸ ਨੇ ਡਿਸਟ੍ਰਿਕਟ ਮੈਜਿਸਟ੍ਰੇਟ ਜ਼ਿਲਾ ਸ਼ੇਖ਼ੂਪੁਰਾ ਦੀ ਅਦਾਲਤ ਵਿਚ ਇਕ ਇਸਤਗ਼ਾਸਾ ਮੇਰੇ ਅਤੇ ਬਾਕੀ ਮੈਂਬਰਾਂ ਦੇ ਵਿਰੁੱਧ ਦਫ਼ਾ ੧੪੪-੪੫ ਜ਼ਾਬਤਾ ਫ਼ੌਜਦਾਰੀ ਦੇ ਅਧੀਨ ਦਾਇਰ ਕਰ ਦਿਤਾ ।

ਸਾਨੂੰ ਨੋਟਿਸ ਪਹੁੰਚੇ ਤੇ ਅਸੀਂ ਤਰੀਕ 'ਤੇ ਅਦਾਲਤ ਵਿਚ ਜਾ ਹਾਜ਼ਰ ਹੋਏ । ਇਹ ਮੁਕੱਦਮਾ ਨਨਕਾਣਾ ਸਾਹਿਬ ਦੇ ਡਾਕ ਬੰਗਲੇ ਵਿਚ ਹੀ ਪੇਸ਼ ਹੋਇਆ ਕਰਦਾ ਸੀ । ਪਹਿਲਾ ਗਵਾਹ ਮਹੰਤ ਦੇਵਾ ਦਾਸ ਹੀ ਪੇਸ਼ ਹੋਇਆ । ਉਸ ਨੇ ਲਿਖਵਾਇਆ ਕਿ ਮਹੰਤ ਨਰੈਣ ਦਾਸ ਦੀ ਗ੍ਰਿਫ਼ਤਾਰੀ ਮਗਰੋਂ ਉਹ ਜ਼ਮੀਨਾਂ 'ਤੇ ਕਾਬਜ਼ ਹੋ ਗਿਆ ਸੀ । ਮਹੰਤ ਨੇ ਜ਼ਮੀਨਾਂ ਦੇ ਠੇਕੇ ਪਹਿਲੋਂ ਹੀ ਨੀਲਾਮ ਕੀਤੇ ਹੋਏ ਸਨ । ਉਹ ਉਨ੍ਹਾਂ ਜ਼ਮੀਨਾਂ 'ਤੇ ਕਾਬਜ਼ ਹੈ, ਪਰ ਜਦ ਪਿੰਡਾਂ ਵਿਚ ਵੰਡਾਈ ਕਰਨ ਜਾਂਦਾ ਹੈ, ਤਾਂ ਮੁਲਜ਼ਮ ਤੇ ਉਨ੍ਹਾਂ ਵਲੋਂ ਨਿਯਤ ਕੀਤੇ ਹੋਏ ਅਕਾਲੀ ਜੱਥੇ ਉਸ ਨਾਲ ਫ਼ਸਾਦ ਕਰਨ 'ਤੇ ਆਮਾਦਾ ਹੋ ਜਾਂਦੇ ਹਨ ।



Digitized by Panjab Digital Library | www.panjabdigilib.org

ਉਸ ਨੂੰ ਉਸ ਦੇ ਵੰਡਾਈ ਕਰਾਣ ਦੇ ਕਾਨੂੰਨੀ ਅਧਿਕਾਰ ਤੋਂ ਵਾਂਜਿਆਂ ਕਰ ਦੇਂਦੇ ਹਨ। ਉਸ ਨੂੰ ਉਨ੍ਹਾਂ ਪਾਸੋਂ ਜਾਨ ਦਾ ਸਖ਼ਤ ਖ਼ਤਰਾ ਹੈ।

ਮੈਨੇਜਰ ਨਨਕਾਣਾ ਸਾਹਿਬ ਤੇ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਪਾਸੋਂ ਜ਼ਮਾਨਤਾਂ ਲਈਆਂ ਜਾਣ ਕਿ ਉਹ ਉਸ ਦੇ ਕਬਜ਼ੇ ਨੂੰ ਨਾ ਤੋੜਨ ਤੇ ਉਹਦੇ ਨਾਲ ਫ਼ਸਾਦ ਨਾ ਆਪ ਕਰਨ, ਨਾ ਕਿਸੇ ਹੋਰ ਪਾਸੋਂ ਕਰਵਾਉਣ ਦਾ ਯਤਨ ਕਰਨ।

ਦੇਵਾ ਦਾਸ ਵੱਲੋਂ ਮਿਸਟਰ ਗਨਪਤ ਰਾਇ, ਬੈਰਿਸਟਰ ਅਤੇ ਮੇਰੇ ਤੇ ਕਮੇਟੀ ਦੇ ਮੈਂਬਰਾਂ ਵਲੋਂ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਮੁਕੱਦਮੇ ਵਿਚ ਵਕੀਲ ਪੇਸ਼ ਹੁੰਦੇ ਸਨ।

ਦੇਵਾ ਦਾਸ ਨੇ ਕੁਝ ਝੂਠੇ ਗਵਾਹ ਪੇਸ਼ ਕੀਤੇ ਜੋ ਉਨ੍ਹਾਂ ਪਿੰਡਾਂ ਦੇ ਰਹਿਣ ਵਾਲੇ ਨਹੀਂ ਸਨ ਜਿਥੇ ਜਿਥੇ ਗੁਰਦੁਆਰੇ ਦੀਆਂ ਜ਼ਮੀਨਾਂ ਸਨ। ਸੁ ਰੇਤ ਦੀ ਕੰਧ ਕਾਹਦੇ ਆਸਰੇ ਖੜੀ ਕੀਤੀ ਜਾਂਦੀ? ਸਾਡੀ ਜਿਰਹ ਵਿਚ ਉਸ ਦੇ ਗਵਾਹਾਂ ਦੇ ਬਿਆਨ ਵੀ ਇਕ ਦੂਏ ਨਾਲ ਨਾ ਮਿਲੇ। ਨਾ ਕਿਸੇ ਦੇ ਬਿਆਨਾਂ ਤੋਂ ਦੇਵਾ ਦਾਸ ਦੇ ਬਿਆਨਾਂ ਦੀ ਪ੍ਰੋੜ੍ਹਤਾ ਹੀ ਹੋ ਸਕੀ।

ਅਸਾਂ ਫ਼ੌਜਦਾਰੀ ਮੁਕੱਦਮਿਆਂ ਦੇ ਖੱਰਾਂਟ ਵਕੀਲਾਂ ਵਾਲੀ ਇਕ ਹੋਰ ਚਾਲਾਕੀ ਇਹ ਕੀਤੀ ਕਿ ਜੋ ਸਵਾਲ ਇਕ ਮੁਖ਼ਾਲਫ਼ ਫ਼ਰੀਕ ਦੇ ਗਵਾਹ ਪਾਸੋਂ ਜਿਰਹਾ ਵਿਚ ਪੁੱਛ ਲਈਏ ਉਹ ਦੂਜੇ ਗਵਾਹਾਂ ਪਾਸੋਂ ਪੁੱਛੀਏ ਹੀ ਨਾ। ਇਸ ਤਰ੍ਹਾਂ ਕਰਨ ਨਾਲ ਦੂਸਰਾ ਗਵਾਹ ਪਹਿਲੇ ਗਵਾਹ ਦੀਆਂ ਰਹਿ ਗਈਆਂ ਤਰੁਟੀਆਂ ਨੂੰ ਦਰੁਸਤ ਨਹੀਂ ਕਰ ਪਾਉਂਦਾ ਸੀ।

ਇਕ ਗਵਾਹ ਪਾਸੋਂ ਇਕੋ ਹੀ Fact (ਨੁਕਤੇ) ਉਪਰ ਜਿਰਹ ਕਰੀਏ ਤੇ ਗਵਾਹੀ ਨੂੰ ਰੱਦ ਕਰ ਦੇਈਏ। ਹੁੰਦੀ ਜੁ ਝੂਠੀ ਸੀ।

ਜਦੋਂ ਅਸਾਂ ਵੰਡਾਈ ਕਰਵਾ ਕੇ ਰਜਿਸਟਰਾਂ ਵਿਚ ਅੰਦਰਾਜ ਕਰਨੇ ਸ਼ੁਰੂ ਕੀਤੇ ਸਨ, ਅਤੇ ਠੇਕੇਦਾਰ, ਮੁਜ਼ਾਰੇ ਤੇ ਨੰਬਰਦਾਰ ਦੇ ਦਸਤਖ਼ਤ ਰਜਿਸਟਰ ਵਿਚ ਕਰਵਾ ਲਿਆ ਕਰਦੇ ਸੀ ਓਦੋਂ ਸਾਨੂੰ ਏਸ ਗੱਲ ਦਾ ਕੋਈ ਖ਼ਿਆਲ ਨਹੀਂ ਸੀ ਹੁੰਦਾ ਕਿ ਇਹ ਰਜਿਸਟਰ ਕਦੀ ਕਿਸੇ ਮੁਕੱਦਮੇ ਵਿਚ ਵੀ ਸਾਡੇ ਕੰਮ ਆਉਣਗੇ।



Digitized by Panjab Digital Library | www.panjabdigilib.org

ਸਾਡੇ ਮਤਲਬ ਦੋ ਹੀ ਹੁੰਦੇ ਸਨ। ਇਕ ਠੇਕੇਦਾਰਾਂ ਦੇ ਖ਼ਿਲਾਫ਼ ਸਬੂਤ ਕਿ ਉਨ੍ਹਾਂ ਨੂੰ ਵੰਡਾਈ ਕਰਵਾ ਕੇ ਮੁਜ਼ਾਰਿਆਂ ਪਾਸੋਂ ਜਿਨਸ ਦਵਾ ਦਿਤੀ ਗਈ ਹੈ। ਤੇ ਦੂਜਾ ਮਤਲਬ ਇਹ ਹੁੰਦਾ ਸੀ, ਇਸ ਗੱਲ ਦਾ ਪਤਾ ਲਗ ਜਾਵੇ ਕਿ ਪਿੰਡ ਵਿਚ ਫ਼ਸਲ ਕਿੰਨੀ ਕੁ ਹੁੰਦੀ ਹੈ। ਤਾਂ ਜੋ ਸਾਨੂੰ ਅਗਲੇ ਸਾਲਾਂ ਦੇ ਠੇਕੇ ਨੀਲਾਮ ਕਰਨ ਸਮੇਂ ਪਤਾ ਰਹੇ ਕਿ ਨੀਲਾਮੀ ਦੀ ਬੋਲੀ ਕਿਥੇ ਕੁ ਖ਼ਤਮ ਹੋਣੀ ਚਾਹੀਦੀ ਹੈ।

ਅਸੀਂ ਠੇਕੇਦਾਰਾਂ ਦਾ ਹਿੱਸਾ ਗੁਦਾਮਾਂ ਵਿਚ ਜਮ੍ਹਾਂ ਕਰਵਾਈ ਜਾਇਆ ਕਰਦੇ ਸੀ। ਇਨ੍ਹਾਂ ਗੁਦਾਮਾਂ (ਕੋਠਿਆਂ) ਨੂੰ ਦੋ ਤਾਲੇ ਲਗਾਏ ਜਾਂਦੇ ਸਨ। ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤੇ ਇਕ ਠੇਕੇਦਾਰ ਵਲੋਂ। ਸੋ ਠੇਕੇਦਾਰ ਸਾਡੀ ਆਗਿਆ ਲਏ ਬਿਨਾਂ ਤੇ ਆਪਣੇ ਨਾਲ ਸਾਡਾ ਆਦਮੀ ਲਏ ਬਿਨਾਂ ਕੋਈ ਜਿਨਸ ਅੰਦਰੋਂ ਕਢ ਨਹੀਂ ਸੀ ਸਕਦਾ। ਪ੍ਰਚਲਿਤ ਰਵਾਜ ਇਹ ਸੀ ਕਿ ਜਦੋਂ ਠੇਕੇਦਾਰ ਕੋਈ ਜਿਨਸ ਵੇਚਣ ਲਈ ਕਢਣੀ ਚਾਹੁੰਦਾ ਸੀ। ਸਾਡੀ ਆਗਿਆ ਲੈ ਕੇ ਤੇ ਰਕਮ ਪਹਿਲਾਂ ਜਮ੍ਹਾਂ ਕਰਵਾ ਕੇ ਕਢ ਸਕਦਾ ਸੀ। ਸਾਨੂੰ ਡਰ ਸੀ ਕਿ ਜੇ ਕਿਤੇ ਸਰਕਾਰ ਸਖ਼ਤੀ ਦੀ ਪਾਲਿਸੀ 'ਤੇ ਉਤਰ ਆਈ ਤਾਂ ਕ੍ਰਿਧਰੇ ਠੇਕੇਦਾਰ ਹੀ ਨਾ-ਜਾਇਜ਼ ਫ਼ਾਇਦਾ ਨਾ ਉਠਾ ਲੈਣ ਤੇ ਸਾਡੀਆਂ ਰਕਮਾਂ ਡੱਕੀਆਂ ਜਾਣ। ਅਰਥਾਤ ਸਾਨੂੰ ਠੇਕੇਦਾਰਾਂ ਪਾਸੋਂ ਮਿਲ ਨਾ ਸਕਣ ਤਾਂ ਉਸ ਹਾਲਤ ਵਿਚ ਵਸੂਲੀਆਂ ਕਰਨ ਲਈ ਸਾਨੂੰ ਕਿੰਨੀ ਭਾਰੀ ਮੁਸ਼ਕਲ ਪੇਸ਼ ਆਉਂਦੀ। ਅਦਾਲਤਾਂ ਵਿਚ ਜਾਣ ਦੇ ਸਾਡੇ ਰਸਤੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਨਾ-ਮਿਲਵਰਤਣ ਦੇ ਪ੍ਰਸਤਾਵ ਨੇ ਰੋਕ ਰਖੇ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੇਵਲ ਮੇਰੀ ਹੀ ਗਵਾਹੀ ਹੋਈ। ਮੈਂ ਮੁਜ਼ਾਰਿਆਂ ਵਲੋਂ ਕਮੇਟੀ ਦੇ ਹੱਕ ਵਿਚ ਲਿਖੇ ਗਏ ਪਟਿਆਂ ਦੀਆਂ ਨਕਲਾਂ, ਪਟਵਾਰੀ ਦੇ ਰੋਜ਼ਨਾਮਚਾ-ਵਾਕਿਆਤੀ ਦੀ ਮੁਸੱਦਕਾ ਨਕਲ, ਰਜਿਸਟਰ ਦੇ ਅੰਦਰਾਜਾਂ ਦੀਆਂ ਨਕਲਾਂ ਤੇ ਇਕ ਚਿੱਠਾ ਮਾਲਗੁਦਾਮਾਂ ਵਿਚ ਬੰਦ ਪਏ ਅਨਾਜਾਂ ਦੀ ਜਮ੍ਹਾਂ ਦਾ ਤੇ ਠੇਕੇਦਾਰਾਂ ਦੇ ਹਿਸਾਬਾਂ ਦੀ ਨਕਲ ਤੇ ਚਾਬੀਆਂ ਦੇ ਗੁੱਛੇ ਜੋ ਵੱਖੋ ਵੱਖ ਪਿੰਡਾਂ ਦੇ ਮਕਾਨਾਂ ਨੂੰ ਲਗਾਏ ਹੋਏ ਤਾਲਿਆਂ ਦੀਆਂ ਸਨ।

ਮੈਂ ਸਾਰੀ ਤਫ਼ਸੀਲ ਆਪਣੇ ਹਲਫ਼ੀਆ ਬਿਆਨ ਵਿਚ ਵਿਸਥਾਰ ਨਾਲ ਖੋਲ੍ਹ ਕੇ ਲਿਖ ਦਿਤੀ। ਤੇ ਛਾਤੀ ਉਪਰ ਹੱਥ ਰੱਖ ਕੇ ਦਾਅਵੇ ਨਾਲ ਕਿਹਾ ਕਿ ਮਾਲ



Digitized by Panjab Digital Library | www.panjabdigilib.org

ਗੁਦਾਮਾਂ ਵਿਚ ਪਏ ਅਨਾਜਾਂ ਨੂੰ ਤੋਲ ਲਿਆ ਜਾਵੇ। ਜੇ ਸਾਡੇ ਹਿਸਾਬ ਮੂਜਬ ਠੀਕ ਨਾ ਨਿਕਲਣ ਤਾਂ ਅਦਾਲਤ ਜੋ ਜੀਅ ਚਾਹੇ ਮੈਨੂੰ ਸਜ਼ਾ ਦੇਵੇ ਤੇ ਜੁਰਮਾਨਾ ਕਰੇ। ਮੈਂ ਕਿਹਾ, ਪਟਵਾਰੀ ਸਰਕਾਰੀ ਮੁਲਾਜ਼ਮ ਹੈ, ਪਟੇ ਅਰਜ਼ੀ ਨਵੀਸਾਂ ਦੇ ਲਿਖੇ ਹੋਏ ਹਨ। ਨੰਬਰਦਾਰ ਸਰਕਾਰ ਅੰਗਰੇਜ਼ੀ ਦੇ ਬਣਾਏ ਹੋਏ ਹਨ, ਜਿਨ੍ਹਾਂ ਦੇ ਵੰਡਾਈ ਦੇ ਰਜਿਸਟਰਾਂ ਵਿਚ ਦਸਤਖ਼ਤ ਹਨ।

ਜੇ ਅਦਾਲਤ ਇਨਸਾਫ਼ ਕਰਨ ਦੀ ਖ਼ਾਤਰ ਮੁਨਾਸਬ ਖ਼ਿਆਲ ਕਰੇ ਤਾਂ ਆਪਣੇ ਵਲੋਂ ਇਨ੍ਹਾਂ ਨੂੰ ਗਵਾਹੀ ਵਿਚ ਬੁਲਾ ਲਵੇ।

ਮਹੰਤ ਦੇਵਾ ਦਾਸ ਤੇ ਉਸ ਦੇ ਗਵਾਹਾਂ ਦੀਆਂ ਗਵਾਹੀਆਂ ਤੋਂ ਸਾਬਤ ਹੈ ਕਿ ਉਹ ਡਰਦੇ ਮਾਰੇ ਨਾ ਕਦੀ ਪਿੰਡਾਂ ਵਿਚ ਗਏ ਨੇ ਤੇ ਨਾ ਕਦੀ ਵੰਡਾਈ ਕਰਵਾਈ ਨੇ। ਨਾ ਉਨ੍ਹਾਂ ਉਪਰ ਕਦੇ ਕਿਸੇ ਨੇ ਹਮਲਾ ਕੀਤਾ ਤੇ ਨਾ ਹੀ ਉਨ੍ਹਾਂ ਵਾਸਤੇ ਨੁਕਸ ਅਮਨ ਹੋ ਜਾਣ ਦਾ ਕਦੀ ਅੰਦੇਸ਼ਾ ਪੈਦਾ ਹੋਇਆ ਹੈ।

ਜੇ ਸਰਕਾਰ ਏਸ ਮੁਕੱਦਮੇ ਦੀ ਆੜ ਲੈ ਕੇ ਸਾਨੂੰ ਜੇਲਾਂ ਵਿਚ ਸੁਟਣਾ ਚਾਹੁੰਦੀ ਹੈ ਤਾਂ ਉਹ ਗੱਲ ਵੱਖਰੀ ਹੈ। ਅਸੀਂ ਜੇਲਾਂ ਵਿਚ ਜਾਣ ਤੋਂ ਕਦੀ ਨਹੀਂ ਡਰੇ। ਮੈਂ ਤਾਂ ਬੜਾ ਹੀ ਖ਼ੁਸ਼ ਹੋਵਾਂਗਾ ਕਿਉਂਕਿ ਮੈਨੂੰ ਆਰਾਮ ਕਰ ਲੈਣ ਦਾ ਚਾਰ ਦਿਨਾਂ ਲਈ ਮੌਕਿਆ ਨਸੀਬ ਹੋ ਜਾਵੇਗਾ।

ਸਰਦਾਰ ਬਹਾਦਰ ਦੀ ਬੜੀ ਧੜੱਲੇਦਾਰ ਤਕਰੀਰ (ਬਹਿਸ) ਹੋਈ। ਉਨ੍ਹਾਂ ਨੇ ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋਣ ਦੇ ਦਿਨ ਤੋਂ ਅੱਜ ਤੀਕ ਦੀ ਸਾਰੀ ਇਤਿਹਾਸਕ ਲੜੀ ਪਰੋ ਕੇ ਰੱਖ ਦਿਤੀ। ਅਤੇ ਕਿਹਾ ਕਿ :

"ਇਸ ਗੱਲ ਦਾ ਸਾਰੀ ਦਨੀਆ ਨੂੰ ਪਤਾ ਹੈ, ਤੇ ਅੰਗਰੇਜ਼ ਨੂੰ ਸਭ ਤੋਂ ਚੰਗੀ ਤਰ੍ਹਾਂ ਮਲੂਮ ਹੈ ਕਿ ਉਨ੍ਹਾਂ ਸਿੱਖਾਂ ਕੋਲੋਂ ਪੰਜਾਬ ਕਿਸ 'ਬਹਾਦਰੀ' ਨਾਲ ਹਥਿਆ ਕੇ ਕਬਜ਼ੇ ਕੀਤਾ ਹੈ। ਬਾਵਜੂਦ ਏਸ ਸਚਾਈ ਦੇ ਕਿ ਸਰਾਸਰ ਧੋਖੇ ਤੇ ਫ਼ਰੇਬ ਪਾਸੋਂ ਕੰਮ ਲੈ ਕੇ ਉਨ੍ਹਾਂ ਨੂੰ ਆਪਣੀ ਵਰਾਸਤ ਤੋਂ ਵਾਂਝਿਆਂ ਕੀਤਾ ਗਿਆ ਅਤੇ ਨਾ-ਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਤਾਲੀਮ ਦੇਣ ਦੇ ਬਹਾਨੇ ਵਤਨੋਂ ਬੇ-ਵਤਨ ਕਰ ਕੇ ਰੋਲ ਰੋਲ ਮਾਰ ਮੁਕਾਇਆ।

"ਮਹਾਰਾਣੀ ਜਿੰਦਾਂ ਨਾਲ ਜੋ ਅਤਿਆਚਾਰ ਕੀਤੇ ਗਏ ਉਹ ਕਿਸੇ ਕੋਲੋਂ ਗੁੱਝੇ ਨਹੀਂ ਹਨ। ਪਰ ਬਾਵਜੂਦ ਇਨ੍ਹਾਂ ਸਾਰੀਆਂ ਅਸਹਿ ਜ਼ਿਆਦਤੀਆਂ ਦੇ



Digitized by Panjab Digital Library | www.panjabdigilib.org

ਸਿੱਖ ਆਪਣ ਬਚਨ ਨਹੀਂ ਹਾਰੇ ਅਤੇ ਮੋਢੇ ਨਾਲ ਮੋਢਾ ਡਾਹ ਕੇ ਸਰਕਾਰ ਅੰਗਰੇਜ਼ੀ ਦੀ ਹਰ ਜੰਗ ਅੰਦਰ ਸਾਥ ਦੇਂਦੇ, ਲੜਾਈਆਂ ਲੜਦੇ ਤੇ ਜਿੱਤਾਂ ਜਿੱਤ ਜਿੱਤ ਦੇਂਦੇ ਆ ਰਹੇ ਹਨ।"

ਉਨ੍ਹਾਂ ਨੇ ਇਹ ਵੀ ਜਿਤਾਇਆ ਕਿ ਇਹ ਝਗੜਾ ਵੀ ਸਰਕਾਰ ਅਤੇ ਅਕਾਲੀਆਂ ਦੇ ਦਰਮਿਆਨ ਇਕ ਪਾਈ ਗਈ ਗ਼ਲਤ ਫ਼ਹਿਮੀ ਦਾ ਹੀ ਨਤੀਜਾ ਹੈ। ਸਰਕਾਰ ਨੂੰ ਇਹ ਸ਼ੱਕ ਪਾਇਆ ਗਿਆ ਹੈ ਕਿ ਸਿੱਖ ਗੁਰਦੁਆਰਿਆਂ ਦਾ ਬੇ-ਹਿਸਾਬਾ ਰੁਪਿਆ ਸਰਕਾਰ ਨਾਲ ਸਿਆਸੀ ਟੱਕਰ ਲੈਣ ਵਾਸਤੇ ਵਰਤਿਆ ਕਰਨਗੇ, ਤੇ ਅੰਗਰੇਜ਼ ਪਾਸੋਂ ਦੇਸ਼ ਆਜ਼ਾਦ ਕਰਾਉਣ ਦੀ ਜੰਗ ਅੰਦਰ ਇਕ ਅਹਿਮ ਪਾਰਟ ਅਦਾ ਕਰਨਗੇ। ਪਰ ਅੰਗਰੇਜ਼ ਨੂੰ ਇਹ ਇਕ ਭੁਲੇਖਾ ਹੈ ਜੋ ਛੇਤੀ ਹੀ ਦੂਰ ਹੋ ਜਾਵੇਗਾ। ਸਿੱਖ ਕੇਵਲ ਏਨਾ ਹੀ ਚਾਹੁੰਦੇ ਹਨ ਕਿ ਗੁਰਦੁਆਰੇ ਬਦਚਲਨ ਤੇ ਬਦਮਾਸ਼ ਮਹੰਤਾਂ ਤੇ ਪੁਜਾਰੀਆਂ ਪਾਸੋਂ ਆਜ਼ਾਦ ਕਰਵਾ ਲਏ ਜਾਣ ਜੋ ਧਰਮ ਦੇ ਨਾਮ ਉਪਰ ਇਕੱਠੇ ਹੋ ਜਾਣ ਵਾਲੇ ਰੁਪਏ ਨੂੰ ਆਪਣੀਆਂ ਅੱਯਾਸ਼ੀਆਂ ਅਤੇ ਬਦਮਾਸ਼ੀਆਂ ਦੇ ਬਾਜ਼ਾਰ ਗਰਮ ਕਰੀ ਰੱਖਣ ਲਈ ਖ਼ਰਚ ਕਰਦੇ ਹਨ। ਜਿਨ੍ਹਾਂ ਦੇ, ਮਹੰਤ (ਮੈਨੇਜਰ) ਬਣਾਉਣ, ਹਟਾਉਣ ਜਾਂ ਬਦਲਾਉਣ ਵਿਚ ਪੰਥ, ਕਿਸੇ ਪੰਥਕ ਜਥੇ ਜਾਂ ਕਮੇਟੀ ਦਾ ਹੱਥ ਨਹੀਂ ਹੁੰਦਾ, ਤੇ ਜੋ ਜੀਅ ਆਵੇ ਕਰੀ ਜਾਣ ਲਈ ਉਨ੍ਹਾਂ ਦੀਆਂ ਰਾਇਵਾਗਾਂ ਹੁੰਦੀਆਂ ਹਨ। ਅਸੀਂ ਉਨ੍ਹਾਂ ਪਾਸੋਂ ਕੋਈ ਹਿਸਾਬ ਕਿਤਾਬ ਨਹੀਂ ਮੰਗ ਸਕਦੇ।

"ਬਹੁਤ ਸਾਰੇ ਵੱਡੇ ਵੱਡੇ ਗੁਰਦੁਆਰਿਆਂ ਦੇ ਮਹੰਤਾਂ ਪਾਸ ਲੱਖਾਂ ਰੁਪਿਆਂ ਦੀਆਂ ਜਾਇਦਾਦਾਂ ਹਨ, ਅਦਾਲਤਾਂ ਵਿਚ ਵਿਚਾਰੀ ਗ਼ਰੀਬ ਪਰਜਾ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੀ।

'ਦੀਵਾਨੀ ਅਦਾਲਤਾਂ ਵਿਚ ਪੰਦਰਾਂ ਪੰਦਰਾਂ ਵੀਹ ਵੀਹ ਸਾਲ ਮੁਕੱਦਮਿਆਂ ਦੇ ਫ਼ੈਸਲੇ ਹੋਣ ਵਿਚ ਨਹੀਂ ਆਉਂਦੇ।

"ਸਿਆਲ ਕੋਟ ਦੇ ਪ੍ਰਸਿੱਧ ਗੁਰਦੁਆਰੇ "ਬਾਬੇ ਦੀ ਬੇਰ" ਸਾਹਿਬ ਦੇ ਮੁਕੱਦਮੇ ਦਾ ਹਵਾਲਾ ਪੇਸ਼ ਕੀਤਾ ਗਿਆ। ਨਾਲ ਇਹ ਵੀ ਕਿਹਾ ਗਿਆ ਕਿ ਆਪ ਏਸ ਕੁਰਸੀ 'ਤੇ ਡਿਸਟ੍ਰਿਕਟ ਮੈਜਿਸਟਰੇਟ ਦੀ ਹੈਸੀਅਤ ਵਿਚ ਅਰਥਾਤ ਨਿਆਂਕਾਰੀ ਅਦਾਲਤ ਦੇ ਤੌਰ 'ਤੇ ਬਰਾਜਮਾਨ ਹੋ, ਅਦਾਲਤ ਦਾ ਫ਼ਰਜ਼ ਤੇ



Digitized by Panjab Digital Library | www.panjabdigilib.org

ਧਰਮ ਹੈ ਇਨਸਾਫ਼ ਕਰਨਾ। ਇਕ ਪਾਸੇ ਦੁਨੀਆਂ ਦੀ ਜ਼ਬਰਦਸਤ ਸਰਕਾਰ, "ਅੰਗਰੇਜ਼ ਹਕੂਮਤ" ਹੈ ਤੇ ਦੂਜੇ ਪਾਸੇ ਗ਼ਰੀਬ ਤੇ ਬੇ-ਕਸ ਅਕਾਲੀ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਆਪ ਜੁਹ ਕੇ ਫ਼ੈਸਲਾ ਦਿਓਗੇ ਤੇ ਇਨਸਾਫ਼ ਕਰੋਗੇ।"

ਡਿਸਟ੍ਰਿਕਟ ਮੈਜਿਸਟ੍ਰੇਟ ਨੇ ਬਿਨਾਂ ਕਿਸੇ ਦੇਰੀ ਦੇ ਓਸੇ ਵੇਲੇ ਫ਼ੈਸਲਾ ਸੁਣਾ ਦਿਤਾ। ਮਹੰਤ ਦਾ ਮੁਕੱਦਮਾ ਖ਼ਾਰਜ ਹੋ ਗਿਆ।

ਅਦਾਲਤ ਦੇ ਕਮਰੇ ਤੋਂ ਬਾਹਰ ਨਿਕਲਦਿਆਂ ਹੀ ਨਾ ਕੇਵਲ ਮਹੰਤ ਨੇ ਹੀ, ਸਗੋਂ ਉਸ ਦੇ ਵਕੀਲ ਨੇ ਵੀ ਸੌ ਸੌ ਗਾਹਲ ਕੱਢ ਕੇ ਕਿਹਾ ਕਿ ਨਾਲੇ ਤਾਂ ਕੰਜਰਾਂ ਨੇ ਸਾਨੂੰ ਦਾਅਵਾ ਕਰ ਦੇਣ ਲਈ ਹੱਲਾਸ਼ੇਰੀ ਦਿਤੀ ਤੇ ਨਾਲੇ ਸਾਡੇ ਮੁਕੱਦਮੇ ਨੂੰ ਖ਼ਾਰਜ ਕਰ ਮਾਰਿਆ ਹੈ। ਇਹੋ ਜਿਹੇ ਲੋਕਾਂ 'ਤੇ ਕੀ ਏਤਬਾਰ ਕੀਤਾ ਜਾ ਸਕਦਾ ਹੈ!

ਸਰਦਾਰ ਬਹਾਦਰ ਨੇ ਕਿਹਾ, ' ਮਿਸਟਰ ਗਣਪਤ ਰਾਇ ਤੁਸੀਂ ਤਾਂ ਅਜੇ ਇਨ੍ਹਾਂ ਦੀਆਂ ਪਿਛਲੀਆਂ ਹੀ ਸੁਣੀਆਂ ਨੇ, ਅਗਲੀਆਂ ਨਹੀਂ ਸੁਣੀਆਂ ਭਾਵੇਂ ਕੋਈ ਵੀ ਅਦਾਲਤ ਹੁੰਦੀ, ਜੇ ਮਿਸਲ ਦੇ ਆਧਾਰ 'ਤੇ ਨਿਆਂ ਕਰਦੀ ਤਾਂ ਉਸ ਨੇ ਵੀ ਇਹੋ ਹੀ ਫ਼ੈਸਲਾ ਦੇਣਾ ਸੀ ਜੋ ਅਸੀਂ ਅੱਜ ਏਸ ਅਦਾਲਤ ਪਾਸੋਂ ਲੈ ਕੇ ਜਾ ਰਹੇ ਹਾਂ।"



Digitized by Panjab Digital Library | www.panjabdigilib.org

# ਬਾਬਾ ਗੁਰਦਿਤ ਸਿੰਘ ਜੀ

## ਦੀਵਾਨ ਮਹੇਸ਼ ਦਾਸ ਐਸ. ਡੀ. ਓ. ਤੇ ਮੈਂ

'ਬਾਬਾ ਗੁਰਦਿਤ ਸਿੰਘ ਜੀ, ਕੌਮਾਗਾਟਾ ਮਾਰੂ' ਦੇ ਨਾਮ ਤੋਂ ਕੌਣ ਜਾਣੂੰ ਨਹੀਂ । ਸਾਰੇ ਹਿੰਦੁਸਤਾਨ ਦੀ ਪੁਲੀਸ ਤੇ ਸੀ. ਆਈ. ਡੀ. ਸੱਤ ਸਾਲ ਟੱਕਰਾਂ ਮਾਰਦੀ ਰਹੀ, ਪਰ ਉਸ ਨੂੰ ਗ੍ਰਿਫ਼ਤਾਰ ਨਾ ਕਰ ਸਕੀ । ਉਹ ਆਪਣੇ ਕੀਤੇ ਗਏ ਏਲਾਨ ਦੀ ਪੂਰਤੀ ਵਿਚ ਪ੍ਰਗਟ ਹੋਣ ਵਾਸਤੇ ਨਨਕਾਣਾ ਸਾਹਿਬ ਪੁੱਜ ਪਏ ਸਨ । ਉਨ੍ਹਾਂ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰਨਾ ਸੀ । ਪ੍ਰਗਟ ਹੋਣ ਦਾ ਸਮਾਂ ਤੇ ਅਸਥਾਨ ਵੀ ਉਨ੍ਹਾਂ ਨਿਯਤ ਕਰ ਦਿਤਾ ਸੀ ਤੇ ਉਹ ਸਮਾਂ ਸਵੇਰ ਦੇ ਦੀਵਾਨ ਦਾ ਮਿਥਿਆ ਗਿਆ ਸੀ ।

ਹਾਕਮ ਇਲਾਕਾ (S. D. O.) ਦੀਵਾਨ ਮਹੇਸ਼ ਦਾਸ ਹੁੰਦਾ ਸੀ । ਉਹ ਸਵੇਰੇ ਸਵੇਰੇ ਮੇਰੇ ਪਾਸ ਆਇਆ ਤੇ ਵੱਖਰਿਆਂ ਹੋ ਕੇ ਗੱਲ ਬਾਤ ਕਰਨ ਦੀ ਮੰਗ ਕੀਤੀ । ਮੈਂ ਸੇਵਾਦਾਰ ਨੂੰ ਬਾਹਰ ਭੇਜ ਦਿਤਾ ਤੇ ਦਰਵਾਜ਼ੇ ਨੂੰ ਅੰਦਰੋਂ ਕੁੰਡੀ ਲਗਾ ਕੇ ਦੀਵਾਨ ਮਹੇਸ਼ ਦਾਸ ਨੂੰ ਕਿਹਾ ਕਿ "ਲਉ ! ਹੁਣ ਸਾਥੋਂ ਦੋਹਾਂ ਤੋਂ ਬਿਨਾਂ ਏਥੇ ਕੋਈ ਨਹੀਂ ਹੈ । ਜੋ ਗੱਲਬਾਤ ਕਰਨੀ ਚਾਹੋ ਹੁਣ ਬੇ-ਖਟਕੇ ਕਰ ਸਕਦੇ ਹੋ । ਸੁਣ ਕੋਈ ਨਹੀਂ ਸਕਦਾ ।"

ਜਿਸ 'ਤੇ ਉਸ ਨੇ ਮੈਨੂੰ ਕਿਹਾ, ਤੁਹਾਨੂੰ ਪਤਾ ਹੀ ਹੈ, ਕਿ ਬਾਬਾ ਗੁਰਦਿਤ ਸਿੰਘ ਇਸ਼ਤਿਹਾਰੀ ਮੁਲਜ਼ਮ ਹੈ । ਏਸ ਵੇਲੇ ਉਹ ਨਨਕਾਣਾ ਸਾਹਿਬ



Digitized by Panjab Digital Library | www.panjabdigilib.org

ਵਿਚ ਹੀ ਕਿਧਰੇ ਮੌਜੂਦ ਹੈ । ਤੇ ਤੇਰੀ ਪਨਾਹ ਵਿਚ ਹੈ । ਉਨ੍ਹਾਂ ਨੇ ਮੇਰੇ ਘਰਾਣੇ ਦਾ ਬਹੁਤ ਨਮਕ ਖਾਧਾ ਹੋਇਆ ਹੈ । ਉਹ ਨਹੀਂ ਚਾਹੁੰਦਾ ਕਿ ਮੇਰੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰੇ । ਪਰ ਇਹ ਤਦੇ ਹੀ ਹੋ ਸਕਦਾ ਹੈ ਜੇ ਮੈਂ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਵਾ ਦੇਵਾਂ ।

ਮੈਂ ਉਸ ਨੂੰ ਬਥੇਰਾ ਸਮਝਾਇਆ ਕਿ ਇਹ ਗ਼ਲਤ ਹੈ ਕਿ ਬਾਬਾ ਜੀ ਮੇਰੀ ਪਨਾਹ ਵਿਚ ਜਾਂ ਇਲਮ ਵਿਚ ਵੀ ਹਨ ਕਿ ਕਿਥੇ ਹਨ । ਮੈਂ ਉਸ ਨੂੰ ਇਹ ਵੀ ਕਿਹਾ ਕਿ ਸੁਣਿਆ ਤਾਂ ਮੈਂ ਵੀ ਹੈ ਕਿ ਉਹ ਨਨਕਾਣਾ ਸਾਹਿਬ ਵਿਚ ਪਹੁੰਚ ਚੁੱਕੇ ਹਨ, ਪਰ ਅਜੇ ਮੈਨੂੰ ਉਨ੍ਹਾਂ ਦੇ ਦਰਸ਼ਨ ਕੋਈ ਨਹੀਂ ਹੋਏ ਤੇ ਨਾ ਮੈਨੂੰ ਉਨ੍ਹਾਂ ਦੇ ਏਥੇ ਠਹਿਰਨ ਦਾ ਤੇ ਥਾਂ ਟਿਕਾਣੇ ਦਾ ਹੀ ਕੋਈ ਥਹੁ ਪਤਾ ਹੈ ।

ਨਾਲ ਹੀ ਮੈਂ ਇਹ ਵੀ ਕਹਿ ਦਿਤਾ ਕਿ ਮੈਨੂੰ ਪਤਾ ਹੁੰਦਾ ਵੀ ਤਦ ਵੀ ਮੈਂ ਉਸ ਦੀ ਏਸ ਮਾਮਲੇ ਵਿਚ ਕੋਈ ਮਦਦ ਨਹੀਂ ਸੀ ਕਰਨੀ । ਕਿਉਂਕਿ ਇਹ ਮੇਰਾ ਫ਼ਰਜ਼ ਨਹੀਂ ਹੈ ਕਿ ਕਿਸੇ ਗੁਰਦੁਆਰੇ ਆਏ ਯਾਤਰੂ ਨੂੰ ਪੁਲਸ ਦੇ ਹਵਾਲੇ ਕਰ ਦਵਾਂ ਜਾਂ ਉਸ ਦੀ ਬਾਬਤ ਪੁਲਿਸ ਪਾਸ ਮੁਖ਼ਬਰੀ ਕਰਦਾ ਫਿਰਾਂ । ਪਨਾਹ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਕਿਉਂਕਿ ਹਰ ਸਿਖ ਨੂੰ ਹੀ ਨਹੀਂ ਸਗੋਂ ਹਰ ਪ੍ਰਾਣੀ ਮਾਤਰ ਨੂੰ ਬਿਨਾਂ ਕਿਸੇ ਵੰਡ ਵਿਤਕਰੇ ਦੇ ਗੁਰਦੁਆਰੇ ਦੇ ਦਰਸ਼ਨ ਕਰਨ, ਗੁਰੂ ਕੀ ਸਰਾਇ ਵਿਚ ਜੋ ਗੁਰਦੁਆਰੇ ਦੀ ਹੱਦ ਅੰਦਰ ਹੈ ਕਿਸੇ ਨੂੰ ਵੀ ਠਹਿਰ ਸਕਣ ਦਾ ਪੂਰਨ ਅਧਿਕਾਰ ਹੈ ।

ਜੇ ਕੋਈ ਵੀ ਆ ਕੇ ਮੇਰੇ ਕੋਲੋਂ ਠਹਿਰਨ ਲਈ ਥਾਂ ਮੰਗੇ ਤਾਂ ਮੈਂ ਉਸ ਲਈ ਪਰਬੰਧ ਕਰ ਦੇਣਾ ਆਪਣਾ ਫ਼ਰਜ਼ ਸਮਝਦਾ ਹਾਂ । ਤੇ ਜੇ ਕੋਈ ਆਪਣੇ ਆਪ ਹੀ ਕਿਸੇ ਥਾਂ ਟਿਕਾਣਾ ਮਲ ਬਹੇ, ਤਾਂ ਉਸ ਦੀ ਮਰਜ਼ੀ ।

ਬਥੇਰਾ ਚਿਰ ਰਗੜਾ ਝਗੜਾ ਲਗਾ ਰਿਹਾ, ਪਰ ਉਹ ਇਕੋ ਰਟ ਲਗਾਈ ਗਿਆ ਕਿ ਉਹ 'ਨਿਮਕ ਹਰਾਮ' ਨਹੀਂ ਅਖਵਾਉਣਾ ਚਾਹੁੰਦਾ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਹੁਕਮ ਆਪਣੀ ਕਲਮ ਨਾਲ ਨਹੀਂ ਲਿਖੇਗਾ ।

ਮੈਨੂੰ ਉਸ ਦੀਆਂ ਗੱਲਾਂ 'ਤੇ ਕ੍ਰੋਧ ਆ ਗਿਆ ਤੇ ਮੈਂ ਉਸ ਨੂੰ ਗਜ ਵਜ ਕੇ ਕਹਿ ਦਿਤਾ ਕਿ ਜੋ ਜੀ ਆਵੇ ਉਹ ਕਰ ਲਵੇ । ਜੋ ਅਕਾਲੀ ਸੇਵਾਦਾਰ ਉਨ੍ਹਾਂ ਦੇ ਆਪਣੇ ਸਮੇਤ ਏਥੇ ਮੌਜੂਦ ਹਨ, ਉਹ ਆਪਣੀਆਂ ਗ੍ਰਿਫ਼ਤਾਰੀਆਂ



Digitized by Panjab Digital Library | www.panjabdigilib.org

ਦੇਣ ਤੋਂ ਨਹੀਂ ਟਲਣਗੇ ।

ਨਾਲ ਹੀ ਮੈਂ ਉਨ੍ਹਾਂ ਨੂੰ ਯਕੀਨ ਦਵਾ ਦਿਤਾ ਕਿ "ਇਨ੍ਹਾਂ ਤਿਲਾਂ ਵਿਚ ਤੇਲ ਹੈ ਨਹੀਂ । ਆਪਣਾ ਕੀਮਤੀ ਵਕਤ ਜ਼ਾਇਆ ਨਾ ਕਰੋ ਤੇ ਨਾ ਮੇਰਾ ਹੀ ਕੰਮ ਦਾ ਹਰਜ ਕਰੋ ।"

ਮੈਂ ਉਠ ਕੇ ਦਰਵਾਜ਼ਾ ਖੋਲ੍ਹ ਦਿਤਾ ਤੇ ਉੱਚੀ ਆਵਾਜ਼ ਦੇ ਕੇ ਸੇਵਾਦਾਰ ਨੂੰ ਅੰਦਰ ਸੱਦ ਲਿਆ । ਸੇਵਾਦਾਰ ਆ ਗਿਆ ਤੇ ਦੀਵਾਨ ਮਹੇਸ਼ ਦਾਸ ਚਲਦਾ ਬਣਿਆ ।

ਦੁਪਹਿਰ ਵੇਲੇ ਇਕ ਵਡੇ ਭਾਰੀ ਦੀਵਾਨ ਵਿਚ ਬਾਬਾ ਗੁਰਦਿਤ ਸਿੰਘ ਬਾਰੇ ਆਪਣੇ ਲੈਕਚਰ ਵਿਚ ਚਾਨਣਾ ਪਾਇਆ । ਅੱਜ ਦੀਵਾਨ ਵਿਚ ਬਾਬਾ ਗੁਰਦਿਤ ਸਿੰਘ ਜੀ ਦੇ ਪ੍ਰਗਟ ਹੋ ਜਾਣ ਬਾਰੇ ਕਰੀਬ ਕਰੀਬ ਹਰ ਯਾਤਰੀ ਤੇ ਦਰਸ਼ਕ ਨੂੰ ਇਲਮ ਹੋ ਗਿਆ ਹੋਇਆ ਸੀ ।

ਸਟੇਜ ਤੋਂ ਬਾਬਾ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਗਈ ਕਿ ਉਹ ਜਿਥੇ ਵੀ ਹੋਣ ਖੜੇ ਹੋ ਜਾਣ ਤੇ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕਰਨ । ਉਹ ਦੀਵਾਨ ਵਿਚ ਜੁੜੀ ਹੋਈ ਭਾਰੀ ਸੰਗਤ ਅੰਦਰ ਉਠ ਕੇ ਖੜੇ ਹੋ ਗਏ । ਸੰਗਤਾਂ ਨੇ ਸਤਿ ਸ੍ਰੀ ਅਕਾਲ ਦੇ ਅੰਬਰ ਭੇਦੀ ਜੈਕਾਰਿਆਂ ਨਾਲ ਜ਼ਮੀਨ ਅਸਮਾਨ ਹਿਲਾ ਦਿਤੇ । ਦੀਵਾਨ ਦੇ ਪ੍ਰਬੰਧਕ ਉਨ੍ਹਾਂ ਨੂੰ ਸਟੇਜ ਉਪਰ ਲੈ ਆਏ ।

ਬਾਬਾ ਜੀ ਨੇ ਸਟੇਜ 'ਤੇ ਖਲੋ ਕੇ ਇਕ ਪ੍ਰਭਾਵਸ਼ਾਲੀ ਲੈਕਚਰ ਦਿਤਾ ਤੇ ਆਪਣੇ ਤਜਰਬਿਆਂ ਦੇ ਆਧਾਰ 'ਤੇ ਖੋਲ੍ਹ ਕੇ ਦਸਿਆ ਕਿ ਅਮਰੀਕਾ ਦੀ ਸਰਕਾਰ ਨੇ ਕਿਸ ਤਰ੍ਹਾਂ ਹਿੰਦੀਆਂ ਨੂੰ ਆਪਣੇ ਦੇਸ ਵਿਚੋਂ ਦੂਰ ਰਖਣ ਦੇ ਕਾਨੂੰਨ ਬਣਾ ਦਿਤੇ ਤੇ ਜਦ ਪ੍ਰਚਲਿਤ ਕਾਨੂੰਨ ਅਨੁਸਾਰ ਉਹ ਜਾਪਾਨ ਵਾਲਿਆਂ ਕੋਲੋਂ ਸਾਰੇ ਦਾ ਸਾਰਾ "ਕੌਮਾ ਗਾਟਾ ਮਾਰੂ" ਨਾਮ ਦਾ ਜਹਾਜ਼ ਕਿਰਾਏ 'ਤੇ ਲੈ ਕੇ ਅਮਰੀਕਾ ਪੁਜੇ ਤਾਂ ਉਥੋਂ ਦੀ ਸਰਕਾਰ ਨੇ ਪਹਿਲੇ ਕਾਨੂੰਨ ਨੂੰ ਬਦਲ ਕੇ ਹੋਰ ਕਾਨੂੰਨ ਲਾਗੂ ਕਰ ਦਿਤਾ ਅਤੇ ਉਨ੍ਹਾਂ ਨੂੰ ਆਪਣੇ ਬੇਅੰਤ ਸਾਥੀਆਂ ਸਮੇਤ ਕਿਨਾਰੇ ਲਗਣ ਦੀ ਆਗਿਆ ਨਾ ਦਿਤੀ । ਉਨ੍ਹਾਂ ਦੇ ਜਹਾਜ਼ ਨੂੰ ਵਾਪਸ ਹੋ ਜਾਣ ਦਾ ਹੁਕਮ ਦੇ ਦਿਤਾ । ਜਿਸ 'ਤੇ ਉਹ ਹਾਰ ਕੇ ਕਲਕੱਤੇ ਦੀ ਬਜਬਜ ਘਾਟ 'ਤੇ ਉਤਾਰਾ ਕਰਨ ਵਾਸਤੇ ਜਾ ਪਹੁੰਚੇ । ਜਿਥੇ ਹਿੰਦ ਸਰਕਾਰ



Digitized by Panjab Digital Library | www.panjabdigilib.org

ਦੀ ਪੁਲੀਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਮਗਰ ਪੈ ਗਈ ।

ਉਨ੍ਹਾਂ ਉਪਰ ਗੋਲੀ ਚਲਾ ਦਿਤੀ ਗਈ, ਜਿਸ 'ਤੇ ਜਹਾਜ਼ ਦੇ ਮੁਸਾਫ਼ਰਾਂ ਨੇ ਵੀ ਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਗੋਲੀ ਦਾ ਜਵਾਬ ਗੋਲੀ ਵਿਚ ਦਿਤਾ । ਦੋਹਾਂ ਪਾਸਿਆਂ ਦਾ ਬਹੁਤ ਸਾਰਾ ਜਾਨੀ ਨੁਕਸਾਨ ਹੋ ਗਿਆ । ਬਥੇਰੇ ਬੰਦੇ ਫਟੜ ਹੋ ਗਏ ਤੇ ਬਹੁਤ ਸਾਰੇ ਨੱਸ ਭੱਜ ਗਏ । ਜਿਨ੍ਹਾਂ ਨੱਸ ਨਿਕਲਣ ਵਾਲਿਆਂ ਵਿਚ ਬਾਬਾ ਜੀ ਆਪ ਵੀ ਸ਼ਾਮਲ ਸਨ ।

ਉਨ੍ਹਾਂ ਨੂੰ ਇਸ਼ਤਿਹਾਰੀ ਮੁਲਜ਼ਮ ਕਰਾਰ ਦਿਤਾ ਗਿਆ । ਉਹ ਸਤ ਸਾਲ ਆਪਣੇ ਦੇਸ ਵਿਚ ਹੀ ਅਲੋਪ ਹੋਏ ਰਹੇ ਤੇ ਗੁਮਨਾਮੀ ਦਾ ਜੀਵਨ ਬਤੀਤ ਕਰਦੇ ਰਹੇ । ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਬਥੇਰਾ ਸਿਰ ਪਟਕ ਲਿਆ, ਪਰ ਉਹ ਕਾਬੂ ਨਾ ਆ ਸਕੇ ।

ਹੁਣ ਉਹ ਆਪਣੀ ਖ਼ੁਸ਼ੀ ਨਾਲ ਗ੍ਰਿਫ਼ਤਾਰ ਹੋ ਜਾਣ ਵਾਸਤੇ ਆਪਣੇ ਆਪ ਨੂੰ ਸਰਕਾਰ ਦੇ ਹਵਾਲੇ ਕਰਨ ਵਾਸਤੇ ਆ ਗਏ ਹਨ । ਅੱਜ ਸਰਕਾਰੀ ਕਰਮਚਾਰੀਆਂ ਨਾਲ ਸਮਾਂ ਤੇ ਅਸਥਾਨ ਨਿਯੁਕਤ ਕਰ ਕੇ ਉਨ੍ਹਾਂ ਨੇ ਪੇਸ਼ ਹੋ ਜਾਣਾ ਹੈ ।

ਪੁਲੀਸ ਵੀ ਬਾਬਾ ਜੀ ਦਾ ਸਾਰਾ ਲੈਕਚਰ ਦੀਵਾਨ ਵਿਚ ਪੁਜ ਕੇ ਸੁਣਦੀ ਰਹੀ ਸੀ । ਤੇ ਲੈਕਚਰ ਦੇ ਨਾਲ ਨਾਲ ਹੀ ਸੈਂਕੜਿਆਂ ਦੀ ਗਿਣਤੀ ਵਿਚ ਬਾ-ਵਰਦੀ ਇਕੱਤਰ ਹੋ ਚੁੱਕੀ ਸੀ । ਸੁ ਦੀਵਾਨ ਦੀ ਸਮਾਪਤੀ ਦਾ ਐਲਾਨ ਹੋ ਜਾਣ ਤੋਂ ਪਹਿਲਾਂ ਹੀ ਦੀਵਾਨ ਨੂੰ ਚਾਰ ਚੁਫੇਰੇ ਤੋਂ ਘੇਰਾ ਘਤ ਲਿਆ । ਉਨ੍ਹਾਂ ਦੇ ਇਨਚਾਰਜ ਅਫ਼ਸਰ ਨੂੰ ਬੁਲਾ ਕੇ ਸਮਝਾ ਦਿਤਾ ਗਿਆ, ਕਿ ਬਾਬਾ ਜੀ ਨੂੰ ਉਸੇ ਥਾਂ ਗ੍ਰਿਫ਼ਤਾਰ ਕਰਨ ਦੀ ਗ਼ਲਤੀ ਨਾ ਕੀਤੀ ਜਾਵੇ । ਨਹੀਂ ਤਾਂ ਖ਼ੂਨ ਖ਼ਰਾਬਾ ਹੋ ਜਾਣ ਦਾ ਸਖ਼ਤ ਖ਼ਤਰਾ ਪੈਦਾ ਹੋ ਜਾਵੇਗਾ । ਕਿਉਂਕਿ ਜਨਤਾ ਅੰਦਰ ਬੜਾ ਜੋਸ਼ ਭਰਿਆ ਗਿਆ ਹੋਇਆ ਹੈ ।

ਨਾਲ ਹੀ ਮੈਂ ਡੀ. ਸੀ. ਨੂੰ ਚਿੱਠੀ ਲਿਖ ਕੇ ਡਾਕ ਬੰਗਲੇ ਭੇਜ ਦਿਤੀ ਕਿ ਬਾਬਾ ਜੀ ਆਪਣੇ ਆਪ ਨੂੰ ਡਾਕ ਬੰਗਲੇ ਹੀ ਗ੍ਰਿਫ਼ਤਾਰੀ ਵਾਸਤੇ Surrender (ਹਵਾਲੇ) ਕਰਨਗੇ । ਪੁਲੀਸ ਨੂੰ ਹਦਾਇਤ ਕੀਤੀ ਜਾਵੇ ਕਿ ਉਨ੍ਹਾਂ ਨੂੰ ਵਕਤ ਤੋਂ ਪਹਿਲਾਂ ਜਾਂ ਰਸਤੇ ਵਿਚ ਗ੍ਰਿਫ਼ਤਾਰ ਕਰਨ ਦਾ ਯਤਨ ਨਾ ਕਰੇ ਵਰਨਾ



Digitized by Panjab Digital Library | www.panjabdigilib.org

ਫ਼ਸਾਦ ਫੁਟ ਪੈਣ ਦਾ ਡਰ ਹੈ।

ਨਾਲ ਹੀ ਮੈਂ ਇਹ ਵੀ ਲਿਖ ਭੇਜਿਆ ਕਿ ਜਿਸ ਸ਼ਖ਼ਸ ਨੂੰ ਸਾਰੇ ਹਿੰਦੁਸਤਾਨ ਭਰ ਦੀ ਪੁਲੀਸ ਤੇ ਸੀ. ਆਈ. ਡੀ. ਸਤ ਸਾਲ ਟੱਕਰਾਂ ਮਾਰਦੀ ਫਿਰਨ 'ਤੇ ਨਹੀਂ ਪਕੜ ਸਕੀ ਉਸ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਏਸ ਵੇਲੇ ਏਨੀ ਸਰਗਰਮੀ ਦਿਖਾਉਣ ਦੀ ਲੋੜ ਹੀ ਕੀ ਹੈ ? ਜਦ ਕਿ ਉਹ ਇਕ ਆਮ ਦੀਵਾਨ ਵਿਚ ਆਪ ਹੀ ਐਲਾਨ ਆਮ ਕਰ ਚੁੱਕੇ ਹਨ ਕਿ ਉਹ ਨਨਕਾਣਾ ਸਾਹਿਬ ਆਏ ਹੀ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾਉਣ ਵਾਸਤੇ ਹਨ ਅਤੇ ੪ ਵਜੇ ਸ਼ਾਮ ਦੇ (ਅਰਥਾਤ ਹੁਣ ਤੋਂ ਕੇਵਲ ਦੋ ਘੰਟੇ ਬਾਅਦ) ਡਾਕ ਬੰਗਲੇ ਆਪ ਜੀ ਪੇਸ਼ ਹੋਣ ਵਾਲੇ ਹੀ ਹਨ, ਤਾਂ ਐਵੇਂ ਰਾਹ ਜਾਂਦੇ ਮੁਸੀਬਤ ਖੜੀ ਕਰ ਲੈਣ ਦਾ ਮਤਲਬ ਹੀ ਕੀ ?? ਮਾਲੂਮ ਹੁੰਦਾ ਸੀ ਕਿ ਪੁਲਿਸ ਨੂੰ ਹਦਾਇਤ ਕਰ ਦਿਤੀ ਗਈ ਸੀ ਕਿ ਉਹ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਯਤਨ ਨਾ ਕਰੇ।

ਕੋਈ ਸਾਢੇ ਤਿੰਨ ਵਜੇ ਦੇ ਕਰੀਬ ਬਾਬਾ ਜੀ ਨੂੰ ਮਹੰਤ ਵਾਲੇ ਚੀਨੇ ਘੋੜੇ 'ਤੇ ਸਵਾਰ ਕਰਵਾ ਦਿਤਾ ਗਿਆ, ਘੋੜੇ ਦੇ ਅਗੇ ਅਗੇ ਪੰਜ ਪੰਜ ਦੀਆਂ ਕਿਤਾਰਾਂ ਵਿਚ ਅਕਾਲੀ ਜਥੇ ਮਾਰਚ ਕਰ ਰਹੇ ਸਨ। ਬਾਬਾ ਜੀ ਦੇ ਘੋੜੇ ਦੇ ਅਗੇ ਪਿਛੇ ਅਤੇ ਦੋਹੀਂ ਪਾਸੀਂ ਵੀ ਅਕਾਲੀ ਸਿੰਘਾਂ ਦਾ ਤਕੜਾ ਘੇਰਾ ਸੀ। ਬਾਬਾ ਜੀ ਤੇ ਉਨ੍ਹਾਂ ਦਾ ਘੋੜਾ ਸਿਹਰਿਆਂ ਨਾਲ ਲਦੇ ਹੋਏ ਸਨ।

ਅਗੇ ਅਗੇ ਬੈਂਡ ਵਾਜਾ ਵਜ ਰਿਹਾ ਸੀ ਤੇ ਜੈਕਾਰਿਆਂ ਦੀਆਂ ਘਨਘੋਰਾਂ ਨਾਲ ਜ਼ਮੀਨ ਅਸਮਾਨ ਗੂੰਜ ਰਹੇ ਸਨ। ਜਦ ਜਲੂਸ ਡਾਕ ਬੰਗਲੇ ਦਾ ਮੋੜ ਮੁੜਨ ਲਗਾ ਤਾਂ ਇਕ ਨੌਜਵਾਨ ਗੋਰਾ ਬਹੁਤ ਸਾਰੀ ਪੁਲੀਸ ਲੈ ਕੇ ਜਲੂਸ ਵਲ ਨੂੰ ਵਧਿਆ ਤੇ ਘੇਰੇ ਨੂੰ ਤੋੜ ਕੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਯਤਨ ਕਰਨ ਲਗਾ। ਏਧਰ ਅਕਾਲੀ ਸਿੰਘ ਨੇ ਵੀ ਕ੍ਰਿਪਾਨਾਂ ਧੂਹ ਲਈਆਂ।

ਮੈਨੂੰ ਬੜਾ ਹੀ ਗ਼ੁੱਸਾ ਚੜ੍ਹਿਆ ਤੇ ਅੰਗ੍ਰੇਜ਼ ਛੋਕਰੇ ਨੂੰ ਡਾਂਟ ਕੇ ਕਿਹਾ: "Don't be fool and create trouble, you and your policemen will be cut to Pieces and untold number of Akalies will be arrested, tried and hanged. The gentleman is going to surrender himself. What is the object of



Digitized by Panjab Digital Library | www.panjabdigilib.org

all this show ? ਅਰਥਾਤ :— "ਮੂਰਖ ਨਾ ਬਣ ! ਤੇ ਹੋਰ ਮੁਸੀਬਤ ਖੜੀ ਕਰਨ ਦੀ ਗ਼ਲਤੀ ਨਾ ਕਰ। ਤੂੰ ਤੇ ਤੇਰੀ ਪੁਲੀਸ ਸਭ ਦੇ ਸਭ ਇਕ ਆਨ ਦੀ ਆਨ ਵਿਚ ਟੋਟੇ ਕਰ ਦਿਤੇ ਜਾਉਗੇ। ਅਣਗਿਣਤ ਹੀ ਅਕਾਲੀ ਗ੍ਰਿਫ਼ਤਾਰ ਕੀਤੇ ਜਾਣਗੇ, ਉਨ੍ਹਾਂ ਉਪਰ ਮੁਕੱਦਮੇ ਚਲਣਗੇ ਤੇ ਕਈ ਫ਼ਾਂਸੀਆਂ 'ਤੇ ਲਟਕਾ ਦਿਤੇ ਜਾਣਗੇ।

"ਜਦ ਉਹ ਭਲਾ ਲੋਕ ਬਜ਼ੁਰਗ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਰਿਹਾ ਹੈ ਫੇਰ ਪੁਲਸ ਦੀ ਇਹ ਸਾਰੀ ਭਜ ਨੱਠ ਕਿਸ ਵਾਸਤੇ ?" ਮੇਰੀ ਜਾਚੇ ਉਹ ਏਨੇ ਦਬਕੇ ਨਾਲ ਹੀ ਘਬਰਾ ਗਿਆ ਤੇ ਪੁਲਸ ਨੂੰ ਪਿਛੇ ਹਟ ਜਾਣ ਦਾ ਹੁਕਮ ਦੇ ਦਿਤਾ।

ਦੋ ਚਾਰ ਮਿੰਟ ਮਗਰੋਂ ਬਾਬਾ ਜੀ ਡਾਕ ਬੰਗਲੇ ਘੋੜੇ ਤੋਂ ਜਾ ਲੱਥੇ ਤੇ ਮੇਰੇ ਨਾਲ ਡਿਪਟੀ ਦੇ ਨਾਲ ਵਾਲੀ ਕੁਰਸੀ ਉਪਰ ਜਾ ਬੈਠੇ। ਮੈਂ ਅਕਾਲੀ ਫ਼ੌਜਾਂ ਨੂੰ ਵਾਪਸ ਗੁਰਦੁਆਰੇ ਚਲੇ ਜਾਣ ਲਈ ਕਿਹਾ ਤਾਂ ਉਹ ਉਸੇ ਤਰ੍ਹਾਂ ਅਮਨ ਚੈਨ ਨਾਲ ਚਾਰ ਚਾਰ ਦੀਆਂ ਕਤਾਰਾਂ ਵਿਚ ਮਾਰਚ ਕਰਦੇ ਗੁਰਦੁਆਰੇ ਨੂੰ ਚਾਲੇ ਪਾ ਗਏ।

ਕੁਝ ਕੁ ਮਿੰਟਾਂ ਮਗਰੋਂ ਮੈਂ ਵੀ ਬਾਬਾ ਜੀ ਤੇ ਡੀ. ਸੀ. ਪਾਸੋਂ ਆਗਿਆ ਲੈ ਕੇ ਗੁਰਦੁਆਰੇ ਵਾਪਸ ਆ ਗਿਆ। ਬਾਬਾ ਜੀ ਨੂੰ ਇਕ ਸਪੈਸ਼ਲ ਟਰੇਨ 'ਤੇ ਰਾਤੋ ਰਾਤ ਹੀ ਲਾਹੌਰ ਲੈ ਆਂਦਾ ਗਿਆ। ਓਥੋਂ ਕੁਝ ਦਿਨਾਂ ਵਾਸਤੇ ਅੰਮ੍ਰਿਤਸਰ ਜੇਲ ਵਿਚ ਲਿਆ ਕੇ ਅਦਾਲਤ ਅੰਦਰ ਪੇਸ਼ੀਆਂ ਹੁੰਦੀਆਂ ਰਹੀਆਂ ਤੇ ਛੇਤੀ ਉਨ੍ਹਾਂ ਦੇ ਖ਼ਿਲਾਫ਼ ਮੁਕੱਦਮਾ ਵਾਪਸ ਲੈ ਕੇ ਉਨ੍ਹਾਂ ਨੂੰ ਰਿਹਾ ਕਰ ਦਿਤਾ ਗਿਆ। ਕਿਉਂਕਿ ਜਿਸ ਕਾਨੂੰਨ ਦੇ ਅਧੀਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਵਿਰੁਧ ਮੁਕੱਦਮਾ ਚਲਾਇਆ ਜਾ ਰਿਹਾ ਸੀ ਉਸ ਕਨੂੰਨ ਦੀ ਮਿਆਦ ਹੀ ਖ਼ਤਮ ਹੋ ਚੁਕੀ ਸੀ।



Digitized by Panjab Digital Library | www.panjabdigilib.org

# ਮਹੰਤ ਮੂਲੀ ਦਾਸ ਤੇ ਮੈਂ

ਪੰਜਾਬ ਸਰਕਾਰ ਤੇ ਜ਼ਿਲੇ ਦੇ ਅਫਸਰਾਂ ਪਾਸ ਆਏ ਦਿਨ ਸ਼ਕਾਇਤਾਂ ਪੁਜ ਰਹੀਆਂ ਸਨ ਕਿ ਨਨਕਾਣਾ ਸਾਹਿਬ ਵਿਚ ਅਕਾਲੀਆਂ ਨੇ ਬੜੀ ਅੰਨ੍ਹੀ ਮਚਾ ਰਖੀ ਹੈ। ਜੋ ਉਨ੍ਹਾਂ ਦੇ ਮਨ ਆਉਂਦਾ ਹੈ ਕਰ ਰਹੇ ਹਨ। ਉਨ੍ਹਾਂ ਵਾਸਤੇ ਕੋਈ ਕਾਨੂੰਨ ਕੋਈ ਅਰਥ ਨਹੀਂ ਰਖਦਾ। ਕਾਨੂੰਨ ਨੂੰ ਉਨ੍ਹਾਂ ਨੇ ਆਪਣੇ ਹੱਥ ਲੈ ਰਖਿਆ ਹੈ। ਜਿਸ ਮਕਾਨ ਨੂੰ ਜੀ ਕਰਦਾ ਹੈ ਢਾਹ ਦੇਂਦੇ ਹਨ ਤੇ ਜਿਸ ਮਕਾਨ 'ਤੇ ਦਿਲ ਆ ਜਾਵੇ ਜ਼ਬਰਦਸਤੀ ਕਬਜ਼ਾ ਕਰ ਲੈਂਦੇ ਹਨ। ਰੋਜ਼ ਬੇ-ਦੋਸ਼ੇ ਲੋਕਾਂ ਨੂੰ ਗਿੱਦੜ ਕੁਟ ਫੇਰਦੇ ਰਹਿੰਦੇ ਹਨ। ਆਪੇ ਆਪਣੀਆਂ ਅਦਾਲਤਾਂ ਬਣਾ ਕੇ ਮੁਕੱਦਮੇ ਸੁਣਦੇ ਤੇ ਫ਼ੈਸਲੇ ਦੇਂਦੇ ਹਨ। ਸਜ਼ਾਵਾਂ ਸੁਣਾਉਂਦੇ ਹਨ ਤੇ ਜੁਰਮਾਨੇ ਵਸੂਲ ਕਰਦੇ ਹਨ।

ਪਰ ਜਦੋਂ ਪੰਜਾਬ ਸਰਕਾਰ ਨੂੰ ਇਤਲਾਹ ਮਿਲੀ ਹੈ ਕਿ ਅਕਾਲੀ ਸਰਕਾਰ ਦੀ ਮੁਖ਼ਾਲਫ਼ਤ ਦੇ ਬਾਵਜੂਦ ਜ਼ਮੀਨਾਂ ਦੇ ਕਬਜ਼ੇ ਵੀ ਲੈਂਦੇ ਜਾ ਰਹੇ ਹਨ ਓਦੋਂ ਤੋਂ ਤਾਂ ਸਰਕਾਰੀ ਕਰਮਚਾਰੀਆਂ ਦੀ ਛਾਤੀ ਉਪਰ ਸੱਪ ਲੇਟਣ ਲਗ ਗਏ। ਜਾਗੀਰ ਦਾ ਰੁਪਿਆ ਵੀ ਮੈਂ ਸਰਕਾਰੀ ਮਾਲੀਏ ਦੀ ਰਕਮ ਵਿਚੋਂ ਕੱਟ ਕੇ ਗੁਰਦੁਆਰੇ ਦੇ ਖ਼ਜ਼ਾਨੇ ਜਮ੍ਹਾ ਕਰਵਾ ਦਿਆ ਕਰਦਾ ਸੀ, ਜੋ ਮੈਂ ਨੰਬਰਦਾਰ ਹੋਣ ਦੀ ਹੈਸੀਅਤ ਵਿਚ ਲੋਕਾਂ ਪਾਸੋਂ ਵਸੂਲ ਕਰਿਆ ਕਰਦਾ ਸੀ।

ਪੰਜਾਬ ਸਰਕਾਰ ਦੇ ਕਰਤਿਆਂ ਧਰਤਿਆਂ ਨੇ ਸਥਾਨਕ ਕਰਮਚਾਰੀਆਂ ਨੂੰ ਬਹੁਤ ਕੋਸਿਆ ਤੇ ਮੈਨੂੰ ਕਿਸੇ ਲਪੇਟ ਵਿਚ ਲਿਆਉਣ ਦੀ ਸਾਜ਼ਸ਼ ਵੀ ਗਿਣ



Digitized by Panjab Digital Library | www.panjabdigilib.org

ਮਿੱਥ ਲਈ। ਪਰ ਮੈਂ ਉਨ੍ਹਾਂ ਦੇ ਢਾਹੇ ਨਹੀਂ ਸੀ ਚੜ੍ਹਦਾ।

ਹਾਰ ਕੇ ਉਨ੍ਹਾਂ ਮਹੰਤ ਮੂਲੀ ਦਾਸ ਨੂੰ ਹੱਥ ਵਿਚ ਲੈ ਕੇ ਤਿੰਨ ਚਾਰ ਡੁਰਲੀ ਜੱਥੇ ਵਾਲਿਆਂ ਅਤੇ ਮੇਰੇ ਖ਼ਿਲਾਫ਼ ਦਫ਼ਾ ੧੦੭ ਦੇ ਅਧੀਨ ਦਾਅਵਾ ਕਰਵਾ ਦਿਤਾ। ਮੈਜਿਸਟ੍ਰੇਟ, ਹਾਕਮ ਇਲਾਕਾ (S. D. O.) ਨੇ ਮੁੱਦਈ ਦਾ ਬਿਆਨ ਕਲਮਬੰਦ ਕਰ ਕੇ ਚਾਰ ਦਿਨਾਂ ਦੀ ਤਰੀਕ ਪਾ ਦਿਤੀ, ਅਤੇ ਸਰਸਰੀ ਸਬੂਤ ਮੰਗ ਲਿਆ। ਤੇ ਅੰਦਰੋ ਅੰਦਰੀ ਉਸ ਨੇ ਮੈਨੂੰ ਵੀ ਸੂਹ ਦੇ ਦਿਤੀ ਕਿਉਂਕਿ ਮੇਰਾ ਬਹੁਤ ਚਿਰ ਤੋਂ ਮਿੱਤਰ ਤੇ ਹਮਦਰਦ ਸੀ। ਸਰਕਾਰੀ ਫ਼ਰਜ਼ ਵੀ ਪੂਰਾ ਕਰੀ ਜਾਵੇ ਤੇ ਵਿਚੇ ਵਿਚ ਦੋਸਤੀ ਦਾ ਅੰਗ ਵੀ ਪਾਲਦਾ ਜਾਵੇ।

ਜਦੋਂ ਮੈਨੂੰ ਪਤਾ ਲਗਾ ਮੈਂ ਫ਼ੌਰਨ ਇਕ ਉਚੇਚਾ ਆਦਮੀ ਸ੍ਰੀ ਅੰਮ੍ਰਿਤਸਰ ਸਾਹਿਬ ਭੇਜ ਕੇ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਸਾਰੇ ਮਾਮਲੇ ਦੀ ਖ਼ਬਰ ਕਰ ਦਿਤੀ ਤੇ ਨਾਲ ਹੀ ਆਪਣੀ ਨਨਕਾਣਾ ਸਾਹਿਬ ਤੋਂ ਬਦਲੀ ਕੀਤੀ ਜਾਣ ਦੀ ਮੰਗ ਵੀ ਕਰ ਲਈ ਤਾਂ ਜੁ ਮੇਰੇ ਖ਼ਿਲਾਫ਼ ਮੁਕੱਦਮਾ ਖ਼ਾਰਜ ਹੋ ਜਾਵੇ। ਨਾਲ ਹੀ ਇਹ ਵੀ ਕਹਿ ਦਿਤਾ ਕਿ ਜੇ ਬਦਲੀ ਨਾ ਹੋ ਸਕਦੀ ਹੋਵੇ ਤਾਂ ਜੇਲ ਚਲੇ ਜਾਣ ਦੀ ਆਗਿਆ ਦੇ ਦਿਤੀ ਜਾਵੇ।

ਮੈਂ ਜਿਸ ਸੇਵਾਦਾਰ ਦੇ ਹੱਥ ਇਹ ਬਿਨੈ-ਪੱਤਰ ਭੇਜਿਆ ਸੀ ਸ਼੍ਰੋ: ਗੁ: ਪ੍ਰ: ਕਮੇਟੀ ਨੇ ਓਸੇ ਹੀ ਸੇਵਾਦਾਰ ਦੇ ਹੱਥ ਮੇਰੀ ਬਦਲੀ ਕੀਤੀ ਜਾਣ ਦਾ ਲਿਖਤੀ ਹੁਕਮ ਭੇਜ ਦਿਤਾ।

ਹੁਕਮ ਹੁੰਦਿਆਂ ਹੀ ਮੈਂ ਆਪਣਾ ਬਿਸਤਰਾ ਗੋਲ ਕਰ ਲਿਆ ਤੇ ਬਾਲ ਬੱਚੇ ਨੂੰ ਨਨਕਾਣਾ ਸਹਿਬ ਹੀ ਛਡ ਕੇ ਕੁਝ ਦਿਨਾਂ ਲਈ ਬਾਹਰ ਚਲਾ ਗਿਆ। ਕਿਉਂਕਿ ਮੈਂ ਤਾਂ ਥੋੜੇ ਚਿਰ ਨੂੰ ਫੇਰ ਵਾਪਸ ਆ ਹੀ ਜਾਣਾ ਸੀ। ਬਦਲੀ ਦੀ ਗੱਲ ਤਾਂ ਕੇਵਲ ਮੁਕੱਦਮਾ ਖ਼ਾਰਜ ਕਰਾਉਣ ਵਾਸਤੇ ਹੀ ਕੀਤੀ ਗਈ ਸੀ। ਜਾਣ ਤੋਂ ਪਹਿਲਾਂ ਮੈਂ ਆਪਣਾ ਮੁਖ਼ਤਾਰਨਾਵਾਂ ਇਕ ਵਕੀਲ ਸਾਹਿਬ ਨੂੰ ਦੇ ਗਿਆ ਸੀ। ਤੇ ਨਾਲ ਹੀ ਇਕ ਦਰਖ਼ਾਸਤ ਅਦਾਲਤ ਵਿਚ ਦੇ ਦੇਣ ਵਾਸਤੇ ਆਪਣੇ ਦਸਤਖ਼ਤਾਂ ਹੇਠ ਲਿਖ ਕੇ ਦੇ ਗਿਆ ਕਿ ਮੇਰੀ ਬਦਲੀ ਹੋ ਗਈ ਹੈ ਮੈਂ ਅੰਮ੍ਰਿਤਸਰ ਜਾ ਰਿਹਾ ਹਾਂ।

ਅਦਾਲਤ ਮੇਰੇ ਬਰਖ਼ਿਲਾਫ਼ ਮੁਕੱਦਮਾ ਸੁਣ ਸਕਣ ਦੀ ਕਾਨੂੰਨਨ ਮਿਜਾਜ਼



Digitized by Panjab Digital Library | www.panjabdigilib.org

ਨਹੀਂ ਸੀ ਕਿਉਂਕਿ ਮੈਂ ਉਸ ਅਦਾਲਤ ਦੀ ਸੀਮਾ (Juridiction) ਤੋਂ ਬਾਹਰ ਰਹਿ ਰਿਹਾ ਸੀ।

ਸਰਸਰੀ ਗਵਾਹਾਂ ਦੀਆਂ ਸ਼ਹਾਦਤਾਂ ਕਲਮਬੰਦ ਕਰ ਕੇ ਅਦਾਲਤ ਨੇ ਮੇਰੇ ਨਾਲ ਦਿਆਂ ਦੇ ਨਾਮ ਸੰਮਣ ਜਾਰੀ ਕਰ ਦਿਤੇ। ਚਾਰ ਦਿਨਾਂ ਦੀ ਤਾਰੀਖ਼ ਪਾ ਦਿਤੀ। ਤਾਰੀਖ਼ 'ਤੇ ਹਾਜ਼ਰ ਹੋ ਕੇ ਮੇਰੇ ਵਕੀਲ ਨੇ ਮੇਰੀ ਦਰਖ਼ਾਸਤ ਪੇਸ਼ ਕਰ ਦਿਤੀ। ਵਕੀਲਾਂ ਦੀ ਬਹਿਸ ਸੁਣ ਕੇ ਅਦਾਲਤ ਨੇ ਮੁਕੱਦਮਾ ਖ਼ਾਰਜ ਕਰ ਦਿਤਾ। ਕਿਉਂਕਿ ਮੁੱਦਈ ਨੇ ਬਿਆਨ ਵਿਚ ਕਹਿ ਦਿਤਾ ਕਿ ਬਾਕੀ ਅਕਾਲੀਆਂ ਦੇ ਠੀਕ ਠੀਕ ਨਾਮ, ਵਲਦੀਅਤਾਂ ਤੇ ਸਕੂਨਤਾਂ ਦਾ ਉਸ ਨੂੰ ਕੋਈ ਪਤਾ ਨਹੀਂ। ਉਹ ਨਨਕਾਣਾ ਸਾਹਿਬ ਤੋਂ ਚਲੇ ਗਏ ਹੋਏ ਹਨ। ਮੁਕੱਦਮਾ ਖ਼ਾਰਜ ਹੋ ਗਿਆ।

ਮੈਂ ਥੋੜੇ ਦਿਨਾਂ ਮਗਰੋਂ ਫਿਰ ਨਨਕਾਣੇ ਆ ਕੇ ਆਪਣਾ ਕਾਰਜ ਸੰਭਾਲ ਲਿਆ ਤੇ ਆਪਣੇ ਬਾਲ ਬੱਚੇ ਨਾਲ ਆਪਣੇ ਮਕਾਨ ਵਿਚ ਰਹਿਣ ਲਗ ਗਿਆ।



Digitized by Panjab Digital Library | www.panjabdigilib.org

# ਸ਼ਹੀਦ ਗੰਜ

ਗੁਰਦੁਆਰਿਆਂ ਦਾ ਕਬਜ਼ਾ ਹੋ ਜਾਣ ਮਗਰੋਂ ਜਦੋਂ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਜਨਮ ਦਿਨ ਆਇਆ ਤਾਂ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਗੁਰਦੁਆਰੇ ਦੀ ਯਾਤਰਾ ਲਈ ਆਣ ਜੁੜੀਆਂ। ਸ਼ਹੀਦਾਂ ਦੀ ਯਾਦਗਾਰ ਕਾਇਮ ਕਰਨ ਲਈ ਅਪੀਲ ਕੀਤੀ ਗਈ। ਸੰਗਤਾਂ ਨੇ ਦਿਲ ਖੋਲ੍ਹ ਕੇ ਮਾਇਆ ਦੀ ਝੜੀ ਹੀ ਲਗਾ ਦਿਤੀ। ਗੁਰਦਵਾਰੇ ਵਲ ਮੂੰਹ ਕਰ ਕੇ ਖਲੋਤਿਆਂ ਖੱਬੇ ਹੱਥ ਵਲ ਦੇ ਬੁਰਜ ਅੰਦਰ ਬਹੁਤ ਸਾਰੇ ਪ੍ਰੇਮੀ ਰਸੀਦ ਬੁਕਾਂ ਲੈ ਕੇ ਬੈਠ ਗਏ ਅਤੇ ਮਾਇਆ ਲਈ ਗਏ ਤੇ ਰਸੀਦਾਂ ਕੱਟੀ ਗਏ।

ਜਦੋਂ ਰਾਤ ਪੈ ਗਈ ਤਾਂ ਰਸੀਦਾਂ ਤੋਂ ਇਕੱਤਰ ਹੋਈ ਮਾਇਆ ਦਾ ਜੋੜ ਲਗਾਇਆ ਗਿਆ ਤੇ ਨਕਦੀ ਵੀ ਗਿਣ ਲਈ ਗਈ ਤਾਂ ਪਤਾ ਲਗਾ ਕਿ ਰਸੀਦਾਂ ਦੇ ਜੋੜ ਨਾਲੋਂ ਨਕਦ ਰਕਮ ਵਿਚ ਪੰਜ ਸੌ ਅੱਸੀ ਰੁਪਏ ਵਧ ਗਏ ਹਨ।

ਹੁਣ ਸਵਾਲ ਪੈਦਾ ਹੋਇਆ ਕਿ ਹਿਸਾਬ ਕਿਤਾਬ ਵਿਚ ਜਮ੍ਹਾਂ-ਖ਼ਰਚ ਮੇਲਣ ਦਾ ਇਲਾਜ ਕੀਤਾ ਜਾਵੇ। ਇਹ ਤਾਂ ਪਤਾ ਕਿਸੇ ਸੂਰਤ ਵਿਚ ਲਗ ਹੀ ਨਹੀਂ ਸਕਦਾ ਸੀ ਕਿ ਇਹ ਰਕਮ ਕਿਨ੍ਹਾਂ ਸਜਣਾਂ ਵਲੋਂ ਤੇ ਕਿੰਨੀ ਕਿੰਨੀ ਆਈ ?

ਕੋਈ ਕੁਝ ਆਖੇ, ਕੋਈ ਕੁਝ ਆਖੇ। ਓੜਕ ਇਹੋ ਤਜਵੀਜ਼ ਪੱਕੀ ਹੋਈ ਕਿ ਇਸ ਰਕਮ ਨੂੰ "ਵੱਟੇ ਖਾਤੇ" ਜਮ੍ਹਾਂ ਕਰ ਲਿਆ ਜਾਵੇ ਤੇ ਹਿਸਾਬ ਸਵਾਹਰਾ ਕਰ ਕੇ ਮੇਲ ਲਿਆ ਜਾਵੇ।



Digitized by Panjab Digital Library | www.panjabdigilib.org

ਸੋ ਇਸ ਤਰ੍ਹਾਂ ਹੀ ਕੀਤਾ ਗਿਆ। ਵਪਾਰੀ ਲੋਕਾਂ ਤੋਂ ਬਿਨਾਂ ਆਮ ਲੋਕ ਸਮਝ ਹੀ ਨਹੀਂ ਸਕਦੇ ਕਿ ਇਹ 'ਵੱਟਾ ਖ਼ਾਤਾ' ਕੀ ਬਲਾ ਹੁੰਦਾ ਹੈ। ਸੋ ਕੁਝ ਸਮਾਂ ਪਾ ਕੇ ਇਹ ਵੱਟਾ ਖ਼ਾਤਾ ਸਾਡੇ ਵਾਸਤੇ ਆਫ਼ਤ ਖੜੀ ਕਰ ਦੇਣ ਦਾ ਕਾਰਨ ਬਣ ਗਿਆ।

ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਇਕ ਉਚ ਦਰਜੇ ਦੇ ਆਗੂ, ਬੜੇ ਸਿਆਣੇ ਤੇ ਠੰਡੇ ਦਿਮਾਗ਼ ਵਾਲੇ ਸੱਜਣ ਪੁਰਸ਼ ਸਨ। ਥੋੜੇ ਕੀਤੇ ਉਨ੍ਹਾਂ ਨੂੰ ਕਦੇ ਗ਼ੁੱਸਾ ਨਹੀਂ ਸੀ ਆਇਆ ਕਰਦਾ। ਇਕ ਵਾਰ ਦਾ ਜ਼ਿਕਰ ਹੈ ਕਿ ਮੈਂ ਸ੍ਰੀ ਅੰਮ੍ਰਿਤਸਰ ਜੀ ਤੋਂ ਬਕਾਏ ਵਸੂਲ ਕਰਨ ਅਤੇ ਗੁ: ਪ੍ਰ: ਕਮੇਟੀ ਨਨਕਾਣਾ ਸਾਹਿਬ ਦੀ ਹਾਜ਼ਰੀ ਭਰਨ ਵਾਸਤੇ ਸ੍ਰੀ ਨਨਕਾਣਾ ਸਾਹਿਬ ਗਿਆ ਹੋਇਆ ਸੀ।

ਕਮੇਟੀ ਦੀ ਮੀਟਿੰਗ ਦੀ ਕਾਰਵਾਈ ਦੀ ਸਮਾਪਤੀ ਮਗਰੋਂ ਸਰਦਾਰ ਤੇਜਾ ਸਿੰਘ ਸਮੁੰਦਰੀ ਜੀ ਮੈਨੂੰ ਗਲਵਕੜੀ ਵਿਚ ਲੈ ਕੇ ਇਕ ਪਾਸੇ ਨੂੰ ਲੈ ਗਏ ਤੇ ਕਹਿਣ ਲਗੇ, "ਮੈਂ ਤੁਹਾਨੂੰ ਇਕ ਗੱਲ ਪੁੱਛਣੀ ਚਾਹੁੰਦਾ ਹਾਂ, ਗ਼ੁੱਸਾ ਨਾ ਕਰਨਾ ਤੇ ਮਾਫ਼ੀ ਦੇ ਦੇਣੀ।"

ਮੈਂ ਕਿਹਾ, "ਬੜੀ ਖ਼ੁਸ਼ੀ ਨਾਲ ਪੁੱਛੋ, ਆਪ ਜੀ ਦੀ ਗੱਲ ਦਾ ਗ਼ੁੱਸਾ ਕਰ ਹੀ ਕੌਣ ਸਕਦਾ ਹੈ ?" ਉਹ ਕਹਿਣ ਲਗੇ, "ਗੱਲ ਬੜੀ ਕੋਝੀ ਜਿਹੀ ਹੈ, ਪਰ ਪੁੱਛਣਾ ਵੀ ਆਪਣਾ ਫ਼ਰਜ਼ ਸਮਝਦਾ ਹਾਂ।"

ਮੈਂ ਕਿਹਾ, "ਜ਼ਰੂਰ ਪੁੱਛੋ।" ਉਹ ਕਹਿਣ ਲਗੇ ਕਿ ਉਨ੍ਹਾਂ ਨੂੰ ਕਈਆਂ ਬੰਦਿਆਂ ਨੇ ਕਿਹਾ ਹੈ ਕਿ ਪੰਜ ਛੇ ਸੌ ਰੁਪਿਆ ਸ਼ਹੀਦ ਗੰਜ ਖਾਤੇ ਵਿਚੋਂ ਕੋਈ ਖਾ ਗਿਆ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ, ਤੁਸੀਂ ਹੀ ਓਦੋਂ ਮੈਨੇਜਰ ਹੁੰਦੇ ਸੀ।" ਮੈਨੂੰ ਝਟ ਵੱਟਾ ਖਾਤਾ ਚੇਤੇ ਆ ਗਿਆ ਤੇ ਮੈਂ ਹੱਸ ਕੇ ਕਿਹਾ, "ਸਰਦਾਰ ਸਾਹਿਬ ! ਜੇ ਲੱਖਾਂ ਦੀ ਆਮਦਨ ਵਿਚੋਂ ਆਪ ਦੇ ਕਿਸੇ ਸੇਵਾਦਾਰ ਨੇ ਪੰਜ ਛੇ ਸੌ ਰੁਪਿਆ ਲੈ ਕੇ ਵਰਤ ਵੀ ਲਿਆ ਤਾਂ ਹਨੇਰ ਕੀ ਆ ਗਿਆ ?"

ਮੇਰੀ ਗੱਲ ਸੁਣ ਕੇ ਉਹ ਬੜੇ ਹੀ ਹੈਰਾਨ ਜਿਹੇ ਹੋ ਗਏ ਤੇ ਉਹ ਆਪਣੀ ਏਸ ਹੈਰਾਨੀ ਨੂੰ ਛੁਪਾ ਵੀ ਨਾ ਸਕੇ। ਮੈਂ ਤਤਕਾਲ ਸੇਵਾਦਾਰ ਨੂੰ ਭੇਜ ਕੇ ਖ਼ਜ਼ਾਨਚੀ ਨੂੰ ਆਪਣੇ ਪਾਸ ਬੁਲਾ ਲਿਆ। ਜਦ ਉਹ ਆ ਗਿਆ ਤਾਂ ਮੈਂ ਭਾਈ ਹਰਨਾਮ ਸਿੰਘ ਖ਼ਜ਼ਾਨਚੀ ਨੂੰ ਕਿਹਾ ਕਿ ਜ਼ਰਾ ਪਿਛਲੇ ਸਾਲ ਦਾ ਖਾਤਾ ਲੈ ਆਵੇ।



Digitized by Panjab Digital Library | www.panjabdigilib.org

ਉਹ ਫਟਾ ਫਟ ਖਾਤਾ ਲੈ ਆਇਆ ਤੇ ਮੇਰੇ ਪੁੱਛਣ 'ਤੇ ਦਸਿਆ ਕਿ ਪੰਜ ਸੌ ਅੱਸੀ ਰੁਪਏ ਪਿਛਲੇ ਸਾਲ ਦੇ ਵੱਟੇ ਖਾਤੇ ਜਮ੍ਹਾਂ ਪਏ ਨੇ। ਸਰਦਾਰ ਸਮੁੰਦਰੀ ਕਹਿਣ ਲਗੇ, "ਹਾਂ ! ਹਾਂ !! ਲੋਕੀਂ ਇਹੋ ਹੀ ਰਕਮ ਕਹਿੰਦੇ ਨੇ ਕਿ ਕੋਈ ਖਾ ਗਿਆ ਹੋਇਆ ਹੈ।"

ਖ਼ਜ਼ਾਨਚੀ ਕੁਝ ਕਹਿਣ ਹੀ ਲਗਾ ਸੀ ਕਿ ਮੇਰੇ ਇਸ਼ਾਰਾ ਕਰਨ 'ਤੇ ਚੁੱਪ ਹੋ ਰਿਹਾ । ਮੈਂ ਉਸ ਨੂੰ ਕਿਹਾ ਕਿ ਜਾ ਕੇ ਪੰਜ ਸੌ ਅੱਸੀ ਰੁਪਏ ਲੈ ਆਵੇ। ਉਹ ਲੈ ਆਇਆ ਤਾਂ ਮੈਂ ਉਸ ਪਾਸੋਂ ਰਕਮ (ਨੋਟ) ਲੈ ਕੇ ਗਿਣ ਲਈ ਤੇ ਆਪਣੀ ਜੇਬ ਵਿਚ ਪਾ ਲਈ, ਅਤੇ ਖ਼ਜ਼ਾਨਚੀ ਨੂੰ ਪੱਕੀ ਕਰ ਦਿਤੀ ਕਿ ਸ਼ਾਮ ਨੂੰ ਹਿਸਾਬ ਬੰਦ ਕਰਨ ਲਗਿਆਂ ਇਹ ਰਕਮ ਵੱਟੇ ਖਾਤੇ ਜਮ੍ਹਾਂ ਕਰ ਕੇ ਹਿਸਾਬ ਸਾਫ਼ ਕਰ ਦੇਣਾ। ਨਾਲ ਹੀ ਸ੍ਰ: ਸਮੁੰਦਰੀ ਨੂੰ ਹੱਥ ਜੋੜ ਕੇ ਕਹਿ ਦਿਤਾ ਕਿ ਉਹ ਹੁਣ ਮੰਡੀ ਦੇ ਕਿਸੇ ਸਿਰ ਕੱਢ ਸਿਆਣੇ ਵਪਾਰੀ ਪਾਸੋਂ ਪੁੱਛ ਕੇ ਤਸੱਲੀ ਕਰ ਲੈਣ ਕਿ ਜਿਹੜਾ ਗ਼ਬਨ ਹੋਇਆ ਸੀ, ਉਹ ਹੁਣ ਠੀਕ ਹੋ ਗਿਆ ਹੈ ਕਿ ਨਹੀਂ ?

ਉਹ ਡਾਢੇ ਹੈਰਾਨ ਹੋਏ ਤੇ ਉਨ੍ਹਾਂ ਨੂੰ ਇਸ ਹਿਸਾਬ ਕਿਤਾਬ ਦੀ ਗੁੰਝਲ ਦੀ ਕੁਝ ਵੀ ਸਮਝ ਨਾ ਲਗ ਸਕੀ ਤੇ ਕਹਿਣ ਲਗੇ, "ਤੁਸਾਂ ਤਾਂ ਮੇਰੇ ਸਾਮ੍ਹਣੇ ਪੰਜ ਸੌ ਅੱਸੀ ਰੁਪਏ ਹੋਰ ਖ਼ਜ਼ਾਨਚੀ ਪਾਸੋਂ ਲੈ ਕੇ ਆਪਣੀ ਜੇਬ ਵਿਚ ਪਾ ਲਏ ਹਨ।"

ਉਹ ਮਾਲ ਜੀ ਸਾਹਿਬ ਮੰਡੀ ਨੂੰ ਤਿਆਰ ਹੋ ਪਏ ਕਿ ਕਿਸੇ ਸਿਆਣੇ ਆੜ੍ਹਤੀ ਜਾਂ ਕਾਰਖ਼ਾਨੇਦਾਰ ਪਾਸੋਂ ਇਸ ਹੱਥ-ਫੇਰੀ ਦਾ ਮਤਲਬ ਜਾ ਸਮਝਣ। ਮੈਂ ਕਿਹਾ, "ਏਨੀ ਦੂਰ ਜਾ ਕੇ ਪਤਾ ਕਰਨ ਦੀ ਕੀ ਲੋੜ ਹੈ ਮੈਂ ਤੁਹਾਨੂੰ ਉਦਾਹਰਣ ਪੇਸ਼ ਕਰ ਕੇ ਸਮਝਾ ਤਾਂ ਦਿਤਾ ਹੈ।" ਉਹ ਕਹਿਣ ਲਗੇ ਕਿ ਤੁਹਾਡੀ ਗੱਲ ਬ ਤ ਤੋਂ ਮੇਰੇ ਪੱਲੇ ਕਖ ਨਹੀਂ ਪਿਆ।

ਫੇਰ ਮੁੜ ਕੇ ਮੈਂ ਖੋਲ੍ਹ ਕੇ ਦਸਿਆ ਕਿ "ਜਦੋਂ ਸ਼ਹੀਦ ਗੰਜ ਲਈ ਸੰਗਤਾਂ ਮਾਇਆ ਦੇ ਗੱਫੇ ਦੇ ਰਹੀਆਂ ਸਨ ਤਾਂ ਕਈ ਗੁਰਮੁਖ ਗੁਰ ਸਿੱਖ ਮਾਇਆ ਫੜਾ ਕੇ ਬਿਨਾਂ ਰਸੀਦ ਲਿਆਂ ਤੁਰਦੇ ਹੋਏ ਸਨ । ਸੇਵਾਦਾਰ ਕਹਿੰਦੇ ਹੀ ਰਹਿ ਜਾਂਦੇ ਸਨ ਕਿ ਮਹਾਰਾਜ਼ ! ਰਸੀਦ ਜ਼ਰੂਰ ਲੈ ਕੇ ਜਾਣਾ, ਪਰ ਉਨ੍ਹਾਂ ਦੀ



Digitized by Panjab Digital Library | www.panjabdigilib.org

ਕੋਈ ਨਹੀਂ ਸੁਣਦਾ ਸੀ ਤੇ ਬਿਨਾਂ ਰਸੀਦ ਲਿਆਂ ਹੀ ਤੁਰ ਜਾਇਆ ਕਰਦੇ ਸਨ।

"ਜਦੋਂ ਸ਼ਾਮ ਨੂੰ ਰਸੀਦਾਂ ਦੀਆਂ ਰਕਮਾਂ ਦਾ ਜੋੜ ਕੀਤਾ ਗਿਆ ਅਤੇ ਨਾਲ ਨਕਦੀ ਦੀ ਵੀ ਗਿਣਤੀ ਕੀਤੀ ਗਈ ਤਾਂ ਰਸੀਦਾਂ ਦੀਆਂ ਰਕਮਾਂ ਦੇ ਜੋੜ ਨਾਲੋਂ ਹੱਥ ਆਈ ਨਕਦ ਰਕਮ ਦਾ ਜੋੜ ਪੰਜ ਸੌ ਅੱਸੀ ਰੁਪਏ ਵਧੇਰੇ ਨਿਕਲਿਆ। ਹੁਣ ਸਾਰਿਆਂ ਸੋਚਿਆ ਕਿ ਇਸ ਵਧੀ ਹੋਈ ਰਕਮ ਦਾ ਕੀ ਕੀਤਾ ਜਾਵੇ ?

"ਇਕ ਵਪਾਰੀ ਸੱਜਣ ਨੇ ਕਿਹਾ ਕਿ ਹਿਸਾਬ ਕਿਤਾਬ ਦੇ ਕਾਇਦੇ ਮੁਤਾਬਕ ਇਸ ਦਾ ਹੋਰ ਕੁਝ ਨਹੀਂ ਹੋ ਸਕਦਾ ਬਿਨਾਂ ਇਸ ਦੇ ਕਿ ਇਸ ਨੂੰ ਵੱਟੇ ਖਾਤੇ ਜਮ੍ਹਾਂ ਕਰ ਲਿਆ ਜਾਵੇ। ਸੁ ਪੰਜ ਸੌ ਅੱਸੀ ਰੁਪਏ ਦੀ ਰਕਮ ਵੱਟੇ ਖਾਤੇ ਜਮ੍ਹਾਂ ਕਰ ਲਈ ਗਈ ਤੇ ਹਿਸਾਬ ਅੰਦਰ ਜਮ੍ਹਾਂ-ਖ਼ਰਚ ਬਰਾਬਰ ਬਰਾਬਰ ਮਿਲ ਗਏ।

"ਇਹ ਮਾਮਲਾ ਬਹੁਤ ਸਾਰੇ ਦਰਸ਼ਕਾਂ ਦੇ ਸਾਮ੍ਹਣੇ ਪੇਸ਼ ਆਇਆ ਸੀ। ਸੁ ਏਸ ਰਕਮ ਨੂੰ ਖਾ ਕੌਣ ਸਕਦਾ ਸੀ ? ਨਾਲੇ ਉਸ ਵੇਲੇ ਸ਼ਹੀਦੀ ਸਾਕੇ ਦੇ ਕਾਰਨ ਕੁਝ ਮਾਹੌਲ ਹੀ ਅਜਿਹਾ ਬਣਿਆ ਹੋਇਆ ਸੀ ਕਿ ਲੋਕੀਂ ਆਪਣੇ ਤਨ ਦੇ ਕਪੜੇ ਵੀ ਲਾਹ ਕੇ ਦਾਨ ਕਰਨ ਵਾਸਤੇ ਤਿਆਰ ਸਨ। ਦਾਨ ਦਿਤੀ ਹੋਈ ਰਕਮ ਗ਼ਬਨ ਕਰਨ ਦਾ ਖ਼ਿਆਲ ਆ ਹੀ ਕਿਸ ਨੂੰ ਸਕਦਾ ਸੀ ?

"ਮੁਮਕਿਨ ਹੈ ਜੇ ਇਹ ਮਾਮਲਾ ਕਿਸੇ ਅਦਨੇ ਆਦਮੀ ਦਾ ਹੁੰਦਾ ਤਾਂ ਰਕਮ ਨੂੰ ਮੇਰੇ ਵਾਂਗ ਜੇਬ ਵਿਚ ਪਾ ਤੁਰਦਾ ਤੇ ਰਸੀਦਾਂ ਦੀਆਂ ਰਕਮਾਂ ਦੇ ਜੋੜ ਨਾਲ ਇਕੱਠੀ ਹੋਈ ਮਾਇਆ ਦੀਆਂ ਨਕਦ ਰਕਮਾਂ ਦੇ ਜੋੜ ਨਾਲ ਮਿਲਾਉਣ ਵਾਸਤੇ ਹੱਥ-ਆਈ ਮਾਇਆ ਨੂੰ ਖ਼ਜ਼ਾਨਚੀ ਦੇ ਹਵਾਲੇ ਕਰ ਦੇਂਦਾ।

"ਸੁ ਇਹ ਗ਼ਬਨ ਨਹੀਂ ਹੋਇਆ, ਸਗੋਂ ਸੇਵਕਾਂ ਦੀ ਦਿਆਨਤਦਾਰੀ ਦਾ ਮੂੰਹ ਬੋਲਦਾ ਸਬੂਤ ਹੈ।" ਹੁਣ ਸਰਦਾਰ ਸਮੁੰਦਰੀ ਨੂੰ ਸਮਝ ਆ ਗਈ ਤੇ ਲਗ ਪਏ ਮਾਫ਼ੀਆਂ ਮੰਗਣ ਤੇ ਆਖੀ ਜਾਣ ਮੈਥੋਂ ਬੜੀ ਭੁੱਲ ਹੋ ਗਈ ਹੈ ਤੇ ਮੈਂ ਬੜਾ ਹੀ ਸ਼ਰਮਿੰਦਾ ਹਾਂ। ਮੈਨੂੰ ਮਾਫ਼ ਕਰ ਦਿਤਾ ਜਾਵੇ।

ਇਹ ਕੰਮ ਨਿਬੜਿਆ, ਤਾਂ ਮੈਂ ਬਕਾਏ ਦੀ ਵਸੂਲੀ ਵਲ ਵੀ ਧਿਆਨ ਦੇਣ



Digitized by Panjab Digital Library | www.panjabdigilib.org

ਲੱਗਾ। ਬੇਹੱਦ ਯਤਨ ਕਰਨ 'ਤੇ ਵੀ ਬੜੀ ਮੁਸ਼ਕਲ ਨਾਲ ਪੰਦਰਾਂ ਵੀਹ ਹਜ਼ਾਰ ਰੁਪਿਆ ਵਸੂਲ ਹੋ ਸਕਿਆ। ਦੂਜੇ ਹਫ਼ਤੇ ਮੈਨੂੰ ਏਧਰ ਆਉਣ ਦਾ ਮੌਕਿਆ ਹੀ ਨਾ ਮਿਲਿਆ। ਕਿਉਂਕਿ ਗੁਰੂ ਕੇ ਬਾਗ਼ ਦਾ ਮੋਰਚਾ ਲਗ ਗਿਆ ਸੀ ਤੇ ਸਾਰੀ ਦੀ ਸਾਰੀ ਕਾਰਜ ਸਾਧਕ ਕਮੇਟੀ, ਅਰਥਾਤ ਸਕੱਤ੍ਰ (ਮੇਰੇ) ਤੇ ਮੀਤ ਸਕੱਤ੍ਰ ਸ਼੍ਰੋ: ਗੁ: ਪ੍ਰ: ਕਮੇਟੀ ਪ੍ਰੋਫ਼ੈਸਰ ਸਾਹਿਬ ਸਿੰਘ ਬੀ. ਏ, ਸਮੇਤ ਗ੍ਰਿਫ਼ਤਾਰ ਕਰ ਕੇ ਡਿਸਟ੍ਰਿਕਟ ਜੇਲ, ਅੰਮ੍ਰਿਤਸਰ ਵਿਚ ਡਕ ਦਿਤੀ ਗਈ ਸੀ।



Digitized by Panjab Digital Library | www.panjabdigilib.org

# ਮੋਰਚਾ – ਗੁਰੂ ਕਾ ਬਾਗ਼

ਸਿਖ ਗੁਰਦੁਆਰਿਆਂ ਦੇ ਵੱਡੇ ਵੱਡੇ ਮਹੰਤ ਜਿਨ੍ਹਾਂ ਦੇ ਗੁਰਦੁਆਰਿਆਂ ਦੇ ਨਾਮ ਚੋਖੀਆਂ ਜ਼ਮੀਨਾਂ ਤੇ ਜਗੀਰਾਂ ਲਗੀਆਂ ਚਲੀਆਂ ਆ ਰਹੀਆਂ ਸਨ। ਆਪਣੇ ਆਪ ਨੂੰ ਗੁਰਦੁਆਰਿਆਂ ਦੇ ਮਾਲਕ ਹੀ ਸਮਝਣ ਲਗ ਗਏ ਸਨ। ਮਹੰਤਾਂ ਦਾ ਨਿਯਤ ਕੀਤਾ ਜਾਣਾ, ਜਾਂ ਉਨ੍ਹਾਂ ਪਾਸੋਂ ਆਮਦਨ ਦਾ ਹਿਸਾਬ ਕਿਤਾਬ ਪੁੱਛਿਆ ਜਾਣਾ ਕਿਸੇ ਦੇ ਅਖ਼ਤਿਆਰ ਦੀ ਗੱਲ ਨਹੀਂ ਸੀ। ਕਿਉਂਕਿ ਅੱਵਲ ਤਾਂ ਉਨ੍ਹਾਂ ਦੇ ਆਮਦਨ ਖ਼ਰਚ ਦੇ ਮਾਮਲੇ ਵਿਚ ਦਖ਼ਲ ਦੇਣ ਦਾ ਸਿਖ ਜਨਤਾ ਨੂੰ ਅਧਿਕਾਰ ਹੀ ਕੋਈ ਨਹੀਂ ਸੀ ਤੇ ਦੂਜੇ ਅਦਾਲਤਾਂ ਅੰਦਰ ਦੀਵਾਨੀ ਦਾਅਵੇ ਕਰ ਕੇ ਕਾਮਯਾਬ ਹੋਣਾ ਜਨਤਾ ਦੇ ਵਸ ਦਾ ਕੰਮ ਨਹੀਂ ਸੀ। ਕਿਉਂਕਿ ਦੀਵਾਨੀ ਅਦਾਲਤਾਂ ਖ਼ਰਚੇ ਬਰਦਾਸ਼ਤ ਕਰਨ ਵਾਸਤੇ ਜਨਤਾ ਪਾਸ ਆਰਥਕ ਵਸੀਲਾ ਕੋਈ ਨਹੀਂ ਸੀ। ਫੇਰ ਕਿਸੇ ਮੁਕੱਦਮੇ ਦਾ ਆਖ਼ਰੀ ਫ਼ੈਸਲਾ ਦਸ ਵੀਹ ਸਾਲ ਤੋਂ ਪਹਿਲਾਂ ਹੋ ਜਾਣਾ ਉੱਕਾ ਹੀ ਨਾ-ਮੁਮਕਨ ਸੀ।

ਮਹੰਤਾਂ ਪੁਜਾਰੀਆਂ ਦੀਆਂ ਹਰ ਪਾਸਿਉਂ 'ਰਾਇਵਾਗਾਂ ਸਨ। ਉਨ੍ਹਾਂ ਦੀ ਉਹ ਗੱਲ ਬਣੀ ਹੋਈ ਸੀ ਕਿ "ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ।" ਸ਼ਰਾਬਾਂ ਪੀਣੀਆਂ, ਜੂਏ ਖੇਡਣੇ ਤੇ ਵਿਭਚਾਰ ਕਰਨੇ ਉਨ੍ਹਾਂ ਦਾ ਨਿਤ ਕਰਮ ਤੇ ਰੋਜ਼ ਦਾ ਸ਼ੁਗ਼ਲ ਬਣ ਚੁੱਕਾ ਸੀ।

ਇਕ ਹੋਰ ਅਸਚਰਜ ਦੀ ਗੱਲ ਇਹ ਸੀ ਕਿ ਸ੍ਰੀ ਦਰਬਾਰ (ਹਰਿ ਮੰਦਰ) ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਤਰਨ ਤਾਰਨ ਸਾਹਿਬ



Digitized by Panjab Digital Library | www.panjabdigilib.org

ਦੇ ਪ੍ਰਬੰਧ ਵਾਸਤੇ ਸਰਬਰਾਹ (ਮੈਨੇਜਰ) ਨਿਯੁਕਤ ਕਰਨ ਦੇ ਅਧਿਕਾਰ ਵੀ ਸਰਕਾਰ ਨੇ ਆਪਣੇ ਹੀ ਹੱਥ ਵਸ ਰਖੇ ਹੋਏ ਸਨ। ਤੇ ਉਹ ਕਿਸੇ ਝੋਲੀ ਚੁਕ ਆਪਣੇ ਪਿੱਠੂ ਨੂੰ ਬਣਾ ਦਿਆ ਕਰਦੀ ਸੀ।

ਸਿਖ ਸੰਗਤਾਂ ਦੇ ਚੜ੍ਹਾਵਿਆਂ ਤੇ ਸੁਖਣਾਂ ਦਾ ਕੜਾਹ ਪ੍ਰਸ਼ਾਦ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਦੀ ਰਾਹੀਂ, ਕੰਜਰਾਂ ਦੇ ਘਰੀਂ ਪਹੁੰਚ ਜਾਂਦਾ ਸੀ। ਵਸਾਖੀ ਦੇ ਪਵਿੱਤਰ ਦਿਹਾੜੇ ਨਿਹੱਥੀ ਜਨਤਾ ਉਪਰ ਗੋਲੀ ਦਾਗ ਕੇ ਲਹੂਆਂ ਦੇ ਵਹਿਣ ਵਹਾਉਣ ਵਾਲੇ ਜਨਰਲ ਡਾਇਰ ਨੂੰ ਸਰਬਰਾਹ, ਪੁਜਾਰੀਆਂ ਤੇ ਝੋਲੀ-ਚੁਕ ਲਾਣੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦਿਤਾ। ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰੈਣੂ ਨੇ ਬੇ-ਵਿਆਹੀ ਤੇ ਬੇਨਿਕਾਹੀ ਮੁਸਲਮਾਨੀ ਮਰਾਸਣ ਨੂੰ ਆਪਣੇ ਘਰ ਵਸਾ ਲਿਆ ਤੇ ਜਦ ਉਸ ਮਰਾਸਣ ਨੂੰ ਮੁੰਡਾ ਜੰਮਿਆਂ ਤਾਂ ਗੁਰਦੁਆਰੇ ਦੇ ਅੰਦਰ ਸ਼ਰਾਬ ਦੇ ਦੌਰ ਉਡਾਏ ਗਏ ਅਤੇ ਰੰਡੀਆਂ ਦੇ ਨਾਚ ਨਚਾਏ ਗਏ।

ਮਹੰਤਾਂ ਤੇ ਪੁਜਾਰੀਆਂ ਦੀਆਂ ਇਹੋ ਜਿਹੀਆਂ ਅਸਹਿ ਖ਼ਰਮਸਤੀਆਂ ਅਤੇ ਸਰਕਾਰੀ ਕਰਮਚਾਰੀਆਂ ਵਲੋਂ ਉਨ੍ਹਾਂ ਨੂੰ ਪੈਰ ਪੈਰ 'ਤੇ ਹੱਲਾਸ਼ੇਰੀ ਦਿਤੀ ਜਾਣ ਨੂੰ ਨਾ ਸਹਾਰਦਿਆਂ ਹੋਇਆਂ ਅਕਾਲੀ ਸੂਰਬੀਰ ਸਿਰਾਂ 'ਤੇ ਖੱਫਣ ਬੰਨ੍ਹ ਕੇ ਗੁਰਦੁਆਰਿਆਂ ਦੇ ਸੁਧਾਰ ਦਾ ਜਸ ਖੱਟਣ ਵਾਸਤੇ ਅਮਲੀ ਮੈਦਾਨ ਵਿਚ ਕੁੱਦ ਖਲੋਤੇ ਤੇ ਗੁਰਦੁਆਰਾ ਸੁਧਾਰ ਲਹਿਰ ਦੇ ਗਗਨ ਦਮਾਮੇ ਉਪਰ ਚੋਟ ਲਗਾ ਦਿਤੀ। ਸਰਕਾਰ ਵਲੋਂ ਸਖ਼ਤੀਆਂ ਦੇ ਕੜ ਤੋੜੇ ਜਾਣ 'ਤੇ ਵੀ ਅਕਾਲੀ ਜਥਿਆਂ ਨੇ ਗੁਰਦੁਆਰਿਆਂ ਉਪਰ ਪੰਥਕ ਕਬਜ਼ੇ ਜਮਾਉਣ ਦੀ ਮੁਹਿੰਮ ਜਾਰੀ ਰਖੀ।

ਜ਼ਿਲਾ ਅੰਮ੍ਰਿਤਸਰ ਤੇ ਤਹਿਸੀਲ ਅਜਨਾਲਾ ਦੇ ਪਿੰਡ ਘੁਕੇ ਵਾਲੀ ਤੇ ਸਹਿੰਸਰੇ ਦੇ ਸੰਨ੍ਹ, ਵਿਚ 'ਗੁਰੂ ਕਾ ਬਾਗ਼' ਨਾਉਂ ਦਾ ਪ੍ਰਸਿਧ ਇਤਿਹਾਸਕ ਗੁਰਦੁਆਰਾ ਹੈ, ਜਿਸ ਦੇ ਆਲੇ ਦੁਆਲੇ ਸਿਖਾਂ ਦੇ ਪਿੰਡ ਹਨ। ਸੰਗਤਾਂ ਦੀ ਹਰ ਵੇਲੇ ਚੰਗੀ ਆਵਾਜਾਈ ਰਹਿੰਦੀ ਹੈ।

ਗੁਰੂ ਕੇ ਲੰਗਰ ਵਾਸਤੇ ਗੁਰਦੁਆਰੇ ਦੇ ਬਾਗ਼ ਵਿਚੋਂ ਸੰਗਤਾਂ ਲੱਕੜੀਆਂ ਵਢ ਕੇ ਲੈ ਜਾਣਾ ਆਪਣਾ ਹੱਕ ਸਮਝਦੀਆਂ ਸਨ। ਏਸ ਗੁਰਦੁਆਰੇ ਦਾ ਮਹੰਤ



Digitized by Panjab Digital Library | www.panjabdigilib.org

ਸੁੰਦਰ ਦਾਸ ਹੋਰ ਮਹੰਤਾਂ ਵਾਂਗ ਵੈਲਦਾਰ ਤੇ ਬਦਚਲਣ ਸੀ, ਉਸ ਨੇ ਪਿੰਡ ਦੀ ਹੀ ਇਕ ਜ਼ਨਾਨੀ ਈਸ਼ਰੀ ਨੂੰ ਨਾਜਾਇਜ਼ ਯਾਰਾਨੇ ਦੇ ਤੌਰ 'ਤੇ ਰਖ ਰਖਿਆ ਸੀ ।

ਜਿਸ ਬਾਗ਼ ਵਿਚ ਗੁਰੂ ਕੇ ਲੰਗਰ ਵਾਸਤੇ ਅਕਾਲੀ ਸਿੰਘ ਲੱਕੜਾਂ ਵੱਢਣ ਜਾਇਆ ਕਰਦੇ ਸਨ, ਮਹੰਤ ਉਸ ਬਾਗ਼ ਉਪਰ ਆਪਣਾ ਸ਼ਖ਼ਸੀ ਅਧਿਕਾਰ ਜਮਾਈ ਰਖਣ ਵਾਸਤੇ ਅਕਾਲੀ ਸਿੰਘਾਂ ਨੂੰ ਬਾਗ਼ ਦੀਆਂ ਲੱਕੜਾਂ ਵਢਣ ਤੋਂ ਰੋਕ ਦੇਣ 'ਤੇ ਤੁਲ ਗਿਆ ।

ਸਰਕਾਰ ਵੀ ਅਕਾਲੀਆਂ ਦੀ ਵਧ ਰਹੀ ਤਾਕਤ ਨੂੰ ਡੱਕਾ ਲਾਉਣ ਵਾਸਤੇ ਇਨ੍ਹਾਂ ਨਾਲ ਕਿਸੇ ਥਾਂ 'ਤੇ ਟੱਕਰ ਲੈਣ ਦਾ ਬਹਾਨਾ ਢੂੰਡ ਰਹੀ ਸੀ । ਏਧਰ ਸ਼੍ਰੋ: ਗੁ: ਪ੍ਰ: ਕਮੇਟੀ ਵੀ ਗੁਰਦੁਆਰਿਆਂ ਦੀਆਂ ਜਾਇਦਾਦਾਂ ਉਪਰ ਆਪਣੇ ਧਾਰਮਕ ਹੱਕ ਜਮਾਉਣ ਵਾਸਤੇ ਸਰਕਾਰ ਦੀ ਮੁਦਾਖ਼ਲਤ ਨੂੰ ਖ਼ਤਮ ਕਰਨ ਵਾਸਤੇ ਕਿਸੇ ਠਕਾਣੇ ਉਪਰ ਜ਼ੋਰ ਅਜ਼ਮਾਈ ਕਰ ਕੇ ਵੇਖਣ ਲਈ ਉਤਾਵਲੀ ਹੋ ਰਹੀ ਸੀ । ਸੁ ਮਹੰਤ ਤੇ ਅਕਾਲੀਆਂ ਦੇ ਦਰਮਿਆਨ ਬਾਗ਼ ਵਿਚੋਂ ਲੱਕੜਾਂ ਲੈਣ ਦੇ ਸਵਾਲ ਉਪਰ ਵਧ ਰਹੇ ਇਖ਼ਤਲਾਫ਼ ਦੇ ਮਾਮਲੇ ਵਿਚ ਸਰਕਾਰ ਫ਼ਰੀਕ ਬਣ ਕੇ ਕੁੱਦ ਪੈਣ ਲਈ ਤਤਪਰ ਹੋ ਗਈ ਤੇ ਓਧਰ ਮਹੰਤ ਨੇ ਵੀ ਬਾਗ਼ ਦੀਆਂ ਲੱਕੜੀਆਂ ਦੇ ਮਾਮਲੇ ਨੂੰ ਆਪਣੇ ਮਾਲਕਾਨਾ ਅਧਿਕਾਰਾਂ ਵਾਸਤੇ ਚੈਲਿੰਜ ਮਿਥ ਕੇ ਸਰਕਾਰ ਦੀ ਜਾ ਸ਼ਰਨ ਲਈ ਤੇ ਬਾਗ਼ ਵਿਚ ਪੁਲੀਸ ਦੀ ਗਾਰਦ ਮੰਗਵਾ ਕੇ ਬਿਠਾ ਲਈ ।

ਨਤੀਜਾ ਇਹ ਹੋਇਆ ਕਿ ਜੋ ਸਿੰਘ ਲੱਕੜੀਆਂ ਲੈਣ ਵਾਸਤੇ ਆਏ. ਉਨ੍ਹਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ । ਜਿਸ 'ਤੇ ਸ਼੍ਰੋ: ਗੁ: ਪ੍ਰ: ਕਮੇਟ ਦੀ ਇਮਾ ਉਪਰ ਪੰਜ ਪੰਜ ਅਕਾਲੀ ਸਿੰਘਾਂ ਦੇ ਜਥੇ ਇਕ ਦੂਜੇ ਦੇ ਮਗਰ ਲੱਕੜਾਂ ਵੱਢਣ ਆਉਣ ਲਗ ਪਏ ਤੇ ਪੁਲਸ ਉਨ੍ਹਾਂ ਨੂੰ ਲਾਠੀਆਂ ਮਾਰ ਮਾਰ ਕੇ ਅਧ-ਮੋਇਆ ਕਰ ਦੇਂਦੀ ਤੇ ਲੱਕੜਾਂ ਖੋਹ ਕੇ ਆਪਣੇ ਕਬਜ਼ੇ ਕਰ ਲੈਂਦੀ ।

ਛੇਤੀ ਹੀ ਪੁਲਿਸ ਨੇ ਸ਼੍ਰੋ: ਗੁ: ਪ੍ਰ: ਕਮੇਟੀ ਦੀ ਕਾਰਜ ਸਾਧਕ ਕਮੇਟੀ ਦੇ ਮੈਂਬਰਾਂ ਅਤੇ ਸਕੱਤਰ ਤੇ ਮੀਤ ਸਕੱਤਰ (ਮੈਨੂੰ ਅਤੇ ਸਰਦਾਰ ਸਾਹਿਬ ਸਿੰਘ ਬੀ. ਏ.) ਨੂੰ ਗੁਰੂ ਕੇ ਬਾਗ਼ ਦੇ ਝਗੜੇ ਦੇ ਸੰਬੰਧ ਵਿਚ ਗ੍ਰਿਫ਼ਤਾਰ ਕਰ ਲਿਆ ।

ਕਮੇਟੀ ਨੇ ਅਦਾਲਤ ਵਿਚ ਮੁਕੱਦਮਾ ਲੜਨ ਦਾ ਫ਼ੈਸਲਾ ਕਰ ਲਿਆ ।



Digitized by Panjab Digital Library | www.panjabdigilib.org

ਕਿਉਂਕਿ ਦੋਪਾਸੀਂ ਇਕ ਦੂਜੇ ਨੂੰ ਝੂਠਾ ਸਾਬਤ ਕਰਨ ਲਈ ਪ੍ਰਾਪੇਗੰਡਾ ਦੀ ਮਸ਼ੀਨਰੀ ਪੂਰੇ ਜੋਬਨ ਅੰਦਰ ਹਰਕਤ ਵਿਚ ਲਿਆਂਦੀ ਜਾ ਰਹੀ ਸੀ। ਸਰਕਾਰ ਇਹ ਦਿਖਾਉਣ ਲਈ ਟਿਲ ਲਗਾ ਰਹੀ ਸੀ ਕਿ ਅਕਾਲੀ ਕਾਨੂੰਨ ਤੋੜ ਰਹੇ ਹਨ ਤੇ ਅਦਾਲਤਾਂ ਦੇ ਫ਼ੈਸਲੇ ਲਏ ਬਿਨਾਂ ਜ਼ਬਰਦਸਤੀ ਹੀ ਜਾਇਦਾਦਾਂ ਉਪਰ ਨਾਜਾਇਜ਼ ਕਬਜ਼ੇ ਕਰਦੇ ਜਾ ਰਹੇ ਹਨ।

ਦੂਜੇ ਪਾਸੇ ਅਕਾਲੀ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਸਰਕਾਰ ਉਨ੍ਹਾਂ ਦੇ ਧਰਮ ਅਸਥਾਨਾਂ ਦੇ ਪ੍ਰਬੰਧ ਦੇ ਸਿਲਸਿਲੇ ਵਿਚ ਖ਼ਾਹ-ਮ-ਖ਼ਾਹ ਟੰਗ ਅੜਾ ਕੇ ਉਨ੍ਹਾਂ ਦੇ ਧਰਮ ਅੰਦਰ ਬੇ-ਜਾ ਮੁਦਾਖ਼ਲਤ ਕਰ ਰਹੀ ਹੈ।

ਮੈਨੂੰ ਇਸ ਤੋਂ ਪਹਿਲਾਂ ਜੇਲ ਜਾਣ ਦਾ ਕਦੀ ਇਤਫ਼ਾਕ ਨਹੀਂ ਹੋਇਆ ਸੀ। ਰਾਤ ਦੇ ਹਨੇਰੇ ਵਿਚ ਹੀ, ਮੈਨੂੰ ਅੰਮ੍ਰਿਤਸਰ ਦੀ ਜੇਲ ਦੀ ਇਕ ਕੋਠੜੀ ਅੰਦਰ ਡਕ ਦਿਤਾ ਗਿਆ। ਮੈਨੂੰ ਡੱਕਣ ਤੋਂ ਪਹਿਲਾਂ ਉਸੇ ਹੀ ਕੋਠੜੀ ਵਿਚ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਵੀ ਬਰਾਜਮਾਨ ਸਨ। ਖੜਾਕ ਸੁਣ ਕੇ ਜਾਗ ਪਏ।

ਮੈਂ ਉਨ੍ਹਾਂ ਨੂੰ ਪੁੱਛਿਆ ਕਿ ਮੇਰੇ ਸੌਣ ਵਾਸਤੇ ਕੋਈ ਪਲੰਘ ਜਾਂ ਬਿਸਤਰਾ ਕਿਥੇ ਕੁ ਹੋਵੇਗਾ ? ਅਗੋਂ ਹੱਸ ਪਏ ਤੇ ਕਹਿਣ ਲਗੇ ਕਿ "ਤੂੰ ਆਪਣੇ ਆਪ ਨੂੰ 'ਤਾਜ ਮਹੱਲ' ਵਿਚ ਆਇਆ ਸਮਝਦਾ ਹੋਵੇਂਗਾ। ਕੋਠੜੀ ਦੀ ਇਕ ਨੁੱਕਰੇ ਇਕ ਤਪੜੀ ਜਿਹੀ ਪਈ ਹੋਵੇਗੀ ਤੇ ਦੋ ਜੂੰਆਂ ਦੇ ਭਰੇ ਕੰਬਲ ਪਏ ਹੋਣਗੇ। ਇਕ ਥੱਲੇ ਵਿਛਾ ਲੈ ਤੇ ਇਕ ਉਪਰ ਲੈ ਕੇ ਸੌਂ ਜਾ। ਮੱਛਰ ਬਹੁਤ ਨੇ ਜਿਥੋਂ ਨੰਗਾ ਰਹਿ ਗਿਉਂ ਤੋੜ ਕੇ ਖਾ ਜਾਣਗੇ।

"ਦੂਜੀ ਨੁੱਕਰ ਵਿਚ ਇਕ ਲੋਹੇ ਦਾ ਪੱਤਰਾ, ਨਾਲ ਹੀ ਮਿੱਟੀ ਦੀ ਢੇਰੀ ਤੇ ਇਕ ਮਿੱਟੀ ਦਾ ਕੁੱਜਾ ਪਿਆ ਹੋਵੇਗਾ। ਜੇ ਰਾਤ ਟੱਟੀ ਆ ਗਈ ਤਾਂ ਪੱਤਰੇ ਉਪਰ ਫਿਰ ਲਈਂ ਤੇ ਉਤੇ ਬੁਕ ਭਰ ਕੇ ਮਿੱਟੀ ਦਾ ਪਾ ਦਈਂ। ਜੇ ਪੇਸ਼ਾਬ ਆ ਗਿਆ, ਤਾਂ ਲੱਕੜੀ ਦੀ ਡੰਡੀ ਤੋਂ ਫੜ ਕੇ ਕੁੱਜੇ ਵਿਚ ਕਰ ਲਵੀਂ। ਸਵੇਰੇ ਜਦ ਦਰਵਾਜ਼ਾ ਖੁਲ੍ਹੇਗਾ ਤਾਂ ਭੰਗੀ ਆ ਕੇ ਸਫ਼ਾਈ ਕਰ ਜਾਵੇਗਾ। ਜੇ ਕਰ ਰਾਤ ਨੂੰ ਟੱਟੀ ਨਾ ਆਵੇ, ਤਾਂ ਦਿਨ ਚੜ੍ਹੇ ਜਦ ਦਰਵਾਜ਼ਾ ਖੁਲ੍ਹੇਗਾ, ਹਾਜਤ ਹੋਣ 'ਤੇ ਟੱਟੀਆਂ ਵਲ ਚਲੇ ਜਾਣਾ। ਹੱਥ ਪਾਣੀ ਨਲਕੇ ਤੋਂ ਕਰਕੇ ਸੁਚੇਤ ਹੋ ਲੈਣਾ।"



Digitized by Panjab Digital Library | www.panjabdigilib.org

ਸਵੇਰੇ ਉਠ ਕੇ ਜਦ ਟੱਟੀਆਂ ਵਲ ਗਿਆ, ਤਾਂ ਓਥੇ ਕਿਸੇ ਟੱਟੀ ਦੇ ਵੀ ਬਾਹਰ ਪਰਦਾ ਕੋਈ ਨਹੀਂ ਸੀ। ਟੱਟੀ ਬੈਠਾ ਆਦਮੀ ਬਾਹਰ ਵਾਲਿਆਂ ਨੂੰ ਦਿਖਾਈ ਦੇਂਦਾ ਰਹਿੰਦਾ ਸੀ। ਪਰ ਸਾਡਾ ਜੇਲ ਦੇ ਪ੍ਰਬੰਧ ਵਿਚ ਕੋਈ ਦਖ਼ਲ ਨਹੀਂ ਸੀ। ਸਰਦਾਰ ਬਹਾਦਰ ਦੇ ਪੇਟ ਵਿਚ ਕੁਝ ਖ਼ਰਾਬੀ ਸੀ।

ਉਹ ਬੇ-ਵਕਤ ਹੀ ਟੱਟੀ ਵਿਚ ਜਾ ਬੈਠੇ, ਉਤੋਂ ਬੋਰਨ ਸਾਹਿਬ ਸੁਪ੍ਰਿੰਟੈਂਡੈਂਟ ਜੇਲ ਟਹਿਲਦਾ ਟਹਿਲਦਾ ਓਧਰ ਆ ਨਿਕਲਿਆ ਤੇ ਸਰਦਾਰ ਬਹਾਦਰ ਨੂੰ ਨੰਗਿਆਂ ਵੇਖ ਕੇ ਸ਼ਰਮ ਕਰ ਗਿਆ ਤੇ ਪਿਛਾਂਹ ਨੂੰ ਪਰਤ ਗਿਆ ਤੇ ਜਾਂਦਾ ਜਾਂਦਾ ਦਾਰੋਗਾ ਜੇਲ ਪਾਸ ਹੁਕਮ ਲਿਖ ਕੇ ਛੱਡ ਗਿਆ ਕਿ ਟੱਟੀਆਂ ਦੇ ਬਾਹਰ ਟਾਟਾਂ ਦੇ ਪਰਦੇ ਫ਼ੌਰਨ ਲਗਾ ਦਿਤੇ ਜਾਣ। ਸੁ ਓਸੇ ਦਿਨ ਸ਼ਾਮ ਤੋਂ ਪਹਿਲਾਂ ਪਹਿਲਾਂ ਪਰਦੇ ਲਗ ਗਏ।

Jail Manual (ਜੇਲ ਦੇ ਕਾਨੂੰਨ) ਅਨੁਸਾਰ ਇਕ ਕੋਠੜੀ ਵਿਚ ਦੋ ਕੈਦੀ ਡੱਕੇ ਨਹੀਂ ਜਾ ਸਕਦੇ। ਪਰ, ਸੰਗਤਾਂ ਦੇ ਹੜ੍ਹ ਨੇ ਜੇਲ ਮੈਨੂਅਲ ਦੀ ਏਸ ਪਾਬੰਦੀ ਨੂੰ ਤੋੜ ਕੇ ਰੱਖ ਦਿਤਾ ਤੇ ਜੇਲ ਕਰਮਚਾਰੀ ਇਕ ਇਕ ਕੋਠੜੀ ਵਿਚ ਇਕ ਦੀ ਥਾਂ ਦੋ ਦੋ ਤੇ ਤਿੰਨ ਤਿੰਨ ਸਿੰਘਾਂ ਨੂੰ ਡੱਕਣ ਵਾਸਤੇ ਮਜਬੂਰ ਹੋ ਗਏ ਤੇ ਜਦ ਪਜ ਦੀ ਥਾਂ ਰੋਜ਼ ਰੋਜ਼ ਸੌ ਸੌ ਅਕਾਲੀ ਸਿੰਘਾਂ ਦੇ ਜਥੇ ਗੁਰੂ ਕੇ ਬਾਗ਼ ਵਲ ਵਹੀਰਾਂ ਘੱਤਣ 'ਤੇ ਉਤਰ ਆਏ ਤਾਂ ਜੇਲਾਂ ਅੰਦਰ ਤੰਬੋਟੀਆਂ ਦੇ ਕੈਂਪ ਕਾਇਮ ਕਰ ਦਿਤੇ ਗਏ ਤੇ ਇਕ ਇਕ ਤੰਬੋਟੀ ਵਿਚ ਛੇ ਛੇ ਸਿੰਘਾਂ ਦੇ ਡੇਰੇ ਲਵਾ ਦਿਤੇ ਗਏ।

ਇਨ੍ਹਾਂ ਸਿੰਘਾਂ ਦੇ ਪੈਰਾਂ ਵਿਚ ਕੜੇ ਰਿਵਟ ਕੀਤੇ ਜਾਂਦੇ ਸਨ ਤੇ ਰਾਤ ਨੂੰ ਇਨ੍ਹਾਂ ਕੜਿਆਂ ਦੇ ਵਿਚੋਂ ਦੀ ਸੰਗਲ ਪਰੋ ਦਿਤੇ ਜਾਂਦੇ ਸਨ ਤੇ ਸੰਗਲਾਂ ਦੇ ਦੋਹਾਂ ਸਿਰਿਆਂ ਨੂੰ ਜੰਦੇ ਮਾਰ ਕੇ ਕਾਬੂ ਕਰ ਲਿਆ ਜਾਂਦਾ ਸੀ।

ਤੰਬੂ ਦੇ ਦਰਮਿਆਨ ਵਿਚ ਟੱਟੀ ਪੇਸ਼ਾਬ ਵਾਸਤੇ ਦੋ ਡੋਲ ਰੱਖ ਦਿਤੇ ਜਾਂਦੇ ਸਨ। ਜਦ ਕਦੀ ਕਿਸੇ ਇਕ ਜਣੇ ਨੂੰ ਟੱਟੀ ਜਾਂ ਪੇਸ਼ਾਬ ਆ ਜਾਂਦਾ ਤਾਂ ਉਸ ਦੀ ਹਿਲਜੁਲ ਨਾਲ ਸੰਗਲ ਨੂੰ ਖਿੱਚ ਲਗ ਜਾਣ ਦੇ ਕਾਰਨ ਤੰਬੋਟੀ ਦੇ ਸਾਰੇ ਹੀ ਸਿੰਘਾਂ ਦੀ ਜਾਗ ਖੁਲ੍ਹ ਜਾਂਦੀ ਤੇ ਸਾਰਿਆਂ ਸਾਹਮਣੇ ਉਸ ਨੂੰ ਨੰਗਾ ਹੋ ਕੇ ਬਹਿਣਾ ਪੈਂਦਾ। ਇਕ ਗੱਲ ਚੰਗੀ ਸੀ ਕਿ ਤੰਬੋਟੀ ਵਿਚ ਲੈਂਪ ਕੋਈ



Digitized by Panjab Digital Library | www.panjabdigilib.org

ਨਹੀਂ ਸੀ ਹੁੰਦਾ ਤੇ ਟੱਟੀ ਪੇਸ਼ਾਬ ਬਹਿਣ ਵਾਲਿਆਂ ਦੇ ਨੰਗੇਜ ਉਪਰ ਹਨੇਰੇ ਦਾ ਪੜਦਾ ਪਿਆ ਰਹਿਣ ਕਰ ਕੇ ਗੁਜ਼ਰ ਹੁੰਦੀ ਜਾਂਦੀ ਰਹੀ।

ਕੌਂਸਲ ਵਿਚ ਕੈਦੀਆਂ ਉਪਰ ਲੱਦੀ ਗਈ ਏਸ ਬੇ-ਸ਼ਰਮੀ ਦੇ ਬਾਰੇ ਸਵਾਲ ਵੀ ਉਠਾਏ ਗਏ। ਪਰ ਹੋਮ ਮੈਂਬਰ ਸਰ ਜਾਨ ਮੀਨਾਰਡ ਏਸ ਗੱਲ ਤੋਂ ਸਾਫ਼ ਹੀ ਮੁਕਰ ਗਿਆ। ਤੇ ਝੂਠ ਬੋਲ ਕੇ ਮਸਾਂ ਹੀ ਆਪਣਾ ਪਿਛਾ ਛੁਡਾ ਸਕਿਆ।

ਜੇਲ ਦਾ ਦਾਰੋਗਾ ਪੰਡਤ ਜੀਵਨ ਮੱਲ ਹੁੰਦਾ ਸੀ। ਸਰਕਾਰ ਦੇ ਉਚ ਅਧਿਕਾਰੀ ਉਸ ਦੇ ਪ੍ਰਬੰਧ ਉਪਰ ਬਹੁਤ ਹੀ ਖ਼ੁਸ਼ ਸਨ।

ਕੁਝ ਦਿਨ ਮਗਰੋਂ ਉਨ੍ਹਾਂ ਨੂੰ 'ਰਾਇ ਸਾਹਿਬ' ਦਾ ਖ਼ਿਤਾਬ ਵੀ ਮਿਲ ਗਿਆ। ਉਹ ਸਰਕਾਰ ਨੂੰ ਵੀ ਆਪਣੀ ਕਾਰ-ਗੁਜ਼ਾਰੀ ਵਿਖਾ ਕੇ ਖ਼ੁਸ਼ ਕਰ ਲੈਂਦਾ ਸੀ ਤੇ ਸਾਨੂੰ ਵੀ ਰਾਜ਼ੀ ਰਖਦਾ ਸੀ।

ਪਹਿਲਾਂ ਪਹਿਲ ਤਾਂ ਗੁਰੂ ਕੇ ਲੰਗਰ ਵਾਸਤੇ ਬਾਗ਼ ਵਿਚ ਲੱਕੜਾਂ ਵੱਢਣ ਵਾਸਤੇ ਪੰਜ ਪੰਜ ਅਕਾਲੀ ਹੀ ਜਾਇਆ ਕਰਦੇ ਸਨ, ਪਰ ਥੋੜੇ ਚਿਰ ਪਿਛੋਂ ਹਰ ਰੋਜ਼ ਸੌ ਸੌ ਅਕਾਲੀਆਂ ਦੇ ਜਥੇ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਧਾਰਨ ਕਰ ਕੇ ਗੁਰੂ ਕੇ ਬਾਗ਼ ਵਲ ਨੂੰ ਮਾਰਚ ਕਰਨ ਲਗ ਗਏ। ਜੋ ਸਿਆਲਕੋਟ ਨੂੰ ਜਾਣ ਵਾਲੀ ਸੜਕੇ ਪੈਦਲ ਜਾਇਆ ਕਰਦੇ ਸਨ।

ਇਹ ਜਥੇ ਜ਼ਿਲ੍ਹੇ ਦੀਆਂ ਕਚਹਿਰੀਆਂ ਦੇ ਬਾਹਰੋ ਬਾਹਰ ਸਾਡੀ ਜੇਲ ਦੇ ਅਗੋਂ ਦੀ ਲੰਘਿਆ ਕਰਦੇ ਸਨ। ਉਪਰਲੀਆਂ ਤੇ ਹੇਠਲੀਆਂ ਕੋਠੜੀਆਂ ਵਾਲੇ ਸਭੇ ਸਾਡੇ ਕੋਲ ਹੀ ਆਣ ਇਕੱਠੇ ਹੋਇਆ ਕਰਦੇ ਸਨ ਤੇ ਓਥੋਂ ਜਥੇ ਨੂੰ ਲੰਘਦਾ ਜਾਂਦਾ ਵੇਖ ਸਕਿਆ ਕਰਦੇ ਸਨ।

ਉਹ ਸਾਨੂੰ ਵੇਖ ਵੇਖ ਬੜੀ ਬੜੀ ਉਚੀ ਆਵਾਜ਼ ਨਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਇਆ ਕਰਦੇ ਸਨ।

ਪਹਿਲਾਂ ਪਹਿਲ ਤਾਂ ਇਨ੍ਹਾਂ ਜਥਿਆਂ ਨੂੰ ਤਿਤਰ ਬਿਤਰ ਕਰਨ ਵਾਸਤੇ ਇਕ 'ਬੀ. ਟੀ.' ਨਾਉਂ ਦੇ ਸੁਪ੍ਰਿੰਟੈਂਡੈਂਟ ਪੋਲੀਸ ਦੀ ਸਰਕਰਦਗੀ ਹੇਠ ਪੁਲਿਸ ਦੇ ਜਵਾਨਾਂ ਪਾਸੋਂ ਬੇ-ਤਹਾਸ਼ਾ ਲਾਠੀ ਚਾਰਜ ਕਰਵਾਇਆ ਜਾਂਦਾ ਰਿਹਾ। ਤੇ 'ਸਤਿਨਾਮ ਵਾਹਿਗੁਰੂ,' ਦਾ ਉਚਾਰਨ ਕਰਦੇ ਹੋਏ ਰਾਹੇ ਰਾਹ ਤੁਰੇ ਜਾਂਦੇ ਅਕਾਲੀਆਂ ਵਲੋਂ ਕਿਸੇ ਕਿਸਮ ਦੀ ਗ਼ੈਰ ਕਾਨੂੰਨੀ ਕਾਰਵਾਈ ਕੀਤੀ ਜਾਣ



Digitized by Panjab Digital Library | www.panjabdigilib.org

ਤੋਂ ਪਹਿਲੋਂ ਹੀ ਉਨ੍ਹਾਂ ਦੀਆਂ ਹੱਡੀਆਂ ਸੰਮਾਂ ਵਾਲੀਆਂ ਡਾਂਗਾਂ ਦੀ ਵਾਛੜ ਘੱਤ ਕੇ ਤੋੜ ਦਿਤੀਆਂ ਜਾਂਦੀਆਂ ਸਨ। ਪੁਲਿਸ ਦੀ ਇਸ ਗ਼ੈਰ ਕਾਨੂੰਨੀ ਵਧੀਕੀ ਨੂੰ ਪੰਡਤ ਮਦਨ ਮੋਹਨ ਮਾਲਵੀਆ, ਪੰਡਤ ਮੋਤੀ ਲਾਲ ਨਹਿਰੂ ਅਤੇ ਪਾਦਰੀ ਐਂਡਰਯੂਜ਼ ਨੇ ਅੱਖੀਂ ਵੇਖ ਕੇ ਜਦ ਅਖ਼ਬਾਰਾਂ ਤੇ ਲੈਕਚਰਾਂ ਰਾਹੀਂ ਸਾਰੇ ਦੇਸ਼ ਦੇ ਸਾਹਮਣੇ ਨੰਗਿਆਂ ਕਰ ਦਿਤਾ ਤਾਂ ਡਾਂਗ ਬਾਜ਼ੀ ਦਾ ਸਿਲਸਿਲਾ ਬੰਦ ਕਰ ਕੇ ਅਕਾਲੀ ਜਥਿਆਂ ਨੂੰ ਗ੍ਰਿਫ਼ਤਾਰ ਕਰ ਕਰ ਜੇਲਾਂ ਵਿਚ ਡੱਕੀ ਜਾਣ ਲਈ ਸਰਕਾਰ ਨੂੰ ਮਜਬੂਰ ਹੋਣਾ ਪੈ ਗਿਆ।

ਇਕ ਦਿਨ ਸਾਡੇ ਅਗੋਂ ਦੀ ਰਸਾਲਦਾਰ ਅਨੂਪ ਸਿੰਘ ਅਤੇ ਰਸਾਲਦਾਰ ਰਣਜੋਧ ਸਿੰਘ ਰੰਘੜ ਨੰਗਲੀਏ ਦੀ ਜਥੇਦਾਰੀ ਹੇਠ ਫ਼ੌਜੀ ਪੈਨਸ਼ਨੀਆਂ ਦਾ ਜਥਾ ਲੰਘਿਆ। ਡੀ. ਸੀ. ਨੇ ਬਾਹਰ ਸੜਕ 'ਤੇ ਆ ਕੇ ਜਥੇ ਨੂੰ ਅਗੇ ਜਾਣ ਤੋਂ ਰੋਕਣ ਲਈ ਜਥੇਦਾਰ ਨਾਲ ਬਥੇਰਾ ਸਿਰ ਪਟਕਿਆ।

ਪੈਨਸ਼ਨਾਂ ਜ਼ਬਤ ਕਰ ਲੈਣ ਦੀਆਂ ਧਮਕੀਆਂ ਵੀ ਦਿਤੀਆਂ, ਪਰ ਜਥੇ ਦੇ ਜਥੇਦਾਰ ਨੇ ਇਕ ਨਾ ਮੰਨੀ ਜਿਸ 'ਤੇ ਏਸ ਜਥੇ ਨੂੰ ਵੀ ਹੋਰ ਜਥਿਆਂ ਵਾਂਗ ਗ੍ਰਿਫ਼ਤਾਰ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਸੁ ਗ੍ਰਿਫ਼ਤਾਰ ਕਰ ਲਿਆ ਗਿਆ।

ਪੁਲੀਸ ਇਨ੍ਹਾਂ ਜਥਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਦਾਰ ਸਾਧੂ ਸਿੰਘ ਕੱਕੜ ਦੇ ਪੇਸ਼ ਕਰ ਦਿਆ ਕਰਦੀ ਸੀ। ਇਹ ਤੀਜੇ ਦਰਜੇ ਦਾ ਆਨਰੇਰੀ ਮੈਜਿਸਟ੍ਰੇਟ ਹੁੰਦਾ ਸੀ ਜਿਸ ਨੂੰ ਛੇ ਮਹੀਨੇ ਤੋਂ ਵਧ ਸਜ਼ਾ ਦੇਣ ਦਾ ਕੋਈ ਕਾਨੂੰਨੀ ਅਖ਼ਤਿਆਰ ਨਹੀਂ ਸੀ, ਪਰ ਇਹ ਸਰਦਾਰ ਬਹਾਦਰ ਜਥਿਆਂ ਦੇ ਵਿਰੁਧ ਇਕੋ ਵਾਰ ਚਾਰ ਚਾਰ ਮੁਕੱਦਮੇ ਜਗਾ ਕੇ ਦੋ ਦੋ ਸਾਲ ਕੈਦ ਦੀ ਸਜ਼ਾ ਸੁਣਾ ਦਿਆ ਕਰਦਾ ਸੀ।

ਇਕ ਦਿਨ ਇਕ ਜਥੇ ਨੂੰ ਕਚਹਿਰੀ ਦੇ ਬਾਹਰ ਵਾਰ ਹਰੀ ਘਾਹ ਵਾਲੇ ਵਿਹੜੇ ਵਿਚ ਬੈਠਾਇਆ ਗਿਆ ਸੀ। ਹਥਕੜੀ ਤਾਂ ਕਿਸੇ ਨੂੰ ਲਗਾਈ ਜਾਂਦੀ ਹੀ ਨਹੀਂ ਸੀ। ਇਕ ਅਕਾਲੀ ਸਿੰਘ ਨੇ ਪੁਲੀਸ ਦੇ ਇਨਚਾਰਜ ਅਫ਼ਸਰ ਪਾਸੋਂ ਜੰਗਲ ਪਾਣੀ ਜਾਣ ਦੀ ਆਗਿਆ ਮੰਗੀ।

ਆਗਿਆ ਮਿਲ ਜਾਣ 'ਤੇ ਉਹ ਸਿੰਘ ਲਾਗੇ ਵਾਲੇ 'ਰਾਣੀ ਦੇ ਬਾਗ਼'



Digitized by Panjab Digital Library | www.panjabdigilib.org

ਵਿਚ ਜੰਗਲ ਚਲਾ ਗਿਆ। ਬਹੁਤ ਚਿਰ ਹੋ ਗਿਆ, ਪਰ ਉਹ ਨਾ ਮੁੜਿਆ। ਏਨੇ ਨੂੰ ਮੁਕੱਦਮੇ ਦੀ ਆਵਾਜ਼ ਪੈ ਗਈ ਤਾਂ ਪੁਲਸ ਦਾ ਇਨਚਾਰਜ ਅਫ਼ਸਰ ਬਹੁਤ ਘਬਰਾਇਆ ਤੇ ਜਥੇਦਾਰ ਨੂੰ ਕਹਿਣ ਲੱਗਾ, "ਤੁਹਾਡਾ ਅਕਾਲੀ ਸਿੰਘ ਤਾਂ ਵਾਪਸ ਮੁੜਿਆ ਹੀ ਨਹੀਂ। ਜਥੇ ਦੀ ਗਿਣਤੀ ਸੌ ਦੀ ਥਾਂ ੯੯ ਹੀ ਰਹਿ ਗਈ ਹੈ। ਮੈਂ ਕੀ ਜਵਾਬ ਦਿਆਂਗਾ ?"

ਉਸ ਨੂੰ ਘਬਰਾਇਆ ਹੋਇਆ ਦੇਖ ਕੇ ਜਥੇਦਾਰ ਨੇ ਇਕ ਲਾਗੇ ਖਲੋਤੇ ਸੌਚਾਲਾ ਸਿੰਘ ਅਕਾਲੀ ਨੂੰ ਜਥੇ ਵਿਚ ਸ਼ਾਮਲ ਕਰ ਕੇ ੧੦੦ ਦੀ ਗਿਣਤੀ ਪੂਰੀ ਕਰ ਦਿਤੀ ਤੇ ਸੌਚਾਲਾ ਸਿੰਘ ਨੂੰ ਨੱਸੇ ਹੋਏ ਭਗੌੜੇ ਦਾ ਨਾਮ ਦੱਸ ਦਿਤਾ ਕਿ ਜਦ ਉਸ ਦੇ ਨਾਮ 'ਤੇ ਆਵਾਜ਼ ਪਵੇ ਤੇ ਓਸੇ ਦਾ ਨਾਮ ਦੱਸ ਕੇ ਹਾਜ਼ਰੀ ਦਰਜ ਕਰਵਾ ਦੇਵੇ।

ਸੁ ਏਸੇ ਤਰ੍ਹਾਂ ਹੀ ਹੋਇਆ। ਜਦ ਜਥੇ ਵਿਚ ਉਸ ਦੇ ਨਾਮ ਦੀ ਆਵਾਜ਼ ਪਈ ਤਾਂ ਜਥੇ ਦੇ ਨਾਲ ਹੀ ਅੰਦਰ ਚਲਾ ਗਿਆ ਤੇ ਦੋ ਸਾਲ ਦੀ ਸਜ਼ਾ ਦਾ ਗੱਫ਼ਾ ਲੈ ਕੇ ਹੱਸਦਾ ਹੱਸਦਾ ਜੇਲ ਵਿਚ ਆ ਦਾਖ਼ਲ ਹੋਇਆ।

ਏਹਨੀਂ ਦਿਨੀ ਹੀ ਡੀ. ਸੀ. ਨੇ ਇਕ ਏਲਾਨ ਰਾਹੀਂ ਫੜ੍ਹ ਮਾਰੀ ਕਿ ਹੁਣ ਅਕਾਲੀ ਮੁਕ ਗਏ ਹਨ ਤੇ ਜਥਿਆਂ ਦੀ ਗਿਣਤੀ ਲੰਡੇ, ਲੂਲ੍ਹੇ ਬੁੱਢੇ ਠੇਰੇ ਤੇ ਬੀਮਾਰ ਭਰਤੀ ਕਰ ਕੇ ਪੂਰੀ ਕੀਤੀ ਜਾਂਦੀ ਹੈ। ਜਿਸ ਤੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਵਲੋਂ ਸ਼੍ਰੋ: ਅਕਾਲੀ ਦਲ ਦੇ ਨਾਮ ਹੁਕਮ ਜਾਰੀ ਕਰ ਦਿਤਾ ਕਿ ਜਥਿਆਂ ਦੀ ਛਾਂਟ ਛਟਾਈ ਕਰ ਕੇ ਨਵੇਂ ਨਿਰੋਏ ਤੇ ਤਿਆਰ-ਬਰ-ਤਿਆਰ ਅਕਾਲੀ ਸਿੰਘ ਭੇਜੇ ਜਾਇਆ ਕਰਨ। ਅਗੋਂ ਤੋਂ ਏਸੇ ਤਰ੍ਹਾਂ ਹੀ ਹੋਣ ਲਗ ਗਿਆ।

ਏਸ ਸੌਚਾਲੇ ਅਕਾਲੀ ਸਿੰਘ ਨੂੰ ਦੋ ਦਿਨ ਹੇਠ ਉਤੇ ਜਥੇ ਵਿਚੋਂ ਕੱਢ ਦਿਤਾ ਜਾਂਦਾ ਰਿਹਾ ਸੀ। ਏਸ ਵਾਸਤੇ ਡਾਢਾ ਨਿਰਾਸ ਸੀ, ਪਰ ਅਜ ਜਦ ਉਹ ਜੇਲ ਵਿਚ ਆ ਦਾਖ਼ਲ ਹੋਇਆ ਤਾਂ ਉਸ ਦੀ ਅੱਡੀ ਹੀ ਭੋਂ ਨਾਲ ਨਹੀਂ ਸੀ ਲੱਗਦੀ। ਪਰ, ਉਸ ਦੀ ਇਹ ਖ਼ੁਸ਼ੀ ਹੋਰ ਦੋ ਚਾਰ ਘੰਟਿਆਂ ਵਿਚ ਗ਼ਲਤ ਹੋ ਜਾਣ ਦੇ ਆਸਾਰ ਫੇਰ ਸਾਹਮਣੇ ਆਉਂਦੇ ਦਿਖਾਈ ਦੇਣ ਲਗ ਗਏ। ਤੇ ਉਸ ਨੂੰ ਫੇਰ ਫ਼ਿਕਰ ਪੈ ਗਿਆ।

ਉਹ ਇਸ ਤਰ੍ਹਾਂ ਹੋਇਆ ਕਿ ਉਹ ਸਿੰਘ ਜੋ ਪੁਲੀਸ ਅਫ਼ਸਰ ਪਾਸੋਂ



Digitized by Panjab Digital Library | www.panjabdigilib.org

ਆਗਿਆ ਲੈ ਕੇ ਰਾਣੀ ਦੇ ਬਾਗ਼ ਵਲ ਜੰਗਲ ਗਿਆ ਹੋਇਆ ਸੀ, ਰਾਤ ਦੇ ੮-੯ ਵਜੇ ਆ ਕੇ ਜੇਲ ਦਾ ਫਾਟਕ ਜ਼ੋਰ ਜ਼ੋਰ ਨਾਲ ਖੜਕਾਉਣ ਲਗ ਗਿਆ। ਦਰਬਾਨ ਦੇ ਪੁੱਛਣ 'ਤੇ ਕਹਿਣ ਲੱਗਾ ਕਿ ਉਹ ਅਜ ਦੇ ਜਥੇ ਦੇ ਨਾਲ ਸੀ ਤੇ ਬਾਹਰ ਰਹਿ ਗਿਆ ਹੈ ਉਸ ਨੂੰ ਅੰਦਰ ਲੈ ਲਿਆ ਜਾਵੇ।

ਦਰਬਾਨ ਨੇ ਦਾਰੋਗਾ ਜੇਲ ਰਾਇ ਸਾਹਿਬ ਜੀਵਨ ਮਲ ਨੂੰ ਖ਼ਬਰ ਦੇ ਦਿਤੀ। ਉਹਨੇ ਅਕਾਲੀ ਸਿੰਘ ਨੂੰ ਸਮਝਾਉਣ ਬੁਝਾਉਣ ਲਈ ਬਥੇਰੀਆਂ ਸਿਰ ਦੀਆਂ ਠੀਕਰੀਆਂ ਭੰਨ ਲਈਆਂ ਕਿ ਜੇਲ ਦੀ ਗਿਣਤੀ ਪੂਰੀ ਹੋ ਚੁੱਕੀ ਹੈ ਹੁਣ ਕਿਸੇ ਫ਼ਾਲਤੂ-ਆਦਮੀ ਨੂੰ ਅੰਦਰ ਦਾਖ਼ਲ ਕਰ ਲੈਣ ਦੀ ਕੋਈ ਗੁੰਜਾਇਸ਼ ਨਹੀਂ। ਅਜ ਦੇ ਜੱਥੇ ਦੇ ੧੦੦ ਸਿੰਘ ਪੂਰੇ ਹੋ ਚੁੱਕੇ ਹਨ, ਹੁਣ ਅਸੀਂ ਫ਼ਾਲਤੂ ਆਦਮੀ ਨੂੰ ਕਿਸੇ ਤਰ੍ਹਾਂ ਜੇਲ ਅੰਦਰ ਲੈ ਸਕਦੇ ਹਾਂ ? ਗਿਣਤੀ ਬੰਦ ਹੋ ਚੁੱਕਣ ਮਗਰੋਂ ਉਸ ਵਿਚ ਰਦੋ ਬਦਲ ਕਰਨਾ ਤਾਂ ਜੁਰਮ ਹੈ। ਅਕਾਲੀ ਸਿੰਘ ਮੰਨਣ ਵਿਚ ਆਵੇ ਹੀ ਨਾ ਅਤੇ ਇਕੋ ਗੱਲ ਕਹੀ ਜਾਵੇ ਕਿ ਮੇਰੇ ਬਿਨਾਂ ਸੌ ਹੋ ਕਿਵੇਂ ਗਿਆ ? ਮੈਂ ਪੁਲੀਸ ਪਾਸੋਂ ਆਗਿਆ ਲੈ ਕੇ ਮਦਾਨ ਮਾਰਨ ਗਿਆ ਸੀ। ਮੈਨੂੰ ਢਿਡ ਵਿਚ ਬੜੀ ਸਖ਼ਤ ਪੀੜ ਉੱਠੀ ਸੀ। ਮੈਂ ਮਦਾਨ ਮਾਰ ਕੇ ਦਵਾਈ ਲੈਣ ਚਲਾ ਗਿਆ ਸੀ ਜਿਥੇ ਮੈਨੂੰ ਚਿਰ ਲਗ ਗਿਆ ਤੇ ਮੈਂ ਸਮੇਂ ਸਿਰ ਨਾ ਪੁੱਜ ਸਕਿਆ ਤੇ ਮੇਰੇ ਮਗਰੋਂ ਹੀ ਅਦਾਲਤ ਨੇ ਹੁਕਮ ਸੁਣਾ ਦਿਤਾ। ਤੁਸੀਂ ਜਥੇਦਾਰ ਜੀ ਨੂੰ ਪੁੱਛ ਕੇ ਮੇਰੀ ਗੱਲ ਦੀ ਤਸਦੀਕ ਕਰ ਸਕਦੇ ਹੋ।

ਜਥੇਦਾਰ ਨੂੰ ਵੀ ਬੁਲਾ ਲਿਆ ਗਿਆ। ਪੁੱਛਿਆ ਤਾਂ ਉਸ ਨੇ ਅਕਾਲੀ ਸਿੰਘ ਦੇ ਬਿਆਨ ਦੀ ਤਸਦੀਕ ਕਰ ਦਿਤੀ। ਜਥੇਦਾਰ ਨੇ ਸਾਰੀ ਵ੍ਰਿਥਿਆ ਕਹਿ ਸੁਣਾਈ। ਉਸ ਨੇ ਇਹ ਵੀ ਦੱਸਿਆ ਕਿ ਜਦੋਂ ਇਹ ਸਿੰਘ ਜੰਗਲ ਗਿਆ ਮੁੜਿਆ ਹੀ ਨਾ ਤੇ ਓਧਰ ਮੁਕੱਦਮੇ ਦੀ ਆਵਾਜ਼ ਪੈ ਗਈ ਤਾਂ ਜੱਥੇ ਦਾ ਇਨਚਾਰਜ ਪੁਲਿਸ ਅਫ਼ਸਰ ਡਾਢਾ ਘਬਰਾਇਆ ਹੋਇਆ ਸੀ। ਉਹ ਸੌ ਦੀ ਥਾਂ ੯੯ ਅਦਾਲਤ ਵਿਚ ਕਿਵੇਂ ਪੇਸ਼ ਜਾ ਕਰਦਾ। ਉਸ ਦੀ ਘਬਰਾਹਟ ਵੇਖ ਕੇ ਹੀ ਮੈਂ ਇਕ ਨੇੜੇ ਖਲੋਤੇ ਅਕਾਲੀ ਸਿੰਘ ਨੂੰ ਬੁਲਾ ਕੇ ਏਸ ਦੀ ਥਾਂ ਪੇਸ਼ ਕਰ ਦਿਤਾ ਤੇ ਉਸ ਦੀ ਸੌ ਦੀ ਗਿਣਤੀ ਪੂਰੀ ਕਰ ਦਿਤੀ। ਉਹ ਸਿੰਘ ਵੀ ਸਾਡੇ ਨਾਲ ਦੋ ਸਾਲ ਸਖ਼ਤ ਕੈਦ



Digitized by Panjab Digital Library | www.panjabdigilib.org

ਦੀ ਸਜ਼ਾ ਪਾ ਆਇਆ ਹੈ।

ਫੇਰ ਓਸ ਸਿੰਘ ਨੂੰ ਵੀ ਬੁਲਾ ਲਿਆ ਗਿਆ ਕਿ ਜੇ ਉਹ ਮੰਨ ਜਾਵੇ ਤਾਂ ਹੁਣੇ ਹੀ ਅਦਲਾ ਬਦਲੀ ਕਰਕੇ ਮਾਮਲੇ ਨੂੰ ਏਥੇ ਹੀ ਖ਼ਤਮ ਕੀਤਾ ਜਾਵੇ। ਦਾਰੋਗ਼ਾ ਜੇਲ ਵੀ ਏਸ ਤਜਵੀਜ਼ ਨਾਲ ਸਹਿਮਤ ਸੀ। ਉਹ ਕਹਿੰਦਾ ਸੀ ਅਸਾਂ ਤਾਂ ਆਪਣੇ ਸੌ ਨਗ ਪੂਰੇ ਕਰਨੇ ਹਨ। ਸਜ਼ਾ ਤਾਂ ਏਸੇ ਦੇ ਨਾਮ 'ਤੇ ਸੁਣਾਈ ਗਈ ਏ। ਉਸ ਨੇ ਏਸੇ ਦਾ ਨਾਮ ਪੁਕਾਰੇ ਜਾਣ 'ਤੇ "ਹਾਜ਼ਰ ਜੀ" ਆਖ ਦਿਤਾ ਹੋਵੇਗਾ ਨਾ ? ਜਥੇਦਾਰ ਨੇ ਮੰਨ ਲਿਆ ਕਿ ਹਾਂ ਗੱਲ ਤਾਂ ਏਸੇ ਤਰ੍ਹਾਂ ਹੋਈ ਹੈ। ਤੁਸਾਂ ਠੀਕ ਬੁਝ ਲਿਆ ਹੈ। ਸੌਚਾਲੇ ਅਕਾਲੀ ਸਿੰਘ ਨੂੰ ਕਿਹਾ ਗਿਆ ਕਿ ਓਹ ਵੀ ਭਲਕ ਵਾਲੇ ਜੱਥੇ ਨਾਲ ਜਾਣ ਲਈ ਮੰਨ ਜਾਵੇ। ਪਰ ਉਸ ਨੇ ਵੀ ਇਹ ਤਜਵੀਜ਼ ਰੱਦ ਕਰ ਦਿਤੀ ਤੇ ਜੱਥੇ ਦੇ ਨਾਲ ਚਾਲਾਨ ਕੀਤੇ ਜਾਣ 'ਤੇ ਜ਼ੋਰ ਦੇਂਦਾ ਚਲਾ ਗਿਆ।

ਸੁ ਰਾਇ ਸਾਹਿਬ ਜੀਵਨ ਮਲ ਜੀ ਸਰਦਾਰ ਬਹਾਦਰ ਪਾਸ ਆ ਗਏ ਤੇ ਕਹਿਣ ਲੱਗੇ ਸਾਡੇ ਗਲੋਂ ਇਹ ਸਿਆਪਾ ਤਾਂ ਲਾਹ ਦਿਉ! ਅਸੀਂ ਦੋਵੇਂ ਭਰਾ (ਮੈਂ ਤੇ ਸਰਦਾਰ ਬਹਾਦਰ) ਦਰੋਗ਼ੇ ਦੇ ਨਾਲ ਗਏ ਤੇ ਫ਼ੈਸਲਾ ਕਰਨ ਦੀ ਪੂਰੀ ਪੂਰੀ ਕੋਸ਼ਸ਼ ਕੀਤੀ। ਸੌਚਾਲਾ ਸਿੰਘ ਅਕਾਲੀ ਕਹਿਣ ਲੱਗਾ ਕਿ ਉਸ ਨੂੰ ਨਿਰੋਆ ਨਾ ਸਮਝ ਕੇ ਦੋ ਦਿਨ ਜੱਥਿਆਂ ਵਿਚੋਂ ਨਫਿੱਟ ਕਰਕੇ ਕੱਢ ਦਿਤਾ ਜਾਂਦਾ ਰਿਹਾ ਹੈ। ਅਜ ਉਸ ਦੇ ਭਾਗ ਜਾਗ ਪਏ ਤੇ ਏਸ ਸਿੰਘ ਦੇ ਗ਼ੈਰ ਹਾਜ਼ਰ ਹੋ ਜਾਣ ਕਰਕੇ ਉਸ ਦੀ ਜੱਥੇ ਵਿਚ ਸ਼ਾਮਲ ਹੋਣ ਦੀ ਵਾਰੀ ਆ ਗਈ। ਸੁ ਹੁਣ ਤਾਂ ਉਹ ਕਿਸੇ ਸੂਰਤ ਵਿਚ ਵੀ ਵਾਪਸ ਹੋਣ ਵਾਸਤੇ ਤਿਆਰ ਨਹੀਂ।

ਓੜਕ ਇਹੋ ਫ਼ੈਸਲਾ ਹੋਇਆ ਕਿ ਜੋ ਅਕਾਲੀ ਸਿੰਘ ਬੀਮਾਰ ਹੋ ਕੇ ਜੱਥੇ ਦਾ ਸਾਥ ਛਡ ਗਿਆ ਸੀ ਉਸ ਨੂੰ ਏਸ ਜੱਥੇ ਨਾਲੋਂ ਰੋਕ ਲਿਆ ਜਾਵੇ ਤੇ ਜਥੇਦਾਰ ਪਾਸੋਂ ਇਸ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਮ ਇਕ ਚਿੱਠੀ ਸਰਦਾਰ ਬਹਾਦਰ ਦੀ ਸਫ਼ਾਰਸ਼ ਪਵਾ ਕੇ ਦਵਾ ਦਿਤੀ ਜਾਵੇ ਤਾਂ ਜੁ ਉਹ ਇਸ ਨੂੰ ਕਲ੍ਹ ਵਾਲੇ ਜੱਥੇ ਵਿਚ ਜ਼ਰੂਰ ਸ਼ਾਮਲ ਹੋ ਜਾਣ ਦੇਣ। ਸੁ ਸਿੰਘ ਜੀ ਚਿੱਠੀ ਲੈ ਕੇ ਚਲੇ ਗਏ ਤੇ ੨੪ ਘੰਟੇ ਦੇ ਵਿਚ ਵਿਚ ਦੂਜੇ ਹੀ ਦਿਨ ਅਗਲੇ ਜੱਥੇ ਨਾਲ ਨੱਚਦਾ ਟੱਪਦਾ ਆਣ ਜੇਲ ਵਿਚ ਦਾਖ਼ਲ ਹੋਇਆ। ਤੇ ਖ਼ੁਸ਼ੀ



Digitized by Panjab Digital Library | www.panjabdigilib.org

ਖ਼ੁਸ਼ੀ ਦੱਸਣ ਲੱਗਾ ਕਿ ਉਸ ਉਪਰ ਤਾਂ ਸਤਿਗੁਰਾਂ ਦੀ ਬੜੀ ਮਿਹਰ ਹੋ ਗਈ ਹੈ ਜੁ ਉਸ ਨੂੰ ਸਜ਼ਾ ਦਾ ਦੂਹਰਾ ਗੱਫਾ ਬਖ਼ਸ਼ ਦਿਤਾ ਹੈ ।

ਉਹ ਇਸ ਤਰ੍ਹਾਂ ਮਿਲ ਗਿਆ ਕਿ ਪਹਿਲਾਂ ਏਸ ਜੱਥੇ ਨੂੰ ਗੁਰੂ ਕੇ ਬਾਗ਼ ਵਿਚ ਹੀ ਇਕ ਮੈਜਿਸਟ੍ਰੇਟ ਦੇ ਪੇਸ਼ ਕਰ ਦਿਤਾ ਗਿਆ ਜਿਸ ਨੇ ਦੋ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾ ਦਿਤੀ ।

ਫੇਰ ਜੋ ਪੁਲਿਸ ਪਾਰਟੀ ਏਸ ਜੱਥੇ ਦਾ ਚਾਲਾਨ ਲੈ ਕੇ ਅੰਮ੍ਰਿਤਸਰ ਆਈ ਉਸ ਨੇ ਚਲੀ ਆ ਰਹੀ ਰੀਤੀ ਅਨੁਸਾਰ ਏਸ ਜੱਥੇ ਨੂੰ ਫੇਰ ਮੁੜ ਸਰਦਾਰ ਬਹਾਦਰ ਸਾਧੂ ਸਿੰਘ ਕੱਕੜ ਦੇ ਪੇਸ਼ ਕੀਤਾ ਤੇ ਉਸ ਨੇ ਵੀ ਚਲੇ ਆ ਰਹੇ ਦਸਤੂਰ ਨੂੰ ਕਾਇਮ ਰਖਦਿਆਂ ਹੋਇਆਂ ਦੋ ਸਾਲ ਕੈਦ ਸਖ਼ਤ ਦੀ ਹੋਰ ਸਜ਼ਾ ਸੁਣਾ ਦਿਤੀ । ਗੁਰੂ ਕੇ ਬਾਗ਼ ਵਾਲੇ ਮੈਜਿਸਟ੍ਰੇਟ ਪਾਸੋਂ ਮਿਲ ਚੁੱਕੀ ਸਜ਼ਾ ਦਾ ਪਤਾ, ਨਾ ਪੁਲਿਸ ਪਾਰਟੀ ਨੂੰ ਸੀ ਤੇ ਨਾ ਸਰਦਾਰ ਕੱਕੜ ਨੂੰ । ਸੁ ਏਸ ਤਰ੍ਹਾਂ ਨਾਲ ਸਿੰਘ ਸਾਹਿਬ ਜੱਥੇ ਸਮੇਤ ਦੋ ਵਖ ਵਖ ਮੈਜਿਸਟਰੇਟਾਂ ਪਾਸੋਂ ਦੋ ਦੋ ਸਾਲ ਕੈਦ ਸਖ਼ਤ ਦੀ ਸਜ਼ਾ ਦਾ ਦੂਹਰਾ ਗੱਫਾ ਲੈ ਲੈਣ ਵਾਲੇ ਖ਼ੁਸ਼-ਨਸੀਬ ਬਣ ਗਏ ।

ਜੇਲਾਂ ਵਿਚ ਕੈਦੀਆਂ ਦੇ ਹਾਲ ਨੂੰ ਵੇਖਣ ਅਤੇ ਕੈਦੀਆਂ ਦੀਆਂ ਸ਼ਕਾਇਤਾਂ ਸੁਣਨ ਵਾਸਤੇ ਕੁਝ ਗ਼ੈਰ ਸਰਕਾਰੀ ਨਿਰੀਕਸ਼ਕ (Non-Official Visitors) ਨਿਯਤ ਹੁੰਦੇ ਸਨ, ਜੋ ਕਦੇ ਕਦੇ ਜੇਲਾਂ ਵਿਚ ਫੇਰਾ ਮਾਰਿਆ ਕਰਦੇ ਸਨ । ਇਹੋ ਜਿਹਾ ਹੀ ਇਕ ਗ਼ੈਰ ਸਰਕਾਰੀ ਨਿਰੀਕਸ਼ਕ ਰਾਇ ਸਾਹਿਬ ਲਾਲਾ ਜੀਵਨ ਮਲ ਹੁੰਦਾ ਸੀ । ਉਹ ਆਨਰੇਰੀ ਮੈਜਿਸਟ੍ਰੇਟ ਵੀ ਸੀ । ਇਹ ਜਦੋਂ ਵੀ ਆਇਆ ਕਰਦਾ ਸੀ ਸਾਡੇ ਪਾਸੋਂ ਪੁਛਿਆ ਕਰਦਾ ਸੀ : "ਸਰਦਾਰ ਸਾਹਿਬ ! ਕੋਈ ਸੇਵਾ ?" ਅਗੋਂ ਅਸਾਂ ਵੀ ਰਸਮੀ ਤੌਰ 'ਤੇ ਕਹਿ ਛਡਿਆ ਕਰਨਾ । "ਜੀ ਮਿਹਰਬਾਨੀ, ਸਭ ਹੱਛਾ ਹੈ ।"

ਇਕ ਵਾਰ ਇਹ ਚੁੱਪ ਚੁਪੀਤੇ ਜੇਲ ਅੰਦਰ ਆਣ ਵੜੇ । ਸਾਡੇ ਲਾਗਿਓਂ ਦੀ ਲੰਘੇ ਤਾਂ ਸਾਨੂੰ ਬਰਾਂਡੇ 'ਚ ਬੈਠਿਆਂ ਸ਼ਤਰੰਜ ਦੀ ਬਾਜ਼ੀ ਲਾਉਂਦਿਆਂ ਦੇਖ ਲਿਆ । ਜੇਬ ਵਿਚੋਂ ਆਪਣੀ ਕਿਤਾਬ ਕੱਢ ਕੇ ਉਸ ਵਿਚ ਇਹ ਸ਼ਿਕਾਇਤ ਲਿਖਣ ਦੀ 'ਸੇਵਾ' ਕਰ ਮਾਰੀ ਕਿ "ਅਕਾਲੀਆਂ ਨੂੰ ਜੇਲ਼ ਅੰਦਰ ਸ਼ਤਰੰਜ ਲੈ ਆਉਣ ਦੀ ਕਿਸ ਨੇ ਆਗਿਆ ਦੇ ਰਖੀ ਹੈ ?"



Digitized by Panjab Digital Library | www.panjabdigilib.org

ਉਹ ਆਪਣੀ ਕਿਤਾਬ ਜੇਲ ਵਿਚ ਛੱਡ ਕੇ ਚਲਾ ਗਿਆ ਤੇ ਰਾਇ ਸਾਹਿਬ ਪੰਡਤ ਜੀਵਨ ਮਲ ਦਾਰੋਗਾ ਜੇਲ ਨੇ ਸਾਡੇ ਕੋਲ ਆ ਕੇ ਏਸ ਰਪੋਟ ਬਾਰੇ ਦੱਸ ਕੇ ਕਿਹਾ ਕਿ ਕਲ੍ਹ ਨੂੰ ਤੁਹਾਡੀ ਸੁਪ੍ਰਿੰਟੈਂਡੈਂਟ ਦੇ ਰੂ-ਬ-ਰੂ ਪੇਸ਼ੀ ਹੋਵੇਗੀ ਪਰ ਤੁਸਾਂ ਇਹ ਗੱਲ ਨ ਮੰਨਣੀ ਕਿ ਤੁਸੀਂ ਸ਼ਤਰੰਜ ਦੀ ਬਾਜ਼ੀ ਲਗਾਈ ਬੈਠੇ ਸਉ । ਅਸੀਂ ਕਿਹਾ ਕਿ ਅਸੀਂ ਝੂਠ ਕਿੱਦਾਂ ਬੋਲਾਂ ਗੇ ?

ਉਹ ਕਹਿਣ ਲੱਗੇ, "ਜੇ ਸਚ ਬੋਲੋਗੇ ਤਾਂ ਉਸ ਦੀ ਜਵਾਬ ਤਲਬੀ ਮੇਰੇ ਤੋਂ ਵੀ ਹੋ ਜਾਵੇਗੀ, ਕਿ ਤੂੰ ਸ਼ਤਰੰਜ ਅੰਦਰ ਕਿਉਂ ਆਉਣ ਦਿਤੀ ? ਤਾਂ ਮੈਂ ਕੀ ਕਹਾਂਗਾ ??"

ਓੜਕ ਸੋਚ ਸੋਚ ਕੇ ਆਖਣ ਲੱਗਾ ਕਿ "ਹੱਛਾ ! ਤੁਸਾਂ ਕੁਝ ਨ ਬੋਲਣਾ । ਬੱਸ ! ਇਕੋ ਹੀ ਰੌਲਾ ਪਾਈ ਜਾਣਾ ਕਿ ਜੇਲਰ (ਦਾਰੋਗਾ) ਸਾਨੂੰ ਬਹੁਤ ਤੰਗ ਕਰਦਾ ਹੈ । ਨਾ ਕੋਈ ਅਖ਼ਬਾਰ ਪੜ੍ਹਨ ਦੇਂਦਾ ਹੈ, ਨ ਕੋਈ ਕਿਤਾਬ ਅੰਦਰ ਆਉਣ ਦੇਂਦਾ ਹੈ । ਨ ਸਾਨੂੰ ਖੇਡਣ ਵਾਸਤੇ ਕੋਈ ਖੇਡ ਹੀ ਮਿਲਦੀ ਹੈ । ਅਸੀਂ ਆਪਣੀ ਦਿਨ ਕੱਟੀ ਕਾਹਦੇ ਆਸਰੇ ਕਰੀਏ ? ਬਾਕੀ ਕੰਮ ਮੈਂ ਆਪੇ ਸੰਭਾਲ ਲਵਾਂਗਾ ।"

ਅਗਲੇ ਦਿਨ ਸਾਡੀ ਪੇਸ਼ੀ ਹੋ ਗਈ । ਅਸੀਂ ਦਾਰੋਗੇ ਦੀ ਸ਼ਕਾਇਤ 'ਤੇ ਸ਼ਿਕਾਇਤ ਟਿਕਾਉਂਦੇ ਚਲੇ ਗਏ । ਓਧਰ ਦਾਰੋਗਾ ਬਾਰਾਂ ਪੱਥਰ ਦੇ ਗੀਟੇ, ਬਾਰਾਂ ਕੋਲਿਆਂ ਦੇ ਛੋਟੇ ਛੋਟੇ ਟੁਕੜੇ ਤੇ ਕਾਗ਼ਜ਼ ਉਪਰ ਖ਼ਾਨੇ ਵਾਹ ਕੇ ਬਾਰਾਂ ਟਾਹਣੂੰ ਦਾ ਨਕਸ਼ਾ ਬਣਾ ਕੇ ਲੈ ਆਇਆ । ਕਹਿਣ ਲੱਗਾ ਕਿ "ਕਾਗਜ਼ ਵੀ ਇਨ੍ਹਾਂ ਕੋਲ ਹੁੰਦੇ ਹਨ, ਕੋਲੇ ਲੰਗਰ ਵਿਚੋਂ ਬਥੇਰੇ ਮਿਲ ਜਾਂਦੇ ਹਨ ਤੇ ਗੀਟੇ ਜੇਲ ਦੇ ਹਾਤੇ ਵਿਚ ਹੀ ਏਧਰ ਓਧਰ ਜੀ ਆਏ ਖਿਲਰੇ ਫਿਰਦੇ ਚੁਗ ਲੈਂਦੇ ਹਨ । ਏਸੇ ਸਾਜ਼ ਸਾਮਾਨ ਨਾਲ ਫ਼ਰਜ਼ੀ ਖੇਡਾਂ ਅੱਗੇ ਰੱਖ ਕੇ ਵਕਤ ਕੱਟੀ ਕਰਦੇ ਰਹਿੰਦੇ ਹਨ । ਹਜ਼ੂਰ ਦੀ ਆਗਿਆ ਬਿਨਾਂ ਮੈਂ ਇਸ ਮਾਮਲੇ ਵਿਚ ਇਨ੍ਹਾਂ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ ।" ਦਾਰੋਗੇ ਦੀ ਗੱਲ ਸੁਣ ਕੇ ਸੁਪ੍ਰਿੰਟੈਂਡੈਂਟ ਸਾਨੂੰ ਪੁੱਛਣ ਲੱਗਾ ਕਿ ਸਾਨੂੰ ਅਖ਼ਬਾਰ ਕਿਹੜਾ ਚਾਹੀਦਾ ਹੈ ? ਫੇਰ ਆਪੇ ਹੀ ਕਹਿ ਦਿਤਾ ਕਿ ਸਿਵਲ ਮਿਲਟਰੀ ਠੀਕ ਰਹੇਗਾ । ਉਸ ਵਿਚ ਦੇਸਾਂ ਪ੍ਰਦੇਸਾਂ ਦੀਆਂ ਸਾਰੀਆਂ ਹੀ ਖ਼ਬਰਾਂ ਆ ਜਾਂਦੀਆਂ ਹਨ । ਉਸ ਦਾ ਪ੍ਰਬੰਧ ਕਰ ਦਿਤਾ



Digitized by Panjab Digital Library | www.panjabdigilib.org

ਜਾਵੇਗਾ। ਜੋ ਜੋ ਕਿਤਾਬ ਚਾਹੀਦੀ ਹੋਵੇ ਉਨ੍ਹਾਂ ਦੀ ਫ਼ਹਿਰਿਸਤ ਬਣਾ ਕੇ ਦ ਦਿਓ, ਅਸੀਂ ਉਹ ਜਾਂ ਕੋਈ ਹੋਰ ਪੁਸਤਕਾਂ ਮੰਗਵਾ ਦਿਆਂਗੇ। ਘਰ ਵਿਚ ਬੈਠ ਕੇ ਖੇਡਣ ਵਾਲੀਆਂ ਖੇਡਾਂ ਮੰਗਵਾ ਲੈਣ ਦੀ ਵੀ ਤੁਹਾਨੂੰ ਪੂਰੀ ਪੂਰੀ ਖੁਲ੍ਹ ਹੋਵੇਗੀ। ਇਹ ਸਾਰਾ ਹੁਕਮ ਉਹ ਦਾਰੋਗ਼ੇ ਨੂੰ ਲਿਖ ਕੇ ਦੇ ਗਿਆ ਤੇ ਰਾਇ ਸਾਹਿਬ ਦੇ ਸਿਰ ਸਵਾਹ ਪਾ ਗਿਆ।

ਕੁਝ ਦਿਨ ਪਾ ਕੇ ਇਕ ਸਿੰਘ ਨੇ ਜੇਲ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਵਾ ਦਿਤਾ। ਭੋਗ ਵਾਲੇ ਦਿਨ ਅਰਦਾਸਾ ਸੁਧਾਉਣ ਵੇਲੇ ਇਹ ਮੰਗ ਮੰਗੀ ਕਿ ਉਸ ਦੇ ਘਰ ਸਤਿਗੁਰੂ ਜੀ ਭੁਝੰਗੀ ਦੀ ਦਾਤ ਬਖ਼ਸ਼ਣ। ਅਰਦਾਸਾ ਬਾਬਾ ਕਿਹਰ ਸਿੰਘ ਜੀ ਪੱਟੀ ਵਾਲਿਆਂ ਪਾਸੋਂ ਸੁਧਵਾਇਆ ਗਿਆ। ਜੋ ਜੇਲ ਵਿਚ ਹੀ ਮੇਰੇ ਪੱਗ-ਵਟ ਭਰਾ ਬਣ ਗਏ ਸਨ।

ਕੋਈ ਪੰਜ ਕੁ ਦਿਨ ਮਗਰੋਂ ਜੇਲ ਅੰਦਰ ਹੀ ਇਕ ਤਕੜਾ ਦੀਵਾਨ ਇਸ ਖ਼ੁਸ਼ੀ ਵਿਚ ਸਜਾਇਆ ਗਿਆ ਕਿ ਉਸ ਦੇ ਘਰੋਂ ਭੁਝੰਗੀ ਹੋਣ ਦੀ ਚਿੱਠੀ ਆ ਗਈ ਸੀ। ਏਸ ਜਲਸੇ ਦੇ ਥੋੜੇ ਹੀ ਦਿਨ ਮਗਰੋਂ ਰਾਇ ਸਾਹਿਬ ਜੀਵਨ ਮਲ ਗ਼ੈਰ ਸਰਕਾਰੀ ਨਰੀਕਸ਼ਕ ਨੇ ਫੇਰ ਸਾਡੇ ਪਾਸੇ ਫੇਰਾ ਮਾਰਿਆ। ਸਾਡੇ ਪਾਸ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਬੈਠ ਗਿਆ। ਸਾਡੇ ਦਿਲਾਂ ਵਿਚੋਂ ਸ਼ਤਰੰਜ ਦੀ ਸ਼ਕਾਇਤ ਵਾਲੇ ਮਸਲੇ ਦਾ ਵਟ ਅਜੇ ਨਹੀਂ ਸੀ ਗਿਆ, ਪਰ ਅਸਾਂ ਮੂੰਹੋਂ ਅਜੇ ਕੋਈ ਗੱਲ ਨਹੀਂ ਸੀ ਕੱਢੀ ਕਿ ਏਨੇ ਨੂੰ ਬਾਬਾ ਕਿਹਰ ਸਿੰਘ ਜੀ ਪੱਟੀ ਵੀ ਆਪਣੀ ਕੋਠੜੀ 'ਚੋਂ ਬਾਹਰ ਨਿਕਲ ਕੇ ਰਾਇ ਸਾਹਿਬ ਪਾਸ ਬੈਠ ਕੇ ਗੱਲੀਂ ਜੁੱਟ ਪਏ।

ਜਦ ਉਨ੍ਹਾਂ ਨੂੰ ਪਤਾ ਲਗਾ ਕਿ ਰਾਇ ਸਾਹਿਬ ਦੇ ਘਰ ਕੋਈ ਔਲਾਦ ਨਹੀਂ ਤਾਂ ਬਾਬਾ ਜੀ, ਰਾਇ ਸਾਹਿਬ ਨੂੰ ਦੀਵਾਨ ਕਰਵਾਉਣ ਵਾਲੇ ਅਕਾਲੀ ਸਿੰਘ ਦੀ ਉਦਾਹਰਣ ਦੇ ਕੇ ਕਹਿਣ ਲਗੇ, "ਰਾਇ ਸਾਹਿਬ! ਸੰਗਤ ਤੁਹਾਡੇ ਵਾਸਤੇ ਵੀ ਅਰਦਾਸਾ ਸੋਧੇਗੀ ਤੇ ਤੁਹਾਡੇ ਘਰ ਵੀ ਸਤਿਗੁਰੂ ਭੁਝੰਗੀ ਦੀ ਦਾਤ ਬਖ਼ਸ਼ ਦੇਵੇਗਾ।"

ਇਹ ਗੱਲ ਸੁਣ ਕੇ ਮੈਨੂੰ ਸ਼ਤਰੰਜ ਦੀ ਸ਼ਕਾਇਤ ਯਾਦ ਆ ਗਈ ਤੇ ਰਾਇ ਸਾਹਿਬ ਪਾਸੋਂ ਉਸ ਦਾ ਹਥੋ ਹੱਥ ਭਾਂਗਾ ਕੱਢ ਲੈਣ ਦਾ ਮੌਕਾ ਮਿਲਦਾ



Digitized by Panjab Digital Library | www.panjabdigilib.org

ਵੇਖ ਕੇ ਬਾਬਾ ਪੱਟੀ ਨੂੰ ਕਿਹਾ :

"ਵੇਖਿਓ ਬਾਬਾ ਜੀ ! ਰੱਬ ਦਾ ਵਾਸਤਾ ਜੇ ਕਿਤੇ ਸੱਚ ਮੁਚ ਹੀ ਅਰਦਾਸਾ ਨਾ ਸੋਧ ਬਹਿਣਾ । ਏਸ ਢਿੱਡਲ ਪਾਸੋਂ ਤਾਂ ਸਰਨਾ ਕੁਝ ਨਹੀਂ ਤੇ ਅਰਦਾਸੇ ਦੀ ਲਾਜ ਰਖਣ ਦੀ ਖ਼ਾਤਰ ਸਾਨੂੰ ਕਿਸੇ ਅਕਾਲੀ ਸਿੰਘ ਨੂੰ ਹੀ ਪਤਿਤ ਨਾ ਕਰਵਾਉਣਾ ਪੈ ਜਾਏ ।" ਬਾਬਾ ਜੀ ਨੇ ਮੇਰੀ ਗੱਲ ਸੁਣਦਿਆਂ ਹੀ ਡੰਗੋਰੀ ਫੜ ਲਈ । ਅਗੇ ਅਗੇ ਮੈਂ ਤੇ ਮਗਰ ਮਗਰ ਬਾਬਾ ਜੀ । ਨਾਲੇ ਮੈਨੂੰ ਕਹਿੰਦੇ ਜਾਣ "ਖੜੋ ਤੇਰੀ ਐਸੀ ਤੈਸੀ । ਇਹ ਕੀ ਆਖਿਆ ਈ ਓਇ !"

ਜਦੋਂ ਇਹ ਗੱਲ ਜ਼ਰਾ ਮੱਠੀ ਪੈ ਗਈ ਤਾਂ ਮੈਂ ਬਾਬਾ ਜੀ ਕੋਲੋਂ ਮਾਫ਼ੀ ਜਾ ਮੰਗੀ ਤੇ ਨਾਲ ਹੀ ਉਨ੍ਹਾਂ ਨੂੰ ਸ਼ਤਰੰਜ ਦੀ ਸ਼ਕਾਇਤ ਵਾਲੇ ਕਿੱਸੇ ਦੀ ਯਾਦ ਕਰਵਾਈ ਤੇ ਆਖਿਆ, 'ਬਾਬਾ ਜੀ ! ਇਹੋ ਜਿਹੇ ਤਾਂ ਔਂਤਰੇ ਨਿਖੱਤਰੇ ਹੀ ਚੰਗੇ ਨੇ । ਜੇ ਇਸ ਦੇ ਘਰ ਕੋਈ ਔਲਾਦ ਹੋ ਵੀ ਗਈ ਤਾਂ ਉਹ ਵੀ ਤੇ ਇਹਦੇ ਵਰਗੀ ਹੀ ਹੋਵੇਗੀ । ਉਹਨੇ ਕਿਹੜਾ ਕੋਈ ਨੇਕੀ ਦਾ ਕੰਮ ਕਰ ਲੈਣਾ ਏ !" ਬਾਬਾ ਜੀ ਨੂੰ ਸ਼ਤਰੰਜ ਦੀ ਸ਼ਕਾਇਤ ਵਾਲੇ ਮਾਮਲੇ ਦਾ ਕੁਝ ਪਤਾ ਨਹੀਂ ਸੀ । ਸੁ ਮੈਨੂੰ ਮਾਫ਼ੀ ਮਿਲ ਗਈ ।

ਮਿਸਟਰ ਬੌਰਨ ਸੁਪ੍ਰਿਟੈਂਡੈਂਟ ਜੇਲ ਨੇ ਬਹੁਤ ਸਾਰੀਆਂ ਕਿਤਾਬਾਂ ਤੇ ਅੰਦਰ ਬੈਠ ਕੇ ਖੇਡਣ ਵਾਲੀਆਂ ਖੇਡਾਂ ਦਾ ਸਾਮਾਨ ਮੰਗਾਉਣ ਦੀ ਮਨਜ਼ੂਰੀ ਦੇ ਦਿਤੀ । ਜਿਸ 'ਤੇ ਅਸੀਂ ਖ਼ੁਸ਼ੀ ਵਿਚ ਫੁੱਲੇ ਨਹੀਂ ਸੀ ਸਮਾਉਂਦੇ । ਸਾਡਾ ਸਮਾਂ ਵਾਹਵਾ ਸੌਖਾ ਕਟੀਣ ਲਗ ਗਿਆ ।

ਜਿਨ੍ਹੀਂ ਦਿਨੀਂ ਸਾਡੇ ਵਿਰੁੱਧ ਮੁਕੱਦਮਾ ਚਲ ਰਿਹਾ ਸੀ, ਉਹਨੀਂ ਹੀ ਦਿਨੀਂ ਤੇ ਓਸੇ ਹੀ ਅਦਾਲਤ ਵਿਚ ਉਜਾਗਰ ਸਿੰਘ ਨੰਬਰਦਾਰ, ਉਸ ਦੇ ਦੋ ਪੁੱਤਰਾਂ ਅਤੇ ਦੋ ਤਿੰਨ ਹੋਰ ਸਬੰਧੀਆਂ ਦੇ ਵਿਰੁੱਧ ਵੀ ਮੁਕੱਦਮਾ ਚਲ ਰਿਹਾ ਸੀ । ਉਜਾਗਰ ਸਿੰਘ ਨੂੰ ਕਿਤੋਂ ਪਤਾ ਲਗਾ ਕਿ ਨਵਾਬ ਅਸਲਮ ਹੱਯਾਤ ਖ਼ਾਂ, ਏ. ਡੀ. ਐਮ. ਅੰਮ੍ਰਿਤਸਰ ਸ: ਬ: ਦੇ ਬੜੇ ਗਹਿਰੇ ਦੋਸਤ ਹਨ । ਸੁ ਇਕ ਦਿਨ ਉਸ ਨੇ ਸਰਦਾਰ ਬਹਾਦਰ ਅੱਗੇ ਮਿੰਨਤ ਸਮਾਜਤ ਕੀਤੀ ਤੇ ਆਖਿਆ ਕਿ ਜੇਕਰ ਉਨ੍ਹਾਂ ਦੇ ਮੁਕੱਦਮੇ ਦਾ ਫ਼ੈਸਲਾ ਪਹਿਲਾਂ ਹੋ ਗਿਆ ਤਾਂ ਬਾਹਰ ਚਲ ਕੇ ਏ. ਡੀ. ਐਮ. ਦੀ ਅਦਾਲ਼ਤ ਵਿਚ ਪੈਰਵੀ ਕਰ ਕੇ ਸਾਡੀਆਂ ਜਮਾਨਤਾਂ



Digitized by Panjab Digital Library | www.panjabdigilib.org

ਕਰਵਾ ਦੇਣੀਆਂ । ਉਹ ਏਸ ਕੰਮ ਦਾ ਮਿਹਨਤਾਨਾ ਪੰਜ ਸੌ ਰੁਪਏ ਦੇਣ ਵਾਸਤੇ ਤਿਆਰ ਹਨ। ਸਰਦਾਰ ਬਹਾਦਰ ਜੀ ਨੇ ਕਿਹਾ ਕਿ ਜਦ ਉਹ ਅਕਾਲੀ ਲਹਿਰ ਵਿਚ ਸ਼ਾਮਲ ਹੋਏ ਸਨ ਉਹ ਸਰਕਾਰੀ ਵਕੀਲ ਸਨ ਹਜ਼ਾਰਾਂ ਰੁਪਏ ਮਾਹਵਾਰ ਆਮਦਨ ਨੂੰ ਲੱਤ ਮਾਰ ਕੇ ਸਰਕਾਰੀ ਪਦਵੀ ਤੋਂ ਤਿਆਗ-ਪੱਤਰ ਦੇ ਦਿਤਾ ਸੀ।

ਸੁ ਉਹ ਇਕ ਵਾਰ ਛਡ ਦਿਤੇ ਗਏ ਧੰਦੇ ਨੂੰ ਮੁੜ ਲੈ ਬਹਿਣ ਦਾ ਕੋਈ ਇਰਾਦਾ ਨਹੀਂ ਰਖਦੇ । ਏਸ ਲਈ ਉਹ ਉਨ੍ਹਾਂ ਵਲੋਂ ਅਦਾਲਤ ਵਿਚ ਪੇਸ਼ ਨਹੀਂ ਹੋ ਸਕਣਗੇ। ਮੇਰਾ ਨਾਮ ਲੈ ਕੇ ਕਹਿਣ ਲਗੇ, ਉਹਨੇ ਬਾਹਰ ਜਾ ਕੇ ਵਕਾਲਤ ਦਾ ਕੰਮ ਸ਼ੁਰੂ ਕਰਨਾ ਹੈ, ਉਹਨੂੰ ਕਹਿ ਰਖੋ ਉਹ ਤੁਹਾਡਾ ਕੰਮ ਕਰਵਾ ਦੇਵੇਗਾ ।

ਨਵਾਬ ਸਾਹਿਬ ਉਸ ਦੇ ਵੀ ਮਿੱਤਰ ਹਨ ਤੇ ਮੇਰੇ ਵੀ ਮਾਮਾ ਜੀ ਦੇ ਪੁੱਤਰ ਹਨ। ਨਾਲ ਜਦ ਫ਼ੀਰੋਜ਼ ਪੁਰ ਵਿਚ ਮੇਰੇ ਪਾਸੋਂ ਵਕਾਲਤ ਦਾ ਕੰਮ ਸਿਖਿਆ ਕਰਦੇ ਸਨ ਓਦੋਂ ਨਵਾਬ ਸਾਹਿਬ ਨਾਲ ਉਸ ਦੀ ਵੀ ਦੋਸਤੀ ਪੈ ਗਈ ਸੀ। ਨਵਾਬ ਸਾਹਿਬ ਓਥੇ ਵੀ ਏ. ਡੀ. ਐਮ. ਹੁੰਦੇ ਸਨ ਤੇ ਸਰਦਾਰ ਬਹਾਦਰ ਸਰਕਾਰੀ ਵਕੀਲ । ਸੁ ਮੇਰਾ ਉਜਾਗਰ ਸਿੰਘ ਨਾਲ ਇਕਰਾਰ ਹੋ ਗਿਆ ਕਿ ਮੇਰੇ ਮੁਕੱਦਮੇ ਦਾ ਫ਼ੈਸਲਾ ਹੋ ਗਿਆ ਤਾਂ ਮੈਂ ਬਾਹਰ ਆਉਣ 'ਤੇ ਜੋ ਸਭ ਤੋਂ ਪਹਿਲਾ ਕੰਮ ਕਰਾਂਗਾ ਉਸ ਦੀ ਤੇ ਉਸ ਦੇ ਲੜਕਿਆਂ ਦੀਆਂ ਜ਼ਮਾਨਤਾਂ ਕਰਵਾ ਦੇਣ ਦਾ ਹੀ ਕਰਾਂਗਾ।

ਜਿਸ ਦਿਨ ਸਾਡੇ ਮੁਕੱਦਮੇ ਵਿਚ ਬਹਿਸ ਹੋਣੀ ਸੀ ਉਸ ਦਿਨ ਅਦਾਲਤ ਦਾ ਕਮਰਾ ਦਰਸ਼ਕਾਂ ਨਾਲ ਖਚਾ ਖਚ ਭਰ ਗਿਆ ਤੇ ਅਜੇ ਸੈਂਕੜੇ ਦਰਸ਼ਕ ਬਾਹਰ ਖੜੇ ਉਡੀਕ ਰਹੇ ਸਨ ਕਿ ਉਨ੍ਹਾਂ ਨੂੰ ਆਗਿਆ ਮਿਲੇ ਤਾਂ ਉਹ ਵੀ ਅੰਦਰ ਜਾ ਕੇ ਪੰਡਤ ਮਦਨ ਮੋਹਨ ਮਾਲਵੀਆ ਦੀ ਬਹਿਸ ਸੁਣ ਸਕਣ, ਪਰ ਕਮਰੇ ਵਿਚ ਅਗੇ ਹੀ ਤਿਲ ਧਰਨ ਦੀ ਵੀ ਗੁੰਜਾਇਸ਼ ਕੋਈ ਨਹੀਂ ਸੀ। ਸੁ ਬਾਕੀ ਕਾਰਵਾਈ ਵਾਸਤੇ ਡਿਸਟ੍ਰਿਕਟ ਬੋਰਡ ਦੇ ਹਾਲ ਕਮਰੇ ਵਿਚ ਅਦਾਲਤ ਦਾ ਰੰਗ ਮੰਚ ਅੱਡ ਦਿਤਾ ਗਿਆ ।

ਪੰਡਤ ਜੀ ਦੀ ਤਕਰੀਰ ਸੁਣਨ ਦੇ ਚਾਹਵਾਨ ਦਰਸ਼ਕਾਂ ਨੂੰ ਆਪਣਾ ਸ਼ੌਕ



Digitized by Panjab Digital Library | www.panjabdigilib.org

ਪੂਰਾ ਕਰ ਲੈਣ ਦਾ ਖੁਲ੍ਹਾ ਮੌਕਿਆ ਮਿਲ ਗਿਆ । ਪੰਡਤ ਜੀ ਨੇ ਆਪਣੀ ਤਕਰੀਰ ਵਿਚ ਇਕ ਮੌਕਿਆ 'ਤੇ ਇਹ ਗੱਲ ਕਹੀ ਕਿ "ਧਰਮ 'ਤੇ ਮਰ ਮਿਟਣ ਵਾਲਿਆਂ ਦੇ ਪਿੰਡਿਆਂ ਉਪਰ ਡਾਂਗਾਂ ਵਰ੍ਹਾਉਣ ਵਾਲਿਆਂ ਦੀ ਕਿਥੇ ਗਤੀ ਹੋਵੇਗੀ ? ਯਾਦ ਰਹੇ ਕਿ ਅਕਾਲੀ ਸਤਯਾਗ੍ਰਿਹੀਆਂ ਦੀ ਪਿੱਠ ਉਪਰ ਜੋ ਇਕ ਇਕ ਲਾਠੀ ਪੈ ਰਹੀ ਹੈ ਅੰਗਰੇਜ਼ ਰਾਜ ਦੇ ਤਾਬੂਤ ਅੰਦਰ ਇਕ ਇਕ ਮੇਖ ਠੁਕਦੀ ਜਾ ਰਹੀ ਹੈ ।"

ਪੰਡਤ ਜੀ ਦੀ ਤਕਰੀਰ ਅਜਿਹੀ ਦਰਦਨਾਕ ਤੇ ਦਿਲ ਚੀਰਵੀਂ ਸੀ ਕਿ ਨਵਾਬ ਸਾਹਿਬ ਸਮੇਤ ਕਮਰੇ ਵਿਚ ਬੈਠੇ ਹੋਏ ਸਾਰੇ ਦੇ ਸਾਰੇ ਦਰਸ਼ਕਾਂ ਦੇ ਨੇਤਰਾਂ 'ਚੋਂ ਤ੍ਰਿਪ ਤ੍ਰਿਪ ਅੱਥਰੂ ਕਿਰ ਰਹੇ ਸਨ । ਕੋਈ ਐਸਾ ਦਰਸ਼ਕ ਨਹੀਂ ਸੀ ਜੋ ਰੁਮਾਲ ਨਾਲ ਅੱਖੀਆਂ ਨਾ ਪੂੰਝ ਰਿਹਾ ਹੋਵੇ ।

ਨਵਾਬ ਸਾਹਿਬ ਨੇ ਮੁਕੱਦਮੇ ਦਾ ਫ਼ੈਸਲਾ ਵੀ ਨਿਰਾਲਾ ਹੀ ਸੁਣਾਇਆ । ਉਨ੍ਹਾਂ ਨੇ ਸਾਨੂੰ ੬-੬ ਮਹੀਨੇ ਤੇ ੧੭-੧੭ ਦਿਨ ਕੈਦ ਦੀ ਸਜ਼ਾ ਸੁਣਾਈ । ਨਾਲ ਹੀ ਇਹ ਵੀ ਲਿਖ ਦਿਤਾ ਕਿ ਇਹ ਸਜ਼ਾ ਉਸ ਦਿਨ ਤੋਂ ਮਿਥੀ ਜਾਵੇ ਜਿਸ ਦਿਨ ਇਹ ਫੜੇ ਹੋਏ ਜੇਲ ਅੰਦਰ ਆਏ ਸਨ । ਉਨ੍ਹਾਂ ਦਾ ਜੁਰਮ ਕਾਬਿਲੇ ਜ਼ਮਾਨਤ ਸੀ, ਪਰ ਉਨ੍ਹਾਂ ਨੇ ਜੇਲ ਜਾਣ ਨੂੰ ਤਰਜੀਹ ਦਿਤੀ ਤੇ ਜ਼ਮਾਨਤਾਂ ਨਾ ਦਿਤੀਆਂ । ਸੁ ਇਨ੍ਹਾਂ ਦੀ ਸਜ਼ਾ ਅਜ ਹੀ ਖ਼ਤਮ ਸਮਝੀ ਜਾਵੇ ਤੇ ਚਾਰ ਵਜੇ ਜਦ ਅਦਾਲਤ ਬਰਖ਼ਾਸਤ ਹੋਵੇ ਇਹ ਵੀ ਘਰੋ ਘਰੀ ਜਾ ਸਕਦੇ ਹਨ । ਨਵਾਬ ਸਾਹਿਬ ਨੇ ਹੁਕਮ ਸੁਣਾ ਕੇ ਮੇਰੇ ਅਤੇ ਸਰਦਾਰ ਬਹਾਦਰ ਦੇ ਮੋਢਿਆਂ ਉਪਰ ਹੱਥ ਰੱਖ ਲਏ ਅਤੇ ਕਹਿਣ ਲਗੇ, "ਅੱਜ ਰਾਤ ਦਾ ਖਾਣਾ ਸਾਡੀ ਕੋਠੀ ਹੋਵੇਗਾ", ਪਰ ਸਰਦਾਰ ਬਹਾਦਰ ਨੇ ਕਿਹਾ ਕਿ "ਅੱਜ ਤਾਂ ਵੱਡਾ ਭਾਰਾ ਜਲੂਸ ਨਿਕਲੇਗਾ ਤੇ ਜਲਸਾ ਹੋਵੇਗਾ । ਕਿਤੇ ਅੱਧੀ ਰਾਤ ਵੇਲੇ ਜਨਤਾ ਪਾਸੋਂ ਸਾਨੂੰ ਛੁਟਕਾਰਾ ਮਿਲ ਸਕੇਗਾ । ਸੁ ਅੱਜ ਤਾਂ ਸਾਨੂੰ ਖ਼ਿਮਾਂ ਬਖ਼ਸ਼ੀ ਜਾਵੇ ਫੇਰ ਕਿਸੇ ਦਿਨ ਆ ਕੇ ਤੁਹਾਡੇ ਨਾਲ ਖਾਣਾ ਜ਼ਰੂਰ ਖਾਵਾਂਗੇ ।

ਜਦੋਂ ਨਵਾਬ ਸਾਹਿਬ ਚਲੇ ਗਏ ਤਾਂ ਸਰਦਾਰ ਬਹਾਦਰ ਕਹਿਣ ਲਗੇ, "ਵੇਖੋ ! ਪਠਾਣ ਬੱਚੇ ਦਾ ਹੌਸਲਾ । ਇਕ ਤਾਂ ਮੁਕੱਦਮੇ ਦਾ ਫ਼ੈਸਲਾ ਹੀ ਕਾਨੂੰਨ ਵਿਰੁਧ ਸੁਣਾ ਦਿਤਾ ਸੁ ਤੇ ਫੇਰ ਹੁਕਮ ਦੇਂਦੇ ਸਾਰ ਸਾਡਾ ਖਾਣਾ ਵੀ ਆਪਣੇ



Digitized by Panjab Digital Library | www.panjabdigilib.org

ਘਰ ਵਰਜ ਦੇਂਦਾ ਹੈ ।"

ਸਾਡੇ ਮੁਕੱਦਮੇ ਦਾ ਫ਼ੈਸਲਾ ਹੋ ਗਿਆ । ਭਾਵੇਂ ਇਹ ਕਾਨੂੰਨ ਵਿਰੁੱਧ ਹੀ ਸੀ. ਪਰ ਸਰਕਾਰ ਨੇ ਏਸ ਫ਼ੈਸਲੇ ਵਿਰੁੱਧ ਕੋਈ ਅਪੀਲ ਦਾਇਰ ਨ ਕੀਤੀ । ਅਕਾਲੀ ਜੱਥੇ ਗ੍ਰਿਫ਼ਤਾਰੀਆਂ ਦੇਣ ਵਾਸਤੇ ਧੜਾ ਧੜ ਚਲੇ ਆ ਰਹੇ ਸਨ । ਸਰਕਾਰ ਡਾਢੀ ਕਾਬੂ ਆਈ ਹੋਈ ਸੀ । ਜੋ ਡੀ. ਸੀ. ਨੇ ਡੀਂਗ ਹਿਕ ਦਿਤੀ ਸੀ ਕਿ "ਅਕਾਲੀ ਮੁਕ ਚੁਕੇ ਹਨ ।" ਬੁਰੀ ਤਰ੍ਹਾਂ ਗ਼ਲਤ ਸਾਬਤ ਹੋ ਗਈ । ਸਰਕਾਰ ਕਿਸੇ ਨਾ ਕਿਸੇ ਢੰਗ ਆਪਣਾ ਪੱਲਾ ਛਡਾਉਣ ਦਾ ਰਾਹ ਲਭ ਰਹੀ ਸੀ ।

ਓੜਕ ਸਰ ਗੰਗਾ ਰਾਮ ਨੂੰ ਏਸ ਕੰਮ ਵਾਸਤੇ ਹਥਿਆਰ ਬਣਾਇਆ ਗਿਆ । ਉਸ ਨੂੰ ਮਹੰਤ ਪਾਸੋਂ ਗੁਰਦੁਆਰੇ ਦੇ ਜ਼ਿਮੀਂਦਾਰੇ ਦਾ ਠੇਕਾ ਦਵਾ ਦਿਤਾ ਗਿਆ ਤੇ ਉਸ ਪਾਸੋਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਾਮ ਜ਼ਿਮੀਂਦਾਰੇ ਦੇ ਸਾਰੇ ਹੱਕ ਹਕੂਕ ਅਰਦਾਸਾ ਕਰਵਾ ਦਿਤੇ ਗਏ ਤੇ ਸਰਕਾਰ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਵਿਚੋਂ ਆਪਣੀ ਟੰਗ ਕੱਢ ਲੈਣ ਦਾ ਪੱਜ ਹੱਥ ਆ ਗਿਆ ।

ਸੁ ਏਸ ਤਰ੍ਹਾਂ ਨਾਲ ਅਗੋਂ ਤੋਂ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਤਾਂ ਬੰਦ ਹੋ ਗਈਆਂ, ਪਰ ਜੋ ਹਜ਼ਾਰਾਂ ਅਕਾਲੀ ਦੋ ਦੋ ਸਾਲ ਵਾਸਤੇ ਜੇਲਾਂ ਅੰਦਰ ਡੱਕੇ ਪਏ ਸਨ, ਉਨ੍ਹਾਂ ਦਾ ਮਸਲਾ ਹੱਲ ਕਰਨਾ ਸਰਕਾਰ ਵਾਸਤੇ ਸਿਰ ਦਰਦੀ ਦਾ ਕਾਰਨ ਬਣਿ ਕੇ ਰਹਿ ਗਿਆ ।

ਸਾਡੇ ਮੁਕੱਦਮੇ ਦੇ ਫ਼ੈਸਲੇ ਤੋਂ ਥੋੜੇ ਹੀ ਦਿਨਾਂ ਮਗਰੋਂ ਦੇਸ ਅੰਦਰ ਹਿੰਦੂ-ਮੁਸਲਿਮ ਫ਼ਸਾਦਾਂ ਦੇ ਭਾਂਬੜ ਭੜਕ ਉੱਠੇ । ਮੁਸਲਮਾਨਾਂ ਦੀ ਪੰਜਾਬ ਵਿਚ ਵੱਸੋਂ ਵੀ ਵਧੇਰੇ ਸੀ ਤੇ ਉਨ੍ਹਾਂ ਅੰਦਰ ਗੁੰਡ ਪੁਣੇ ਦਾ ਵੀ ਬਹੁਤ ਜ਼ੋਰ ਸੀ । ਜਿਸ ਕਰ ਕੇ ਉਹ ਹਰ ਥਾਂ ਹਿੰਦੂਆਂ ਉਪਰ ਭਾਰੂ ਸਨ ।

ਸਰਕਾਰ ਵੀ ਉਤੋਂ ਉਤੋਂ ਤਾਂ ਇਨ੍ਹਾਂ ਫ਼ਸਾਦਾਂ ਨੂੰ ਦਬਾ ਦੇਣ ਵਾਸਤੇ ਉਤਾਵਲੀ ਨਜ਼ਰ ਆ ਰਹੀ ਸੀ, ਪਰ ਅੰਦਰੋਂ ਅੰਦਰ ਅੰਗਰੇਜ਼ ਦੀ ਨੀਤੀ ਏਸ ਅੱਗ ਨੂੰ ਸੁਲਗ ਈ ਰੱਖਣ ਦੀ ਵੀ ਸੀ । ਅਕਾਲੀਆਂ ਨੇ ਇਨ੍ਹਾਂ ਫ਼ਸਾਦਾਂ ਦੇ ਦਮਨ ਦਾ ਕੰਮ ਆਪ ਸੰਭਾਲ ਲਿਆ । ਅੰਮ੍ਰਿਤਸਰ ਸ਼ਹਿਰ ਅੰਦਰ ਅਕਾਲੀਆਂ ਨੇ ਜੱਥੇ ਮਹੱਲੇਵਾਰ ਵੰਡ ਦਿਤੇ । ਜੋ ਰਾਤ ਦਿਨ ਆਪਣੇ ਆਪਣੇ ਹਲਕੇ ਵਿਚ ਗਸ਼ਤ ਲਗਾਉਂਦੇ ਰਹਿੰਦੇ ਸਨ । ਇਹੋ ਜਿਹੇ ਇਕ ਗਸ਼ਤੀ ਜੱਥੇ ਦੀ ਅਗਵਾਈ



Digitized by Panjab Digital Library | www.panjabdigilib.org

ਦਾ ਕੰਮ ਮੇਰੇ ਆਪਣੇ ਹਿੱਸੇ ਵੀ ਆਇਆ ਸੀ । ਇਸ ਜੱਥੇ ਦੀ ਗਸ਼ਤ ਘੰਟਾਘਰ ਤੋਂ, ਕਰਮੋਂ ਡਿਓਢੀ, ਕਟੜਾ ਜੈਮਲ ਸਿੰਘ ਤੇ ਚੌਕ ਫ਼ਰੀਦ ਦੇ ਵਿਚੋਂ ਦੀ ਹੋ ਕੇ ਹਾਲ ਦਰਵਾਜ਼ੇ ਜਾ ਨਿਕਲਦੀ ਤੇ ਓਥੋਂ ਕੋਤਵਾਲੀ, ਕਟੜਾ ਆਹਲੂਵਲੀਆ ਦੇ ਰਸਤੇ ਫੇਰ ਮੁੜ ਘੰਟੇ ਘਰ ਆ ਮੁਕਦੀ ਸੀ ।

ਜਿਥੇ ਕਿਤੇ ਹਿੰਦੂਆਂ, ਮੁਸਲਮਾਨਾਂ ਦੀ ਲੜਨ ਵਾਲੀਆਂ ਪਾਰਟੀਆਂ ਦੀ ਵਿਚ ਵਿਚਾਈ ਦੋ ਅਕਾਲੀ ਵਲੰਟੀਅਰ ਜਾ ਕਰਦੇ ਸਨ । ਕਿਸੇ ਧਿਰ ਨੂੰ ਅਗੇ ਕਦਮ ਵਧਾਉਣ ਦਾ ਹੌਸਲਾ ਨਹੀਂ ਸੀ ਪੈਂਦਾ । ਮੁਸਲਮਾਨ ਸਮਝਦੇ ਸਨ ਕਿ ਜੇ ਅਕਾਲੀਆਂ ਨਾਲ ਵੀ ਵਿਗਾੜ ਪੈ ਗਿਆ ਤੇ ਪਿੰਡਾਂ ਦੇ ਪਿੰਡ ਸਾਡੇ ਉਪਰ ਟੁੱਟ ਪੈਣਗੇ ਤੇ ਉਨ੍ਹਾਂ ਦਾ ਟਾਕਰਾ ਕਰਨਾ ਉਨ੍ਹਾਂ ਦੇ ਵਸ ਦੀ ਗੱਲ ਹੀ ਨਹੀਂ ਰਹਿ ਜਾਵੇਗੀ । ਸੁ ਕੁਝ ਦਿਨ ਪਾ ਕੇ ਫ਼ਸਾਦ ਖ਼ਤਮ ਹੋ ਗਏ ਤੇ ਸ਼ਹਿਰ ਵਿਚ ਅਮਨ ਚੈਨ ਹੋ ਗਿਆ ।

ਏਧਰ ਸਰਕਾਰ ਅਕਾਲੀ ਕੈਦੀਆਂ ਨੂੰ ਰਿਹਾ ਕਰ ਦੇਣ ਦਾ ਕੋਈ ਪੱਜ ਢੂੰਡ ਰਹੀ ਸੀ । ਸੁ ਉਸ ਵਲੋਂ ਐਲਾਨ ਹੋ ਗਿਆ ਕਿ ਚੂੰਕਿ ਅਕਾਲੀਆਂ ਨੇ ਹਿੰਦੂ ਮੁਸਲਿਮ ਫ਼ਸਾਦਾਂ ਨੂੰ ਦੂਰ ਕਰਨ ਵਿਚ ਸਰਕਾਰ ਦੀ ਬਹੁਤ ਸਾਰੀ ਸਹਾਇਤਾ ਕੀਤੀ ਹੈ । ਏਸ ਕਰਕੇ ਪੰਜਾਬ ਸਰਕਾਰ ਨੇ ਅਕਾਲੀ ਕੈਦੀਆਂ ਨੂੰ ਰਿਹਾ ਕਰ ਦੇਣ ਦਾ ਫ਼ੈਸਲਾ ਕਰ ਲਿਆ ਹੈ ।

ਸੁ ਦੋ ਚਾਰ ਦਿਨਾਂ ਦੇ ਵਿਚ ਵਿਚ ਹੀ ਹਜ਼ਾਰਾਂ ਅਕਾਲੀ ਜੇਲਾਂ ਤੋਂ ਰਿਹਾ ਹੋ ਕੇ ਅੰਮ੍ਰਿਤਸਰ ਵਿਚ ਆਉਣ ਲਗ ਗਏ । ਉਨ੍ਹਾਂ ਨੂੰ ਅੰਮ੍ਰਿਤਸਰ ਦੇ ਜ਼ਿਲੇ ਵਿਚ ਹੀ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਸੁਣਾਈਆਂ ਗਈਆਂ ਸਨ, ਏਸ ਲਈ ਰਿਹਾਈ ਮਗਰੋਂ ਸਰਕਾਰ ਵਲੋਂ ਉਨ੍ਹਾਂ ਨੂੰ ਏਥੋਂ ਵਾਸਤੇ ਹੀ ਰੇਲ ਦੇ ਟਿਕਟ ਦਿਤੇ ਜਾਂਦੇ ਸਨ । ਕੁਝ ਦਿਨ ਸ਼ਹਿਰ ਵਿਚ ਉਨ੍ਹਾਂ ਦੇ ਜਲੂਸਾਂ ਤੇ ਜਲਸਿਆਂ ਦੀ ਖ਼ੂਬ ਗਹਿਮਾ ਗਹਿਮ ਰਹੀ ਤੇ ਫੇਰ ਉਹ ਘਰੋ ਘਰੀ ਤੋਰ ਦਿਤੇ ਗਏ ।

ਮੈਂ ਉਜਾਗਰ ਸਿੰਘ ਨੰਬਰਦਾਰ ਨਾਲ ਉਸ ਦੀ ਤੇ ਉਸ ਦੇ ਲੜਕਿਆਂ ਦੀਆਂ ਜ਼ਮਾਨਤਾਂ ਕਰਵਾ ਦੇਣ ਦਾ ਇਕਰਾਰ ਕਰ ਚੁਕਾ ਸੀ । ਸੁ ਉਨ੍ਹਾਂ ਦੀ ਅਗਲੀ ਪੇਸ਼ੀ 'ਤੇ ਨਵਾਬ ਸਾਹਿਬ ਦੀ ਅਦਾਲਤ ਵਿਚ ਉਨ੍ਹਾਂ ਦੀਆਂ ਜ਼ਮਾਨਤਾਂ ਦੀ ਦਰਖ਼ਾਸਤ ਜਾ ਗੁਜ਼ਾਰੀ । ਉਨ੍ਹਾਂ ਨੇ ਕਿਹਾ ਕਿ ਜੁਰਮ ਤਾਂ ਜ਼ਮਾਨਤ ਲਈ



Digitized by Panjab Digital Library | www.panjabdigilib.org

ਜ਼ਾਣ ਦੇ ਕਾਬਿਲ ਨਹੀਂ ਤੇ ਫ਼ਰਦ ਜੁਰਮ ਵੀ ਲਗ ਚੁਕੇ ਹਨ।

ਮੈਂ ਕਿਹਾ ਕਿ ਇਹ ਗੱਲ ਬਿਲਕੁਲ ਠੀਕ ਹੈ । ਸੁ ਪਹਿਲੇ ਇਤਰਾਜ਼ ਦਾ ਜਵਾਬ ਇਹ ਹੈ ਕਿ ਅਦਾਲਤ ਨੂੰ ਕਿਸੇ ਵੀ ਜੁਰਮ ਵਿਚ ਜ਼ਮਾਨਤ ਲੈ ਲੈਣ ਦਾ ਪੂਰਾ ਪੂਰਾ ਅਧਿਕਾਰ ਹੈ ਤੇ ਫੇਰ ਸਰਕਾਰੀ ਗਵਾਹਾਂ ਦੀਆਂ ਸ਼ਹਾਦਤਾਂ ਹੋ ਚੁਕੀਆਂ ਹਨ । ਮੁਕੱਰਰ ਜਿਰਹ ਵੀ ਖ਼ਤਮ ਹੋ ਚੁਕੀ ਹੈ । ਹੁਣ ਸਰਕਾਰੀ ਗਵਾਹਾਂ ਨੂੰ ਮੁਲਜ਼ਮਾਂ ਵਲੋਂ ਆਪਣਾ ਅਸਰ ਪਾ ਕੇ ਮੁਕਰਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਹੁਣ ਤਾਂ ਮੁਲਜ਼ਮਾਂ ਨੂੰ ਖੁਲ੍ਹਾ ਮੌਕਿਆ ਦਿਤੇ ਜਾਣ ਦੀ ਲੋੜ ਹੈ ਤਾਂ ਜੋ ਉਹ ਆਪਣੀ ਸਫਾਈ ਦੇ ਗਵਾਹ ਆਪਣੀ ਮਰਜ਼ੀ ਨਾਲ ਭੁਗਤ ਸੱਕਣ । ਜੇਕਰ ਇਹ ਜੇਲ ਦੇ ਅੰਦਰੇ ਹੀ ਡੱਕੇ ਰਹੇ ਤਾਂ ਪੁਲਸ ਇਨ੍ਹਾਂ ਦੇ ਸਫ਼ਾਈ ਦੇ ਗਵਾਹਾਂ ਨੂੰ ਭੁਗਤਣ ਹੀ ਨਹੀਂ ਦੇਵੇਗੀ ।

ਨਵਾਬ ਸਾਹਿਬ ਨੇ ਜ਼ਬਾਨੀ ਹੁਕਮ ਸੁਣਾ ਦਿਤਾ, "ਦਸ ਦਸ ਹਜ਼ਾਰ ।"

ਮੇਰੇ ਇਤਰਾਜ਼ ਕਰਨ 'ਤੇ ਇਹ ਜ਼ਮਾਨਤਾਂ ਘਟਾ ਕੇ ਪੰਜ ਪੰਜ ਹਜ਼ਾਰ ਹੀ ਰਹਿਣ ਦਿਤੀਆਂ ਗਈਆਂ । ਕੋਰਟ ਇਨਸਪੈਕਟਰ ਇਕ ਕੱਟਰ ਤੇ ਤੁਅੱਸਬੀ ਮੁਸਲਮਾਨ ਸੀ ।

ਉਸ ਨੇ ਇਸ ਹੁਕਮ ਵਿਰੁਧ ਬੜਾ ਵਾ-ਵੇਲਾ ਮਚਾਇਆ । ਜੋ ਵਾਹ ਤਵਾਹ ਮੂੰਹ ਆਇਆ ਬਕੀ ਚਲਾ ਗਿਆ । ਇਸ ਮੌਕਿਆ 'ਤੇ ਨਵਾਬ ਸਾਹਿਬ ਨੇ ਉਸ ਨੂੰ ਕਹਿ ਵੀ ਦਿਤਾ ਕਿ "ਜ਼ਬਾਨ ਕਾਬੂ ਵਿਚ ਰਖੋ ! ਤੇ ਤੌਹੀਨ ਅਦਾਲਤ (Contempt of Court) ਦਾ ਮੁਕੱਦਮਾ ਬਣਾ ਕੇ ਇਨ੍ਹਾਂ ਦੀ ਥਾਂ ਤੈਨੂੰ ਹੀ ਅੰਦਰ ਨਾ ਕਰਨਾ ਪੈ ਜਾਵੇ !"

ਇਹ ਸੁਣ ਕੇ ਕੋਰਟ ਇਨਸਪੈਕਟਰ ਸਾਹਿਬ ਠੰਡੇ ਤਾਂ ਪੈ ਗਏ, ਪਰ ਦੱਬੀ ਆਵਾਜ਼ ਨਾਲ ਫੇਰ ਵੀ ਆਖ ਹੀ ਦਿਤਾ ਕਿ "ਹਜ਼ੂਰ ! ਜ਼ਮਾਨਤ ਲੈਣ ਲਈ ਕੋਈ ਵਜ੍ਹਾ ਵੀ ਤਾਂ ਹੋਣੀ ਚਾਹੀਦੀ ਹੈ ।"

ਇਹ ਸੁਣ ਕੇ ਨਵਾਬ ਸਾਹਿਬ ਨੇ ਮੇਰੇ ਵਲ ਇਸ਼ਾਰਾ ਕਰ ਕੇ ਭਰੀ ਕਚਹਿਰੀ ਵਿਚ ਆਖ ਦਿਤਾ; "ਇਹ ਮੇਰਾ ਦੋਸਤ ਹੈ । ਅੱਜ ਪਹਿਲੀ ਹੀ ਵਾਰ ਮੇਰੀ ਅਦਾਲਤ ਵਿਚ ਵਕੀਲ ਦੇ ਤੌਰ 'ਤੇ ਪੇਸ਼ ਹੋਇਆ ਹੈ, ਸੁ ਸਿੰਘ ਦਾ ਪਹਿਲਾ ਵਾਰ ਖ਼ਾਲੀ ਨਹੀਂ ਜਾਣਾ ਚਾਹੀਦਾ ।" ਨਾਲ ਹੀ ਇਨਸਪੈਕਟਰ ਸਾਹਿਬ



Digitized by Panjab Digital Library | www.panjabdigilib.org

ਨੂੰ ਏਹ ਗੱਲ ਵੀ ਕਹਿ ਦਿਤੀ, "ਕਲ੍ਹ ਨੂੰ ਖ਼ੁਦਾ ਨਾ ਕਰੇ ਜੇ ਤੁਸੀਂ ਹੀ ਕਿਸੇ ਕਾਨੂੰਨੀ ਸ਼ਕੰਜੇ ਵਿਚ ਫਸ ਕੇ ਮੇਰੀ ਅਦਾਲਤ ਵਿਚ ਆ ਪੇਸ਼ ਹੋਵੋ ਤਾਂ ਕੀ ਮੈਂ ਤੁਹਾਡੀ ਜ਼ਮਾਨਤ ਲੈਣ ਤੋਂ ਇਨਕਾਰ ਕਰ ਸਕਾਂਗਾ ?"

ਨਵਾਬ ਸਾਹਿਬ ਦੀ ਇਹ ਗੱਲ ਸੁਣ ਕੇ ਸਾਰੇ ਦਰਸ਼ਕ ਉਨ੍ਹਾਂ ਦੀ ਦਲੇਰੀ 'ਤੇ ਹੈਰਾਨ ਹੋ ਰਹੇ ਸਨ। ਜ਼ਮਾਨਤਾਂ ਮਨਜ਼ੂਰ ਹੋ ਗਈਆਂ। ਉਜਾਗਰ ਸਿੰਘ ਨੰਬਰਦਾਰ ਤੇ ਉਸ ਦੇ ਦੋਵੇਂ ਲੜਕੇ ਬਾਹਰ ਆ ਗਏ। ਓਸੇ ਦਿਨ ਉਸ ਮੁਕੱਦਮੇ ਦੇ ਬਾਕੀ ਤਿੰਨ ਮੁਲਜ਼ਮਾਂ ਦੇ ਵਾਰਸਾਂ ਨੇ ਵੀ ਇਕ ਸੌ ਰੁਪਿਆ ਜੀਅ ਪ੍ਰਤੀ ਦੇਣਾ ਕਰ ਕੇ ਉਨ੍ਹਾਂ ਦੀਆਂ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਦਵਾ ਦਿਤੀਆਂ। ਨਵਾਬ ਸਾਹਿਬ ਨੇ ਪੁੱਛਿਆ, ਇਨ੍ਹਾਂ ਵਾਸਤੇ ਕੀ ਵਜ੍ਹਾ ?

ਮੈਂ ਕਿਹਾ, "ਜੀ ! ਮੁਕੱਦਮਾ ਇਕੋ ਹੀ ਹੈ। ਸਾਰਿਆਂ ਨਾਲ ਸਲੂਕ ਇਕੋ ਜਿਹਾ ਹੋਣਾ ਚਾਹੀਦਾ ਹੈ। ਉਜਾਗਰ ਸਿੰਘ ਨੰਬਰਦਾਰ ਹੈ। ਇਹ ਸਾਰੇ ਮਾਮੂਲੀ ਜਿਹੇ ਜ਼ਿਮੀਂਦਾਰ ਹਨ। ਸੁ ਕੋਈ ਵਜ੍ਹਾ ਨਹੀਂ ਜੁ ਇਨ੍ਹਾਂ ਦੀਆਂ ਜ਼ਮਾਨਤਾਂ ਨਾ ਲਈਆਂ ਜਾਣ।" ਨਵਾਬ ਸਾਹਿਬ ਗੁਰਬਾਣੀ ਦੇ ਵੀ ਚੰਗੇ ਰਸੀਏ ਸਨ। ਸੁ ਉਨ੍ਹਾਂ ਦੀ ਦਿਲਚਸਪੀ ਵਾਸਤੇ ਗੁਰਬਾਣੀ ਦਾ ਇਹ ਹਵਾਲਾ ਵੀ ਦੇ ਦਿਤਾ ਕਿ "ਸਭ ਪਰਵਾਰ ਚੜ੍ਹਇਓ ਬੇੜੇ।"

ਨਵਾਬ ਸਾਹਿਬ ਸਿੱਖਾਂ ਦੇ ਦੀਵਾਨਾਂ ਦੀਆਂ ਕਾਰਵਾਈਆਂ ਵੀ ਵੇਖਿਆ ਸੁਣਿਆ ਕਰਦੇ ਸਨ ਸੁ ਗੁਰਬਾਣੀ ਦਵਾਰਾ ਆਪਣੇ ਪੱਖ ਨੂੰ ਸਿੱਧ ਕਰਨ ਦੀ ਕਾਢ ਉਪਰ ਹੱਸ ਪਏ ਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਮਨਜ਼ੂਰ ਕਰ ਕੇ ਹਥਕੜੀਆਂ ਖੁਲ੍ਹਾ ਦਿਤੀਆਂ ਤੇ ਮੈਨੂੰ ਇਸੇ ਦਿਨ ਵਿਚ ੮੦੦ ਰੁਪਿਆ ਆ ਗਿਆ। ਇਸ ਦੇ ਮਗਰੋਂ ਅੰਤ ਤਕ ਸਾਰੇ ਹੀ ਮੁਕੱਦਮੇ ਦੀ ਪੈਰਵਾਈ ਕਰਨ ਦੀ ਵੱਖਰੀ ਫ਼ੀਸ ਮਿਲ ਗਈ।

ਹੁਣ ਇਹ ਗੱਲ ਸਾਰੀ ਕਚਹਿਰੀ ਵਿਚ ਆਮ ਧੁੰਮ ਗਈ ਕਿ ਨਵਾਬ ਸਾਹਿਬ ਨਾਲ ਮੇਰੀ ਗੂੜ੍ਹੀ ਦੋਸਤੀ ਹੈ। ਸੁ ਮੈਨੂੰ ਕੁਝ ਹੋਰ ਮੁਕੱਦਮੇ ਤੇ ਅਪੀਲਾਂ ਛੇਤੀ ਛੇਤੀ ਮਿਲਦੇ ਗਏ।

ਇਕ ਦਿਨ ਅੰਮ੍ਰਿਤਸਰ ਵਿਚ ਫ਼ੌਜਦਾਰੀ ਦੇ ਸਭ ਤੋਂ ਵੱਡੇ ਮਿਥੇ ਹੋਏ ਵਕੀਲ ਲਾਲਾ ਦੁਨੀ ਚੰਦ ਨਾਗਪਾਲ ਨੇ ਮੈਨੂੰ ਸਲਾਹ ਦਿਤੀ ਕਿ "ਝਲਿਆ !



Digitized by Panjab Digital Library | www.panjabdigilib.org

ਤੂੰ ਸਰਗੋਧੇ ਕੀ ਲੈਣ ਜਾਣਾ ਹੈ ? ਅੰਮ੍ਰਿਤਸਰ ਦਾ ਜ਼ਿਲਾ ਸਿੱਖ ਵਸੋਂ ਦਾ ਵੱਡਾ ਗੜ੍ਹ ਹੈ । ਸਾਰੇ ਲੋਕ ਤੈਨੂੰ ਚੰਗੀ ਤਰ੍ਹਾਂ ਜਾਣ ਗਏ ਹਨ ਤੇ ਤੈਨੂੰ ਕੰਮ ਵੀ ਚੰਗਾ ਮਿਲਣ ਲਗ ਪਿਆ ਹੈ । ਸੁ ਆਪਣਾ ਪੱਕਾ ਟਿਕਾਣਾ ਏਥੇ ਹੀ ਬਣਾ ਲੈ !" ਮੈਂ ਜੀ ਹੀ ਜੀ ਵਿਚ ਕਿਹਾ ਕਿ ਵਕੀਲ ਲੋਕ ਤਾਂ ਆਮ ਤੌਰ 'ਤੇ ਇਕ ਦੂਏ ਨੂੰ ਕਦੀ ਕੋਈ ਨੇਕ ਸਲਾਹ ਦਿਆ ਨਹੀਂ ਕਰਦੇ, ਪਤਾ ਨਹੀਂ ਲਾਲਾ ਜੀ ਦੇ ਮਨ ਕੀ ਮਿਹਰ ਆਈ ਹੈ ? ਸੁ ਮੈਂ ਲਾਲਾ ਜੀ ਦੇ ਮਸ਼ਵਰੇ ਨੂੰ ਆਪਣੇ ਦੀ ਗੱਲ ਸਮਝ ਕੇ ਸਿਰ ਮੱਥੇ ਮੰਨ ਲਿਆ ਤੇ ਵਕਾਲਤ ਦਾ ਧੰਦਾ ਅੰਮ੍ਰਿਤਸਰ ਵਿਚ ਹੀ ਲੈ ਕੇ ਬੈਠ ਗਿਆ । ਮੇਰੇ ਏਸ ਫ਼ੈਸਲੇ ਨੂੰ ਮੇਰੇ ਹੋਰ ਸੱਜਣਾਂ ਮਿੱਤਰਾਂ ਨੇ ਵੀ ਬਹੁਤ ਪਸੰਦ ਕੀਤਾ ।

ਮੇਰੇ ਖ਼ਾਲਸਾ ਕਾਲਜ ਦੇ ਪਰਮ ਸਨੇਹੀ ਤੇ ਜਿਗਰੀ ਮਿੱਤਰ ਸਰਦਾਰ ਬੇਅੰਤ ਸਿੰਘ ਵੀ ਮੇਰੇ ਏਸ ਫ਼ੈਸਲੇ 'ਤੇ ਅਤਿਅੰਤ ਪਰਸੰਨ ਹੋਏ । ਉਹ ਇਹਨੀਂ ਦਿਨੀਂ ਅੰਮ੍ਰਿਤਸਰ ਵਿਚ ਤਹਿਸੀਲਦਾਰ ਲਗੇ ਹੋਏ ਸਨ । ਮੈਂ ਉਨ੍ਹਾਂ ਨੂੰ ਕਿਹਾ ਕਿ ਏਥੇ ਹੀ ਰਿਹਾਇਸ਼ ਪੱਕੀ ਕਰ ਲੈਣ ਦੀ ਮੈਂ ਤੁਹਾਡੀ ਗੱਲ ਮੰਨ ਲਈ ਹੈ, ਹੁਣ ਤੁਸੀਂ ਵੀ ਮੇਰੀਆਂ ਦੋ ਗੱਲਾਂ ਮੰਨ ਕੇ ਮੇਰੀ ਸਹਾਇਤਾ ਕਰਨ ਦਾ ਬਚਨ ਦਿਓ । ਇਕ ਇਹ ਕਿ ਏਥੇ ਬੰਜਰ ਜ਼ਮੀਨ ਦਾ ਇਕ ਅਜਿਹਾ ਟੁਕੜਾ ਹੈ ਜਿਸ ਦਾ ਇਕ ਪਾਸਾ ਮਾਲ ਰੋਡ ਨੂੰ ਲਗਦਾ ਹੈ ਤੇ ਦੂਜਾ ਬੰਨਾ ਜੇਲ ਦੇ ਰਕਬੇ ਨਾਲ ਆ ਮਿਲਦਾ ਹੈ, ਉਹ ਮੈਨੂੰ ਮੁੱਲ ਲੈ ਦਿਤਾ ਜਾਵੇ ਤੇ ਦੂਜੇ ਦਸ ਵੀਹ ਵਿਘੇ ਜ਼ਮੀਨ ਦੋ ਕੁ ਮੀਲ ਦੇ ਅੰਦਰ ਅੰਦਰ ਲੈ ਦਿਤੀ ਜਾਵੇ, ਜਿਥੇ ਮੈਂ ਬਾਗ਼ ਲਗਵਾ ਸਕਾਂ ਤਾਂ ਜੋ ਸਾਗ, ਸਬਜ਼ੀ ਤੇ ਫਲ ਆਦਿ ਘਰ ਵਾਸਤੇ ਮਿਲ ਜਾਇਆ ਕਰਨ ਅਤੇ ਡੰਗਰਾਂ ਵਾਸਤੇ ਪੱਠੇ ਤੇ ਘੋੜਿਆਂ ਵਾਸਤੇ ਘਾਹ ਆਦਿ ਮਿਲ ਜਾਇਆ ਕਰਨ । ਉਨ੍ਹਾਂ ਨੇ ਮੇਰੀਆਂ ਇਹ ਦੋਵੇ ਹੀ ਗੱਲਾਂ ਮੰਨ ਲਈਆਂ ਤੇ ਮੈਂ ਅੰਮ੍ਰਿਤਸਰ ਵਿਚ ਹੀ ਵਕਾਲਤ ਕਰਨ ਲਗ ਗਿਆ ।

ਮੈਂ ਇਕ ਮੁਨਸ਼ੀ ਵੀ ਰਖ ਲਿਆ ਜਿਸ ਦਾ ਨਾਮ ਭਾਈ ਜੀਵਾ ਸਿੰਘ ਸੀ । ਇਹ ਕਚਹਿਰੀ ਦੇ ਕੰਮ ਤੋਂ ਉਕਾ ਹੀ ਨਾ-ਵਾਕਫ਼ ਸੀ, ਪਰ ਸੀ ਮਿਹਨਤੀ ਤੇ ਭਲਾ ਮਾਣਸ । ਮੈਂ ਉਸ ਨੂੰ ਪੱਕੀ ਕਰ ਦਿਤੀ ਕਿ ਉਹ ਮੇਰੇ ਵਲੋਂ ਜੋ ਵੀ ਕਾਗ਼ਜ਼ ਕਿਸੇ ਵੀ ਅਦਾਲਤ ਵਿਚ ਕਿਸੇ ਮੁਕੱਦਮੇ ਦਾ ਦਾਖ਼ਲ ਕਰ ਆਵੇ



Digitized by Panjab Digital Library | www.panjabdigilib.org

ਉਸ ਦੀ ਨਕਲ ਆਪਣੇ ਰਜਿਸਟਰ ਉਪਰ ਜ਼ਰੂਰ ਕਰ ਲਿਆ ਕਰੇ, ਭਾਵੇਂ ਇਹ ਮਮੂਲੀ ਇਕ ਤਲਬਾਨਾ ਹੀ ਕਿਉਂ ਨਾ ਹੋਵੇ।

ਮੁਨਸ਼ੀ ਜੀਵਾ ਸਿੰਘ ਨੇ ਅਜਿਹਾ ਹੀ ਕਰਨਾ ਸ਼ੁਰੂ ਕਰ ਦਿਤਾ। ਇਕ ਵੱਡਾ ਸਾਰਾ ਨਵਾਂ ਰਜਿਸਟਰ ਲਾ ਲਿਆ ਤੇ ਉਸ ਵਿਚ ਹਰ ਕਾਗਜ਼ ਦੀ ਨਕਲ ਕੀਤੀ ਜਾਣ ਲਗ ਗਈ।

ਥੋੜੇ ਹੀ ਚਿਰ ਪਿਛੋਂ ਉਸ ਨੂੰ ਹਰ ਕੰਮ ਦੀ ਮੁਹਾਰਤ ਹੁੰਦੀ ਚਲੀ ਗਈ, ਤੇ ਬਿਨਾਂ ਰਜਿਸਟਰ ਫੋਲਣ ਦੇ ਉਹ ਮਮੂਲੀ ਮਮੂਲੀ ਰੋਜ਼ ਵਰਤੋਂ ਵਿਚ ਆਉਂਦੇ ਰਹਿਣ ਵਾਲੇ ਕਾਗਜ਼ ਆਪੇ ਹੀ ਲਿਖਣ ਲਗ ਗਿਆ, ਪਰ ਦਾਖ਼ਲ ਕਰਨ ਤੋਂ ਪਹਿਲੋਂ ਉਹ ਮੈਨੂੰ ਦਿਖਾ ਜ਼ਰੂਰ ਲਿਆ ਕਰਦਾ ਸੀ ਤੇ ਜੇ ਕੋਈ ਗ਼ਲਤੀ ਹੋ ਜਾਂਦੀ ਤਾਂ ਉਹ ਮੇਰੀ ਸਲਾਹ ਨਾਲ ਦਰੁਸਤ ਕਰ ਲਿਆ ਕਰਦਾ ਸੀ ਤੇ ਛਿਆਂ ਕੁ ਮਹੀਨਿਆਂ ਤਕ ਤਾਂ ਇਹ ਰਜਿਸਟਰ "ਭਾਈ ਜੀਵਾ ਸਿੰਘ ਦਾ ਗੜਬੜ ਰਜਿਸਟਰ" ਦੇ ਨਾਮ ਨਾਲ ਕਚਹਿਰੀ ਦੇ ਮੁਨਸ਼ੀਆਂ ਵਿਚ ਮਸ਼ਹੂਰ ਹੋ ਗਿਆ ਤੇ ਕਈ ਮੁਨਸ਼ੀ ਭਾਈ ਜੀਵਾ ਸਿੰਘ ਦੇ ਇਸ ਰਜਿਸਟਰ ਨੂੰ ਸਮੇਂ ਸਮੇਂ ਵੇਖਣ ਆਉਣ ਲਗ ਪਏ।

ਥੋੜੇ ਹੀ ਚਿਰ ਪਿਛੋਂ ਮੈਨੂੰ ਇਕ ਬੜਾ ਹੀ ਸੁਨਸੁਨੀਖੇਜ਼ ਮੁਕੱਦਮਾ ਮਿਲ ਗਿਆ ਜਿਸ ਦੀ ਪੈਰਵੀ ਕਰਨ ਨਾਲ ਮੇਰੀ ਹੋਰ ਵੀ ਮਸ਼ਹੂਰੀ ਵਧ ਗਈ। ਉਹ ਮੁਕੱਦਮਾ ਇਹ ਸੀ ਕਿ ਇਕ ਮਨਚਲਾ ਅਕਾਲੀ ਸਿੰਘ ਇਕ ਮੁਸਲਮਾਨੀ ਮੁਟਿਆਰ ਨੂੰ ਉਸ ਦੇ ਮਾਪਿਆਂ ਦੇ ਘਰੋਂ ਉਧਾਲ ਕੇ ਅੰਮ੍ਰਿਤਸਰ ਲੈ ਆਇਆ। ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਲੈ ਜਾ ਕੇ ਅੰਮ੍ਰਿਤ ਛਕਾ ਲਿਆ। ਜਿਸ 'ਤੇ ਉਹ ਸਿੰਘਣੀ ਸਜ ਕੇ ਉਸ ਦੇ ਘਰ ਬੈਠ ਗਈ। ਬਾ-ਕਾਇਦਾ ਅਨੰਦ ਕਾਰਜ ਵੀ ਸ੍ਰੀ ਅਕਾਲ ਤਖ਼ਤ ਉਪਰ ਹੀ ਪੜ੍ਹਿਆ ਗਿਆ। ਉਸ ਕੁੜੀ ਦੇ ਵਾਰਸਾਂ ਨੂੰ ਸਾਰੀ ਸੂਹ ਮਿਲ ਗਈ ਤੇ ਉਨ੍ਹਾਂ ਨੇ ਅਕਾਲੀ ਸਿੰਘ ਦੇ ਖ਼ਿਲਾਫ਼ ਫ਼ੌਜਦਾਰੀ ਮੁਕੱਦਮਾ ਦਾਇਰ ਕਰ ਦਿਤਾ।

ਇਹ ਮੁਕੱਦਮਾ ਓਸ ਬੋਰਨ ਸਾਹਿਬ ਦੀ ਅਦਾਲਤ ਵਿਚ ਜਾ ਲੱਗਾ ਜੋ ਮੇਰੇ ਜੇਲ ਦੇ ਦਿਨੀਂ ਅੰਮ੍ਰਿਤਸਰ ਡਿਸਟ੍ਰਿਕਟ ਜੇਲ ਦਾ ਸੁਪ੍ਰਿੰਟੈਂਡੈਂਟ ਹੁੰਦਾ ਸੀ ਤੇ ਮੈਨੂੰ ਖ਼ੂਬ ਚੰਗੀ ਤਰ੍ਹਾਂ ਜਾਣਦਾ ਸੀ। ਬੋਰਨ ਸਾਹਿਬ ਨੇ ਅਕਾਲੀ ਸਿੰਘ



Digitized by Panjab Digital Library | www.panjabdigilib.org

ਮੁਲਜ਼ਮ ਦੇ ਨਾਲ ਉਸ ਦੀ ਨਵੀਂ ਸਜੀ ਸਿੰਘਣੀ ਦੇ ਵੀ ਵਾਰੰਟ ਜਾਰੀ ਕਰ ਦਿਤੇ ਸਨ।

ਜਿਸ ਦਿਨ ਬੋਰਨ ਸਾਹਿਬ ਦੀ ਅਦਾਲਤ ਵਿਚ ਮੁਕੱਦਮਾ ਪੇਸ਼ ਹੋਇਆ ਓਸੇ ਦਿਨ ਉਸ ਲੜਕੀ ਦੇ ਭਰਾ ਨੇ ਸੀਨੀਅਰ ਸਬ ਜਜ ਦੀ ਅਦਾਲਤ ਵਿਚ ਗਾਰਡੀਅਨ (ਸਰਪ੍ਰਸਤ) ਨੀਯਤ ਕੀਤੇ ਜਾਣ ਦੀ ਦਰਖ਼ਾਸਤ ਚੁਕ ਦਿਣੀ। ਇਹ ਸੀਨੀਅਰ ਸਬ ਜਜ ਇਕ ਕੱਟਰ ਪੰਥੀ ਮੁਸਲਮਾਨ ਸੀ। ਸੁ ਲੜਕੀ ਦੇ ਭਰਾ ਨੇ ਦਰਖ਼ਾਸਤ ਦੇਣ ਤੋਂ ਪਹਿਲਾਂ ਉਸ ਦੇ ਘਰ ਜਾ ਕੇ ਮੁਕੱਦਮਾ ਬਣਾਉਣ ਦੀ ਸਾਰੀ ਗੋਂਦ ਗੁੰਦ ਲਈ ਸੀ। ਦਰਖ਼ਾਸਤ ਸਾਮ੍ਹਣੇ ਆ ਜਾਣ 'ਤੇ ਬੋਰਨ ਸਾਹਿਬ ਦੀ ਅਦਾਲਤ ਵਿਚ ਲੜਕੀ ਨੂੰ ਸੰਮਣਾਂ ਰਾਹੀਂ ਤਲਬ ਕਰ ਲਿਆ। ਕੌਣ ਮੋੜੇ, ਦੀਵਾਨੀ ਅਦਾਲਤ ਦੇ ਹੁਕਮ ਨੂੰ ? ਬੋਰਨ ਸਾਹਿਬ ਨੂੰ ਲੜਕੀ ਆਪਣੇ ਅੜਦਲੀ ਦੇ ਹਮਰਾਹ ਸੀਨੀਅਰ ਸਬ ਜਜ ਦੀ ਅਦਾਲਤ ਵਿਚ ਭੇਜਣੀ ਪੈ ਗਈ।

ਲੜਕੀ ਵਲ ਵੇਖ ਕੇ ਜਜ ਸਾਹਿਬ ਕਹਿਣ ਲਗੇ,"ਲੜਕੀ ਨਾਬਾਲਗ ਮਲੂਮ ਹੁੰਦੀ ਹੈ, ਇਸ ਨੂੰ ਇਸ ਦੇ ਭਰਾ ਦੀ ਜ਼ਮਾਨਤ ਉਪਰ ਉਸ ਦੇ ਹਵਾਲੇ ਕਰਦੇ ਹਾਂ।" ਮੈਂ ਵੀ ਅਦਾਲਤ ਵਿਚ ਪੇਸ਼ ਹੋ ਕੇ ਇਤਰਾਜ਼ ਦਾਖ਼ਲ ਕਰ ਦਿਤਾ ਤੇ ਬਹਿਸ ਛਿੜ ਗਈ। ਇਹ ਜਜ ਸਾਹਿਬ ਬਹਾਦਰ ਮੇਰੇ ਜਾਣੂੰ ਨਹੀਂ ਸਨ। ਮੈਨੂੰ ਉਹ ਕਿਸੇ ਵਕੀਲ ਦਾ ਮੁਨਸ਼ੀ ਹੀ ਸਮਝੀ ਬੈਠਾ ਸੀ, ਕਿਉਂਕਿ ਮੈਂ ਖੱਦਰ ਦੀ ਪੱਗ ਬੰਨ੍ਹੀ ਹੋਈ ਸੀ ਤੇ ਕਪੜੇ ਵੀ ਸਾਰੇ ਸਿਰ ਤੋਂ ਪੈਰਾਂ ਤਕ ਮੋਟੇ ਖੱਦਰ ਦੇ ਹੀ ਪਹਿਨ ਰਖੇ ਸਨ। ਮੈਂ ਆਪਣੇ ਇਸ ਲਿਬਾਸ ਤੋਂ ਵਕੀਲ ਪਰਤੀਤ ਨਹੀਂ ਸੀ ਹੁੰਦਾ। ਸੁ ਮੈਨੂੰ ਜਜ ਜਾਹਿਬ ਕਹਿਣ ਲਗੇ "ਜਾਓ ! ਆਪਣੇ ਵਕੀਲ ਸਾਹਿਬ ਨੂੰ ਬੁਲਾ ਲਿਆਓ ! ਜੇ ਉਸ ਨੇ ਬਹਿਸ ਕਰਨੀ ਹੋਵੇ ਤਾਂ ਕਰ ਲਵੇ।"

ਇਹ ਗੱਲ ਸੁਣ ਕੇ ਮੈਂ ਹੈਰਾਨ ਜਿਹਾ ਹੋ ਗਿਆ ਤੇ ਜਜ ਸਾਹਿਬ ਦੇ ਮੂੰਹ ਵਲ ਤੱਕਣ ਲਗ ਗਿਆ, ਪਰ ਉਸ ਦਾ ਰੀਡਰ ਮੈਨੂੰ ਜਾਣਦਾ ਸੀ। ਉਸ ਨੇ ਉਠ ਕੇ ਜਜ ਸਾਹਿਬ ਦੇ ਕੰਨ ਨਾਲ ਮੂੰਹ ਲਗਾ ਕੇ ਦਸ ਦਿਤਾ ਕਿ ਇਹ ਆਪ ਹੀ ਐਡਵੋਕੇਟ ਹਨ ਅਤੇ ਮੇਰੇ ਵਲ ਵੇਖ ਕੇ ਉਚੀ ਆਵਾਜ਼ ਨਾਲ ਬੋਲ



Digitized by Panjab Digital Library | www.panjabdigilib.org

ਉਠਿਆ "ਸਰਦਾਰ ਨਰੈਣ ਸਿੰਘ ਜੀ ਐਡਵੋਕੇਟ ! ਆਪ ਕਿਸ ਦੀ ਨੁਮਾਇੰਦਗੀ ਕਰ ਰਹੇ ਹੋ ?"

ਮੈਂ ਕਿਹਾ, "ਏਸ ਬੀਬੀ ਜੀ ਦੇ ਪਤੀ ਦੀ। ਏਹ ਬਾਲਗ ਹੈ ਤੇ ਜਿਧਰ ਜੀ ਕਰੇ ਜਾ ਸਕਦੀ ਹੈ। ਬਿਨਾਂ ਸਬੂਤ ਲਏ ਦੇ ਇਸ ਨੂੰ ਨਾਬਾਲਗ ਕਹਿਣ ਦਾ ਕੋਈ ਹੱਕ ਨਹੀਂ ਰਖਦਾ।" ਇਹ ਗੱਲ ਕਹਿ ਕੇ ਮੈਂ ਜਜ ਸਾਹਿਬ ਨੂੰ ਨਾਲ ਹੀ ਆਖ ਦਿਤਾ ਕਿ ਮੈਂ ਇਕ ਮਿੰਟ ਤਕ ਆ ਕੇ ਬਹਿਸ ਕਰਾਂਗਾ। ਆਪਣੇ ਮੁਨਸ਼ੀ ਭਾਈ ਜੀਵਾ ਸਿੰਘ ਨੂੰ ਬਾਹਰ ਲਿਜਾ ਕੇ ਕਹਿ ਦਿਤਾ ਕਿ "ਬੋਰਨ ਸਾਹਿਬ ਦੀ ਅਦਾਲਤ ਵਿਚ ਜਾ ਕੇ ਵੇਖ ! ਜਿਹੜੇ ਅਕਾਲੀ ਸਿੰਘ ਏਸ ਲੜਕੀ ਦੇ ਪਤੀ ਨਾਲ ਬੋਰਨ ਸਾਹਿਬ ਦੀ ਅਦਾਲਤ ਵਿਚ ਆਏ ਹੋਏ ਹਨ, ਉਨ੍ਹਾਂ ਨੂੰ ਜਾ ਕੇ ਮੇਰੀ ਵਲੋਂ ਕਹਿ ਆ ਕਿ ਕਿਰਪਾਨਾਂ ਧੂਹ ਕੇ ਏਧਰ ਆ ਜਾਣ ਤੇ ਸੀਨੀਅਰ ਸਬ ਜਜ ਦੀ ਅਦਾਲਤ ਦੇ ਕਮਰੇ ਨੂੰ ਘੇਰਾ ਘਤ ਲੈਣ ਤੇ ਉਚੀ ਉਚੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਣ ਲਗ ਜਾਣ।

"ਜੇ ਕੋਈ ਪੁੱਛੇ, ਕੀ ਗੱਲ ਹੈ ? ਤਾਂ ਕਹਿ ਦੇਣ ਕਿ 'ਲੜਕੀ ਬਾਲਗ ਹੈ। ਅੰਮ੍ਰਿਤ ਛਕ ਕੇ ਸਿੱਖਣੀ ਸਜੀ ਹੋਈ ਹੈ। ਇਸ ਨੂੰ ਮੁਸਲਮਾਨਾਂ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਏਥੇ ਲਾਸ਼ਾਂ ਦੇ ਢੇਰ ਲਗ ਜਾਣਗੇ. ਪਰ ਇਸ ਨੂੰ ਮੁਸਲਮਾਨਾਂ ਨਾਲ ਕਦਾਚਿਤ ਨਹੀਂ ਜਾਣ ਦਿਤਾ ਜਾਵੇਗਾ'।" ਨਾਲ ਹੀ ਮੈਂ ਮੁਨਸ਼ੀ ਨੂੰ ਇਹ ਵੀ ਕਹਿ ਆਇਆ ਕਿ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰਾਂ ਵਿਚ ਮੇਰੇ ਵਲੋਂ ਟੈਲੀਫ਼ੋਨ ਕਰ ਦੇਵੇ ਕਿ ਇਕ ਸੌ ਕਿਰਪਾਨਧਾਰੀ ਅਕਾਲੀ ਸੀਨੀਅਰ ਸਬ ਜਜ ਦੀ ਕਚਹਿਰੀ ਭੇਜ ਦਿਤੇ ਜਾਣ ਜੋ ਅਦਾਲਤ ਦੇ ਕਮਰੇ ਦੇ ਅੰਦਰ ਬਾਹਰ ਛਾ ਜਾਣ।

ਮੈਂ ਮੁਨਸ਼ੀ ਜੀਵਾ ਸਿੰਘ ਨੂੰ ਇਹ ਪਟੀ ਪੜ੍ਹਾ ਕੇ ਆਪ ਅਦਾਲਤ ਦੇ ਅੰਦਰ ਆ ਕੇ ਅਦਾਲਤ ਦੇ ਸਾਮ੍ਹਣੇ ਹੋ ਗਿਆ ਤੇ ਬਹਿਸ ਕਰਨੀ ਸ਼ੁਰੂ ਕਰ ਦਿਤੀ। ਮੈਂ ਕੁਝ ਵਕਤ ਟਪਾਉਣਾ ਚਾਹੁੰਦਾ ਸੀ ਕਿ ਤਦ ਤਕ ਅਕਾਲੀ ਸਿੰਘ ਪਹੁੰਚ ਜਾਣ। ਜੱਜ ਸਾਹਿਬ "ਜਲਦੀ ਮੁਕਾਓ ! ਜਲਦੀ ਮੁਕਾਓ !" ਦੀ ਰਟ ਲਗਾਈ ਤੁਰੇ ਜਾਣ ਤੇ ਮੈਨੂੰ ਬਾਰ ਬਾਰ ਕਹੀ ਜਾਣ ਕਿ ਇਹ ਕਿਹੜੀ ਏਡੀ ਵਡੀ ਗੱਲ ਹੈ। ਹਾਲਾਂ ਇਕ ਤਰੀਕ ਵਾਸਤੇ ਇਸ ਦੇ ਭਾਈ ਦੀ ਜ਼ਮਾਨਤ ਉਪਰ



Digitized by Panjab Digital Library | www.panjabdigilib.org

ਉਸ ਦੇ ਸਪੁਰਦ ਕਰ ਦੇਂਦੇ ਹਾਂ ਅਗਲੀ ਤਰੀਕ 'ਤੇ ਅਸੀਂ ਸ਼ਹਾਦਤ ਵਾਸਤੇ ਸਿਵਲ ਸਰਜਨ * ਨੂੰ ਵੀ ਤਲਬ ਕਰ ਲੈਂਦੇ ਹਾਂ । ਜੇ ਬਾਲਗ ਸਾਬਤ ਹੋ ਗਈ ਤਾਂ ਇਸ ਨੂੰ ਪੁਛ ਲਿਆ ਜਾਵੇ ਗਾ ਕਿ ਉਹ ਕਿਸ ਦੀ ਜ਼ਮਾਨਤ ਉਪਰ ਜਾਣਾ ਪਸੰਦ ਕਰਦੀ ਹੈ ? ਫੇਰ ਜਿਵੇਂ ਕਹੇਗੀ ਉਵੇਂ ਹੀ ਕਰ ਲਿਆ ਜਾਵੇਗਾ । ਮੈਂ ਉੱਚੀ ਸਾਰੀ ਕਿਹਾ "ਇਹ ਮੁਸਲਮਾਨੀ ਨਹੀਂ ਹੈ ।"

ਮੋਟੀ ਇਹ ਗੱਲ ਸੁਣ ਕੇ ਲੜਕੀ ਨੇ ਹਜ਼ਰਤ ਮੁਹੰਮਦ ਦੀ ਸ਼ਾਨ ਵਿਚ ਤਬੱਰੇ ਸੁਣਾਣੇ ਸ਼ੁਰੂ ਕਰ ਦਿਤੇ । ਮੈਂ ਉਸ ਨੂੰ ਉਤੋਂ ਉਤੋਂ ਚੁੱਪ ਕਰ ਰਹਿਣ ਲਈ ਕਹੀ ਜਾਵਾਂ, ਪਰ ਓਹ ਰੌਲਾ ਪਾਈ ਜਾਵੇ "ਮੈਂ ਮੁਸਲਮਾਨੀ ਨਹੀਂ । ਮੁਸਲਮਾਨਾਂ ਦੇ ਸਿਰ ਮੈਂ ਸੌ ਖੱਲਾ ਮਾਰਦੀ ਹਾਂ । ਇਹ ਮੇਰਾ ਭਰਾ ਕੋਈ ਨਹੀਂ । ਖ਼ਵਰਿਆ ਕੌਣ ਚੂਹੜਾ ਹੈ ।"

ਅਦਾਲਤ ਵਿਚ ਤਕੜੀ ਖਲਬਲੀ ਮੱਚ ਗਈ । ਬਾਹਰ ਸਤਿ ਸ੍ਰੀ ਅਕਾਲ ਜੈਕਾਰਿਆਂ ਨਾਲ ਜ਼ਮੀਨ ਅਸਮਾਨ ਗੂੰਜ ਰਹੇ ਸਨ ।

ਦੀਵਾਨੀ ਅਦਾਲਤ ਵਿਚ ਪੁਲੀਸ ਦਾ ਕੀ ਕੰਮ ? ਪਰ ਫੇਰ ਵੀ ਜੈਕਾਰਿਆਂ ਦੀ ਘਨਘੋਰ ਸੁਣ ਕੇ ਇਕ ਪੁਲੀਸ ਅਫਸਰ ਕੁਝ ਕੁ ਸਿਪਾਹੀ ਲੈ ਕੇ ਆ ਹੀ ਗਿਆ । ਕੁਝ ਅਕਾਲੀ ਬੋਰਨ ਸਾਹਿਬ ਦੀ ਅਦਾਲਤ ਵਾਲੇ ਤੇ ਹੋਰ ਅਨੇਕਾਂ ਹੀ ਸ਼ਹਿਰ ਵਲੋਂ ਟਾਂਗਿਆਂ ਵਿਚ ਸਵਾਰ ਹੋ ਕੇ ਸੀਨੀਅਰ ਸੱਬ ਜੱਜ ਦੀ ਕਚਹਿਰੀ ਦੇ ਅੰਦਰ ਬਾਹਰ ਛਾ ਗਏ । ਜੋ ਨੰਗੀਆਂ ਕਿਰਪਾਨਾਂ ਲਿਸ਼ਕਾਉਂਦੇ ਹੋਏ ਸਤਿ ਸ੍ਰੀ ਅਕਾਲ ਦੇ ਅੰਬਰ ਭੇਦੀ ਜੈਕਾਰਿਆਂ ਨਾਲ ਕਚਹਿਰੀ ਦੇ ਕਮਰੇ ਥਰਥਰਾ ਰਹੇ ਸਨ ।

ਜੱਜ ਸਾਹਿਬ ਅਦਾਲਤ ਦੀ ਕੁਰਸੀ ਉਪਰ ਸਹਿਮ ਕੇ ਗੁੰਮ ਹੋਏ ਬੈਠੇ ਸਨ । ਘਬਰਾ ਕੇ ਹੁਕਮ ਚਾ ਲਿਖਿਓ ਸੁ " ਬਹੁਤ ਸਾਰੇ ਅਕਾਲੀ ਜਮ੍ਹਾਂ ਹੋ ਗਏ ਹਨ । ਅਦਾਲਤ ਦੇ ਕਮਰੇ ਨੂੰ ਉਨ੍ਹਾਂ ਨੇ ਘੇਰ ਰਖਿਆ ਹੈ । ਫ਼ਸਾਦ ਦਾ ਸਖ਼ਤ ਅੰਦੇਸ਼ਾ ਹੈ । ਇਸ ਵਾਸਤੇ ਲੜਕੀ ਨੂੰ ਫ਼ਿਲਹਾਲ ਪੁਲੀਸ ਦੀ ਸਪੁਰਦਗੀ ਵਿਚ ਹੀ ਦੇ ਦਿਤਾ ਜਾਂਦਾ ਹੈ । ਉਹ ਤਾਂ ਹੁਕਮ ਸਾਨੀ ਇਸ ਨੂੰ ਆਪਣੀ ਹੀ ਤਹਵੀਲ ਵਿਚ ਰਖੀ ਰਖੇ ।"

---

* ਇਹ ਵੀ ਇਕ ਤੁਅੱਸਬੀ ਮੁਸਲਮਾਨ ਸੀ



Digitized by Panjab Digital Library | www.panjabdigilib.org

ਪੁਲੀਸ ਨੇ ਇਹ ਹੁਕਮ ਮਿਲਦਿਆਂ ਹੀ ਲੜਕੀ ਨੂੰ ਕਚਹਿਰੀ ਦੀ ਹਵਾਲਾਤ ਵਿਚ ਜਾ ਬੰਦ ਕੀਤਾ। ਅਕਾਲੀ ਸਿੰਘ ਵੀ ਨਾਲ ਨਾਲ ਹੀ ਗਏ ਤੇ ਹਵਾਲਾਤ ਨੂੰ ਵੀ ਜਾ ਘੇਰੇ ਵਿਚ ਲਿਆ।

੪ ਵਜੇ ਸ਼ਾਮ ਤਕ ਇਹੋ ਹੀ ਹਾਲ ਬਣਿਆ ਰਿਹਾ। ਸੀਨੀਅਰ ਸਬ ਜੱਜ ਮਿਸਲ ਆਪਣੇ ਨਾਲ ਆਪਣੇ ਘਰ ਨੂੰ ਹੀ ਲੈ ਕੇ ਚਲਾ ਗਿਆ। ਰਾਤ ਦੇ ੧੧ ਵਜੇ ਘਰੋਂ ਹੀ ਪੁਲੀਸ ਨੂੰ ਹੁਕਮ ਲਿਖ ਭੇਜਿਆ ਕਿ ਲੜਕੀ ਨੂੰ ਉਸਦੇ ਭਾਈ ਦੇ ਹਵਾਲੇ ਕਰ ਦਿਤਾ ਜਾਵੇ ਜਿਸ ਨੇ ਉਸ ਦੀ ਹਾਜ਼ਰੀ ਦੀ ਜ਼ਮਾਨਤ ਆਦਲਤ ਵਿਚ ਦਾਖ਼ਲ ਕਰ ਦਿਤੀ ਹੈ। ਪਰ ਪੁਲੀਸ ਨੇ ਇਸ ਹੁਕਮ ਦੀ ਵੀ ਕੋਈ ਤਾਮੀਲ ਨਾ ਕੀਤੀ ਤੇ ਲਿਖ ਭੇਜਿਆ ਕਿ ਅਕਾਲੀਆਂ ਨੇ ਹਵਾਲਾਤ ਨੂੰ ਘੇਰਾ ਪਾ ਰਖਿਆ ਹੈ ਅਤੇ ਫ਼ਸਾਦ ਦਾ ਸਖ਼ਤ ਖ਼ਤਰਾ ਹੈ। ਲੜਕੀ ਭਲਕ ਨੂੰ ਅਦਾਲਤ ਵਿਚ ਪੇਸ਼ ਕਰ ਦਿਤੀ ਜਾਵੇਗੀ, ਫੇਰ ਅਦਾਲਤ ਜੋ ਮੁਨਾਸਬ ਸਮਝੇ ਕਾਰਵਾਈ ਕਰੇ।

ਏਧਰ ਅੰਮ੍ਰਿਤਸਰ ਬੈਠੇ ਸੀਨੀਅਰ ਸਬ ਜੱਜ ਬਹਾਦਰ ਰਾਤ ਦੇ ੧੧ ਵਜੇ ਪੁਲੀਸ ਨੂੰ ਲੜਕੀ ਉਸ ਦੇ ਭਰਾ ਦੀ ਜ਼ਮਾਨਤ 'ਤੇ ਉਸ ਦੇ ਹਵਾਲੇ ਕੀਤੀ ਜਾਣ ਦਾ ਹੁਕਮ ਲਿਖ ਰਹੇ ਸਨ ਤੇ ਓਧਰ ਲਾਹੌਰ ਵਿਚ ਬਖ਼ਸ਼ੀ ਟੇਕ ਚੰਦ ਐਡਵੋਕੇਟ ਦੀ ਕੋਠੀ ਸਾਡੇ ਸੋਢੀ ਚਰਨ ਸਿੰਘ ਜੀ ਉਨ੍ਹਾਂ ਨੂੰ ਮੁਕੱਦਮੇ ਦੇ ਹਾਲ ਸਮਝਾ ਰਹੇ ਸਨ ਅਤੇ ਦਸ ਰਹੇ ਸਨ ਕਿ ਸਵੇਰੇ ੧੦ ਵਜੇ ਇਕ ਜ਼ਰੂਰੀ ਦਰਖ਼ਾਸਤ (Urgent application) ਹਾਈ ਕੋਰਟ ਵਿਚ ਪੇਸ਼ ਕਰ ਕੇ ਸੀਨੀਅਰ ਸਬ ਜੱਜ ਅੰਮ੍ਰਿਤਸਰ ਦੀ ਕਚਹਿਰੀ ਦੀ ਕਾਰਵਾਈ ਬੰਦ ਕਰਵਾ ਦਿਤੀ ਜਾਵੇ। ਕਚਹਿਰੀਓਂ ਆ ਕੇ ਮੈਂ ਸਿੱਧਾ ਆਪਣੇ ਮੁਅਕੱਲ (ਅਕਾਲੀ ਸਿੰਘ) ਨੂੰ ਨਾਲ ਲੈ ਕੇ ਸੋਢੀ ਚਰਨ ਸਿੰਘ ਜੀ ਐਡਵੋਕੇਟ ਦੇ ਦਫ਼ਤਰ ਜਾ ਪੁਜਾ, ਅਤੇ ਸੋਢੀ ਸਾਹਿਬ ਨੂੰ ਫ਼ੀਸ ਦਿਵਾ ਕੇ ਲਾਹੌਰ ਚਲੇ ਜਾਣ ਦੀ ਤਾਕੀਦ ਕਰ ਦਿਤੀ।

ਉਹ ਮੰਨ ਗਏ ਤੇ ਮੈਂ ਉਨ੍ਹਾਂ ਨੂੰ ਬਖ਼ਸ਼ੀ ਟੇਕ ਚੰਦ ਜੀ ਵਲ ਇਕ ਜ਼ਰੂਰੀ ਚਿੱਠੀ ਲਿਖ ਕੇ ਦੇ ਦਿਤੀ। ਜਿਸ ਵਿਚ ਲਿਖਿਆ ਕਿ ਇਹ ਅਕਾਲੀਆਂ ਦੀ ਆਣ ਅਣਖ ਤੇ ਜ਼ਿੰਦਗੀ ਮੌਤ ਦਾ ਸਵਾਲ ਹੈ। ਅਸੀਂ ਇਕ ਸਿੰਘਣੀ ਨੂੰ ਮੁਸਲਮਾਨਾਂ ਦੇ ਕਬਜ਼ੇ ਵਿਚ ਨਹੀਂ ਜਾਣ ਦਿਆਂਗੇ ਜਿੰਨਾ ਚਿਰ ਕਿ ਸਾਬਤ ਨਾ ਹੋ ਜਾਵੇ ਕਿ ਲੜਕੀ ਨਾ-ਬਾਲਗ਼ ਹੈ (ਉਹ ਨਾ-ਬਾਲਗ਼ ਨਹੀਂ ਹੈ)। ਅਸਾਂ ਤਿੰਨ



Digitized by Panjab Digital Library | www.panjabdigilib.org

ਸਿਰ ਕੱਢ ਡਾਕਟਰਾਂ ਦੇ ਬੋਰਡ ਬੈਠਾ ਕੇ ਲੜਕੀ ਬਾਲਗ ਹੈ ਦਾ ਸਰਟੀਫਿਕੇਟ ਲੈ ਰਖਿਆ ਹੈ।

ਏਧਰ ਪੁਲਿਸ ਨੇ ਜੱਜ ਸਾਹਿਬ ਨੂੰ ਟਕੇ ਵਰਗਾ ਜਵਾਬ ਦੇ ਭੇਜਿਆ ਤੇ ਓਧਰ ਹਾਈਕੋਰਟ ਵਿਚ 'ਜ਼ਰੂਰੀ ਦਰਖ਼ਾਸਤ' ਵੀ ਦੇ ਦਿਤੀ ਗਈ, ਜੋ ਸਰ ਸ਼ਾਦੀ ਲਾਲ ਚੀਫ਼ ਜਸਟਿਸ ਦੀ ਅਦਾਲਤ ਵਿਚ ਪੇਸ਼ ਹੋ ਗਈ। ਸੋਢੀ ਸਾਹਿਬ ਦਾ ਆਪਣਾ ਹਲਫ਼ੀਆ ਬਿਆਨ ਦਾਖ਼ਲ ਕਰ ਦਿਤਾ ਕਿ ਸੀਨੀਅਰ ਸਬ ਜੱਜ ਦੀ ਅਦਾਲਤ ਦੀ ਕਾਰਵਾਈ ਬੰਦ ਕੀਤੀ ਜਾਂਦੀ ਹੈ ਅਤੇ ਹੁਕਮ ਵਿਚ ਇਹ ਵੀ ਲਿਖ ਦਿਤਾ ਗਿਆ ਕਿ ਮਿਸਲ ਹਾਈ ਕੋਰਟ ਵਿਚ ਭੇਜ ਦਿਤੀ ਜਾਵੇ।

ਇਹ ਦਸਤੀ ਹੁਕਮ ਲੈ ਕੇ ਹਾਈ ਕੋਰਟ ਦਾ ਉਚੇਚਾ ਆਦਮੀ ਡਿਸਟ੍ਰਿਕਟ ਮੈਜਿਸਟ੍ਰੇਟ ਅੰਮ੍ਰਿਤਸਰ ਦੀ ਕਚਹਿਰੀ ਪਹੁੰਚ ਗਿਆ। ਜਿਸ ਨੇ ਸੀਨੀਅਰ ਸਬ ਜੱਜ ਦੀ ਅਦਾਲਤ ਵਾਲੀ ਮਿਸਲ ਮੰਗਵਾ ਕੇ ਓਸੇ ਹੀ ਆਦਮੀ ਪਾਸੋਂ ਰਸੀਦ ਲੈ ਕੇ ਓਸੇ ਦੇ ਹੱਥ ਹਾਈ ਕੋਰਟ ਨੂੰ ਭੇਜ ਦਿਤੀ। ਓਧਰ ਡਿਸਟ੍ਰਿਕਟ ਮੈਜਿਸਟਰੇਟ ਨੇ ਬੋਰਨ ਸਾਹਿਬ ਨੂੰ ਸਮਝਾ ਦਿਤਾ ਕਿ ਉਹ ਫ਼ੌਜਦਾਰੀ ਮੁਕੱਦਮੇ ਵਿਚ ਅਕਾਲੀਆਂ ਦੀ ਜ਼ਮਾਨਤ ਲੈ ਕੇ ਲੜਕੀ ਉਨ੍ਹਾਂ ਦੇ ਹਵਾਲੇ ਕਰ ਦੇਵੇ। ਪਰ, ਇਸ ਗੱਲ ਦਾ ਖ਼ਿਆਲ ਰੱਖ ਲਿਆ ਜਾਵੇ ਕਿ ਜ਼ਮਾਨਤ ਐਸੇ ਢੰਗ ਨਾਲ ਪਰਦੇ ਵਿਚ ਰੱਖ ਕੇ ਲਈ ਜਾਵੇ ਕਿ ਸਿੱਖਾਂ ਤੇ ਮੁਸਲਮਾਨਾਂ ਦਾ ਪ੍ਰਸਪਰ ਫ਼ਸਾਦ ਨਾ ਹੋ ਜਾਵੇ।

ਬੋਰਨ ਸਾਹਿਬ ਨੇ ਮੈਨੂੰ ਬੁਲਾ ਭੇਜਿਆ ਅਤੇ ਮੇਟੀ ਰਾਏ ਪੁੱਛੀ। ਮੈਂ ਕਿਹਾ ਮੈਂ ਤੈਨੂੰ ਇਕੱਲਿਆਂ ਨੂੰ ਦੱਸਾਂਗਾ। ਸੋ ਉਹ ਮੈਨੂੰ ਆਪਣੇ ਪਿਛਲੇ ਕਮਰੇ ਵਿਚ ਲੈ ਗਿਆ ਤੇ ਓਥੇ ਮੈਂ ਉਹਨੂੰ ਕਿਹਾ ਕਿ ਮੈਂ ਆਪਣੀ ਵਲੋਂ ਜ਼ਮਾਨਤ ਲਿਖ ਕੇ ਉਸ ਦੇ ਆਪਣੇ ਹੱਥ ਦੇ ਦੇਂਦਾ ਹਾਂ ਤਾਂ ਜੋ ਕਿਸੇ ਅਹਿਲਕਾਰ ਨੂੰ ਵੀ ਪਤਾ ਨਾ ਲੱਗ ਸਕੇ। ਨਾਲ ਹੀ ਉਸ ਨੂੰ ਕਿਹਾ ਕਿ ਉਹ ਆਪਣੀ ਕਲਮ ਨਾਲ ਹੁਕਮ ਲਿਖ ਦੇਵੇ ਤੇ ਹਾਲਾਂ ਮਿਸਲ ਨਾਲ ਨਾ ਲਗਾਵੇ ਅਤੇ ਜਦੋਂ ਮੈਂ ਮੋਟਰ-ਕਾਰ ਲੈ ਕੇ ਆ ਜਾਵਾਂ, ਲੜਕੀ ਨੂੰ ਮੇਰੇ ਸਪੁਰਦ ਕਰ ਦਿਤਾ ਜਾਵੇ। ਮੈਂ ਉਸ ਨੂੰ ਲੈ ਕੇ ਆਪਣੇ ਮਕਾਨ 'ਤੇ ਚਲਾ ਜਾਵਾਂਗਾ ਤੇ ਅਗਲੇ ਦਿਨ ਉਸ ਦੇ ਪਤੀ ਦੀ ਮਰਜ਼ੀ ਦੇ ਆਦਮੀ ਨੂੰ ਲਿਆ ਕੇ ਉਸ ਵਲੋਂ ਜ਼ਮਾਨਤ



Digitized by Panjab Digital Library | www.panjabdigilib.org

ਦਾਖ਼ਲ ਕਰਵਾ ਦਿਆਂਗਾ । ਤੇ ਆਪਣੀ ਜ਼ਮਾਨਤ ਰੱਦ ਕਰ ਦੇਣ ਦੀ ਦਰਖ਼ਾਸਤ ਸ਼ਾਮਲ ਮਿਸਲ ਕਰਾ ਦਿਆਂਗੇ ।

ਮਿਸਟਰ ਬੋਰਨ ਨੂੰ ਇਹ ਤਜਵੀਜ਼ ਪਸੰਦ ਆ ਗਈ । ਉਸ ਨੇ ਓਸੇ ਤਰ੍ਹਾਂ ਹੀ ਕੀਤਾ । ਲੜਕੀ ਮੇਰੇ ਹਵਾਲੇ ਹੋ ਗਈ ।

ਮੈਂ ਉਸ ਨੂੰ ਖ਼ਾਲਸਾ ਕਾਲਜ ਲੈ ਗਿਆ ਅਤੇ ਆਪਣੇ ਮਿਲਣ ਵਾਲੇ ਬਥੇਰੇ ਪ੍ਰੋਫ਼ੈਸਰਾਂ ਤੇ ਮਾਸਟਰਾਂ ਨੂੰ ਜ਼ਮਾਨਤ ਵਾਸਤੇ ਖੜੇ ਹੋਣ ਲਈ ਮਿੰਨਤ ਸਮਾਜਤ ਕੀਤੀ । ਪਰ, ਸਭ ਕੰਨਾਂ 'ਤੇ ਹੱਥ ਧਰ ਗਏ ਤੇ ਕਿਸੇ ਨੇ ਅਗਲੀ ਪੇਸ਼ੀ ਤਕ ਦੀ ਲੜਕੀ ਦੀ ਹਾਜ਼ਰ ਜ਼ਮਾਨਤ ਦੇਣ ਦਾ•ਹੀਆ ਨਾ ਕੀਤਾ ।

ਉਹ ਇਕੋ ਗੱਲ ਆਖੀ ਜਾਣ ਕਿ ਸਾਨੂੰ ਇਨ੍ਹਾਂ ਅਦਾਲਤੀ ਝਮੇਲਿਆਂ ਤੋਂ ਮਾਫ਼ ਹੀ ਰੱਖਿਆ ਜਾਵੇ । ਸੁ ਓਥੋਂ ਨਿਰਾਸ ਹੋ ਕੇ ਮੈਂ ਆਪਣੇ ਹੀ ਘਰ ਵਲ ਮੂੰਹ ਮੋੜ ਤੁਰਿਆ ਤੇ ਲੜਕੀ ਅਤੇ ਉਸ ਦੇ ਪਤੀ ਨੂੰ ਇਕ ਵੱਖਰਾ ਕਮਰਾ ਆਪਣੇ ਦਫ਼ਤਰ ਦੇ ਹੇਠਾਂ ਹੀ ਦੇ ਦਿਤਾ, ਪਰ ਜਦ ਮੈਂ ਸਵੇਰੇ ਉਠ ਕੇ ਦਫ਼ਤਰ ਆਇਆ ਤਾਂ ਨਾ ਓਥੇ ਲੜਕੀ ਸੀ ਤੇ ਨਾ ਉਸ ਦਾ ਪਤੀ । ਚੌਂਕੀਦਾਰ ਪਾਸੋਂ ਪੁੱਛਣ 'ਤੇ ਪਤਾ ਲੱਗਾ ਕਿ ਉਹ ਦੋਵੇਂ ਹੀ ਸਵੇਰੇ ਮੂੰਹ ਹਨੇਰੇ ਹੀ ਚਲੇ ਗਏ ਸਨ ਤੇ ਜਾਂਦੇ ਜਾਂਦੇ ਆਖ ਗਏ ਸਨ ਕਿ ਅਸੀਂ ਦਰਬਾਰ ਸਾਹਿਬ ਮੱਥਾ ਟੇਕ ਕੇ ਆ ਜਾਂਦੇ ਹਾਂ ।

ਇਹ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ । ਸੋਚਾਂ, ਕਿ ਜੇ ਕਿਧਰੇ ਮੁਸਲਮਾਨਾਂ ਨੇ ਉਨ੍ਹਾਂ ਨੂੰ ਪਛਾਣ ਲਿਆ ਤਾਂ ਕੀ ਬਣੇਗਾ ! ਲੜਕੀ ਨੂੰ ਉਹ ਖੋਹ ਖੜਨਗੇ ਤੇ ਜ਼ਮਾਨਤ ਮੈਨੂੰ ਪੈ ਜਾਵੇਗੀ । ਮੈਂ ਆਪਣੇ ਕੁਝ ਆਦਮੀਆ ਨੂੰ ਉਨ੍ਹਾਂ ਦੇ ਮਗਰ ਦੌੜਾਇਆ । ਜੋ ਦੋ ਕੁ ਘੰਟੇ ਮਗਰੋਂ ਉਨ੍ਹਾਂ ਨੂੰ ਟਾਂਗੇ ਵਿਚ ਬੈਠਾ ਕੇ ਲੈ ਆਏ, ਤੇ ਮੈਂ ਰਬ ਦਾ ਸੌ ਸੌ ਸ਼ੁਕਰ ਕੀਤਾ ।

ਉਸ ਦੇ ਪਤੀ ਦੇ ਇਕ ਰਿਸ਼ਤੇਦਾਰ ਪਾਸੋਂ ਜ਼ਮਾਨਤ ਦਵਾ ਦਿਤੀ । ਆਪਣੀ ਜ਼ਮਾਨਤ ਰੱਦ ਕਰਵਾ ਲਈ ਤੇ ਕੰਨੀ ਛੁਡਵਾ ਕੇ ਸੁੱਖ ਦਾ ਸਾਹ ਲਿਆ । ਲੜਕੀ ਵੀ ਮੁਸਲਮਾਨਾਂ ਦੇ ਕਾਬੂ ਨਾ ਆਈ ਤੇ ਮੇਰੀ ਜ਼ਮਾਨਤ ਜ਼ਬਤ ਹੋਣੋਂ ਬਚ ਗਈ । ਸੀਨੀਅਰ ਸਬ ਜੱਜ ਦੀ ਅਦਾਲਤ ਦੀ ਸਾਰੀ ਕਾਰਵਾਈ ਦਾ ਕੁਝ ਵੀ ਤਤ ਨਾ ਨਿਕਲਿਆ ।



Digitized by Panjab Digital Library | www.panjabdigilib.org

ਮੁਸਲਮਾਨਾਂ ਦਾ ਲੱਗਾ ਲਾਇਆ ਸਭ ਭੰਗ ਦੇ ਭਾੜੇ ਰੁੜ੍ਹ ਗਿਆ। ਅਕਾਲੀ ਸਿੰਘ ਨੂੰ ਵੀ ਕੋਈ ਸਜ਼ਾ ਨਾ ਹੋਈ। ਉਹ ਇਸ ਗੱਲ 'ਤੇ ਸਫ਼ਾ ਹੀ ਬਚ ਗਿਆ ਕਿ ਫ਼ੌਜਦਾਰੀ ਅਦਾਲਤ ਨੇ ਡਾਕਟਰਾਂ ਦੇ ਬਿਆਨ ਲੈ ਕੇ ਫ਼ੈਸਲਾ ਸੁਣਾ ਦਿਤਾ ਕਿ ਲੜਕੀ ਬਾਲ਼ਗ ਹੈ। ਤੇ ਲੜਕੀ ਨੇ ਵੀ ਬਿਆਨ ਦੇ ਦਿਤਾ ਕਿ ਉਸ ਨੂੰ ਕੱਢ ਕੇ ਕੋਈ ਨਹੀਂ ਲਿਆਇਆ ਉਹ ਆਪਣੀ ਮਰਜ਼ੀ ਨਾਲ ਅੰਮ੍ਰਿਤਸਰ ਆ ਕੇ ਸਿੰਘਣੀ ਸੱਜ ਗਈ ਹੈ ਤੇ ਆਪਣੇ ਪਹਿਲੋਂ ਦੇ ਹੀ ਜਾਣੂੰ ਪਛਾਣੂੰ ਇਕ ਅਕਾਲੀ ਸਿੰਘ ਨਾਲ ਵਿਆਹ ਕਰਵਾ ਲਿਆ ਹੈ।

ਮੁਸਲਮਾਨੀ ਤੋਂ ਸਜੀ ਹੋਈ ਅਕਾਲਣ ਦਾ ਮੁਕੱਦਮਾ ਅਜੇ ਮੁੱਕਾ ਹੀ ਸੀ ਕਿ ਮੇਰੇ ਗਲ ਇਕ ਹੋਰ ਮੁਸੀਬਤ ਆਣ ਪਈ। ਮੈਂ ਅੰਮ੍ਰਿਤਸਰ ਹਾਲ ਬਾਜ਼ਾਰ ਅੰਦਰ ਇਕ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਹੇਠਾਂ ਮੇਰਾ ਦਫ਼ਤਰ ਸੀ ਤੇ ਨਾਲ ਹੀ ਮਹਿਮਾਨ-ਖ਼ਾਨਾ ਸੀ, ਵਿਚਕਾਰ ਵਿਹੜਾ, ਦੂਜੇ ਪਾਸੇ ਦੋ ਕੋਠੜੀਆਂ ਤੇ ਅੱਧ ਵਿਚਕਾਰ ਵੱਡਾ ਫਾਟਕ, ਸਮਝੋ ਕਿ ਇਹ ਇਕ ਤਬੇਲਾ ਜਿਹਾ ਸੀ।

ਇਕ ਕੋਠੜੀ ਵਿਚ ਸਾਈਸ, ਵਿਹੜੇ ਵਿਚ ਟਾਂਗਾ, ਤੇ ਦੂਜੀ ਕੋਠੜੀ ਵਿਚ ਸਿਆਲ ਨੂੰ ਘੋੜੀ ਬੱਝਦੀ। ਇਕ ਦਿਨ ਮੈਂ ਉਪਰਲੇ ਹਿੱਸੇ ਵਿਚ ਆਪਣੇ ਸੌਣ ਦੇ ਕਮਰੇ (Bed Room) ਵਿਚ ਘੂਕ ਸੁੱਤਾ ਪਿਆ ਸੀ ਕਿ ਰਾਤ ਦੇ ਦੋ ਕੁ ਵਜੇ ਨਾਲ ਕਿਸੇ ਨ ਹੇਠਲੇ ਵੱਡੇ ਫਾਟਕ ਨੂੰ ਦਬਾ ਦਬ ਭੰਨਣਾ ਸ਼ੁਰੂ ਕਰ ਦਿਤਾ।

ਉਹ ਮੇਰੇ ਸਾਈਸ ਨੂੰ ਆਖੀ ਜਾਵੇ ਕਿ "ਸਾਹਿਬ, ਸਰਦਾਰ ਜੀ ਨੂੰ ਬੁਲਾਉਂਦੇ ਹਨ" ਤੇ ਸਾਈਸ ਉਸ ਨੂੰ ਕਹੀ ਜਾਵੇ ਉਹ ਸੁੱਤੇ ਪਏ ਹਨ ਤੇ ਉਹ ਆਪਣੇ ਮਾਲਕ ਨੂੰ ਅੱਧੀ ਰਾਤ ਬੇ-ਆਰਾਮ ਨਹੀਂ ਕਰ ਸਕਦਾ। ਉਨ੍ਹਾਂ ਨੂੰ ਤਾਂ ਸੁੱਤਿਆਂ ਵੀ ਅਜੇ ਮਰ ਕੇ ਘੰਟਾ ਡੇਢ੍ਹ ਘੰਟਾ ਹੀ ਹੋਇਆ ਹੋਵੇਗਾ। ਉਹ ਢੇਰ ਚਿਰ ਤਕ ਮੁਕੱਦਮੇ ਤਿਆਰ ਕਰਦੇ ਰਹੇ ਹਨ। ਦੋਹਾਂ ਦਾ ਕਾਫ਼ੀ ਚਿਰ ਝਗੜਾ ਹੁੰਦਾ ਰਿਹਾ। ਨਾ ਸਾਈਸ ਫਾਟਕ ਖੋਲ੍ਹੇ ਤੇ ਨਾ ਉਹ ਫਾਟਕ ਨੂੰ ਖੜਕਾਉਣ ਤੇ ਡੰਡ ਪਾਉਣ ਤੋਂ ਹਟੇ। ਏਸ ਸ਼ੋਰ ਸ਼ਰਾਬੇ ਨੇ ਮੇਰੀ ਵੀ ਜਾਗ ਖੋਲ੍ਹ ਦਿਤੀ ਤੇ ਮੈਂ ਉਤੋਂ ਹੀ ਆਵਾਜ਼ ਦਿਤੀ ਕਿ "ਕੀ ਮਾਮਲਾ ਹੈ ?" ਘੜੀ ਵੇਖੀ ਤਾਂ ਠੀਕ ਢਾਈ ਵਜੇ ਸਨ। ਮੈਂ ਖ਼ਿਆਲ ਕੀਤਾ ਕਿ ਜੋ ਏਸ ਵੇਲੇ ਮੈਨੂੰ ਬੁਲਾ ਭੇਜਿਆ ਹੈ, ਜ਼ਰੂਰ ਕੋਈ ਗੜਬੜ ਮਾਮਲਾ ਹੈ। ਮੈਨੂੰ ਜ਼ਰੂਰ ਉਠ



Digitized by Panjab Digital Library | www.panjabdigilib.org

ਕੇ ਚਲੇ ਜਾਣਾ ਚਾਹੀਦਾ ਹੈ।

ਇਹ ਸਨੇਹਾ ਲੈ ਕੈ ਆਉਣ ਵਾਲਾ ਮੇਰੇ ਇਕ ਬੜੇ ਹੀ ਕਰੀਬੀ ਦੋਸਤ ਦਾ ਨੌਕਰ ਸੀ। ਮੇਰਾ ਇਹ ਦੋਸਤ ਵੀ ਬੈਰਿਸਟਰ ਸੀ ਤੇ ਉਸ ਦੀ ਬੇਗ਼ਮ ਮੇਰੇ ਪਾਸੋਂ ਪਰਦਾ ਕਰਿਆ ਕਰਦੀ ਸੀ। ਪਰ ਅਜ ਜਦ ਮੈਂ ਉਨ੍ਹਾਂ ਦੇ ਘਰ ਪੁੱਜਾ ਤਾਂ ਨੌਕਰ ਮੈਨੂੰ ਸਿੱਧਾ ਉਨ੍ਹਾਂ ਦੇ ਸੌਣ ਵਾਲੇ ਕਮਰੇ ਵਿਚ ਲੈ ਵੜਿਆ। ਅਜ ਮੇਰੀ ਭਰਜਾਈ ਨੇ ਬੁਰਕਾ ਲਾਹ ਕੇ ਪਰੇ ਸੁਟਿਆ ਹੋਇਆ ਸੀ। ਖੁਲ੍ਹੇ ਮੂੰਹ ਬੈਠ ਰਹੀ ਸੀ ਤੇ ਮੇਰੇ ਜਾਣ 'ਤੇ ਵੀ ਪਰਦਾ ਨਾ ਕੀਤਾ।

ਝਟ ਉਠ ਕੇ ਮੇਰੇ ਦੋਵੇਂ ਪੈਰ ਫੜ ਲਏ ਤੇ ਰੋਂਦੀ ਰੋਂਦੀ ਕਹਿਣ ਲਗੀ, "ਸਰਦਾਰ ਸਾਹਿਬ! ਸਾਨੂੰ ਬਚਾ ਲਓ। ਖ਼ੁਦਾ ਦੇ ਵਾਸਤੇ ਕੋਈ ਚਾਰਾ ਕਰੋ ਤੇ ਸਾਨੂੰ ਬਚਾਣ ਦੀ ਕੋਈ ਬਿਧ ਬਣਾਓ। ਏਸ ਵੇਲੇ ਤੁਹਾਡੇ ਬਿਨਾਂ ਤੇ ਖ਼ੁਦਾ ਤੋਂ ਬਿਨਾਂ ਸਾਡਾ ਕੋਈ ਆਸਰਾ ਨਹੀਂ।" ਗੱਲ ਬਾਤ ਦਾ ਮੈਨੂੰ ਕੁਝ ਤਾਂ ਹੋਰਨਾਂ ਪਾਸੋਂ ਪਤਾ ਲਗ ਚੁਕਾ ਸੀ, ਪਰ ਪੂਰਾ ਪੂਰਾ ਪਤਾ ਨਹੀਂ ਸੀ ਲਗਾ।

ਮੈਂ ਆਪਣੇ ਦੋਸਤ ਨੂੰ ਗੱਲ ਬਾਤ ਉਪਰ ਪੂਰਾ ਪੂਰਾ ਚਾਨਣਾ ਪਾਉਣ ਵਾਸਤੇ ਕਿਹਾ ਤੇ ਉਸ ਨੇ ਦਸਿਆ:

"ਮੇਰਾ ਇਕ ਸਿੱਖ ਮੁਅੱਕਲ ਹੈ। ਉਹ ਦੁਆਬੇ ਦਾ ਵਸਨੀਕ ਹੈ। ਉਸ ਨੇ ਇਕ ਹੋਰ ਆਦਮੀ ਉਪਰ ਡਿਗਰੀ ਲੈ ਰਖੀ ਹੈ। ਤੇ ਮੇਰੀ ਮਾਰਫ਼ਤ ਅਜਰਾ ਕਰਵਾਈ ਹੋਈ ਹੈ। ਸੁ ਕੋਈ ਦੋ ਕੁ ਮਹੀਨੇ ਹੋਏ ਹਨ ਕਿ ਮੇਰੇ ਮੁਨਸ਼ੀਆਂ ਨੇ ਉਸ ਨੂੰ ਅੜੇ ਲਾ ਕੇ ਉਸ ਪਾਸੋਂ ਇਕ ਸੌ ਰੁਪਿਆ ਇਹ ਆਖ ਕੇ ਲੈ ਲਿਆ ਕਿ ਤੇਰੀ ਅਸਾਮੀ ਗ੍ਰਿਫ਼ਤਾਰ ਹੋ ਕੇ ਸਿਵਲ ਜੇਲ ਵਿਚ ਆ ਗਈ ਹੈ, ਉਸ ਦੇ ਵਾਸਤੇ ਬਿਸਤਰਾ ਤੇ ਖਾਣਾ ਪਕਾਉਣ ਦੇ ਬਰਤਨ ਤੇ ਇਕ ਬਾਲਟੀ ਤੇ ਗੜਵੀ ਆਦਿ ਜੇਲ੍ਹ ਦੇ ਕਰਮਚਾਰੀਆਂ ਪਾਸ ਦਾਖਲ ਕਰਵਾਉਣੇ ਹਨ। ਫ਼ਿਹਿਰਿਸਤ ਲੈ ਜਾਓ ਤੇ ਚੀਜ਼ਾਂ ਖ਼ਰੀਦ ਲਿਆਓ।

"ਉਨ੍ਹਾਂ ਨੇ ਕਿਹਾ ਸਾਡੇ ਪਾਸੋਂ ਰੁਪਏ ਲੈ ਲਉ ਤੇ ਆਪੇ ਖ਼ਰੀਦ ਕੇ ਜੇਲ ਵਿਚ ਜਮਾਂ ਕਰਵਾ ਆਓ! ਮੁਨਸ਼ੀਆਂ ਨੇ ਇਕ ਸੌ ਰੁਪਿਆ ਮੰਗ ਲਿਆ ਤੇ ਉਨ੍ਹਾਂ ਨੇ ਦੇ ਦਿਤੇ ਅਤੇ ਮੇਰੇ ਪਾਸੋਂ ਰਸੀਦ ਲਿਖਵਾ ਕੇ ਮੁਅੱਕਲ ਨੂੰ ਦੇ ਦਿਤੀ। ਤੇਤੀ ਤੇਤੀ ਰੁਪਏ ਦੋਹਾਂ ਮੁਨਸ਼ੀਆਂ ਨੇ ਲੈ ਲਏ ਅਤੇ ਚੌਤੀ ਰੁਪਏ ਮੈਨੂੰ ਦੇ ਦਿਤੇ।



Digitized by Panjab Digital Library | www.panjabdigilib.org

ਇਕ ਦੋ ਤ੍ਰੀਕਾਂ ਲੰਘ ਜਾਣ ਮਗਰੋਂ ਮੇਰੇ ਮੁਅੱਕਲ ਨੂੰ ਪਤਾ ਚਲ ਗਿਆ ਕਿ ਮੇਰੀ ਅਸਾਮੀ ਨੂੰ ਨਾ ਕਿਸੇ ਗ੍ਰਿਫ਼ਤਾਰ ਕੀਤਾ ਹੈ ਤੇ ਨਾ ਉਹ ਜੇਲ ਵਿਚ ਲਿਆਂਦਾ ਗਿਆ ਹੈ। ਉਹ ਬਾਹਰ ਆਜ਼ਾਦ ਪਿਆ ਫਿਰਦਾ ਹੈ।

"ਜਿਸ 'ਤੇ ਮੇਰੇ ਮੁਅੱਕਲ ਨੇ ਮੁਨਸ਼ੀਆਂ ਨਾਲ ਝਗੜਾ ਕੀਤਾ ਤੇ ਰੁਪਏ ਵਾਪਸ ਮੰਗ ਲਏ। ਪਰ ਮੁਨਸ਼ੀ ਕੀ ਦਵਾਲ ਸਨ। ਉਸ ਨੂੰ ਕਹਿਣ ਲਗੇ, ਉਹ ਜ਼ਮਾਨਤ ਦੇ ਕੇ ਆ ਗਿਆ ਹੋਵੇਗਾ। ਅਸੀਂ ਉਸ ਨੂੰ ਫ਼ੇਰ ਗ੍ਰਿਫ਼ਤਾਰ ਕਰਵਾ ਦਿਆਂਗੇ। ਪਰ ਉਸ ਨੂੰ ਇਨ੍ਹਾਂ ਦੀ ਗੱਲ ਤੇ ਏਤਬਾਰ ਕੋਈ ਨਾ ਆਇਆ।

"ਉਸ ਨੇ ਜੇਲ ਕਰਮਚਾਰੀਆਂ ਪਾਸੋਂ ਜਾ ਪੁੱਛ ਗਿੱਛ ਕੀਤੀ ਜਿਸ 'ਤੇ ਸਾਡਾ ਸਾਰਾ ਪਾਜ ਉਘੜ ਗਿਆ। ਸੁ ਉਸ ਨੇ ਕਲ ਡਿਪਟੀ ਕਮਿਸ਼ਨਰ ਪਾਸ ਜਾ ਕੇ ਸ਼ਕਾਇਤ ਕਰ ਦਿਤੀ ਹੈ। ਉਹ ਮੁਅੱਕਲ ਸਿੱਖ ਹੈ। ਮਲਾਇਆ ਵਲੋਂ ਲੱਖਾਂ ਰੁਪਏ ਕਮਾ ਕੇ ਲਿਆਇਆ ਹੋਇਆ ਹੈ। ਰੁਪਏ ਪੈਸੇ ਦੀ ਉਸ ਨੂੰ ਕੋਈ ਪ੍ਰਵਾਹ ਹੀ ਨਹੀਂ। ਮੁਨਸ਼ੀਆਂ ਦੀ ਬੇਵਕੂਫ਼ੀ ਹੈ ਕਿ ਵੇਲਾ ਨਹੀਂ ਸੰਭਾਲਿਓ ਨੇ।"

ਇਹ ਸਾਰਾ ਬਿਰਤਾਂਤ ਸੁਣ ਕੇ ਮੈਨੂੰ ਆਪਣੇ ਦੋਸਤ ਉਪਰ ਬੜਾ ਗੁੱਸਾ ਆਇਆ ਤੇ ਉਸ ਨੂੰ ਚੰਗੀਆਂ ਕਰਾਰੀਆਂ ਸੁਣਾਈਆਂ ਤੇ ਕਿਹਾ ਕਿ 'ਮੁਨਸ਼ੀ ਧੰਞਾਣੇ ਬੇ-ਵਕੂਫ਼ ਨੇ, ਉਹ ਤਾਂ ਡਾਢੇ ਸਿਆਣੇ ਨਿਕਲੇ ਨੇ। ਬੇ-ਵਕੂਫ਼ੀ ਤਾਂ ਸਾਰੀ ਤੇਰੀ ਹੈ, ਜਿਸ ਪਾਸੋਂ ੬੬ ਰੁਪਏ ਮੁਨਸ਼ੀ ਲੈ ਗਏ ਤੇ ਤੂੰ ਬੈਰਿਸਟਰ ਹੋ ਕੇ, ਡਿਪਟੀ ਦਾ ਪੁੱਤਰ ਹੋ ਕੇ ਤੇ ਸ਼ਹਿਰ ਦਾ ਰਈਸ ਹੋ ਕੇ ੩੪ ਰੁਪਏ ਦੀ ਖ਼ਾਤਰ ਸਾਰੀ ਝਖ ਮਾਰੀ ਬੈਠਾ ਏਂ। ਫ਼ੇਰ ਰਸੀਦ ਸੌ ਰੁਪਏ ਵਸੂਲੀ ਦੀ ਲਿਖ ਕੇ ਵੀ ਦੇ ਦਿਤੀ। ਲਏ ੩੪ ਤੇ ਰਸੀਦ ਦੇ ਦਿਤੀ ਸੌ ਦੀ। ਤੇਰੇ ਨਾਲੋਂ ਵਡਾ ਮਹਾ-ਮੂਰਖ ਦੁਨੀਆਂ ਵਿਚ ਹੋਰ ਵੀ ਕੋਈ ਹੋ ਸਕਦਾ ਹੈ।"

ਮੇਰੀ ਏਹ ਗੱਲ ਸੁਣ ਕੇ ਵਿਚਾਰੀ ਬੇਗਮ ਸਾਹਿਬਾ ਚੀਕਾਂ ਮਾਰ ਮਾਰ ਰੋਣ ਲਗ ਪਈ। ਮੇਰੇ ਪੈਰਾਂ ਤੇ ਡਿਗ ਪਈ। ਖ਼ੁਦਾ ਦੇ ਵਾਸਤੇ ਪਾਈ ਜਾਵੇ ਤੇ 'ਬਚਾ ਲਉ! ਬਚਾ ਲਉ!!' ਦੀ ਦੁਹਾਈ ਮਚਾਈ ਜਾਏ। ਮੇਰੇ ਵਲ ਨਜ਼ਰ ਉਠਾਈ ਹਥ ਜੋੜ ਕੇ ਕਹਿਣ ਲਗੀ, "ਭਾਈ ਸਾਹਿਬ ਵਾਸਤਾ ਜੇ ਬਾਬੇ ਨਾਨਕ ਦਾ ਜਿਉਂ ਜਾਣਦੇ ਹੋ ਸਾਨੂੰ ਬਚਾਓ।"

ਮੈਂ ਕਿਹਾ "ਭੈਣ! ਹੌਸਲਾ ਕਰ!! ਮੇਰੇ ਪਾਸੋਂ ਜੋ ਹੋ ਸਕੇਗਾ ਮੈਂ ਪੂਰੀ



Digitized by Panjab Digital Library | www.panjabdigilib.org

ਪੂਰੀ ਕੋਸ਼ਸ਼ ਕਰਾਂਗਾ । ਪਰ ਨਾ ਉਹ ਮੇਰੀ ਜਾਣ-ਪਛਾਣ ਦੇ ਹਨ ਨਾ ਮੈਨੂੰ ਉਨ੍ਹਾਂ ਦਾ ਪਤਾ ਹੈ ਕਿ ਉਹ ਹੈਨ ਕਿਹੜੇ ਪਿੰਡ ਦੇ । ਨਾ ਇਹੋ ਹੀ ਪਤਾ ਹੈ ਕਿ ਉਹ ਸ਼ਹਿਰ ਵਿਚ ਹੈਨ ਵੀ ਕਿ ਨਹੀਂ, ਤੇ ਜੇ ਕਰ ਹੈਨ ਤਾਂ ਉਹ ਕਿਹੜੀ ਥਾਂ ਠਹਿਰ ਰਹੇ ਹਨ ।

ਮੇਰੇ ਦੋਸਤ ਨੇ ਦਸਿਆ ਕਿ ਹੁਣ ਉਹ ਸਰਦਾਰ ਅਵਤਾਰ ਸਿੰਘ ਬੈਰਿਸਟਰ ਪਾਸ ਫੇਰਾ ਤੋਰਾ ਰਖਦੇ ਹਨ । ਸ਼ਾਇਦ ਉਸੇ ਦੀ ਬੈਠਕ ਵਿਚ ਠਹਿਰ ਰਹੇ ਹੋਣ । ਮੈਂ ਕਿਹਾ ਕਿ ਏਨਾ ਪਤਾ ਤਾਂ ਮੈਨੂੰ ਕਚਹਿਰੀਉਂ ਹੀ ਲਗ ਚੁਕਾ ਸੀ । ਤੇ ਮੈਂ ਆਪਣੇ ਮੁਨਸ਼ੀ ਨੂੰ ਪਤਾ ਕਰਨ ਵਾਸਤੇ ਉਸ ਦੇ ਦਫ਼ਤਰ ਭੇਜਿਆ ਵੀ ਸੀ । ਪਰ ਉਹ ਛੜੇ ਛਾਂਡ ਹਨ ਤੇ ਤਾਲਾ ਮਾਰ ਕੇ ਕਿਧਰੇ ਨਿਕਲੇ ਹੋਏ ਹਨ । ਪੁੱਛਣ ਪੁਛਾਉਣ 'ਤੇ ਵੀ ਕੋਈ ਪਤਾ ਨਹੀਂ ਚਲਿਆ ਕਿ ਗਏ ਕਿਧਰ ਹਨ ! ਹੁਣ ਜਾਂਦਾ ਹੋਇਆ ਫੇਰ ਪਤਾ ਕਰਦਾ ਜਾਵਾਂਗਾ । ਜੇ ਉਹ ਅੰਮ੍ਰਿਤਸਰ ਸ਼ਹਿਰ ਵਿਚੋਂ ਕਿਧਰੇ ਬਾਹਰ ਹੀ ਨਹੀਂ ਤੁਰ ਗਏ ਤਾਂ ਉਹ ਜ਼ਰੂਰ ਅੰਦਰੇ ਹੀ ਸੁੱਤੇ ਪਏ ਹੋਣਗੇ ਤੇ ਹੋ ਸਕਦਾ ਹੈ ਕਿ ਮੁਅੱਕਲ ਸਰਦਾਰ ਵੀ ਅੰਦਰ ਹੀ ਹੋਵੇ ।

ਮੈਂ ਮੁਅੱਕਲ ਨੂੰ ਲਭਣ ਦੀ ਪੂਰੀ ਕੋਸ਼ਸ਼ ਕਰਾਂਗਾ, ਤੇ ਸਰਦਾਰ ਅਵਤਾਰ ਸਿੰਘ ਨੂੰ ਵੀ ਕਹਾਂਗਾ ਕਿ ਉਹ ਏਸ ਮਾਮਲੇ ਅੰਦਰ ਸਾਡੀ ਮਦਦ ਕਰੇ । ਤੁਸੀਂ ਹੁਣ ਅੱਲਾਹ ਨੂੰ ਯਾਦ ਕਰੋ ਤੇ ਆਰਾਮ ਨਾਲ ਸੌਂ ਜਾਉ ਜੋ ਉਸ ਨੂੰ ਮਨਜ਼ੂਰ ਹੋਵੇਗਾ, ਹੋਣਾ ਉਹੋ ਹੀ ਹੈ । ਤੂੰ ਆਪਣੇ ਵਾਸਤੇ ਵੀ ਮੁਸੀਬਤ ਖੜੀ ਕਰ ਲਈ ਹੈ ਤੇ ਬੈਰਿਸਟਰਾਂ ਨੂੰ ਵੀ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ ਛਡਿਆ । ਸਾਨੂੰ ਲੋਕਾਂ ਨੂੰ ਸੁਣਨ ਗਿਣਨ ਵਾਲੇ ਕੀ ਕਹਿੰਦੇ ਹੋਣਗੇ ?

ਘਰ ਨੂੰ ਵਾਪਸ ਆਉਂਦਾ ਹੋਇਆ ਮੈਂ ਪਹਿਲੇ ਹੀ ਮੋੜ ਮੁੜ ਪਿਆ ਕਿ ਸਰਦਾਰ ਅਵਤਾਰ ਸਿੰਘ ਕੋਲੋਂ ਪਤਾ ਕਰੀ ਚਲਾਂ । ਵਿਚਾਰੇ ਨੂੰ ਸੁੱਤੇ ਪਏ ਨੂੰ ਜਾ ਜਗਾਇਆ ।

ਉਹ ਮੈਨੂੰ ਵੇਖ ਕੇ ਹੈਰਾਨ ਹੋ ਗਿਆ । ਮੈਂ ਉਸ ਪਾਸੋਂ ਇਜਰਾਇ ਵਾਲੇ ਸਿੰਘ ਦਾ ਪਤਾ ਪੁਛਿਆ । ਉਸ ਦਸਿਆ ਕਿ ਉਹ ਮਲਵਈਆਂ ਵਾਲੇ ਬੁੰਗੇ ਵਿਚ ਠਹਿਰਿਆ ਕਰਦਾ ਹੈ ।

ਇਸ ਤੋਂ ਵਧੇਰੇ ਮੈਨੂੰ ਉਸ ਦੇ ਬਾਰੇ ਕੁਝ ਪਤਾ ਨਹੀਂ । ਏਨੀ ਗੱਲ ਦੀ



Digitized by Panjab Digital Library | www.panjabdigilib.org

ਸੂਹ ਲੈ ਕੇ ਮੈਂ ਘਰ ਨੂੰ ਚਲਾ ਆਇਆ। ਚਾਰ ਵਜ ਚੁਕੇ ਸਨ।

ਮੈਂ ਪਿਛਲੀ ਸ਼ਾਮ ਹੀ ਆਪਣੇ ਮੁਨਸ਼ੀ ਜੀਵਾ ਸਿੰਘ ਨੂੰ ਕਹਿ ਦਿਤਾ ਸੀ ਕਿ ਸਵੇਰ ਸਾਰ ਹੀ ਆ ਜਾਵੇ, ਜ਼ਰੂਰੀ ਕੰਮ ਹੈ। ਉਹ ਸਵੇਰੇ ੬ ਵਜੇ ਹੀ ਦਫ਼ਤਰ ਪਹੁੰਚ ਗਿਆ। ਮੈਂ ਉਸ ਨੂੰ ਇਜਰਾਇ ਵਾਲੇ ਸਿੰਘ ਦਾ ਪਤਾ ਕਰ ਕੇ ਮਲਵਈ ਬੁੰਗੇ ਤੋਂ ਆਪਣੇ ਨਾਲ ਹੀ ਲਈ ਆਉਣ ਦੀ ਤਾਕੀਦ ਕਰ ਦਿਤੀ। ਅਤੇ ਆਪਣੇ ਨੌਕਰ ਨੂੰ ਚੰਗੀ ਵਧੀਆ ਚਾਹ ਤਿਆਰ ਕਰਨ ਲਈ ਕਹਿ ਦਿਤਾ। ਸੋ ਘੰਟੇ ਡੇਢ੍ਹ ਘੰਟੇ ਤਕ ਤਿਆਰ ਹੋ ਕੇ ਮੇਜ਼ ਉਪਰ ਆ ਜਾਵੇ।

ਕੋਈ ਅੱਠ ਕੁ ਵਜੇ ਮੇਰਾ ਮੁਨਸ਼ੀ ਮੇਰੇ ਦੋਸਤ ਦੇ ਮੁਅੱਕਲ ਨੂੰ ਲੈ ਕੇ ਆ ਗਿਆ। ਉਸ ਦੇ ਨਾਲ ਦੋ ਸਿੰਘ ਹੋਰ ਵੀ ਸਨ। ਰਸਤੇ ਵਿਚ ਮੇਰਾ ਮੁਨਸ਼ੀ ਮੇਰੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦਾ ਚਲਾ ਆਇਆ। ਜਦ ਮੇਰੇ ਨੌਕਰ ਨੂੰ ਪਤਾ ਲਗਾ ਕਿ ਜਿਨ੍ਹਾਂ ਬੰਦਿਆਂ ਦੀ ਉਡੀਕ ਕੀਤੀ ਜਾ ਰਹੀ ਸੀ, ਉਹ ਆ ਗਏ ਹਨ ਤਾਂ ਉਹ ਚਾਹ ਲੈ ਕੇ ਆ ਗਿਆ।

ਇਕ ਟਰੇਅ ਆਪ ਚੁੱਕੀ ਹੋਈ ਸੀ ਤੇ ਦੂਜੀ, ਦੂਜੇ ਨੌਕਰ ਨੂੰ ਚੁਕਾਈ ਹੋਈ ਸੀ। ਅਸਾਂ ਸਾਰਿਆਂ ਰਲ ਕੇ ਚਾਹ ਪੀਤੀ। ਮੈਂ ਹਜ਼ਾਰ ਹਜ਼ਾਰ ਗਾਲ੍ਹ ਆਪਣੇ ਦੋਸਤ ਬੈਰਿਸਟਰ ਨੂੰ ਕਢੀ ਤੇ ਉਸ ਦੇ ਵਿਰੁਧ ਜੋ ਮੂੰਹ ਆਈ ਕਹੀ ਚਲਾ ਗਿਆ।

ਸਿੰਘ ਹੁਰੀਂ ਮੇਰੀਆਂ ਗੱਲਾਂ ਸੁਣੀ ਜਾਣ ਤੇ ਨਾਲ ਨਾਲ ਕਹੀ ਜਾਣ ਕਿ "ਸਰਦਾਰ ਸਾਹਿਬ ! ਜੋ ਤੁਸੀਂ ਕਰੋਗੇ ਸਾਨੂੰ ਮਨਜ਼ੂਰ ਹੈ। ਤੇ ਜਿੰਨੇ ਵੀ ਰੁਪਏ ਲਗਣ ਅਸੀਂ ਲਗਾ ਦੇਵਾਂਗੇ।" ਫੇਰ ਮੈਂ ਆਪਣੇ ਕੁਝ ਕੁ ਏਧਰ ਓਧਰ ਦੇ ਕਾਗ਼ਜ਼ ਫ਼ੋਲਣ ਲਗ ਪਿਆ ਤੇ ਜਿਹੜੀ ਦਰਖ਼ਾਸਤ ਉਨ੍ਹਾਂ ਨੇ ਬੈਰਿਸਟਰ ਸਾਹਿਬ ਦੇ ਖ਼ਿਲਾਫ਼ ਡੀ, ਸੀ. ਨੂੰ ਦੇ ਰਖੀ ਸੀ, ਉਹ ਦਰਖ਼ਾਸਤ ਅਤੇ ਸੌ ਰੁਪਏ ਦੀ ਰਸੀਦ ਜੋ ਮੇਰੇ ਮਿੱਤਰ ਬੈਰਿਸਟਰ ਸਾਹਿਬ ਨੇ ਸਿੰਘ ਹੁਰਾਂ ਨੂੰ ਲਿਖ ਕੇ ਦੇ ਰਖੀ ਸੀ, ਉਹ ਰਸੀਦ ਵੀ ਆਪਣੇ ਕਾਬੂ ਕਰ ਲਈ।

ਥੋੜਾ ਚਿਰ ਠਹਿਰ ਕੇ ਮੇਰਾ ਮੁਨਸ਼ੀ ਕਹਿਣ ਲਗਾ, "ਸਰਦਾਰ ਜੀ ! ਮੁਕੱਦਮੇ ਨੂੰ ਪੱਕਾ ਹੱਥ ਪਵੇ, ਤਾਂ ਪਾਇਓ !! ਜੇ ਬੈਰਿਸਟਰ ਸਾਹਿਬ ਨੇ ਪੰਜੇ ਵਿਚੋਂ ਨਿਕਲ ਜਾਣਾ ਹੋਵੇ, ਤਾਂ ਮੁਕੱਦਮਾ ਕਰਨ ਦਾ ਫ਼ਾਇਦਾ ਹੀ ਕੀ ਹੋਇਆ ! ਉਸ ਦਾ ਪਿਓ ਡਿਪਟੀ ਹੈ ਤੇ ਸ਼ਹਿਰ ਦੇ ਵਡੇ ਰਈਸਾਂ ਵਿਚ ਗਿਣਿਆਂ ਜਾਂਦਾ ਹੈ। ਜੇ



Digitized by Panjab Digital Library | www.panjabdigilib.org

ਸਾਡਾ ਹੱਥ ਪਾਇਆ ਹੋਇਆ ਵੀ ਕੱਚਾ ਰਹਿ ਗਿਆ ਤੇ ਮੁਕੱਦਮੇ ਵਿਚੋਂ ਬਚ ਨਿਕਲਿਆ ਤਾਂ ਸਾਡੀ ਸਾਰੀ ਪ੍ਰੈਕਟਿਸ ਉਪਰ ਉਸ ਦਾ ਬਹੁਤ ਬੁਰਾ ਅਸਰ ਪਵੇਗਾ।

ਮੈਂ ਕਿਹਾ, ਇਹ ਗੱਲ ਤਾਂ ਠੀਕ ਹੈ। ਕੱਲ੍ਹ ਡੀ. ਸੀ. ਦੇ ਮੁਨਸ਼ੀ ਨੇ ਵੀ ਇਨ੍ਹਾਂ ਨੂੰ ਟਾਲ ਦਿਤਾ ਸੀ ਕਿ, "ਦਰਖ਼ਾਸਤ ਲਿਖਵਾ ਕੇ ਲੈ ਆਓ।" ਤੇ ਓਧਰੋਂ ਦੂਜੇ ਫ਼ਰੀਕ (ਬੈਰਿਸਟਰ ਸਾਹਿਬ) ਨੂੰ ਖ਼ਬਰਦਾਰ ਕਰ ਦਿਤਾ। ਤੇ ਡੀ. ਸੀ. ਦੀ ਕੋਠੀ ਸਫ਼ਾਰਸ਼ਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ, "ਹਛਾ! ਦੇਖਦਾ ਹਾਂ, ਜੇ ਕੁਝ ਬਣਦਾ ਨਾ ਦਿਸਿਆ, ਤਦ ਵੀ ਰੁਪਏ ਤਾਂ ਇਨ੍ਹਾਂ ਦੇ ਜ਼ਰੂਰ ਈ ਕਢਵਾ ਦਿਆਂਗਾ।"

ਸਿੰਘ ਕਹਿਣ ਲਗੇ, "ਜੀ! ਜੋ ਤੁਸੀਂ ਕਰ ਦਿਉਗੇ ਸਾਨੂੰ ਮਨਜ਼ੂਰ ਹੈ। ਸਾਨੂੰ ਤਾਂ ਕਚਹਿਰੀ ਫੇਰਾ ਮਾਰਨ ਦੀ ਵੀ ਲੋੜ ਨਹੀਂ। ਦਰਖ਼ਾਸਤ ਤੇ ਰਸੀਦ ਤੁਹਾਡੇ ਕੋਲ ਹਨ। ਜਿਥੇ ਮੁਨਾਸਬ ਸਮਝੋ ਪੇਸ਼ ਕਰ ਦੇਣੀਆਂ, ਨਹੀਂ ਤਾਂ ਜੋ ਤੁਹਾਡੇ ਚਿਤ ਆਵੇ ਕਰਨਾ, ਸਾਨੂੰ ਪੁੱਛਣ ਪੁਛਾਉਣ ਦੀ ਕੋਈ ਲੋੜ ਲੋੜ ਨਹੀਂ।"

ਦਰਖ਼ਾਸਤ ਤੇ ਰਸੀਦ ਆਪਣੀ ਜੇਬ ਵਿਚ ਪਾ ਕੇ ਮੈਂ ਕਚਹਿਰੀ ਚਲਣ ਲਈ ਤਿਆਰ ਹੋ ਗਿਆ। ਮੁਨਸ਼ੀ ਜੀਵਾ ਸਿੰਘ ਨੂੰ ਕਿਹਾ ਕਿ ਤੂੰ ਕਿਰਾਏ ਦਾ ਟਾਂਗਾ ਕਰ ਕੇ ਕਚਹਿਰੀ ਆ ਜਾਣਾ ਤੇ ਮੈਂ ਇਨ੍ਹਾਂ ਨੂੰ ਆਪਣੇ ਨਾਲ ਲੈਕੇ ਚਲਦਾ ਹਾਂ। ਸੋ ਉਨ੍ਹਾਂ ਨੂੰ ਆਪਣੇ ਨਾਲ ਟਾਂਗੇ ਵਿਚ ਬੈਠਾਕੇ ਸਿਧਾ ਡੀ. ਸੀ. ਦੀ ਕਚਹਿਰੀ ਜਾ ਵੜਿਆ। ਤੇ ਜਿਸ ਰੀਡਰ ਨੇ ਕੱਲ੍ਹ ਮੈਨੂੰ ਸੁਨੇਹਾ ਭੇਜਿਆ ਸੀ ਕਿ "ਆਪਣੇ ਦੋਸਤ ਵਾਸਤੇ ਜੋ ਕਰ ਹੁੰਦਾ ਹੈ, ਕਰ ਲਉ! ਅੱਜ ਤਾਂ ਮੈਂ ਦਰਖ਼ਾਸਤ ਦੇਣ ਵਾਲਿਆਂ ਨੂੰ ਜਿਵੇਂ ਕਿਵੇਂ ਟਾਲ ਛਡਿਆ ਹੈ।"

ਉਸੇ ਰੀਡਰ ਨੂੰ ਜਾ ਪੁੱਛਿਆ ਕਿ "ਤੁਹਾਡੀ ਜਾਚੇ ਸਾਡਾ ਕੁਝ ਬਣ ਵੀ ਜਾਵੇਗਾ ?" ਉਹ ਕਹਿਣ ਲਗਾ ਕਿ ਮੇਰੀ ਸਲਾਹ ਮੰਨੋ ਤਾਂ ਇਨ੍ਹਾਂ ਦੇ ਰੁਪਏ ਇਨ੍ਹਾਂ ਨੂੰ ਵਾਪਸ ਕਰਵਾ ਦਿਉ! ਏਦੂੰ ਵਧ ਅਦਾਲਤ ਵਿਚ ਵੀ ਕੁਝ ਨਹੀਂ ਬਣਨ ਲਗਾ। ਮੈਨੂੰ ਪਤਾ ਲਗਾ ਹੈ ਕਿ ਡੀ. ਸੀ. ਸਾਹਿਬ ਪਾਸ ਬੈਰਿਸਟਰ ਸਾਹਿਬ ਦੇ ਹੱਕ ਵਿਚ ਕਹਿਣ ਵਾਲੀਆਂ ਬਹੁਤ ਸਾਰੀਆਂ ਸਫ਼ਾਰਸ਼ਾਂ ਪਹੁੰਚ



Digitized by Panjab Digital Library | www.panjabdigilib.org

ਚੁਕੀਆਂ ਹਨ ਤੇ ਸਾਹਿਬ ਬਹਾਦਰ ਨੇ ਇਕਰਾਰ ਕਰ ਲਿਆ ਹੈ ਕਿ ਉਹ, ਇਸ ਮਾਮਲੇ ਨੂੰ ਬਾਰ ਕੌਂਸਲ (ਵਕੀਲਾਂ ਦੀ ਸਭਾ) ਵਲ ਆਪਣੀ ਰਪੋਟ ਕਰਨ ਵਾਸਤੇ ਭੇਜ ਦੇਵੇਗਾ। ਬੱਸ! ਸਾਰੀ ਗੱਲ ਖੱਟੇ ਪੈ ਜਾਵੇਗੀ। ਸਹੁਰਾ ਹੋਵੇ। ਤੁਹਾਨੂੰ ਤੁਹਾਡੇ ਰੁਪਏ ਮਿਲ ਜਾਣੇ ਚਾਹੀਦੇ ਨੇ, ਲਾਹਨਤ ਪਾਓ ਸੁ ਇਹੋ ਜਿਹੇ ਗੰਦੇ ਆਦਮੀ ਦੇ ਸਿਰ। ਆਪੇ ਕਿਸੇ ਹੋਰ ਥਾਂ ਫਸ ਜਾਵੇਗਾ। ਆਖ਼ਰ ਬੱਕਰੇ ਦੀ ਮਾਂ ਭਲਾ ਕਦ ਤਕ ਖ਼ੈਰ ਮਨਾਵੇਗੀ? ਕਦੀ ਨਾ ਕਦੀ ਤੇ ਕਿਧਰੇ ਨਾ ਕਿਧਰੇ ਹੋਰ ਦੇ ਨਹੀਂ, ਕਿਸੇ ਹੋਰ ਦੇ ਹੀ ਕਾਬੂ ਆ ਜਾਵੇਗਾ।"

ਮੈਂ ਕਿਹਾ, "ਗੱਲ ਤਾਂ ਠੀਕ ਹੈ ਤੁਹਾਡੀ," ਸਿੰਘ ਬੋਲ ਉਠੇ, "ਸਰਦਾਰ ਜੀ! ਜਿਵੇਂ ਮੁਨਾਸਬ ਸਮਝੋ, ਕਰੋ। ਭਾਵੇਂ ਰੁਪਏ ਵੀ ਨਾ ਮੁੜਨ ਤਦ ਵੀ ਕੋਈ ਪਰਵਾਹ ਨਹੀਂ। ਇਕ ਸੌ ਰੁਪਏ ਦੀ ਗੱਲ ਹੀ ਕੀ ਹੈ? ਬੱਸ! ਏਨਾ ਖ਼ਿਆਲ ਰਖਣਾ ਕਿ ਸਾਡੇ ਨਾਲ ਧੋਖਾ ਨਾ ਹੋਵੇ।" ਆਖ਼ਰ ਫ਼ੈਸਲਾ ਇਹੋ ਹੋਇਆ ਕਿ ਰੁਪਏ ਲੈ ਲਏ ਜਾਣ। ਸੋ ੩੪ ਰੁਪਏ ਤਾਂ ਬੈਰਿਸਟਰ ਸਾਹਿਬ ਪਾਸੋਂ ਰੋਕ ਲੈ ਕੇ ਹੱਥੋ ਹੱਥ ਸਿੰਘ ਸਾਹਿਬ ਨੂੰ ਫੜਾ ਦਿਤੇ।

ਇਕ ਮੁਨਸ਼ੀ ਨੇ ੩੩ ਰੁਪਏ ਦਾ ਪ੍ਰੋਨੋਟ ਲਿਖ ਦਿਤਾ ਤੇ ਦੂਜਾ ਚੱਕਰਵਰਤੀ ਹੋ ਗਿਆ। ਅੰਮ੍ਰਿਤਸਰ ਨੂੰ ਛਡ ਕੇ ਪਤਾ ਨਹੀਂ ਕਿਹੜੇ ਦੇਸ ਨਿਕਲ ਗਿਆ। ਉਸ ਦੇ ਖ਼ਿਲਾਫ਼ ਮੈਂ ਆਪਣੇ ਮੁਨਸ਼ੀ ਪਾਸੋਂ ਇਸਤਗਾਸਾ ਦਾਇਰ ਕਰਵਾ ਦਿਤਾ।

ਇਹ ਆਖ ਕੇ ਕਿ ਫ਼ੌਜਦਾਰੀ ਦਾਅਵਾ ਜਦ ਹਰ ਕੋਈ ਕਰ ਸਕਦਾ ਹੈ, ਤਾਂ ਇਹ ਗੁਰੂ ਕਾ ਲਾਲ ਕਾਹਦੇ ਵਾਸਤੇ ਪੇਸ਼ੀਆਂ ਭੁਗਤਦਾ ਫਿਰੇ। ਮੁਨਸ਼ੀ ਜੀ ਤੁਸਾਂ ਤਾਂ ਰੋਜ਼ ਕਚਹਿਰੀ ਆਉਣਾ ਹੁੰਦਾ ਹੀ ਹੈ ਏਸ ਵਿਚਾਰੇ ਨੂੰ ਕਚਹਿਰੀਆਂ ਦੇ ਧੱਕੇ ਕਾਹਦੇ ਵਾਸਤੇ ਪਵਾਓ?

ਸੁ ਸਿੰਘ ਸਾਹਿਬ ਨੂੰ ਤਾਂ ਚਲਤਾ ਕੀਤਾ। ਨਾ ਪ੍ਰੋਨੋਟ ਦੀ ਕੁਝ ਵਸੂਲੀ ਹੋਈ ਤੇ ਨਾ ਦੂਜੇ ਮੁਨਸ਼ੀ ਦਾ ਕੋਈ ਥਹੁ ਪਤਾ ਲਗ ਸਕਿਆ ਕਿ ਕਿਥੇ ਹੈ ਤੇ ਕਿਥੇ ਨਹੀਂ। ਉਹ ਮੁਕੱਦਮਾ ਵੀ ਦਾਖ਼ਲ ਦਫਤਰ ਕਰਵਾਉਣਾ ਪੈ ਗਿਆ। ਇਹ ਬਿਆਨ ਲਿਖਵਾ ਕੇ ਕਿ ਜਦੋਂ ਉਸ ਦਾ ਪਤਾ ਲਗੇਗਾ ਇਹੋ ਇਸਤਗਾਸਾ ਫ਼ੇਰ ਨਵੇਂ ਸਿਰਿਉਂ ਦਾਇਰ ਕਰ ਦੇਵਾਂਗੇ। ਸਿੰਘ ਹੁਰਾਂ ਦੇ ਪੱਲੇ ਸੌ ਵਿਚੋਂ



Digitized by Panjab Digital Library | www.panjabdigilib.org

ਕੇਵਲ ੩੪ ਰੁਪਏ ਪਏ। ਸਿੰਘ ਜੀ ਨੂੰ ਤਾਂ ਰੁਪਏ ਦੀ ਕੋਈ ਪ੍ਰਵਾਹ ਹੈ ਹੀ ਨਹੀਂ ਸੀ ਤੇ ਮੈਂ ਆਪਣੇ ਦੋਸਤ ਦੀ ਦੋਸਤੀ ਦਾ ਅੰਗ ਪਾਲ ਲਿਆ।

ਹੁਣ ਜਦੋਂ ਵੀ ਇਹ ਭੁੱਲੀ ਵਿਸਰੀ ਯਾਦ ਚੇਤੇ ਆ ਜਾਂਦੀ ਹੈ ਤਾਂ ਦੋਵੇਂ ਹੱਥ ਕੰਨਾਂ ਨੂੰ ਲਗ ਜਾਂਦੇ ਹਨ ਤੇ ਮੂੰਹੋਂ ਬੇ-ਅਖ਼ਤਿਆਰ ਹੀ ਨਿਕਲ ਜਾਂਦਾ ਹੈ ਕਿ 'ਹੇ ਰੱਬ ਜੀ! ਵਕਾਲਤ ਦਾ ਪੇਸ਼ਾ ਕਿਹੜੇ ਖੱਡੇ ਵਿਚ ਜਾ ਪਿਆ ਹੈ!" ਤੇ ਨਾਲ ਹੀ ਮਾਰੇ ਸ਼ਰਮ ਦੇ ਸਾਰਾ ਤਨ ਬਦਨ ਪਾਣੀਉਂ ਪਾਣੀ ਹੋ ਜਾਂਦਾ ਹੈ।



Digitized by Panjab Digital Library | www.panjabdigilib.org

# ਇਕ ਹੋਰ ਦੋਸਤ ਫਸ ਗਿਆ

ਮੈਨੂੰ ਅੰਮ੍ਰਿਤਸਰ ਵਕਾਲਤ ਕਰਦਿਆ ਦੋ ਕੁ ਸਾਲ ਬੀਤ ਚੁਕੇ ਸਨ ਕਿ ਇਕ ਨਵਾਂ ਸਿੱਖ ਮੈਜਿਸਟ੍ਰੇਟ ਏਥੇ ਆਣ ਲਗਾ । ਉਹ Excise Officer (ਅਫ਼ਸਰ ਆਬਕਾਰੀ) ਵੀ ਸੀ । ਉਹ ਪਹਿਲਾਂ ਤਾਂ ਮੇਰਾ ਵਾਕਫ਼ ਨਹੀਂ ਸੀ । ਸਰਦਾਰ ਬੇਅੰਤ ਸਿੰਘ ਤਹਿਸੀਲਦਾਰ ਨੇ ਮੇਰੀ ਉਸ ਨਾਲ ਜਾਣ-ਪਛਾਣ ਕਰਵਾ ਦਿਤੀ ਸੀ ।

ਉਹ ਕਈ ਵਾਰ ਮੈਨੂੰ ਮਿਲਣ ਵਾਸਤੇ ਮੇਰੇ ਘਰ ਆਇਆ ਕਰਦਾ ਸੀ ਤੇ ਮੈਨੂੰ ਵੀ ਮੋੜਵੇਂ ਫੇਰੇ ਉਸ ਦੇ ਘਰ ਮਿਲਣ ਵਾਸਤੇ ਜਾਣਾ ਪਿਆ ਕਰਦਾ ਸੀ ।

ਹੌਲੀ ਹੌਲੀ ਸਾਡੀ ਪ੍ਰਸਪਰ ਦੋਸਤੀ ਵਧਦੀ ਚਲੀ ਗਈ ਤੇ ਇਕ ਦੂਏ ਦੇ ਚੰਗੇ ਗੂੜ੍ਹੇ ਮਿੱਤਰ ਬਣ ਗਏ । ਮੈਨੂੰ ਕੁਝ ਚਿਰ ਪਿਛੋਂ ਪਤਾ ਲਗਾ ਕਿ ਇਸਤ੍ਰੀ ਵਰਗ ਨਾਲ ਵਾਹ ਪੈ ਜਾਣ 'ਤੇ ਇਹ ਸੱਜਣ ਕੁਝ ਢਿਲੇ ਪੈ ਜਾਂਦੇ ਹਨ । ਮੂੰਹ ਚਿਤ ਲਗਦੀ ਮੁਟਿਆਰ ਨੂੰ ਵੇਖ ਕੇ ਇਹ ਆਪਣੇ ਆਪ ਦੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ ।

ਇਕ ਦਿਨ ਦੀ ਗੱਲ ਹੈ ਕਿ ਮੇਰੀ ਮੌਜੂਦਗੀ ਵਿਚ ਹੀ ਇਨ੍ਹਾਂ ਦੀ ਅਦਾਲਤ ਅੰਦਰ ਇਕ ਅਜਿਹਾ ਮੁਕੱਦਮਾ ਪੇਸ਼ ਹੋਇਆ । ਜਿਸ ਵਿਚ ਇਕ ਫ਼ਰੀਕ ਕੋਈ ਚੰਗੀ ਸ਼ਕਲ ਵਾਲੀ ਇਸਤ੍ਰੀ ਸੀ । ਮੈਂ ਤਾੜ ਲਿਆ ਕਿ ਮੈਜਿਸਟ੍ਰੇਟ ਸਾਹਿਬ ਉਸ ਵਲ ਘੜੀ ਘੜੀ ਮੈਲੀ ਅੱਖ ਨਾਲ ਘੂਰ ਘੂਰ ਤੱਕਦੇ ਹਨ । ਓਸੇ ਦਿਨ ਸ਼ਾਮ ਨੂੰ ਮੈਂ ਉਨ੍ਹਾਂ ਦੀ ਕੋਠੀ ਮਿਲਣ ਵਾਸਤੇ ਚਲਾ ਗਿਆ । ਉਨ੍ਹਾਂ ਮੈਨੂੰ ਚਾਹ



Digitized by Panjab Digital Library | www.panjabdigilib.org

'ਤੇ ਬੈਠਾ ਲਿਆ ।

ਗੱਲਾਂ ਗੱਲਾਂ ਵਿਚ ਮੈਂ ਉਨ੍ਹਾਂ ਨੂੰ ਕਿਹਾ । ਇਕ ਗੱਲ ਮੇਰੀ ਜ਼ਰੂਰ ਮੰਨੋ । ਉਨ੍ਹਾਂ ਦੇ ਪੁੱਛਣ 'ਤੇ ਮੈਂ ਦਸ ਦਿਤਾ ਕਿ ਕਿਸੇ ਮੁਕੱਦਮੇ ਵਾਲੀ ਇਸਤ੍ਰੀ ਦੀ ਇੱਜ਼ਤ ਉਪਰ ਕਦੇ ਭੁੱਲ ਕੇ ਵੀ ਹੱਥ ਨਹੀਂ ਵਧਾਉਣਾ । ਨਤੀਜਾ ਬਹੁਤ ਭਿਆਨਕ ਨਿਕਲੇਗਾ । ਕਦੀ ਵੀ ਇਹੋ ਜਿਹੀ ਫ਼ਹਸ਼ ਗ਼ਲਤੀ ਨਾ ਕਰਨੀ । ਜੇਕਰ ਤੁਸੀਂ ਮੇਰੇ ਦੋਸਤ ਹੋ ਤਾਂ ਮੈਨੂੰ ਬਚਨ ਦਿਓ ਕਿ ਤੁਸੀਂ ਇਹੋ ਜਿਹੀ ਗੱਲ ਕਦੀ ਨਹੀਂ ਕਰੋਗੇ । ਉਸ ਨੇ ਮੇਰੇ ਨਾਲ ਇਕਰਾਰ ਤਾਂ ਕਰ ਲਿਆ, ਪਰ ਮਗਰੋਂ ਜਾ ਕੇ ਪਤਾ ਲਗਾ ਕਿ ਉਹ ਆਪਣੇ ਬਚਨ 'ਤੇ ਕਾਇਮ ਕੋਈ ਨਹੀਂ ਰਿਹਾ ।

ਇਕ ਵਾਰੀ ਦੀ ਗੱਲ ਹੈ ਕਿ ਮੈਂ ਆਪਣੇ ਘਰ ਸੁੱਤਾ ਪਿਆ ਸੀ । ਰਾਤ ਦੇ ਸਾਢੇ ਗਿਆਰਾਂ ਵਜੇ ਦਾ ਵੇਲਾ ਸੀ ਕਿ ਇਕ ਆਦਮੀ ਉਸੇ ਮੈਜਿਸਟ੍ਰੇਟ ਦੇ ਹੱਥ ਦਾ ਲਿਖਿਆ ਰੁਕਾ ਮੇਰੇ ਨਾਮ ਦਾ ਲੈ ਆਇਆ ਉਸ ਵਿਚ ਲਿਖਿਆ ਸੀ ਕਿ ਜੇ ਏਸ ਵੇਲੇ ਤੁਹਾਡੇ ਪਾਸ ਇਕ ਬੋਤਲ ਵਿਸਕੀ ਦੀ ਹੋਵੇ ਤਾਂ ਏਸ ਆਦਮੀ ਦੇ ਤੇ ਹੱਥ ਜ਼ਰੂਰ ਭੇਜ ਦਿਓ !

ਮੈਂ ਬੋਤਲ ਉਸ ਆਦਮੀ ਨੂੰ ਦੇ ਦਿਤੀ ਤੇ ਉਹ ਲੈ ਕੇ ਚਲਾ ਗਿਆ । ਮੈਨੂੰ ਦੋ ਦਿਨ ਮਗਰੋਂ ਪਤਾ ਲਗਾ ਕਿ ਮੇਰਾ ਮੈਜਿਸਟ੍ਰੇਟ ਦੋਸਤ ਇਕ ਇਸਤ੍ਰੀ ਦੇ ਮਾਮਲੇ ਵਿਚ ਕਾਬੂ ਆ ਗਿਆ ਹੈ ।

ਮੈਂ ਰਵਾਂ ਰਵੀਂ ਉਹਦੀ ਕੋਠੀ ਚਲਾ ਗਿਆ । ਪਤਾ ਕਰਨ 'ਤੇ ਉਸ ਨੇ ਮੈਨੂੰ ਸਾਰੀ ਗੱਲ ਕਹਿ ਸੁਣਾਈ ਤੇ ਬਬੋਲਿਕਾ ਜਿਹਾ ਹੋ ਕੇ ਮੈਨੂੰ ਕਹਿਣ ਲਗਾ, "ਤੁਸੀਂ ਚਾਹੋ ਤਾਂ ਮੈਨੂੰ ਬਚਾ ਸਕਦੇ ਹੋ । ਮੇਰੀ ਇੱਜ਼ਤ ਮੇਰੀ ਨੌਕਰੀ ਸਭ ਕੁਝ ਤੁਹਾਡੇ ਹੀ ਹੱਥ ਵਿਚ ਹੈ । ਮੈਂ ਇਕ ਨਿਮਾਣੀ ਚਿੜੀ ਵਾਂਗ ਤੁਹਾਡੀ ਹੀ ਮੁੱਠ ਵਿਚ ਕਾਬੂ ਆਇਆ ਹੋਇਆ ਹਾਂ । ਚਾਹੋ ਤਾ ਘੁਟ ਕੇ ਪ੍ਰਾਣ ਕਢ ਦਿਓ, ਜੇ ਚਾਹੋ ਤਾਂ ਛਡ ਦਿਓ ! ਮੈਂ ਤੁਹਾਨੂੰ ਬਚਨ ਦੇ ਕੇ ਆਪਣੇ ਬਚਨਾਂ 'ਤੇ ਪੂਰਾ ਨਹੀਂ ਉਤਰਿਆ । ਮੇਰੇ ਕੋਲੋਂ ਬੜੀ ਭੁਲ ਹੋ ਗਈ ਹੈ । ਮੈਨੂੰ ਬਚਾ ਲਉ !"

ਨਾਲ ਹੀ ਪੁਛਿਓ ਸੁ ਕਿ ਮੇਰਾ ਵਿਸਕੀ ਦੀ ਬੋਤਲ ਦੀ ਮੰਗ ਕਰ ਘਲਣ ਵਾਲਾ ਰੁੱਕਾ ਤਾਂ ਕਿਤੇ ਸੰਭਾਲ ਕੇ ਨਹੀਂ ਜੇ ਰਖ ਰਖਿਆ ? ਮੈਂ ਕਿਹਾ, "ਹਾਂ !



Digitized by Panjab Digital Library | www.panjabdigilib.org

ਹੈ ਤਾਂ ਮੇਰੇ ਪਾਸ ਹੀ, ਪਰ ਪਤਾ ਨਹੀਂ ਇਹ ਮੇਰੇ ਪਾਸ ਪਿਆ ਕਿਸ ਤਰ੍ਹਾਂ ਰਹਿ ਗਿਆ ਹੈ; ਕਿਉਂਕਿ ਇਹੋ ਜਿਹੇ ਰੁਕੇ ਆਮ ਤੌਰ 'ਤੇ ਸਾਂਭ ਕੇ ਰਖੀ ਦੇ ਤਾਂ ਨਹੀਂ।

ਹੁਣ ਤੇਰਾ ਉਹ ਪੁਰਾਣਾ ਮਿੱਤਰ ਜੋ ਮੇਰਾ ਵੀ ਬੜਾ ਪਿਆਰਾ ਦੋਸਤ ਹੈ ਤੇ ਜਿਸ ਨੇ ਮੇਰੀ ਤੇਰੇ ਨਾਲ ਜਾਣ ਪਛਾਣ ਕਰਵਾਈ ਸੀ। ਹੁਣ ਜਿਸ ਦੀ ਤੇਰੇ ਨਾਲ ਸੁਰ ਨਹੀਂ ਰਹੀ। ਮੇਰੇ ਉਪਰ ਬਹੁਤ ਹੀ ਜ਼ੋਰ ਪਾ ਰਿਹਾ ਹੈ ਕਿ ਜੇ ਮੈਂ ਇਹ ਰੁੱਕਾ ਗਵਾਹੀ ਵਿਚ ਪੇਸ਼ ਕਰ ਦਿਆਂ ਤਾਂ ਉਹ ਮੇਰੀ ਵੀ ਗਵਾਹੀ ਰਖਵਾ ਦੇਣ, ਪਰ ਮੈਂ ਉਨ੍ਹਾਂ ਦੀ ਗੱਲ ਨਹੀਂ ਮੰਨੀ ਤੇ ਸਾਫ਼ ਜਵਾਬ ਦੇ ਦਿਤਾ ਹੈ ਕਿ ਇਹੋ ਜਿਹਾ ਯਾਰ-ਮਾਰੀ ਦਾ ਕੰਮ ਮੇਰੇ ਵਡਿਆਂ ਵਿਚੋਂ ਵੀ ਨਾ ਕਿਸੇ ਨੇ ਕਦੀ ਕੀਤਾ ਹੈ ਤੇ ਨਾ ਮੈਂ ਕਰਨਾ ਹੈ, ਕਿਉਂਕਿ ਮੇਰਾ ਇਹ ਅਸੂਲ ਨਹੀਂ ਕਿ ਜਿਸ ਨੂੰ ਇਕ ਵਾਰ ਦੋਸਤ ਕਹਿ ਲਵਾਂ ਫੇਰ ਓਸੇ ਦੇ ਹੀ ਲਹੂ ਦਾ ਤਿਹਾਇਆ ਬਣ ਜਾਵਾਂ। ਸਾਡਾ ਤਾਂ ਖ਼ਾਨਦਾਨੀ ਅਸੂਲ ਹੀ ਇਹੋ ਚਲਿਆ ਆ ਰਿਹਾ ਹੈ ਕਿ "ਆਪਣੀ ਤੋੜ ਨਿਭਾਈਏ, ਉਹਦੀ ਉਹ ਜਾਣੇ।"

ਸੁ ਮੈਂ ਆਪਣੀ ਦੋਸਤੀ ਦਾ ਅੰਗ ਪਾਲਦਾ ਰਹਾਂਗਾ ਬਿਨਾਂ ਇਸ ਗੱਲ ਦਾ ਖ਼ਿਆਲ ਰਖਣ ਦੇ ਕਿ ਦੂਜੇ ਵਲੋਂ ਮੇਰੇ ਨਾਲ ਕੀ ਸਲੂਕ ਹੋ ਰਿਹਾ ਹੈ ਤੇ ਤੁਸੀਂ ਮੈਨੂੰ ਖੁਲ੍ਹ ਕੇ ਦਸ ਦਿਓ ਕਿ ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ ? ਉਸ ਮੈਨੂੰ ਕਿਹਾ ਕਿ ਮੇਰੇ ਪਾਸੋਂ ਇਸ ਬਾਰੇ ਜਦੋਂ ਕੁਝ ਪੁਛਿਆ ਜਾਵੇ ਤਾਂ ਮੈਂ ਮੁਕਰ ਜਾਵਾਂ। ਮੈਂ ਕਿਹਾ, ਇਹ ਤਾਂ ਕੋਈ ਬੜੀ ਗੱਲ ਨਹੀਂ, ਜਦੋਂ ਆਦਮੀ ਮਦਦ ਕਰਨ 'ਤੇ ਤੁਲ ਹੀ ਜਾਵੇ ਤਾਂ ਉਹ ਕੋਈ ਕਸਰ ਰਹਿਣ ਹੀ ਕਿਉਂ ਦੇਵੇ।

ਫੇਰ ਮੈਂ ਆਪਣੇ ਵਲੋਂ ਸਲਾਹ ਦਿਤੀ ਕਿ ਮੇਰੇ ਮੁਕਰ ਜਾਣ ਨਾਲੋਂ ਇਹ ਗੱਲ ਚੰਗੀ ਰਹੇਗੀ ਕਿ ਤੁਸੀਂ ਮੈਨੂੰ ਚਿੱਠੀ ਦਵਰਾ ਲਿਖ ਕੇ ਪੁਛੋ ਕਿ ਝਗੜੇ ਵਾਲੀ ਰਾਤਜਾਂ ਕਦੀ ਅੱਗੇ ਪਿਛੇ ਵੀ ਕਦੀ ਕੋਈ ਵਿਸਕੀ ਦੀ ਬੋਤਲ ਮੇਰੇ ਘਰੋਂ ਜਾਂ ਮੇਰੇ ਪਾਸੋਂ ਮੰਗਵਾ ਭੇਜੀ ਹੈ ? ਫੇਰ ਮੈਂ ਜਾਣਾਂ ਤੇ ਮੇਰਾ ਕੰਮ। ਉਸ ਨੇ ਏਸੇ ਤਰ੍ਹਾਂ ਹੀ ਕੀਤਾ।

ਇਕ ਤਾਂ ਉਸ ਚਿੱਠੀ ਦੇ ਉੱਤਰ ਵਿਚ ਮੈਂ ਉਸ ਨੂੰ ਗਰਮਾ ਗਰਮ ਚਿੱਠੀ ਲਿਖ ਕੇ ਉਸ ਪਾਸੋਂ ਮੰਗ ਕੀਤੀ ਕਿ ਮੇਰੇ ਪਾਸੋਂ ਲਿਖਤੀ ਮਾਫ਼ੀ ਮੰਗੇ



Digitized by Panjab Digital Library | www.panjabdigilib.org

ਕਿ ਤੁਹਾਨੂੰ ਇਸ ਕਿਸਮ ਦੀ ਗੱਲ ਮੈਨੂੰ ਪੁਛਣ ਦਾ ਹੌਸਲਾ ਹੀ ਕਿਵੇਂ ਪਿਆ ਹੈ ? ਜ਼ਿਲੇ ਦੇ ਡੀ. ਸੀ. ਸਮੇਤ ਸਭ ਲੋਕਾਂ ਨੂੰ ਪਤਾ ਹੈ ਕਿ ਮੈਂ ਸ਼ਰਾਬ ਨੂੰ ਕਦੀ ਅੰਗੀਕਾਰ ਨਹੀਂ ਕੀਤਾ।

ਦੂਸਰੇ ਮੈਂ ਮੈਜਿਸਟ੍ਰੇਟ ਸਾਹਿਬ ਦੀ ਚਿੱਠੀ ਹੱਥ ਵਿਚ ਲੈ ਕੇ ਮਿਸਟਰ ਪੱਕਲ ਡਿਸਟ੍ਰਿਕਟ ਮੈਜਿਸਟ੍ਰੇਟ ਨੂੰ ਜਾ ਮਿਲਿਆ ਅਤੇ ਉਸ ਨੂੰ ਜਾ ਆਖਿਆ ਕਿ ਤੇਰੇ ਇਕ ਮੈਜਿਸਟ੍ਰੇਟ ਨੂੰ ਮੇਰੇ ਨਾਮ ਇਹੋ ਜਿਹੀ ਚਿੱਠੀ ਲਿਖਣ ਦਾ ਹੀਆ ਕਿਵੇਂ ਪੈ ਗਿਆ ? ਉਹ ਮੇਰੇ ਪਾਸੋਂ ਲਿਖਤੀ ਮਾਫ਼ੀ ਮੰਗੇ ਨਹੀਂ ਤਾਂ ਮੈਂ ਉਸ ਦੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਾਂਗਾ ।

ਮਿਸਟਰ ਪੱਕਲ ਨੇ ਕਿਹਾ ਕਿ ਮੈਨੂੰ ਅਲਫ਼ ਤੋਂ ਯੇ ਤਕ ਸਾਰੇ ਮਾਮਲੇ ਦਾ ਹਾਲ ਅਹਵਾਲ ਦਾ ਪਤਾ ਹੈ ਤੇ ਇਹ ਵੀ ਦਸਿਆ ਕਿ ਔਰਤ ਦੀ ਦਰਖ਼ਾਸਤ ਵਿਚ ਇਹ ਵੀ ਦਰਜ ਹੈ ਕਿ ਅੱਧੀ ਰਾਤ ਵੇਲੇ ਜਦ ਵਿਸਕੀ ਦੀ ਬੋਤਲ ਮੁਕ ਗਈ ਤਾਂ ਮੈਜਿਸਟ੍ਰੇਟ ਸਾਹਿਬ ਨੇ ਤੇਰੇ ਵਲ ਰੁਕਾ ਲਿਖ ਭੇਜਿਆ ਤੇ ਇਕ ਬੋਤਲ ਤੇਰੇ ਪਾਸੋਂ ਮੰਗਵਾਈ। ਇਸ ਵਾਸਤੇ ਮੈਜਿਸਟ੍ਰੇਟ ਨੂੰ ਤੇਰੇ ਵਲ ਚਿੱਠੀ ਲਿਖਣ ਦੀ ਲੋੜ ਪਈ।

ਮੈਂ ਫੇਰ ਕਿਹਾ ਕਿ ਮੇਰੇ ਵਲ ਉਸ ਨੂੰ ਚਿੱਠੀ ਲਿਖਣ ਦੀ ਲੋੜ ਹੀ ਕੀ ਪਈ ਸੀ ? ਕੀ ਉਸ ਨੂੰ ਪਤਾ ਨਹੀਂ ਸੀ ਕਿ ਇਹ ਨਿਰਾ ਲੂਣ ਹੀ ਗੁਨ੍ਹਿਆਂ ਜਾ ਰਿਹਾ ਹੈ। ਮਿਸਟਰ ਪੱਕਲ ਕਹਿਣ ਲਗਾ ਕਿ ਮੈਨੂੰ ਏਸੇ ਗੱਲ ਤੋਂ ਸ਼ਕ ਪੈ ਗਿਆ ਸੀ ਕਿ ਇਹ ਸਾਰਾ ਮਾਮਲਾ ਝੂਠਾ ਹੀ ਹੋਵੇਗਾ। ਕਿਉਂਕਿ ਮੈਨੂੰ ਜ਼ਾਤੀ ਤੌਰ 'ਤੇ ਇਲਮ ਹੈ ਕਿ ਤੁਸੀਂ ਸ਼ਰਾਬ ਦੀ ਵਰਤੋਂ ਬਿਲਕੁਲ ਨਹੀਂ ਕਰਦੇ। ਮੈਂ ਤੁਹਾਨੂੰ ਬੁਲਾ ਕੇ ਪੁੱਛਣ ਵਾਲਾ ਹੀ ਸੀ, ਕਿਉਂਕਿ ਮੇਰੇ ਅੱਗੇ ਜੋ ਦਰਖ਼ਾਸਤ ਗੁਜ਼ਰ ਜਾਵੇ ਉਸ ਦੀ ਪੜਤਾਲ ਕਰਨੀ ਤਾਂ ਮੇਰੇ ਲਈ ਜ਼ਰੂਰੀ ਹੋ ਜਾਂਦੀ ਹੈ, ਪਰ ਤੁਸੀਂ ਆਪ ਹੀ ਆ ਗਏ ਹੋ ਸੁ ਬਹੁਤ ਚੰਗਾ ਹੋ ਗਿਆ। ਵਿਚਾਰਾ ਮੈਜਿਸਟ੍ਰੇਟ ਸਿਧਾ ਸਾਦਾ ਤੇ ਨਾ-ਤਜਰਬੇਕਾਰ ਨੌਜਵਾਨ ਹੈ। ਤੁਹਾਨੂੰ ਕਿਸੇ ਮੁਗ਼ਾਲਤੇ ਵਿਚ ਉਹ ਚਿੱਠੀ ਲਿਖ ਬੈਠਾ ਹੈ। ਉਸ ਨੂੰ ਮਾਫ਼ ਕਰ ਦਿਓ। ਉਹ ਬੜਾ ਮਿਹਨਤੀ ਕੰਮ ਕਰਨ ਵਾਲਾ ਤੇ ਦਿਆਨਤਦਾਰ ਨੌਜਵਾਨ ਹੈ। ਏਸ ਮਾਮਲੇ ਵਿਚ ਉਹ ਬਿਲਕੁਲ ਨਿਰਦੋਸ਼ ਜਾਪਦਾ ਹੈ ! ਖ਼ਾਸ ਕਰ ਕੇ ਤੁਹਾਡੀ



Digitized by Panjab Digital Library | www.panjabdigilib.org

ਗੱਲ ਤੋਂ ਮੈਨੂੰ ਪੂਰਾ ਪੂਰਾ ਯਕੀਨ ਹੋ ਗਿਆ ਹੈ ਕਿ ਉਹ ਸਚ ਮੁਚ ਬੇ-ਗੁਨਾਹ ਹੈ ਤੇ ਮੈਨੂੰ ਯਕੀਨ ਹੋ ਗਿਆ ਹੈ ਕਿ ਮੈਜਿਸਟ੍ਰੇਟ ਦੇ ਖ਼ਿਲਾਫ਼ ਇਹ ਸਾਰੀ ਕਾਰਵਾਈ ਕੋਈ ਉਸ ਦਾ ਦੁਸ਼ਮਨ ਹੀ ਕਰਾ ਰਿਹਾ ਹੈ।

ਉਸ ਨੇ ਮਿਸਲ ਮੰਗਵਾ ਕੇ ਮੇਰੇ ਬਿਆਨਾਂ ਦਾ ਉਸ ਵਿਚ ਖ਼ੁਲਾਸਾ ਜਿਹਾ ਲਿਖ ਲਿਆ। ਜਦ ਉਹ ਕਚਹਿਰੀ ਗਿਆ ਤੇ ਉਸ ਨੇ ਏਸ ਮਾਮਲੇ ਨੂੰ ਏਥੇ ਹੀ ਠੱਪ ਦਿਤਾ। ਉਸ ਔਰਤ ਨੇ ਲਾਹੌਰ ਜਾ ਕੇ ਉਪਰਲੇ ਹਲਕੇ ਵਿਚ ਵੀ ਹਾਲ ਪਾਹਰਿਆ ਕੀਤੀ, ਪਰ ਨਾ ਕਿਸੇ ਨੇ ਏਸ ਹਾਲ ਦੁਹਾਈ 'ਤੇ ਕੰਨ ਦਿਤਾ ਤੇ ਨਾ ਉਸ ਦਾ ਕੁਝ ਬਣਿਆ।



Digitized by Panjab Digital Library | www.panjabdigilib.org

# ਮੇਰਾ ਦੋਸਤ ਫੇਰ ਮੁਸੀਬਤ ਦੇ ਮੂੰਹ

ਮੇਰੇ ਮੈਜਿਸਟ੍ਰੇਟ ਦੋਸਤ ਦੀ ਬੰਦ ਖ਼ੁਲਾਸੀ ਹੋਈ ਨੂੰ ਬਹੁਤਾ ਸਮਾਂ ਨਹੀਂ ਬੀਤਿਆ ਸੀ ਕਿ ਮੇਰੇ ਬੈਰਿਸਟਰ ਦੋਸਤ ਨੇ ਫੇਰ ਇਕ ਕਰਤੂਤ ਕਰ ਮਾਰੀ। ਇਹ ਕੁਹਜੀ ਕਰਤੂਤ ਅਖ਼ਲਾਕੀ ਦ੍ਰਿਸ਼ਟੀਕੋਣ 'ਤੋਂ ਹੋਰ ਵੀ ਸ਼ਰਮਨਾਕ ਸੀ।

ਮੈਂ ਜਦ ਇਕ ਦਿਨ ਕਚਹਿਰੀ ਜਾਣ ਵਾਸਤੇ ੧੦ ਵਜੇ ਦੇ ਕਰੀਬ ਤਿਆਰ ਹੋਈ ਬੈਠਾ ਸੀ, ਮੇਰੇ ਬੈਰਿਸਟਰ ਦੋਸਤ ਦਾ ਨੌਕਰ ਮੈਨੂੰ ਬੁਲਾਉਣ ਲਈ ਆ ਗਿਆ। ਮੈਂ ਕਿਹਾ ਭਾਈ ਮੈਂ ਤਾਂ ਹੁਣ ਕਚਹਿਰੀ ਜਾਣ ਵਾਸਤੇ ਤਿਅਰ ਹੋਈ ਬੈਠਾ ਹਾਂ। ਓਥੇ ਹੀ ਤੇਰੇ ਬਾਬੂ ਜੀ ਮੇਰੇ ਨਾਲ ਗੱਲਬਾਤ ਕਰ ਲੈਣ।

ਅਗੋਂ ਉਹ ਕਹਿਣ ਲੱਗਾ ਕਿ ਬਾਬੂ ਜੀ ਤਾਂ ਘੰਟਾ ਕੁ ਹੋਇਆ ਹੈ ਟਾਂਗੇ 'ਤੇ ਬੈਠ ਕੇ ਕਿਧਰੇ ਚਲੇ ਗਏ ਹਨ। ਪਤਾ ਨਹੀਂ ਉਹ ਕਚਹਿਰੀ ਗਏ ਹਨ ਜਾਂ ਹੋਰ ਹੀ ਕਿਧਰੇ।

ਮੈਂ ਕਿਹਾ, ਭਲਾ ੯ ਵਜੇ ਹੀ ਉਸ ਨੇ ਕਚਹਿਰੀ ਕੀ ਲੈਣ ਜਾਣਾ ਸੀ। ਕਿਸੇ ਹੋਰ ਹੀ ਪਾਸੇ ਨਿਕਲ ਗਿਆ ਹੋਵੇਗਾ ?

ਮੈਂ ਉਸ ਨੂੰ ਫੇਰ ਪੁਛਿਆ ਕਿ ਜੇ ਉਹ ਘਰ ਨਹੀਂ ਹਨ ਤਾਂ ਫਿਰ ਮੈਨੂੰ ਕਿਸ ਨੇ ਬੁਲਾ ਭੇਜਿਆ ਹੈ ?

ਉਹ ਕਹਿਣ ਲੱਗਾ, "ਜੀ ! ਬੇਗਮ ਸਾਹਿਬ ਨੇ।" ਮੈਂ ਪੁਛਿਆ ਕੀ ਕੰਮ ਹੈ ? ਕਿਧਰੇ ਫੇਰ ਕੋਈ ਗੜ ਬੜ ਤਾਂ ਨਹੀਂ ਕਰ ਬੈਠਾ ?? ਉਸ ਨੇ ਦਸਿਆ ਕਿ ਚੂਹੜੀ ਕੁੜੀ ਤੇ ਉਸ ਦਾ ਪਿਉ ਗਲੀ ਵਿਚ ਖਲੋਤੇ ਇਕ ਇਕ ਸਾਹ ਸੌ ਸੌ ਗਾਲ੍ਹਾਂ



Digitized by Panjab Digital Library | www.panjabdigilib.org

ਕੱਢ ਰਹੇ ਸਨ ਤੇ ਬੇਗਮ ਸਾਹਿਬਾ ਰੋ ਰਹੇ ਸਨ ਤੇ ਕਹਿ ਰਹੇ ਸਨ ਕਿ ਨਿਤ ਨਵੇਂ ਸੂਰਜ ਕੋਈ ਨਾ ਕੋਈ ਮੁਸੀਬਤ ਸਹੇੜ ਬੈਠਦੇ ਹਨ। ਬੇਗਮ ਸਾਹਿਬਾ ਨੇ ਤੁਹਾਡਾ ਨਾਮ ਲੈ ਕੇ ਕਿਹਾ ਹੈ ਕਿ ਜਾਹ ਜਾ ਕੇ ਮੇਰੇ ਵੀਰ ਨੂੰ ਬੁਲਾ ਲਿਆ ਤੇ ਮੈਂ ਉਨ੍ਹਾਂ ਦਾ ਹੁਕਮ ਪਾ ਕੇ ਤੁਹਾਡੇ ਕੋਲ ਆ ਗਿਆ ਹਾਂ। ਤੁਹਾਡਾ ਓਥੇ ਛੇਤੀ ਪੁੱਜਣਾ ਬੜਾ ਜ਼ਰੂਰੀ ਹੈ। ਚੂਹੜਾ ਕਹਿ ਗਿਆ ਹੈ ਕਿ ਉਹ ਗ਼ਾਰਦ ਵਿਚ ਰਪਟ ਦਰਜ ਕਰਾਉਣ ਜਾ ਰਿਹਾ ਹੈ। ਬੇਗਮ ਸਾਹਿਬਾ ਕਹਿ ਰਹੇ ਹਨ ਜੇ ਰਿਪੋਟ ਦਰਜ ਹੋ ਗਈ ਤਾਂ ਸਾਡੀ ਖ਼ਾਨਦਾਨੀ ਇੱਜ਼ਤ ਮਿੱਟੀ ਵਿਚ ਮਿਲ ਜਾਵੇਗੀ।"

ਮੈਂ ਆਪਣੇ ਦੋਸਤ ਦੀ ਚੂਹੜੀ ਦੇਖੀ ਹੋਈ ਸੀ। ਉਹ ਤਾਂ ਅਧਖੜ ਜਿਹੀ ਉਮਰ ਦੀ ਮਾਮੂਲੀ ਜਿਹੀ ਸ਼ਕਲ ਸੂਰਤ ਵਾਲੀ ਸੀ। ਜਿਸ ਤਰ੍ਹਾਂ ਕਿ ਆਮ ਚੂਹੜੀਆਂ ਹੁੰਦੀਆਂ ਹਨ। ਪਰ ਕਦੀ ਕਦੀ ਜੋ ਉਸ ਦੀ ਲੜਕੀ ਕੰਮ ਕਰਨ ਆ ਜਾਂਦੀ ਸੀ ਉਹ ਜ਼ਰੂਰ ਇਕ ਸੁੰਦਰ ਸ਼ਕਲ ਸੂਰਤ ਵਾਲੀ ਹੱਥ ਮੂੰਹ ਲਗਦੀ ਮੁਟਿਆਰ ਸੀ। ਮੈਂ ਨੌਕਰ ਪਾਸੋਂ ਪੁੱਛਿਆ ਕਿ ਕਿਹੜੀ ਚੂਹੜੀ ਗਾਲ੍ਹੀਆਂ ਕੱਢਦੀ ਰਹੀ ਹੈ ? ਵੱਡੀ ਕਿ ਛੋਟੀ ?? ਉਸ ਨੇ ਕਿਹਾ ਕਿ ਜੀ ਚੂਹੜੀ ਦੀ ਧੀ। ਉਸ ਨੂੰ ਕਿਤੇ ਬਾਬੂ ਜੀ ਨੇ ਮਜ਼ਾਕ ਕਰ ਦਿਤਾ ਹੋਵੇਗਾ। ਮੈਨੂੰ ਤਾਂ ਵਿਚਲੀ ਗੱਲ ਦਾ ਪਤਾ ਕੋਈ ਨਹੀਂ। ਤੁਸੀਂ ਆਪ ਚੱਲ ਕੇ ਪਤਾ ਕਰ ਲਵੋ।

ਮੈਂ ਆਪਣੇ ਸਾਈਸ ਨੂੰ ਆਪਣੇ ਦੋਸਤ ਦੇ ਘਰ ਵਲ ਟਾਂਗਾ ਲੈ ਚੱਲਣ ਲਈ ਕਿਹਾ। ਓਥੇ ਪਹੁੰਚ ਕੇ ਮੈਂ ਸਾਰੀ ਗੱਲ ਬੇਗਮ ਸਾਹਿਬਾ ਪਾਸੋਂ ਪੁੱਛ ਕੇ ਸਿੱਧਾ ਹਾਲ ਬਾਜ਼ਾਰ ਵਿਚ ਬਾਬੂ ਬਿਹਾਰੀ ਲਾਲ ਬੈਰਿਸਟਰ ਦੇ ਦਫ਼ਤਰ ਜਾ ਚੜ੍ਹਿਆ।

ਰਾਮ ਬਾਗ਼ ਗਾਰਦ ਦਾ ਥਾਣੇਦਾਰ ਇਕ ਨਵਾਂ ਜਿਹਾ ਨੌਜਵਾਨ ਥੋੜੇ ਚਿਰ ਤੋਂ ਹੀ ਆ ਕੇ ਲੱਗਾ ਸੀ। ਤੇ ਮੇਰੀ ਉਸ ਦੇ ਨਾਲ ਕੋਈ ਖ਼ਾਸ ਯਾਰੀ ਦੋਸਤੀ ਜਾਂ ਜਾਣ-ਪਛਾਣ ਤਕ ਵੀ ਨਹੀਂ ਸੀ। ਪਰ ਉਹ ਮਿਸਟਰ ਬਿਹਾਰੀ ਲਾਲ ਦਾ ਚੰਗਾ ਗੂੜ੍ਹਾ ਦੋਸਤ ਸੀ। ਮੈਨੂੰ ਏਸ ਗੱਲ ਦਾ ਭੇਤ ਸੀ। ਏਸੇ ਵਾਸਤੇ ਮੈਂ ਉਸ ਦੇ ਦਫ਼ਤਰ ਚਲੇ ਚੱਲਣਾ ਹੀ ਜ਼ਰੂਰੀ ਸਮਝਿਆ ਸੀ, ਤਾਂ ਜੁ ਉਸ ਨੂੰ ਨਾਲ ਲੈ ਚਲਾਂ ਤੇ ਦੋਵੇਂ ਜਣੇ ਰਲ ਮਿਲ ਕੇ ਕੋਸ਼ਸ਼ ਕਰ ਵੇਖੀਏ ਕਿ ਕਿਸੇ ਤਰ੍ਹਾਂ ਪੁਲਿਸ ਵਾਲਿਆਂ ਨੂੰ ਰਪੋਟ ਦਰਜ ਕਰਨ ਤੋਂ ਰੋਕ ਰੱਖਿਆ ਜਾਵੇ ਤਾਂ ਜੁ ਮਾਮਲਾ ਠਪਿਆ



Digitized by Panjab Digital Library | www.panjabdigilib.org

ਜਾ ਸਕੇ। ਜੇ ਲੋੜ ਪਵੇ ਤਾਂ ਚੂਹੜੇ ਨੂੰ ਕੁਝ ਰੁਪਏ ਪੈਸੇ ਦਾ ਲਾਲਚ ਵੀ ਦੇ ਵੇਖੀਏ।

ਪਹਿਲਾਂ ਤਾਂ ਉਹ ਮੰਨੇ ਹੀ ਨਾ। ਆਖੇ : 'ਬੱਕਰੇ ਦੀ ਮਾਂ ਕਦ ਤਕ ਖ਼ੈਰ ਮਨਾਵੇਗੀ ? ਤੂੰ ਉਸ ਨੂੰ ਕਿਹੜੇ ਕਿਹੜੇ ਸਿਆਪੇ 'ਚੋਂ ਬਚਾਵੇਂਗਾ ?? ਇਕ ਵਾਰ ਜੇਲ ਦਾ ਮੂੰਹ ਦੇਖ ਲੈਣ ਦੇ ਸੁ।" ਪਰ ਮੈਂ ਕਿਹਾ ਕਿ ਕੇਵਲ ਉਸ ਦਾ ਇਕੱਲੇ ਦਾ ਹੀ ਤਾਂ ਮੂੰਹ ਕਾਲਾ ਨਹੀਂ ਹੋਣ ਲੱਗਾ। ਮੇਰੀ ਤੇਰੀ ਵੀ ਤਾਂ ਬੇ-ਇਜ਼ਤੀ ਹੋਵੇਗੀ। ਲੋਕੀਂ ਕਹਿਣਗੇ ਕਿ ਅਸੀਂ ਸਾਰੇ ਇਕੋ ਹੀ ਥੈਲੀ ਦੇ ਚੱਟੇ ਵੱਟੇ ਹਾਂ। ਲੋਕਾਂ ਨੂੰ ਖ਼ੂਬ ਪਤਾ ਹੈ ਕਿ ਉਹ ਮੇਰਾ ਜਿਗਰੀ ਦੋਸਤ ਹੈ ਤੇ ਤੇਰੀ ਮੇਰੀ ਦੋਸਤੀ ਵੀ ਕਿਸੇ ਪਾਸੋਂ ਲੁਕੀ ਛੁਪੀ ਨਹੀਂ। ਦਸੋ ਫੇਰ ਆਮ ਲੋਕੀਂ ਬੈਰਿਸਟਰਾਂ ਬਾਰੇ ਕੀ ਰਾਇ ਕਾਇਮ ਕਰਨਗੇ ? ਇਕ ਮੱਛੀ ਸਾਰਾ ਜਲ ਗੰਦਾ ਕਰ ਦਿਆ ਕਰਦੀ ਹੈ।

ਮੈਂ ਉਸ ਨੂੰ ਇਹ ਬਚਨ ਦੇ ਕੇ ਜ਼ੋਰੋ ਜ਼ੋਰੀ ਨਾਲ ਲੈ ਗਿਆ ਕਿ 'ਇਸ ਵਾਰ ਉਸ ਨੂੰ ਬਚਾ ਲਈਏ ਜੇ ਫੇਰ ਕੋਈ ਖ਼ੁਨਾਮੀ ਕਰੇ ਤਾਂ ਉਸ ਦਾ ਸਾਥ ਕੋਈ ਨਾ ਦੇਵੇ। (ਅਸੀਂ ਤਿੰਨੇ ਜਣੇ ਇਕੋ ਵੇਲੇ ਵਲੈਤ ਜਾ ਕੇ ਬੈਰਿਸਟਰੀ ਦੀ ਪੜ੍ਹਾਈ ਕਰਦ ਰਹੇ ਸੀ।)

ਥਾਣੇਦਾਰ ਭਾਵੇਂ ਹੈਗਾ ਛੋਟੀ ਉਮਰ ਦਾ ਹੀ ਸੀ, ਪਰ ਏਸ ਮਾਮਲੇ ਵਿਚ ਉਸ ਨੇ ਬੜੀ ਹੀ ਸਿਆਣਪ ਵਰਤੀ। ਚੂਹੜੇ ਤੇ ਉਸ ਦੀ ਲੜਕੀ ਨੂੰ ਇਕ ਨੁੱਕਰੇ ਕਰ ਕੇ ਬੈਠਾ ਛਡਿਆ। ਉਨ੍ਹਾਂ ਦੀ ਰੜੀ ਰਿਪੋਟ ਵੀ ਹਾਲਾਂ ਕੋਈ ਨਹੀਂ ਸੀ ਲਿਖੀ।

ਮਿਸਟਰ ਬਿਹਾਰੀ ਲਾਲ ਨੇ ਜਦ ਵੱਖਰਿਆਂ ਲੈ ਜਾ ਕੇ ਗੱਲਬਾਤ ਕੀਤੀ ਤਾਂ ਕਹਿਣ ਲੱਗਾ ਕਿ "ਮੈਨੂੰ ਤਾਂ ਅਗੇ ਹੀ ਪਤਾ ਸੀ ਕਿ ਰਪੋਟ ਦੀ ਸਿਆਹੀ ਵੀ ਨਹੀਂ ਸੁੱਕੇਗੀ ਕਿ ਸਫ਼ਾਰਸ਼ੀਆਂ ਦੀਆਂ ਥਾਣੇ ਵਿਚ ਪਾਲਾਂ ਲੱਗ ਜਾਣਗੀਆਂ। ਪਰ, ਏਸ ਗੱਲ ਦਾ ਮੈਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਉਸ ਦੀ ਸਫ਼ਾਰਸ਼ ਵਾਸਤੇ ਤੁਸੀਂ ਚਲੇ ਆਉਗੇ। ਇਹੋ ਜੇਹਿਆਂ ਦੀ ਸਫ਼ਾਰਸ਼ ਲੈ ਕੇ ਨਾ ਆਇਆ ਕਰੋ।

"ਮੈਨੂੰ ਇਹ ਤਾਂ ਪਤਾ ਸੀ ਕਿ ਉਸ ਦਾ ਪਿਤਾ ਡਿਪਟੀ ਹੈ ਤੇ ਸ਼ਹਿਰ ਦੇ



Digitized by Panjab Digital Library | www.panjabdigilib.org

ਵੱਡੇ ਰਈਸਾਂ ਵਿਚ ਉਸ ਦੇ ਘਰਾਣੇ ਦੀ ਗਿਣਤੀ ਕੀਤੀ ਜਾਂਦੀ ਹੈ, ਪਰ ਇਹ ਪਤਾ ਨਹੀਂ ਸੀ ਕਿ ਉਹ ਤੁਹਾਡਾ ਦੋਸਤ ਵੀ ਹੈ।" ਖ਼ੈਰ ! ਮੁੱਕਦੀ ਗੱਲ ਇਹ ਕਿ ਥਾਣੇਦਾਰ ਨੇ ਸਾਨੂੰ ਨਿਸਚਾ ਕਰਵਾ ਦਿਤਾ ਕਿ ਉਹ ਰਪੋਟ ਦਰਜ ਨਹੀਂ ਕਰੇਗਾ। ਐਵੇਂ ਚੂਹੜੀ ਦੀ ਤਸੱਲੀ ਲਈ ਰਜਿਸਟਰ ਵਿਚ ਕੋਰਾ ਕਾਗ਼ਜ਼ ਰੱਖ ਕੇ ਰਪੋਟ ਲਿਖ ਲਈ ਜਾਵੇਗੀ ਤੇ ਫੇਰ ਜਦੋਂ ਮਾਮਲਾ ਰਫ਼ਾ ਦਫ਼ਾ ਹੋ ਜਾਵੇਗਾ, ਉਸ ਕਾਗ਼ਜ਼ ਨੂੰ ਪਾੜ ਦਿਤਾ ਜਾਵੇਗਾ।

ਥਾਣੇਦਾਰ ਨੇ ਸਾਨੂੰ ਕਚਹਿਰੀ ਜਾਣ ਦੀ ਸਲਾਹ ਦਿਤੀ। ਅਸੀਂ ਚਲੇ ਆਏ। ਚਲਦਿਆਂ ਚਲਦਿਆਂ ਨੂੰ ਥਾਣੇਦਾਰ ਨੇ ਇਸ਼ਾਰੇ ਮਾਤਰ ਸਾਥੋਂ ਪੁਛ ਲਿਆ ਕਿ ਜੇ ਚੂਹੜਾ ਕੁਝ ਪੈਸੇ ਟਕੇ ਦਾ ਲਾਲਚ ਕਰੇ ਤਾਂ ਕੁਝ ਰੁਪਏ ਖ਼ਰਚ ਵੀ ਕਰਨੇ ਪੈ ਜਾਣਗੇ। ਅਸਾਂ ਕਿਹਾ ਜੋ ਮੁਨਾਸਬ ਹੈ, ਕਰੋ, ਦੇਣੇ ਤਾਂ ਸਾਨੂੰ ਹੀ ਪੈਣੇ ਨੇ। ਅਸੀਂ ਕਚਹਿਰੀ ਚਲੇ ਗਏ। ਜਦੋਂ ਸ਼ਾਮ ਨੂੰ ਵਾਪਸ ਆਏ ਤਾਂ ਬਾਬੂ ਬਿਹਾਰੀ ਲਾਲ ਜੀ ਨੇ ਸੁਨੇਹਾ ਭੇਜਿਆ ਕਿ ਤੁਹਾਡੇ ਹੁਕਮ ਦੀ ਤਾਮੀਲ ਕਰ ਦਿਤੀ ਗਈ ਹੈ, ਪਰ ਆਪਣਾ ਇਕਰਾਰ ਵੀ ਚੇਤੇ ਰੱਖਣਾ ਕਿ ਜੇ ਅਗੋਂ ਨੂੰ ਫੇਰ, ਕੋਈ ਇਹੋ ਜਿਹੀ ਜਾਂ ਇਸ ਨਾਲ ਮਿਲਦੀ ਜੁਲਦੀ ਕੋਈ ਵੀ ਹਰਕਤ ਕੀਤੀ ਤਾਂ ਅਸਾਂ ਕੁਝ ਨਹੀਂ ਕਰਨਾ।

ਮੈਂ ਚਾਹ ਪੀ ਕੇ ਆਪਣੇ ਦੋਸਤ ਦੇ ਘਰ ਗਿਆ। ਪਤਾ ਕਰਨ 'ਤੇ ਮਲੂਮ ਹੋਇਆ ਕਿ ਬਾਬੂ ਜੀ ਤਾਂ ਲਾਹੌਰ ਚਲੇ ਗਏ ਹਨ, ਪਰ ਬੇਗਮ ਸਾਹਿਬਾ ਨੂੰ, ਜੋ ਉਸ ਵਕਤ ਵੀ ਰੋ ਰਹੀ ਸੀ, ਜਾ ਕੇ ਕਹਿ ਦਿਤਾ ਕਿ ਇਸ ਮਾਮਲੇ ਨੂੰ ਤਾਂ ਬੜੀ ਮੁਸ਼ਕਲ ਨਾਲ ਨਜਿਠ ਲਿਆ ਹੈ, ਪਰ ਫੇਰ ਇਹੋ ਜਿਹੇ ਮਾਮਲੇ ਪੈਦਾ ਕਰ ਲਏ ਜਾਣ 'ਤੇ ਮੈਨੂੰ ਕਦੀ ਨਾ ਬੁਲਾਇਆ ਜਾਵੇ। ਮੈਂ ਆਵਾਂਗਾ ਨਹੀਂ।

ਮੈਂ ਫੇਰ ਕਿਹਾ ਕਿ "ਭੈਣ ਤੂੰ ਤਾਂ ਪੜ੍ਹੀ ਲਿਖੀ ਹੈਂ, ਉਸ ਨੂੰ ਇਹੋ ਜਿਹੇ ਨੀਚ ਕੁਕਰਮਾਂ 'ਤੋਂ ਵਰਜ ਕੇ ਨਹੀਂ ਰੱਖ ਸਕਦੀ।" ਉਹ ਮੇਰੀ ਗੱਲ 'ਤੇ ਹੋਰ ਵੀ ਭੁਬੀਂ ਭੁਬੀਂ ਰੋਣ ਲੱਗ ਪਈ। ਤੇ ਕਹਿਣ ਲੱਗੀ "ਰੱਬ ਤੁਹਾਡਾ ਭਲਾ ਕਰੇ। ਤੁਸੀਂ ਸਦਾ ਹੀ ਸਾਡੀ ਸਹਾਇਤਾ ਕਰਦੇ ਰਹਿੰਦੇ ਹੋ। "ਅਗੋਂ ਕਦੇ ਨਹੀਂ" ਆਖ ਕੇ ਮੈਂ ਘਰ ਨੂੰ ਆ ਗਿਆ ਤੇ ਉਸ ਦਿਨ ਤੋਂ ਮਗਰੋਂ ਮੈਂ ਏਸ ਦੋਸਤ ਦੇ ਘਰ ਆਉਣਾ ਜਾਣਾ ਬਹੁਤ ਹੀ ਘੱਟ ਕਰ ਦਿਤਾ।



Digitized by Panjab Digital Library | www.panjabdigilib.org

# ਮੇਰੇ ਦੋਸਤ

ਮੈਂ ਆਪਣੇ ਦੋ ਦੋਸਤਾਂ ਦੇ ਕੁਝ ਕੁ ਸਮਾਚਾਰ ਲਿਖ ਚੁੱਕਾ ਹਾਂ। ਉਹ ਨਿਰੇ ਪੁਰੇ ਭੈੜੇ ਹੀ ਨਹੀਂ ਸਨ। ਉਨ੍ਹਾਂ ਵਿਚ ਗੁਣ ਵੀ ਸਨ। ਮੇਰੇ ਬੈਰਿਸਟਰ ਦੋਸਤ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਮੇਰੀ ਜਾਨ ਖ਼ਤਰੇ ਦੇ ਮੂੰਹ ਵਿਚੋਂ ਬਚਾਈ। ਮੈਂ ਲਾਹੌਰ ਸੀ ਤੇ ਮੇਰਾ ਦੋਸਤ ਵੀ ਲਾਹੌਰ ਆਪਣੇ ਸਹੁਰਿਆਂ ਦੇ ਘਰ ਰਹਿੰਦਾ ਸੀ। ਮੈਂ ਮਿਲਣ ਵਾਸਤੇ ਉਸ ਦੇ ਸਹੁਰੇ ਘਰ ਗਿਆ।

ਉਹਨੀਂ ਦਿਨੀਂ ਲਾਹੌਰ ਵਿਚ ਫਿਰਕੂ ਫ਼ਸਾਦਾਂ ਦੇ ਭਾਂਬੜ ਜ਼ੋਰ ਸ਼ੋਰ ਨਾਲ ਪਰਚੰਡਤ ਹੋ ਰਹੇ ਸਨ। ਜਦੋਂ ਮੈਂ ਉਸ ਗਲੀ ਵਿਚ ਦਾਖ਼ਲ ਹੋਇਆ ਜਿਸ ਵਿਚ ਮੇਰਾ ਦੋਸਤ ਰਹਿ ਰਿਹਾ ਸੀ। ਤਾਂ ਮੈਨੂੰ ਉਸ ਗਲੀ ਵਿਚ ਸਿਵਾ ਮੁਸਲਮਾਨਾਂ ਦੇ ਕਿਸੇ ਦੂਜੀ ਜਾਤੀ ਦਾ ਕੋਈ ਬੱਚਾ ਤਕ ਨਜ਼ਰ ਨਾ ਆਇਆ। ਮੁਸਲਮਾਨ ਮੈਨੂੰ ਅੱਖਾਂ ਪਾੜ ਪਾੜ ਕੇ ਵੇਖ ਰਹੇ ਸਨ। ਇਕ ਮੁਸਲਮਾਨ ਨੇ ਤਾਂ ਇਕ ਵਡਾ ਸਾਰਾ ਛੁੱਰਾ ਪੱਥਰ ਉਪਰ ਰਗੜਨਾ ਵੀ ਸ਼ੁਰੂ ਕਰ ਦਿਤਾ ਤੇ ਮੇਰੇ ਵਲ ਘੂਰ ਘੂਰ ਕੇ ਵੇਖੀ ਵੀ ਜਾ ਰਿਹਾ ਸੀ। ਏਨੇ ਨੂੰ ਮੇਰਾ ਦੋਸਤ ਬੈਰਿਸਟਰ ਮੈਨੂੰ ਨਜ਼ਰੇ ਪੈ ਗਿਆ। ਉਹ ਦੌੜ ਕੇ ਮੇਰੇ ਪਾਸ ਆ ਗਿਆ ਅਤੇ ਮੈਨੂੰ ਜਫੀ ਵਿਚ ਲੈ ਕੇ ਆਪਣੇ ਘਰ ਲੈ ਗਿਆ।

ਜੋ ਲੋਕ ਮੈਨੂੰ ਮਾਰ ਮੁਕਾਉਣ ਦੇ ਖ਼ਿਆਲ ਬਣਾਈ ਬੈਠੇ ਸਨ ਉਸ ਮੇਰੇ ਦੋਸਤ ਦੇ ਕੌਤਕ ਨੂੰ ਵੇਖ ਕੇ ਹੱਕੇ ਬੱਕੇ ਰਹਿ ਗਏ। ਕਿ ਉਨ੍ਹਾਂ ਦਾ ਹੀ ਇਕ ਕੌਮ-ਭਾਈ ਇਕ ਸਿੱਖ ਨੂੰ ਆਪਣੀ ਜੱਫੀ ਵਿਚ ਲੈ ਕੇ ਵਿਗੜੇ



Digitized by Panjab Digital Library | www.panjabdigilib.org

ਹੋਏ ਹਜੂਮ ਵਿਚੋਂ ਸਾਫ਼ ਹੀ ਬਚਾ ਕੇ ਆਪਣੇ ਘਰ ਲੈ ਵੜਿਆ ਹੈ।

ਅੰਦਰ ਜਾ ਕੇ ਉਸ ਨੇ ਬੂਹੇ ਨੂੰ ਚਿਟਕਣੀ ਲਗਾ ਕੇ ਬੰਦ ਕਰ ਲਿਆ ਤੇ ਮੈਨੂੰ ਬੜੇ ਕ੍ਰੋਧ ਵਿਚ ਆ ਕੇ ਗੁੱਸੇ ਹੋਣ ਲੱਗ ਗਿਆ।

ਉਹ ਕਹਿਣ ਲੱਗਾ ਕਿ "ਤੈਨੂੰ ਪਤਾ ਨਹੀਂ, ਤੇ ਤੂੰ ਵੇਖ ਨਹੀਂ ਸੀ ਰਿਹਾ ਕਿ ਏਥੇ ਨਿਰੋਲ ਮੁਸਲਮਾਨੀ ਵਸੋਂ ਹੈ ਤੇ ਤੂੰ ਏਥੇ ਇਕੱਲਾ ਆ ਕਿਸ ਤਰ੍ਹਾਂ ਗਿਆ ? ਜੇ ਮੈਂ ਨਾ ਹੁੰਦਾ ਤਾਂ ਤੈਨੂੰ ਇਨ੍ਹਾਂ ਨੇ ਜਾਨੋਂ ਹੀ ਮਾਰ ਮੁਕਾਉਣਾ ਸੀ ਤੇ ਤੇਰਾ ਇਨ੍ਹਾਂ ਨੇ ਪਤਾ ਵੀ ਨਹੀਂ ਸੀ ਲੱਗਣ ਦੇਣਾ।"

ਮੇਰੇ ਦੋਸਤ ਨੇ ਮੇਰੇ ਵਾਸਤੇ ਸ਼ਰਬਤ ਤਿਆਰ ਕੀਤਾ। ਗਰਮੀਆਂ ਦੇ ਦਿਨ ਸਨ। ਅਸੀਂ ਦੋਵੇਂ ਜਣੇ ਦੋ ਦੋ ਗਲਾਸ ਚੜ੍ਹਾ ਗਏ। ਫੇਰ ਆਪਣੇ ਪੁੱਤਰ ਨੂੰ ਮੇਰੇ ਪਾਸ ਬਿਠਾ ਕੇ ਆਪ ਬਾਹਰ ਚਲਾ ਗਿਆ ਤੇ ਜਾਂਦਾ ਜਾਂਦਾ ਪੱਕੀ ਕਰ ਗਿਆ ਕਿ ਤੁਸਾਂ ਮੇਰੇ ਵਾਪਸ ਪਰਤਣ ਤਕ ਏਥੇ ਹੀ ਬੈਠੇ ਰਹਿਣਾ ਹੋਵੇਗਾ।

ਉਹ ਥੋੜੇ ਚਿਰ ਪਿਛੋਂ ਖ਼ਰਬੂਜ਼ਿਆਂ ਦੀ ਟੋਕਰੀ ਲੈ ਕੇ ਆ ਗਿਆ। ਅਸਾਂ ਸਾਰਿਆਂ ਰਲ ਮਿਲ ਰੱਜ ਰੱਜ ਕੇ ਖਾਧੇ ਤੇ ਨਾਲ ਨਾਲ ਗੱਪ ਬਾਜ਼ੀ ਵੀ ਚੱਲਦੀ ਰਹੀ। ਖ਼ਰਬੂਜ਼ਿਆਂ ਤੋਂ ਵਿਹਲ ਪਾ ਕੇ ਮੈਂ ਤੁਰਨ ਵਾਸਤੇ ਤਿਆਰ ਹੋ ਪਿਆ ਤਾਂ ਮੇਰੇ ਦੋਸਤ ਨੇ ਮਹੱਲੇ ਦੇ ਚੌਧਰੀ ਨੂੰ ਬੁਲਵਾ ਭੇਜਿਆ ਤੇ ਤਿੰਨੇ ਜਣੇ ਮੇਰੇ ਨਾਲ ਹੋ ਕੇ ਮੈਨੂੰ ਅਨਾਰਕਲੀ ਬਾਜ਼ਾਰ ਵਿਚ ਛੱਡ ਗਏ। ਤੇ ਵਾਪਸ ਹੋਣ ਲੱਗਾ ਮੇਰਾ ਦੋਸਤ ਮੈਨੂੰ ਪੱਕੀ ਕਰ ਗਿਆ ਕਿ ਫੇਰ ਜਦ ਵੀ ਕਦੇ ਮਿਲਣ ਨੂੰ ਦਿਲ ਕਰੇ, ਪਹਿਲਾਂ ਦੋ ਪੈਸੇ ਦਾ ਪੋਸਟਕਾਰਡ ਪਾ ਦੇਣਾ, ਮੈਂ ਤੈਨੂੰ ਤੇਰੇ ਲੜਕੇ ਦੀ ਦੁਕਾਨ 'ਤੇ ਆ ਕੇ ਮਿਲ ਗਿਲ ਜਾਇਆ ਕਰਾਂਗਾ, ਪਰ ਤੂੰ ਏਸ ਮਹੱਲੇ ਮੁੜ ਕੇ ਪੈਰ ਨਾ ਪਾਵੀਂ। ਅਜ ਕਲ੍ਹ ਫ਼ਿਜ਼ਾ ਬਹੁਤ ਵਿਗੜੀ ਹੋਈ ਹੈ।

ਕੁਝ ਕੁ ਦਿਨਾਂ ਮਗਰੋਂ ਮੈਂ ਅੰਮ੍ਰਿਤਰ ਆ ਗਿਆ। ਹਫ਼ਤੇ ਕੁ ਮਗਰੋਂ ਮੈਂ ਜਦ ਮੁੜ ਲਾਹੌਰ ਆਇਆ ਤਾਂ ਬੀਡਨ ਰੋਡ 'ਤੇ ਲੜਕੇ ਦੀ ਦੁਕਾਨ ਉਪਰ ਪਹੁੰਚ ਕੇ ਪਤਾ ਕੀਤਾ ਤਾਂ ਲੜਕਾ ਦੁਕਾਨ ਉਪਰ ਨਹੀਂ ਸੀ। ਮੈਂ ਸਮਝਿਆ, ਘਰ ਰੋਟੀ ਖਾਣ ਗਿਆ ਹੋਵੇਗਾ, ਘਰ ਗਿਆ ਤਾਂ ਉਹ ਓਥੇ ਵੀ ਕੋਈ ਨਹੀਂ ਸੀ।

ਮੈਂ ਆਪਣੀ ਸਿੰਘਣੀ ਨੂੰ ਪੁਛਿਆ ਤਾਂ ਕਹਿਣ ਲੱਗੀ ਪ੍ਰਸ਼ਾਦਾ ਤਿਆਰ ਹੈ। ਮੈਨੂੰ ਕਿਹਾ ਕਿ ਮੈਂ ਪ੍ਰਸ਼ਾਦਾ ਛੱਕ ਲਵਾਂ। ਉਹ ਵੀ ਆ ਜਾਵੇਗਾ, ਬਾਜ਼ਾਰ



Digitized by Panjab Digital Library | www.panjabdigilib.org

ਵਿਚ ਸੌਦਾ ਸੂਤ ਲੈਣ ਗਿਆ ਹੋਵੇਗਾ। ਮੈਂ ਪ੍ਰਸ਼ਾਦ ਛਕ ਲਿਆ ਤੇ ਜ਼ਰਾ ਕੁ ਆਰਾਮ ਕਰਨ ਲਈ ਲੇਟ ਗਿਆ। ਮੇਰੀ ਅੱਖ ਲੱਗ ਗਈ ਤੇ ਤਿੰਨ ਕੁ ਵਜੇ ਜਾਗ ਕੇ ਪੁੱਛਿਆ, ਬੇਲੀ (ਸ਼ੇਰ ਬਲਵੰਤ ਸਿੰਘ) ਅਜੇ ਤਕ ਆਇਆ ਹੈ ਕਿ ਨਹੀਂ ?

ਸਿੰਘਣੀ ਨੇ ਦੱਸਿਆ ਕਿ ਉਹ ਆਇਆ ਤਾਂ ਸੀ, ਪਰ ਉਸ ਨੂੰ ਪੁਲਿਸ ਗ੍ਰਿਫ਼ਤਾਰ ਕਰ ਕੇ ਲੈ ਗਈ ਹੈ। ਮੈਂ ਹੈਰਾਨ ਹੋ ਕੇ ਗ੍ਰਿਫ਼ਤਾਰੀ ਦੀ ਵਜ੍ਹਾ ਪੁੱਛੀ ਤਾਂ ਦੱਸਣ ਲੱਗੀ ਕਿ ਕਿਸੇ ਜਗ੍ਹਾ ਤੋਂ ਅਸਲ੍ਹਾ ਚੋਰੀ ਹੋ ਗਿਆ ਹੈ ਤੇ ਕਿਸੇ ਨੇ ਪੁਲਿਸ ਪਾਸ ਮੁਖ਼ਬਰੀ ਕੀਤੀ ਹੈ ਕਿ ਅਸਲ੍ਹਾ ਸਾਡੇ ਬੱਲੀ ਪਾਸ ਹੈ। ਸੁ ਉਹ ਉਸ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਏ ਹਨ। ਪੁਲਿਸ ਨੇ ਸਾਡੇ ਘਰ ਦੀ ਤਲਾਸ਼ੀ ਵੀ ਲਈ ਹੈ। ਪਰ, ਸਾਨੂੰ ਪਹਿਲੋਂ ਹੀ ਇਕ ਸੱਜਣ ਨੇ ਖ਼ਬਰ ਦੇ ਦਿਤੀ ਸੀ, ਸੁ ਅਸਾਂ ਘਰ ਵਿਚੋਂ ਏਤਰਾਜ਼ ਵਾਲੀ ਹਰ ਇਕ ਚੀਜ਼ ਪਹਿਲੋਂ ਹੀ ਲਾਂਭੇ ਕਰ ਛੱਡੀ ਸੀ ਤੇ ਪੁਲਿਸ ਨੂੰ ਉਸ ਦੇ ਮਤਲਬ ਦੀ ਕੋਈ ਵੀ ਚੀਜ਼ ਹੱਥ ਨਹੀਂ ਲੱਗ ਸਕੀ।

ਆਪਣੀ ਸਿੰਘਣੀ ਦੀਆਂ ਗੱਲਾਂ ਸੁਣ ਕੇ ਮੈਂ ਛਾਉਣੀ ਦੇ ਮੈਜਿਸਟ੍ਰੇਟ ਦੀ ਉਸ ਅਦਾਲਤ ਵਿਚ ਸਿੱਧਾ ਹੀ ਚਲਾ ਗਿਆ, ਜਿਸ ਵਿਚ ਬੱਲੀ ਦਾ ਮੁਕੱਦਮਾ ਪੇਸ਼ ਹੋਣਾ ਸੀ। ਮੈਂ ਦਰਖ਼ਾਸਤ ਲਿਖ ਕੇ ਮੁਲਾਕਾਤ ਕਰਵਾ ਦੇਣ ਦੀ ਆਗਿਆ ਮੰਗੀ ਅਤੇ ਨਾਲ ਹੀ ਜ਼ਮਾਨਤ ਵਾਸਤੇ ਵੀ ਇਕ ਹੋਰ ਦਰਖ਼ਾਸਤ ਲਿਖ ਕੇ ਦੇ ਦਿਤੀ, ਜੋ ਪੁਲਿਸ ਪਾਸ ਰਪੋਟ ਵਾਸਤੇ ਭੇਜ ਦਿਤੀ ਗਈ, ਕਿਉਂਕਿ ਅਜੇ ਚਾਲਾਨ ਅਦਾਲਤ ਵਿਚ ਪੇਸ਼ ਨਹੀਂ ਸੀ ਹੋਇਆ।

ਮੁਲਾਕਾਤ ਦੀ ਇਜਾਜ਼ਤ ਮਿਲ ਗਈ ਤੇ ਜ਼ਮਾਨਤ ਦੀ ਦਰਖ਼ਾਸਤ ਵਾਸਤੇ ਦੋ ਦਿਨ ਦੀ ਤਰੀਕ ਪੈ ਗਈ। ਮੈਂ ਫੇਰ ਆਪਣੇ ਦਾਮਾਦ ਮਹਿੰਦਰ ਸਿੰਘ ਨੂੰ ਨਾਲ ਲੈ ਕੇ ਥਾਣੇ ਪੁੱਜਾ। ਥਾਣੇ ਵਾਲਿਆਂ ਨੇ ਸਾਨੂੰ ਢੇਰ ਚਿਰ ਬਿਠਾਈ ਰੱਖਿਆ। ਏਨੇ ਨੂੰ ਇਕ ਸਿੱਖ ਸਿਪਾਹੀ ਨੇ ਅੱਖ ਬਚਾ ਕੇ ਸਾਨੂੰ ਏਨੀ ਗੱਲ ਕੰਨੀਂ ਪਾ ਦਿਤੀ ਕਿ ਥਾਣੇ ਦਾ ਮੁਸਲਮਾਨ ਸਟਾਫ਼ ਤੁਹਾਨੂੰ ਜਾਣ ਬੁਝ ਕੇ ਦੇਰੀ ਕਰੀ ਜਾ ਰਿਹਾ ਹੈ। ਸ਼ਾਮ ਦਾ ਹਨੇਰਾ ਉੱਤਰ ਆਵੇਗਾ। ਚਾਰ ਚੁਫੇਰੇ ਦਾ ਇਲਾਕਾ ਮੁਸਲਮਾਨਾਂ ਦਾ ਹੈ। ਤੁਸੀਂ ਅੱਜ ਘਰ ਨਹੀਂ ਅੱਪੜਨ ਲਗੇ। ਛੇਤੀ



Digitized by Panjab Digital Library | www.panjabdigilib.org

ਕਰੋ ! ਜਾਂ ਮੁਲਾਕਾਤ ਕਰ ਲਵੋ ਜਾਂ ਗੁੱਸੇ ਹੋ ਕੇ ਘਰ ਨੂੰ ਚਲੇ ਜਾਓ !

ਅਸੀਂ ਫੇਰ ਜਾ ਕੇ ਥਾਣੇਦਾਰ ਨੂੰ ਕਿਹਾ ਕਿ ਜਾਂ ਤਾਂ ਸਾਡੀ ਮੁਲਾਕਾਤ ਕਰਵਾ ਦਿਓ ਨਹੀਂ ਤਾਂ ਅਸੀਂ ਚਲੇ ਹਾਂ ਤੇ ਹਾਈਕੋਰਟ ਵਿਚ ਜਾ ਦਰਖ਼ਾਸਤ ਕਰਦੇ ਹਾਂ ਕਿ ਅਦਾਲਤ ਦਾ ਹੁਕਮ ਮਿਲ ਜਾਣ 'ਤੇ ਵੀ ਸਾਡੀ ਮੁਲਾਕਾਤ ਦੀ ਵਾਰੀ ਨਹੀਂ ਲਗਾਈ ਗਈ। ਇਹ ਗੱਲ ਸੁਣ ਕੇ ਝਟ ਸਾਡੇ ਨਾਲ ਉਠ ਤੁਰਿਆ ਤੇ ਲੜਕੇ ਨਾਲ ਪੰਜ ਮਿੰਟ ਵਾਸਤੇ ਗੱਲ ਬਾਤ ਕਰ ਲੈਣ ਦੀ ਆਗਿਆ ਦੇ ਦਿਤੀ, ਪਰ ਆਪ ਵੀ ਸਾਡੇ ਮੋਢੇ ਨਾਲ ਮੋਢਾ ਜੋੜ ਕੇ ਬੈਠ ਗਿਆ। ਤਾਂ ਜੁ ਸਾਡੀ ਗੱਲ ਬਾਤ ਆਪ ਵੀ ਸੁਣਦਾ ਰਹੇ। ਮੈਂ ਆਪਣੀ ਦਰਖ਼ਾਸਤ ਦੀ ਪਛਾੜੀ ਲਿਖਣ ਹੀ ਲੱਗਾ ਸੀ ਕਿ ਸਾਨੂੰ ਵੱਖਰਿਆਂ ਕਰ ਕੇ ਮੁਲਾਕਾਤ ਨਹੀਂ ਕਰਵਾਈ ਜਾ ਰਹੀ, ਪੁਲਸ ਅਫ਼ਸਰ ਸਾਡੇ ਨਾਲ ਲੱਗ ਕੇ ਬੈਠਾ ਹੋਇਆ ਹੈ। ਤਾਂ ਉਸ ਨੇ ਕਾਗ਼ਜ਼ ਝਟ ਮੇਰੇ ਹੱਥੋਂ ਲੈ ਲਿਆ ਅਤੇ ਕਹਿਣ ਲੱਗਾ, "ਲਓ ! ਮੈਂ ਚਲਾ ਜਾਂਦਾ ਹਾਂ, ਤੁਸੀਂ ਜਿੰਨਾਂ ਚਿਰ ਜੀ ਕਰੇ ਗੱਲਾਂ ਕਰ ਲਵੋ।" ਮੈਂ ਜਾਣ ਲਗੇ ਨੂੰ ਕਿਹਾ ਕਿ : "ਤੁਸਾਂ ਹਵਾਲਾਤ ਵਿਚ ਦੋ ਆਦਮੀ ਕਿਉਂ ਬੰਦ ਕਰ ਰੱਖੇ ਹਨ ?'

ਦੂਸਰਾ ਹਵਾਲਾਤੀ ਮੁਸਲਮਾਨ ਸੀ ਤੇ ਬੀਮਾਰ ਜਿਹਾ ਜਾਪਦਾ ਸੀ। ਮੇਰੇ ਏਤਰਾਜ਼ ਨੂੰ ਸੁਣ ਕੇ ਉਹ ਦੂਜੇ ਹਵਾਲਾਤੀ ਨੂੰ ਉਸ ਕੋਠੜੀ ਵਿਚੋਂ ਕੱਢ ਕੇ ਦੂਜੀ ਵਿਚ ਲੈ ਗਿਆ। ਅਸੀਂ ਦੋ ਮਿੰਟ ਗੱਲਾਂ ਬਾਤਾਂ ਕਰ ਕੇ ਅਤੇ ਲੜਕੇ ਨੂੰ ਹੌਸਲਾ ਦੇ ਕੇ, ਕਿ "ਤੇਰੀ ਜ਼ਮਾਨਤ ਦੋ ਕੁ ਦਿਨਾਂ ਤਕ ਹੋ ਜਾਵੇਗੀ।" ਓਥੋਂ ਘਰ ਵਲ ਨੂੰ ਚਲ ਪਏ। ਬਾਹਰ ਬਾਜ਼ਾਰ ਵਿਚ ਜਾ ਰਹੇ ਸੀ ਕਿ ਅਸਾਂ ਵੇਖਿਆ ਜੁ ਇਕ ਮੁਸਲਮਾਨ ਪੁਲੀਸ ਅਫ਼ਸਰ ਕਾਰ ਭਜਾਈ ਸਾਡੇ ਵਲ ਆ ਰਿਹਾ ਹੈ। ਸਾਡੇ ਕੋਲ ਆ ਕੇ ਕਾਰ ਖੜੀ ਕਰ ਲਈ ਤੇ ਕਹਿਣ ਲੱਗਾ, "ਤੁਹਾਨੂੰ ਪਤਾ ਨਹੀਂ ਕਿ ਇਹ ਸਾਰਾ ਇਲਾਕਾ ਮੁਸਲਮਾਨ ਵਸੋਂ ਨਾਲ ਭਰਿਆ ਪਿਆ ਹੈ। ਤੁਹਾਨੂੰ ਕੋਈ ਮਾਰ ਗਿਆ ਤਾਂ ਤੁਹਾਡਾ ਕੋਈ ਪਤਾ ਵੀ ਨਹੀਂ ਲੱਗਣ ਲੱਗਾ। ਤੁਸੀਂ ਕਿਸ ਵਾਸਤੇ ਮਟਰ ਗਸ਼ਤ ਕਰ ਰਹੇ ਹੋ ? ਪੁਲੀਸ ਤੁਹਾਡੀ ਜਾਨ ਦੀ ਰਾਖੀ ਦੀ ਜ਼ਿੰਮੇਵਾਰ ਨਹੀਂ ਹੋਵੇਗੀ। ਏਥੋਂ ਛੇਤੀ ਤੋਂ ਛੇਤੀ ਨਿਕਲ ਜਾਣ ਦਾ ਕਰੋ !"



Digitized by Panjab Digital Library | www.panjabdigilib.org

ਮੈਂ ਕਿਹਾ, "ਅਸੀਂ ਥਾਣੇ ਵਿਚੋਂ ਇਕ ਹਵਾਲਾਤੀ ਨਾਲ ਮੁਲਾਕਾਤ ਕਰ ਕੇ ਆ ਰਹੇ ਹਾਂ। ਅੱਡੇ ਤੋਂ ਟਾਂਗਾ ਕਰ ਕੇ ਘਰਾਂ ਨੂੰ ਚਲੇ ਜਾਵਾਂਗੇ। ਪੁਲੀਸ ਦੀ ਕੋਈ ਜ਼ਿੰਮੇਵਾਰੀ ਨਾ ਸਹੀ ਅਸੀਂ ਆਪਣੀ ਹਿਫ਼ਾਜ਼ਤ ਆਪ ਕਰਨੀ ਖ਼ੂਬ ਜਾਣਦੇ ਹਾਂ।" ਅਸੀਂ ਦੋਵੇਂ ਹੀ ਕਿਰਪਾਨ ਧਾਰੀ ਅਕਾਲੀ ਸਿੰਘਾਂ ਦੇ ਬਾਣੇ ਵਿਚ ਸੀ। ਕਾਰ ਚਲੀ ਗਈ ਤੇ ਅਸੀਂ ਥੋੜੀ ਦੂਰ ਜਾ ਕੇ ਟਾਂਗੇ 'ਤੇ ਸਵਾਰ ਹੋ ਗਏ ਤੇ ਪਲੋ ਪਲੀ ਵਿਚ ਆਪਣੇ ਘਰੀਂ ਜਾ ਪੁੱਜੇ।

ਅਗਲੇ ਦਿਨ ਕੋਰਟ ਇਨਸਪੈਕਟਰ ਨੂੰ ਮਿਲਣ ਵਾਸਤੇ ਉਸ ਦੇ ਘਰ ਚਲੇ ਗਏ। ਕੋਰਟ ਇਨਸਪੈਕਟਰ ਹਿੰਦੂ ਸੀ। ਹਿੰਦੂ ਵੀ ਹੌਸਲੇ ਵਾਲਾ ਹਿੰਦੂ ਸੀ, ਪਰ ਓਦੋਂ ਬੜਾ ਡਰਿਆ ਹੋਇਆ ਜਾਪਦਾ ਸੀ। ਕਹਿਣ ਲੱਗਾ, "ਤੁਹਾਡੇ ਲੜਕੇ ਦੀ ਜ਼ਮਾਨਤ ਦੀ ਦਰਖ਼ਾਸਤ ਮੇਰੇ ਪਾਸ ਆਈ ਹੋਈ ਹੈ। ਤੁਸਾਂ ਮੇਰੇ ਘਰ ਨਹੀਂ ਸੀ ਆਉਣਾ। ਜੇ ਇਹ ਗੱਲ ਬਾਹਰ ਨਿਕਲ ਗਈ ਤਾਂ ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਣ ਲੱਗਾ। ਤੁਸਾਂ ਫੇਰ ਮੁੜ ਕੇ ਘਰ ਨਹੀਂ ਆਉਣਾ ਤੇ ਨਾ ਕਚਹਿਰੀ ਇਸ ਤਰ੍ਹਾਂ ਮਿਲਣਾ ਕਿ ਜਿਸ ਤੋਂ ਪਤਾ ਲਗ ਸਕੇ ਕਿ ਅਸੀਂ ਇਕ ਦੂਏ ਦੇ ਅਗੇ ਭੀ ਜਾਣੂੰ ਪਛਾਣੂੰ ਹਾਂ। ਮੈਂ ਇਕ ਦੋ ਦਿਨ ਹੋਰ ਦੇਰ ਪਾ ਦਿਆਂਗਾ। ਰਪੋਟ ਨਹੀਂ ਕਰਾਂਗਾ। ਸ਼ਾਇਦ ਮੁਕੱਦਮਾ ਹੀ ਵਾਪਸ ਲੈ ਲਈਏ। ਤਲਾਸ਼ੀ ਵਿਚ ਮਿਲਿਆ ਤਾਂ ਕੁਝ ਹੈ ਨਹੀਂ। ਹੋਰ ਵੀ ਕੋਈ ਸਬੂਤ ਹੈ ਨਹੀਂ, ਬਿਨਾਂ ਮੁਲਜ਼ਮ ਦੇ ਆਪਣੇ ਬਿਆਨ ਦੇ।"

ਤਿੰਨ ਕੁ ਦਿਨ ਮਗਰੋਂ ਪੁਲਸ ਨੇ ਮੁਕੱਦਮਾ ਵਾਪਸ ਲੈ ਲਿਆ। ਬੱਲੀ ਸਾਹਿਬ ਉਹਨੀਂ ਦਿਨੀਂ ਲਾਹੌਰ ਵਿਚ ਬੜੇ ਵੱਡੇ ਜਥੇਦਾਰ ਬਣੇ ਹੋਏ ਸਨ ਅਤੇ R. S. S. (ਰਾਸ਼ਟਰੀ ਸਵੈਯੰ ਸੇਵਕ ਸੰਘ) ਦੇ ਢੰਗ 'ਤੇ ਦਸਮੇਸ਼ ਦਲ ਜਥੇਬੰਦ ਕਰ ਕੇ ਉਸ ਦੇ ਸੰਚਾਲਕ ਬਣੇ ਹੋਏ ਸਨ। ਉਨ੍ਹਾਂ ਲਾਹੌਰ ਸ਼ਹਿਰ ਨੂੰ ਹਿੰਦੂਆਂ ਤੇ ਸਿੱਖਾਂ ਦੇ ਬਚਾਉ ਵਾਸਤੇ ਕਈਆਂ ਜ਼ੋਨਾਂ ਤੇ ਸੈਕਟਰਾਂ ਵਿਚ ਵੰਡ ਕੇ ਜਥੇਬੰਦ ਕੀਤਾ ਹੋਇਆ ਸੀ। ਮੁਕੱਦਮੇ ਵਿਚੋਂ ਆਜ਼ਾਦ ਹੋ ਕੇ ਘਰ ਆ ਗਏ। ਪਰ, ਦੋ ਚਾਰ ਦਿਨਾਂ ਮਗਰੋਂ ਹੀ ਫੇਰ ਫੜੇ ਗਏ। ਗ੍ਰਿਫ਼ਤਾਰੀ ਵੀ ਦਫ਼ਾ ੩੦੪ ਦੇ ਅਧੀਨ ਹੋਈ।

ਏਸ ਨਵੀਂ ਗ੍ਰਿਫ਼ਤਾਰੀ ਦੀ ਕਹਾਣੀ ਏਸ ਤਰ੍ਹਾਂ ਸੀ। ਬੱਲੀ ਸਾਹਿਬ ਨੂੰ



Digitized by Panjab Digital Library | www.panjabdigilib.org

ਕਿਸੇ ਨੇ ਪਤਾ ਦਿਤਾ ਕਿ ਫਲਾਣੇ ਪਿੰਡ ਵਿਚ ਪਸਤੌਲ ਮੁੱਲ ਮਿਲ ਜਾਂਦੇ ਹਨ। ਬੱਲੀ ਜੀ ਓਥੋਂ ਪਸਤੌਲ ਖ਼ਰੀਦਣ ਵਾਸਤੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਚੜ੍ਹ ਦੌੜੇ। ਸੁੱਖ ਨਾਲ ਆਪਣੇ ਪਿਛੇ ਦੋ ਸਵਾਰੀਆਂ ਹੋਰ ਲੱਦ ਰੱਖੀਆ ਸਨ ਤੇ ਕੋਲ ਡਰਾਈਵਿੰਗ ਲਾਇਸੈਂਸ ਵੀ ਕੋਈ ਨਹੀਂ ਸੀ। ਸ਼ਾਹਦਰੇ ਦੇ ਲਾਗੋਂ ਦੀ ਲੰਘਦੇ ਜਾ ਰਹੇ ਸਨ ਕਿ ਇਕ ਸਿੱਖ ਪਟਵਾਰੀ ਦੀ ਲੜਕੀ ਦੇ ਉਤੋਂ ਦੀ ਲਿਤਾੜਾ ਦੇਂਦੇ ਹੋਏ ਨਿਕਲ ਗਏ। ਲੋਕਾਂ ਦੇ ਹਾਲ ਦੁਹਾਈ ਮਚਾਉਣ 'ਤੇ ਇਨ੍ਹਾਂ ਨੇ ਸਾਈਕਲ ਰੋਕ ਲਿਆ ਤਾਂ ਜੁ ਲੜਕੀ ਵਾਸਤੇ ਦਵਾ ਦਾਰੂ ਦੀ ਸਹਾਇਤਾ ਕਰ ਸਕਣ। ਪਰ ਲੜਕੀ ਓਥੇ ਹੀ ਮਰ ਗਈ। ਸੁ ਪੁਲਸ ਨੇ ਆ ਕੇ ਦਫ਼ਾ ੩੦੪ ਦੇ ਅਧੀਨ ਗ੍ਰਿਫ਼ਤਾਰ ਕਰ ਲਿਆ। ਮੈਨੂੰ ਖ਼ਬਰ ਮਿਲੀ ਤਾਂ ਸ਼ਾਹਦਰੇ ਜਾ ਕੇ ਹਾਜ਼ਰ ਜ਼ਮਾਨਤ ਦੇ ਕੇ ਉਸ ਨੂੰ ਛੁਡਾ ਲਿਆਂਦਾ।

ਮੁਕੱਦਮਾ ਸ਼ੇਖ਼ੂਪੁਰੇ ਦੀ ਅਦਾਲਤ ਵਿਚ ਭੇਜ ਦਿਤਾ ਗਿਆ। ਬੱਲੀ ਜੀ ਤਾਂ ਆਪਣੀ ਜਥੇਦਾਰੀ ਦੇ ਧੰਦੇ ਵਿਚ ਰੁਝੇ ਰਹਿੰਦੇ ਸਨ। ਕਿਉਂਕਿ ਲਾਹੌਰ ਵਿਚ ਫਿਰਕੂ ਫ਼ਸਾਦਾਂ ਦੇ ਭਾਂਬੜ ਦਿਨੋ ਦਿਨ ਤੇਜ਼ ਹੁੰਦੇ ਜਾਂਦੇ ਸਨ। ਇੱਕੜ ਦੁੱਕੜ ਚਾਕੂ ਛੁਰੀਆਂ ਦੀਆਂ ਵਾਰਦਾਤਾਂ ਹੋਣ ਲੱਗ ਗਈਆਂ ਸਨ, ਜਿਸ 'ਤੇ ਗਲੀ ਗਲੀ ਤੇ ਮਹੱਲੇ ਮਹੱਲੇ ਬਚਾਉ ਕਮੇਟੀਆਂ ਦੇ ਜਾਲ ਵਿਛਾ ਦਿਤੇ ਗਏ ਸਨ। ਲੋਕਾਂ ਨੇ ਆਪਣੇ ਮਕਾਨਾਂ ਦੀਆਂ ਛੱਤਾਂ ਉਪਰ ਇੱਟਾਂ, ਵੱਟੇ ਤੇ ਰੋੜੇ ਜਮ੍ਹਾਂ ਕਰਨੇ ਸ਼ੁਰੂ ਕਰ ਰੱਖੇ ਸਨ। ਦੋ ਦਾਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਵੀ ਕਰ ਲਿਆ ਸੀ ਕਿ ਤੁਸੀਂ ਲੋਕ ਫ਼ਸਾਦ ਕਰਵਾਉਂਦੇ ਹੋ ਤੇ ਹੁਣ ਫ਼ਸਾਦਾਂ ਦੀ ਅੱਗ ਨੂੰ ਦੂਰ ਦੂਰ ਤਕ ਭੜਕਾ ਦੇਣ ਦੀਆਂ ਤਿਆਰੀਆਂ ਕਰ ਰਹੇ ਹੋ। ਤੁਹਾੜੇ ਪਾਸੋਂ ਜਨਤਾ ਦਾ ਅਮਨ ਭੰਗ ਕੀਤੇ ਜਾਣ ਦਾ ਖ਼ਤਰਾ ਹੈ। ਇਤਿਆਦਿ, ਇਤਿਆਦਿ।

ਸਾਡੇ ਪਾਸ ਸਿਵਾਇ ਕਿਰਪਾਨਾਂ ਦੇ ਹੋਰ ਕੋਈ ਆਤਸ਼ੀ ਅਸਲ੍ਹਾ ਬੰਦੂਕ, ਰਾਈਫ਼ਲ ਜਾਂ ਪਸਤੌਲ ਆਦਿ ਹੈ ਹੀ ਕੋਈ ਨਹੀਂ ਸੀ। ਅਸਾਂ ਪੁਲਿਸ ਦੀ ਪਕੜ ਤੋਂ ਬਚ ਕੇ ਇੱਟਾਂ ਵੱਟੇ ਤੇ ਰੋੜੇ ਕੋਠੇ ਉਪਰ ਇਕੱਠੇ ਕਰ ਲੈਣ ਦਾ ਇਕ ਹੋਰ ਢੰਗ ਸੋਚ ਲਿਆ। ਸਭ ਤੋਂ ਉਪਰਲੀ ਛੱਤੇ ਜਿਥੇ ਅਸੀਂ ਸੌਂਇਆਂ ਕਰਦੇ ਸੀ, ਇਕ ਨੁੱਕਰੇ ਕਰ ਕੇ ਇੱਟਾਂ ਦੀ ਵਲਗਣ ਕਰ ਲਈ ਤੇ ਉਸ ਦੇ ਵਿਚਕਾਰੇ ਇਕ



Digitized by Panjab Digital Library | www.panjabdigilib.org

ਤੰਦੂਰ ਵਿਢ ਦਿਤਾ। ਏਸ ਵਲਗਣ ਦੀ ਚਿਣਾਈ ਗਾਰੇ ਦੀ ਕਰਵਾਈ ਗਈ ਤਾਂ ਜੁ ਲੋੜ ਪੈਣ ਸਮੇਂ ਇੱਟਾਂ ਆਸਾਨੀ ਨਾਲ ਉਖੇੜੀਆਂ ਜਾ ਸਕਣ।

ਪੁਲਿਸ ਨੂੰ ਕਿਸੇ ਨੇ ਸੂਹ ਜਾ ਦਿਤੀ ਕਿ ਏਸ ਕੋਠੇ ਉਪਰ ਬਹੁਤ ਸਾਰੀਆਂ ਇੱਟਾਂ ਤੇ ਵੱਟੇ ਇਕੱਠੇ ਕੀਤੇ ਹੋਏ ਹਨ। ਪੁਲਿਸ ਵਾਲੇ ਆਏ ਤਾਂ ਉਨ੍ਹਾਂ ਨੂੰ ਕੋਈ ਵੀ ਇੱਟ ਵੱਟਾ ਨਜ਼ਰ ਨਾ ਪਿਆ। ਲੱਭਾ ਹੀ ਲੱਭਾ ਤਾਂ ਇਕ ਤੰਦੂਰ ਤੇ ਦੋ ਤਿੰਨ ਚੁੱਲ੍ਹੇ ਉਹ ਵੀ ਢੱਠੇ ਹੋਏ।

ਜਿਸ 'ਤੇ ਉਹ ਹੌਲੀ ਹੌਲੀ ਆਪਸ ਵਿਚ ਨਾਲੇ ਤੇ ਘੁਸਰ ਮੁਸਰ ਕਰਦੇ ਰਹੇ ਤੇ ਨਾਲੇ ਮੁਸਕਰਾਉਂਦੇ ਰਹੇ। ਇਕ ਦੇ ਮੂੰਹੋਂ 'ਵਕੀਲ' ਦਾ ਸ਼ਬਦ ਸੁਣਿਆ ਤੇ ਹੋਰ ਕਿਸੇ ਗੱਲ ਦੀ ਸਮਝ ਨਾ ਆਈ, ਉਹ ਏਸ ਤਰ੍ਹਾਂ ਤਲਾਸ਼ੀ ਦੀ ਆਪਣੀ ਕਾਗ਼ਜ਼ੀ ਕਾਰਵਾਈ ਮੁਕੰਮਲ ਕਰ ਕੇ ਚਲਦੇ ਬਣੇ।

ਅਗਲੇ ਦਿਨ ਸਾਡੇ ਮਹੱਲੇ ਵਾਲਿਆਂ ਵੀ ਮੀਟਿੰਗ ਕੀਤੀ ਤੇ ਬੱਲੀ ਨੂੰ ਵੀ ਬੁਲਾ ਭੇਜਿਆ। ਉਹ ਘਰ ਨਹੀਂ ਸੀ। ਸ਼ੇਖੂ ਪੁਰੇ ਗਿਆ ਹੋਇਆ ਸੀ ਸੋ ਉਸ ਦੀ ਥਾਂ ਮੈਂ ਆਪ ਹੀ ਚਲਾ ਗਿਆ। ਅਗੇ ਬਹੁਤ ਸਾਰੇ ਲਾਲੇ ਪਰ੍ਹੇ ਬੰਨ੍ਹ ਕੇ ਜੁੜੇ ਬੈਠੇ ਸਨ। ਬਚਾਉ ਦਾ ਸਾਮਾਨ ਪੱਕਿਆਂ ਕਰਨ ਦੀਆਂ ਤਜਵੀਜ਼ਾਂ ਢਾਲੀਆਂ ਜਾ ਰਹੀਆਂ ਸਨ। ਮੈਨੂੰ ਪੁੱਛਿਆ ਨੇ ਕਿ ਤੁਹਾਡੇ ਕੋਲ ਕੋਈ ਬੰਦੂਕ ਪਸਤੌਲ ਹੈ ?

ਮੈਂ ਨਾਂਹ ਵਿਚ ਉੱਤਰ ਦਿਤਾ ਤੇ ਨਾਲ ਹੀ ਦਸਿਆ ਕਿ ਸਾਡੇ ਪਾਸ ਤਾਂ ਹਰ ਇਸਤਰੀ ਮਰਦ ਪਾਸ ਕਿਰਪਾਨਾਂ ਤਾਂ ਜ਼ਰੂਰ ਹੈਗੀਆਂ ਨੇ ਤੇ ਹਥੋ ਹਥੀ ਲੜਾਈ ਅਸੀਂ ਚੰਗੀ ਕਰ ਸਕਦੇ ਹਾਂ। ਬੰਦੂਕ ਵੀ ਹੈ, ਪਰ ਉਹ ਅੰਮ੍ਰਿਤਸਰ ਪਈ ਹੈ। ਜਦੋਂ ਜਾਵਾਂਗਾ ਲੈ ਆਵਾਂਗਾ। ਉਹ ਆਖਣ ਲਗੇ ਸੁਣਿਆ ਹੈ ਮੁਸਲਮਾਨਾਂ ਅਜ ਏਸ ਮਹੱਲੇ 'ਤੇ ਹਮਲਾ ਕਰਨਾ ਹੈ। ਮੇਰਾ ਗਵਾਂਢੀ ਲਾਲਾ ਕਹਿਣ ਲਗਾ ਕਿ ਮੇਰੇ ਕੋਲ ਇਕ ਦੋ ਮੋਰੀਆਂ ਵਾਲੀ ਬੰਦੂਕ ਪਈ ਹੈ।

ਇਕ ਸ਼ੋਖ ਤਬੀਅਤ ਮੁੰਡੇ ਨੇ ਉਸ ਨੂੰ ਪੁੱਛਿਆ ਕਿ "ਸ਼ਾਹ ਜੀ ! ਕਦੀ ਚਲਾਈ ਵੀ ਜੇ ?" ਲਾਲੇ ਨੇ ਉੱਤਰ ਦਿਤਾ, ਕਿ "ਚਲਾਉਣੀ ਤਾਂ ਉਸ ਨੂੰ ਆਉਂਦੀ ਕੋਈ ਨਹੀਂ। ਪਰ ਉਸ ਦਾ ਵਡਾ ਲੜਕਾ ਚਲਾ ਲੈਂਦਾ ਹੈ। ਇਕ ਦਿਨ ਉਹ 'ਛਕਾਰੇ' (ਸ਼ਕਾਰ) ਚੜ੍ਹਿਆ ਸੀ ਤਾਂ ਦੋ ਘੁਘੀਆਂ ਮਾਰ ਕੇ ਲਿਆਇਆ



Digitized by Panjab Digital Library | www.panjabdigilib.org

ਸੀ। ਅਸਾਂ ਰਜ ਰਜ ਕੇ ਮਾਸ ਖਾਧਾ।"

ਮੈਂ ਕਿਹਾ, "ਸ਼ਾਹ ਜੀ ! ਤੁਹਾਡੀ ਸਾਡੀ ਛਤ ਤਾਂ ਨਾਲ ਨਾਲ ਹੀ ਹੈ। ਦੋਹਾਂ ਮਕਾਨਾਂ ਦੀ ਵਿੱਥ ਸਭੋ ਚਾਰ ਫ਼ੁਟ ਦੀ ਗਲੀ ਦੀ ਹੀ ਤਾਂ ਹੈ। ਸੁ ਤੁਸੀਂ ਰੌਲਾ ਗੌਲਾ ਹੋਣ 'ਤੇ ਉਹ ਬੰਦੂਕ ਮੈਨੂੰ ਫੜਾ ਦੇਣੀ। ਮੈਂ ਫੜ ਲਵਾਂਗਾ। ਵੇਖਿਓ ਫੇਰ ਚਲਦੀ ਕਿਵੇਂ ਹੈ। ਗੋਲੀਆਂ ਢੇਰ ਸਾਰੀਆਂ ਲਿਆ ਰਖਣੀਆਂ।"

ਉਹ ਕਹਿਣ ਲਗਾ, "ਜੀ ਗੋਲੀਆਂ ਦੀ ਕੀ ਪ੍ਰਵਾਹ ਹੈ ? ਇਕ ਇਕ ਕਾਰਤੂਸ ਵਿਚ ਅਨੇਕਾਂ ਹੀ ਹੁੰਦੀਆਂ ਜੇ। ਇਕ ਦਿਨ ਮੇਰੇ ਮੁੰਡੇ ਨੇ ਇਕ ਕਾਰਤੂਸ ਚਾਕੂ ਨਾਲ ਪਾੜ ਕੇ ਵੇਖਿਆ ਸੀ ਵਿਚੋਂ ਕਿੰਨੀਆਂ ਹੀ ਪੁਰਲ ਪੁਰਲ ਕਰਦੀਆਂ ਨਿਕਲ ਆਈਆਂ ਸਨ। ਭਲਾ ਸਰਦਾਰ ਜੀ ! ਇਕ ਗੋਲੀ ਨਾਲ ਕਿੰਨੇ ਕੁ ਬੰਦੇ ਮਾਰੇ ਜਾਂਦੇ ਨੇ ?"

ਮੈਂ ਹੱਸ ਪਿਆ ਤੇ ਕਿਹਾ "ਸ਼ਾਹ ਜੀ ਬੰਦੂਕ ਦਾ ਤਾਂ ਖੜਾਕ ਸੁਣ ਕੇ ਹੀ ਕਈ ਬੰਦੇ ਡਿਗ ਪੈਂਦੇ ਨੇ ਪਰ ਮਰਦੇ ਉਹ ਘਰ ਜਾ ਕੇ ਨੇ।" ਮੇਰੀ ਗੱਲ ਸੁਣ ਕੇ ਸਾਰਿਆਂ ਨੇ, ਤਾੜੀ ਮਾਰ ਦਿਤੀ ਤੇ ਇਕ ਜ਼ਬਾਨ ਹੋ ਕੇ ਬੋਲ ਉਠੇ "ਵਾਹ ! ਸਰਦਾਰ ਜੀ ਵਾਹ !! ਖ਼ੂਬ ਕਹੀ ਜੇ !" ਦੋ ਦੋ ਆਦਮੀਆਂ ਦੀਆਂ ਪਿਕਟਾਂ ਨੀਯਤ ਕੀਤੀਆਂ ਗਈਆਂ ਕਿ ਜਦੋਂ ਮੁਸਲਮਾਨ ਆਣ ਪੈਣ, ਉਹ ਬਾਕੀ ਮਹੱਲੇ ਨੂੰ ਖ਼ਬਰਦਾਰ ਕਰ ਦੇਣ।

ਅੱਧੀ ਰਾਤ ਤਕ ਮੁਸਲਮਾਨ ਤਾਂ ਕੋਈ ਨਹੀਂ ਸੀ ਆਇਆ। ਪਰ ਦੋ ਚਾਰ ਸ਼ਰਾਰਤੀ ਮੁੰਡਿਆਂ ਨੇ ਐਵੇਂ ਕਿਵੇਂ "ਆ ਗਏ, ਓਇ ! ਆ ਗਏ ਜੇ" ਦਾ ਰੌਲਾ ਚੁਕ ਪਾਇਓ ਨੇ। ਸੁ ਅਸੀਂ ਸਾਰੇ ਜਾਗ ਪਏ। ਮੈਂ ਲਾਲਾ ਜੀ ਨੂੰ ਆਵਾਜ਼ ਦੇ ਕੇ ਬੰਦੂਕ ਮੰਗੀ। ਪਰ ਬੰਦੂਕ ਕਿਨ੍ਹੇ ਦੇਣੀ ਸੀ।

ਮੁੰਡਿਆਂ ਦਾ ਰੌਲਾ ਸੁਣ ਕੇ ਸ਼ਾਹ ਜੀ ਨੂੰ ਤਾਂ ਗ਼ਸ਼ਾਂ ਪੈਣ ਲਗ ਪਈਆਂ। ਘਰ ਦੇ ਜਿੰਨੇ ਜੀਅ ਸਨ, ਕੋਈ ਪੱਖਾ ਝਲਣ ਲਗ ਪਿਆ ਤੇ ਕੋਈ ਗੁਲਾਬ ਤੇ ਕੋਈ ਕਿਓੜਾ ਛਿੜਕਣ ਲਗ ਪਿਆ। ਅਸਾਂ ਕਹੀ ਫੜ ਕੇ ਚੁਲ੍ਹੇ ਢਾਹੁਣੇ ਤੇ ਚੌਂਤਰੇ ਪੁਟਣੇ ਸ਼ੁਰੂ ਕਰ ਦਿਤੇ।

ਏਨੇ ਨੂੰ ਇਕ ਮੁੰਡੇ ਨੇ ਆਣ ਆਖਿਆ "ਅਸੀਂ ਤਾਂ ਮਜ਼ਾਕ ਕੀਤਾ ਸੀ। ਤੰਦੂਰ ਅਸਾਂ ਅਜੇ ਨਹੀਂ ਸੀ ਢਾਹਿਆ ਸੁ ਉਹ ਤਾਂ ਸਬੂਤਾ ਹੀ ਬਚਿਆ ਰਹਿ



Digitized by Panjab Digital Library | www.panjabdigilib.org

ਗਿਆ ਤੇ ਚੁਲ੍ਹੇ ਅਸਾਂ ਅਗਲੇ ਦਿਨ ਸਵੇਰੇ ਫੇਰ ਬਣਾ ਲਏ। ਲਾਲਾ ਜੀ ਨੂੰ ਸਾਰਾ ਟੱਬਰ ਸਾਰੀ ਰਾਤ ਵਾਰੀ ਵਾਰੀ ਪੱਖਾ ਝਲਦਾ ਰਿਹਾ ਤੇ ਕਈ ਬੋਤਲਾਂ ਗੁਲਾਬ ਤੇ ਕਿਓੜੇ ਦੀਆਂ ਛਿੜਕ ਛਿੜਕ ਕੇ ਮੁਕਾ ਦਿਤੀਆਂ, ਫੇਰ ਕਿਤੇ ਜਾ ਕੇ ਲਾਲਾ ਜੀ ਮਸਾਂ ਹੋਸ਼ ਵਿਚ ਲਿਆਂਦੇ ਗਏ। ਉਨ੍ਹਾਂ ਦੇ ਘਰ ਦੇ ਘੜੀ ਘੜੀ ਲਾਲਾ ਜੀ ਨੂੰ "ਕੋਈ ਨਹੀਂ ਆਏ, ਕੋਈ ਨਹੀਂ ਆਏ" ਉਚੀ ਉਚੀ ਆਖ ਆਖ ਹੌਸਲਾ ਦਵਾਈ ਜਾਂਦੇ ਸਨ। ਤੇ ਆਖ਼ਰ ਇਹ ਵੀ ਦਸਣਾ ਪੈ ਗਿਆ ਕਿ ਉਹ ਤਾਂ ਮੁੰਡਿਆਂ ਨੇ ਮਸ਼ਕਰੀ ਹੀ ਕੀਤੀ ਸੀ।

ਅਗਲੇ ਦਿਨ ਸਵੇਰੇ ਹੀ ਮੇਰਾ ਬੈਰਿਸਟਰ ਦੋਸਤ ਮੋਢੇ 'ਤੇ ਬੰਦੂਕ ਤੇ ਹੱਥ ਵਿਚ ਕਾਰਤੂਸਾਂ ਦਾ ਥੈਲਾ ਫੜੀ ਆ ਗਿਆ ਤੇ ਕਹਿਣ ਲਗਾ "ਲੋਕਾਂ ਦੀ ਐਸੀ ਤੈਸੀ ਕੌਣ ਜੰਮਿਆਂ ਹੈ ਮੇਰੇ ਭਰਾ ਦੀ ਗਲੀ ਤੇ ਹੱਲਾ ਕਰਨ ਵਾਲਾ ? ਅਜ ਰਾਤ ਤੋਂ ਮੈਂ ਬੰਦੂਕ ਲੈ ਕੇ ਏਥੇ ਹੀ ਸੌਂਇਆ ਕਰਾਂਗਾ।" ਮੈਂ ਉਸ ਨੂੰ ਚਾਹ ਪਿਆਈ ਤੇ ਆਪਣੇ ਵਲੋਂ ਧੀਰਜ ਬਨ੍ਹਾ ਕੇ ਤੋਰ ਦਿਤਾ ਕਿ "ਸਾਨੂੰ ਸਤ ਤੇ ਵੀਹ ਖੈਰੀਂ ਹਨ, ਜਿਸ ਦਾ ਰੱਬ, ਉਸ ਨੂੰ ਦੋਸਤਾਂ ਦੇ ਹੁੰਦਿਆਂ ਕੌਣ ਮਾਰੇ ?"

ਦਿਨ ਬੀਤਦੇ ਗਏ। ਗਰਮੀ ਬੜੀ ਸਖ਼ਤ ਪੈਣ ਲਗ ਪਈ। ਮੈਂ ਪਹਾੜ ਤੁਰ ਜਾਣ ਲਈ ਤਿਆਰ ਹੋ ਪਿਆ। ਮੈਂ ਲੜਕੀਆਂ ਤੇ ਨੂੰਹਾਂ ਨੂੰ ਵੀ ਨਾਲ ਹੀ ਲੈ ਜਾਣਾ ਚਾਹੁੰਦਾ ਸੀ। ਮੇਰਾ ਲੜਕਾ ਤੇ ਦਾਮਾਦ ਮੇਰੀ ਇਸ ਗੱਲ ਦੇ ਵਰੋਧੀ ਸਨ। ਉਹ ਕਹਿਣ ਕਿ ਉਹ ਏਥੇ ਇਕੱਲੇ ਕੀ ਬਣਾਉਣਗੇ ? ਰੋਟੀ ਪਾਣੀ ਪਕਾਉਣ ਬਣਾਉਣ ਦਾ ਕੀ ਪ੍ਰਬੰਧ ਹੋਵੇਗਾ ? ਰਸੋਈਏ ਦੌੜ ਗਏ ਹਨ। ਹੋਟਲ ਬੰਦ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਰੋਟੀਆਂ ਕੌਣ ਪਕਾ ਕੇ ਦੇਵੇਗਾ ?

ਏਨੇ ਨੂੰ ਮੇਰਾ ਬੜਾ ਹੀ ਪਿਆਰਾ ਦੋਸਤ ਮਿਸਟਰ ਬੀ. ਆਈ. ਅਲੀ ਖਾਂ ਬੈਰਿਸਟਰ ਮੈਨੂੰ ਮਿਲਣ ਵਾਸਤੇ ਆ ਗਿਆ। ਅਗੇ ਸਾਮਾਨ ਬੱਧਾ ਹੋਇਆ ਵੇਖ ਕੇ ਪੁੱਛਣ ਲਗਾ, "ਕਿਉਂ ਸਗੋਂ ਕੁੱਕੜਨਾਗ (ਕਸ਼ਮੀਰ ਦੀ ਇਕ ਬਸਤੀ ਦਾ ਨਾਮ ਹੈ) ਦੀ ਤਿਆਰੀ ਹੋ ਰਹੀ ਹੈ ? "ਮੈਂ ਕਿਹਾ ਨਹੀਂ ਐਤਕੀਂ ਮੋਹਣ (ਕੈਪਟਨ ਮਨਮੋਹਣ ਸਿੰਘ ਮੇਰਾ ਤੀਜਾ ਲੜਕਾ) ਵਲ 'ਮਹੂ' ਜਾਣ ਦਾ ਖ਼ਿਆਲ ਹੈ। ਸੁਣਿਆ ਹੈ ਕਿ ਉਹ ਵੀ ਚੰਗੀ ਠੰਡੀ ਥਾਂ ਹੈ।" ਅਲੀ ਖਾਂ ਕਹਿਣ ਲਗਾ "ਭਰਾ ਜੀ ? ਕੁੜੀਆਂ ਨੂੰ ਏਥੇ ਛਡ ਕੇ ਨਾ ਜਾਣਾ ! ਇਹ ਅਛੂਤ ਬੰਦਿਆਂ ਦਾ



Digitized by Panjab Digital Library | www.panjabdigilib.org

ਦੇਸ ਹੈ। ਸਾਰਿਆਂ ਨੂੰ ਆਪਣੇ ਨਾਲ ਲੈ ਕੇ ਜਾਣਾ। ਮੁੰਡੇ ਆਪੇ ਮਗਰੋਂ ਠੰਡਾ ਤੱਤਾ ਸਮੋਂਦੇ ਰਹਿਣਗੇ।"

ਮੈਂ ਕਿਹਾ 'ਅਲੀ! ਇਹ ਤਾਂ ਮੰਨਦੇ ਨਹੀਂ।" ਉਹ ਕਹਿਣ ਲਗਾ "ਇਹ ਤਾਂ ਬੇਵਕੂਫ਼ ਨੇ। ਇਕ ਇਹੋ ਹੀ ਗੱਲ ਪਲੇ ਬੰਨ੍ਹੀ ਬੈਠੇ ਨੇ ਕਿ ਔਰਤਾਂ ਤਾਂ ਬਸ ਨਿਰੀਆਂ ਪੂਰੀਆਂ ਰੋਟੀਆਂ ਪਕਾਉਣ ਨੂੰ ਹੀ ਪੈਦਾ ਹੋਈਆਂ ਨੇ। ਜੇ ਇਨ੍ਹਾਂ ਨੂੰ ਰੋਟੀ ਨਾ ਜੁੜੇਗੀ ਤੇ ਮੇਰੇ ਘਰ ਆ ਜਾਣਗੇ। ਤੇ ਰਜ ਰਜ ਕੇ ਖਾ ਲਿਆ ਕਰਨਗੇ। ਜੇ ਨੌਕਰ ਨੱਸ ਗਏ ਹਨ ਤਾਂ ਵਿੰਗੀਆਂ ਟੇਢੀਆਂ ਆਪੇ ਰੇੜ੍ਹ ਲਿਆ ਕਰਨਗੇ। ਨਹੀਂ ਤਾਂ ਕੁਣਕਾ ਪ੍ਰਸ਼ਾਦਿ ਬਣਾ ਕੇ ਛਕ ਛਡਿਆ ਕਰਾਂਗੇ। ਤੂੰ ਸਾਨੂੰ ਹਲਵਾ ਬਣਾਉਣਾ ਤੇ ਮਠੀਆਂ ਤਲਨੀਆਂ ਕੁੱਕੜਨਾਗ ਹੀ ਸਿਖਾ ਛਡੀਆਂ ਸਨ।

ਅਲੀ ਖਾਨ ਤਾਂ ਦੋ ਘੰਟੇ ਗੱਪਾਂ ਮਾਰ ਕੇ ਚਲਾ ਗਿਆ, ਪਰ ਜਾਂਦਾ ਜਾਂਦਾ ਫੇਰ ਤਾਕੀਦ ਕਰ ਗਿਆ ਕਿ ਵੇਖੀਂ! ਕਿਤੇ ਗ਼ਲਤੀ ਨਾ ਕਰੀਂ, ਨੂੰਹਾਂ ਧੀਆਂ ਸਾਰੀਆਂ ਨੂੰ ਨਾਲ ਹੀ ਲੈ ਕੇ ਜਾਵੀਂ। ਘਰ ਵਿਚ ਦੋ ਧੜੇ ਹੋ ਗਏ। ਇਕ ਧੜਾ ਨਾਲ ਲੈ ਜਾਣ ਦੇ ਹਕ ਵਿਚ ਤੇ ਦੂਜਾ ਏਥੇ ਹੀ ਛਡ ਜਾਣ ਦੇ ਪਖ ਵਿਚ ਅੜ ਖਲੋਤਾ। ਓੜਕ ਮੈਂ ਦੋਹਾਂ ਪੱਖਾਂ ਦੀਆਂ ਪਰਚੀਆਂ ਮਹਾਰਾਜ ਜੀ ਦੀ ਹਜ਼ੂਰੀ ਵਿਚ ਪਾ ਦਿਤੀਆਂ। ਪਰਚੀ "ਨਾਲ ਲੈ ਚਲੋ" ਦੀ ਨਿਕਲ ਆਈ।

ਸੁ ਮੈਂ ਮੁੰਡਿਆਂ ਦੀ ਮੁਖਾਲਫ਼ਤ ਦੀ ਕੋਈ ਪ੍ਰਵਾਹ ਨਾ ਕਰਦਿਆਂ ਹੋਇਆਂ ਮਹੂ ਦੇ ਟਿਕਟ ਕਟਾ ਕੇ ਕੁੜੀਆਂ ਸਮੇਤ ਰੇਲੇ ਚੜ੍ਹ ਗਿਆ ਤੇ ਤੀਜੇ ਦਿਨ ਮਹੂ ਜਾ ਅਪੜਿਆ।

ਮਹੂ ਬੜੀ ਸੁੰਦਰ ਤੇ ਰਮਣੀਕ ਥਾਂ ਹੈ। ਮੌਸਮ ਸਾਰਾ ਸਾਲ ਹੀ ਠੰਡਾ ਰਹਿੰਦਾ ਹੈ। ਸਾਰੇ ਸਾਲ ਵਿਚ ਦੋ ਮਹੀਨੇ ਹੀ ਕਮਰੇ ਵਿਚੋਂ ਬਾਹਰ ਮੰਜਾ ਕਢ ਕੇ ਸੌਣਾ ਪਿਆ। ਉਹ ਵੀ ਬਰਾਂਡੇ ਵਿਚ ਤੇ ਕੰਬਲ ਲੈ ਕੇ। ਏਥੇ ਹੀ ਰਹਿੰਦਿਆਂ ਪੰਜਾਬ ਭਰ ਵਿਚ ਹੀ, ਤੇ ਖ਼ਾਸ ਕਰ ਕੇ ਉਸ ਇਲਾਕੇ ਵਿਚ ਜਿਸ ਨੂੰ ਹੁਣ ਪੱਛਮੀ ਪਾਕਿਸਤਾਨ ਆਖਿਆ ਜਾਂਦਾ ਹੈ, ਫਿਰਕੂ ਫਸਾਦਾਂ ਦੇ ਭਾਂਬੜ ਮਚ ਪਏ। ਇਹ ਫ਼ਸਾਦ ਸਾਰੇ ਭਾਰਤ ਵਰਸ਼ ਦੇ ਪੱਧਰ ਉਪਰ ਤਾਂ ਹਿੰਦੂਆਂ ਤੇ ਮੁਸਲਮਾਨਾਂ ਦੇ ਦਰਮਿਆਨ ਦੇਸ ਦੀ ਵੰਡ ਵੰਡਾਈ ਦੇ ਸਵਾਲ 'ਤੇ ਹੋ ਰਹੇ ਸਨ ਤੇ ਸਿੱਖ ਇਨ੍ਹਾਂ ਫਸਾਦਾਂ ਅੰਦਰ ਸਾਂਝਾ ਫ਼ਰੀਕ ਬਣੇ ਰਹਿਣਾ ਚਾਹੁੰਦੇ ਸਨ, ਪਰ ਓੜਕ "ਖ਼ੂਨ ਪਾਣੀ ਨਾਲੋਂ ਗਾੜ੍ਹਾ



Digitized by Panjab Digital Library | www.panjabdigilib.org

ਹੁੰਦਾ ਹੈ' ਦੇ ਆਖਾਣ ਦੇ ਆਧਾਰ 'ਤੇ ਸਿੱਖਾਂ ਨੂੰ ਵੀ ਹਿੰਦੂਆਂ ਦਾ ਹੀ ਸਾਥ ਦੇਣ ਲਈ ਮਜਬੂਰ ਹੋਣਾ ਪੈ ਗਿਆ।

ਸਾਰੇ ਦੇਸ ਅੰਦਰ ਚੋਖੀ ਸਾਰੀ ਗੜ ਬੜ ਮਚ ਗਈ। ਆਹਮੋਂ ਸਾਹਮਣੇ ਕੱਟ ਵੱਢ ਦੇ ਬਾਜ਼ਾਰ ਗਰਮ ਹੋ ਗਏ। ਪੱਛਮੀ ਪੰਜਾਬ ਵਿਚੋਂ ਹਿੰਦੂਆਂ ਤੇ ਸਿਖਾਂ ਨੂੰ ਪੂਰਬੀ ਪੰਜਾਬ ਵਲ ਧੱਕ ਦਿਤਾ ਗਿਆ ਤੇ ਪੂਰਬੀ ਪੰਜਾਬ ਵਿਚੋਂ ਮੁਸਲਮਾਨਾਂ ਨੂੰ ਹਿੰਦੂਆਂ ਤੇ ਸਿਖਾਂ ਨੇ ਪੱਛਮ ਦੇ ਪਾਸੇ ਧੱਕ ਦਿਤਾ। ਦੋਹੀਂ ਪਾਸੀਂ ਜੋ ਵਿਰੋਧੀ ਪੱਖ ਦਾ ਬੰਦਾ ਬਚ ਕੇ ਦੂਜੇ ਪੱਖ ਦੀ ਬਹੁਗਿਣਤੀ ਦੀ ਧਰਤੀ ਵਿਚੋਂ ਆਪਣਾ ਜੱਦੀ ਦੇਸ ਛਡ ਕੇ ਨਿਕਲ ਜਾਏ ਸੁ ਨਿਕਲ ਜਾਏ ਤੇ ਜੋ ਅੜਿਆ ਰਹੇ ਸੋ ਮਾਰ ਕੇ ਪਾਰ ਬੁਲਾ ਦਿਤਾ ਜਾਵੇ।

ਫ਼ਿਰਕੂ ਢਟਿਆਂ ਦੇ ਭੇੜ ਵਿਚ ਵਿਚਾਰੀਆਂ ਇਸਤ੍ਰੀਆਂ ਵਾਸਤੇ ਵੱਡੀ ਭਾਰੀ ਮੁਸੀਬਤ ਬਣ ਗਈ। ਜੋ ਜੋ ਅਤਿਆਚਾਰ ਦੋਪਾਸੀਂ ਇਸਤ੍ਰੀ ਵਰਗ ਨਾਲ ਹੋਏ ਉਨ੍ਹਾਂ ਨੂੰ ਹੂ-ਬ-ਹੂ ਅੰਕਿਤ ਕਰਨ ਦੀ ਤਾਕ਼ਤ ਕਲਮ ਤੋਂ ਬਾਹਰ ਹੈ। ਜੋ ਉਨ੍ਹਾਂ ਵਿਚਾਰੀਆਂ ਨੂੰ ਆਪਣਾ ਸਤ ਬਚਾਉਣ ਲਈ ਪਰਵਾਨਾ ਵਾਰ ਕੁਰਬਾਨੀਆਂ ਦਾ ਰਾਹ ਫੜਨਾ ਪਿਆ, ਬੱਸ! ਚੁੱਪ ਹੀ ਭਲੀ ਹੈ।

ਸਾਨੂੰ ਉਹ ਵੇਲਾ ਚੰਗੀ ਤਰ੍ਹਾਂ ਯਾਦ ਹੈ. ਜਦ ਅਸੀਂ ਕਦੀ ਤਾਂ ਉਨ੍ਹਾਂ ਲੂੰਅ ਕੰਡੇ ਖੜੇ ਕਰਨ ਵਾਲੇ ਸਮਾਚਾਰ ਦੁਖਿਆਰਿਆਂ ਲੋਕਾਂ ਦੀ ਜ਼ਬਾਨੀ ਸੁਣਿਆਂ ਕਰਦੇ ਸੀ ਤੇ ਕਦੀ ਅਖ਼ਬਾਰਾਂ ਵਿਚ ਪੜ੍ਹਿਆ ਸੁਣਿਆ ਕਰਦੇ ਸੀ ਤੇ ਮਨੁੱਖੀ ਅਕਲ 'ਤੇ ਹੈਰਾਨ ਹੋਇਆ ਕਰਦੇ ਸੀ ਕਿ ਹੇ ਰੱਬ ਜੀ! ਕੀ ਉਦੋਂ ਲੋਕਾਂ ਦੀ ਮਤ ਮਾਰੀ ਗਈ ਸੀ ਤੇ ਉਹ ਸੱਚ ਮੁਚ ਹਲਕਾਏ ਹੋ ਗਏ ਸਨ!

ਕੁਝ ਦਿਨ ਪਾ ਕੇ ਮੇਰਾ ਸਭ ਤੋਂ ਛੋਟਾ ਲੜਕਾ ਸ਼ੇਰ ਬਲਵੰਤ ਸਿੰਘ ਜੋ ਲਾਹੌਰ ਬੀਡਨ ਰੋਡ 'ਤੇ ਦੁਕਾਨ ਕਰਦਾ ਸੀ, ਆਪਣੀ ਵਹੁਟੀ ਨੂੰ ਲੈਣ ਲਈ ਆ ਗਿਆ। ਅਸਾਂ ਬਥੇਰਾ ਵਰਜਿਆ, ਪਰ ਉਹ ਵਰਜਿਆ ਨਾ ਹੀ ਰਹਿ ਸਕਿਆ। ਉਹ ਕਹਿਣ ਲਗਾ: "ਹੁਣ ਤਾਂ ਪਾਕਿਸਤਾਨ ਬਣ ਗਿਆ ਹੈ ਤੇ ਫ਼ਸਾਦਾਂ ਦਾ ਸ਼ੋਰ ਸ਼ਰਾਬਾ ਘਟ ਗਿਆ ਹੈ। ਉਸ ਨੂੰ ਮੁਸਲਮਾਨ ਦੋਸਤਾਂ ਵਲੋਂ ਲਾਹੌਰ ਆ ਜਾਣ ਵਾਸਤੇ ਸੱਦੇ 'ਤੇ ਸੱਦੇ ਆਉਣ ਲਗ ਪਏ ਹਨ। ਉਸ ਦੇ ਦਰਜ਼ੀ ਮੁਸਲਮਾਨ ਮੁਲਾਜ਼ਮਾਂ ਦੀਆਂ ਵੀ ਚਿੱਠੀਆਂ ਆ ਰਹੀਆਂ ਹਨ ਕਿ ਏਥੇ ਅਮਨ



Digitized by Panjab Digital Library | www.panjabdigilib.org

ਹੋ ਗਿਆ ਹੈ, ਫ਼ੌਰਨ ਚਲੇ ਆਓ।"

ਅਗੇ ਚਲ ਕੇ ਫੇਰ ਕਹਿਣ ਲਗਾ: "ਸੁ ਉਨ੍ਹਾਂ ਦੇ ਸੱਦਿਆਂ ਦੇ ਅਸਰ ਹੇਠ ਅਸੀਂ ਪੰਜਾਬੋਂ ਬਾਹਰ ਜਾ ਰਹੇ ਹਾਂ।" ਤੇ ਇਹ ਗੱਲ ਆਖ ਕੇ ਉਹ ਸੱਚ ਮੁਚ ਚਲੇ ਹੀ ਗਏ। ਪਰ ਦੋ ਦਿਨਾਂ ਦੇ ਅੰਦਰ ਅੰਦਰ ਹਾਲਾਤ ਫੇਰ ਵਿਗੜ ਗਏ। ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਦਿੱਲੀ ਤੋਂ ਅਗੇ ਪੈਰ ਨਾ ਪਾਉਣ ਦਿਤਾ। ਉਸ ਨੇ ਸੀਤਾ ਰਾਮ ਦੇ ਬਾਜ਼ਾਰ ਦੇ ਇਲਾਕੇ ਵਿਚ ਇਕ ਮਕਾਨ 'ਤੇ ਕਬਜ਼ਾ ਕਰ ਲਿਆ ਤੇ ਇਕ ਕਾਰਖ਼ਾਨੇ ਵਿਚ ਨੌਕਰੀ ਕਰ ਲਈ।

ਮਹੂ ਦੇ ਗੁਰਦੁਆਰੇ ਵਿਚ ਇਕ ਦਿਨ ਫ਼ੌਜੀ ਗੁਰਦੁਆਰੇ ਦੇ ਗ੍ਰੰਥੀ ਸਾਹਿਬ ਨੇ ਸਪਤਾਹਕ ਦੀਵਾਨ ਅੰਦਰ ਲੈਕਚਰ ਕਰਦਿਆਂ ਹੋਇਆ ਰਾਗਮਾਲਾ ਪੜ੍ਹੀ ਜਾਣ ਵਿਰੁਧ ਆਪਣੇ ਖ਼ਿਆਲ ਪ੍ਰਗਟ ਕੀਤੇ। ਇਹ ਸੱਜਣ ਕੋਈ ਕਮਿਊਨਿਸਟ ਵਿਚਾਰਧਾਰਾ ਦੇ ਸਮਰਥਕ ਜਾਪਦੇ ਸਨ। ਕਿਉਂਕਿ ਉਨ੍ਹਾਂ ਨੇ ਆਪਣੇ ਲੈਕਚਰ ਅੰਦਰ ਗੁਰੂ ਕੇ ਲੰਗਰ, ਸੰਗਮਰਮਰ ਤੇ ਸੋਨਾ ਚਾਂਦੀ ਚੜ੍ਹਾਉਣ ਤੇ ਕੜਾਹ ਪ੍ਰਸ਼ਾਦ ਕਰਾਉਣ ਦੀ ਮਰਯਾਦਾ ਨੂੰ ਧਨ ਦੀ ਬਰਬਾਦੀ ਦਾ ਨਾਉਂ ਦੇ ਕੇ ਸਿਖ ਪਰੰਪਰਾ ਦੀ ਘੋਰ ਨਿਰਾਦਰੀ ਕਰ ਦਿਤੀ ਸੀ।

ਰੱਬ ਸਬੱਬੀ ਉਸ ਦਿਨ ਉਥੇ ਇਕ ਚੀਫ਼ ਖ਼ਾਲਸਾ ਦੀਵਾਨ ਦੇ ਪਰਚਾਰਕ ਜੀ ਵੀ ਪਧਾਰੇ ਹੋਏ ਸਨ, ਉਨ੍ਹਾਂ ਨੇ ਰਾਗ ਮਾਲਾ ਦੇ ਸੰਬੰਧ ਵਿਚ ਗ੍ਰੰਥੀ ਜੀ ਵਲੋਂ ਪ੍ਰਗਟ ਕੀਤੇ ਹੋਏ ਵਿਚਾਰਾਂ ਦੀ ਰਜ ਰਜ ਕੇ ਵਿਰੋਧਤਾ ਕੀਤੀ। ਪਰ ਲੰਗਰ, ਸੰਗਮਰਮਰ ਤੇ ਕੜਾਹ ਪ੍ਰਸ਼ਾਦ ਉਪਰ ਖ਼ਰਚ ਕਰਨ ਬਾਰੇ ਮੂੰਹੋਂ ਕੋਈ ਵੀ ਗੱਲ ਨਾ ਕਢੀ।

ਪਤਾ ਨਹੀਂ ਮੈਨੂੰ ਜੋਸ਼ ਕਿਉਂ ਆ ਗਿਆ। (ਮੈਂ ਤਾਂ ਆਪਣੇ ਦਿਲ ਨਾਲ ਫ਼ੈਸਲਾ ਕੀਤਾ ਹੋਇਆ ਸੀ ਕਿ ਅਗੋਂ ਵਾਸਤੇ ਚੁੱਪ-ਚੁਪੀਤੇ ਰਹਿ ਕੇ ਦਿਨ-ਕਟੀ ਕਰਾਂਗਾ ਤੇ ਕਿਸੇ ਮਾਮਲੇ ਵਿਚ ਕਦੇ ਕੋਈ ਕਿਸੇ ਕਿਸਮ ਦਾ ਦਖ਼ਲ ਨਹੀਂ ਦਿਆ ਕਰਾਂਗਾ) ਮੈਂ ਗ੍ਰੰਥੀ ਜੀ ਦੇ ਦੂਜੇ ਖ਼ਿਆਲਾਂ ਦੀ ਦਬਕੇ ਵਿਰੋਧਤਾ ਕੀਤੀ ਤੇ ਗੁਰਬਾਣੀ ਦੇ ਹਵਾਲੇ ਦੇ ਦੇ ਕੇ ਸਿਧ ਕਰ ਵਿਖਾਇਆ ਕਿ ਇਹ ਬਰਬਾਦੀ ਨਹੀਂ, ਸਗੋਂ ਹਰ ਇਕ ਸਿਖ ਮਾਤਰ ਦਾ ਫ਼ਰਜ਼ ਅਤੇ ਪਰਮ ਧਰਮ ਹੈ ਕਿ ਉਹ ਆਪਣੇ ਗੁਰ-ਅਸਥਾਨਾਂ ਉਪਰ ਦਿਲ ਖੋਲ ਕੇ ਖ਼ਰਚ ਕਰਿਆ ਕਰਨ।



Digitized by Panjab Digital Library | www.panjabdigilib.org

ਜਿਸ ਨਾਲ ਕੌਮ ਦੀ ਸ਼ਾਨ ਉਸ ਦੀਆਂ ਰਵਾਇਤਾਂ ਮੁਤਾਬਕ ਵਧੀ ਰਹੇ। ਤਾਹੀਉਂ ਤਾਂ ਮਹਾਰਾਜ ਕਲਗੀਧਰ ਸ੍ਰੀ ਦਸਮੇਸ਼ ਜੀ ਨੇ ਆਪਣੇ ਅਰਸ਼ੀ ਪਿਤਾ ਪਾਸੋਂ ਵਰ ਮੰਗਿਆ ਸੀ ਕਿ "ਦੇਗ ਤੇਗ ਜਗ ਮੈਂ ਦੋਊ ਚਲੇ।"

ਮੈਂ ਆਪਣੇ ਖ਼ਿਆਲ ਪ੍ਰਗਟ ਕਰ ਕੇ ਬੈਠਾ ਹੀ ਸੀ ਕਿ ਪ੍ਰਚਾਰਕ ਜੀ ਨੇ ਸੰਗਤ ਨਾਲ ਮੇਰੀ ਜਾਣ ਪਛਾਣ ਕਰਾਉਂਦਿਆਂ ਹੋਇਆਂ ਮੇਰੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿਤੇ। ਮੈਂ ਉਨ੍ਹਾਂ ਦੇ ਚਰਨਾਂ ਨੂੰ ਬਥੇਰੀਆਂ ਚੂੰਢੀਆਂ ਵਢਦਾ ਰਿਹਾ, ਪਰ ਇਹ ਆਪਣੀ ਆਈ ਤੋਂ ਮਾਸਾ ਨਾ ਟਲੇ। ਨਤੀਜਾ ਇਹ ਹੋਇਆ ਕਿ ਅਗਲੇ ਐਤਵਾਰ ਦੇ ਦੀਵਾਨ ਵਿਚ ਮੇਜਰ ਗੁਰਚਰਨ ਸਿੰਘ ਜੀ ਨੇ ਜੋ ਉਸ ਵੇਲੇ ਮੌਕਿਆਂ 'ਤੇ ਸਭ ਤੋਂ ਸੀਨੀਅਰ ਫ਼ੌਜੀ ਸਿਖ ਅਫ਼ਸਰ ਸਨ, ਅਤੇ ਹੋਰ ਕਈ ਸੱਜਣਾਂ ਮਿੱਤਰਾਂ ਨੇ ਮੇਰੇ ਨਾਂਹ ਨਾਂਹ ਕਰਦਿਆਂ ਮੈਨੂੰ ਗੁਰਦੁਆਰੇ ਦਾ ਪ੍ਰਧਾਨ ਥਾਪ ਦਿਤਾ ਅਤੇ ਮੇਰੀ ਖ਼ਾਸ ਡਯੂਟੀ ਲਗਾਈ ਗਈ ਕਿ ਮੈਂ ਗੁਰਦੁਆਰੇ ਦਾ ਹਿਸਾਬ ਕਿਤਾਬ ਪੜਤਾਲ ਕਰ ਕੇ ਠੀਕ ਕਰ ਦੇਵਾਂ ਅਤੇ ਜੋ ਜੋ ਉਸ ਵੇਲੇ ਤਕ ਗ਼ਬਨ ਹੋ ਚੁਕੇ ਸਨ, ਉਨ੍ਹਾਂ ਨੂੰ ਸੰਗਤ ਵਿਚ ਨੰਗੇ ਕਰ ਦੇਵਾਂ ਤੇ ਉਸ ਰੁਪਏ ਦੀ ਵਸੂਲੀ ਕਰ ਕੇ ਰਕਮ ਗੁਰਦੁਆਰੇ ਵਿਚ ਜਮ੍ਹਾਂ ਕਰਵਾ ਦੇਵਾਂ।

ਸੰਗਤ ਨੇ ਭਾਈ ਮੋਹਨ ਲਾਲ ਜੀ ਸਿੰਧੀ ਦਾ ਜਥਾ ਕੀਰਤਨ ਲਈ ਬੁਲਾਇਆ ਹੋਇਆ ਸੀ। ਜਦੋਂ ਉਹ ਵਿਦਾ ਹੋਣ ਲਗੇ ਤਾਂ ਜਿੰਨੀ ਰਕਮ ਉਨ੍ਹਾਂ ਨੂੰ ਅਰਦਾਸ ਕਰਵਾਉਣ ਦਾ ਫ਼ੈਸਲਾ ਕੀਤਾ ਹੋਇਆ ਸੀ ਗੁਰਦੁਆਰੇ ਦੀ ਰੋਕੜ ਵਿਚੋਂ ਉਸ ਰਕਮ ਨਾਲੋਂ ਪੰਜ ਰੁਪਏ ਘਟ ਨਿਕਲੇ। ਮੇਰੇ ਕਹਿਣ 'ਤੇ ਗੁਰਦੁਆਰੇ ਦੇ ਆਰਜ਼ੀ ਖ਼ਜ਼ਾਨਚੀ ਭਾਈ ਹਰਦਿਤ ਸਿੰਘ ਜੀ ਦਰਜ਼ੀ ਨੇ ਆਪਣੇ ਪਾਸੋਂ ਜਮ੍ਹਾਂ ਕਰਵਾ ਦਿਤੇ, ਜਥੇ ਨੂੰ ਵਿਦਾ ਕੀਤਾ ਗਿਆ। ਇਹ ਸੀ ਗੁਰਦੁਆਰੇ ਦੀ ਮਾਇਕ ਹਾਲਤ।

ਹਿਸਾਬ ਦੀ ਪੜਤਾਲ ਕਰ ਕੇ ਮੈਂ ਛੇਤੀ ਹੀ ਕੁਝ ਗ਼ਬਨ ਫੜ ਲਏ। ਇਹ ਕੋਈ ਬਹੁਤੀ ਵੱਡੀ ਰਕਮ ਤਾਂ ਹੈ ਨਹੀਂ ਸੀ, ਪਰ ਫੇਰ ਵੀ ਉਹ ਵਸੂਲ ਤਾਂ ਕਰਨੀ ਹੀ ਪੈਣੀ ਸੀ। ਨਾਲ ਹੀ ਗੁਰਦੁਆਰੇ ਦੀ ਮਾਇਕ ਹਾਲਤ ਨੂੰ ਪੱਕਿਆਂ ਪੈਰਾਂ 'ਤੇ ਵੀ ਕਰਨਾ ਸੀ। ਸੋ ਪਹਿਲਾ ਕੰਮ ਜੋ ਕੀਤਾ ਗਿਆ, ਉਹ ਇਹ ਸੀ ਕਿ ਗੋਲਕ ਦੀ ਚਾਬੀ ਆਪਣੇ ਕਬਜ਼ੇ ਵਿਚ ਲੈ ਲਈ ਤੇ ਹਰ ਹਫ਼ਤੇ ਗੋਲਕ



Digitized by Panjab Digital Library | www.panjabdigilib.org

ਦੀ ਗਿਣਤੀ ਕਰ ਕੇ ਜੋ ਰਕਮ ਜੁੜੇ ਹੋਕੜ ਵਿਚ ਜਮ੍ਹਾਂ ਕਰ ਲਿਆ ਕਰਨੀ।

ਦੂਜੀ ਗੱਲ ਇਹ ਕੀਤੀ ਕਿ ਪਾਠਾਂ ਦੇ ਅਰਦਾਸਿਆਂ ਦੀਆਂ ਰਕਮਾਂ ਨਿਯਤ ਕਰ ਦਿਤੀਆਂ। ਕੜਾਹ ਪ੍ਰਸ਼ਾਦ ਵੀ ਉਸ ਦੇ ਵਿਚੋਂ ਹੀ ਹੋਣਾ ਤੇ ਰੁਮਾਲਾ ਵੀ ਓਸੇ ਵਿਚੋਂ ਲਿਆ ਜਾਣਾ। ਪਾਠੀਆਂ ਦੀ ਭੇਟਾ ਦੀ ਰਕਮ ਵੀ ਮੁਕੱਰਰ ਕਰ ਦਿਤੀ। ਹਰ ਇਕ ਅਖੰਡ ਪਾਠ ਵਿਚ ਇਕ ਜਾਂ ਵਧ ਤੋਂ ਵਧ ਦੋ ਭੇਟਾ ਲੈਣ ਵਾਲੇ ਆਖੰਡ ਪਾਠੀ ਰੱਖ ਲੈਂਦੇ। ਬਾਕੀ ਪਾਠ ਪ੍ਰੇਮ ਸਹਿਤ ਪਾਠ ਕਰਨ ਵਾਲੇ ਪ੍ਰੇਮੀਆਂ ਪਾਸੋਂ ਕਰਵਾ ਲਿਆ ਜਾਂਦਾ ਸੀ।

ਮੇਰੇ ਆਪਣੇ ਟੱਬਰ ਵਿਚ ਏਨੇ ਪਾਠੀ ਸਨ ਕਿ ਜੇ ਮੈਂ ਚਾਹੁੰਦਾ ਤਾਂ ਸਾਰਾ ਦਾ ਸਾਰਾ ਅਖੰਡ ਪਾਠ ਉਨ੍ਹਾਂ ਪਾਸੋਂ ਪ੍ਰੇਮ ਨਾਲ ਹੀ ਕਰਨ ਵਾਲਿਆਂ ਦੇ ਜ਼ਿੰਮੇ ਲਗਾ ਦਿਆ ਕਰਦਾ, ਪਰ ਮੈਂ ਇਹ ਮੁਨਾਸਬ ਨਾ ਸਮਝਿਆ ਕਿ ਰਾਤ ਦੇ ਅਖੰਡ ਪਾਠ ਵਿਚ ਬੀਬੀਆਂ ਦਾ ਹਿੱਸਾ ਪਾਇਆ ਜਾਵੇ। ਰਾਤ ਦੇ ਸਮੇਂ ਉਨ੍ਹਾਂ ਦਾ ਗੁਰਦੁਆਰੇ ਵਿਚ ਰਹਿਣਾ ਮੈਨੂੰ ਠੀਕ ਨਹੀਂ ਸੀ ਜਾਪਿਆ ਉਨ੍ਹਾਂ ਦਾ ਰਾਤ ਵੇਲੇ ਘਰ ਵਿਚ ਰਹਿਣਾ ਹੀ ਠੀਕ ਹੁੰਦਾ ਹੈ। ਰਾਤ ਦਾ ਪਾਠ ਗ੍ਰੰਥੀ ਸਿੰਘ ਨਾਲ ਇਕ ਹੋਰ ਭੇਟਾ ਲੈਣ ਵਾਲਾ ਪਾਠੀ ਸਿੰਘ ਲਗਾ ਕੇ ਕਰਵਾ ਲਿਆ ਜਾਂਦਾ ਸੀ। ਨਾਲ ਹੀ ਇਹ ਪ੍ਰਬੰਧ ਭੀ ਕੀਤਾ ਗਿਆ ਕਿ ਜੇ ਹੋ ਸਕੇ ਤਾਂ ਪਾਠ ਦੀ ਸਮਾਪਤੀ ਸਪਤਾਹਕ ਦੀਵਾਨ ਵਾਲੇ ਦਿਨ ਹੀ ਕੀਤੀ ਜਾਇਆ ਕਰੇ।

ਇਕ ਤਾਂ ਉਸ ਦਿਨ ਸੰਗਤ ਕਾਫ਼ੀ ਗਿਣਤੀ ਵਿਚ ਜੁੜੀ ਹੋਈ ਹੋਣ ਕਰ ਕੇ ਰੌਣਕ ਵਾਹਵਾ ਬਣ ਜਾਂਦੀ ਸੀ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਾਸਤੇ ਜੋ ਗੁਰਦੁਆਰੇ ਦੇ ਫ਼ੰਡ ਵਿਚੋਂ ਖ਼ਰਚਾ ਕਰਨਾ ਪੈਂਦਾ ਸੀ ਉਸ ਦੀ ਵੀ ਬੱਚਤ ਹੋ ਜਾਂਦੀ ਸੀ ਕਿਉਂਕਿ ਪਾਠ ਵਾਸਤੇ ਕੜਾਹ ਪ੍ਰਸ਼ਾਦ ਦੀ ਦੇਗ ਸੰਗਤ ਵਲੋਂ ਅਰਦਾਸਿਆਂ ਦੇ ਰੂਪ ਵਿਚ ਜੋ ਇਕੱਤਰ ਹੋ ਜਾਇਆ ਕਰਦੀ ਸੀ ਉਹੋ ਹੀ ਕਾਫ਼ੀ ਹੋ ਜਾਇਆ ਕਰਦੀ ਸੀ।

ਰੁਮਾਲੇ ਵੀ ਥੋੜੀ ਥੋੜੀ ਕੀਮਤ ਦੇ ਗਿਣਤੀ ਵਿਚ ਵਧੇਰੇ ਚੜ੍ਹਾਏ ਜਾਣ ਲਗ ਪਏ। ਤੇ ਕਿਸੇ ਦਿਨ ਦਿਹਾਰ ਨੂੰ ਚੰਗਾ ਸੋਹਣਾ ਕੀਮਤੀ ਰੁਮਾਲਾ ਚੜ੍ਹਾ ਦਿਤਾ ਜਾਂਦਾ। ਏਸ ਤਰ੍ਹਾਂ ਨਾਲ ਕੁਝ ਪਾਠੀਆਂ ਵਿਚ ਬੱਚਤ, ਕੁਝ ਕੜਾਹ ਪ੍ਰਸ਼ਾਦ ਵਿਚ ਬੱਚਤ ਤੇ ਕੁਝ ਰੁਮਾਲਾਂ ਵਿਚ ਬੱਚਤ ਹੋ ਜਾਣ ਨਾਲ ਗੁਰਦੁਆਰੇ



Digitized by Panjab Digital Library | www.panjabdigilib.org

ਦ ਖ਼ਜ਼ਾਨੇ ਵਿਚ ਮਾਇਆ ਚੰਗੀ ਜਮ੍ਹਾਂ ਹੋਣ ਲੱਗ ਗਈ।

ਗੁਰਦੁਆਰੇ ਵਿਚ ਲੰਗਰ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ। ਸਾਲ ਵਿਚ ਦੋ ਤਿੰਨ ਵੱਡੇ ਵੱਡੇ ਗੁਰਪੁਰਬਾਂ ਸਮੇਂ ਲੰਗਰ ਲਗਾ ਦਿਤਾ ਜਾਂਦਾ ਤੇ ਅਗੋਂ ਪਿਛੋਂ ਜੇ ਕੋਈ ਮੁਸਾਫ਼ਰ ਜਾਂ ਅਭਿਆਗਤ ਆਸ ਰੱਖ ਕੇ ਆ ਜਾਂਦਾ ਤਾਂ ਉਸ ਨੂੰ ਨਿਰਾਸ ਹੀ ਪਰਤਣਾ ਪੈਂਦਾ ਸੀ। ਤੇ ਜਿਸ ਪ੍ਰਦੇਸੀ ਦੇ ਪੱਲੇ ਬਜ਼ਾਰੋਂ ਖਾਣ ਵਾਸਤੇ ਪੈਸੇ ਨਾ ਹੁੰਦੇ ਤੇ ਅਗੋਂ ਗੁਰਦੁਆਰਿਉਂ ਵੀ ਡੰਗ ਦੀ ਰੋਟੀ ਨਾ ਮਿਲਦੀ ਉਸ ਨੂੰ ਤਾਂ ਰਾਤ ਭੁਖਾ ਹੀ ਰਹਿਣਾ ਪੈਂਦਾ ਸੀ। ਮੈਨੂੰ ਇਸ ਗੱਲ ਦੀ ਓਦੋਂ ਸੋਝੀ ਆਈ ਜਦੋਂ ਮੇਰੇ ਘਰ ਦੇ ਲਾਂਗਰੀ ਨੇ ਆ ਕੇ ਮੈਨੂੰ ਕਿਹਾ ਕਿ ਬਾਹਰ ਇਕ ਸਿੱਖ ਆਇਆ ਹੈ, ਉਹ ਤੁਹਾਨੂੰ ਮਿਲਣਾ ਚਾਹੁੰਦਾ ਹੈ।

ਉਸ ਨੂੰ ਅੰਦਰ ਆ ਜਾਣ ਵਾਸਤੇ ਕਿਹਾ ਗਿਆ, ਪਰ ਉਹ ਅੰਦਰ ਆਉਣਾ ਨਹੀਂ ਸੀ ਚਾਹੁੰਦਾ, ਸੁ ਮੈਂ ਆਪ ਉਠ ਕੇ ਬਾਹਰ ਚਲਾ ਗਿਆ ਕਿ ਵੇਖਾਂ ਤਾਂ ਸਹੀ ਕਿ ਅਜੇਹਾ ਕੌਣ ਸਿੱਖ ਹੈ ਜੋ ਸਿੱਖ ਦੇ ਘਰ ਅੰਦਰ ਆਉਣਾ ਪਸੰਦ ਨਹੀਂ ਕਰਦਾ!

ਮੈਂ ਜਾ ਕੇ ਵੇਖਿਆ ਕਿ ਇਹ ਇਕ ਚੰਗਾ ਕੱਦਾਵਰ ਰਿਸ਼ਟ ਪੁਸ਼ਟ ਸਿਖ ਨੌਜਵਾਨ ਸੀ। ਜਿਸ ਦਾ ਚਿਹਰਾ ਮੁਰਝਾਇਆ ਹੋਇਆ ਸੀ ਤੇ ਮੇਰੀ ਜਾਣ ਪਛਾਣ ਦਾ ਨਹੀਂ ਸੀ।

ਮੈਂ ਉਸ ਨੂੰ ਪੁੱਛਿਆ, "ਤੁਸੀਂ ਕੌਣ ਹੋ ? ਕਿਥੋਂ ਆਏ ਹੋ ? ਤੇ ਕੀ ਚਾਹੁੰਦੇ ਹੋ ?"

ਇਨ੍ਹਾਂ ਤਿੰਨਾਂ ਹੀ ਪ੍ਰਸ਼ਨਾਂ ਦਾ ਉਸ ਨੌਜਵਾਨ ਨੇ ਇਕੋ ਹੀ ਸ਼ਬਦ ਵਿਚ ਉੱਤਰ ਦੇ ਦਿਤਾ, ਅਖੇ "ਰੋਟੀ"। ਹੁਣ ਮੈਂ ਸਮਝ ਗਿਆ ਕਿ ਉਸ ਦਾ ਚਿਹਰਾ ਕਿਉਂ ਮੁਰਝਾਇਆ ਹੋਇਆ ਸੀ। ਉਹ ਢਿੱਡੋਂ ਭੁੱਖਾ ਸੀ।

ਮੈਂ ਉਸ ਪਾਸੋਂ ਉਸ ਸਮੇਂ ਹੋਰ ਕੁਝ ਪੁੱਛਣਾ ਮੁਨਾਸਬ ਨਾ ਸਮਝਿਆ। ਉਸ ਨੂੰ ਬਾਹੋਂ ਫੜ ਕੇ ਖਾਣੇ ਵਾਲੇ ਕਮਰੇ ਵਿਚ ਜਾ ਬਿਠਾਇਆ। ਅਤੇ ਲਾਂਗਰੀ ਨੂੰ ਆਵਾਜ਼ ਦਿਤੀ ਕਿ ਜੋ ਕੁਝ ਵੀ ਤਿਆਰ ਹੋ ਗਿਆ ਹੋਵੇ ਲਿਆ ਕੇ ਸਿੰਘ ਸਾਹਿਬ ਨੂੰ ਛਕਾ ਦੇਹ।

ਉਸ ਨੇ ਆ ਕੇ ਦੱਸਿਆ ਕਿ ਏਸ ਵੇਲੇ ਸਿਰਫ਼ ਦਾਲ ਹੀ ਤਿਆਰ ਹੈ।



Digitized by Panjab Digital Library | www.panjabdigilib.org

ਕੋਈ ਸਬਜ਼ੀ ਅਥਵਾ ਮਹਾਂ ਪ੍ਰਸ਼ਾਦ ਆਦਿ ਅਜੇ ਬਣਿਆ ਨਹੀਂ ਸੀ। ਕਿਉਂਕਿ ਸਾਡੇ ਆਪਣੇ ਖਾਣੇ ਦੇ ਟਾਈਮ ਨੂੰ ਅਜੇ ਕਾਫ਼ੀ ਦੇਰ ਸੀ।

ਮੈਂ ਉਸ ਨੂੰ ਕਿਹਾ ਕਿ ਦਾਲ ਤੇ ਅਚਾਰ ਨਾਲ ਹੀ ਪ੍ਰਸ਼ਾਦਾ ਛਕਾ ਦਿਤਾ ਜਾਵੇ। ਮੈਂ ਉਸ ਨੂੰ ਇਹ ਵੀ ਆਖ ਦਿਤਾ ਕਿ ਫੁਲਕੇ ਬਹੁਤੇ ਨਿੱਕੇ ਨਿੱਕੇ ਨਾ ਪਕਵਾਵੇ ਤੇ ਜਿਉਂ ਜਿਉਂ ਫੁਲਕੇ ਲਥਦੇ ਜਾਣ, ਲਿਆ ਲਿਆ ਕੇ ਛਕਾਈ ਜਾਵੇ। ਸੁ ਉਹ ਫੁਲਕੇ 'ਤੇ ਫੁਲਕਾ ਲਿਆਈ ਗਿਆ ਤੇ ਸਿੰਘ ਬਹਾਦਰ ਖਾਈ ਗਿਆ। ਅਧੇ ਕੁ ਘੰਟੇ ਮਗਰੋਂ ਲਾਂਗਰੀ ਨੇ ਹੋਰ ਆਟਾ ਲੈਣ ਵਾਸਤੇ ਸਟੋਰ ਦੀ ਚਾਬੀ ਮੰਗੀ। ਤੇ ਉਸ ਨੌਜਵਾਨ ਨੇ ਕਹਿ ਦਿਤਾ ਕਿ ਬਸ ਜੀ ਮੈਂ ਰੱਜ ਗਿਆ ਹਾਂ। ਅਸਾਂ ਅਜੇ ਸਾਰੇ ਟੱਬਰ ਨੇ ਪਰਸ਼ਾਦੇ ਛਕਣੇ ਸਨ ਸੁ ਮੈਂ ਸਟੋਰ ਦੀ ਚਾਬੀ ਤਾਂ ਲਾਂਗਰੀ ਨੂੰ ਫੜਾ ਦਿਤੀ ਤੇ ਹੁਣ ਉਸ ਨੌ-ਜਵਾਨ ਨੂੰ ਪਹਿਲੋਂ ਵਾਲੇ ਹੀ ਸਵਾਲ ਫੇਰ ਮੁੜ ਕੇ ਪੁੱਛੇ।

ਉਸ ਨੇ ਦੱਸਿਆ ਕਿ "ਉਹ ਫ਼ੌਜੀ ਮਹਿਕਮੇ ਵਲੋਂ ਛਪਿਆ ਹੋਇਆ ਇਕ ਇਸ਼ਤਿਹਾਰ ਪੜ੍ਹ ਕੇ ਪਟਿਆਲੇ ਤੋਂ ਮਹੂ ਫ਼ੌਜ ਵਿਚ ਭਰਤੀ ਹੋਣ ਵਾਸਤੇ ਆਇਆ ਹੈ। ਰੇਲ ਦਾ ਸਫ਼ਰ ਵੀ ਬੇ-ਟਿਕਟਾ ਹੀ ਕੀਤਾ ਹੈ। ਰਸਤੇ ਵਿਚ ਟੀ. ਟੀ. ਦੇ ਕਾਬੂ ਆ ਗਿਆ, ਪਰ ਕਿਸੇ ਸਬੱਬ ਟੀ. ਟੀ, ਨੇ ਉਸ ਨੂੰ ਛੱਡ ਦਿਤਾ, ਕਿਉਂਕਿ ਉਹ ਸ਼ਰਨਾਰਥੀ ਸੀ। ਤੇ ਟੀ. ਟੀ. ਵੀ ਸ਼ਰਨਾਰਥੀ ਸੀ। ਉਹ ਏਸ ਰਸਤੇ ਦੀ ਢਿਲ ਕਰ ਕੇ ਸਮੇਂ ਸਿਰ ਭਰਤੀ ਵਾਲੇ ਦਫ਼ਤਰ ਨਾ ਪੁੱਜ ਸਕਿਆ। ਉਸ ਦੇ ਪਹੁੰਚਣ ਤਕ ਚੋਣ ਹੋ ਚੁੱਕੀ ਸੀ। ਸੁ ਉਸ ਨੂੰ ਜਵਾਬ ਮਿਲ ਗਿਆ।"

ਉਸ ਨੇ ਹੋਰ ਦਸਿਆ ਕਿ "ਉਹ ਤਿੰਨ ਦਿਨਾਂ ਦਾ ਭੁੱਖਾ ਸੀ। ਕਾਂਗਰਸ, ਆਰੀਆ ਸਮਾਜ ਦੇ ਦਫ਼ਤਰਾਂ ਦੇ ਚੱਕਰ ਵੀ ਕੱਟ ਚੁੱਕਾ ਸੀ ਤੇ ਮੰਦਰਾਂ ਗੁਰਦੁਆਰਿਆਂ ਤੋਂ ਵੀ ਹੋ ਆਇਆ ਸੀ, ਪਰ ਰੋਟੀ ਕਿਧਰੋਂ ਵੀ ਨਾ ਮਿਲੀ। ਫੇਰ ਓਸ ਦਸਿਆ ਕਿ ਓੜਕ ਇਕ ਸਿੱਖ ਨੇ ਆਪ ਜੀ ਦੀ ਕੋਠੀ ਦਾ ਰਾਹ ਦਸਿਆ ਤੇ ਕਿਹਾ ਇਸ ਕੋਠੀ ਵਿਚ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਰਹਿੰਦਾ ਹੈ, ਹੋ ਸਕਦਾ ਹੈ ਉਹ ਕੁਝ ਪ੍ਰਬੰਧ ਕਰ ਦੇਵੇ। ਪਤਾ ਦੱਸਣ ਵਾਲਾ ਆਪ ਵੀ ਸ਼ਰਨਾਰਥੀ ਸੀ, ਤੇ ਨੌਕਰੀ ਦੀ ਤਲਾਸ਼ ਵਿਚ ਏਧਰ ਓਧਰ ਆਵਾਰਾ ਹੀ ਡੋਲਦਾ ਫਿਰ ਰਿਹਾ ਸੀ। ਪਰ, ਉਸ ਦਾ ਏਥੇ ਕੋਈ ਸੰਬੰਧੀ



Digitized by Panjab Digital Library | www.panjabdigilib.org

ਰਹਿੰਦਾ ਸੀ ਉਹ ਉਸ ਦੇ ਘਰ ਠਹਿਰਿਆ ਹੋਇਆ ਸੀ ਜਿਸ ਕਰ ਕੇ ਉਸ ਨੂੰ ਆਪਣੇ ਰਹਿਣ ਤੇ ਰੋਟੀ ਦੇ ਪ੍ਰਬੰਧ ਦਾ ਕੋਈ ਫ਼ਿਕਰ ਨਹੀਂ ਸੀ। ਉਸ ਸਿੰਘ ਨੂੰ ਫ਼ੌਜ ਜਾਂ ਪੁਲਸ ਦੀ ਨੌਕਰੀ ਤਾਂ ਮਿਲੀ ਕੋਈ ਨਾ ਤੇ ਪ੍ਰਾਈਵੇਟ ਨੌਕਰੀ ਉਹ ਕਰਨੀ ਨਹੀਂ ਸੀ ਚਾਹੁੰਦਾ।

ਮੈਂ ਉਸ ਨੂੰ ਕਿਹਾ ਕਿ "ਸਿੰਘ ਸਾਹਿਬ! ਜਿੰਨੇ ਦਿਨ ਤੁਸੀਂ ਮਹੂ ਵਿਚ ਰਹੋਗੇ, ਚਾਹ ਦੇ ਵੇਲੇ ਚਾਹ ਤੇ ਰੋਟੀ ਦੇ ਵੇਲੇ ਰੋਟੀ ਇਥੋਂ ਹੀ ਛਕ ਜਾਇਆ ਕਰਨਾ। ਉਨ੍ਹਾਂ ਨੂੰ ਖਾਣੇ ਤੇ ਚਾਹ ਦੇ ਟਾਈਮ ਵੀ ਦਸ ਦਿਤੇ ਗਏ, ਨਾਲ ਹੀ ਨੌਕਰਾਂ ਨੂੰ ਵੀ ਕਹਿ ਦਿਤਾ ਕਿ ਸਿੰਘ ਸਾਹਿਬ ਜਿਸ ਵੇਲੇ ਆਇਆ ਕਰਨ, ਰੋਟੀ ਦੇ ਵੇਲੇ ਰੋਟੀ ਤੇ ਚਾਹ ਦੇ ਵੇਲੇ ਚਾਹ ਇਨ੍ਹਾਂ ਨੂੰ ਬੜੇ ਪ੍ਰੇਮ ਸਹਿਤ ਛਕਾ ਦਿਆ ਕਰਨਾ। ਤੇ ਉਨ੍ਹਾਂ ਨੂੰ ਆਪੋ ਵਿਚ ਆਮੋਂ ਸਾਹਮਣੇ ਵੀ ਕਰਵਾ ਦਿਤਾ। ਉਹ ਦੋ ਤਿੰਨ ਦਿਨ ਚਾਹ ਪ੍ਰਸ਼ਾਦਾ ਛਕਣ ਆਉਂਦਾ ਰਿਹਾ ਤੇ ਫੇਰ ਉਹ ਪਟਿਆਲੇ ਪਰਤ ਗਿਆ, ਜਿਥੇ ਉਹ ਦਸਦਾ ਸੀ ਕਿ ਉਸ ਦਾ ਮਾਮਾ ਰੇਲਵੇ ਵਿਚ ਮੁਲਾਜ਼ਮ ਹੈ।

ਅਗਲੇ ਦਿਨ ਮੈਂ ਸੰਗਤ ਪਾਸ ਗੁਰਦੁਆਰੇ ਵਿਚ ਲੰਗਰ ਜਾਰੀ ਕਰਨ ਲਈ ਅਪੀਲ ਕਰ ਦਿਤੀ। ਅਤੇ ਸੰਗਤ ਦੇ ਸਾਹਮਣੇ ਇਹ ਤਜਵੀਜ਼ ਰੱਖ ਦਿਤੀ ਕਿ ਜਿਸ ਸੱਜਣ ਦੇ ਘਰ ਦੋਵੇਂ ਵੇਲੇ ਰੋਟੀ ਪੱਕਦੀ ਹੈ ਉਹ ਜੀਅ ਪ੍ਰਤੀ ਇਕ ਤੋਲਾ ਫ਼ੀ ਡੰਗ ਆਟਾ ਅਲੱਗ ਕੱਢ ਕੇ ਰੱਖ ਲਿਆ ਕਰੇ ਤੇ ਐਤਵਾਰ ਦੇ ਐਤਵਾਰ ਗੁਰਦੁਆਰੇ ਲਿਆ ਕੇ ਜਮ੍ਹਾ ਕਰਵਾ ਦਿਆ ਕਰੇ। ਇਹ ਤਜਵੀਜ਼ ਸਰਬ ਸੰਮਤੀ ਨਾਲ ਪ੍ਰਵਾਨ ਹੋ ਗਈ ਤੇ ਲੰਗਰ ਜਾਰੀ ਹੋ ਗਿਆ। ਗ੍ਰੰਥੀ ਜੀ ਟੱਬਰਦਾਰ ਸਨ ਸੁ ਉਨ੍ਹਾਂ ਨੇ ਪੰਰਸ਼ਾਦੇ ਸਜਾ ਦੇਣ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ। ਉਹ ਵੀ ਕਸ਼ਮੀਰ ਤੋਂ ਆਏ ਹੋਏ ਸ਼ਰਨਾਰਥੀ ਸਨ। ਆਟਾ ਏਨਾ ਇਕੱਠਾ ਹੋ ਜਾਇਆ ਕਰਦਾ ਸੀ ਕਿ ਮੈਂ ਵੇਖਿਆ ਕਈ ਵਾਰ ਸਾਨੂੰ ਵਧਿਆ ਹੋਇਆ ਆਟਾ ਵੇਚ ਕੇ ਰਕਮ ਨਕਦ ਹਿਸਾਬ ਵਿਚ ਜਮ੍ਹਾ ਕਰਾਉਣੀ ਪੈ ਜਾਇਆ ਕਰਦੀ ਸੀ। ਕਿਉਂਕਿ ਮੁਸਾਫ਼ਰਾਂ ਦੀ ਆਵਾਜਾਈ ਏਨੀ ਨਹੀਂ ਸੀ ਜਿੰਨਾ ਕਿ ਆਟਾ ਜਮ੍ਹਾ ਹੋ ਜਾਇਆ ਕਰਦਾ ਸੀ।

ਗੁਰਪੁਰਬ ਨੇੜੇ ਆ ਗਿਆ, ਜੋ ਪਤਾ ਲਗਾ ਕਿ ਏਥੇ ਬੜੀ ਧੂਮ ਧਾਮ ਨਾਲ ਮਨਾਇਆ ਜਾਇਆ ਕਰਦਾ ਹੈ। ਏਸ ਸਮੇਂ ਬਾਜ਼ਾਰਾਂ ਤੇ ਬੰਗਲਿਆਂ



Digitized by Panjab Digital Library | www.panjabdigilib.org

ਵਿਚ ਫਿਰ ਕੇ ਉਗਰਾਹੀ ਵੀ ਕੀਤੀ ਜਾਇਆ ਕਰਦੀ ਹੈ। ਮੈਂ ਵੀ ਓਪਰਾ ਸੀ ਤੇ ਮੀਤ ਪ੍ਰਧਾਨ ਸ੍ਰ: ਰਾਮਿੰਦਰ ਸਿੰਘ ਵੀ ਨਵਾਂ ਹੀ ਆਇਆ ਹੋਇਆ ਸੱਜਣ ਸੀ। ਜੋ ਕਿਸੇ ਸਮੇਂ ਉਕਾੜਾ (ਜ਼ਿਲਾ ਮਿੰਟਗੁਮਰੀ) ਦੀ ਗੁਰਦੁਆਰਾ ਕਮੇਟੀ ਦੇ ਸਕੱਤਰ ਹੋਇਆ ਕਰਦੇ ਸਨ।

ਤੀਸਰੇ ਜ਼ਿਮੇਵਾਰ ਸਨ ਕਮੇਟੀ ਦੇ ਸਕੱਤਰ ਤੇ ਖ਼ਜ਼ਾਨਚੀ ਤੇ ਸਭ ਤੋਂ ਵਡੇ ਘੜੰਮ ਚੌਧਰੀ, ਜਿਸ ਨੇ ਸਕੱਤਰ ਤੇ ਖ਼ਜ਼ਾਨਚੀ ਨਾਲ ਮਿਲ ਕੇ ਗੁਰਦੁਆਰੇ ਦੀ ਰਕਮ ਗ਼ਬਨ ਕੀਤੀ ਹੋਈ ਸੀ, ਉਹ ਸਾਡੇ ਕੰਮ 'ਤੇ ਦਿਲੋਂ ਖ਼ੁਸ਼ ਨਹੀਂ ਸੀ। ਸੁ ਦੋ ਤਿੰਨ ਦਿਨ ਸਾਡੇ ਨਾਲ ਥੋੜਾ ਥੋੜਾ ਸਮਾਂ ਉਗਰਾਹੀ ਜਾ ਕੇ ਫੇਰ ਸਾਡੇ ਨਾਲ ਜਾਣੋਂ ਹੱਟ ਗਏ ਤੇ ਸਾਰਾ ਬੋਝ ਮੇਰੇ ਅਤੇ ਸ੍ਰ: ਰਾਮਿੰਦਰ ਸਿੰਘ ਦੇ ਸਿਰ ਆ ਪਿਆ।

ਚੰਗੇ ਭਾਗਾਂ ਨੂੰ ਸ੍ਰ: ਅਵਤਾਰ ਸਿੰਘ ਜੀ ਪਿਛਲੇ ਪ੍ਰਬੰਧ ਨਾਲ ਮਤ-ਭੇਦ ਰਖਦੇ ਸਨ, ਸੁ ਉਹ ਸਾਡੇ ਨਾਲ ਹੋ ਕੇ ਪੂਰਾ ਸਾਥ ਦੇਂਦੇ ਰਹੇ। ਉਨ੍ਹਾਂ ਦੀ ਸਹਾਇਤਾ ਤੇ ਵਾਕਫ਼ੀਅਤ ਅਤੇ ਸਾਡੇ ਦੋਹਾਂ ਦੇ ਹਠ ਤੇ ਹਿੰਮਤ ਨਾਲ ਗੁਰਪੁਰਬ ਮਨਾਉਣ ਵਾਸਤੇ ਉਗਰਾਹੀ ਦਵਾਰਾ ਚੰਗੀ ਰਕਮ ਇਕੱਠੀ ਹੋ ਗਈ।

ਅਸੀਂ ਉਗਰਾਹੀ ਵਾਸਤੇ ਸਾਰਾ ਸਾਰਾ ਦਿਨ ਪੈਦਲ ਹੀ ਫਿਰਦੇ ਰਹਿੰਦੇ ਸੀ। ਮੈਂ ਸ਼ਾਮ ਨੂੰ ਥਕ ਟੁੱਟ ਕੇ ਪੈ ਜਾਇਆ ਕਰਦਾ ਸੀ। ਕੁਝ ਕੁ ਦਿਨ ਮੇਰੀ ਇਹ ਹਾਲਤ ਵੇਖ ਕੇ ਮੇਰੇ ਲੜਕੇ ਕੈਪਟਨ ਮਨਮੋਹਨ ਸਿੰਘ ਨੇ ਮੈਨੂੰ ਪੁੱਛਿਆ ਕਿ ਸਾਨੂੰ ਗੁਰਪੁਰਬ ਮਨਾਉਣ ਵਾਸਤੇ ਕਿੰਨੀ ਕੁ ਰਕਮ ਦੀ ਲੋੜ ਹੈ। ਮੈਂ ਆਪਣਾ ਅੰਦਾਜ਼ਾ ਉਸ ਨੂੰ ਦਸ ਦਿਤਾ।

ਉਸ ਨੇ ਕਿਹਾ ਕਿ ਉਸ ਨੂੰ ਅੰਗਰੇਜ਼ੀ ਦੀ ਰਸੀਦ ਬੁੱਕ ਛਪਾ ਕੇ ਦੇ ਦਿਤੀ ਜਾਵੇ ਤਾਂ ਉਹ ਏਨੀ ਰਕਮ ਇਕੱਠੀ ਕਰ ਦੇਣ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਲੈਂਦਾ ਹੈ।

ਮੈਂ ਅੰਗਰੇਜ਼ੀ ਦੀ ਛਪੀ ਛਪਾਈ ਰਸੀਦ ਬੁੱਕ ਉਸ ਨੂੰ ਲਿਆ ਦਿਤੀ ਤੇ ਉਸ ਨੇ ਫ਼ੌਜੀ ਅਫ਼ਸਰਾਂ ਪਾਸੋਂ ਉਗਰਾਹੀ ਕਰਨੀ ਆਰੰਭ ਕਰ ਦਿਤੀ। ਰੋਜ਼ ਰਾਤ ਨੂੰ ਸੌ ਸਵਾ ਸੌ ਤੇ ਕਦੀ ਕਦੀ ਇਸ ਤੋਂ ਵਧੇਰੇ ਵੀ ਲਿਆ ਦਿਆ ਕਰੇ, ਤੇ ਮੈਨੂੰ ਉਸ ਨੇ ਖੇਚਲ ਕਰਨ ਤੋਂ ਮਨ੍ਹਾਂ ਕਰ ਦਿਤਾ। ਕੈਪਟਨ



Digitized by Panjab Digital Library | www.panjabdigilib.org

ਮਨਮੋਹਨ ਸਿੰਘ ਕੁਆਟਰ ਮਾਸਟਰ ਸੀ, ਜਿਸ ਕਰ ਕੇ ਉਹ ਰਸਦ ਇਕੱਠੀ ਕਰ ਕੇ ਦੇਣ ਵਿਚ ਵੀ ਕਾਫ਼ੀ ਸਹਾਇਤਾ ਕਰ ਸਕਦਾ ਸੀ। ਉਸ ਦੇ ਜਾਣ ਪਛਾਣ ਵਾਲਿਆਂ ਫ਼ੌਜੀਆਂ ਨੇ ਆਪਣੇ ਰਾਸ਼ਨ ਵਿਚੋਂ ਕਾਫ਼ੀ ਮਦਦ ਦਿਤੀ।

ਮੈਨੂੰ ਲਾਲਚ ਆ ਗਿਆ, ਤੇ ਜਦ ਕੈਪਟਨ ਆਪਣੀ ਨੌਕਰੀ 'ਤੇ ਚਲਾ ਜਾਇਆ ਕਰੇ ਮੈਂ ਵੀ ਉਗਰਾਹੀ ਚੜ੍ਹ ਪਿਆ ਕਰਾਂ ਤੇ ਉਸ ਦੇ ਛੁੱਟੀ ਕਰ ਕੇ ਪਰਤਣ ਤੋਂ ਪਹਿਲਾਂ ਪਹਿਲਾਂ ਘਰ ਆ ਜਾਇਆ ਕਰਾਂ। ਕਿਉਂਕਿ ਹੁਣ ਅਸਾਂ ਟਾਂਗੇ ਸਵਾਰ ਹੋ ਕੇ ਚੱਕਰ ਕਟਣੇ ਸ਼ੁਰੂ ਕਰ ਦਿਤੇ ਸਨ।

ਗੁਰੂ ਮਹਾਰਾਜ ਦੀ ਕਿਰਪਾ ਅਤੇ ਸੰਗਤਾਂ ਦੀ ਉਦਾਰਤਾ ਤੇ ਦਿਲੀ ਮਿਲਵਰਤਣ ਦਾ ਸਦਕਾ ਅਸੀਂ ਪਹਿਲੇ ਸਾਲਾਂ ਨਾਲੋਂ ਦੂਣੀ ਤੋਂ ਵੀ ਵਧੇਰੇ ਰਕਮ ਉਗਰਾਹ ਲਈ। ਪਾਠਾਂ ਦੀ ਆਮਦਨ ਵਿਚੋਂ ਵੀ ਸਾਨੂੰ ਕਾਫ਼ੀ ਬਚਤ ਹੋਣ ਲਗ ਪਈ। ਜੋ ਲੋਕ ਪਾਕਿਸਤਾਨ ਤੋਂ ਨੱਸ ਕੇ ਆਏ ਸਨ, ਉਨ੍ਹਾਂ ਵਿਚੋਂ ਵੀ ਬਹੁਤ ਸਾਰਿਆਂ ਨੇ ਪਾਕਿਸਤਾਨ ਦੀ ਧਰਤੀ ਵਿਚ ਹੀ ਪਾਠਾਂ ਦੀਆਂ ਸੁਖਣਾਂ ਸੁਖੀਆਂ ਹੋਈਆਂ ਸਨ ਕਿ ਜੇ ਏਥੋਂ ਬਚ ਕੇ ਭਾਰਤ ਦੀ ਧਰਤੀ ਉਤੇ ਪਹੁੰਚ ਗਏ ਤਾਂ ਏਨੇ ਪਾਠ ਅਥਵਾ ਅਖੰਡ ਪਾਠ ਕਰਾਵਾਂਗੇ ਤੇ ਏਨੀ ਰਕਮ ਗੁਰੂ ਕੀ ਗੋਲਕ ਵਿਚ ਪਾਵਾਂਗੇ।

ਸੁ ਇਨ੍ਹਾਂ ਸੁਖਣਾਂ ਦੇ ਚੜ੍ਹਾਵਿਆਂ ਅਤੇ ਪਾਠਾਂ ਦੀ ਬਚਤ ਸਦਕਾ ਵੀ ਗੁਰਦੁਆਰੇ ਵਿਚ ਬਹੁਤ ਸਾਰਾ ਧਨ ਇਕੱਠਾ ਹੋ ਗਿਆ।

ਇਕ ਦਿਨ ਇਕ ਹਵਾਲਦਾਰ ਨੇ ਮੈਨੂੰ ਆ ਕੇ ਕਿਹਾ ਕਿ ਉਸ ਨੇ ਇਕ ਅਖੰਡਪਾਠ ਤੇ ਇਕ ਸਪਤਾਹਕ ਪਾਠ ਸੁਖ ਰਖੇ ਹਨ, ਸੋ ਕਰਵਾ ਦਿਤੇ ਜਾਣ। ਉਸ ਨੇ ਦੋਹਾਂ ਪਾਠਾਂ ਦੀ ਮਾਇਆ ਦੀਆਂ ਰਸੀਦਾਂ ਕਟਵਾ ਕੇ ਮੇਰੇ ਪਾਸ ਜਮ੍ਹਾਂ ਕਰਵਾ ਦਿਤੀ। ਪਰ ਮੇਰੇ ਮੂੰਹੋਂ ਇਹ ਗੱਲ ਨਿਕਲ ਗਈ, "ਸਿੰਘ ਸਾਹਿਬ! ਆਪ ਗੁਰੂ ਮਹਾਰਾਜ ਨਾਲ ਵੀ ਸੌਦੇਬਾਜ਼ੀ ਕਰਦੇ ਹੋ ਕਿ ਜੇ ਮੇਰਾ ਫ਼ਲਾਣਾ ਕੰਮ ਹੋ ਜਾਵੇ, ਤਾਂ ਪਾਠ ਕਰਾਵਾਂਗਾ।"

ਹਵਾਲਦਾਰ ਨੇ ਤਾਂ ਕੋਈ ਉਤਰ ਨਾ ਦਿਤਾ। ਪਰ ਉਸੇ ਦਿਨ ਰਾਤ ਨੂੰ ਸੁਪਨੇ ਵਿਚ ਕਿਸੇ ਨੇ ਮੈਨੂੰ ਆ ਕੇ ਕਿਹਾ ਕਿ ਤੂੰ ਅੱਜ ਹਵਾਲਦਾਰ ਵਿਚਾਰੇ ਨੂੰ ਮਿਹਣਾ ਮਾਰ ਰਿਹਾ ਸੀ ਕਿ ਤੂੰ ਗੁਰੂ ਮਹਾਰਾਜ ਨਾਲ ਸੌਦੇਬਾਜ਼ੀ ਕਿਉਂ ਕਰਦਾ



Digitized by Panjab Digital Library | www.panjabdigilib.org

ਹੈਂ ? ਪਰ ਇਹ ਦਸ ਕਿ ਤੂੰ ਆਪ ਵੀ ਗੁਰੂ ਮਹਾਰਾਜ ਨਾਲ ਸੌਦੇਬਾਜ਼ੀ ਨਹੀਂ ਕਰ ਰਿਹਾ ? ਜੋ ਸੁਖਣਾ ਸੁਖ ਰਿਹਾ ਹੈ ਕਿ, "ਜੇ ਮੇਰਾ ਲੜਕਾ ਕੈਪਟਨ ਮਨਮੋਹਨ ਸਿੰਘ ਪਰਮਾਨੈਂਟ (ਪੱਕਾ) ਹੋ ਗਿਆ, ਤਾਂ ਪੰਜ ਅਖੰਡ ਪਾਠ ਕਰਾਵਾਂਗਾ ?"

ਮੇਰੀ ਏਸ ਸੁਪਨੇ ਦੇ ਨਾਲ ਹੀ ਜਾਗ ਖੁਲ੍ਹ ਗਈ। ਬੈੱਡ ਸਵਿੱਚ ਦਬ ਕੇ ਰੋਸ਼ਨੀ ਕੀਤੀ, ਤਾਂ ਮੈਨੂੰ ਕਮਰੇ ਵਿਚੋਂ ਕਿਸੇ ਦੇ ਨਿਕਲ ਜਾਣ ਦਾ ਝਉਲ਼ਾ ਜਿਹਾ ਪਿਆ। ਮੈਂ ਝਟ ਉਠ ਬੈਠਾ ਤੇ ਏਧਰ ਓਧਰ ਤਾੜ ਤਾੜ ਕੇ ਵੇਖਣ ਲਗ ਪਿਆ ਪਰ ਅੰਦਰੋਂ ਨਿਕਲ ਕੇ ਜਾਣ ਵਾਲੇ ਦਾ ਕੁਝ ਵੀ ਪਤਾ ਨਾ ਲਗਾ।

ਮੇਰੀ ਸਿੰਘਣੀ ਨੇ ਪੁੱਛਿਆ : "ਕੀ ਗੱਲ ਹੈ ?" ਮੈਂ ਕਿਹਾ ਕਿ "ਹੁਣੇ ਹੀ ਕਮਰੇ ਵਿਚੋਂ ਨਿਕਲ ਕੇ ਬਾਹਰ ਕੌਣ ਗਿਆ ਹੈ ? ਮੈਨੂੰ ਉਸ ਦੇ ਨਿਕਲ ਜਾਣ ਦਾ ਹੁਣੇ ਹੀ ਝਉਲ਼ਾ ਜਿਹਾ ਪਿਆ ਹੈ।"

ਉਸ ਨੇ ਦਸਿਆ ਕਿ, "ਕੋਈ ਵੀ ਨਹੀਂ ਗਿਆ। ਉਹ ਤਾਂ ਬੜੇ ਚਿਰ ਤੋਂ ਜਾਗ ਰਹੀ ਹੈ। ਕੋਈ ਸੁਪਨਾ ਆਇਆ ਹੋਵੇਗਾ।"

ਸਵੇਰੇ ਉਠ ਕੇ ਮੈਂ ਦਿਲ ਹੀ ਦਿਲ ਵਿਚ ਫ਼ੈਸਲਾ ਕਰ ਲਿਆ ਕਿ ਗੁਰੂ ਮਹਾਰਾਜ ਨਾਲ ਸੌਦਾ ਕੋਈ ਨਹੀਂ ਕਰਨਾ ਤੇ ਅਖੰਡ ਪਾਠਾਂ ਦਾ ਅਰੰਭ ਹੁਣ ਤੋਂ ਹੀ ਕਰ ਦੇਣਾ ਹੈ। ਗੁਰੂ ਮਹਾਰਾਜ ਆਪਣਾ ਬਿਰਦ ਆਪ ਹੀ ਸੰਭਾਲਣ।

ਸੁ ਲੜਕੇ ਨਾਲ ਮਸ਼ਵਰਾ ਕਰ ਕੇ ਉਸੇ ਦਿਨ ਹੀ ਪਹਿਲੇ ਅਖੰਡ ਪਾਠ ਦਾ ਆਰੰਭ ਕਰਵਾ ਦਿਤਾ। ਦੋ ਹਫ਼ਤਿਆਂ ਦੇ ਅੰਦਰ ਅੰਦਰ ਪੰਜਾਂ ਹੀ ਅਖੰਡਪਾਠਾਂ ਦੇ ਭੋਗ ਪੈ ਗਏ।

ਪਾਠੀ ਤਾਂ ਮੇਰੇ ਆਪਣੇ ਟੱਬਰ ਵਿਚ ਬਹੁਤ ਸਨ। ਮੈਂ, ਮੇਰੀ ਸਿੰਘਣੀ, ਮੇਰੀਆਂ ਦੋਵੇਂ ਨੂੰਹਾਂ, ਦੋਵੇਂ ਧੀਆਂ ਜੋ ਕਈ ਕਈ ਅਖੰਡ ਪਾਠਾਂ ਵਿਚ ਹਿੱਸੇ ਲੈਂਦੀਆਂ ਰਹੀਆਂ ਸਨ। ਸਾਥੋਂ ਇਲਾਵਾ, ਮੇਜਰ ਗੁਰਚਰਨ ਸਿੰਘ ਹੁਰਾਂ ਦੀਆਂ ਦੋਵੇਂ ਲੜਕੀਆਂ ਵੀ ਵਾਰੀ ਵਾਰੀ ਸਿਰ ਆਪਣਾ ਹਿੱਸਾ ਪਾਉਂਦੀਆਂ ਰਹੀਆਂ।

ਅਸੀਂ ਰਾਤ ਭਰ ਵਿਚ ਕੇਵਲ ਚਹੁੰ ਘੰਟਿਆਂ ਵਾਸਤੇ (੧੨ ਤੋਂ ੪ ਤਕ) ਗ੍ਰੰਥੀ ਸਾਹਿਬ ਅਤੇ ਭਾਈ ਹਰਦਿਤ ਸਿੰਘ ਜੀ ਪਾਸੋਂ ਸਹਾਇਤਾ ਲਿਆ ਕਰਦੇ ਸੀ।



Digitized by Panjab Digital Library | www.panjabdigilib.org

ਹੈਰਾਨੀ ਦੀ ਗੱਲ ਹੈ ਕਿ ਪੰਜਵਾਂ ਪਾਠ ਅਜੇ ਅੱਧ ਵਿਚ ਹੀ ਸੀ ਜੁ ਇਕ ਮਿੱਤਰ ਦੀ ਤਾਰ ਆ ਮਿਲੀ ਕਿ ਮਨਮੋਹਨ ਸਿੰਘ ਪਰਮਾਨੈਂਟ ਹੋ ਗਿਆ ਹੈ। ਬਸ ਫੇਰ ਕੀ ਸੀ ਸਾਰੇ ਟੱਬਰ ਅਤੇ ਸੱਜਣਾਂ ਮਿੱਤਰਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ।

ਅਗਲੇ ਹੀ ਦਿਨ ਪੰਜਵੇਂ ਅਖੰਡ ਪਾਠ ਦਾ ਭੋਗ ਪੈਣ ਸਮੇਂ ਇਕ ਵੱਡਾ ਭਾਰੀ ਜਲਸਾ ਕੀਤਾ ਗਿਆ।

ਮਹਾਤਮਾ ਗਾਂਧੀ ਵਲੋਂ ਸ਼ਰਨਾਰਥੀਆਂ ਵਾਸਤੇ ਕੰਬਲ ਤੇ ਬਿਸਤਰੇ ਦਾਨ ਕਰਨ ਦੀ ਅਪੀਲ ਹੋ ਚੁਕੀ ਸੀ। ਸੁ ਮੈਂ ਮੇਜਰ ਗੁਰਚਰਨ ਸਿੰਘ ਜੀ ਤੇ ਹੋਰ ਸੰਗਤ ਪਾਸ ਅਪੀਲ ਕੀਤੀ ਕਿ ਜੋ ਰਕਮ ਅਸੀਂ ਅਰਦਾਸ ਕਰਵਾਈ ਹੈ ਉਸ ਨੂੰ ਮਹਾਤਮਾ ਗਾਂਧੀ ਦੀ ਅਪੀਲ ਦੀ ਤਾਮੀਲ ਦੇ ਸਬੰਧ ਵਿਚ ਸ੍ਰੀ ਗਣੇਸ਼ ਸਮਝ ਲਿਆ ਜਾਵੇ ਤੇ ਇਕ ਕਮੇਟੀ ਨਿਯਤ ਕਰ ਕੇ ਘਟੋ ਘਟ ਦੋ ਚਾਰ ਹਜ਼ਾਰ ਰੁਪਿਆ ਏਸ ਕੰਮ ਵਾਸਤੇ ਇਕੱਤਰ ਕਰ ਲਿਆ ਜਾਵੇ।

ਸੰਗਤ ਨੇ ਉੱਦਮ ਕੀਤਾ ਤੇ ਹੱਲਾ ਮਾਰ ਕੇ ਸਾਡੀ ਆਸ ਉਮੀਦ ਤੋਂ ਕਿਤੇ ਵਧੇਰੇ ਰਜ਼ਾਈਆਂ ਕੰਬਲ ਬਿਸਤਰੇ ਤੇ ਨਕਦ ਰੁਪਿਆ ਇਕੱਤ੍ਰ ਕਰ ਦਿਤਾ। ਅਸੀਂ ਵੀ ਸਭ ਕੁਝ ਨਾਲ ਦੇ ਨਾਲ ਹੀ ਥਾਉਂ ਥਾਈਂ ਸਕਾਰਥਾ ਕਰੀ ਚਲੇ ਗਏ।

ਗ਼ਬਨ ਹੋਈ ਨਕਦੀ ਵਸੂਲ ਕਰਨ ਲਈ ਬਥੇਰੀ ਵਾਹ ਲਾਈ, ਪਰ ਸਫਲਤਾ ਕੋਈ ਨਾ ਹੋ ਸਕੀ। ਤੰਗ ਆ ਕੇ ਐਤਵਾਰ ਦੇ ਦੀਵਾਨ ਵਿਚ ਮੈਂ ਆਖ ਦਿਤਾ ਕਿ ਗ਼ਬਨ ਦੀ ਰਕਮ ਹਿਸਾਬ ਦੇ ਰਜਿਸਟ੍ਰਾਂ ਵਿਚ ਤਾਂ ਪਕੜ ਲਈ ਗਈ ਹੈ ਤੇ ਜਿਸ ਦੀ ਸਹਾਇਤਾ ਨਾਲ ਇਹ ਗ਼ਬਨ ਕੀਤਾ ਗਿਆ ਹੈ, ਪਤਾ ਉਸ ਦਾ ਵੀ ਲਗਾ ਲਿਆ ਗਿਆ ਹੈ। ਜੇਕਰ ਉਨ੍ਹਾਂ ਨੇ ਗ਼ਬਨ ਦੀ ਰਕਮ ਫੌਰਨ ਜਮ੍ਹਾਂ ਨਾ ਕਰਵਾਈ ਤਾਂ ਅਗਲੇ ਸਪਤਾਹਕ ਦੀਵਾਨ ਵਿਚ ਉਨ੍ਹਾਂ ਦੇ ਨਾਮ ਦਸ ਦਿਤੇ ਜਾਣਗੇ।

ਬਸ ਏਨੀ ਗੱਲ ਕਰਨ ਦੀ ਦੇਰ ਸੀ, ਦੀਵਾਨ ਦੀ ਤਾਂ ਸਮਾਪਤੀ ਹੋ ਗਈ ਪਰ ਮੈਂ ਤੇ ਇਕ ਦੋ ਹੋਰ ਪ੍ਰੇਮੀ ਅਜੇ ਗੁਰਦੁਆਰੇ ਵਿਚ ਹੀ ਬੈਠੇ ਸੀ ਕਿ ਗ਼ਬਨ ਕਰਨ ਵਾਲੇ ਪ੍ਰੇਮੀ ਨੂੰ ਕਿਸੇ ਨੇ ਸੂਹ ਦੇ ਦਿਤੀ।

ਉਹ ਦੌੜਦਾ ਦੌੜਦਾ ਆਇਆ ਅਤੇ ਉੱਚੀ ਉੱਚੀ ਰੌਲਾ ਪਾਉਣ ਲਗ



Digitized by Panjab Digital Library | www.panjabdigilib.org

ਪਿਆ "ਅੱਗ ਲੈਣ ਆਈ ਤੇ ਘਰ ਵਾਲੀ ਬਣ ਬੈਠੀ।"

ਮੈਨੂੰ ਵੀ ਉਸ ਦੀ ਇਸ ਤਿਘੜਮ ਬਾਜ਼ੀ 'ਤੇ ਗੁੱਸਾ ਆ ਗਿਆ। ਮੈਂ ਉਸ ਨੂੰ ਚੰਗੀਆਂ ਕਰਾਰੀਆਂ ਸੁਣਾਈਆਂ ਤੇ ਨਾਲ "ਚੋਰ, ਉਚੱਕਾ ਚੌਧਰੀ ਗੁੰਡੀ ਰੰਨ ਪ੍ਰਧਾਨ" ਅਤੇ "ਚੋਰ ਨਾਲੇ ਚਤਰ" ਦੇ ਦੋ ਆਖਾਣ ਵੀ ਪਾ ਕੇ ਸੁਣਾ ਦਿਤੇ। ਨਾਲ ਮੈਂ ਧਮਕੀ ਵੀ ਦੇ ਦਿਤੀ ਕਿ ਜੇ ਉਹ ਅਗਲੇ ਐਤਵਾਰ ਤੋਂ ਪਹਿਲਾਂ ਪਹਿਲਾਂ ਰੁਪਏ ਵਾਪਸ ਨਹੀਂ ਦੇਵੇਗਾ ਤਾਂ ਉਸ ਨੂੰ ਪੁਲੀਸ ਦੇ ਹਵਾਲੇ ਕਰ ਦਿਤਾ ਜਾਵੇਗਾ।

ਉਹ ਕੈਂਟੋਨਮੈਂਟ ਬੋਰਡ ਦਾ ਮੁਲਾਜ਼ਮ ਸੀ ਪੁਲੀਸ ਵਿਚ ਕੇਸ ਜਾਣ ਤੋਂ ਉਹ ਘਬਰਾ ਗਿਆ ਕਿਉਂਕਿ ਉਸ ਦੀ ਨੌਕਰੀ 'ਤੇ ਬੁਰਾ ਅਸਰ ਪੈ ਜਾਣ ਦਾ ਡਰ ਪੈਦਾ ਹੋ ਜਾਂਦਾ ਸੀ ਤੇ ਨਾਲੇ ਕੈਦ ਹੋ ਜਾਣ ਦਾ ਵੀ ਖ਼ਤਰਾ ਸੀ।

ਇਹ ਗੱਲਾਂ ਸੁਣ ਕੇ ਉਸ ਝਟ ਪਟ ਮੇਰੇ ਪੈਰ ਆਣ ਫੜੇ। ਤੇ ਗਿੜ ਗਿੜਾ ਕੇ ਮਾਫ਼ੀਆਂ ਮੰਗਣ ਲਗ ਗਿਆ ਨਾਲੇ ਅਗੋਂ ਵਾਸਤੇ ਇਹ ਵੀ ਯਕੀਨ ਦਵਾਇਆ ਕਿ ਮੈਂ ਅੱਗੋਂ ਤੁਹਾਡੇ ਸਾਹਮਣੇ ਕਦੀ ਕੋਈ ਗੁਸਤਾਖ਼ੀ ਦੀ ਗੱਲ ਨਹੀਂ ਕਰਾਂਗਾ ਤੇ ਜਿਵੇਂ ਤੁਹਾਡਾ ਹੁਕਮ ਹੋਇਆ ਕਰੇਗਾ ਉਸੇ ਤਰ੍ਹਾਂ ਹੀ ਚਲਿਆ ਕਰਾਂਗਾ।

ਮੈਂ ਕਿਹਾ ਪਹਿਲੋਂ ਤਾਂ ਗ਼ਬਨ ਕੀਤੀ ਗਈ ਰਕਮ ਦਾ ਏਸੇ ਵੇਲੇ ਪ੍ਰੋਨੋਟ ਲਿਖ ਕੇ ਦੇ ਦਿਓ ਤੇ ਫੇਰ ਰੁਪਏ ਛੇਤੀ ਤੋਂ ਛੇਤੀ ਵਾਪਸ ਕਰਨ ਦਾ ਪ੍ਰਬੰਧ ਵੀ ਕਰੋ! ਸੋ ਉਸ ਨੇ ਗ਼ਬਨ ਕੀਤੀ ਰਕਮ ਦਾ ਪ੍ਰੋਨੋਟ ਤਾਂ ਤਤਕਾਲ ਲਿਖ ਦਿਤਾ।

ਮੈਂ ਉਸ ਨੂੰ ਫੇਰ ਪੱਕੀ ਕਰ ਦਿਤੀ ਕਿ ਅਗਲੇ ਐਤਵਾਰ ਤਕ ਜੇ ਕਰ ਇਹ ਰਕਮ ਨਕਦ ਰੁਪਿਆਂ ਦੀ ਸੂਰਤ ਵਿਚ ਗੁਰੂ ਕੇ ਖ਼ਜ਼ਾਨੇ ਦਾਖ਼ਲ ਨਾ ਹੋਈ ਤਾਂ ਮੈਂ ਆਪਣੇ ਐਲਾਨ ਮੁਤਾਬਕ ਸਾਰੀ ਗੱਲ ਸੰਗਤ ਅੰਦਰ ਪ੍ਰਗਟ ਕਰ ਦਿਆਂਗਾ।

ਉਸ ਨੇ ਪਿਛਲੇ ਸਾਲਾਂ ਵਾਂਗ ਗੁਰਪੁਰਬ ਦੇ ਮੌਕੇ 'ਤੇ ਪੰਜਾਬ ਤੋਂ ਪਹਿਲਵਾਨ ਮੰਗਵਾ ਰਖੇ ਸਨ ਤਾਂ ਜੋ ਉਨ੍ਹਾਂ ਦਾ ਦੰਗਲ ਰਚਾ ਕੇ ਠੇਕੇਦਾਰੀ ਦਵਾਰਾ ਮਾਇਆ ਦੇ ਚੰਗੇ ਤਕੜੇ ਗੱਫੇ ਪੈਦਾ ਕਰ ਲਿਆ ਕਰਦਾ ਸੀ।

ਐਤਕੀਂ ਵੀ ਸਰਕਾਰੀ ਅਖਾੜਾ ਤਿੰਨ ਦਿਨ ਵਾਸਤੇ ਕਿਰਾਏ (ਠੇਕੇ) 'ਤੇ



Digitized by Panjab Digital Library | www.panjabdigilib.org

ਲੈ ਕੇ ਦੰਗਲ ਸ਼ੁਰੂ ਹੋ ਚੁਕੇ ਸਨ। ਪਹਿਲੇ ਦੋ ਦਿਨ ਉਸ ਨੂੰ ਤਕੜਾ ਘਾਟਾ ਪੈਂਦਾ ਰਿਹਾ ਸੀ। ਅੱਜ ਉਸ ਦਾ ਤੀਸਰਾ ਦਿਨ ਸੀ, ਤੇ ਇਹ ਆਖ਼ਰੀ ਦਿਨ ਸੀ। ਉਹ ਹੋਰ ਗੱਲ ਬਾਤ ਕੀਤਿਆਂ ਬਿਨਾਂ ਜਲਦੀ ਜਲਦੀ ਦੰਗਲ ਅਸਥਾਨ ਨੂੰ ਚਲਾ ਗਿਆ। ਪਰ ਉਸ 'ਤੇ ਸਤਿਗੁਰਾਂ ਦੀ ਦਇਆ ਮਿਹਰ ਹੋ ਗਈ। ਲੋਕੀਂ ਆਂਉਣੇ ਸ਼ੁਰੂ ਹੋ ਗਏ।

ਟਿਕਟਾਂ ਵਿਕਣ ਲਗ ਗਈਆਂ। ਦੰਗਲ ਅਸਥਾਨ ਅੰਦਰ ਘੋਲ ਵੇਖਣ ਵਾਲੀ ਖ਼ਲਕਤ ਦੇ ਕੜ ਟੁਟ ਪਏ। ਕਿਧਰੇ ਤਿਲ ਧਰਨ ਨੂੰ ਥਾਂ ਨਹੀਂ ਸੀ। ਉਸ ਦਿਨ ਏਨੀ ਮਾਇਆ ਵਰ੍ਹੀ ਕਿ ਪਿਛਲੇ ਦੋਹਾਂ ਦਿਨਾਂ ਦਾ ਘਾਟਾ ਪੂਰਾ ਹੋ ਕੇ ਚੋਖੀ ਸਾਰੀ ਰਕਮ ਉਤੇ ਹੋ ਗਈ। ਭਾਈ ਹਰਦਿਤ ਸਿੰਘ ਨੇ ਠੇਕੇਦਾਰ (ਗ਼ਬਨ ਕਰਨ ਵਾਲੇ) ਨੂੰ ਸਲਾਹ ਦਿਤੀ ਕਿ ਸਤਿਗੁਰੂ ਜੀ ਨੇ ਉਸ ਦੀ ਸਹਾਇਤਾ ਕਰ ਦਿਤੀ ਹੈ।

ਇੰਨ ਬਿੰਨ ਉਵੇਂ ਹੀ ਜਿਵੇਂ ਮੱਖਣ ਸ਼ਾਹ ਲੁਬਾਣੇ ਦੇ ਡੁੱਬਦੇ ਜਾ ਰਹੇ ਜਹਾਜ਼ ਨੂੰ ਮੋਢਾ ਦੇ ਕੇ ਤਾਰ ਦਿਤਾ ਸੀ। ਸੁ ਤੈਨੂੰ ਚਾਹੀਦਾ ਹੈ ਕਿ ਗੁਰੂ ਦੇ ਖ਼ਜ਼ਾਨੇ ਦੀ ਜੋ ਰਕਮ ਗ਼ਬਨ ਕਰੀ ਬੈਠੇ ਹੋ ਤੇ ਹੁਣ ਨੰਗੀ ਹੋ ਗਈ ਹੈ। ਸਿਖੀ ਸਿਦਕ ਨੂੰ ਕਾਇਮ ਰਖੋ ਤੇ ਉਹ ਰਕਮ ਹੁਣੇ ਹੀ ਗੁਰੂ ਦੇ ਖ਼ਜ਼ਾਨੇ ਮੋੜ ਕੇ ਪਾ ਦਿਉ। ਉਸ ਨੇ ਸਲਾਹ ਮੰਨ ਲਈ ਤੇ ਰਕਮ ਵਾਪਸ ਕਰਨ ਵਾਸਤੇ ਮਾਇਆ ਲੈ ਕੇ ਹਾਜ਼ਰ ਹੋ ਗਿਆ।

ਠੇਕੇਦਾਰ ਸਾਹਿਬ ਕਹਿਣ ਲਗੇ ਕਿ ਉਸ ਦਾ ਲਿਖਿਆ ਹੋਇਆ ਪ੍ਰੋਨੋਟ ਪਾੜ ਦਿਤਾ ਜਾਵੇ। ਪਰ ਮੈਂ ਨਾ ਮੰਨਿਆ। ਮੈਂ ਰਕਮ ਪ੍ਰੋਨੋਟ ਦੇ ਪਿਛੇ ਪਾ ਲਈ। ਤੇ ਵੱਖਰੀ ਰਸੀਦ ਵੀ ਲਿਖ ਕੇ ਦੇ ਦਿਤੀ। ਤੇ ਨਾਲ ਹੀ ਕਹਿ ਦਿਤਾ ਕਿ ਰੀਕਾਰਡ ਨੂੰ ਪਾੜ ਦੇਣਾ ਤਾਂ ਜੁਰਮ ਹੈ। ਮੈਂ ਪਾੜ ਕਿਸ ਤਰ੍ਹਾਂ ਸਕਦਾ ਹਾਂ।

ਦੋ ਤਿੰਨ ਦਿਨ ਮਗਰੋਂ ਮੇਜਰ ਗੁਰਚਰਨ ਸਿੰਘ ਜੀ ਦੇ ਬੰਗਲੇ ਅਖੰਡਪਾਠ ਦਾ ਭੋਗ ਪੈਣਾ ਸੀ ਜੋ ਉਨ੍ਹਾਂ ਨੇ ਆਪਣੇ ਪਾਕਿਸਤਾਨ ਵਿਚ ਸ਼ਹੀਦ ਹੋਏ ਉਨ੍ਹਾਂ ਰਿਸ਼ਤੇਦਾਰਾਂ ਦੇ ਨਮਿਤ ਰਖਵਾਇਆ ਸੀ, ਜਿਨ੍ਹਾਂ ਨੇ ਮੁਸਲਮਾਨਾਂ ਦੇ ਕਹਿਣ 'ਤੇ ਸਿਖੀ ਧਰਮ ਨੂੰ ਛੱਡ ਕੇ ਦੀਨ ਇਸਲਾਮ ਕਬੂਲਣਾ ਪ੍ਰਵਾਨ ਨਹੀਂ ਸੀ ਕੀਤਾ ਤੇ ਮੁਸਲਮਾਨ ਜਰਵਾਣਿਆਂ ਨੇ, ਉਨ੍ਹਾ ਦੇ ਉਥੇ ਹੀ ਟੋਟੇ ਟੋਟੇ ਕਰ ਕੇ ਸ਼ਹੀਦ ਕਰ ਦਿਤਾ ਸੀ।



Digitized by Panjab Digital Library | www.panjabdigilib.org

ਭੋਗ ਵੇਲੇ ਗ੍ਰੰਥੀ ਸਿੰਘ ਨੇ ਅਰਦਾਸਾ ਕਰਦਿਆਂ ਹੋਇਆਂ ਕਹਿ ਦਿਤਾ ਕਿ "ਮਹਾਰਾਜ ! ਏਸ ਖ਼ੁਸ਼ੀ ਵਿਚ ਮੇਜਰ ਗੁਰਚਰਨ ਸਿੰਘ ਸਾਹਿਬ ਨੇ ਅਖੰਡਪਾਠ ਦਾ ਭੋਗ ਪਵਾਇਆ ਹੈ। ਉਨ੍ਹਾਂ ਵਲੋਂ ਕੜਾਹ ਪ੍ਰਸ਼ਾਦ ਦੀ ਦੇਗ, ਰੁਮਾਲਾ ਤੇ ਪਾਠੀ ਸਿੰਘ ਲਈ ਮਾਇਆ ਦੇ ਗੱਫੇ ਤੇ ਬਸਤਰ ਹਾਜ਼ਰ ਹਨ। ਇਤਿ ਆਦਿ।"

ਸੰਗਤ ਵਿਚ ਬਹੁਤ ਸਾਰੇ ਹਿੰਦੂ ਤੇ ਸਹਿਜਧਾਰੀ ਸੱਜਣ ਵੀ ਸਨ। ਉਹ ਅਤੇ ਹੋਰ ਸਾਰੀ ਸੰਗਤ ਗ੍ਰੰਥੀ ਸਾਹਿਬ ਦੇ "ਖ਼ੁਸ਼ੀ" ਦੇ ਸ਼ਬਦ ਸੁਣ ਕੇ ਹੈਰਾਨ ਰਹਿ ਗਏ। ਮੈਂ ਆਪ ਵੀ ਹੈਰਾਨ ਹੋਣ ਵਾਲਿਆਂ ਵਿਚ ਸ਼ਾਮਲ ਸੀ।

ਮੈਂ ਉਠ ਕੇ ਥੋੜੇ ਸ਼ਬਦਾਂ ਵਿਚ ਬੇਨਤੀ ਕੀਤੀ ਕਿ "ਗ੍ਰੰਥੀ ਸਾਹਿਬ ਵਲੋਂ ਬੋਲੇ ਗਏ ਅਰਦਾਸੇ ਦੇ ਸ਼ਬਦ ਹੈਰਾਨ ਕਰਨ ਵਾਲੇ ਤਾਂ ਜ਼ਰੂਰ ਹਨ, ਪਰ ਸਾਨੂੰ ਏਹ ਗੱਲ ਭੁੱਲ ਨਹੀਂ ਜਾਣੀ ਚਾਹੀਦੀ ਕਿ ਗੁਰੂ ਮਹਾਰਾਜ ਜੀ ਨੇ ਹਰ ਸ਼ਾਦੀ ਗ਼ਮੀ ਦੇ ਸਮੇਂ ਕਰਤਾਰ ਸਿਰਜਣਹਾਰ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦਾ ਹੁਕਮ ਦਿਤਾ ਹੈ। ਰੋਣਾ ਧੋਣਾ ਤੇ ਸੋਗ ਮਨਾਉਣਾ ਗੁਰਮਤ ਵਿਚ ਵਾਜਬ ਨਹੀਂ। ਜਿਹਾ ਕਿ ਮਹਾਰਾਜ ਦੀ ਮਰਨ ਸੰਬੰਧੀ ਫ਼ਰਮਾਉਂਦੇ ਹਨ : "ਜਿਹ ਮਰਨੈ ਤੇ ਜਗ ਡਰੇ ਮੇਰੇ ਮਨ ਅਨੰਦ, ਮਰਨੇ ਹੀ ਤੇ ਪਾਈਏ ਪੂਰਨ ਪਰਮਾਨੰਦ।"

"ਕਿਸੇ ਪ੍ਰਾਣੀ ਦਾ ਵਿਛੋੜਾ ਹੋ ਜਾਣਾ ਸਾਕਾਂ ਸੰਬੰਧੀਆਂ ਵਾਸਤੇ ਦੁਖਦਾਈ ਜ਼ਰੂਰ ਹੁੰਦਾ ਹੈ, ਪਰ ਜੋ ਸੂਰਬੀਰ ਧਰਮ ਦੀ ਜਗ ਵੇਦੀ ਉਪਰ ਕੁਰਬਾਨ ਹੋ ਜਾਂਦੇ ਹਨ, ਉਹ ਮਰਦੇ ਨਹੀਂ। ਸਗੋਂ ਉਹ ਅਮਰ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹਨ। ਸੁ ਮੇਜਰ ਗੁਰਚਰਨ ਸਿੰਘ ਜੀ ਦੇ ਮਰੇ ਨਹੀਂ ਰਿਸ਼ਤੇਦਾਰ ਸ਼ਹੀਦ ਹੋ ਗਏ ਹਨ।

"ਉਨ੍ਹਾਂ ਦੀ ਸ਼ਹੀਦੀ ਉਪਰ ਮੇਜਰ ਗੁਰਚਰਨ ਸਿੰਘ, ਉਨ੍ਹਾਂ ਦੀ ਸੰਤਾਨ ਅਤੇ ਸਾਰਾ ਹੀ ਸਿਖ ਜਗਤ ਵਾਸਤੇ ਫ਼ਖ਼ਰ ਕਰਦਾ ਹੈ, ਕਿਉਂਕਿ ਉਨ੍ਹਾਂ ਦੀਆਂ ਸ਼ਹੀਦੀਆਂ ਰਹਿੰਦੀ ਦੁਨੀਆਂ ਤਕ ਸਿਖ ਜਗਤ ਨੂੰ ਜੀਵਨ ਪ੍ਰਦਾਨ ਕਰਦੀਆਂ ਰਹਿਣਗੀਆਂ। ਜਦੋਂ ਉਨ੍ਹਾਂ ਸੂਰਬੀਰ ਮਰਦਾਂ ਤੇ ਇਸਤ੍ਰੀਆਂ ਦੇ ਅਗੇ 'ਇਸਲਾਮ' ਜਾਂ 'ਮੌਤ' ਦੋਹਾਂ ਵਿਚੋਂ ਇਕ ਨੂੰ ਆਪਣਾਂ ਲੈਣ ਦਾ ਸਵਾਲ ਮੁਸਲਮਾਨ ਜਰਵਾਣਿਆਂ ਵਲੋਂ ਰਖਿਆ ਗਿਆ, ਤਾਂ ਉਨ੍ਹਾਂ ਧਰਮੀ ਸ਼ਹੀਦਾਂ ਨੇ ਮੌਤ ਨੂੰ ਤਰਜੀਹ ਦੇਂਦਿਆਂ ਹੋਇਆਂ ਧਰਮ ਨੂੰ ਆਪਣੀ ਜਾਨ ਨਾਲੋਂ ਵਧੇਰੇ ਪਿਆਰ ਕੀਤਾ। ਉਹ ਧਰਮੀ ਸ਼ਹੀਦ ਮਰੇ ਨਹੀਂ, ਉਹ ਅਮਰ ਜੀਵਨ ਪਾ



Digitized by Panjab Digital Library | www.panjabdigilib.org

ਗਏ ਹਨ। ਅਨੇਕਾਂ ਹੀ ਸਿਖ ਉਨ੍ਹਾਂ ਦੀ ਏਸ ਅਦੁਤੀ ਮਿਸਾਲ ਤੋਂ ਧਰਮ 'ਤੇ ਦ੍ਰਿੜ੍ਹ ਰਹਿਣ ਦੀ ਸਿਖ ਮਤ ਲੈਣਗੇ।"

ਮੇਰੇ ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਇਕ ਸਹਿਜਧਾਰੀ ਸਿਖ ਅਫ਼ਸਰ ਨੇ ਕਰ ਦਿਤੀ। ਤੇ ਦੀਵਾਨ ਦੀ ਸਮਾਪਤੀ ਹੋ ਗਈ। ਦੀਵਾਨ ਅਸਥਾਨ 'ਚੋਂ ਬਾਹਰ ਨਿਕਲੇ ਤਾਂ ਗੁੰਥੀ ਜੀ ਮੇਰੇ ਪਾਸ ਆ ਕੇ ਕਹਿਣ ਲਗੇ। "ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਗ਼ਲਤੀ ਉਪਰ ਬੜੀ ਵਿਦਵਤਾ ਤੇ ਸਿਆਣਪ ਨਾਲ ਪੜਦਾ ਪਾ ਦਿਤਾ ਹੈ।"

ਮੇਜਰ ਗੁਰਚਰਨ ਸਿੰਘ ਹੁਰਾਂ ਅਖੰਡ ਪਾਠ ਦੇ ਭੋਗ ਵਾਲੇ ਦਿਨ ਲਈ ਇੰਦੌਰ ਤੋਂ ਰਾਗੀ ਜਥਾ ਮੰਗਾਇਆ ਹੋਇਆ ਸੀ। ਉਨ੍ਹਾਂ ਨੇ ਸਰਦਾਰ ਪ੍ਰਧਾਨ ਸਿੰਘ ਠੇਕੇਦਾਰ ਜੰਗਲਾਤ — ਜੋ ਕੇਵਲ ਇੰਦੌਰ ਵਿਚ ਹੀ ਨਹੀਂ ਸਗੋਂ ਸਾਰੇ ਮਾਲਗੁਜ਼ਾਰ ਵਿਚ ਇਕ ਮੰਨੇ ਪ੍ਰਮੰਨੇ ਸੱਜਣ ਸਨ — ਨੂੰ ਜਾ ਆਖਿਆ ਕਿ ਉਹ ਗੁਰਪੁਰਬ 'ਤੇ ਮੈਨੂੰ ਇੰਦੌਰ ਬੁਲਾ ਭੇਜਣ। ਸੁ ਉਨ੍ਹਾਂ ਮੈਨੂੰ ਚਿੱਠੀ ਲਿਖ ਕੇ ਬੁਲਾ ਭੇਜਿਆ।

ਮੈਂ ਆਪਣੀ ਮਜਬੂਰੀ ਲਿਖ ਭੇਜੀ। ਪਰ ਉਨ੍ਹਾਂ ਮੁੜਦੀ ਡਾਕੇ ਮੈਨੂੰ ਫੇਰ ਲਿਖ ਭੇਜਿਆ ਕਿ ਉਨ੍ਹਾਂ ਇਸ਼ਤਿਹਾਰ ਵਿਚ ਮੇਰਾ ਨਾਂ ਦੇ ਦਿਤਾ ਹੋਇਆ ਹੈ। ਉਨ੍ਹਾਂ ਦਾ ਲੜਕਾ ਕਾਰ ਲੈ ਕੇ ਲੈਣ ਆਵੇਗਾ। ਤੇ ਬਹੁਤਾ ਨਹੀਂ ਤਾਂ ਦੋ ਘੰਟੇ ਵਾਸਤੇ ਜ਼ਰੂਰ ਬਰ ਜ਼ਰੂਰ ਦਰਸ਼ਨ ਦੇਵਾਂ।

ਸੁ ਉਨ੍ਹਾਂ ਦਾ ਲੜਕਾ ਕਾਰ ਲੈ ਕੇ ਆ ਗਿਆ, ਤੇ ਮੈਨੂੰ ਉਸ ਦੇ ਨਾਲ ਜਾਣਾ ਪੈ ਹੀ ਗਿਆ! ਉਨ੍ਹਾਂ ਨੇ ਮਿਹਰਬਾਨੀ ਕੀਤੀ ਤੇ ਮੇਰਾ ਵਕਤ ਆਸਾ ਦੀ ਵਾਰ ਦਾ ਭੋਗ ਪੈਣ ਤੋਂ ਝਟ ਮਗਰੋਂ ਰਖ ਦਿਤਾ, ਤੇ ਮੈਂ ਕੇਵਲ ਇਕੋ ਘੰਟਾ ਬੋਲ ਕੇ ਛੁੱਟੀ ਮੰਗ ਲਈ।

ਉਨ੍ਹਾਂ ਦੇ ਲੜਕੇ ਨੇ ਮੈਨੂੰ ਕਾਰ 'ਤੇ ਮਹੂ ਗੁਰਦੁਆਰੇ ਵਿਚ ਲਿਆ ਉਤਾਰਿਆ ਅਗੇ ਦੀਵਾਨ ਸਜ ਰਿਹਾ ਸੀ। ਮੀਤ ਪ੍ਰਧਾਨ ਸ੍ਰ: ਰਾਮਿੰਦਰ ਸਿੰਘ ਜੀ ਪ੍ਰੋਗਰਾਮ ਅਨੁਸਾਰ ਦੀਵਾਨ ਦੀ ਕਾਰਵਾਈ ਭੁਗਤਾ ਰਹੇ ਸਨ। ਕੀਰਤਨੀ ਜਥਾ ਬਾਹਰੋਂ ਮੰਗਵਾ ਰਖਿਆ ਸੀ। ਲੋਕਲ ਸਜਣ ਵੀ ਚੰਗੇ ਚੰਗੇ ਬੋਲਣ ਵਾਲੇ ਸਨ। ਗੁਰਪੁਰਬ ਬੜੀ ਸਜ ਧਜ ਨਾਲ ਮਨਾਇਆ ਗਿਆ। ਤੇ ਲੰਗਰ ਸਾਰਾ ਦਿਨ ਅਤੁਟ ਵਰਤਦਾ ਰਿਹਾ।



Digitized by Panjab Digital Library | www.panjabdigilib.org

ਮੈਨੂੰ ਇਹ ਗੱਲ ਪਤਾ ਲਗਣ 'ਤੇ ਬੜੀ ਹੀ ਪ੍ਰਸੰਨਤਾ ਹੋਈ ਕਿ ਸਾਰੇ ਦੇ ਸਾਰੇ ਸਿਖ, ਸਹਿਜਧਾਰੀ ਤੇ ਹਿੰਦੂ ਸੱਜਣ ਇਕ ਡੰਗ ਪ੍ਰਸ਼ਾਦਾ ਲੰਗਰ ਵਿਚ ਹੀ ਛਕਿਆ ਕਰਦੇ ਸਨ। ਇਕ ਹਿੰਦੂ ਸੱਜਣ ਨੂੰ ਮੈਂ ਪ੍ਰਸ਼ਾਦ ਛਕ ਕੇ ਜਾਣ ਵਾਸਤੇ ਆਪਣੇ ਵਲੋਂ ਬੜਾ ਜ਼ੋਰ ਦਿਤਾ। ਉਹ ਹਸ ਪਿਆ ਤੇ ਕਹਿਣ ਲਗਾ, "ਐਨਾ ਜ਼ੋਰ ਦੇ ਕੇ ਪਰਸ਼ਾਦ ਛਕਣ ਲਈ ਕਹਿਣ ਦੀ ਲੋੜ ਹੀ ਕੀ ਹੈ। ਅਸੀਂ ਤਾਂ ਸਦਾ ਹੀ ਗੁਰਪੁਰਬ ਵਾਲੇ ਦਿਨ ਪ੍ਰਸ਼ਾਦਾ ਲੰਗਰ ਦਾ ਹੀ ਛਕਿਆ ਕਰਦੇ ਹਾਂ। ਲੰਗਰ ਦਾ ਦਾਲ ਫੁਲਕਾ ਡਾਢਾ ਹੀ ਸਵਾਦ ਲਗਦਾ ਹੈ।"

ਸੁ ਉਨ੍ਹਾਂ ਨੇ ਸਹਿ-ਪਰਵਾਰ ਪ੍ਰਸ਼ਾਦਾ ਲੰਗਰ ਵਿਚੋਂ ਹੀ ਛਕਿਆ ਤੇ ਜਾਣ ਲਗਿਆਂ ੨੫ ਰੁਪਏ ਗੁਰੂ ਕੇ ਲੰਗਰ ਲਈ ਭੇਟਾ ਕਰ ਗਏ। ਕਹਿਣ ਲਗੇ ਕਿ ਲੰਗਰ ਵਿਚੋਂ ਪ੍ਰਸ਼ਾਦ ਛਕ ਕੇ ਉਹ ਸਦਾ ਹੀ ਗੁਰੂ ਕੇ ਲੰਗਰ ਵਾਸਤੇ ਏਨੀ ਕੁ ਤੁਛ ਭੇਟਾ ਕਰ ਜਾਇਆ ਕਰਦੇ ਹਨ।

ਇਕ ਦਿਨ ਪਹਿਲੋਂ ਨਗਰ ਕੀਰਤਨ ਦਾ ਸ਼ਾਨਦਾਰ ਜਲੂਸ ਕਢਿਆ ਗਿਆ ਸੀ। ਅਜ ਦਾ ਦੀਵਾਨ ਸਵੇਰੇ ਸ਼ਾਮ ਦੋਵੇਂ ਵੇਲੇ ਸਜਿਆ ਸੀ। ਸ਼ਾਮ ਨੂੰ ਕਵੀ ਦਰਬਾਰ ਵੀ ਸਜਾਇਆ ਗਿਆ ਜਿਸ ਵਿਚ ਚੰਗੇ ਚੰਗੇ ਕਵੀਆਂ ਨੇ ਆਪਣੀ ਆਪਣੀ ਕਲਾਮ ਦੇ ਜੌਹਰ ਦਿਖਾਏ। ਨਗਰ ਕੀਰਤਨ ਦੇ ਜਲੂਸ ਵਿਚ ਮੈਨੂੰ ਕਈ ਥਾਈਂ ਆਪਣੇ ਖਿਆਲ ਪ੍ਰਗਟ ਕਰਨੇ ਪਏ। ਮੈਂ ਆਪਣੀਆਂ ਸਪੀਚਾਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਨੂੰ ਤਾੜਨਾ ਕੀਤੀ ਕਿ ਉਹ ਸ਼ਰਨਾਰਥੀਆਂ ਨਾਲ ਬਦਸਲੂਕੀ ਨਾ ਵਰਤਿਆ ਕਰਨ। ਨਹੀਂ ਤਾਂ ਨਤੀਜਾ ਚੰਗਾ ਨਹੀਂ ਹੋਵੇਗਾ। ਮੈਂ ਆਪਣੀ ਸਪੀਚ ਵਿਚ ਮੁਸਲਮਾਨ ਭਰਾਵਾਂ ਨੂੰ ਇਹ ਵੀ ਮਸ਼ਵਰਾ ਦਿਤਾ ਕਿ ਜਿਨ੍ਹਾਂ ਦੀਆਂ ਨਜ਼ਰਾਂ ਪਾਕਿਸਤਾਨ ਵਲ ਲਗੀਆਂ ਹੋਈਆਂ ਹਨ। ਉਨ੍ਹਾਂ ਨੂੰ ਫ਼ੌਰਨ ਭਾਰਤ ਵਿਚੋਂ ਨਿਕਲ ਜਾਣਾ ਚਾਹੀਦਾ ਹੈ। ਉਹ ਜਿੰਨੀ ਛੇਤੀ ਚਲੇ ਜਾਣ ਉਨਾ ਹੀ ਉਨ੍ਹਾਂ ਵਾਸਤੇ ਚੰਗਾ ਰਹੇਗਾ। ਜਿਨ੍ਹਾਂ ਨੂੰ ਆਪਣਾ ਭਾਰਤ ਦੇਸ ਹੀ ਬੁਰਾ ਲਗਦਾ ਹੈ ਉਨ੍ਹਾਂ ਨੂੰ ਏਸ ਦੇਸ ਵਿਚ ਰਹਿਣ ਦਾ ਹਕ ਵੀ ਕੀ ਹੈ? ਉਨ੍ਹਾਂ ਵਾਸਤੇ ਭਾਰਤ ਅੰਦਰ ਕੋਈ ਵੀ ਥਾਂ ਨਹੀਂ। ਦੂਜੇ ਦਿਨ ਹਿੰਦੂ ਤੇ ਮੁਸਲਮਾਨ ਦੋਹਾਂ ਹੀ ਜਾਤੀਆਂ ਦੇ ਪ੍ਰਤੀਨਿਧਾਂ ਨੇ ਡਿਪਟੀ ਸੁਪ੍ਰਿੰਟੈਂਡੈਂਟ ਪੋਲੀਸ ਪਾਸ ਜਾ ਸ਼ਕਾਇਤ ਕੀਤੀ ਕਿ ਅਕਾਲੀ ਧਮਕੀਆਂ ਦੇ ਰਹੇ ਹਨ। ਸਾਨੂੰ ਉਨ੍ਹਾਂ ਪਾਸੋਂ



Digitized by Panjab Digital Library | www.panjabdigilib.org

ਆਪਣੇ ਜਾਨ ਮਾਲ ਦਾ ਅਤਿਅੰਤ ਖ਼ਤਰਾ ਹੈ। ਯੋਗ ਪ੍ਰਬੰਧ ਕੀਤਾ ਜਵੇ।

ਤੀਜੇ ਦਿਨ ਮੈਨੂੰ ਗੁਰਦੁਆਰੇ ਇਕ ਪੁਲੀਸ ਦਾ ਆਦਮੀ ਆ ਕੇ ਕਹਿਣ ਲਗਾ ਕਿ ਆਪ ਜੀ ਨੂੰ ਡਿਪਟੀ ਸੁਪ੍ਰਿੰਟੈਂਡੈਂਟ ਸਾਹਿਬ ਬਹਾਦਰ ਨੇ ਆਪਣੀ ਕੋਠੀ ਬੁਲਾ ਭੇਜਿਆ ਹੈ। ਮੈਂ ਜਾਂਦੇ ਜਾਂਦੇ ਰਸਤੇ ਵਿਚੋਂ ਮਿਸਟਰ ਸਾਹਣੀ ਨੂੰ ਉਨ੍ਹਾਂ ਦੇ ਬੰਗਲੇ ਤੋਂ ਆਪਣੇ ਨਾਲ ਲੈ ਲਿਆ। ਡਿਪਟੀ ਸਾਹਿਬ ਨੇ ਮੇਰੇ ਲੈਕਚਰ ਬਾਰੇ ਮੇਰੇ ਪਾਸੋਂ ਪੁੱਛਿਆ। ਮੈਂ ਜੋ ਕਿਹਾ ਸੀ ਮੰਨ ਲਿਆ। ਤੇ ਨਾਲ ਹੀ ਇਹ ਆਖ ਦਿਤਾ ਕਿ ਸਰਦਾਰ ਪਟੇਲ ਜੀ ਦੇ ਸ਼ਬਦ ਹੀ ਦੁਹਰਾਏ ਨੇ। ਜਿਸ 'ਤੇ ਮਿਸਟਰ ਸਾਹਣੀ ਜੀ ਦੇ ਮੂੰਹੋਂ ਨਿਕਲ ਗਿਆ ਕਿ ਲੋਕਾਂ ਨੇ ਸਰਦਾਰ ਸਾਹਿਬ ਦੀ ਗੱਲ ਨੂੰ ਠੀਕ ਨਹੀਂ ਸਮਝਿਆ ਜਿਸ ਦਾ ਉਨ੍ਹਾਂ ਨੂੰ ਅਫ਼ਸੋਸ ਹੈ।

ਮੈਂ 'ਅਫ਼ਸੋਸ' ਦਾ ਸ਼ਬਦ ਸੁਣ ਕੇ ਝਟ ਬੋਲ ਉਠਿਆ ਕਿ "ਸਾਹਣੀ ਸਾਹਿਬ! ਮਾਫ਼ ਰਖਣਾ ਮੈਂ ਆਪ ਜੀ ਨੂੰ ਮਾਫੀਆਂ ਮੰਗਣ ਜਾਂ ਅਫ਼ਸੋਸ ਪ੍ਰਗਟ ਕਰਨ ਵਾਸਤੇ ਨਾਲ ਨਹੀਂ ਲੈ ਕੇ ਆਇਆ। ਮੈਂ ਤਾਂ ਆਪ ਜੀ ਨੂੰ ਆਪਣੇ ਨਾਲ ਆਉਣ ਦੀ ਏਸ ਵਾਸਤੇ ਖੇਚਲ ਦਿਤੀ ਸੀ ਕਿ ਜੇ ਪੁਲੀਸ ਮੇਰੇ ਉਪਰ ਮੁਕੱਦਮਾ ਖੜਾ ਕਰਨ ਜਾਂ ਕੋਈ ਮੁਕਦਮਾ ਚਲਾਉਣ ਦਾ ਇਰਾਦਾ ਰਖਦੀ ਹੋਵੇ ਤਾਂ ਆਪ ਜੀ ਮੇਰੀ ਹਾਜ਼ਰੀ ਦੀ ਜ਼ਮਾਨਤ ਦੇ ਸਕੋ। ਸੁ ਜੋ ਮੈਂ ਆਪਣੇ ਲੈਕਚਰ ਵਿਚ ਆਖਿਆ ਹੈ, ਮੈਂ ਉਹੋ ਗੱਲ ਫੇਰ ਲੋੜ ਪੈਣ 'ਤੇ ਦਸ ਵਾਰੀ ਆਖਣ ਨੂੰ ਤਿਆਰ ਹਾਂ।"

ਡਿਪਟੀ ਸਾਹਿਬ ਆਖਣ ਲਗੇ "ਲੋਕ ਤਾਂ ਪਹਿਲੋਂ ਹੀ ਬਹੁਤ ਸਹਿਮੇ ਹੋਏ ਸਨ ਤੇ ਤੁਹਾਡਾ ਲੈਕਚਰ ਸੁਣ ਕੇ ਹੋਰ ਵੀ ਬਹੁਤ ਸਾਰੇ ਡਰ ਗਏ ਹਨ ਅਤੇ ਕਹਿੰਦੇ ਹਨ ਕਿ ਬੈਰਿਸਟਰ ਸਾਹਿਬ ਏਥੇ ਆ ਕੇ ਕਿਤੇ ਲੋਕਾਂ ਦਾ ਆਪਸ ਵਿਚ ਸਿਰ-ਫੁਟੌਲ ਹੀ ਨਾ ਕਰਵਾ ਦੇਣ। ਇਹ ਸੁਣ ਕੇ ਮੈਂ ਕਿਹਾ ਕਿ ਮੈਂ ਫ਼ਸਾਦ ਕਰਵਾਉਣ ਵਾਲਿਆਂ ਵਿਚੋਂ ਨਹੀਂ ਹਾਂ, ਮੈਂ ਤਾਂ ਫ਼ਸਾਦ ਰੋਕਣ ਵਾਲਿਆਂ ਵਿਚੋਂ ਹਾਂ। ਮੈਂ ਉਨ੍ਹਾਂ ਨੂੰ ਇਹ ਵੀ ਦਸਿਆ ਕਿ ਪਿਛਲੇ ਹਫ਼ਤੇ ਹੀ ਬਹੁਤ ਸਾਰੇ ਲੋਕ ਬਾਹਰੋਂ ਆਏ ਹੋਏ ਸਨ। ਉਨ੍ਹਾਂ ਨੇ ਸ਼ਹਿਰ ਨੂੰ ਫੂਕ ਦੇਣ ਦੀ ਪੱਕੀ ਠਾਨ ਰਖੀ ਸੀ। ਆ ਕੇ ਠਹਿਰੇ ਹੋਏ ਵੀ ਗੁਰਦੁਆਰੇ ਵਿਚ ਹੀ ਸਨ। ਮੈਨੂੰ ਉਨ੍ਹਾਂ ਦੀ ਏਸ ਖੋਟੀ ਨੀਤ ਦੀ ਸੂਹ ਮਿਲ ਗਈ ਤੇ ਮੈਂ ਉਨ੍ਹਾਂ ਨੂੰ ਗੁਰਦੁਆਰਿਉਂ ਬਾਹਰ ਕਢ



Digitized by Panjab Digital Library | www.panjabdigilib.org

ਦਿਤਾ ਅਤੇ ਕਿਹਾ ਕਿ ਫ਼ੌਰਨ ਸ਼ਹਿਰ ਦੇ ਬਾਰਾਂ ਪੱਥਰਾਂ ਤੋਂ ਬਾਹਰ ਚਲੇ ਜਾਓ ਨਹੀਂ ਤਾਂ ਸਭ ਨੂੰ ਪੁਲਸ ਦੇ ਹਵਾਲੇ ਕਰ ਦਿਤਾ ਜਾਵੇਗਾ। ਆਪ ਜੀ ਦੀ ਪੁਲਸ ਜੋ ਸਾਹਮਣੇ ਵਾਲੇ ਸਿਨਿਮਾ ਵਿਚ ਜਮ੍ਹਾਂ ਸੀ ਉਸ ਨੂੰ ਨਾ ਫ਼ਸਾਦੀਆਂ ਦੇ ਆਉਣ ਦਾ ਪਤਾ ਲੱਗਾ ਤੇ ਨਾ ਜਾਣ ਦੀ ਹੀ ਖ਼ਬਰ ਹੋਈ।

ਇਹ ਗੱਲ ਸੁਣ ਕੇ ਡਿਪਟੀ ਸਾਹਿਬ ਕਹਿਣ ਲਗੇ ਕਿ "ਤੁਸਾਂ ਸਾਨੂੰ ਕਿਉਂ ਨ ਖ਼ਬਰ ਦਿਤੀ ?"

ਮੈਂ ਉੱਤਰ ਦਿਤਾ "ਮੈਂ ਪੁਲਸ ਦਾ ਦਲਾਲ ਨਹੀਂ ਹਾਂ। ਮੈਂ ਆਪਣੀ ਪੁਜ਼ੀਸ਼ਨ ਵੀ ਵੇਖਣੀ ਹੁੰਦੀ ਹੈ। ਮੈਂ ਪਬਲਿਕ ਦਾ ਆਦਮੀ ਹਾਂ ਤੇ ਪਬਲਿਕ ਨਾਲ ਹੀ ਵਰਤਣਾ ਹੁੰਦਾ ਹੈ। ਸੋ ਮੈਂ ਇਹੋ ਜਿਹਾ ਕੋਈ ਕੰਮ ਨਹੀਂ ਕਰ ਸਕਦਾ ਜਿਸ ਦੇ ਕਰਨ ਨਾਲ ਪਬਲਿਕ ਦੀਆਂ ਨਜ਼ਰਾਂ ਵਿਚ ਖ਼ਾਹ-ਮ-ਖ਼ਾਹ ਈ ਗੰਦਾ ਸਮਝਿਆ ਜਾਵਾਂ।

"ਮੈਂ ਜਿਥੇ ਇਹ ਨਹੀਂ ਸੀ ਚਾਹੁੰਦਾ ਕਿ ਸ਼ਹਿਰ ਵਿਚ ਕੋਈ ਫ਼ਸਾਦ ਹੋ ਜਾਵੇ ਓਥੇ ਇਹ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਇਕ ਧਾਰਮਕ ਅਸਥਾਨ ਵਿਚ ਫ਼ਸਾਦੀ ਲੋਕਾਂ ਨੂੰ ਠਹਿਰਨ ਦੀ ਆਗਿਆ ਦਿਤੀ ਜਾਂਦੀ ਜਾਂ ਜਿਸ ਧਾਰਮਕ ਅਸਥਾਨ ਦਾ ਪਬਲਿਕ ਨੇ ਮੈਨੂੰ ਮੁਖ ਪ੍ਰਬੰਧਕ ਥਾਪ ਰਖਿਆ ਹੈ, ਉਸ ਪਦਵੀ ਤੋਂ ਪੁਲਸ ਦੀ ਦਲਾਲੀ ਕਰ ਕੇ ਉਸ ਅਸਥਾਨ ਦੀ ਪਵਿੱਤ੍ਰਤਾ ਉਪਰ ਕਿਸੇ ਕਿਸਮ ਦਾ ਹਰਫ਼ ਲਿਆਉਣ ਦਾ ਕਾਰਨ ਬਣਦਾ। ਸੋ ਮੈਂ ਉਹ ਕੰਮ ਕੀਤਾ ਜਿਸ ਤਰ੍ਹਾਂ ਫ਼ਸਾਦੀ ਵੀ ਸ਼ਹਿਰ ਵਿਚੋਂ ਨਿਕਲ ਜਾਣ 'ਤੇ ਮੇਰੀ ਆਪਣੀ ਪੁਜ਼ੀਸ਼ਨ ਨੂੰ ਵੀ ਕਿਸੇ ਪ੍ਰਕਾਰ ਦਾ ਦਾਗ਼ ਨਾ ਲਗੇ। ਸੱਪ ਵੀ ਮਰ ਜਾਵੇ ਤੇ ਡੰਡਾ ਵੀ ਬਚਿਆ ਰਹੇ। ਸੋ ਮੈਂ ਉਨ੍ਹਾਂ ਨੂੰ ਫ਼ੌਰਨ ਗੁਰਦੁਆਰੇ ਵਿਚੋਂ ਕਢ ਦਿਤਾ ਤੇ ਮੇਰੇ ਆਦਮੀ ਉਨ੍ਹਾਂ ਨੂੰ ਸ਼ਹਿਰ ਦੇ ਬਾਰਾਂ ਪੱਥਰਾਂ ਤੋਂ ਬਾਹਰ ਕਢ ਆਏ। ਸੋ ਮੈਂ ਅੱਗ ਲਾਉਣ ਵਾਲਿਆਂ ਵਿਚੋਂ ਨਹੀਂ, ਸਗੋਂ ਲਗੀ ਹੋਈ ਨੂੰ ਬੁਝਾ ਦੇਣ ਵਾਲਿਆਂ ਵਿਚੋਂ ਹਾਂ।

"ਮੈਂ ਸ਼ਹਿਰ ਵਾਸੀਆਂ ਦੇ ਏਸ ਵਤੀਰੇ ਨੂੰ ਵੀ ਬਹੁਤ ਬੁਰਾ ਸਮਝਦਾ ਹਾਂ ਜੋ ਇਹ ਲੋਕ ਵਿਚਾਰੇ ਸ਼ਰਨਾਥੀਆਂ ਨਾਲ ਅਖ਼ਤਿਆਰ ਕਰ ਰਹੇ ਹਨ। ਇਹ ਵਿਚਾਰੇ ਆਪਣੇ ਪੀੜ੍ਹੀਆਂ ਦੇ ਚਲੇ ਆਉਂਦੇ ਘਰ ਘਾਟ ਛਡ ਕੇ ਏਥੇ ਆਏ ਹਨ ਤਾਂ ਏਸ



Digitized by Panjab Digital Library | www.panjabdigilib.org

ਨੂੰ ਆਪਣਾ ਦੇਸ਼ ਸਮਝ ਕੇ ਆਏ ਹਨ। ਉਨ੍ਹਾਂ ਨੂੰ ਏਸ ਦੇਸ ਵਿਚ ਵੱਸਣ ਦਾ ਓਨਾ ਹੀ ਹੱਕ ਹੈ ਜਿੰਨਾਂ ਏਥੋਂ ਦੇ ਅਸਲ ਵਸਨੀਕਾਂ ਤੇ ਏਥੋਂ ਦੀਆਂ ਜਾਇਦਾਦਾਂ ਦੇ ਮਾਲਕਾਂ ਨੂੰ ਹੈ। ਪਰ ਇਹ ਲੋਕ ਅੱਵਲ ਤਾਂ ਉਨ੍ਹਾਂ ਨੂੰ ਰਹਿਣ ਵਾਸਤੇ ਕਿਰਾਏ 'ਤੇ ਮਕਾਨ ਦੇਂਦੇ ਹੀ ਨਹੀਂ ਤੇ ਜੇ ਦੇਂਦੇ ਹਨ ਤਾਂ ਪੰਜ ਪੰਜ ਰੁਪਏ ਮਹੀਨਾ ਕਿਰਾਏ ਦੇ ਮਕਾਨ ਦਾ ਪੰਜਾਹ ਪੰਜਾਹ ਰੁਪਏ ਮਹੀਨਾ ਉਨ੍ਹਾਂ ਪਾਸੋਂ ਵਸੂਲ ਕਰਦੇ ਹਨ। ਇਹ ਉਨ੍ਹਾਂ ਵਿਚਾਰਿਆਂ ਨਾਲ ਜ਼ੁਲਮ ਨਹੀਂ ਤਾਂ ਕੀ ਹੈ ?"

ਮੇਰੀਆਂ ਇਹ ਗੱਲਾਂ ਸੁਣ ਕੇ ਡਿਪਟੀ ਸਾਹਿਬ ਮਿਸਟਰ ਸਾਹਣੀ ਨੂੰ ਵਖਰਿਆਂ ਲੈ ਗਏ ਤੇ ਉਨ੍ਹਾਂ ਨੂੰ ਪੁੱਛਿਓ ਨੇ ਕਿ ਇਹ ਸੱਜਣ ਕੌਣ ਹੈ ? ਤੇ ਕਿਥੇ ਰਹਿੰਦਾ ਹੈ ?? ਫੇਰ ਵਾਪਸ ਆ ਕੇ ਮੁੜ ਮੇਰੇ ਕੋਲ ਬੈਠ ਗਏ ਤੇ ਪ੍ਰੇਮ ਪਿਆਰ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲਗ ਗਏ। ਆਪਣੀ ਕਾਰ ਮੰਗਵਾ ਕੇ ਸਾਨੂੰ ਦੋਹਾਂ ਨੂੰ ਬਦੋਬਦੀ ਆਪਣੇ ਨਾਲ ਬੈਠਾ ਲਿਆ ਤੇ ਮਿਸਟਰ ਸਾਹਣੀ ਨੂੰ ਉਨ੍ਹਾਂ ਦੇ ਬੰਗਲੇ ਅਤੇ ਮੈਨੂੰ ਮੇਰੇ ਲੜਕੇ ਦੇ ਬੰਗਲੇ ਜਾ ਉਤਾਰਿਆ। ਉਹ ਕਾਰ ਨੂੰ ਆਪੇ ਹੀ ਚਲਾਉਂਦੇ ਸਨ। ਮੈਂ ਕਿਹਾ, "ਆਓ ! ਚਾਹ ਦਾ ਵੇਲਾ ਹੋ ਗਿਆ ਹੈ। ਇਕ ਇਕ ਪਿਆਲੀ ਪੀ ਕੇ ਜਾਓ। ਹੁਣੇ ਮੇਰਾ ਲੜਕਾ ਕੈਪਟਨ ਮਨਮੋਹਨ ਸਿੰਘ ਵੀ ਆਉਣ ਹੀ ਵਾਲਾ ਹੈ। ਉਹ ਵੀ ਆਪ ਜੀ ਨੂੰ ਮਿਲ ਕੇ ਬੜਾ ਖ਼ੁਸ਼ ਹੋਵੇਗਾ।"

ਉਹ ਇਹ ਜਾਣ ਕੇ ਕਿ ਉਹ ਇਕ ਵਡਾ ਪੁਲਸ ਅਧਿਕਾਰੀ ਹੁੰਦਾ ਹੋਇਆ ਵੀ ਆਪਣੇ ਸ਼ਹਿਰ ਵਾਸੀਆਂ ਦੇ ਹਸਬ ਨਸਬ ਤੋਂ ਵੀ ਜਾਣੂੰ ਨਹੀਂ ਕੁਝ ਆਪਣੇ ਆਪ ਵਿਚ ਹੀ ਸ਼ਰਮਿੰਦਾ ਜਿਹਾ ਹੋ ਕੇ ਕਹਿਣ ਲਗਾ ਕਿ "ਅਗੇ ਤਾਂ ਇਕ ਮਮੂਲੀ ਜਿਹਾ ਆਦਮੀ ਗੁਰਦੁਆਰੇ ਦਾ ਪ੍ਰਧਾਨ ਹੁੰਦਾ ਸੀ। ਆਪ ਦੀ ਬਾਬਤ ਤਾਂ ਮੈਨੂੰ ਕੋਈ ਜਾਣਕਾਰੀ ਨਹੀਂ ਸੀ। ਮਾਫ਼ ਕਰਨਾ।" ਆਖ ਕੇ ਚਲੇ ਗਏ।



Digitized by Panjab Digital Library | www.panjabdigilib.org

# ਪ੍ਰਦੇਸ ਵਿਚ ਦੇਸ-ਪਿਆਰ

ਮਹੂ ਵਿਚ ਇਕ ਸ਼ਰਨਾਰਥਣ ਮਾਈ ਚੜ੍ਹਾਈ ਕਰ ਗਈ। ਪਤਾ ਲਗਾ ਕਿ ਉਹ ਮਾਈ ਜਨਮ ਤੋਂ ਇਕ ਸਿਦਕੀ ਸਿਖ ਘਰਾਣੇ ਨਾਲ ਸਬੰਧ ਰਖਦੀ ਸੀ ਤੇ ਪਤੀ ਦੇਵ ਉਸ ਦੇ ਆਰੀਆ ਸਮਾਜੀ ਵਿਚਾਰਾਂ ਦੇ ਸੱਜਣ ਸਨ। ਇਹ ਮਾਈ ਦੋਵੇਂ ਵੇਲੇ ਗੁਰਦੁਆਰੇ ਆਉਣ ਵਾਲੀ ਤੇ ਗੁਰਬਾਣੀ ਦੀ ਨਿੱਤ ਨੇਮਣ ਸੀ। ਗੁਰੂ ਗ੍ਰੰਥ ਸਾਹਿਬ ਦਾ ਰੋਜ਼ ਪਾਠ ਕਰਿਆ ਕਰਦੀ ਸੀ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਸਾਧਾਰਨ ਪਾਠ ਗ੍ਰੰਥੀ ਸਿੰਘ. ਰਾਹੀਂ ਕਰਵਾਇਆ ਸੀ।

ਕੁਝ ਚਿਰ ਤੋਂ ਉਹ ਬੀਮਾਰ ਰਹਿ ਰਹੀ ਸੀ। ਮਰਨ ਸਮੇਂ ਉਸ ਦੀ ਅੰਤਮ ਇੱਛਾ ਸੀ ਕਿ ਉਸ ਦੇ ਨਮਿੱਤ ਇਕ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰਵਾਇਆ ਜਾਵੇ। ਪੰਜਾਬਣ ਹੋਣ ਦੇ ਨਾਤੇ ਅਤੇ ਗੁਰਸਿਖੀ ਦੇ ਵਿਚਾਰਾਂ ਦੀ ਸਾਂਝ ਦੇ ਅਧੀਨ ਮੈਂ ਵੀ ਉਸ ਦੀ ਅਰਥੀ ਦੇ ਨਾਲ ਮਸਾਣਾਂ ਤਕ ਗਿਆ।

ਗੁਰਦੁਆਰੇ ਦੇ ਗ੍ਰੰਥੀ ਜੀ ਢੋਲਕ ਛੈਣੇ ਲੈ ਕੇ ਕੁਝ ਪ੍ਰੇਮੀਆਂ ਨੂੰ ਨਾਲ ਲੈ ਸ਼ਬਦ ਚੌਕੀ ਕਰਦੇ ਹੋਏ ਅਰਥੀ ਦੀ ਭੀੜ ਨਾਲ ਸ਼ਾਮਲ ਹੋ ਗਏ। ਘਰ ਵਾਲਿਆਂ ਨੇ ਅਧਵਾਟੇ ਜਾ ਕੇ ਘੜੀ ਭੰਨੀ ਤੇ 'ਘੜੀ-ਭੰਨ' ਦੇ ਮੌਕਿਆਂ 'ਤੇ ਲੱਡੂਆਂ, ਜਲੇਬੀਆਂ ਤੇ ਪੇੜਿਆਂ ਆਦਿ ਦੇ ਦੋ ਵਡੇ ਵਡੇ ਟੋਕਰੇ ਉਸ ਦੀ ਅਰਥੀ ਦਵਾਲੇ ਵਾਰ ਕੇ ਏਧਰ ਓਧਰ ਖਿਲਾਰ ਦਿਤੇ ਗਏ ਜੋ ਕਾਂਵਾਂ ਕੁੱਤਿਆਂ ਨੇ ਕੁਝ ਖਾਧੇ ਤੇ ਕੁਝ ਵੀਰਾਨ ਕੀਤੇ।

ਅਰਥੀ ਉਪਰ ਮਾਈ ਦਾ ਮਿਰਤਕ ਸਰੀਰ ਇਕ ਪੰਜਾਹ ਸੱਠ ਰੁਪਏ ਦੇ



Digitized by Panjab Digital Library | www.panjabdigilib.org

ਕੀਮਤੀ ਦੁਸ਼ਾਲੇ ਨਾਲ ਢਕਿਆ ਹੋਇਆ ਸੀ। ਮਾਈ ਦੇ ਵਾਰਸਾਂ ਨੇ ਇਹ ਦੁਸ਼ਾਲਾ ਉਤਾਰ ਕੇ ਗ੍ਰੰਥੀ ਸਿੰਘ ਨੂੰ ਲੈ ਲੈਣ ਵਾਸਤੇ ਕਿਹਾ।

ਉਸ ਨੇ ਲੈਣ ਤੋਂ ਇਨਕਾਰ ਕਰ ਦਿਤਾ। ਫੇਰ ਉਨ੍ਹਾਂ ਨੇ ਮੈਨੂੰ ਕਿਹਾ ਕਿ ਗ੍ਰੰਥੀ ਸਿੰਘ ਨੂੰ ਪਰੇਰਨਾ ਕਰ ਕੇ ਦੁਸ਼ਾਲਾ ਉਸ ਨੂੰ ਦਵਾ ਦਿਤਾ ਜਾਵੇ। ਪਰ ਮੈਂ ਕਿਹਾ ਕਿ ਗੁਰਦੁਆਰੇ ਨਾਲ ਸਬੰਧ ਰਖਣ ਵਾਲਾ ਕੋਈ ਸੱਜਣ ਮਿਰਤਕ ਦਾ ਧਾਨ ਅੰਗੀਕਾਰ ਨਹੀਂ ਕਰੇਗਾ। ਇਹ ਸਭ ਕੁਝ ਕਿਸੇ ਡਕੌਂਤ ਅਚਾਰਜ ਨੂੰ ਦਿਤਾ ਜਾਣਾ ਚਾਹੀਦਾ ਹੈ।

ਪਰ ਉਹ ਕੋਈ ਮੌਕਿਆ 'ਤੇ ਹਾਜ਼ਰ ਨਹੀਂ ਸੀ। ਸੋ ਵਾਰਸਾਂ ਨੇ ਆਪਣੇ ਕੋਠੀ ਦੇ ਚੂਹੜੇ ਨੂੰ ਦੇ ਦਿਤਾ।

ਸਸਕਾਰ ਕਰ ਕੇ ਸਾਰੇ ਲੋਕੀਂ ਘਰੋ ਘਰੀ ਚਲੇ ਗਏ। ਮੈਨੂੰ ਮਾਈ ਦੇ ਵਾਰਸਾਂ ਨੇ ਕਿਹਾ ਕਿ ਮਾਈ ਦੀ ਅੰਤਮ ਇੱਛਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਵਾਉਣ ਦੀ ਸੀ। ਤੇ ਮੈਨੂੰ ਇਸ ਦਾ ਪ੍ਰਬੰਧ ਕਰ ਦੇਣ ਵਾਸਤੇ ਕਿਹਾ ਗਿਆ ਤੇ ਪੱਕੀ ਕੀਤੀ ਕਿ ਅਖੰਡ ਪਾਠ ਦਾ ਭੋਗ ਮਾਈ ਜੀ ਦੀ ਤੇਰ੍ਹਵੀਂ ਵਾਲੇ ਦਿਨ ਪਵਾਇਆ ਜਾਵੇ। ਮੈਂ ਪ੍ਰਬੰਧ ਕਰ ਦਿਤਾ। ਪਾਠ ਮਾਈ ਦੇ ਪਤੀ ਦੇ ਨਿਵਾਸ ਅਸਥਾਨ ਉਪਰ ਹੀ ਰਖਵਾਇਆ ਗਿਆ, ਜਿਥੇ ਉਹ ਆਪਣੇ ਇਕ ਰਿਸ਼ਤੇਦਾਰ ਦੇ ਬੰਗਲੇ ਵਿਚ ਰਹਿ ਰਿਹਾ ਸੀ। ਤੇਰ੍ਹਵੀਂ ਵਾਲੇ ਦਿਨ ਅਖੰਡ ਪਾਠ ਦੇ ਭੋਗ ਸਮੇਂ ਮੈਂ ਥੋੜੇ ਜਿਹੇ ਸ਼ਬਦਾਂ ਵਿਚ ਕੀਤੇ ਗਏ ਮਿਰਤਕ ਸੰਸਕਾਰ ਉਪਰ ਰੋਸ਼ਨੀ ਪਾਉਂਦਿਆਂ ਹੋਇਆਂ ਕਿਹਾ ਕਿ "ਮਠਿਆਈ ਦੇ ਟੋਕਰੇ ਮਿਰਤਕ ਤੋਂ ਵਾਰ ਕੇ ਸੁਟ ਆਉਣ ਦਾ ਕੀ ਲਾਭ ? ਜੋ ਪਦਾਰਥ ਇਨਸਾਨਾਂ ਦੇ ਖਾਣ ਦੇ ਕੰਮ ਆ ਸਕਦੇ ਸਨ, ਉਹ ਕਾਂਵਾਂ ਕੁੱਤਿਆਂ ਨੂੰ ਖਵਾਲ ਕੇ ਮਨੁੱਖੀ ਸਮਾਜ ਦੇ ਕਿਸ ਕੰਮ ਆਏ ? ਤੇ ਜੋ ਕੀਮਤੀ ਦੁਸ਼ਾਲਾ ਚੂਹੜੇ ਨੂੰ ਦਿਤਾ ਗਿਆ, ਉਹ ਉਸ ਨੂੰ ਥੋੜੇ ਜਿਹੇ ਪੈਸਿਆਂ ਤੋਂ ਵੇਚ ਕੇ ਤੇ ਦੇਸੀ ਸ਼ਰਾਬ ਦੀ ਬੋਤਲ ਪੀ ਕੇ ਮ੍ਰਿਤਯੂ ਦਾ ਅਫ਼ਸੋਸ ਕਰਨ ਵਾਸਤੇ ਬੰਗਲੇ ਵਿਚ ਆਣ ਹਾਜ਼ਰ ਹੋਇਆ।

"ਸੁ ਮਠਿਆਈ ਤੇ ਦੁਸ਼ਾਲੇ ਦਾ ਲੱਗਾ ਲਾਣਾ ਸਭ ਬੇ-ਅਰਥ ਗਵਾ ਲਿਆ ਗਿਆ।"



Digitized by Panjab Digital Library | www.panjabdigilib.org

"ਜੇ ਇਹੋ ਸੌ ਸਵਾ ਸੌ ਰੁਪਈਆ ਕਿਸੇ ਨੇਕੀ ਦੇ ਕੰਮ ਉਪਰ ਲਗਾਇਆ। ਗਿਆ ਹੁੰਦਾ ਤਾਂ ਇਕ 'ਤੇ ਮਨੁੱਖੀ ਸਮਾਜ ਨੂੰ ਕੁਝ ਨਾ ਕੁਝ ਲਾਭ ਪੁੱਜ ਜਾਂਦਾ ਤੇ ਦੂਜੇ ਕੁਝ ਮਾਈ ਦੀ ਆਤਮਕ ਕਲਿਆਣ ਵੀ ਹੋ ਜਾਂਦੀ। ਤਾਂ ਕਿੰਨਾ ਚੰਗਾ ਕੰਮ ਹੁੰਦਾ।"

ਮੇਰੀਆਂ ਇਹ ਗੱਲਾਂ ਸੁਣ ਕੇ ਮਾਈ ਦੇ ਰਿਸ਼ਤੇਦਾਰ ਕਹਿਣ ਲੱਗੇ ਕਿ ਇਨ੍ਹਾਂ ਗੱਲਾਂ ਤੋਂ ਉਹ ਆਪ ਨਫ਼ਰਤ ਕਰਦੇ ਹਨ, ਪਰ ਲੋਕਾਂ ਦੇ ਕਹਿਣ 'ਤੇ ਸਾਨੂੰ ਇਹ ਸਭ ਕੁਝ ਕਰਨਾ ਪੈ ਗਿਆ।

ਮਾਈ ਦੇ ਪਤੀ ਨੂੰ ਏਸ ਗੱਲ ਦਾ ਬਹੁਤ ਹੀ ਅਫ਼ਸੋਸ ਲੱਗਾ। ਉਹ ਆਰੀਆ ਸਮਾਜੀ ਵਿਚਾਰਧਾਰਾ ਰੱਖਦਾ ਸੀ। ਸੁ ਉਸ ਨੇ ਸਵਾ ਸੌ ਰੁਪਈਆ ਜੋ ਦਾਨ ਖਾਤੇ ਕੱਢਿਆ ਉਹ ਇਕ ਅਤੀ ਗ਼ਰੀਬ ਪਰਵਾਰ (ਇਕ ਵਿਧਵਾ ਬੀਬੀ ਤੇ ਉਸ ਦੇ ਛੋਟੇ ਛੋਟੇ ਬੱਚਿਆਂ) ਨੂੰ ਦੇ ਦਿਤਾ। ਅਤੇ ਸ਼ੋਕ ਪ੍ਰਗਟ ਕੀਤਾ ਕਿ ਉਸ ਪਾਸੋਂ ਮਠਿਆਈ ਤੇ ਦੁਸ਼ਾਲੇ ਦੀ ਲਾਗਤ ਦੇ ਪੈਸੇ ਗ਼ਲਤ ਤੇ ਅਯੋਗ ਥਾਂ ਖ਼ਰਚ ਕਰਵਾ ਦਿਤੇ ਗਏ ਹਨ।

ਇਕ ਹੋਰ ਵਾਕਿਆ ਦਿਲ ਹਿਲਾ ਦੇਣ ਵਾਲਾ ਹੋ ਗਿਆ। ਉਹ ਇਹ ਕਿ ਇਕ ਨਹਾਇਤ ਖ਼ੂਬਸੂਰਤ ਨੌਜਵਾਨ ਜੋ ਫ਼ੌਜ ਵਿਚ ਲੈਫ਼ਟੀਨੈਂਟ ਸੀ, ਰਾਤ ਦੇ ਹਨੇਰੇ ਵਿਚ ਇਕ ਖੂਹ 'ਚ ਡਿੱਗ ਕੇ ਮਰ ਗਿਆ। ਉਸ ਦਾ ਅੰਤਮ ਸੰਸਕਾਰ ਫ਼ੌਜੀ ਰਵਾਜ ਅਨੁਸਾਰ ਬੈਂਡ ਵਾਜਿਆਂ ਦੀ ਘਨਘੋਰ ਵਿਚ ਬੜੀ ਧੂਮ ਧਾਮ ਨਾਲ ਕੀਤਾ ਗਿਆ।

ਉਸ ਦੇ ਪਿਤਾ ਨੇ ਉਸ ਦੀ ਅੰਤਮ ਯਾਦਗਾਰ ਵਜੋਂ ਪੱਕੀ ਸਮਾਧੀ ਬਣਾ ਦੇਣ ਦਾ ਵਿਚਾਰ ਪ੍ਰਗਟ ਕੀਤਾ। ਮੈਂ ਉਨ੍ਹਾਂ ਨੂੰ ਵੀ ਸਮਝਾਇਆ ਕਿ ਇੱਟਾਂ ਤੇ ਚੂਨੇ ਉਪਰ ਪੈਸੇ ਖ਼ਰਚ ਕਰਨ ਦਾ ਕੀ ਲਾਭ? ਇਹੋ ਪੈਸੇ ਕਿਸੇ ਚੰਗੇ ਅਤੇ ਹਮੇਸ਼ਾ ਯਾਦ ਰਹਿਣ ਵਾਲੇ ਕੰਮ 'ਤੇ ਕਿਉਂ ਨਾ ਖ਼ਰਚ ਕੀਤੇ ਜਾਣ!

ਸੁ ਮੈਂ ਤਜਵੀਜ਼ ਕੀਤੀ ਕਿ ਗੁਰਦੁਆਰੇ ਵਿਚ ਇਕ ਤਾਂ ਲਾਇਬ੍ਰੇਰੀ ਸਥਾਪਨ ਕਰ ਦਿਤੀ ਜਾਵੇ ਤੇ ਦੂਜੇ ਸੰਗਤਾਂ ਦੇ ਜੋੜੇ ਰੱਖਣ ਵਾਸਤੇ ਇਕ ਲਕੜੀ ਦੇ ਖ਼ਾਨਿਆਂ ਵਾਲੀ ਰੈਕ ਬਣਾ ਦਿਤੀ ਜਾਵੇ ਤਾਂ ਜੋ ਗੁਰੂ ਘਰ ਵਿਚ ਸ਼ਰਧਾ ਨਾਲ ਚੱਲ ਕੇ ਆਉਣ ਵਾਲੇ ਪ੍ਰੇਮੀਆਂ ਦੇ ਜੋੜੇ ਗੁੰਮ ਹੋ ਜਾਣ ਤੋਂ



Digitized by Panjab Digital Library | www.panjabdigilib.org

ਬਚੇ ਰਹਿਣ। ਪਿਛਲੇ ਗੁਰਪੁਰਬ ਦੇ ਮੌਕਿਆਂ 'ਤੇ ਬੂਟਾਂ ਦੇ ਦੋ ਨਵੇਂ ਜੋੜੇ ਗੁੰਮ ਗਏ ਸਨ ਤੇ ਪ੍ਰਬੰਧ ਦੀ ਬੜੀ ਬਦਨਾਮੀ ਹੋਈ ਸੀ।

ਸੁ ਮੇਰੀਆਂ ਇਹ ਦੋਵੇਂ ਹੀ ਤਜਵੀਜ਼ਾਂ ਮੰਨ ਲਈਆਂ ਗਈਆਂ। ਲਾਇਬ੍ਰੇਰੀ ਵੀ ਕਾਇਮ ਹੋ ਗਈ ਤੇ ਇਕ ਕਮਰੇ ਵਿਚ ਜੋੜਿਆਂ ਦੀਆਂ ਰੈਕਾਂ ਵੀ ਲੱਗ ਗਈਆਂ। ਸੰਗਤਾਂ ਨੂੰ ਬੜੀ ਆਰਾਮਦਾਰੀ ਹੋ ਗਈ। ਮਗਰੋਂ ਵੀ ਲਫ਼ਟੈਨ ਸਾਹਿਬ ਦੇ ਪਿਤਾ ਮਾਇਆ ਭੇਜਦੇ ਰਹੇ।

ਥੋੜ੍ਹੇ ਸਮੇਂ ਮਗਰੋਂ ਮੇਰਾ ਲੜਕਾ ਮੇਜਰ ਬਣਾਇਆ ਗਿਆ ਅਤੇ ਕੁਝ ਚਿਰ ਮਗਰੋਂ ਉਹਨੂੰ ਕਸ਼ਮੀਰ ਦੇ ਜੰਗ 'ਤੇ ਭੇਜ ਦਿਤਾ ਗਿਆ। ਜਾਂਦਾ ਹੋਇਆ ਮੈਨੂੰ ਕਹਿ ਗਿਆ, "ਪਿਤਾ ਜੀ ! ਆਪ ਏਥੇ ਹੀ ਰਹੋ ! ਬਾਲ ਬੱਚੇ ਨੂੰ ਸੰਭਾਲੋ। ਪੰਜਾਬ ਜਾਣ ਖੁਣੋਂ ਕੀ ਥੁੜਿਆ ਹੋਇਆ ਹੈ ? ਓਥੇ ਤਾਂ ਬਹੁਤ ਬੁਰਾ ਹਾਲ ਸੁਣੀਦਾ ਹੈ। ਏਥੇ ਸਰਕਾਰੀ ਬੰਗਲਾ ਮਿਲਿਆ ਹੋਇਆ ਹੈ। ਕੋਈ ਤਕਲੀਫ਼ ਨਹੀਂ ਹੋਣ ਲੱਗੀ। ਸਾਰੇ ਅਮਨ ਚੈਨ ਹੈ।"

ਲੜਕੇ ਦੇ ਚਲੇ ਜਾਣ ਮਗਰੋਂ ਬ੍ਰਿਗੇਡੀਅਰ ਸਾਹਿਬ ਨੇ ਬੰਗਲੇ ਬਾਬਤ ਤੰਗ ਕਰਨਾ ਸ਼ੁਰੂ ਕਰ ਦਿਤਾ ਕਿ ਏਥੇ ਕਿਸੇ ਹੋਰ ਅਫ਼ਸਰ ਨੇ ਆਉਣਾ ਹੈ। ਉਸ ਦੀ ਲੋੜ ਵਾਸਤੇ ਛੇਤੀ ਖ਼ਾਲੀ ਕਰ ਦਿਓ। ਪਹਿਲੋਂ ਤਾਂ ਮੈਂ ਖ਼ਾਲੀ ਕਰਨ ਤੋਂ ਇਨਕਾਰ ਕਰ ਦਿਤਾ ਕਿ ਮੇਰੇ ਲੜਕੇ ਦਾ ਪਰਵਾਰ ਕਿਧਰ ਜਾਵੇ ? ਪਰ ਫੇਰ ਮੇਜਰ ਗੁਰਚਰਨ ਸਿੰਘ ਅਤੇ ਡਾਕਟਰ ਰਾਜਿੰਦਰ ਸਿੰਘ ਨੇ ਇਕ ਪ੍ਰਾਈਵੇਟ ਅੱਧਾ ਬੰਗਲਾ ਲੈ ਕੇ ਦੇਣ ਦਾ ਪ੍ਰਬੰਧ ਕਰ ਦਿਤਾ ਅਤੇ ਅਸੀਂ ਓਥੇ ਹੀ ਜਾ ਰਿਹਾਇਸ਼ ਕੀਤੀ।

ਅਸੀਂ ਏਸ ਨਵੇਂ ਬੰਗਲੇ ਵਿਚ ਆਏ ਹੀ ਸੀ ਕਿ ਮੇਰੀ ਨੂੰਹ (ਮੇਜਰ ਮਨਮੋਹਣ ਸਿੰਘ ਦੀ ਸਿੰਘਣੀ) ਬੀਮਾਰ ਹੋ ਗਈ। ਉਸ ਨੂੰ ਕਟਕ ਦੀ ਸਿਰ ਪੀੜ ਲੱਗ ਗਈ। ਨਾ ਦਿਨੇ ਚੈਨ ਨਾ ਰਾਤ ਨੂੰ ਆਰਾਮ। ਨਾ ਆਪ ਸਵੇਂ ਨਾ ਬਾਕੀ ਟੱਬਰ ਨੂੰ ਸੌਂ ਸੱਕੇ।

ਬਥੇਰੇ ਇਲਾਜ ਕੀਤੇ। ਕੋਈ ਹਕੀਮ ਡਾਕਟਰ ਨਾ ਛਡਿਆ, ਪਰ ਓਸ ਨੂੰ ਕਿਸੇ ਦੀ ਦਵਾਈ ਨਾਲ ਮਾਸਾ ਵੀ ਫ਼ਰਕ ਨਾ ਪਿਆ। ਮਿਲਟਰੀ ਦੇ ਹਸਪਤਾਲ ਕੀ, ਸਿਵਲ ਦੇ ਹਸਪਤਾਲ ਕੀ, ਕਿਸੇ ਦੀ ਦਵਾਈ ਕਾਰਗਰ ਨਾ



Digitized by Panjab Digital Library | www.panjabdigilib.org

ਆਈ। ਫੇਰ ਇੰਦੌਰ ਲਿਜਾ ਕੇ ਲੇਡੀ ਡਾਕਟਰ ਨੂੰ ਦਿਖਾਇਆ। ਉਸ ਦੀ ਦਵਾਈ ਨਾਲ ਵੀ ਕੋਈ ਫ਼ਰਕ ਨਾ ਪਿਆ। ਵੈਦਾਂ ਤੇ ਹਕੀਮਾਂ ਦੇ ਆਯੁਰਵੈਦਕ ਤੇ ਯੂਨਾਨੀ ਤਬੀਬਾਂ ਦੇ ਇਲਾਜ ਵੀ ਕੀਤੇ, ਪਰ ਕੁਝ ਨਾ ਬਣਿਆ।

ਕਈਆਂ ਡਾਕਟਰਾਂ ਨੇ ਤਾਂ ਅਜ ਕਲ੍ਹ ਨਿਰੀ ਠਗੀ 'ਤੇ ਲਕ ਬੰਨ੍ਹਿਆਂ ਹੋਇਆ ਹੈ। ਉਨ੍ਹਾਂ ਦੀ ਡਿਸਪੈਂਸਰੀ ਵਿਚ ਚਲੇ ਜਾਓ, ਉਹ ਮਸ਼ਵਰੇ ਅਥਵਾ ਤਸ਼ਖ਼ੀਸ ਦੀ ਫੀਸ ਤਾਂ ਲੈਂਦੇ ਕੋਈ ਨਹੀਂ, ਪਰ ਦਵਾਈ ਦੀ ਕੀਮਤ ਵਿਚ ਹੀ ਮਰੀਜ਼ ਦੀ ਛਿੱਲ ਲਾਹ ਲੈਂਦੇ ਨੇ। ਕਈ ਦੇਂਦੇ ਤਾਂ ਪੇਟੰਟ ਦਵਾਈਆਂ ਨੇ ਪਰ, ਗੋਲੀਆਂ ਦੀਆਂ ਪੁੜੀਆਂ ਤੇ ਸਫ਼ੂਫ਼ ਦੀਆਂ ਗੋਲੀਆਂ ਵੱਟ ਕੇ ਦਵਾਈ ਦੀ ਸ਼ਕਲ ਬਦਲ ਦੇਂਦੇ ਨੇ ਤੇ ਮੁੱਲ ਪਿਓ ਦਾ ਪਿਓ ਵਸੂਲ ਕਰ ਲੈਂਦੇ ਨੇ ਤੇ ਮਰੀਜ਼ ਨੂੰ ਪਤਾ ਹੀ ਨਹੀਂ ਲਗਦਾ ਕਿ ਹਕੀਮ ਸਾਹਿਬ ਆਪਣੀ ਦਵਾਈ ਦੇ ਰਹੇ ਹਨ ਜਾਂ ਕਿਸੇ ਵਲੈਤੀ ਦਵਾਈ ਦੀ ਸ਼ਕਲ ਬਦਲ ਕੇ ਦੇ ਰਹੇ ਹਨ ਤੇ ਟਕੇ ਦੀ ਦਵਾਈ ਦਾ ਰੁਪਿਆ ਠੋਕੀ ਜਾ ਰਹੇ ਹਨ।

ਕਈ ਡਾਕਟਰ ਦਵਾਈ ਦੀ ਪਰਚੀ ਬਣਾ ਕੇ ਦੇਂਦੇ ਹਨ ਤਾਂ ਦਵਾਈ ਦਾ ਨਾਮ ਅਜਿਹੇ ਇਸ਼ਾਰੇ ਮਾਤਰ ਵਿਚ ਲਿਖ ਦੇਂਦੇ ਹਨ ਜਿਸ ਨੂੰ ਉਹੋ ਹੀ ਦਵਾਈ ਦੀ ਡਿਸਪੈਂਸਰੀ ਵਾਲਾ ਪੜ੍ਹ ਸਕੇ ਜਿਸ ਦੀ ਦੁਕਾਨ ਦਾ ਨਾਮ ਪਤਾ ਡਾਕਟਰ ਸਾਹਿਬ ਨੇ ਦਸਿਆ ਹੁੰਦਾ ਹੈ। ਤੇ ਏਸ ਡਿਸਪੈਂਸਰ ਨਾਲ ਡਾਕਟਰ ਸਾਹਿਬ ਦਾ ਕਮਿਸ਼ਨ ਠਹ੍ਰਾਇਆ ਹੋਇਆ ਹੁੰਦਾ ਹੈ, ਜੋ ਉਸ ਕੋਲੋਂ ਪਰਚੀਆਂ ਦੀ ਗਿਣਤੀ ਦੇ ਹਿਸਾਬ ਵਸੂਲ ਕਰ ਲਿਆ ਕਰਦੇ ਹਨ। ਸੁ ਪਰਉਪਕਾਰੀ ਦੇ ਪਰਉਪਕਾਰੀ ਬਣੇ ਰਹੇ ਤੇ ਗੁੱਝੇ ਤੌਰ 'ਤੇ ਦਵਾਈ ਦੀ ਅਸਲ ਲਾਗਤ ਨਾਲੋਂ ਕਈ ਗੁਣਾਂ ਨਫਾ ਵੀ ਖਟ ਲਿਆ।

ਇਕ ਨੁਕਸ ਬੀਬੀ ਰਾਣੀ ਵਿਚ ਵੀ ਸੀ। ਉਹ ਇਹ ਕਿ ਜਦ ਵੀ ਕੋਈ ਨਵੀਂ ਦਵਾਈ ਦਸਦਾ ਉਹ ਪਹਿਲੀ ਓਥੇ ਹੀ ਸੁੱਟ ਪਾਉਂਦੀ ਤੇ ਨਵੀਂ ਮੰਗਵਾ ਕੇ ਦੇਣ ਲਈ ਭਜਾ ਦੇਂਦੀ। ਇਕ ਦਵਾਈ ਸ਼ੁਰੂ ਕਰ ਕੇ ਉਸ ਨੂੰ ਛਡ ਦੇਂਦੀ ਤੇ ਦੂਜੀ ਮੰਗਵਾ ਲੈਂਦੀ। ਦੂਜੀ ਨੂੰ ਛੱਡ ਕੇ ਤੀਜੀ ਤੇ ਤੀਜੀ ਨੂੰ ਛੱਡ ਕੇ ਚੌਥੀ ਦੇ ਮਗਰ ਪੈ ਜਾਂਦੀ। ਜਦ ਅਸੀਂ ਮਹੂ ਨੂੰ ਛਡ ਕੇ ਅੰਮ੍ਰਿਤਸਰ ਆਏ ਤਾਂ ਮੈਂ ਉਸ ਦੀਆਂ ਵਧੀਆਂ ਹੋਈਆਂ ਤੇ ਰੱਦ ਕੀਤੀਆਂ ਹੋਈਆਂ ਦਵਾਈਆਂ ਦਾ



Digitized by Panjab Digital Library | www.panjabdigilib.org

ਇਕ ਚੰਗਾ ਤਕੜਾ ਡੱਬਾ ਭਰ ਕੇ ਨਾਲ ਲੈ ਆਇਆ ਸੀ ਤੇ ਇਕ ਕੈਮਿਸਟ ਪਾਸੋਂ ਉਨ੍ਹਾਂ ਦੇ ਚੰਗੇ ਪੈਸੇ ਵਟ ਲਏ। ਕਿਉਂ ਜੋ ਇਨ੍ਹਾਂ ਦਵਾਈਆਂ ਵਿਚੋਂ ਉਸ ਨੇ ਕਿਸੇ ਦੀ ਇਕ ਖ਼ੁਰਾਕ ਖਾਧੀ ਤੇ ਕਿਸੇ ਦੀਆਂ ਦੋ ਤੇ ਕੋਈ ਜਿਉਂ ਦੀ ਤਿਉਂ ਸਾਬਤ ਦੀ ਸਾਬਤ ਸੀਲਬੰਦ ਹੀ ਪਈ ਸੀ।

ਮਹੂ ਤੇ ਇੰਦੌਰ ਦੇ ਵੈਦਾਂ, ਹਕੀਮਾਂ ਤੇ ਡਾਕਟਰਾਂ ਨੂੰ ਅਜ਼ਮਾ ਚੁਕਣ ਮਗਰੋਂ ਮੈਂ ਨੂੰਹ ਰਾਣੀ ਨੂੰ ਉਸ ਦੇ ਮਾਪਿਆਂ ਪਾਸ ਦਿੱਲੀ ਭੇਜ ਦਿਤਾ ਸੀ। ਮੇਰਾ ਲੜਕਾ ਮੇਜਰ ਮਨਮੋਹਨ ਸਿੰਘ ਵੀ ਕੁਝ ਦਿਨਾਂ ਲਈ ਕਿਸੇ ਸਰਕਾਰੀ ਕੰਮ ਏਥੇ ਹੀ ਆਇਆ ਹੋਇਆ ਸੀ। ਦਿੱਲੀ ਵਿਚ ਵੀ ਸਭ ਕਿਸਮ ਦਾ ਦਵਾਈ ਦਾਰੂ (ਐਲੋਪੈਥਿਕ, ਹੋਮਯੋਪੈਥਕ, ਵੈਦਕ ਤੇ ਯੂਨਾਨੀ ਤਿਬ ਆਦਿ ਦੇ ਇਲਾਜ ਕਰਵਾਉਣ ਦੀ ਸਾਰੀ ਟਿਲ ਲਗਾ ਵੇਖੀ, ਪਰ ਮਰੀਜ਼ ਨੂੰ ਕੋਈ ਵੀ ਫ਼ਾਇਦਾ ਨਾ ਹੋਇਆ। ਓੜਕ ਆਰਾਮ ਆਇਆ ਤਾਂ ਇਕ ਮੋਚੀ ਦੇ ਦਸੇ ਹੋਏ ਟੋਟਕੇ ਤੋਂ ਜੋ ਉਸ ਨੂੰ ਕਿਸੇ ਸੰਨਿਆਸੀ ਪਾਸੋਂ ਪ੍ਰਾਪਤ ਹੋਇਆ ਸੀ। ਇਹ ਮੋਚੀ ਵੀ ਸੜਕ ਕਿਨਾਰੇ ਬੈਠ ਕੇ ਟੁਟੀਆਂ ਜੁੱਤੀਆਂ ਗੰਢਣ ਵਾਲਾ, ਪਾਲਸ਼ ਕਰਨ ਵਾਲਾ ਤੇ ਸੂਈ ਸਲਾਈ ਕਰ ਕੇ ਟਾਕੀਆਂ ਲਾਉਣ ਵਾਲਾ ਹੀ ਸੀ ਕਿ ਉਸ ਦੇ ਟੋਟਕੇ ਨਾਲ ਕੇਵਲ ਤਿੰਨ- ਦਿਨ ਦਵਾਈ ਵਰਤਣ ਨਾਲ ਮੁਕੰਮਲ ਆਰਾਮ ਆ ਗਿਆ।



Digitized by Panjab Digital Library | www.panjabdigilib.org

# ਜੈਤੋ (ਰਿਆਸਤ ਨਾਭਾ) ਦਾ ਮੋਰਚਾ

'ਗੁਰੂ ਕਾ ਬਾਗ਼' ਮੋਰਚਾ ਖ਼ਤਮ ਹੋਇਆਂ ਮਸਾਂ ਛੇ ਸੱਤ ਮਹੀਨੇ ਹੀ ਬੀਤੇ ਹੋਣਗੇ ਕਿ ਅੰਗਰੇਜ਼ਾਂ ਨੇ ਰਿਪਦਮਨ ਸਿੰਘ ਮਹਾਰਾਜਾ ਨਾਭਾ ਨੂੰ ਗੱਦੀਉਂ ਉਤਾਰ ਦਿਤਾ। ਤੇ ਰਿਆਸਤ ਤੋਂ ਬਾਹਰ ਕਿਸੇ ਗੁਮਨਾਮ ਅਸਥਾਨ 'ਤੇ ਭੇਜ ਦਿਤਾ। ਜਾਂ ਇਉਂ ਕਹੋ ਕਿ ਕਿਸੇ ਨਾ-ਮਲੂਮ ਅਸਥਾਨ 'ਤੇ ਨਜ਼ਰਬੰਦ ਕਰ ਦਿਤਾ, ਤੇ ਰਿਆਸਤ ਦੇ ਰਾਜ-ਪ੍ਰਬੰਧ ਵਾਸਤੇ ਇਕ ਜਾਂਨਸਨ ਨਾਮ ਦੇ ਅੰਗਰੇਜ਼ ਨੂੰ ਰਿਆਸਤ ਦਾ ਐਡਮਨਿਸਟਰੇਟਰ ਨਿਅਤ ਕਰ ਦਿਤਾ। ਜਾਂ ਦੂਜੇ ਸ਼ਬਦਾਂ ਵਿਚ ਇਉਂ ਕਹਿ ਲਵੋ ਕਿ ਸਿਖ ਮਹਾਰਾਜੇ ਨੂੰ ਹਟਾ ਕੇ ਅੰਗਰੇਜ਼ ਨੇ ਆਪਣਾ ਰਾਜ-ਪ੍ਰਬੰਧ ਕਾਇਮ ਕਰ ਲਿਆ ਤੇ ਇਕ ਤਰ੍ਹਾਂ ਨਾਲ ਇਕ ਸਿਖ ਰਿਆਸਤ ਦਾ ਨਾਮ ਨਿਸ਼ਾਨ ਹੀ ਮਿਟਾ ਦਿਤਾ ਗਿਆ। ਸੁ ਸਿਖ ਜਗਤ ਅੰਦਰ ਕੁਹਰਾਮ ਮਚ ਗਿਆ।

ਗੁਰਦੁਆਰਿਆਂ ਦੇ ਯੋਗ ਪ੍ਰਬੰਧ ਵਾਸਤੇ ਅਜੇ ਅਕਾਲੀਆਂ ਦੀ ਮਰਜ਼ੀ ਦਾ ਕੋਈ ਕਾਨੂੰਨ ਨਹੀਂ ਸੀ ਬਣ ਸਕਿਆ ਕਿ ਰਿਆਸਤ ਦੇ ਰਾਜ ਪ੍ਰਬੰਧ ਨੂੰ ਵੀ ਸਿਖਾਂ ਦੇ ਹੱਥਾਂ ਵਿਚੋਂ ਅੰਗਰੇਜ਼ ਦੇ ਰਾਜ ਪ੍ਰਬੰਧ ਵਿਚ ਸ਼ਾਮਲ ਕੀਤੇ ਜਾਣ ਦਾ ਖ਼ਤਰਾ ਸਾਕਾਰ ਹੋ ਗਿਆ। ਅਕਾਲੀ ਚਾਹੁੰਦੇ ਸਨ ਕਿ ਦੇਸ ਦੇ ਸਾਰੇ ਹੀ ਗੁਰਦੁਆਰੇ ਇਕੋ ਹੀ ਪ੍ਰਤੀਨਿਧ ਜਮਾਤ ਦੇ ਪ੍ਰਬੰਧ ਹੇਠ ਕੇਂਦਰਿਤ ਕਰ ਲਏ ਜਾਣ, ਪਰ ਅੰਗਰੇਜ਼ ਨਹੀਂ ਸੀ ਚਾਹੁੰਦਾ ਕਿ ਰਿਆਸਤ ਦੇ ਵਿਚ ਇਕ ਹੋਰ ਤਾਕਤਵਰ ਰਿਆਸਤ ਕਾਇਮ ਕਰ ਲੈਣ ਦੀ ਆਗਿਆ ਦੇ ਦਿਤੀ ਜਾਵੇ। ਜੇ



Digitized by Panjab Digital Library | www.panjabdigilib.org

ਕਰ ਅਕਾਲੀ ਅੰਗਰੇਜ਼ ਦੀ ਗੱਲ ਮੰਨ ਜਾਂਦੇ, ਤਾਂ ਉਹ ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋਣ ਦੇ ਆਦਿ ਕਾਲ ਵਿਚ ਹੀ ਗੁਰਦੁਆਰਿਆਂ ਦੇ ਪਰਬੰਧ ਵਾਸਤੇ ਸਥਾਨਕ ਕਮੇਟੀਆਂ ਕਾਇਮ ਕਰ ਕੇ ਵੱਖ ਵੱਖ ਗੁਰਦੁਆਰਿਆਂ ਦੇ ਪ੍ਰਬੰਧ ਵੱਖ ਵੱਖ ਕਮੇਟੀਆਂ ਨੂੰ ਸੌਂਪ ਦੇਣ ਦਾ ਕਾਨੂੰਨ ਚਾਲੂ ਕਰ ਦੇਣ ਲਈ ਤਿਆਰ ਸੀ, ਪਰ ਅਕਾਲੀਆਂ ਦੀ ਮੰਗ ਇਕੋ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਇਕ ਕੇਂਦਰੀ ਕਮੇਟੀ ਜ਼ਰੂਰ ਬਣਾਈ ਜਾਵੇ ਤੇ ਸਥਾਨਕ ਕਮੇਟੀਆਂ ਉਸ ਨਾਲ ਸੰਬੰਧਤ ਤੇ ਉਸ ਦੇ ਅਧੀਨ ਰਖੀਆਂ ਜਾਣ। ਜੋ ਅੰਗਰੇਜ਼ ਮੰਨਣ ਨੂੰ ਤਿਆਰ ਨਹੀਂ ਸੀ। ਜਿਸ ਵਾਸਤੇ ਅਕਾਲੀ ਕਿਧਰੇ ਨਾ ਕਿਧਰੇ ਮੋਰਚਾ ਲਗਾਉਣਾ ਤੇ ਅੰਗਰੇਜ਼ ਨਾਲ ਸਿਧੀ ਟਕਰ ਲੈ ਕੇ ਜ਼ੋਰ ਅਜ਼ਮਾਈ ਕਰਨਾ ਚਾਹੁੰਦੇ ਸਨ। ਸੁ ਉਨ੍ਹਾਂ ਨੇ ਮਹਾਰਾਜਾ ਨਾਭਾ ਦਾ ਮਾਮਲਾ ਆਪਣੇ ਹੱਥ ਲੈ ਲਿਆ ਤੇ ਥਾਂ ਥਾਂ ਮਾਤਮੀ ਅਖੰਡ ਪਾਠ ਰਖੇ ਜਾਣ ਦੇ ਆਦੇਸ਼ ਜਾਰੀ ਕਰ ਦਿਤੇ।

ਜੈਤੋ ਦੇ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਕਰ ਰਹੇ ਪਾਠੀ ਸਿੰਘ ਨੂੰ ਪੁਲਸ ਨੇ ਜ਼ਬਰਦਸਤੀ ਘਸੀਟ ਕੇ ਉਠਾ ਦਿਤਾ ਤੇ ਉਸ ਮੌਕਿਆ 'ਤੇ ਜੁੜੇ ਹੋਏ ਸਾਰੇ ਦੇ ਸਾਰੇ ਅਕਾਲੀ ਸਿੰਘ ਗ੍ਰਿਫ਼ਤਾਰ ਕਰ ਲਏ। ਅਖੰਡ ਪਾਠ ਖੰਡਤ ਹੋ ਗਿਆ। ਇਹ ਸਿਖ ਧਰਮ ਦੇ ਨੁਕਤਾ ਨਿਗਾਹ ਤੋਂ ਸਿਖਾਂ ਦੇ ਧਰਮ ਅੰਦਰ ਸਿਧਾ ਹੀ ਦਖ਼ਲ ਦਿਤੇ ਜਾਣ ਦੀ ਕਹਜੀ ਕਰਤੂਤ ਸਮਝੀ ਗਈ। ਸੁ ਏਸ ਅਖੰਡ ਪਾਠ ਨੂੰ ਜਾਰੀ ਕਰ ਕੇ ਪੂਰਾ ਭੋਗ ਪਾਉਣਾ ਅਕਾਲੀਆਂ ਦੀ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਤੇ ਗੰਗਸਰ ਦੇ ਇਤਿਹਾਸਕ ਗੁਰਦੁਆਰੇ ਅੰਦਰ ੧੦੧ ਅਖੰਡ ਪਾਠਾਂ ਦਾ ਪ੍ਰਾਰੰਭ ਕਰਨ ਵਾਸਤੇ ਅਕਾਲੀਆਂ ਦੇ ਜਥੇ ਦੂਰ ਦੂਰ ਤੋਂ ਗੰਗਸਰ ਜਾਣੇ ਸ਼ੁਰੂ ਹੋ ਗਏ। ਤੇ ਓਧਰ ਅੰਗਰੇਜ਼ ਸਰਕਾਰ ਨੇ ਇਨ੍ਹਾਂ ਜਥਿਆਂ ਨੂੰ ਗ੍ਰਿਫ਼ਤਾਰ ਕਰ ਕੇ ਦੂਰ ਦੂਰ ਦੇ ਬੀਆਬਾਨ ਇਲਾਕਿਆਂ ਵਿਚ ਲੈ ਜਾ ਕੇ ਛੱਡ ਦੇਣ ਤੇ ਲੀਡਰਾਂ ਨੂੰ ਜੇਲਾਂ ਵਿਚ ਡਕੀ ਜਾਣ ਦਾ ਸਿਲਸਲਾ ਜਾਰੀ ਕਰ ਦਿਤਾ।

ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅਕਾਲੀਆਂ ਦੀਆਂ ਦੋਵੇਂ ਸਿਰਕਢ ਸੰਸਥਾਵਾਂ ਖ਼ਿਲਾਫ਼ ਕਾਨੂੰਨ ਕਰਾਰ ਦੇ ਕੇ ਇਨ੍ਹਾਂ ਨਾਲ ਸੰਬੰਧ ਰਖਣ ਵਾਲੇ ਅਕਾਲੀ ਲੀਡਰਾਂ ਤੇ ਵਰਕਰਾਂ ਨੂੰ ਸਾਰੇ ਦੇਸ ਵਿਚੋਂ ਚੁਣ ਚੁਣ ਕੇ ਗ੍ਰਿਫ਼ਤਾਰ



Digitized by Panjab Digital Library | www.panjabdigilib.org

ਕਰਨ ਦਾ ਸਿਲਸਿਲਾ ਸਾਰੇ ਦੇਸ ਅੰਦਰ ਜਾਰੀ ਹੋ ਗਿਆ। ਸ੍ਰੋ: ਗੁ: ਪ੍ਰ: ਕਮੇਟੀ ਦਾ ਜੈਨਰਲ ਮੈਂਬਰ ਚੁਣੇ ਜਾਣ ਲਈ ਮੈਂ ਕੋਈ ਕੋਸ਼ਸ਼ ਹੀ ਨਹੀਂ ਕੀਤੀ ਸੀ। ਪਰ ਜਨਰਲ ਬਾਡੀ ਦੀ ਚੋਣ ਹੋ ਜਾਣ ਮਗਰੋਂ ਮੈਨੂੰ ਮੈਂਬਰ ਨਾਮਜ਼ਦ ਕਰ ਲਿਆ ਗਿਆ। ਉਹ ਤਾਂ ਮੈਨੂੰ ਅੰਤ੍ਰਿੰਗ ਦਾ ਮੈਂਬਰ ਵੀ ਚੁਣਨਾ ਚਾਹੁੰਦੇ ਸਨ, ਪਰ ਮੈਂ ਨਾ ਮੰਨਿਆਂ ਕਿਉਂਕਿ ਅੰਤ੍ਰਿੰਗ ਕਮੇਟੀ ਦੇ ਮੈਂਬਰ ਨੂੰ ਆਪਣੇ ਘਰ ਦੇ ਕੰਮਕਾਰ ਛਡ ਕੇ ਕਮੇਟੀ ਦੇ ਕੰਮ ਵਿਚ ਵਕਤ ਬਹੁਤ ਦੇਣਾ ਪਿਆ ਕਟਦਾ ਸੀ। ਜੋ ਮੈਂ ਨਹੀਂ ਸੀ ਦੇ ਸਕਦਾ ਕਿਉਂਕਿ ਮੈਂ ਮੁੜ ਆਪਣੀ ਵਕਾਲਤ ਦੀ ਪ੍ਰੈਕਟਿਸ ਨਵੀਂ ਨਵੀਂ ਹੀ ਸ਼ੁਰੂ ਕਰ ਲਈ ਸੀ।

ਸੁ ਮੈਂ ਕਮੇਟੀ ਪਾਸੋਂ ਖਿਮਾ ਮੰਗ ਲਈ। ਪਰ ਫੇਰ ਵੀ ਮੈਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਕੇ ਜੇਲ ਵਿਚ ਡਕ ਦਿਤਾ। ਜਿਸ ਦੀ ਵਜਾਹ ਜਾਂ ਤਾਂ ਇਹ ਸੀ ਕਿ ਡੀ. ਸੀ. ਨੂੰ ਮੇਰੇ ਅੰਤ੍ਰਿੰਗ ਕਮੇਟੀ ਦਾ ਮੈਂਬਰ ਚੁਣੇ ਜਾਣ ਦੀ ਗ਼ਲਤਫ਼ਹਿਮੀ ਹੋ ਗਈ ਜਾਂ ਜਾਣ ਬੁਝ ਕੇ ਅਸਲ ਹਕੀਕਤ ਵਲੋਂ ਅੱਖੀਆਂ ਮੀਟ ਲਈਆਂ ਕਿ ਜੇ ਇਹ ਬਾਹਰ ਰਹਿ ਗਿਆ ਤਾਂ ਪੁਰਾਣਾ ਪਾਪੀ ਹੈ ਕਮੇਟੀ ਦੇ ਸਾਰੇ ਕੰਮ ਨੂੰ ਸੰਭਾਲ ਲਵੇਗਾ ਤੇ ਆਏ ਦਿਨ ਸਰਕਾਰ ਵਾਸਤੇ ਕੋਈ ਨਾ ਕੋਈ ਬਿਪਤਾ ਬਣਾਈ ਰਖੇਗਾ।

ਜਦੋਂ ਮੇਰੇ ਮਿੱਤਰ ਸ੍ਰ: ਬੇਅੰਤ ਸਿੰਘ ਨੂੰ ਮੇਰੇ ਗ੍ਰਿਫ਼ਤਾਰ ਕੀਤੇ ਜਾਣ ਦੀ ਖ਼ਬਰ ਲਗੀ ਤਾਂ ਉਸ ਵੀ ਮੇਰੇ ਬਾਰੇ ਡੀ. ਸੀ. ਨੂੰ ਅਸਲ ਹਕੀਕਤ ਸਮਝਾਉਣ ਦੀ ਵਾਹ ਲਾਈ। ਉਸ ਨੂੰ ਮਿਲ ਕੇ ਜਾ ਦਸਿਆ ਕਿ ਓਹ ਅੰਤ੍ਰਿੰਗ ਦਾ ਕੋਈ ਮੈਂਬਰ ਨਹੀਂ ਹੈ। ਉਸ ਦੀ ਗ੍ਰਿਫ਼ਤਾਰੀ ਗ਼ਲਤੀ ਨਾਲ ਹੋ ਗਈ ਹੈ।

ਜਿਸ 'ਤੇ ਡੀ. ਸੀ. ਨੇ ਉੱਤਰ ਵਿਚ ਕਿਹਾ ਕਿ ਮੈਂ ਆਪਣੀ ਗ਼ਲਤੀ ਮੰਨ ਕੇ ਬੇਵਕੂਫ਼ ਕਿਉਂ ਬਣਾਂ ? ਗਵਰਨਮੈਂਟ ਕੀ ਖ਼ਿਆਲ ਕਰੇਗੀ ਕਿ ਅੰਮ੍ਰਿਤਸਰ ਦਾ ਡੀ. ਸੀ. ਏਨਾ ਨਾਲਾਇਕ ਹੈ ਕਿ ਉਸ ਨੂੰ ਏਨੀ ਗੱਲ ਦਾ ਵੀ ਪਤਾ ਨਹੀਂ। ਨਾਲ ਹੀ ਉਸ ਨੇ ਇਹ ਇਸ਼ਾਰਾ ਵੀ ਦੇ ਦਿਤਾ ਕਿ ਜਦ ਮੁਨਾਸਬ ਵੇਲਾ ਆਵੇਗਾ ਤੇਰੇ ਦੋਸਤ ਨੂੰ ਛਡ ਦਿਤਾ ਜਾਵੇਗਾ। ਡੀ. ਸੀ. ਦਾ 'ਮੁਨਾਸਬ ਵੇਲਾ' ਤੋਂ ਭਾਵ 'ਫ਼ਰਦ ਜੁਰਮ' ਲਗਾਉਣ ਦੇ ਵੇਲੇ ਤੋਂ ਸੀ।

ਉਸ ਦਾ ਇਹ ਖ਼ਿਆਲ ਹੋਵੇਗਾ ਕਿ ਸ੍ਰੋ: ਗੁ: ਪ੍ਰ: ਕਮੇਟੀ ਅਦਾਲਤੀ



Digitized by Panjab Digital Library | www.panjabdigilib.org

ਕਾਰਵਾਈ ਵਿਚ ਕੋਈ ਹਿੱਸਾ ਨਹੀਂ ਲਵੇਗੀ ਤੇ ਮੁਕੰਮਲ ਤੌਰ 'ਤੇ ਅਦਾਲਤ ਨਾਲ ਆਪਣਾ ਨਾ-ਮਿਲ-ਵਰਤਨ ਹੀ ਰਖੇਗੀ ਪਰ ਕਮੇਟੀ ਨੇ ਡੀ. ਸੀ. ਦੇ ਏਸ ਕਿਆਸ ਦੇ ਬਿਲਕੁਲ ਉਲਟ ਆਪਣਾ ਫ਼ੈਸਲਾ ਕੀਤਾ । ਉਹ ਇਹ ਸੀ ਕਿ ਵਡੇ ਲੀਡਰਾਂ ਦਾ ਮੁਕੱਦਮਾ (ਨਮੂਨੇ ਦੇ ਤੌਰ) ਲੜਿਆ ਜਾਵੇਗਾ ਤੇ ਆਮ ਜਥਿਆਂ ਦੇ ਮੁਕੱਦਮਿਆਂ ਵਿਚ ਨਾ-ਮਿਲਵਰਤਨ ਰਖੀ ਜਾਵੇਗੀ । ਸੋ ਏਸੇ ਤਰ੍ਹਾਂ ਹੀ ਹੋਇਆ ।

ਪਹਿਲੇ ਛੇ ਕੁ ਮਹੀਨੇ ਤਾਂ ਸਾਡਾ ਮੁਕੱਦਮਾ ਅੰਮ੍ਰਿਤਸਰ ਦੀ ਅਦਾਲਤ ਵਿਚ ਹੀ ਚਲਦਾ ਰਿਹਾ । ਪਰ ਮਗਰੋਂ ਸਰਕਾਰ ਨੂੰ ਇਹ ਸੋਚ ਆ ਗਈ ਕਿ ਅੰਮ੍ਰਿਤਸਰ ਜੇਲ ਵਿਚ ਡੱਕੇ ਰਹਿਣ ਨਾਲ ਅਕਾਲੀ ਲੀਡਰ ਬਾਹਰ ਵਾਲੇ ਅਕਾਲੀ ਵਰਕਰਾਂ ਨਾਲ ਸਬੰਧ ਜੋੜੀ ਰਖਦੇ ਹਨ ਤੇ ਸਾਡੀ ਲਹਿਰ (movement) ਦੀ ਅਗਵਾਈ ਕਰਦੇ ਰਹਿੰਦੇ ਹਨ । ਸੁ ਇਕ ਦਿਨ ਸਾਨੂੰ ਸਰਕਾਰ ਵਲੋਂ ਹੁਕਮ ਹੋਇਆ ਕਿ ਆਪਣਾ ਸਾਮਾਨ ਬੰਨ੍ਹ ਬੰਨ੍ਹਾ ਕੇ ਤਿਆਰ ਰਹੋ ਤੁਹਾਨੂੰ ਭਲਕੇ ਏਥੋਂ ਲਾਹੌਰ ਲੈ ਜਾਇਆ ਜਾਵੇਗਾ ।

ਸੋ ਅਗਲੇ ਦਿਨ ਸਵੇਰੇ ਸਾਨੂੰ ਲਾਰੀਆਂ ਵਿਚ ਸਵਾਰ ਕਰ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਲਿਜਾ ਕੇ ਬੰਦ ਕਰ ਦਿਤਾ ਗਿਆ । ਸਾਡੇ ਬਿਸਰਾਮ ਵਾਸਤੇ ਕਿਲ੍ਹੇ ਦੇ ਅੰਦਰ ਇਕ ਲੰਮੀ ਸਾਰੀ ਬੈਰਿਕ ਵਿਚ ਆਮ੍ਹੋ ਸਾਹਮਣੇ ਖੜੀਆਂ ਬਣਾ ਦਿਤੀਆਂ ਗਈਆਂ ਸਨ ਅਰਥਾਤ ਸਾਢੇ ਪੰਜ ਫੁੱਟ ਲੰਮੇ, ਦੋ ਫੁੱਟ ਚੌੜੇ ਅਤੇ ਡੇਢ੍ਹ ਫੁੱਟ ਉੱਚੇ ਕਬਰਾਂ ਵਰਗੇ ਥੜ੍ਹੇ ਜਿਹੇ ਬਣਾ ਦਿਤੇ ਗਏ ਸਨ । ਜਿਸ ਤਰ੍ਹਾਂ ਦੇ ਥੜ੍ਹੇ ਜੇਲਾਂ ਵਿਚ ਕੈਦੀਆਂ ਦੇ ਸੌਣ ਬਹਿਣ ਵਾਸਤੇ ਬਣਾਏ ਹੋਏ ਹੁੰਦੇ ਹਨ ।

ਇਹੋ ਸਾਡੀ ਜੇਲ ਸੀ । ਇਸ ਦੇ ਇਕ ਪਾਸੇ ਦੀ ਕੰਧ ਵਿਚ ਇਕ ਦਰਵਾਜ਼ਾ ਸੀ ਤੇ ਨਾਲ ਦੀ ਬੈਰਕ ਵਿਚ ਸਾਡੀ ਅਦਾਲਤ ਦਾ ਕਮਰਾ ਖੁਲ੍ਹਦਾ ਸੀ । ਦੋ ਦਿਨ ਤਾਂ ਅਦਾਲਤ ਕੋਈ ਨਾ ਲਗੀ ਤੇ ਮੁਕੱਦਮੇ ਦੀ ਕਾਰਵਾਈ ਬੰਦ ਹੀ ਰਹੀ । ਨਾ ਅਸਾਂ ਕਿਸੇ ਬਾਹਰ ਦੇ ਆਦਮੀ ਨੂੰ ਵੇਖਿਆ ਤੇ ਨਾ ਕੋਈ ਸਾਨੂੰ ਮਿਲਣ ਵਾਸਤੇ ਆਇਆ ਗਿਆ ।

ਬਾਹਰ ਸੰਗਤਾਂ ਅੰਦਰ ਵੀ ਬੇਹੱਦ ਬੇਚੈਨੀ ਸੀ । ਬਹੁਤ ਲੋਕ ਸ਼ਾਹੀ ਮਸਜਿਦ ਦੇ ਉੱਚੇ ਉੱਚੇ ਮੁਨਾਰਿਆਂ 'ਤੇ ਚੜ੍ਹ ਕੇ ਉੱਚੀ ਉੱਚੀ ਜੈਕਾਰੇ



Digitized by Panjab Digital Library | www.panjabdigilib.org

ਗਜਾਉਂਦੇ ਸਨ ਜਿਨ੍ਹਾਂ ਨੂੰ ਸੁਣ ਕੇ ਅਸੀਂ ਆਪਣੀ ਬੈਰਿਕ ਤੋਂ ਬਾਹਰ ਥੜੇ ਉਪਰ ਖੜੇ ਹੋ ਜਾਂਦੇ ਸੀ ਤੇ ਸੰਗਤਾਂ ਦੇ ਦਰਸ਼ਨ ਕਰ ਕੇ ਨਿਹਾਲ ਹੋ ਜਾਂਦੇ ਸੀ ਅਤੇ ਸੰਗਤਾਂ ਸਾਨੂੰ ਦੇਖ ਕੇ ਬਹੁਤ ਪਰਸੰਨ ਹੁੰਦੀਆਂ ਸਨ।

ਸਭ ਤੋਂ ਪਹਿਲੀ ਤਕਲੀਫ਼ ਜੋ ਮੈਨੂੰ ਤੇ ਬਾਬੂ ਦਾਨ ਸਿੰਘ ਜੀ ਵਛੋਆ ਨੂੰ ਪੇਸ਼ ਆਈ ਉਹ ਇਹ ਸੀ ਕਿ ਸਰਕਾਰੀ ਨਾਪ ਦੀਆਂ ਬਣਾਈਆਂ ਹੋਈਆਂ ਖੱਡੀਆਂ ਸਾਡੇ ਦੋਹਾਂ ਵਾਸਤੇ ਘਟ ਲੰਮੀਆਂ ਸਨ। ਸਾਡਾ ਦੋਹਾਂ ਦਾ ਕੱਦ ਲੰਮਾ ਸੀ। ਜਦੋਂ ਰਾਤ ਨੂੰ ਖਡੀਆਂ ਉਪਰ ਨਿੱਸਲ ਹੋ ਕੇ ਸੌਣ ਲਗਦੇ ਸੀ ਤਾਂ ਸਾਡੀਆਂ ਲੱਤਾਂ ਖੱਡੀਆਂ ਤੋਂ ਥਲੇ ਲਮਕ ਜਾਂਦੀਆਂ ਸਨ। ਤੇ ਨੀਂਦ ਘੜੀ ਘੜੀ ਖੁਲ੍ਹ ਖੁਲ੍ਹ ਜਾਂਦੀ ਸੀ।

ਅਸਾਂ ਦਾਰੋਗਾ ਜੇਲ ਨੂੰ ਆਪਣੀ ਤਕਲੀਫ਼ ਤੋਂ ਜਾਣੂੰ ਕੀਤਾ। ਉਸ ਨੇ ਸੁਪ੍ਰਿੰਟੈਂਡੈਂਟ ਜੇਲ ਪਾਸ ਰਪੋਟ ਕਰ ਦਿਤੀ, ਪਰ ਖੱਡੀਆਂ ਨੂੰ ਲੰਮੀਆਂ ਕਰ ਕੇ ਦੇਣ ਦਾ ਕੋਈ ਵੀ ਪ੍ਰਬੰਧ ਨਾ ਕੀਤਾ ਗਿਆ। ਸਾਨੂੰ ਕਿਹਾ ਗਿਆ ਕਿ ਜੇਲ ਦੇ ਕਾਇਦੇ ਕਨੂੰਨ ਮੁਤਾਬਕ ਇਨ੍ਹਾਂ ਦੀ ਲੰਬਾਈ, ਚੌੜਾਈ ਤੇ ਉਚਾਈ ਬਿਲਕੁਲ ਫ਼ਿੱਟ ਹੈ। ਇਹ ਹੁਣ "ਰਾਈ ਵਧੇ ਨਾ ਤਿਲ ਘਟੇ" ਦੇ ਰੱਬੀ ਨਿਯਮ ਵਾਂਗ ਘਟ ਵਧ ਹੋ ਹੀ ਨਹੀਂ ਸਕਦੀਆਂ। ਸੁ ਅਸੀਂ ਦੋਵੇਂ ਜਣੇ ਆਪਣੇ ਆਪਣੇ ਟਰੰਕ ਅਤੇ ਕੁਝ ਫ਼ਾਲਤੂ ਕਪੜੇ ਲੱਤੇ ਪੈਰਾਂ ਵਲ ਉਸਾਰ ਕੇ ਆਪਣਾ ਕੰਮ ਸਾਰ ਲਿਆ ਕਰਦੇ ਸੀ। ਤੇ ਸਵੇਰੇ ਉਠ ਕੇ ਫੇਰ ਟਰੰਕ ਤੇ ਕਪੜੇ ਲੱਤੇ ਥਾਉਂ ਥਾਈਂ ਟਿਕਾ ਦਿਆ ਕਰਦੇ ਸੀ।

ਦੂਸਰੀ ਤਕਲੀਫ਼ ਜਿਸ ਦਾ ਅਸਰ ਸਾਡੇ ਸਭਨਾਂ ਉਪਰ ਇਕੋ ਜਿਹਾ ਮਹਿਸੂਸਿਆ ਜਾਂਦਾ ਸੀ ਉਹ ਸੀ ਮੁਲਾਕਾਤਾਂ ਨਾ ਹੋਣ ਦੇਣ ਦਾ। ਸਾਨੂੰ ਏਸ ਨਵੀਂ ਜੇਲ ਵਿਚ ਡਕਣ ਸਮੇਂ ਕਹਿ ਦਿਤਾ ਗਿਆ ਸੀ ਕਿ ਮੁਲਾਕਾਤ ਵੇਲੇ ਸਾਨੂੰ ਜੰਗਲੇ ਦੇ ਇਕ ਪਾਸੇ ਅਤੇ ਸਾਡੇ ਮੁਲਾਕਾਤੀਆਂ ਨੂੰ ਦੂਜੇ ਪਾਸੇ ਖੜਾ ਕਰ ਕੇ ਮੁਲਾਕਾਤ ਕਰਵਾਈ ਜਾਇਆ ਕਰੇਗੀ ਤੇ ਹਰ ਇਕ ਮੁਲਾਕਾਤੀ ਦੇ ਨਾਲ ਇਕ ਪੁਲਸ ਕਰਮਚਾਰੀ ਖੜਾ ਰਿਹਾ ਕਰੇਗਾ ਜੋ ਮੁਲਾਕਾਤ ਦੀ ਸਾਰੀ ਗੱਲ ਬਾਤ ਉਪਰ ਆਪਣੀ ਨਿਗਰਾਨੀ ਰਖਿਆ ਕਰੇਗਾ।

ਅਸਾਂ ਏਸ ਢੰਗ ਨਾਲ ਮੁਲਾਕਾਤ ਕਰਾਈ ਜਾਣ ਨੂੰ ਆਪਣੇ ਵਾਸਤੇ ਵਡੀ



Digitized by Panjab Digital Library | www.panjabdigilib.org

ਭਾਰੀ ਬੇ-ਇਜ਼ਤੀ ਤੇ ਨਿਰਾਦਰੀ ਸਮਝਦਿਆ ਹੋਇਆਂ ਇਨ੍ਹਾਂ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਤੇ ਅਗੋਂ ਵਾਸਤੇ ਮੁਲਾਕਾਤਾਂ ਕਰਨੀਆਂ ਹੀ ਬੰਦ ਕਰ ਦਿਤੀਆਂ।

ਤੀਜੀ ਤਕਲੀਫ਼ ਜੋ ਸਾਨੂੰ ਸਾਰਿਆਂ ਨੂੰ ਇਕੋ ਜਿਹੀ ਮਹਿਸੂਸ ਹੁੰਦੀ ਸੀ ਉਹ ਸੀ ਅਦਾਲਤ ਅੰਦਰ ਲੰਮੀ ਹਾਜ਼ਰੀ ਦੀ। ਹਰ ਰੋਜ਼ ਦਸ ਵਜੇ ਅਦਾਲਤ ਦੀ ਬੈਰਕ ਵਾਲਾ ਦਰਵਾਜ਼ਾ ਖੁਲ੍ਹਿਆ ਕਰਦਾ ਸੀ। ਸਾਨੂੰ ਉਸ ਕਮਰੇ ਵਿਚ ਜਾ ਕੇ ਸਕੂਲ ਦੇ ਮੁੰਡਿਆਂ ਵਾਂਗ ਰੋਜ਼ਾਨਾ ਹਾਜ਼ਰੀ ਬੋਲਣੀ ਪਿਆ ਕਰਦੀ ਸੀ ਤੇ ਸ਼ਾਮ ਦੇ ਚਾਰ ਵਜੇ ਅਦਾਲਤ ਦੇ ਉਠਣ ਤਕ। ਅੱਧਾ ਘੰਟਾ ਇਕ ਤੋਂ ਡੇਢ੍ਹ ਵਜੇ ਤਕ ਲੰਚ ਦੀ ਛੁੱਟੀ ਤੋਂ ਬਿਨਾਂ ਸਾਰਾ ਦਿਨ ਲਗਾਤਾਰ ਬੈਠਣਾ ਪਿਆ ਕਰਦਾ ਸੀ। ਰੋਜ਼ ਰੋਜ਼ ਉਹੋ ਹੀ ਨਾਟਕ, ਉਹੋ ਹੀ ਨਾਟਕ ਦੇ ਪਾਤਰ ਅਸੀਂ ਬੈਠ ਬੈਠ ਕੇ ਤੰਗ ਆ ਜਾਇਆ ਕਰਦੇ ਸੀ।

ਸੋ ਅਸਾਂ ਰੋਜ਼ ਕਿਸੇ ਨਾ ਕਿਸੇ ਨੇ ਬੀਮਾਰ ਬਣ ਬਹਿਣਾ ਤੇ ਇਕ ਜਣੇ ਦੀ ਵੀ ਗ਼ੈਰ ਹਾਜ਼ਰੀ ਵਿਚ ਅਦਾਲਤ ਦੀ ਕਾਰਵਾਈ ਬੰਦ ਕਰਨੀ ਪੈ ਜਾਂਦੀ ਸੀ। ਮਹੀਨੇ ਵਿਚੋਂ ਕਈ ਕਈ ਦਿਨ ਅਦਾਲਤ ਲਗਿਆ ਹੀ ਨਾ ਕਰੇ। ਸਰਕਾਰੀ ਵਕੀਲ ਮਿਸਟਰ ਪਿਟਮੈਨ ਹਰ ਪੇਸ਼ੀ ਦਾ ਡੇਢ੍ਹ ਹਜ਼ਾਰ ਰੁਪਿਆ ਸਰਕਾਰ ਪਾਸੋਂ ਲਿਆ ਕਰਦਾ ਸੀ।

ਜਿਸ ਦਿਨ ਅਦਾਲਤ ਦੀ ਕਾਰਵਾਈ ਮਨਸੂਖ਼ ਹੋ ਜਾਂਦੀ ਸੀ ਉਸ ਦਿਨ ਪਿਟਮੈਨ ਨੂੰ ਡੇਢ੍ਹ ਹਜ਼ਾਰ ਰੁਪਏ ਦਾ ਘਾਟਾ ਪੈ ਜਾਇਆ ਕਰਦਾ ਸੀ। ਇਕ ਦਿਨ ਉਹ ਸਰਦਾਰ ਬਹਾਦਰ ਨੂੰ ਕਹਿਣ ਲਗਾ ਕਿ ਤੁਸੀਂ ਮੈਨੂੰ ਦਸੋ, ਤੁਹਾਨੂੰ ਕਿਸ ਗੱਲ ਦੀ ਤਕਲੀਫ਼ ਹੈ ? ਸ਼ਾਇਦ ਮੈਂ ਤੁਹਾਡੀ ਤਕਲੀਫ਼ ਦੀ ਨਵਿਰਤੀ ਕਰ ਸਕਾਂ। ਤੁਹਾਡੀ ਤਕਲੀਫ ਨਾਲ ਮੈਨੂੰ ਵੀ ਤਕਲੀਫ਼ ਹੁੰਦੀ ਹੈ ਕਿਉਂਕਿ ਜਿਸ ਦਿਨ ਅਦਾਲਤ ਦੀ ਕਾਰਵਾਈ ਬੰਦ ਰਹੇ ਮੇਰਾ ਡੇਢ੍ਹ ਹਜ਼ਾਰ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ।

ਸਰਦਾਰ ਬਹਾਦਰ ਨੇ ਕਿਹਾ ਕਿ ਤੁਹਾਨੂੰ ਇਸ ਗੱਲ ਦਾ ਤਾਂ ਪਤਾ ਹੀ ਹੈ ਕਿ ਸਿਵਾਇ ਮੇਰੇ ਤੇ ਇਕ ਦੋ ਹੋਰ ਸਜਣਾਂ ਦੇ ਅਕਾਲੀ ਲੀਡਰਾਂ ਨੂੰ ਆਪਣੇ ਮੁਕੱਦਮੇ ਨਾਲ ਦਿਲਚਸਪੀ ਹੀ ਕੋਈ ਨਹੀਂ ਹੈ। ਉਹ ਸਾਰਾ ਦਿਨ



Digitized by Panjab Digital Library | www.panjabdigilib.org

ਅਦਾਲਤ ਦੇ ਕਮਰੇ ਵਿਚ ਬੰਦ ਹੋਏ ਰਹਿਣ ਨੂੰ ਪਸੰਦ ਨਹੀਂ ਕਰਦੇ। ਉਹ ਸਵੇਰੇ ਦਸ ਵਜੇ ਹਾਜ਼ਰੀ ਦੇ ਦਿਆ ਕਰਨਗੇ।

"ਇਸ ਦੇ ਮਗਰੋਂ ਜਿਸ ਦਾ ਦਿਲ ਕਰੇ ਅਦਾਲਤ ਦੇ ਕਮਰੇ ਵਿਚ ਬੈਠਾ ਕਾਰਵਾਈ ਸੁਣਦਾ ਰਿਹਾ ਕਰੇ ਤੇ ਜਿਸ ਦਾ ਦਿਲ ਨਾ ਕਰੇ ਉਹ ਵਿਚਲਾ ਦਰਵਾਜ਼ਾ ਖੋਲ੍ਹ ਕੇ ਬੈਰਕ ਵਿਚ ਜਾ ਬੈਠਿਆ ਕਰੇ ਤੇ ਜੋ ਜੀਅ ਆਵੇ ਉਥੇ ਬੈਠਾ ਕਰਦਾ ਰਿਹਾ ਕਰੇ। ਤੁਹਾਨੂੰ ਏਸ ਗੱਲ ਦਾ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਮੈਂ ਅਤੇ ਮੇਰੇ ਉਹ ਸਾਥੀ ਜੋ ਮੁਕੱਦਮੇ ਵਿਚ ਦਿਲਚਸਪੀ ਰਖਦੇ ਹਨ ਬੈਠੇ ਰਿਹਾ ਕਰਾਂਗੇ ਤੇ ਬਾਕੀਆਂ ਉਪਰ ਇਹ ਪਾਬੰਦੀ ਕੋਈ ਨਹੀਂ ਹੋਣੀ ਚਾਹੀਦੀ।

ਪਿਟਮੈਨ ਨੇ ਕਿਹਾ ਕਿ ਉਹ ਇਸ ਸਬੰਧੀ ਸੋਚ ਕੇ ਕਲ੍ਹ ਨੂੰ ਦਸੇਗਾ। ਦੂਜੇ ਦਿਨ ਆ ਕੇ ਕਹਿਣ ਲਗਾ ਕਿ ਮੈਂ ਡੀ. ਐਮ. ਤੇ ਸਪੈਸ਼ਲ ਮੈਜਿਸਟ੍ਰੇਟ ਨਾਲ ਸਲਾਹ ਕਰ ਲਈ ਹੈ ਉਹ ਏਸ ਗੱਲ ਲਈ ਰਜ਼ਾਮੰਦ ਹੋ ਗਏ ਹਨ। ਪਰ ਤੁਹਾਡੇ ਵਿਚੋਂ ਸਤ ਅੱਠ ਜ਼ੇਰ ਸਮਾਇਤ ਕੈਦੀ ਮੁਕੱਦਮੇ ਦੇ ਦੌਰਾਨ ਬੈਠੇ ਰਹਿਣੇ ਚਾਹੀਦੇ ਹਨ। ਸਰਦਾਰ ਬਹਾਦਰ ਨੇ ਕਿਹਾ ਕਿ ਉਹ ਇਸ ਗੱਲ ਦਾ ਬੰਦੋਬਸਤ ਕਰ ਦੇਣਗੇ ਤੇ ਛੇ ਸੱਤ ਆਦਮੀ ਜ਼ਰੂਰ ਹਾਜ਼ਰ ਰਿਹਾ ਕਰਨਗੇ।

ਕੁਝ ਵਕੀਲ ਵੀ ਹੁੰਦੇ ਹਨ ਤੇ ਕੁਝ ਬਾਰ ਦੇ ਲੋਕ ਵੀ ਮੁਕੱਦਮੇ ਦੀ ਕਾਰਵਾਈ ਸੁਣਨ ਆ ਜਾਇਆ ਕਰਦੇ ਹਨ। ਜਿਨ੍ਹਾਂ ਨੇ ਸਾਨੂੰ ਮਿਲਣਾ ਹੋਇਆ ਕਰੇਗਾ, ਉਹ ਵੀ ਆ ਬੈਠਿਆ ਕਰਨਗੇ। ਅਤੇ ਲੰਚ ਦੇ ਵਕਤ ਵਿਚ ਅਦਾਲਤ ਦੀ ਆਗਿਆ ਨਾਲ ਉਨ੍ਹਾਂ ਨਾਲ ਮੁਲਾਕਾਤ ਵੀ ਏਥੇ ਅਦਾਲਤ ਦੇ ਕਮਰੇ ਵਿਚ ਹੀ ਹੋ ਜਾਇਆ ਕਰੇਗੀ। ਜੇਲ ਵਿਚ ਮੁਲਾਕਾਤਾਂ ਕਰਨੀਆਂ ਅਸਾਂ ਬੰਦ ਕੀਤੀਆਂ ਹੋਈਆਂ ਹਨ। ਸੋ ਇਨ੍ਹਾਂ ਸ਼ਰਤਾਂ ਉਪਰ ਸੁਲਹ ਸਫ਼ਾਈ ਹੋ ਗਈ ਅਤੇ ਅਦਾਲਤ ਰੋਜ਼ਾਨਾ ਲਗਣੀ ਸ਼ੁਰੂ ਹੋ ਗਈ। ਅਸੀਂ ਹਾਜ਼ਰੀ ਲਵਾ ਕੇ ਹੌਲੀ ਹੌਲੀ ਖਿਸਕਣਾ ਸ਼ੁਰੂ ਕਰ ਦੇਂਦੇ ਸੀ। ਜੋ ਦਿਲ ਵਿਚ ਆਵੇ ਕਰਦੇ ਰਹਿੰਦੇ ਸੀ। ਕਈ ਆਪਣੇ ਕਪੜੇ ਧੋਣ ਲਗ ਜਾਂਦੇ ਸਨ। ਕੋਈ ਪਾਠ ਕਰਨ ਲਗ ਪੈਂਦਾ ਸੀ। ਕੋਈ ਤਾਸ਼ ਖੇਡਣ ਲਗ ਜਾਂਦਾ ਤੇ ਕੋਈ ਸ਼ਤਰੰਜ ਦੇ ਚਾਲੇ ਚਲਣ ਵਿਚ ਮਗਨ ਹੋ ਜਾਂਦਾ ਸੀ। ਜਿਸ ਖੇਡ ਦਾ ਮੈਂ ਵੀ ਵਡਾ ਸ਼ੁਕੀਨ ਸੀ।



Digitized by Panjab Digital Library | www.panjabdigilib.org

ਖੇਡਾਂ ਵਲੋਂ ਹਟ ਕੇ ਮੈਂ ਸਟੋਵ ਗਰਮ ਕਰ ਕੇ ਕੋਈ ਨਾ ਕੋਈ ਮਿਠਾਈ ਜਾਂ ਕੜਾਹ ਪ੍ਰਸ਼ਾਦ ਜਾਂ ਕਦੇ ਮਹਾਂਪ੍ਰਸ਼ਾਦ, ਕਦੇ ਪਨੀਰ ਤੇ ਕਦੇ ਖੀਰ ਆਦਿ ਤਿਆਰ ਕਰਨ ਲਗ ਜਾਂਦਾ ਸੀ। ਮੇਰਾ ਤੇ ਰਸਾਲਦਾਰ ਰਣਜੋਧ ਸਿੰਘ ਦਾ ਖਾਣ ਪੀਣ ਦੇ ਮਾਮਲੇ ਵਿਚ ਜੁਟ ਬਣਿਆ ਹੋਇਆ ਸੀ। ਸਾਡਾ ਮੈੱਸ (Mess) ਅਰਥਾਤ ਲੰਗਰ ਵੀ ਸਾਂਝਾ ਸੀ। ਉਂਜ ਤਾਂ ਜਿਹੜਾ ਜਿਹੜਾ ਸਜਣ ਜੋ ਚੀਜ਼ ਮੈਨੂੰ ਕਹਿੰਦਾ, ਮੈਂ ਬਣਾ ਦੇਂਦਾ ਸਾਂ।

ਸਰਦਾਰ ਬਹਾਦਰ ਜੀ ਦੇ ਅਰਦਲੀ ਅਕਾਲੀ ਮੰਗਲ ਸਿੰਘ ਪਾਸ ਸਾਡੇ ਸਾਰਿਆਂ ਦੇ ਰੁਪਏ ਜਮ੍ਹਾਂ ਰਹਿੰਦੇ ਸਨ ਅਤੇ ਜੋ ਚੀਜ਼ ਵੀ ਕੋਈ ਬਾਹਰੋਂ ਮੰਗਾਉਣਾ ਚਾਹੇ ਦਰੋਗੇ ਦੀ ਰਾਹੀਂ ਰੁੱਕਾ ਭੇਜ ਕੇ ਮੰਗਵਾ ਲਿਆ ਕਰਦਾ ਸੀ।

ਮੈਨੂੰ ਜੇਲ ਦੇ ਪ੍ਰਬੰਧ ਬਾਰੇ ਕੋਈ ਨਾ ਕੋਈ ਸ਼ਕਾਇਤ ਬਣੀ ਰਹਿੰਦੀ ਸੀ। ਇਕ ਦਿਨ ਦਰੋਗ਼ਾ ਸਾਹਿਬ ਕਹਿਣ ਲਗੇ ਕਿ ਅਸੀਂ ਸੁਪ੍ਰਿੰਟੈਂਡੈਂਟ ਸਾਹਿਬ ਪਾਸ ਜਾ ਕੇ ਇਕੋ ਦਿਨ ਸਾਰੀਆਂ ਸ਼ਕਾਇਤਾਂ ਦਸ ਦੇਈਏ ਤਾਂ ਜੋ ਸਭਨਾਂ ਦੇ ਦੂਰ ਕਰਨ ਦਾ ਪ੍ਰਬੰਧ ਕਰ ਲਿਆ ਜਾਵੇ। ਸੋ ਅਗਲੇ ਦਿਨ ਸਵੇਰ ਦੇ ਨੌਂ ਕੁ ਵਜੇ (ਉਸ ਦਿਨ ਕੋਈ ਛੁੱਟੀ ਸੀ) ਦਾਰੋਗ਼ਾ ਸਾਹਿਬ ਸ੍ਰ: ਬ: ਜੀ ਤੇ ਮੈਨੂੰ ਬੁਲਾ ਕੇ ਸੁਪ੍ਰਿੰਟੈਂਡੈਂਟ ਸਾਹਿਬ ਦੇ ਤੰਬੂ ਵਿਚ ਲੈ ਗਏ।

ਅਗੇ ਰਾਇ ਬਹਾਦਰ ਸ਼ੰਕਰ ਦਾਸ ਲੂਥੜਾ, ਜੋ ਸੁਪ੍ਰਿੰਟੈਂਡੈਂਟ ਸਨ ਤੰਬੂ ਵਿਚ ਮੇਜ਼ ਕੁਰਸੀ ਲਗਾਈ ਬੈਠੇ ਸਨ। ਕੁਰਸੀ ਤੰਬੂ ਅੰਦਰ ਕੇਵਲ ਇਕੋ ਹੀ ਸੀ ਜਿਸ 'ਤੇ ਆਪ 'ਸੁਸ਼ੋਭਤ' ਸਨ। ਅਸਾਂ ਜਾ ਕੇ 'ਸਤਿ ਸ੍ਰੀ ਅਕਾਲ' ਕਹੀ। ਉੱਤਰ ਵਿਚ ਆਪ ਨੇ ਪਤਾ ਨਹੀਂ ਕੀ ਕਿਹਾ, ਜੋ ਸਾਥੋਂ ਬੁਝਿਆ ਨਾ ਗਿਆ। ਕੇਵਲ ਜ਼ਰਾ ਕੁ ਸਿਰ ਨੀਵਾਂ ਹੁੰਦਾ ਦਿਸ ਸਕਿਆ। ਅਸੀਂ ਤਾੜ ਗਏ ਕਿ ਇਸ ਵੇਲੇ ਲੂਥੜਾ ਸਾਹਿਬ ਆਪਣੇ ਅਫ਼ਸਰੀ ਦੇ ਜਲਾਲ ਵਿਚ 'ਮਗ਼ਰੂਰ' ਹੋਏ ਬੈਠੇ ਹਨ ਅਤੇ ਸਾਡੇ ਨਾਲ ਆਪਣੇ ਕੈਦੀਆਂ ਵਾਲਾ ਸਲੂਕ ਕਰ ਕੇ ਜਿਤੱਾ ਰਹੇ ਹਨ ਕਿ 'ਮੈਂ ਵੀ ਕੁਝ ਹਾਂ।' ਅਤੇ ਸਾਡੀਆਂ ਸ਼ਕੈਤਾਂ ਸੁਣਨ ਲਈ ਸਾਨੂੰ ਉਡੀਕ ਰਹੇ ਸਨ।

ਤੰਬੂ ਅਦਰ ਸਾਡੇ ਬੈਠਣ ਲਈ ਜਾਣ ਬੁਝ ਕੇ ਕੋਈ ਹੋਰ ਕੁਰਸੀ ਨਹੀਂ ਸੀ ਰੱਖਣ ਦਿਤੀ ਗਈ। ਅਸੀਂ ਕੈਦੀ ਤਾਂ ਨਹੀਂ ਸੀ, ਕੇਵਲ 'ਜ਼ੇਰ ਸਮਾਇਤ'



Digitized by Panjab Digital Library | www.panjabdigilib.org

ਦੋਸ਼ੀ ਹੀ ਸਾਂ ਤੇ ਫੇਰ ਲੂਥੜਾ ਸਾਹਿਬ ਦੀ ਅਗੇ ਪਿਛੇ ਦੀ ਹਸਬ ਨਸਬ ਤੇ ਖ਼ਾਨਦਾਨੀ ਔਕਾਤ ਤੋਂ ਚੰਗੀ ਤਰ੍ਹਾਂ ਜਾਣੂੰ ਵੀ ਸਾਂ । ਸੋ ਵਧ ਤੋਂ ਵਧ ਅਸੀਂ ਇਕ ਅਧ ਮਿੰਟ ਖਲੋ ਕੇ ਪਿਛੇ ਨੂੰ ਪਰਤ ਚਲਣ ਲਈ ਵਾਪਸ ਹੋ ਤੁਰੇ ।

ਮਗਰੋਂ ਦਾਰੋਗਾ ਭੱਜਾ ਆਇਆ ਤੇ ਕਹਿਣ ਲਗਾ "ਮੈਂ ਤਾਂ ਕੁਰਸੀਆਂ ਮੰਗਵਾਉਣ ਲਗਾ ਸੀ, ਤੁਸੀਂ ਬੜੀ ਕਾਹਲੀ ਕੀਤੀ । ਜੋ ਪਰਤ ਚਲੇ ਹੋ ।"

ਸਰਦਾਰ ਬਹਾਦਰ ਨੇ ਕਿਹਾ ਅਸੀਂ ਤੁਹਾਡੇ ਸੁਪ੍ਰਿੰਟੈਂਡੈਂਟ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਅਤੇ ਉਸ ਦੇ ਪਿੱਛੇ ਦੇ ਵੀ ਭੇਤੀ ਹਾਂ ਉਸ ਨੇ ਸਾਡੀ ਬਹੁਤ ਨਿਰਾਦਰੀ ਕੀਤੀ ਹੈ । ਅਸੀਂ ਉਸ ਨਾਲ ਕੋਈ ਗੱਲ ਬਾਤ ਕਰਨ ਲਈ ਤਿਆਰ ਨਹੀਂ । ਸੋ ਅਸੀਂ ਪਰਤ ਕੇ ਉਸ ਦੇ ਮੱਥੇ ਲਗਣਾ ਮੁਨਾਸਬ ਨਾ ਸਮਝਿਆ ਤੇ ਨਾ ਅਸੀਂ ਮੁੜ ਕੇ ਹੀ ਗਏ ।

ਸੁਪ੍ਰਿੰਟੈਂਡੈਂਟ ਤੰਬੋਟੀ ਵਿਚ ਬੈਠਾ ਸਾਨੂੰ ਦੋ ਕੁ ਘੰਟੇ ਉਡੀਕਦਾ ਰਿਹਾ ਕਿ ਸ਼ਾਇਦ ਦਾਰੋਗਾ ਸਾਨੂੰ ਰੁਸ ਕੇ ਗਿਆਂ ਨੂੰ ਮਨਾ ਕੇ ਲੈ ਆਵੇ । ਪਰ ਉਹ ਆਪਣੇ ਜੇਲ ਦੇ ਕੰਮ ਧੰਦੇ ਵਿਚ ਰੁਝ ਗਏ ।

ਅਸੀਂ ਉਸ ਨੂੰ ਚੰਗੀ ਤਰ੍ਹਾਂ ਸਮਝਾ ਦਿਤਾ ਕਿ ਅਸੀਂ ਕਦੇ ਵੀ ਕਿਸੇ ਸੂਰਤ ਵਿਚ ਵੀ ਉਸ ਨਾਲ ਕੋਈ ਗੱਲ ਨਹੀਂ ਕਰਾਂਗੇ । ਜੇ ਉਸ ਨੂੰ ਲੋੜ ਹੋਵੇਗੀ ਤਾਂ ਸਾਡੇ ਪਾਸ ਆਪੇ ਹੀ ਚਲ ਕੇ ਆਵੇਗਾ । ਜੋ ਗੱਲ ਸਾਨੂੰ ਪੁੱਛਣੀ ਚਾਹੇ ਸਾਡੇ ਪਾਸ ਆ ਕੇ ਪੁੱਛ ਸਕਦਾ ਹੈ । ਅਸੀਂ ਆਪਣੇ ਵਲੋਂ ਉਸ ਨੂੰ ਕਦੇ ਵੀ ਕੁਝ ਨਹੀਂ ਕਹਾਂਗੇ ।

ਜੇਲਾਂ ਵਿਚ ਇਹ ਰਵਾਜ ਚਲਿਆ ਆਉਂਦਾ ਸੀ ਕਿ ਜਦ ਕਦੀ ਜੇਲ ਅੰਦਰ ਸੁਪ੍ਰਿੰਟੈਂਡੈਂਟ ਜਾਂ ਕੋਈ ਹੋਰ ਵਡੇਰਾ ਅਫ਼ਸਰ ਫੇਰਾ ਤੋਰਾ ਕਰਨ ਆਵੇ ਤਾਂ ਕੈਦੀ ਜਾਂ ਜ਼ੇਰ ਸਮਾਇਤ ਦੋਸ਼ੀ ਉਸ ਦੇ ਅਗੇ ਖੜਾ ਹੋ ਕੇ ਅਰਜ਼ ਕਰ ਦੇਵੇ । ਅਸੀਂ ਜੇਲ ਵਿਚ ਪੈਰ ਪਾਉਂਦਿਆਂ ਹੀ ਇਸ ਗੱਲ ਦਾ ਫ਼ੈਸਲਾ ਕਰ ਲਿਆ ਸੀ ਕਿ ਅਸੀਂ ਕਿਸੇ ਰਾਣੀ ਖਾਂ ਦੇ ਆਏ ਤੇ ਉਠਣਾ ਕਦੀ ਨਹੀਂ । ਚੁੱਪ ਕਰ ਕੇ ਬੈਠਿਆਂ ਹੀ ਆਪਣੇ ਧਿਆਨ ਆਪਣਾ ਕੰਮ ਕਰਦੇ ਰਹਿਣਾ ਹੈ । ਸੋ ਅਸੀਂ ਇਵੇਂ ਹੀ ਕਰਦੇ ਰਹੇ ।

ਥੋੜੇ ਦਿਨਾਂ ਪਿਛੋਂ ਮੈਂ ਆਪਣੇ ਘਰ ਸੁਨੇਹਾ ਭੇਜਿਆ ਕਿ ਸਰਦੀਆਂ ਉਤਰ



Digitized by Panjab Digital Library | www.panjabdigilib.org

ਰਹੀਆਂ ਹਨ, ਮੈਨੂੰ ਮੇਰਾ ਡਰੈਸਿੰਗ ਗਾਊਨ ਭੇਜ ਦਿਤਾ ਜਾਵੇ। ਸੋ ਮੈਨੂੰ ਪਹੁੰਚ ਗਿਆ।

ਇਕ ਦਿਨ ਸੁਪ੍ਰਿੰਟੈਂਡੈਂਟ ਨੇ ਮੇਰਾ ਗਾਊਨ ਕਿੱਲੀ ਨਾਲ ਲਟਕਦਾ ਵੇਖ ਕੇ ਦਾਰੋਗੇ ਨੂੰ ਪੁੱਛਿਆ, "ਇਹ ਰੱਸੀ ਕਿਸ ਦੀ ਇਜਾਜ਼ਤ ਨਾਲ ਅੰਦਰ ਆਈ ਹੈ ?"

ਦਾਰੋਗੇ ਨੇ ਕਿਹਾ, "ਜੀ ! ਇਹ ਤਾਂ ਗਾਊਨ ਦੇ ਵਿਚ ਹੁੰਦੀ ਹੈ ਤੇ ਇਹ ਗਾਊਨ ਨੂੰ ਚੌਫੇਰੇ ਘੁਟ ਕੇ ਕਾਬੂ ਰਖਣ ਲਈ ਕਮਰ ਕੱਸੇ ਦਾ ਕੰਮ ਦੇਂਦੀ ਹੈ, ਵਡੇ ਸਾਹਿਬ ਦੇ ਗਾਊਨ ਵਿਚ ਵੀ ਮੈਂ ਅਕਸਰ ਦੇਖਦਾ ਰਹਿੰਦਾ ਹਾਂ।"

ਦਾਰੋਗੇ ਦੀ ਗੱਲ ਸੁਣ ਕੇ ਸੁਪ੍ਰਿੰਟੈਂਡੈਂਟ ਸਾਹਿਬ ਨੇ ਬੜੇ ਤਮਤਰਾਕ ਨਾਲ ਫ਼ਰਮਾਇਆ, "ਵੱਡਾ ਸਾਹਿਬ ਜੇਲ ਦਾ ਕੈਦੀ ਨਹੀਂ ਹੈ। ਜੇਲਾਂ ਦੇ ਕਾਇਦੇ ਕਾਨੂੰਨ ਅਨੁਸਾਰ ਅਜਿਹੀ ਕਿਸਮ ਦੀ ਕੋਈ ਚੀਜ਼ ਅੰਦਰ ਨਹੀਂ ਆ ਸਕਦੀ, ਜਿਸ ਦੇ ਵਰਤਨ ਨਾਲ ਕੈਦੀ ਆਤਮਘਾਤ ਕਰ ਸਕਦਾ ਹੋਵੇ।"

ਸੁਪ੍ਰਿੰਟੈਂਡੈਂਟ ਦੀ ਇਹ ਗੱਲ ਸੁਣ ਕੇ ਮੈਨੂੰ ਸਣੀ-ਕਪੜੀਂ ਅੱਗ ਲਗ ਗਈ ਉਸ ਨਾਲ ਤਾਂ ਮੈਂ ਜ਼ਬਾਨ ਸਾਂਝੀ ਨਾ ਕਰਨ ਦਾ ਪਹਿਲਾਂ ਹੀ ਊਨਾ ਮਕੂਣਾ ਪਾ ਰਖਿਆ ਸੀ। ਸੁ ਉਸ ਨੂੰ ਤਾਂ ਮੈਂ ਕੁਝ ਨਾ ਆਖਿਆ, ਪਰ ਦਾਰੋਗਾ ਜੋ ਸਾਡਾ ਵਿਚੋਲਾ ਬਣਿਆ ਹੋਇਆ ਸੀ, ਉਸ ਨੂੰ ਮੈਂ ਕਹਿ ਦਿਤਾ ਕਿ, "ਦਾਰੋਗਾ ਸਾਹਿਬ ! ਇਹ ਗਾਊਨ ਬਾਹਰ ਭੇਜ ਦਿਉ ! ਮੈਂ ਆਪੇ ਮੰਗਵਾ ਲਵਾਂਗਾ ਤੇ ਰੱਸੀ ਸਮੇਤ ਮੰਗਵਾ ਲਵਾਂਗਾ। ਇਸ ਨੂੰ ਕੀ ਪਤਾ ਕਿ ਗਾਊਨ ਕਿਸ ਬਲਾ ਦਾ ਨਾਮ ਹੈ ?

"ਅੱਵਲ ਤਾਂ ਮੈਂ ਕੈਦੀ ਹੀ ਨਹੀਂ। ਫੇਰ ਇਹਨੂੰ ਏਨੀ ਸਮਝ ਨਹੀਂ ਕਿ ਇਸ ਰੱਸੀ ਨਾਲੋਂ ਪੱਗੜੀ ਨੂੰ ਵੱਟ ਚਾੜ੍ਹ ਕੇ ਕਿਤੇ ਮਜ਼ਬੂਤ ਰੱਸਾ ਬਣਾਇਆ ਜਾ ਸਕਦਾ ਹੈ। ਜੋ ਏਸ ਰੱਸੀ ਨਾਲੋਂ ਲੰਮਾ ਵੀ ਕਿਤੇ ਵਧੇਰੇ ਬਣ ਜਾਂਦਾ ਹੈ। ਫੇਰ ਅਸੀਂ ਵੱਖਰੀ ਵੱਖਰੀ ਕੋਠੜੀ ਵਿਚ ਇਕੱਲੇ ਇਕੱਲੇ ਤਾਂ ਡੱਕੇ ਹੀ ਨਹੀਂ ਹੋਏ, ਅਸੀਂ ਤਾਂ ਬੈਰਕ ਵਿਚ ਰਹਿੰਦੇ ਹਾਂ ਤੇ ਬਾਕੀ ਦੇ ਸਾਥੀ ਕੈਦੀ ਕਿਸੇ ਇਕ ਜਣੇ ਨੂੰ ਅੱਖੀਂ ਵੇਖਦੇ ਹੋਏ ਕਿਸੇ ਇਕ ਸਾਥੀ ਨੂੰ ਫਾਹੇ ਲਗਣ ਦੇ ਹੀ ਨਹੀਂ ਸਕਦੇ।

"ਤੇ ਸਭ ਤੋਂ ਵੱਡੀ ਗੱਲ ਇਹ ਕਿ ਅਸੀਂ ਤਾਂ ਏਥੇ ਡੇਰੇ ਵੀ ਆਪਣੀ ਖ਼ੁਸ਼ੀ ਨਾਲ ਹੀ ਲਗਾਈ ਬੈਠੇ ਹਾਂ। ਜੇ ਅੱਜ ਅਦਾਲਤ ਵਿਚ ਜ਼ਰਾ ਏਨੀ ਗੱਲ ਜ਼ਬਾਨੀ ਹੀ ਕਹਿ ਦੇਈਏ ਕਿ, 'ਅਗੋਂ ਤੋਂ ਅਸੀਂ ਏਸ ਲਹਿਰ ਵਿਚ ਕੋਈ ਹਿੱਸਾ ਨਹੀਂ



Digitized by Panjab Digital Library | www.panjabdigilib.org

ਲਵਾਂਗੇ।' ਤਾਂ ਸਾਨੂੰ ਇਕ ਘੰਟੇ ਵਾਸਤੇ ਵੀ ਅੰਦਰ ਰਖਣ ਵਾਲਾ ਕੋਈ ਜੰਮਿਆਂ ਹੀ ਨਹੀਂ। ਅਸੀਂ ਲੂਠੜੇ ਨਹੀਂ ਹਾਂ, ਸੁ ਸਾਡੇ ਬਾਰੇ ਤਾਂ ਆਤਮਘਾਤ ਕਰ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

ਥੋੜੇ ਦਿਨਾਂ ਮਗਰੋਂ ਜੇਲਾਂ ਦਾ ਇਨਸਪੈਕਟਰ ਜਨਰਲ ਦੌਰੇ ਚੜ੍ਹਿਆ ਏਸ ਪਾਸੇ ਵੀ ਆਣ ਨਿਕਲਿਆ। ਮੈਂ ਉਸ ਪਾਸ ਸ਼ਕਾਇਤ ਕੀਤੀ ਕਿ ਸੁਪ੍ਰਿੰਟੈਂਡੈਂਟ ਨੂੰ ਮਾਸਾ ਵੀ ਅਕਲ ਨਹੀਂ, ਜੋ ਗਾਊਨ ਦੇ ਕਮਰ ਬੰਦ ਨੂੰ ਫਾਹੇ ਲਟਕ ਜਾਣ ਵਾਲੀ ਰੱਸੀ ਦਸ ਕੇ ਮੈਨੂੰ ਅੰਦਰ ਲਿਆਉਣ ਦੀ ਇਜਾਜ਼ਤ ਦੇਣ ਤੋਂ ਇਨਕਾਰੀ ਹੋ ਰਿਹਾ ਹੈ। ਮੈਂ ਉਸ ਨੂੰ ਵਿਸਥਾਰ ਨਾਲ ਸਾਰੀ ਗੱਲ ਆਖ ਸੁਣਾਈ।

ਜਿਸ ਨੂੰ ਸੁਣ ਕੇ ਉਸ ਨੇ ਕਿਹਾ : "Perhaps he has never used one, I will have it sent to you, don't worry." (ਸ਼ਾਇਦ ਉਸ ਨੇ ਕਦੀ ਇਹੋ ਜਿਹਾ ਵਰਤ ਕੇ ਵੇਖਿਆ ਹੀ ਨਹੀਂ ਹੋਣਾ। ਤੂੰ ਕੋਈ ਚਿੰਤਾ ਨਾ ਕਰ ਮੈਂ ਤੈਨੂੰ ਦਵਾ ਦੇਵਾਂਗਾ।) ਸੁ ਦੋ ਚਾਰ ਦਿਨਾਂ ਮਗਰੋਂ ਮੇਰਾ ਗਾਊਨ ਮੇਰੇ ਕੋਲ ਰੱਸੀ ਸਮੇਤ ਪਹੁੰਚ ਗਿਆ।

ਜਦੋਂ ਸੁਪ੍ਰਿੰਟੈਂਡੈਂਟ ਦੇ ਆਉਣ ਦਾ ਵੇਲਾ ਹੋ ਜਾਇਆ ਕਰੇ, ਮੈਨੂੰ ਉਸ ਦੇ ਪਾਉਣ ਦੀ ਲੋੜ ਹੋਵੇ ਜਾਂ ਨਾ ਹੋਵੇ, ਮੈਂ ਗਲ ਪਾ ਕੇ ਉਸ ਦੇ ਸਾਹਮਣੇ ਟਹਿਲਣ ਲਗ ਜਾਵਾਂ।

ਮੇਰੀ ਉਸ ਦੇ ਨਾਲ ਏਸ ਸੰਬੰਧ ਵਿਚ ਕਦੇ ਕੋਈ ਗੱਲ ਬਾਤ ਤਾਂ ਨਾ ਹੋਈ ਪਰ ਉਸ ਦੇ ਚਿਹਰੇ ਤੋਂ ਪਤਾ ਲਗ ਜਾਵੇ ਕਿ ਉਸ ਦੇ ਦਿਲ ਵਿਚ ਏਸ ਸ਼ਰਮਿੰਦਗੀ ਦੀ ਖੁੰਦਕ ਜ਼ਰੂਰ ਲਗੀ ਰਹਿੰਦੀ ਹੈ।

ਇਕ ਦਿਨ ਉਹ ਸਵੇਰ ਦਾ ਚੱਕਰ ਲਗਾ ਚੁੱਕਣ ਦੇ ਕੁਝ ਚਿਰ ਮਗਰੋਂ ਅਚਾਨਕ ਹੀ ਦੂਜੇ ਚੱਕਰ ਫੇਰ ਸਾਡੇ ਵਲ ਆ ਨਿਕਲਿਆ, ਜਦ ਕਿ ਕਿਸੇ ਨੂੰ ਵੀ ਉਸ ਦੇ ਆ ਜਾਣ ਦਾ ਵਹਿਮ ਗੁਮਾਨ ਤਕ ਵੀ ਨਹੀਂ ਸੀ। ਇਕ ਅਖ਼ਲਾਕੀ ਕੈਦੀ ਉਸ ਵੇਲੇ ਮੇਰੇ ਬੂਟ ਪਾਲਸ਼ ਕਰ ਰਿਹਾ ਸੀ। ਸੁਪ੍ਰਿੰਟੈਂਡੈਂਟ 'ਸਾਹਿਬ' ਨੇ ਉਸ ਵਿਚਾਰੇ ਨੂੰ ਏਸੇ ਅਪਰਾਧ ਵਿਚ ਏਥੋਂ ਬਦਲ ਕੇ ਕਿਸੇ ਹੋਰ ਜੇਲ ਵਿਚ ਸੁਟ ਦਿਤੇ ਜਾਣ ਦਾ ਹੁਕਮ ਲਿਖ ਕੇ ਨਾਲ ਹੀ ਅਗੋਂ ਵਾਸਤੇ ਸਭਨਾਂ ਅਖ਼ਲਾਕੀ ਕੈਦੀਆਂ ਵਾਸਤੇ ਹੁਕਮ ਲਿਖ ਗਿਆ ਕਿ ਕੋਈ ਕੈਦੀ



Digitized by Panjab Digital Library | www.panjabdigilib.org

ਅਕਾਲੀਆਂ ਦਾ ਕੋਈ ਨਿਜੀ ਕੰਮ ਨਾ ਕਰਿਆ ਕਰੇ। ਪਰ ਉਹ ਸਾਡੇ ਕੰਮ ਕਰਨੋਂ ਨਾ ਹੀ ਹਟੇ।

ਇਕ ਦਿਨ ਮੈਂ ਬਾਹਰ ਰੁਕਾ ਲਿਖ ਭੇਜਿਆ ਕਿ ਮੈਨੂੰ ਇਕ ਸੇਰ ਜਰਮਨ ਸਾਸੇਜਿਜ਼ ਲੈ ਕੇ ਭੇਜ ਦਿਤੀਆਂ ਜਾਣ।

ਸੂ: ਬ: ਜੀ ਦਾ ਅਰਦਲੀ ਭਾਈ ਮੰਗਲ ਸਿੰਘ ਅਕਾਲੀ ਤਾਂ ਲਿਆ ਕੇ ਦਰੋਗ਼ੇ ਨੂੰ ਦੇ ਗਿਆ, ਪਰ ਉਸ ਨੂੰ ਸਾਡੇ ਤਕ ਪਹੁੰਚਾ ਦੇਣ ਦਾ ਚੇਤਾ ਹੀ ਵਿਸਰ ਗਿਆ।

ਜਦੋਂ ਰਾਤ ਦੇ ੮-੯ ਵਜੇ ਅਸੀਂ ਪ੍ਰਸ਼ਾਦਾ ਛਕ ਚੁਕੇ ਅਤੇ ਸੌਣ ਦੀਆਂ ਤਿਆਰੀਆਂ ਵਿਚ ਸੀ, ਤਾਂ ਦਾਰੋਗਾ ਸਾਹਿਬ ਲੈ ਕੇ ਆ ਗਏ ਤੇ ਆਪਣੀ ਗ਼ਲਤੀ ਦੀਆਂ ਲਗ ਪਏ ਮਾਫ਼ੀਆਂ ਮੰਗਣ। ਤੇ ਕਹਿਣ ਲਗੇ ਕਿ "ਕੰਮ ਦੀ ਗਾੜ੍ਹ ਵਿਚ ਮੈਨੂੰ ਬਿਲਕੁਲ ਹੀ ਚੇਤਾ ਭੁੱਲ ਗਿਆ ਹੋਇਆ ਸੀ।"

ਹੁਣ ਸਾਡੇ ਵਾਸਤੇ ਮੁਸ਼ਕਲ ਬਣ ਗਈ। ਜੇ ਅਸੀਂ ਸਵੇਰ ਵਾਸਤੇ ਰਖ ਦੇਂਦੇ ਹਾਂ ਤਾਂ ਬਿੱਲੀ ਦਾ ਡਰ ਲਗਦਾ ਸੀ ਕਿ ਉਹ ਸਾਰੀਆਂ ਹੀ ਚੱਟਮ ਨਾ ਕਰ ਜਾਏ। ਮੈਨੂੰ ਏਸ ਵੇਲੇ ਖਾਣ ਲਈ ਭੁੱਖ ਕੋਈ ਨਹੀਂ ਸੀ। ਆਪਣੇ ਸਾਥੀਆਂ ਨੂੰ ਸੁਲਾਹ ਮਾਰੀ ਕਿ ਰਲ ਮਿਲ ਮੁਕਾ ਲਈਏ। ਪਰ ਕਿਸੇ ਨੇ ਵੀ ਸਾਡੀ ਦਾਅਵਤ ਕਬੂਲ ਨਾ ਕੀਤੀ।

ਐਵੇਂ ਵੇਨਵਾਂ ਵੀਰਾਨ ਕਰਨ ਨੂੰ ਵੀ ਚਿਤ ਨਹੀਂ ਸੀ ਕਰਦਾ। ਸੁ ਓੜਕ ਮੈਂ ਆਪੇ ਹੀ ਹਿੰਮਤ ਕੀਤੀ ਤੇ ਸਟੋਵ ਬਾਲ ਕੇ ਗਰਮ ਕਰਨ ਵਾਸਤੇ ਰਸੋਈਖ਼ਾਨਾ ਚਾਲੂ ਕਰ ਦਿਤਾ। ਮੈਨੂੰ ਤੇ ਰਸਾਲਦਾਰ ਰਣਜੋਧ ਸਿੰਘ ਨੂੰ ਹੀ ਇਨ੍ਹਾਂ ਦੀ ਗਤੀ ਕਰਨੀ ਪਈ। ਰਸਾਲਦਾਰ ਨੂੰ ਤਾਂ ਪਚ ਪਚਾ ਗਈਆਂ, ਪਰ ਮੈਨੂੰ ਰਾਤ ਦੇ ਦੋ ਵਜੇ ਪੇਟ ਵਿਚ ਉਹ ਸੂਲ ਉਠਿਆ ਕਿ ਤੋਬਾ ਹੀ ਭਲੀ। ਮੈਂ ਮੱਛੀ ਵਾਂਗ ਤੜਫ਼ਣ ਲਗ ਗਿਆ। ਜੇਲ ਦੇ ਡਾਕਟਰ ਨੂੰ ਬੁਲਾਇਆ ਗਿਆ। ਉਸ ਨੇ ਬਥੇਰੀਆਂ ਦਵਾਈਆਂ ਦਿਤੀਆਂ, ਪਰ ਕਿਸੇ ਨਾਲ ਕੁਝ ਵੀ ਫ਼ਰਕ ਨਾ ਪਿਆ।

ਦਿਨ ਚੜ੍ਹੇ ਸਿਵਲ ਸਰਜਨ ਨੂੰ ਖ਼ਬਰ ਭੇਜੀ ਗਈ। ਉਸ ਨੇ ਵੀ ਬਥੇਰੀਆਂ ਦਵਾਈਆਂ ਦਿਤੀਆਂ, ਪਰ ਫ਼ਰਕ ਕਿਸੇ ਨਾਲ ਵੀ ਕੋਈ ਨਾ ਆਇਆ।

ਜੇਲ ਵਾਲੇ ਡਾਕਟਰ ਨੇ ਸਿਵਲ ਸਰਜਨ ਨੂੰ ਕਿਹਾ : "ਬਹਾਨਾ ਹੀ ਨਾ ਪਿਆ



Digitized by Panjab Digital Library | www.panjabdigilib.org

ਕਰਦਾ ਹੋਵੇ । ਸ਼ਾਇਦ ਜ਼ਮਾਨਤ 'ਤੇ ਬਾਹਰ ਜਾਣ ਨੂੰ ਹੀ ਜੀ ਕਰ ਆਇਆ ਹੋਵੇ ਸੁ ।" ਇਹ ਗੱਲ ਸੁਣਦਿਆਂ ਹੀ ਸਿਵਲ ਸਰਜਨ ਤਾਂ ਟੁਟ ਕੇ ਉਸ ਦੇ ਗਲ ਹੀ ਜਾ ਪਿਆ । ਕਹਿਣ ਲਗਾ : "ਇਸ ਨੂੰ ਉਹ ਬੇਹੂਦਾ ਦਵਾਈਆਂ ਦਿਤੀਆਂ ਗਈਆਂ ਹਨ, ਜਿਨ੍ਹਾਂ ਨੂੰ ਬਹਾਨਾ ਕਰਨ ਵਾਲਾ ਮੂੰਹ ਨਾਲ ਛੁਹਾ ਵੀ ਨਹੀਂ ਸੀ ਸਕਦਾ ! ਇਹ ਕੇਸ ਬਿਲਕੁਲ ਸੱਚਾ ਕੇਸ ਹੈ ।"

ਸਾਰਾ ਦਿਨ ਦਵਾਈਆਂ ਬਦਲ ਬਦਲ ਕੇ ਦੇਂਦੇ ਰਹੇ ਤੇ ਗਰਮ ਪਾਣੀ ਨਾਲ ਭਰੀ ਹੋਈ ਰਬੜ ਦੀ ਬੋਤਲ ਮੇਰੇ ਢਿੱਡ ਉਪਰ ਰਖ ਛਡੀ । ਰਾਤ ਨੂੰ ਕਿਤੇ ਜਾ ਕੇ ਫ਼ਰਕ ਪਿਆ ਤੇ ਮੈਨੂੰ ਨੀਂਦ ਆ ਗਈ । ਸਾਰੀ ਰਾਤ ਘੂਕ ਸੁਤਿਆਂ ਲੰਘ ਗਈ । ਖਾਣ ਲਈ ਦਿਲ ਕੁਝ ਨਾ ਮੰਗੇ ।

ਅਗਲੇ ਦਿਨ ਸਵੇਰੇ ਰਸਾਲਦਾਰ ਜੀ ਨੇ ਚਾਹ ਬਣਾ ਕੇ ਪਿਆਲੀ ਇਕ ਪਿਆ ਦਿਤੀ । ਦੁਪਹਿਰੇ ਬਹੁਤ ਹੀ ਪਤਲਾ ਜਿਹਾ ਦਲੀਆ ਬਣਾ ਕੇ ਖੁਆ ਦਿਤਾ । ਲੌਡੇ ਵੇਲੇ ਸਵੇਰੇ ਇਕ ਵਾਰ ਫੇਰ ਚਾਹ ਮਿਲ ਗਈ । ਰਾਤ ਨੂੰ ਨਿਰਾਧਾਰ ਹੀ ਸੌਂ ਰਿਹਾ । ਸਵੇਰ ਨੂੰ ਫੇਰ ਚਾਹ ਤੇ ਦੁਪਹਿਰੇ ਪਤਲੀ ਜਿਹੀ ਮੂੰਗੀ ਦੀ ਦਾਲ ਦੀ ਖਿਚੜੀ ਖਾ ਛਡੀ ਤੇ ਸ਼ਾਮ ਨੂੰ ਮੁੜ ਚਾਹ । ਨਾਲ ਦੇ ਨਾਲ ਦਵਾਈ ਵੀ ਜਾਰੀ ਰਖੀ । ਹਫ਼ਤਾ ਕੁ ਏਸੇ ਤਰ੍ਹਾਂ ਨਰਮ ਗ਼ਿਜ਼ਾ ਤੇ ਚਾਹ ਦੇ ਆਸਰੇ ਟਪਾਇਆ ।

ਜਿਸ ਦਿਨ ਦਾਲ ਰੋਟੀ ਖਾਧੀ ਮੁੜ ਆਂਦਰਾਂ ਵਿਚ ਵੱਟ ਪੈਣ ਲਗ ਗਏ । ਤੇ ਪੀੜ ਨਾਲ ਪੇਟ ਭਰ ਗਿਆ । ਫੇਰ ਦਵਾਈਆਂ ਦੇ ਨਾਲ ਨਾਲ ਖਿੱਚੜੀ ਦਲੀਆ ਤੇ ਚਾਹ ਦੇ ਗੇੜੇ ਪੈ ਤੁਰਿਆ । ਮੈਨੂੰ ਕੁਝ ਵਹਿਮ ਜਿਹਾ ਹੋ ਗਿਆ ਕਿ ਹੁਣ ਮੈਂ ਕੁਝ ਦਿਨਾਂ ਦਾ ਹੀ ਪ੍ਰਾਹੁਣਾ ਹਾਂ । ਬਹੁਤ ਚਿਰ ਨਹੀਂ ਕੱਢਣ ਲਗਾ । ਸਾਹ ਸਤ ਉੱਕਾ ਹੀ ਜਾਂਦਾ ਰਿਹਾ । ਸਾਰਾ ਸਰੀਰ ਝੂਠਾ ਪੈਂਦਾ ਜਾਵੇ । ਮੈਨੂੰ ਉਸ ਵੇਲੇ ਆਪਣੀ ਗ਼ਲਤੀ ਦਾ ਗਿਆਨ ਹੋ ਗਿਆ । ਮੈਂ ਕੇਵਲ ਆਪਣੀ ਵਕਾਲਤ ਦੀ ਆਮਦਨ ਹੀ ਨਹੀਂ, ਸਗੋਂ ਪ੍ਰਾਈਵੇਟ ਜਾਇਦਾਦ ਦੀ ਕਿਰਾਏ ਆਦਿ ਦੀ ਆਮਦਨ ਵੀ ਖ਼ਰਚ ਕਰ ਦਿਆ ਕਰਦਾ ਸੀ ਤੇ ਬਚਦਾ ਬਚਾਉਂਦਾ ਕੱਖ ਨਹੀਂ ਸੀ ।

ਮੇਰੀ ਸਿੰਘਣੀ ਮੈਨੂੰ ਬਹੁਤ ਵਾਰ ਆਖਿਆ ਕਰਦੀ ਸੀ ਕਿ ਕੁਝ ਨਾ ਕੁਝ



Digitized by Panjab Digital Library | www.panjabdigilib.org

ਬਚਾਉਂਦੇ ਰਹਿਣਾ ਚਾਹੀਦਾ ਹੈ । ਬੱਚਿਆਂ ਦੀ ਤਾਲੀਮ 'ਤੇ ਬੜਾ ਖ਼ਰਚ ਹੋਵੇਗਾ । ਵਿਆਹ ਸ਼ਾਦੀਆਂ ਦੇ ਖ਼ਰਚਿਆਂ ਨਾਲ ਘਰ ਦਾ ਬੂਹਾ ਦੂਜੇ ਬੰਨੇ ਲਗ ਜਾਂਦਾ ਹੁੰਦਾ ਏ ।

ਮੈਂ ਹਮੇਸ਼ਾ ਇਹ ਹੀ ਆਖ ਕੇ ਟਾਲ ਛਡਿਆ ਕਰਦਾ ਸੀ ਕਿ "ਖਾ ਗਏ, ਰੰਗ ਲਾ ਗਏ, ਜੋੜ ਗਏ, ਸੋ ਬੋੜ੍ਹ ਗਏ ।" ਵਕਾਲਤ ਦੀ ਆਮਦਨ ਤਕੜੀ ਸੀ । ਜਾਇਦਾਦ ਦੀ ਆਮਨਦ ਵੀ ਥੋੜੀ ਨਹੀਂ ਸੀ । ਏਸ ਆਮਦਨ ਵਿਚ ਟੱਬਰਦਾਰੀ ਦਾ ਵਾਹਵਾ ਝਟ ਟਪਾਇਆ ਜਾ ਸਕਦਾ ਸੀ ਤੇ ਵਕਾਲਤ ਦੀ ਸਾਰੀ ਦੀ ਸਾਰੀ ਆਮਦਨ ਬਚਾਈ ਜਾ ਸਕਦੀ ਸੀ । ਜ਼ਮਾਨਾ ਬਹੁਤ ਸਸਤਾ ਸੀ । ਪਰ ਬੱਚਤ ਕਰਨ ਵਾਲੇ ਪਾਸੇ ਧਿਆਨ ਹੀ ਕਿਸ ਦਾ ਸੀ ?

ਹੁਣ ਜਦੋਂ ਬੀਮਾਰੀ ਨੇ ਢੇਰ ਸਾਰਾ ਜਿੱਤ ਲਿਆ ਤਾਂ ਏਸ ਪਾਸੇ ਵਲ ਨੂੰ ਖ਼ਿਆਲਾਂ ਨੇ ਮੋੜਾ ਖਾਧਾ । ਪਰ ਹੁਣ ਹੋ ਹੀ ਕੀ ਸਕਦਾ ਸੀ ?

ਸੁਣੀਂਦਾ ਹੁੰਦਾ ਸੀ ਕਿ ਬੀਮਾ ਕੰਪਨੀਆਂ ਜ਼ਿੰਦਗੀ ਦਾ ਬੀਮਾ ਕਰ ਲੈਂਦੀਆਂ ਹਨ । ਅਚਾਨਕ ਵਕਤ ਤੋਂ ਪਹਿਲਾਂ ਅਰਥਾਤ ਜਵਾਨੀ ਵੇਲੇ ਹੀ ਕਿਸੇ ਕਾਰਨ ਮੌਤ ਹੋ ਜਾਣ ਦੀ ਸੂਰਤ ਵਿਚ ਬੀਮੇ ਦੀ ਰਕਮ ਮਰਨ ਵਾਲੇ ਦੇ ਵਾਰਸਾਂ ਨੂੰ ਇਕੱਠੀ ਹੀ ਰਕਮ ਭਰ ਦੇਂਦੀਆਂ ਹਨ ।

ਸੁ ਮੈਂ ਜੇਲ ਦੇ ਅੰਦਰ ਹੀ ਬੀਮਾ ਕੰਪਨੀਆਂ ਨਾਲ ਆਪਣਾ ਜੀਵਨ ਬੀਮਾ ਕਰਵਾ ਦੇਣ ਲਈ ਲਿਖਾ ਪੜ੍ਹੀ ਦਾ ਸਿਲਸਿਲਾ ਜਾਰੀ ਕਰ ਦਿਤਾ । ਜਿਸ ਜਿਸ ਕੰਪਨੀ ਨੂੰ ਲਿਖਿਆ ਗਿਆ, ਇਕ ਇਕ ਨੇ ਕੋਰੀ ਨਾਂਹ ਕਰ ਦਿਤੀ ।

ਉਨ੍ਹਾਂ ਲਿਖਿਆ ਕਿ ਮੁਕੱਦਮਾ ਬੜਾ ਸੰਗੀਨ ਹੈ ਜਿਸ ਵਿਚ ਫਾਂਸੀ ਦੀ ਸਜ਼ਾ ਵੀ ਮਿਲ ਜਾਣੀ ਨਾ-ਮੁਮਕਨ ਨਹੀਂ । ਇਸ ਲਈ ਜਦ ਤਕ ਮੁਕੱਦਮੇ ਦਾ ਫ਼ੈਸਲਾ ਹੋ ਕੇ ਜੇਲ 'ਚੋਂ ਰਿਹਾਈ ਨਹੀਂ ਮਿਲ ਜਾਂਦੀ, ਬੀਮਾ ਨਹੀਂ ਹੋ ਸਕਦਾ ।

ਸਾਰਿਆਂ ਪਾਸਿਆਂ ਤੋਂ ਨਿਰਾਸ ਹੋ ਕੇ ਮੈਂ ਪੰਡਤ ਕੇ-ਸੰਤਾਨਮ ਬੈਰਿਸਟਰ-ਐਟ-ਲਾ, ਜੋ ਮੇਰੇ ਮਿੱਤਰ ਸਨ ਤੇ ਉਹ ਲਖ਼ਸ਼ਮੀ ਬੀਮਾ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸਨ । ਮੈਂ ਉਨ੍ਹਾਂ ਨੂੰ ਇਕ ਚਿੱਠੀ ਏਸ ਭਾਵ ਦੀ ਲਿਖ ਭੇਜੀ ਕਿ ਤੁਹਾਨੂੰ ਤਾਂ ਪਤਾ ਹੀ ਹੈ ਕਿ ਸਾਨੂੰ ਫਾਂਸੀ ਤਾਂ ਕਿਸੇ ਨੇ ਦੇਣਾ ਹੀ ਨਹੀਂ । ਇਹ ਮੁਕੱਦਮਾ ਤਾਂ



Digitized by Panjab Digital Library | www.panjabdigilib.org

ਸਰਕਾਰ ਨੇ ਆਪਣੇ ਪ੍ਰਾਪੇਗੰਡੇ ਵਾਸਤੇ ਇਕ ਏਵੇਂ ਕੇਵੇਂ ਦਾ ਨਾਟਕ ਹੀ ਰਚ ਰੱਖਿਆ ਹੈ। ਉਨ੍ਹਾਂ ਲਿਖ ਭੇਜਿਆ ਕਿ ਬਾਕੀ ਕੰਪਨੀਆਂ ਵਲੋਂ ਰੱਦ ਕੀਤੇ ਗਏ ਕੇਸ ਨੂੰ ਅਸੀਂ ਮਨਜ਼ੂਰ ਨਹੀਂ ਕਰ ਸਕਦੇ। ਤੇ ਲਖਸ਼ਮੀ ਵਲੋਂ ਵੀ ਉੱਤਰ ਓਹੋ ਹੀ ਆਵੇਗਾ ਜੋ ਹੋਰ ਕੰਪਨੀਆਂ ਨੇ ਉੱਤਰ ਦਿਤੇ ਹਨ।

ਉਨ੍ਹਾਂ ਨੇ ਆਪਣੀ ਬਾਬਤ ਲਿਖਿਆ ਕਿ ਉਹ ਜ਼ਾਤੀ ਤੌਰ 'ਤੇ ਜ਼ਰੂਰ ਪ੍ਰਵਾਨਗੀ ਦਵਾਉਣ ਦੀ ਕੋਸ਼ਸ਼ ਕਰਨਗੇ, ਪਰ ਫ਼ੈਸਲਾ ਉਨ੍ਹਾਂ ਇਕੱਲਿਆਂ ਨੇ ਤਾਂ ਨਹੀਂ ਦੇਣਾ। ਉਹ ਤਾਂ ਬੋਰਡ ਨੇ ਦੇਣਾ ਹੈ ਤੇ ਬੋਰਡ ਵਿਚ ਹੋਰ ਵੀ ਡਾਇਰੈਕਟਰ ਹਨ, ਉਨ੍ਹਾਂ ਵਿਚ ਮੇਰੀ ਆਪਣੀ ਤਾਂ ਇਕੋ ਹੀ ਵੋਟ ਹੋਵੇਗੀ। ਸੁ ਇਵੇਂ ਕਿਵੇਂ ਹੀ ਹੋਇਆ। ਲਖਸ਼ਮੀ ਵਲੋਂ ਵੀ ਜਵਾਬ ਮਿਲ ਗਿਆ ਤੇ ਇਹ ਆਸ ਵੀ ਟੁੱਟ ਗਈ।

ਮੈਨੂੰ ਪੇਟ ਦੀ ਦਰਦ ਦਾ ਆਰਾਮ ਤਾਂ ਆ ਗਿਆ, ਪਰ ਐਵੇਂ ਆਰਜ਼ੀ ਜਿਹਾ। ਜਿੰਨਾ ਚਿਰ ਨਰਮ ਗਿਜ਼ਾ ਤੇ ਚਾਹ ਦਾ ਆਧਾਰ ਬਣਾਈ ਰੱਖਾਂ ਤਦ ਤਕ ਤਾਂ ਚੈਨ ਰਹੇ। ਪਰ ਫੇਰ ਜਦੋਂ ਕਿਤੇ ਰੋਟੀ ਆਦਿ ਵਰਗੀ ਕੋਈ ਖ਼ੁਰਾਕ ਖਾ ਬੈਠਾਂ ਤਾਂ ਫੇਰ ਓਹੋ ਪੀੜ, ਓਹੋ ਦਲੀਆ, ਓਹੋ ਖਿਚੜੀ ਤੇ ਓਹੋ ਚਾਹ।

ਕੁਝ ਦਿਨ ਆਰਾਮ ਰਹੇ, ਪਰ ਫੇਰ ਜਦ ਕੋਈ ਗ੍ਰਾਹੀ ਮੂੰਹ ਵਿਚ ਪਾ ਲਵਾਂ ਫੇਰ ਅੰਦਰਾਂ ਦੀ ਦਰਦ ਗੁੱਸ ਲਵੇ। ਡਾਕਟਰ ਬੁਲਾਇਆ ਜਾਵੇ, ਉਹ ਕੋਈ ਦਸਤਾਵਰ ਦਵਾਈ ਦੇ ਕੇ ਤੇ ਗਰਮ ਪਾਣੀ ਦੀਆਂ ਭਰੀਆਂ ਹੋਈਆਂ ਰਬੜ ਦੀਆਂ ਬੋਤਲਾਂ ਦੀਆਂ ਟਕੋਰਾਂ ਕਰ ਕਰ ਕੇ ਪੀੜ ਦਾ ਦੌਰਾ ਘਟਾ ਦੇਵੇ ਤੇ ਫੇਰ ਦਲੀਏ, ਖਿਚੜੀ ਤੇ ਚਾਹ ਦੀ ਵਰਤੋਂ 'ਤੇ ਜ਼ੋਰ। ਬੱਸ ਏਸੇ ਤਰ੍ਹਾਂ ਮਾਰੀਦੇ ਕੁਟੀਦੇ ਜ਼ਿੰਦਗੀ ਦੇ ਦਿਨ ਬੀਤਦੇ ਚਲੇ ਗਏ!

ਜੈਤੋਂ ਦੇ ਖੰਡਤ ਅਖੰਡ ਪਾਠ ਨੂੰ ਕਰਨ ਦਾ ਮੋਰਚਾ ਜਾਰੀ ਸੀ। ਸੌ ਸੌ ਦੇ ਜਥੇ ਗੰਗਸਰ ਦੇ ਗੁਰਦੁਆਰੇ ਵਲ ਬਰਾਬਰ ਮਾਰਚ ਕਰ ਰਹੇ ਸਨ। ਜਿਨ੍ਹਾਂ ਨੂੰ ਨਾਭਾ ਰਿਆਸਤ ਦੀ ਹਦ ਅੰਦਰ ਦਾਖ਼ਲ ਹੁੰਦਿਆਂ ਹੀ ਗ੍ਰਿਫ਼ਤਾਰ ਕਰ ਕੇ ਬਾਵਲ, ਕਾਂਦੀ ਤੇ ਜੀਂਦ ਦੇ ਜੰਗਲਾਂ ਬੀਆਬਾਨਾਂ ਵਿਚ ਲਿਜਾ ਕੇ ਛੱਡ ਦਿਤਾ ਜਾਂਦਾ ਸੀ।

ਏਸ ਬਿੱਲੀ ਚੂਹੇ ਦੀ ਖੇਲ ਤੋਂ ਤੰਗ ਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੨ ਫਰਵਰੀ ੧੯੨੪ ਦੇ ਸ਼ਹੀਦੀ ਦਿਹਾੜੇ ਪੰਜ ਸੌ ਅਕਾਲੀ



Digitized by Panjab Digital Library | www.panjabdigilib.org

ਵਾਲੰਟੀਅਰਾਂ ਦੇ ਇਕ ਜ਼ਬਰਦਸਤ ਸ਼ਹੀਦੀ ਜਥੇ ਨੂੰ ਸਿਵਲ-ਨ-ਫਰਮਾਨੀ (Passive Resistant) ਕਰਦਿਆਂ ਹੋਇਆਂ ਗੁਰਦੁਆਰਾ ਗੰਗਸਰ ਅੰਦਰ ਦਾਖ਼ਲ ਹੋ ਜਾਣ ਵਾਸਤੇ ਭੇਜ ਦਿਤਾ ।

ਨਾਭਾ ਐਡਮਨਿਸਟ੍ਰੇਸ਼ਨ ਨੇ ਏਸ ਜਥੇ ਨੂੰ ਜਦ ਕਿਸੇ ਤਰ੍ਹਾਂ ਵੀ ਕਾਬੂ ਵਿਚ ਆਉਂਦੇ ਨਾ ਦੇਖਿਆ ਤਾਂ ਉਸ ਨੂੰ ਜਥੇ ਉਪਰ ਗੋਲੀ ਚਲ੍ਹਾਉਣੀ ਪੈ ਗਈ। ਜਿਸ ਨਾਲ ਦਰਜਨਾਂ ਹੀ ਅਕਾਲੀ ਸ਼ਹੀਦ ਅਤੇ ਸੈਂਕੜੇ ਹੀ ਫੱਟੜ ਹੋ ਗਏ ।

ਪੰਡਤ ਜਵਾਹਰ ਲਾਲ ਨਹਿਰੂ, ਡਾਕਟਰ ਸੈਫ-ਉ-ਦੀਨ ਕਿਚਲੂ ਅਤੇ ਸ੍ਰੀ ਚੰਥ ਰਾਮ ਗਿਡਵਾਨੀ, ਤਿੰਨੇ ਹੀ ਸਜਣ ਇਕ ਮੋਟਰ ਕਾਰ ਦਵਾਰਾ ਜੈਤੋ ਦੇ ਅਕਾਲੀ ਸੰਗ੍ਰਾਮ ਨੂੰ ਵੇਖਣ ਵਾਸਤੇ ਵਰ੍ਹਦੀਆਂ ਗੋਲੀਆਂ ਵਿਚ ਜੈਤੋ ਪੁੱਜ ਪਏ ! ਅਤੇ ਏਸ ਸਾਰੇ ਹੀ ਖ਼ੂਨੀ ਦ੍ਰਿਸ਼ ਨੂੰ ਆਪਣੀ ਅੱਖੀਂ ਦੇਖ ਲਿਆ। ਇਨ੍ਹਾਂ ਨੂੰ ਨਾਭਾ ਐਡਮਨਿਸਟ੍ਰੇਸ਼ਨ ਦੇ ਹੁਕਮ ਨਾਲ ਨਾਭਾ ਕਾਰ ਖ਼ਾਸ ਦੀ ਵਲਗਣ ਵਿਚ ਤਾੜ ਦਿਤਾ ਗਿਆ ।

ਏਸ ਜਥੇ ਅਤੇ ਦਰਸ਼ਕਾਂ ਉਪਰ ਬਰਾਬਰ ਪੰਜ ਮਿੰਟ ਤਕ ਮੀਂਹ ਵਾਂਗ ਗੋਲੀ ਵਰ੍ਹਦੀ ਰਹੀ। ਤੇ ਅਨੇਕਾਂ ਹੀ ਰਾਈਫ਼ਲਾਂ ਦੀਆਂ ਵਾਲੀਆਂ ਤੇ ਮਸ਼ੀਨਗੰਨਾਂ ਦੇ ਰਾਊਂਡ ਚਲਾਏ ਗਏ । ਜਥਾ ਟਿੱਬੀ ਸਾਹਿਬ ਗੁਰਦੁਆਰੇ ਦੇ ਟਿੱਬੇ ਉਪਰ ਫਤਹ ਦਾ ਅਕਾਲੀ ਝੰਡਾ ਗਡ ਦੇਣ ਵਿਚ ਕਾਮਯਾਬ ਹੋ ਗਿਆ ।

ਓੜਕ ਨਾਭਾ ਸਪਰਮੈਨਾ ਅਤੇ ਰਾਜਿੰਦਰਾ ਲਾਂਸਰ ਦੇ ਘੋੜਸਵਾਰਾਂ ਦੀ ਮਦਦ ਨਾਲ ਜਥੇ ਨੂੰ ਗ੍ਰਿਫ਼ਤਾਰ ਕਰ ਲੈਣ ਵਿਚ ਨਾਭੇ ਦੀ ਅੰਗਰੇਜ਼ੀ ਐਡ-ਮਨਿਸਟ੍ਰੇਸ਼ਨ ਨੂੰ ਕਾਮਯਾਬੀ ਹੋ ਗਈ ਤੇ ਜਥਾ ਬੜੀ ਬੇਰਹਿਮੀ ਨਾਲ ਕਿੱਕਰਾਂ ਦੀਆਂ ਸੂਲਾਂ ਤੇ ਬੇਰੀਆਂ ਦੀਆਂ ਖਿੱਤੀਆਂ ਨਾਲ ਭਰੇ ਹੋਏ ਗੱਡਿਆਂ ਵਿਚ ਲੱਦ ਲੱਦ ਕੇ ਨਾਭਾ ਕਾਰਖ਼ਾਸ ਦੀ ਕੰਡਿਆਲੀਆਂ ਤਾਰਾਂ ਦੀ ਕੈਂਪ ਜੇਲ ਵਿਚ ਡਕ ਦਿਤਾ ਗਿਆ ।

ਦੂਜਾ ਪੰਜ ਸੌ ਦਾ ਸ਼ਹੀਦੀ ਜਥਾ ਹੋਰ ਤੋਰਿਆ ਗਿਆ, ਜੋ ਪਹਿਲੇ ਜਥੇ ਵਾਂਗ ਹੀ ਸਿਵਲ-ਨ-ਫਰਮਾਨੀ ਕਰਨ ਦਾ ਪ੍ਰਣ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਨ ਕਰ ਕੇ ਸ੍ਰੀ ਅੰਮ੍ਰਿਤਸਰ ਤੋਂ ਤੋਰਿਆ ਗਿਆ ਸੀ। ਪਰ ਮਹਾਤਮਾ ਗਾਂਧੀ ਜੀ ਦੇ ਜ਼ੋਰ ਦੇਣ 'ਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਅੰਦਰ ਵਾਲੇ ਲੀਡਰਾਂ ਵਲੋਂ ਜਥੇ ਨੂੰ



Digitized by Panjab Digital Library | www.panjabdigilib.org

ਪੁਰ ਅਮਨ ਸਤਿਆ ਗ੍ਰਹੀਆਂ ਵਾਂਗ ਗ੍ਰਿਫ਼ਤਾਰੀਆਂ ਦੇ ਦੇਣ ਲਈ ਮਜਬੂਰ ਕਰ ਦਿਤਾ ਗਿਆ । ਤੇ ਉਸ ਜਥੇ ਦੇ ਗ੍ਰਿਫਤਾਰ ਹੋ ਜਾਣ ਮਗਰੋਂ ਪੰਜ ਪੰਜ ਸੌ ਦੇ ੧੬–੧੭ ਸ਼ਹੀਦੀ ਜਥਿਆਂ ਨੇ ਪੁਰ ਅਮਨ ਗ੍ਰਿਫ਼ਤਾਰੀਆਂ ਦੇ ਦਿਤੀਆਂ ।

ਪੰਡਤ ਜਵਾਹਰ ਲਾਲ ਨਹਿਰੂ, ਡਾਕਟਰ ਗਿਡਵਾਨੀ ਤੇ ਡਾਕਟਰ ਕਿਚਲੂ ਵੀ ਨਾਭਾ ਕਾਰਖ਼ਾਸ ਵਿਚ ਕੈਦ ਕਰ ਦਿਤੇ ਗਏ । ਉਨ੍ਹਾਂ ਉਪਰ ਰਸਮੀ ਜਿਹੀ ਕਾਰਵਾਈ ਮੁਕੱਦਮੇ ਦੀ ਵੀ ਹੋਈ ਤੇ ਕੈਦ ਦੀ ਸਜ਼ਾ ਵੀ ਸੁਣਾ ਦਿਤੀ ਗਈ, ਪਰ ਪੰਡਤ ਮੋਤੀ ਲਾਲ ਜੀ ਨਹਿਰੂ ਦੇ ਯਤਨਾਂ ਨਾਲ ਇਨ੍ਹਾਂ ਨੂੰ ਛੇਤੀ ਹੀ ਰਿਹਾ ਕਰ ਦਿਤਾ ਗਿਆ । ਜਿਸ 'ਤੇ ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਲਾਹੌਰ ਦੇ ਕਿਲ੍ਹੇ ਦੇ ਲੀਡਰਾਂ ਨੂੰ ਵਧਾਈਆਂ ਦੇਣ ਵਾਲੀ ਜਨਤਾ ਅਤੇ ਸਰਕਾਰੀ ਆਦਮੀਆਂ ਦਾ ਦੋਵੀਂ ਥਾਵੀਂ ਤਾਂਤਾ ਬਝ ਗਿਆ ।

ਅੰਗਰੇਜ਼ ਸਰਕਾਰ ਚਾਹੁੰਦੀ ਸੀ ਕਿ ਨਾਭੇ ਦੇ ਸਵਾਲ ਨੂੰ ਲਾਂਭੇ ਛੱਡ ਕੇ ਸਿੱਖ ਸਰਕਾਰ ਨਾਲ ਰਾਜ਼ੀਨਾਵਾਂ ਕਰ ਲੈਣ ਤਾਂ ਉਨ੍ਹਾਂ ਦੀ ਆਪਣੀ ਮਨਸ਼ਾ ਦਾ ਗੁਰਦੁਆਰਾ ਐਕਟ ਬਣਾ ਲੈਣ ਦੀ ਆਗਿਆ ਦਿਤੀ ਜਾ ਸਕਦੀ ਹੈ, ਪਰ ਸਿੱਖ ਨਾਭੇ ਦਾ ਸਵਾਲ ਲਾਂਭੇ ਛੱਡ ਕੇ ਕੋਈ ਸੁਲਾਹ ਕਰਨ ਨੂੰ ਤਿਆਰ ਨਾ ਹੋਏ । ਤੇ ਕਿਲ੍ਹੇ ਦੀ ਅਦਾਲਤ ਵਲੋਂ ਸਿੱਖ ਲੀਡਰਾਂ ਦੇ ਵਿਰੁਧ ਫ਼ਰਦ ਜੁਰਮ ਲਗਾ ਦਿਤਾ ।

ਕੁਝ ਦਿਨਾਂ ਮਗਰੋਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਰੂਹੇ ਰਵਾਂ ਤੇ ਸਿਖ ਪੰਥ ਦੇ ਮੰਨੇ ਪ੍ਰਮੰਨੇ ਆਗੂ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਕਿਲ੍ਹੇ ਅੰਦਰ ਹੀ ਅਕਾਲ ਚਲਾਣਾ ਕਰ ਗਏ । ਤੇ ਥੋੜੇ ਹੀ ਦਿਨਾਂ ਪਿਛੋਂ ਸਰਕਾਰ ਅੰਗਰੇਜ਼ੀ ਨੇ ਸ਼੍ਰੋ: ਗੁ: ਪ੍ਰ: ਕਮੇਟੀ, ਜੋ ਖ਼ਿਲਾਫ਼ ਕਾਨੂੰਨ ਜਮਾਤ ਕਰਾਰ ਦਿਤੀ ਹੋਈ ਸੀ, ਦੇ ਮੈਂਬਰਾਂ ਦੀ ਸੰਮਤੀ ਨਾਲ ਗੁਰਦੁਆਰਾ ਐਕਟ ਬਣਾ ਦਿਤਾ ਅਤੇ ਮੁਕੱਦਮਾ ਵਾਪਸ ਲੈ ਲਿਆ ।

ਸਰਕਾਰ ਨੇ ਮੁਕੱਦਮਾ ਵਾਪਸ ਲਏ ਜਾਣ ਤੋਂ ਪਹਿਲਾ ਬੜਾ ਹੀ ਸਿਰ ਪਟਕ ਲਿਆ ਕਿ ਕਿਸੇ ਤਰ੍ਹਾਂ ਅਕਾਲੀਆਂ ਪਾਸੋਂ ਭਾਵੇਂ ਜ਼ਬਾਨੀ ਹੀ ਅਖਵਾ ਲਿਆ ਜਾਵੇ ਕਿ ਜੋ ਗੁਰਦੁਆਰਾ ਕਾਨੂੰਨ ਅਸਾਂ ਸਰਕਾਰ ਨਾਲ ਮਿਲ ਕੇ ਬਣਾਇਆ ਹੈ, ਉਸ ਨੂੰ ਬਾਹਰ ਜਾ ਕੇ ਵਰਤੋਂ ਵਿਚ ਲਿਆਵਾਂਗੇ । ਪਰ ਮਾਸਟਰ



Digitized by Panjab Digital Library | www.panjabdigilib.org

ਤਾਰਾ ਸਿੰਘ ਏਸ ਗੱਲ 'ਤੇ ਅੜ ਗਏ ਕਿ ਉਹ ਕਿਸੇ ਕਿਸਮ ਦੀ ਕੋਈ ਵੀ ਸ਼ਰਤ ਮੰਨ ਕੇ ਰਿਹਾ ਹੋਣ ਨੂੰ ਤਿਆਰ ਨਹੀਂ। ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਇਹ ਵੀ ਇਕਰਾਰ ਕਰਨ ਨੂੰ ਤਿਆਰ ਨਹੀਂ ਕਿ ਬਾਹਰ ਜਾ ਕੇ ਹਵਾ ਭਖਾਂਗੇ ਜਾਂ ਪਾਣੀ-ਪੀਆਂਗੇ।

ਪਰ ਸਰਕਾਰ ਆਪਣਾ ਪੱਲਾ ਛੁਡਾਉਣਾ ਹੀ ਚਾਹੁੰਦੀ ਸੀ ਜੋ ਉਸ ਨੇ ਮੁਕੱਦਮਾ ਵਾਪਸ ਲੈ ਲਿਆ ਕਿਉਂਕਿ ੫੦੦ ਦੇ ਪਹਿਲੇ ਪੂਰ ਅਮਨ ਸ਼ਹੀਦੀ ਜਥੇ ਉਪਰ ਗੋਲੀ ਚਲਾਈ ਜਾਣ ਨਾਲ ਸਰਕਾਰ ਦੀ ਪੁਜ਼ੀਸ਼ਨ ਬਹੁਤ ਖ਼ਰਾਬ ਹੋ ਗਈ ਸੀ। ਸੁ ਸਰਕਾਰ ਨੇ ਮੁਕੱਦਮਾ ਵਾਪਸ ਲੈਣ ਤੋਂ ਬਿਨਾਂ ਜੈਤੋ ਦੇ ਮੋਰਚੇ ਦੇ ਦਿਨੀਂ ਕੈਦ ਹੋਣ ਵਾਲੇ ਸਾਰੇ ਹੀ ਅਕਾਲੀ ਜਥਿਆਂ ਨੂੰ ਰਿਹਾ ਕਰ ਦੇਣਾ ਵੀ ਮੰਨ ਲਿਆ ਅਤੇ ਸਿਖ ਲੀਡਰਾਂ ਨੂੰ ਰਿਹਾ ਕਰ ਦੇਣ ਦੇ ਨਾਲ ਹੀ ਜਥਿਆਂ ਦੀ ਰਿਹਾਈ ਦਾ ਕੰਮ ਵੀ ਜਾਰੀ ਹੋ ਗਿਆ।

ਆਮ ਰਿਹਾਈਆਂ ਤੋਂ ਪਹਿਲਾਂ ਜੇਲ ਅੰਦਰ ਹੀ ਅਕਾਲੀਆਂ ਵਿਚ ਕਈ ਪਾਰਟੀਆਂ ਬਣ ਗਈਆਂ ਸਨ। ਭਾਵੇਂ ਗੁਰਦੁਆਰਿਆਂ ਦੇ ਸਵਾਲ ਉਪਰ ਸਾਰੇ ਦੇ ਸਾਰੇ ਅਕਾਲੀ ਲੀਡਰ ਇਕ ਮੁਠ ਤੇ ਇਕ ਜਾਨ ਸਨ, ਪਰ ਬਹੁਤ ਸਾਰੇ ਮੈਂਬਰ ਅਜਿਹੇ ਵੀ ਸਨ, ਜੋ ਗੁਰਦੁਆਰਿਆਂ ਦਾ ਕਾਨੂੰਨ ਬਣਵਾਉਣ ਤੋਂ ਬਿਨਾਂ ਹੋਰ ਕਿਸੇ ਵੀ ਸਿਆਸੀ ਮਾਮਲੇ ਉਪਰ ਸਰਕਾਰ ਨਾਲ ਟੱਕਰ ਲੈਣ ਨੂੰ ਤਿਆਰ ਨਹੀਂ ਸਨ।

ਜੇਲੋਂ ਬਾਹਰ ਆਉਂਦਿਆਂ ਹੀ ਅਕਾਲੀ ਦੋ ਪ੍ਰਮੁਖ ਧੜਿਆਂ ਵਿਚ ਵੰਡੇ ਗਏ ਸਨ :

(੧) ਮਾਸਟਰ ਤਾਰਾ ਸਿੰਘ ਜੀ ਦੀ ਅਕਾਲੀ ਪਾਰਟੀ।

(੨) ਸਰਦਾਰ ਬਹਾਦਰ ਪਾਰਟੀ। ਜਿਸ ਦੇ ਸਟੇਜੀ ਲੀਡਰ ਗਿਆਨੀ ਸ਼ੇਰ ਸਿੰਘ ਜੀ ਸਨ।

ਦੂਸਰੇ ਨੰਬਰ ਵਾਲੀ ਪਾਰਟੀ ਤਾਂ ਆਪਣੇ ਆਪ ਹੀ ਮਰ ਗਈ, ਕਿਉਂਕਿ ਗਿਆਨੀ ਸ਼ੇਰ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਜੋ ਦੋਵੇਂ ਹੀ ਪਾਰਟੀ ਦੀਆਂ ਵੱਡੀਆਂ ਧਿਰਾਂ ਸਨ, ਉਨ੍ਹਾਂ ਦੋਹਾਂ ਦੇ ਗੁਰਪੁਰੀ ਪਧਾਰ ਜਾਣ ਨਾਲ ਪਾਰਟੀ ਖੇਰੂੰ ਖੇਰੂੰ ਹੋ ਗਈ।



Digitized by Panjab Digital Library | www.panjabdigilib.org

ਮੇਰੀ ਬਾਬਤ ਸਰਕਾਰ ਇਹ ਗੱਲ ਸਾਬਤ ਕਰਨ ਤੋਂ ਅਸਮਰੱਥ ਰਹੀ ਕਿ ਗ੍ਰਿਫ਼ਤਾਰੀ ਦੇ ਸਮੇਂ ਮੈਂ ਸ਼੍ਰੋ: ਗੁ: ਪ੍ਰ: ਕਮੇਟੀ ਦੀ ਅੰਤ੍ਰਿੰਗ ਦਾ ਮੈਂਬਰ ਸੀ, ਏਸ ਲਈ ਮੇਰੇ ਉਤੇ ਅਤੇ ਕੁਝ ਕੁ ਹੋਰ ਸਾਥੀਆਂ ਉਪਰ ਫ਼ਰਦ ਜੁਰਮ ਹੀ ਨਾ ਲਗਾਇਆ ਗਿਆ।

ਮੈਂ ਜੇਲ ਤੋਂ ਬਾਹਰ ਆਉਂਦਿਆਂ ਹੀ ਸਰਗੋਧੇ ਚਲਾ ਗਿਆ। ਦੋ ਚਾਰ ਦਿਨ ਉਥੇ ਰਹਿ ਕੇ ਪਿੰਡ ਤੋਂ ਬਾਲ ਬੱਚੇ ਨੂੰ ਨਾਲ ਲੈ ਆਇਆ। ਇਕ ਵਡਾ ਸਾਰਾ ਮਕਾਨ ਹਾਲ ਬਾਜ਼ਾਰ ਵਿਚ ਹੀ ਕਿਰਾਏ 'ਤੇ ਲੈ ਲਿਆ।

ਏਥੇ ਮਕਾਨ ਵਿਚ ਦਫ਼ਤਰ ਬਣਾ ਕੇ ਆਪਣੀ ਵਕਾਲਤ ਦੀ ਪ੍ਰੈਕਟਿਸ ਆਰੰਭ ਕਰ ਦਿਤੀ। ਸਰਦਾਰ ਸਾਹਿਬ ਬੇਅੰਤ ਸਿੰਘ ਵੀ ਏਥੇ ਹੀ ਤਹਿਸੀਲਦਾਰ ਲਗੇ ਹੋਏ ਸਨ। ਉਨ੍ਹਾਂ ਦੀ ਸਹਾਇਤਾ ਨਾਲ ਇਕ ੨੯ ਕਨਾਲ ਜ਼ਮੀਨ ਦਾ ਟੁਕੜਾ ਮਾਲ ਰੋਡ 'ਤੇ ਖ਼ਰੀਦ ਲਿਆ। ਅਤੇ ਨਾਲ ਹੀ ਸਿਆਲਕੋਟ ਵਾਲੀ ਸੜਕ ਕਿਨਾਰੇ ੧੧ ਵਿਘੇ ਬਾਰਾਨੀ ਜ਼ਮੀਨ ਦਾ ਟੁਕੜਾ ਕਚਹਿਰੀ ਤੋਂ ਦੋ ਕੁ ਮੀਲ ਦੀ ਵਿਥ ਉਪਰ ਮੁੱਲ ਲੈ ਲਿਆ।

ਏਸ ਜ਼ਮੀਨ ਵਿਚ ਦੱਭ ਬਹੁਤ ਸੀ। ਪਿੰਡ 'ਕੰਬੋ' ਦੀ ਇਕ ਮੁਸਲਮਾਨੀ ਵਿਧਵਾ ਦੀ ਜ਼ਮੀਨ ਨਾਲ ਸਾਡੀ ਜ਼ਮੀਨ ਦੀ ਵੱਟ ਸਾਂਝੀ ਸੀ। ਮੈਂ ਕੋਸ਼ਸ਼ ਕਰ ਕੇ ਉਸ ਦੀ ਜ਼ਮੀਨ ਆਪਣੇ ਦੋਸਤ ਸ੍ਰ: ਬੇਅੰਤ ਸਿੰਘ ਵਾਸਤੇ ਖ਼ਰੀਦ ਲਈ। ਸੁ ਅਸਾਂ ਦੋਹਾਂ ਨੇ ਰਲ ਕੇ ਨੌਕਰ ਵੀ ਸਾਂਝੇ ਹੀ ਰਖ ਲਏ। ਦੋ ਜੋਗਾਂ ਬੈਲਾਂ ਦੀਆਂ ਸਾਂਝੀਆਂ ਹੀ ਰਖ ਲਈਆਂ। ਸੋ ਕੁਝ ਹੱਲਾਂ ਤੇ ਕਰਾਹਾਂ ਨਾਲ ਤੇ ਕੁਝ ਕਹੀ ਦੀ ਗੋਡੀ ਨਾਲ ਬਹੁਤ ਸਾਰੀ ਜ਼ਮੀਨ ਦੀ ਦਭ ਸਾਫ਼ ਕਰ ਕੇ ਸਾਰੀ ਜ਼ਮੀਨ ਪਧਰੀ ਕਰ ਲਈ ਤੇ ਇਕ ਵਡੀ ਸਾਰੀ ਹਵੇਲੀ ਸਾਂਝੀ ਜ਼ਮੀਨ ਵਿਚ ਵਲ ਲਈ। ਖੂਹ ਵੀ ਵਖਰੇ ਵਖਰੇ ਲਗਵਾ ਲਏ।

ਕੁਝ ਚਿਰ ਮਗਰੋਂ ਸਰਦਾਰ ਸਾਹਿਬ ਬੇ-ਅੰਤ ਸਿੰਘ ਜੀ ਦੀ ਮਰਜ਼ੀ ਅਨੁਸਾਰ ਦੋਹਾਂ ਨੇ ਬਾਗ਼ ਵੀ ਵਖਰੇ ਵਖਰੇ ਲਗਵਾ ਲਏ। ਮੇਰੇ ਦੋਸਤ ਦੀ ਅੰਮ੍ਰਿਤਸਰ ਤੋਂ ਬਦਲੀ ਹੋ ਗਈ ਤੇ ਉਹ ਕਸੂਰ ਜਾ ਲਗਾ। ਕੁਝ ਚਿਰ ਮਗਰੋਂ ਉਨ੍ਹਾਂ ਦੀ ਲਾਹੌਰ ਬਦਲੀ ਹੋ ਗਈ। ਅਸਾਂ ਨੌਕਰ ਤੇ ਜੋਗਾਂ ਵੀ ਆਪਣੇ ਆਪਣੇ ਹਿੱਸੇ ਦੀਆਂ ਵੰਡ ਲਈਆਂ। ਮੈਨੂੰ ਪਰਤੀਤ ਹੋਇਆ ਕਿ ਆਪਣੇ



Digitized by Panjab Digital Library | www.panjabdigilib.org

ਦੋਸਤ ਦੀ ਗ਼ੈਰ-ਹਾਜ਼ਰੀ ਵਿਚ ਉਸ ਦੇ ਹਿੱਸੇ ਦੀ ਹਵੇਲੀ ਨੂੰ ਮੇਰੇ ਲਈ ਵਰਤਣਾ ਮੁਸ਼ਕਲ ਹੋ ਜਾਵੇਗਾ। ਕਿਉਂਕਿ ਉਨ੍ਹਾਂ ਦੇ ਭਰਾਤਾ ਸ: ਪਾਲ ਸਿੰਘ ਜੀ ਕੁਝ ਟੇਢੀ ਤਬੀਅਤ ਦੇ ਮਾਲਕ ਸਨ। ਸੋ ਦੋਹਾਂ ਜਣਿਆਂ ਹਵੇਲੀਆਂ ਵੀ ਵਖ ਵਖ ਕਰ ਲਈਆਂ।

ਮੇਰੇ ਦੋਸਤ ਨੇ ਇਕ ਦਿਨ ਮੈਨੂੰ ਕਿਹਾ ਕਿ ਉਨ੍ਹਾਂ ਦੀ ਹਵੇਲੀ ਵਿਚ ਆਪਣੇ ਨਾਲ ਲਗਦਾ ਹੀ ਮੈਂ ਉਨ੍ਹਾਂ ਦੇ ਪਰਿਵਾਰ ਵਾਸਤੇ ਇਕ ਰਿਹਾਇਸ਼ੀ ਮਕਾਨ ਵੀ ਨਿਵੇਕਲਾ ਬਣਵਾ ਦਿਆਂ। ਰੁਪਿਆ ਤਾਂ ਉਨ੍ਹਾਂ ਦਾ ਹੀ ਖ਼ਰਚ ਹੋਣਾ ਸੀ। ਮੈਂ ਕੇਵਲ ਨਿਗਰਾਨੀ ਕਰਨ ਵਾਸਤੇ ਹੀ ਵਿਚ ਖਲੋ ਜਾਣਾ ਸੀ। ਮਿਸਤਰੀ ਵੀ ਉਨ੍ਹਾਂ ਨੇ ਆਪਣੇ ਪਿੰਡ ਦਾ ਹੀ ਭਾਈ ਅਰਜਨ ਸਿੰਘ ਮੇਰੇ ਪਾਸ ਭੇਜ ਦਿਤਾ। ਉਸ ਤੋਂ ਬਿਨਾਂ ਇਕ ਹੋਰ ਵੀ ਉਨ੍ਹਾਂ ਦਾ ਆਦਮੀ ਭਾਈ ਭਗਤ ਸਿੰਘ ਪਿੰਡ ਵੇਤੇ ਵਾਲਾ ਦਾ ਉਨ੍ਹਾਂ ਵਲੋਂ ਰਾਤ ਦਿਨ ਉਥੇ ਹੀ ਰਿਹਾ ਕਰਦਾ ਸੀ। ਮੈਂ ਵੀ ਹਰ ਰੋਜ਼ ਕਚਹਿਰੀਉਂ ਛੁੱਟੀ ਹੋਣ ਮਗਰੋਂ ਘਰੋਂ ਚਾਹ ਪੀ ਉਥੇ ਹੀ ਆ ਜਾਇਆ ਕਰਦਾ ਸੀ ਤੇ ਜ਼ਮੀਨ ਦੀ ਦੇਖ ਭਾਲ ਕਰਿਆ ਕਰਦਾ ਸੀ।

ਮਕਾਨ ਬਣਾਉਣ ਤੇ ਜੋ ਖ਼ਰਚ ਆਉਂਦਾ ਸੀ ਮੈਂ ਉਸ ਦਾ ਹਿਸਾਬ ਇਕ ਕਾਪੀ ਵਿਚ ਗੁਰਮੁਖੀ ਅੱਖਰਾਂ ਅੰਦਰ ਲਿਖਦਾ ਜਾਂਦਾ ਸੀ ਤਾਂ ਜੋ ਸਰਦਾਰ ਸਾਹਿਬ ਉਨ੍ਹਾਂ ਦਾ ਲੜਕਾ, ਲੜਕੀ ਜਾਂ ਧਰਮ ਪਤਨੀ ਜਿਸ ਦਾ ਜੀਅ ਚਾਹੇ ਪੜ੍ਹ ਕੇ ਸਮਝ ਸਕੇ। ਜਦੋਂ ਮਕਾਨ ਲਗ ਪਗ ਮੁਕੰਮਲ ਹੋਣ ਤੇ ਆ ਗਿਆ ਇਕ ਦਿਨ ਥੋੜੀ ਜਿਹੀ ਛੁੱਟੀ ਲੈ ਕੇ ਸਰਦਾਰ ਸਾਹਿਬ ਵੀ ਆ ਗਏ। ਹਿਸਾਬ ਦੀ ਕਾਪੀ ਅਕਸਰ ਦੇਖਦੇ ਰਹਿੰਦੇ ਸੀ। ਕਿਸੇ ਨੇ ਉਨ੍ਹਾਂ ਪਾਸ ਚੁਗ਼ਲੀ ਖਾਧੀ ਕਿ ੩-੪ ਫ਼ੁੱਟ ਲੰਮਾ ਗਾਰਡਰ ਦਾ ਟੋਟਾ ਅਗੇ ਪਿਛੇ ਹੋ ਗਿਆ ਜਾਪਦਾ ਹੈ। ਦਸ ਫ਼ੁੱਟ ਤੋਂ ਘਟ ਚੌੜਾ ਤਾਂ ਕਮਰਾ ਹੈ ਹੀ ਨਹੀਂ। ਉਹ ਵੀ ਹੈਰਾਨ ਹੋ ਗਏ। ਹੋ ਸਕਦਾ ਹੈ ਚੁਗ਼ਲੀ ਖਾਣ ਵਾਲੇ ਨੇ ਕਿਹਾ ਹੋਵੇ ਕਿ ਇਹ ਰੁਪਏ ਫਾਲਤੂ ਲਗਾਏ ਹੋਏ ਹਨ।

ਮੈਨੂੰ ਉਨ੍ਹਾਂ ਪੁੱਛਿਆ ਤਾਂ ਮੈਂ ਉਨ੍ਹਾਂ ਨੂੰ ਦਸਿਆ ਕਿ ਆਪ ਜੀ ਦੇ ਮਕਾਨ 'ਤੇ ਹੀ ਲਗਾ ਹੈ। ਉਹ ਘੜੀ ਘੜੀ ਪੁੱਛੀ ਜਾਣ ਕਿ ਕਿਥੇ ਲਗਾ ਹੈ? ਸੁ ਮੈਂ ਭਾਈ ਅਰਜਨ ਸਿੰਘ ਮਿਸਤ੍ਰੀ ਨੂੰ ਬੁਲਾ ਭੇਜਿਆ ਅਤੇ ਕਿਹਾ ਕਿ ਜਿਹੜਾ ਗਾਰਡਰ ਦਾ ਟੋਟਾ ਬੈਠਕ ਦੇ ਰੋਸ਼ਨਦਾਨ ਦੀ ਡਾਟ ਦੇ ਉਪਰ ਤੇ ਛੱਤ ਦੇ



Digitized by Panjab Digital Library | www.panjabdigilib.org

ਹੇਠਾਂ ਪਾਇਆ ਸੀ, ਉਹ ਸਰਦਾਰ ਸਾਹਿਬ ਨੂੰ ਪੁੱਟ ਕੇ ਦਿਖਾ ਦਿਓ। ਜਦੋਂ ਮਿਸਤ੍ਰੀ ਤੇਸੀ ਫੜ ਕੇ ਪੁੱਟਣ ਲਗਾ ਤਾਂ ਉਨ੍ਹਾਂ ਨੇ ਰੋਕ ਦਿਤਾ।

ਮੈਂ ਜ਼ਿਦ ਕੀਤੀ ਕਿ ਜ਼ਰੂਰ ਪੁੱਟ ਕੇ ਦਿਖਾਵਾਂਗਾ। ਮਿਸਤਰੀ ਨੇ ਕਿਹਾ ਕਿ ਉਸ ਨੇ ਆਪ ਆਪਣੇ ਹੱਥੀਂ ਪਾਇਆ ਹੈ। ਕਿਉਂਕਿ ਪਹਿਲਾਂ ਇਹ ਬੈਠਕ ਨਹੀਂ ਸੀ ਹਵੇਲੀ ਦੇ ਨਾਲ ਨੌਕਰਾਂ ਲਈ ਇਕ ਕੋਠਾ ਬਣਾਇਆ ਸੀ। ਮਗਰੋਂ ਸਰਦਾਰ ਸਾਹਿਬ ਦੇ ਕਹਿਣ 'ਤੇ ਉਸ ਨੂੰ ਬੈਠਕ ਵਿਚ ਤਬਦੀਲ ਕੀਤਾ ਗਿਆ ਸੀ ਤੇ ਬਾਰੀ ਤੇ ਰੋਸ਼ਨਦਾਨ ਮਗਰੋਂ ਪਾੜ ਪਾ ਕੇ ਕਢੇ ਗਏ ਸਨ ਅਤੇ ਘਰ ਵਲ ਨੂੰ ਇਕ ਦਰਵਾਜ਼ਾ ਵੀ ਮਗਰੋਂ ਹੀ ਕਢਿਆ ਗਿਆ ਸੀ।

ਮੈਂ ਜ਼ਿਦ ਕੀਤੀ ਕਿ ਮੈਂ ਆਪਣੇ ਦੋਸਤ ਦਾ ਸ਼ੱਕ ਜ਼ਰੂਰ ਦੂਰ ਕਰਾਂਗਾ। ਥੋੜੀਆਂ ਜਿਹੀਆਂ ਇੱਟਾਂ ਪੁਟਵਾ ਕੇ ਗਾਰਡਰ ਦਾ ਟੋਟਾ ਨੰਗਾ ਕਰ ਕੇ ਵਿਖਾ ਦਿਤਾ। ਇਹ ਸਾਡੀ ਜ਼ਿੰਦਗੀ ਦਾ ਪਹਿਲਾ ਹੀ ਮੌਕਿਆ ਸੀ ਜਦੋਂ ਸਾਡੀ ਦੋਸਤੀ ਵਿਚ ਮਾੜਾ ਜਿਹਾ ਫ਼ਰਕ ਆ ਗਿਆ ਸੀ।

ਜਦੋਂ ਮਕਾਨ ਮੁਕੰਮਲ ਹੋ ਗਿਆ ਤਾਂ ਮੇਰੇ ਦੋਸਤ ਨੇ ਮੁਨਾਸਬ ਸਮਝਿਆ ਕਿ ਜ਼ਮੀਨ ਤੇ ਬਾਗ ਦੀ ਦੇਖ-ਭਾਲ ਤੇ ਲੜਕੀ ਦੀ ਤਾਲੀਮ ਦੀ ਖ਼ਾਤਰ ਉਨ੍ਹਾਂ ਦੇ ਟੱਬਰ ਦਾ ਉਥੇ ਰਹਿਣਾ ਜ਼ਰੂਰੀ ਹੈ ਸੋ ਮੇਰੀ ਡਿਊਟੀ ਲਗਾ ਦਿਤੀ ਗਈ ਕਿ ਮੈਂ ਰਾਤ ਨੂੰ ਉਨ੍ਹਾਂ ਦੀ ਬੈਠਕ ਵਿਚ ਹੀ ਸੌਂਵਿਆਂ ਕਰਾਂ ਤੇ ਸਵੇਰੇ ਆਪਣੀ ਕੋਠੀ ਚਲਾ ਜਾਇਆ ਕਰਾਂ ਤੇ ਫੇਰ ਕਚਹਿਰੀ ਭੁਗਤਾ ਕੇ ਰੋਟੀ ਤੇ ਚਾਹ ਖਾ ਪੀ ਹਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਬੈਠਕ ਵਿਚ ਪਹੁੰਚ ਜਾਇਆ ਕਰਾਂ। ਸੁ ਮੈਂ ਦੁਨਾਲੀ ਬੰਦੂਕ ਸਰ੍ਹਾਣੇ ਰਖ ਕੇ ਪੰਜ ਛੇ ਮਹੀਨੇ ਅਰਥਾਤ ਸਿਆਲ ਸਾਰਾ ਹੀ ਉਸ ਬੈਠਕ ਵਿਚ ਹੀ ਸੌਂਦਾ ਰਿਹਾ। ਜਦੋਂ ਸਮਝਿਆ ਕਿ ਹੁਣ ਖ਼ਤਰਾ ਕੋਈ ਨਹੀਂ ਰਿਹਾ, ਮੈਨੂੰ ਏਸ ਡਊਟੀ ਤੋਂ ਛੁੱਟੀ ਮਿਲ ਗਈ ਤੇ ਦੋਸਤੀ ਦਾ ਹੱਕ ਤੋੜ ਤੀਕ ਨਿਭਾ ਦਿਤਾ।

ਸਿਆਲ ਬੀਤ ਗਿਆ ਤੇ ਖੁਲ੍ਹੀ ਰੁੱਤ ਆ ਜਾਣ ਤੇ ਬਾਗ਼ ਲਗਵਾਣ ਦੇ ਦਿਨ ਆ ਗਏ, ਸਰਦਾਰ ਸਾਹਿਬ ਛੁੱਟੀ ਲੈ ਕੇ ਆ ਗਏ ਅਤੇ ਇਹ ਤਜਵੀਜ਼ ਕੀਤੀ ਗਈ ਕਿ ਬਾਗ਼ ਆਪੋ ਆਪਣੇ ਲਗਾਏ ਜਾਣ। ਤੇ ਖ਼ਰਚਾ ਵੀਰ ਆਪੋ ਆਪਣਾ ਬਰਦਾਸ਼ਤ ਕੀਤਾ ਜਾਵੇ। ਮੈਂ ਸਮਝ ਗਿਆ ਕਿ ਆਪ ਨੂੰ ਅੰਮ੍ਰਿਤਸਰ,



Digitized by Panjab Digital Library | www.panjabdigilib.org

ਲਾਹੌਰ ਤੇ ਸੁਜਾਅ-ਆਬਾਦ ਦੇ ਜ਼ਖੀਰਿਆਂ ਤੋਂ ਮੁਫ਼ਤ ਹੀ ਤੇ ਵਧੀਆ ਵਧੀਆ ਕਿਸਮਾਂ ਦੇ ਬੂਟੇ ਮਿਲ ਜਾਣ ਦੀ ਆਸ ਹੈ। ਏਸ ਵਾਸਤੇ ਮੇਰੇ ਵੀਰ ਜੀ ਲਾਲਚ ਵਿਚ ਆ ਗਏ ਹਨ ਕਿ ਵਧੀਆ ਤੇ ਮੁਫ਼ਤ ਦਾ ਮਾਲ ਮੈਨੂੰ ਵੰਡ ਕੇ ਨਾ ਦੇਣਾ ਪੈ ਜਾਵੇ ਤੇ ਸਾਰੇ ਦਾ ਸਾਰਾ ਮੇਰੇ ਇਕੱਲੇ ਦੇ ਹੀ ਕੰਮ ਆਵੇ। ਮੈਂ ਚੁੱਪ ਕਰ ਰਿਹਾ, ਪਰ ਮੈਂ ਉਨ੍ਹਾਂ ਦੇ ਕੰਨਾਂ ਵਿਚੋਂ ਦੀ ਸਾਰੀ ਗੱਲ ਕਢ ਜ਼ਰੂਰ ਦਿਤੀ ਕਿ ਉਹ ਇਹ ਨਾ ਸਮਝਣ ਜੁ ਏਸ ਨੂੰ ਨੀਯਤ ਬਦਲ ਜਾਣ ਦੇ ਕਾਰਨ ਦਾ ਪਤਾ ਹੀ ਨਹੀਂ ਲਗਾ, ਸੁ ਮੈਂ ਕਹਿ ਦਿਤਾ ਕਿ "ਬੂਟੇ ਤਾਂ ਮੈਂ ਵੀ ਚੰਗੇ ਹੀ ਲਗਾਵਾਂਗਾ ਭਾਵੇਂ ਮੈਨੂੰ ਮੁਫ਼ਤ ਕਿਤੋਂ ਨਹੀਂ ਮਿਲਣ ਲਗੇ।"

ਬਾਗ਼ ਲਗਣੇ ਸ਼ੁਰੂ ਹੋ ਗਏ। ਅੰਬਾਂ ਦੇ ਬੂਟਿਆਂ ਦਾ ਇਕ ਨਿੱਕਾ ਜਿਹਾ ਜ਼ਖੀਰਾ ਮੇਰੀ ਕੋਠੀ ਵੀ ਲਗਾ ਹੋਇਆ ਸੀ ਜੋ ਮੈਂ ਆਪ ਲਗਵਾਇਆ ਸੀ ਤੇ ਮੇਰਾ ਹੀ ਮਾਲੀ ਉਸ ਨੂੰ ਪਾਲਦਾ ਰਿਹਾ ਸੀ। ਗਿਟਕਾਂ ਜ਼ਰੂਰ ਉਨ੍ਹਾਂ ਅੰਬਾਂ ਦੀਆਂ ਸਨ ਜੋ ਮੇਰੇ ਵੀਰ ਨੇ ਆਪਣੇ ਲਿਹਾਜ ਮੁਲਾਹਜੇ ਵਾਲਿਆਂ ਪਾਸੋਂ ਸ਼ੁਜਾਅ-ਆਬਾਦ (ਜ਼ਿਲਾ ਮੁਲਤਾਨ) ਤੋਂ ਮੰਗਵਾਏ ਸਨ ਤੇ ਅਸਾਂ ਦੋਹਾਂ ਭਰਾਵਾਂ ਨੇ ਮਿਲ ਕੇ ਚੂਪੇ ਸਨ। ਜਦ ਬੂਟਿਆਂ ਦੀਆਂ ਗਾਚੀਆਂ ਹੋਣ, ਲਗੀਆਂ ਤਾਂ ਸਰਦਾਰ ਸਾਹਿਬ ਦੇ ਭਰਾ ਸ: ਪਾਲ ਸਿੰਘ ਜੀ, (ਜਿਨ੍ਹਾਂ ਨੂੰ ਲੋਕੀਂ ਅਫ਼ੀਮ ਦੀ ਵਰਤੋਂ ਦਾ ਆਦੀ ਹੋਣ ਦੇ ਕਾਰਨ 'ਅਮਲ਼ੀ, ਅਮਲੀ' ਕਿਹਾ ਕਰਦੇ ਸਨ) ਬੂਟਿਆਂ ਦੀ ਗਾਚੀਆਂ ਦੋ ਥਾਈਂ ਵੱਖਰੀਆਂ ਵੱਖਰੀਆਂ ਢੇਰੀਆਂ ਵਿਚ ਵੰਡ ਵੰਡ ਕੇ ਰਖਣ ਲਗ ਪਏ। ਇਕ ਢੇਰੀ ਵਿਚ ਚੰਗੇ ਚੰਗੇ ਬੂਟੇ ਬਹੁਤੇ ਰਖੀ ਜਾਣ ਤੇ ਦੂਜੀ ਢੇਰੀ ਨੂੰ ਮਾੜਿਆਂ ਮਾੜਿਆਂ ਬੂਟਿਆਂ ਨਾਲ ਭਰੀ ਚਲੇ ਜਾਣ। ਮੈਂ ਉਨ੍ਹਾਂ ਨੂੰ ਸਾਫ਼ ਸਾਫ਼ ਕਹਿ ਦਿਤਾ ਕਿ ਢੇਰੀਆਂ ਇਕੋ ਜਿਹੀਆਂ ਲਗਾਉਣੀਆਂ, ਮੈਂ ਜਿਹੜੀ ਢੇਰੀ ਜੀ ਕਰੇਗਾ ਮਲ ਲਵਾਂਗਾ ਤੇ ਦੂਜੀ ਤੁਹਾਨੂੰ ਰਖਣੀ ਪਵੇਗੀ। ਸਰਦਾਰ ਸਾਹਿਬ ਨੇ ਵੀ ਉਸ ਨੂੰ ਇਹੋ ਪੱਕੀ ਕਰ ਦਿਤੀ।

ਪਰ ਮੈਂ ਵੇਖਦਾ ਰਿਹਾ ਕਿ ਅਮਲੀ ਸਾਹਿਬ ਆਪਣੀ ਆਈ ਤੋਂ ਮਾਸਾ ਨਾ ਟਲੇ ਤੇ ਵਿਤਕਰਾ ਬਰਾਬਰ ਰੱਖੀ ਹੀ ਚਲੇ ਗਏ। ਜਦੋਂ ਸਾਰੀਆਂ ਗਾਚੀਆਂ ਨਿਕਲ ਚੁਕੀਆਂ ਤਾਂ ਮੈਂ ਚੰਗੀ ਢੇਰੀ ਚੁਕਵਾ ਕੇ ਆਪਣੇ ਬਾਗ਼ ਵਲ ਲੈ ਗਿਆ। ਅਮਲੀ ਸਾਹਿਬ ਤੜਫ਼ ਉਠੇ ਤੇ ਰੌਲਾ ਪਾ ਦਿਤਾ ਕਿ ਮੈਂ ਸਾਰਾ



Digitized by Panjab Digital Library | www.panjabdigilib.org

ਦਿਨ ਮਿੱਟੀ ਨਾਲ ਘੁਲਦਾ ਰਿਹਾ ਹਾਂ ਤੇ ਚੰਗੇ ਬੂਟੇ ਇਹ ਲੈ ਤੁਰਿਆ ਹੈ। ਪਰ ਉਸ ਨੂੰ ਸਭਨਾਂ ਨੇ ਸ਼ਰਮਿੰਦਾ ਕੀਤਾ ਕਿ ਜੇ ਤੂੰ ਵਿਤਕਰੇ ਨਾਲ ਢੇਰੀਆਂ ਨਾ ਲਗਾਉਂਦੋਂ ਤਾਂ ਇਹ ਝਗੜਾ ਉਠਦਾ ਹੀ ਕਿਉਂ ?

ਓੜਕ, ਮੈਂ ਕਿਹਾ ਕਿ ਸਾਰੇ ਬੂਟੇ ਇਕ ਥਾਂ ਇਕੱਠੇ ਕਰ ਕੇ ਕਿਸੇ ਤੀਜੇ ਧਿਆਕ ਪਾਸੋਂ ਗੁਣੇ ਮਰਵਾ ਕੇ ਫ਼ੈਸਲਾ ਕਰਵਾ ਲਉ। ਪਰ ਮੇਰਾ ਦੋਸਤ ਨਾ ਮੰਨਿਆ ਉਹ ਕਹੇ ਕਿ ਬੇ ਈਮਾਨੀ ਦਾ ਫਲ ਬੇਈਮਾਨੀ ਕਰਨ ਵਾਲੇ ਨੂੰ ਭੁਗਤਣਾ ਚਾਹੀਦਾ ਹੈ ਤੇ ਮਾੜੀ ਢੇਰੀ ਮਾੜਾ ਕੰਮ ਕਰਨ ਵਾਲੇ ਅਮਲੀ ਨੂੰ ਹੀ ਰਖਣੀ ਪਵੇਗੀ। ਪਰ ਮੈਂ ਕਿਹਾ ਕਿ ਨਹੀਂ ਇਹਦੇ ਨਾਲ ਏਨੀ ਹੀ ਕਾਫ਼ੀ ਹੋ ਗਈ ਹੈ। ਸੋ ਅੰਤਮ ਫ਼ੈਸਲਾ ਮੇਰੀ ਤਜਵੀਜ਼ ਅਨੁਸਾਰ ਗੁਣੇ ਮਾਰ ਦੇਣ ਨਾਲ ਹੀ ਹੋਇਆ।

ਇਹ ਦੂਜਾ ਮੌਕਿਆ ਸੀ ਜਦ ਸਾਡਾ ਆਪੋ ਵਿਚ ਥੋੜਾ ਜਿਹਾ ਮਤ-ਭੇਦ ਹੋ ਗਿਆ ਸੀ।

ਜਦੋਂ ਮੈਂ ਸਮਝ ਲਿਆ ਕਿ ਮੈਨੂੰ ਵਖਰੀ ਹੀ ਹਵੇਲੀ ਵਲਣੀ ਪਵੇਗੀ ਤਾਂ ਮੈਂ ਆਪਣੀ ਜ਼ਮੀਨ ਵਿਚ ਨੀਂਹਾਂ ਪੁਟਵਾਉਣੀਆਂ ਸ਼ੁਰੂ ਕਰ ਦਿਤੀਆਂ। ਪਤਾ ਨਹੀਂ ਸਰਦਾਰ ਸਾਹਿਬ ਨੂੰ ਕਿਸੇ ਨੇ ਲਿਖ ਭੇਜਿਆ, ਜਿਸ ਕਰ ਕੇ ਉਨ੍ਹਾਂ ਨੇ ਇਕ ਚਿੱਠੀ ਰਾਹੀਂ ਮੇਰੇ ਪਾਸ ਏਤਰਾਜ ਕਰ ਭੇਜਿਆ ਕਿ ਮੈਂ ਆਪਣੀ ਹਵੇਲੀ ਉਨ੍ਹਾਂ ਦੀ ਕੰਧ ਦੇ ਨਾਲ ਲਗਦੀ ਨਾ ਵਲਾਂ ਤੇ ਉਨ੍ਹਾਂ ਦੀ ਕੰਧ ਦੀ ਸਾਂਝੀ ਵਰਤੋਂ ਕਰਨ ਦਾ ਯਤਨ ਨਾ ਕਰਾਂ। ਤੇ ਉਨ੍ਹਾਂ ਦੀ ਕੰਧ ਨਾਲੋਂ ਦਸ ਬਾਰਾਂ ਫ਼ੁੱਟ ਹਟਵੀਂ ਕਰ ਕੇ ਆਪਣੀ ਵੱਖਰੀ ਕੰਧ ਉਸਾਰਾਂ।

ਮੈਂ ਲਾਲਚ ਕੀਤਾ ਸੀ ਕਿ ਉਨ੍ਹਾਂ ਦੀ ਕੰਧ ਬਣੀ ਹੋਈ ਹੈ ਮੈਂ ਉਸ ਤੋਂ ਫ਼ਾਇਦਾ ਕਿਉਂ ਨਾ ਉਠਾ ਲਵਾਂ! ਪਰ ਜਦੋਂ ਥੋੜੇ ਦਿਨਾਂ ਪਿਛੋਂ ਆਪ ਅੰਮ੍ਰਿਤਸਰ ਆਏ ਤਾਂ ਕਹਿਣ ਲਗੇ ਕਿ ਉਹ ਮੈਨੂੰ ਆਪਣੀ ਕੰਧ ਨਾਲੋਂ ੧੦-੧੨ ਫ਼ੁੱਟ ਚੌੜੀ ਥਾਂ ਛੱਡ ਕੇ ਆਪਣੀ ਹਵੇਲੀ ਦੀ ਨੀਂਹ ਰੱਖਣ ਵਾਸਤੇ ਏਸ ਲਈ ਕਹਿ ਰਹੇ ਹਨ ਕਿ ਉਹ ਆਪਣੇ ਮਕਾਨ ਲਈ ਸੜਕ ਬਣਾ ਸਕਣ।

ਮੈਂ ਏਸ ਤਜਵੀਜ਼ ਦੇ ਉੱਤਰ ਵਿਚ ਉਨ੍ਹਾਂ ਨੂੰ ਇਹ ਗੱਲ ਕਹੀ ਕਿ ਆਪ ਦੀ ਹਵੇਲੀ ਦੀ ਕੰਧ ਆਪ ਦੀ ਆਪਣੀ ਜ਼ਮੀਨ ਦੀ ਬਿਲਕੁਲ ਹੱਦ ਦੇ ਉਪਰ ਹੈ। ਆਪ



Digitized by Panjab Digital Library | www.panjabdigilib.org

ਨੇ ਆਪਣੀ ਸੜਕ ਵਾਸਤੇ ਆਪਣੀ ਜ਼ਮੀਨ ਵਿਚੋਂ ਮਾਸਾ ਵੀ ਥਾਂ ਨਹੀਂ ਛੱਡੀ। ਜਿਸ ਦਾ ਮਤਲਬ ਇਹ ਹੋਇਆ ਕਿ ਆਪ ਦੀ ਸਾਰੀ ਸੜਕ ਮੇਰੀ ਜ਼ਮੀਨ ਵਿਚ ਕੱਢੀ ਜਾਵੇ। ਦਸੋ ਮੈਨੂੰ ਕੀ ਲੋੜ ਪਈ ਹੈ ਕਿ ਸੜਕ ਤਾਂ ਆਪ ਜੀ ਦੀ ਕੋਠੀ ਵਾਸਤੇ ਬਣੇ ਤੇ ਸੜਕ ਨੂੰ ਥਾਂ ਮੈਂ ਆਪਣੀ ਜ਼ਮੀਨ ਵਿਚੋਂ ਦੇਵਾਂ।

ਜੇ ਕਰ ਤੁਸੀਂ ਮੈਨੂੰ ਆਪਣੀ ਕੰਧ ਨੂੰ ਵਰਤ ਲੈਣ ਦੀ ਆਗਿਆ ਦੇਣ ਨੂੰ ਤਿਆਰ ਨਹੀਂ ਤਾਂ ਮੈਂ ਆਪ ਜੀ ਦੀ ਕੋਠੀ ਵਾਸਤੇ ਵਰਤੀ ਜਾਣ ਵਾਲੀ ਸੜਕ ਲਈ ਆਪਣੀ ਜ਼ਮੀਨ ਕਿਉਂ ਦੇ ਦੇਵਾਂ ?

ਉਹ ਕਹਿਣ ਲਗੇ ਕਿ ਮੇਰੀ ਕੰਧ ਨੂੰ ਤੁਸੀਂ ਨਾ ਵਰਤੋ ਤੇ ਮੈਂ ਆਪਣੀ ਹਵੇਲੀ ਨੂੰ ਸੜਕ ਸਾਹਮਣੇ ਪਾਸਿਓਂ ਕੱਢ ਲਵਾਂਗਾ। ਸੁ ਏਸੇ ਤਰ੍ਹਾਂ ਕੀਤਾ ਗਿਆ। ਮੈਂ ਉਨ੍ਹਾਂ ਦੀ ਹਵੇਲੀ ਦੀ ਕੰਧ ਦੇ ਨਾਲ ਨਾਲ ਪੰਜ ਫ਼ੁੱਟ ਚੌੜੀ ਥਾਂ ਖ਼ਾਲੀ ਛੱਡ ਕੇ ਆਪਣੀ ਹਵੇਲੀ ਦੀ ਕੰਧ ਆਪਣੇ ਥਾਂ ਵਿਚ ਕਢ ਲਈ ਤੇ ਉਸ ਥਾਂ ਵਿਚ ਜ਼ਖ਼ੀਰਾ ਲਾ ਲਿਆ ਅਤੇ ਸਰਦਾਰ ਸਾਹਿਬ ਨੇ ਆਪਣੀ ਹਵੇਲੀ ਵਾਸਤੇ ਸੜਕ ਸਾਹਮਣੇ ਪਾਸਿਉਂ ਬਣਵਾ ਲਈ।

ਇਹ ਤੀਜਾ ਮੌਕਿਆ ਸੀ ਜਦੋਂ ਦੋ ਦੋਸਤਾਂ ਦੇ ਦਰਮਿਆਨ ਥੋੜੀ ਜੇਹੀ ਅਣਬਣ ਪੈਦਾ ਹੋ ਗਈ ਸੀ।

ਥੋੜੇ ਦਿਨਾਂ ਪਿਛੋਂ ਸਰਦਾਰ ਸਾਹਿਬ ਛੁੱਟੀ ਲੈ ਕੇ ਫੇਰ ਅੰਮ੍ਰਿਤਸਰ ਆਏ, ਪਰ ਮੈਨੂੰ ਮਿਲਿਆਂ ਬਗ਼ੈਰ ਹੀ ਸਿੱਧੇ ਆਪਣੇ ਪਿੰਡ ਲਖੂਵਾਲ ਨੂੰ ਤੁਰ ਗਏ। ਮੈਨੂੰ ਉਨ੍ਹਾਂ ਦੇ ਆਉਣ ਦਾ ਪਤਾ ਇਕ ਸਾਂਝੇ ਮਿੱਤਰ ਲਾਲਾ ਬਿਸ਼ਨ ਦਾਸ ਪਾਸੋਂ ਲੱਗਾ। ਜਦ ਮੈਨੂੰ ਉਹ ਇਹ ਗੱਲ ਦਸ ਰਹੇ ਸਨ ਅਸੀਂ ਦੋਵੇਂ ਡੀ. ਸੀ. ਦੇ ਕਮਰੇ ਵਿਚ ਖੜੇ ਸੀ।

ਮੈਂ ਉਨ੍ਹਾਂ ਦੀ ਇਹ ਗੱਲ ਸੁਣ ਕੇ ਬੜਾ ਹੀ ਹੈਰਾਨ ਹੋ ਗਿਆ ਕਿ ਹਾਂਏਂ, ਬੇਅੰਤ ਸਿੰਘ ਆਵੇ ਤੇ ਮੈਨੂੰ ਮਿਲਿਆਂ ਬਗ਼ੈਰ ਪਿੰਡ ਨੂੰ ਨਿਕਲ ਜਾਵੇ ! ਮੇਰਾ ਰੋਣ ਨਿਕਲ ਗਿਆ ਤੇ ਮੈਥੋਂ ਆਪਣੇ ਹੰਝੂ ਡਕੇ ਨਾ ਗਏ, ਤੇ ਦਬਾ ਦਬ ਵਹਿ ਤੁਰੇ।

ਮੈਂ ਰੁਮਾਲ ਨਾਲ ਅੱਖੀਆਂ ਪੂੰਝ ਰਿਹਾ ਸੀ ਕਿ ਉਪਰੋਂ ਡੀ. ਸੀ. ਆ ਗਿਆ ਤੇ ਹੈਰਾਨ ਹੋ ਕੇ ਪੁੱਛਣ ਲੱਗਾ "Sardar Sahib ! what is the wrong with you ?, (ਸਰਦਾਰ ਸਾਹਿਬ ! ਤੁਹਾਨੂੰ ਕਿਸ ਗੱਲ ਦਾ



Digitized by Panjab Digital Library | www.panjabdigilib.org

ਦੁੱਖ ਹੈ ?) ਮੈਂ ਉੱਤਰ ਵਿਚ ਕਿਹਾ : "Something personal and prive, Perhaps Lala Bishan Das will tell you all about it. (ਇਹ ਮੇਰਾ ਕੁਝ ਨਿੱਜੀ ਤੇ ਦਸਿਆ ਨਾ ਜਾਣ ਵਾਲਾ ਮਾਮਲਾ ਹੈ) ਸ਼ਾਇਦ ਲਾਲਾ ਬਿਸ਼ਨ ਦਾਸ ਤੁਹਾਨੂੰ ਦੱਸ ਦੇਵੇ। ਇਹ ਆਖ ਕੇ ਮੈਂ ਕਮਰਿਉਂ ਬਾਹਰ ਨਿਕਲ ਆਇਆ।

ਉਸ ਦਿਨ ਸਾਰੀ ਰਾਤ ਮੈਨੂੰ ਬੜੀ ਬੇ-ਚੈਨੀ ਜਿਹੀ ਰਹੀ। ਅਗਲੇ ਦਿਨ ਸਵੇਰੇ ਹੀ ਮੇਰਾ ਵੀਰ ਪਿੰਡੋਂ ਵਾਪਸ ਮੁੜ ਆਇਆ। ਅਜੇ ਮੈਂ ਕਚਹਿਰੀ ਗਿਆ ਹੀ ਨਹੀਂ ਸੀ ਉਹ ਆਪਣਾ ਸਾਮਾਨ ਲੈ ਕੇ ਮੇਰੀ ਹੀ ਕੋਠੀ ਆਣ ਉਤਰੇ। ਮੈਨੂੰ ਜਫੀ ਪਾ ਕੇ ਭੁਬੀਂ ਭੁਬੀਂ ਰੋਣ ਲਗ ਪਿਆ। ਤੇ ਕਹਿਣ ਲੱਗਾ "ਕੀ ਤੂੰ ਮੈਨੂੰ ਏਡਾ ਹੀ ਮੂਰਖ ਸਮਝਦਾ ਹੈਂ ਕਿ ਮੈਂ ਆਪਣੇ ਹੱਥੀਂ ਹੀ ਤੇਰਾ ਦਰ ਬੰਦ ਕਰ ਦੇਵਾਂ ? ਭਲਾ ਏਡੀ ਵੱਡੀ ਗੱਲ ਹੀ ਕਿਹੜੀ ਸੀ ਜਿਸ ਤੋਂ ਮੈਂ ਤੇਰੇ ਨਾਲ ਏਨਾ ਗੁੱਸੇ ਹੋ ਜਾਂਦਾ ਕਿ ਮਿਲਣਾ ਗਿਲਣਾ ਹੀ ਜਾਂਦਾ ਰਹੇ।

ਕਸੂਰ ਤਾਂ ਪਹਿਲਾਂ ਮੇਰਾ ਹੀ ਹੈ। ਮੈਂ ਤੇਰੇ ਵੱਲ ਇਹੋ ਜੇਹੀ ਚਿੱਠੀ ਲਿਖਣੀ ਹੀ ਨਹੀਂ ਸੀ ਕਿ ਮੇਰੀ ਹਵੇਲੀ ਦੇ ਨਾਲ ਲਗਦੀ ਹਵੇਲੀ ਬਣਾ ਹੀ ਨਾ। ਮੈਨੂੰ ਚਾਹੀਦਾ ਸੀ ਕਿ ਭਾਵੇਂ ਮੈਂ ਇਕੇ ਦਿਨ ਦੀ ਛੁੱਟੀ ਲੈ ਕੇ ਆ ਜਾਂਦਾ ਤੇ ਮੂੰਹ ਰੂਬਰੂ ਹੋ ਕੇ ਕਹਿ ਦੇਂਦਾ ਕਿ ਸੜਕ ਦੀ ਥਾਂ ਛੱਡ ਕੇ ਆਪਣੀ ਹਵੇਲੀ ਦੀ ਕੰਧ ਉਸਾਰੋ।

ਮੈਨੂੰ ਪਤਾ ਹੈ ਕਿ ਤੂੰ ਕਦੀ ਨਾਂਹ ਨਹੀਂ ਸੀ ਕਰਨੀ। ਅਜ ਤੀਕ ਤੂੰ ਮੈਨੂੰ ਕਦੇ ਕਿਸੇ ਗੱਲ ਤੋਂ ਨਾਂਹ ਨਹੀਂ ਕੀਤੀ। ਸਾਰੀ ਉਮਰ ਦੀ ਰੱਖੀ ਰੱਖੀ ਏਸ ਤਰ੍ਹਾਂ ਨਹੀਂ ਗਵਾਈ ਜਾਂਦੀ। ਤੂੰ ਮੇਰੀ ਖ਼ਾਤਰ ਮੇਰੇ ਭਰਾਵਾਂ ਦੀ ਇੱਜ਼ਤ ਤੇ ਆਜ਼ਾਦੀ ਬਚਾਈ। ਤੇਰੇ ਮੇਰੇ ਵਿਚ ਕਦੀ ਕੋਈ ਵਿਥ ਨਹੀਂ ਪਾ ਸਕਦਾ।

ਉਹ ਵੀ ਗੱਲਾਂ ਕਰ ਕਰ ਕੇ ਰੋਂਦਾ ਰਿਹਾ ਤੇ ਮੈਂ ਵੀ ਰੋਂਦਾ ਰਿਹਾ। ਫੇਰ ਜਿੰਨੀ ਛੁੱਟੀ ਲੈ ਕੇ ਆਇਆ ਸੀ ਉਹ ਸਾਰੀ ਛੁੱਟੀ ਮੇਰੇ ਵੀਰ ਨੇ ਮੇਰੇ ਪਾਸ ਹੀ ਗੁਜ਼ਾਰੀ। ਪਿੰਡ ਵਲ ਫੇਰਾ ਵੀ ਨਾ ਮਾਰਿਆ।

ਥੋੜੇ ਦਿਨਾਂ ਪਿਛੋਂ ਆਪ ਜੀ ਦੀ ਚਿੱਠੀ ਆਈ ਕਿ "ਅਮਲੀ ਨੇ ਬੈਂਕ ਦਾ ਰੁਪਿਆ ਦੇਣਾ ਹੈ। ਜਿਸ ਦੀ ਬੈਂਕ ਨੇ ਡਿਗਰੀ ਕਰਵਾ ਲਈ ਹੋਈ ਹੈ।



Digitized by Panjab Digital Library | www.panjabdigilib.org

ਹੁਣ ਬੈਂਕ ਵਾਲੇ ਇਸ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਤੁਲੇ ਬੈਠੇ ਹਨ। ਉਸ ਦੇ ਰੁਪਏ ਤੁਸਾਂ ਆਪਣੇ ਪਾਸੋਂ ਭਰ ਦੇਣੇ ਤੇ ਉਸ ਨੂੰ ਜੇਲ ਨਹੀਂ ਜਾਣ ਦੇਣਾ।"

ਮੈਂ ਫੌਰਨ ਬੈਂਕ ਨੂੰ ਰੁਪਏ ਤਾਰ ਦਿਤੇ। ਅਤੇ ਸਰਦਾਰ ਸਾਹਿਬ ਦੇ ਹਿਸਾਬ ਵਿਚ ਉਨ੍ਹਾਂ ਦੇ ਨਾਂ ਲਿਖ ਲਏ। ਸਰਦਾਰ ਬੇਅੰਤ ਸਿੰਘ ਹਿਸਾਬ ਕਿਤਾਬ ਦਾ ਬਿਲਕੁਲ ਸਾਫ਼ ਸੀ। ਸੂਦ ਸਾਦ ਤਾਂ ਮੈਂ ਉਸ ਪਾਸੋਂ ਕਦੀ ਨਹੀਂ ਸੀ ਲਿਆ ਤੇ ਅਸਲ ਰੁਪਿਆ ਉਹ ਸਹਿਜੇ ਸਹਿਜੇ ਦੇ ਹੀ ਦਿਆ ਕਰਦੇ ਸਨ।

ਇਕ ਵਾਰ ਦੀ ਗੱਲ ਹੈ ਕਿ ਸਰਦਾਰ ਸਾਹਿਬ ਨੇ ਆਪਣੇ ਇਕ ਹੋਰ ਦੋਸਤ ਪਾਸੋਂ ਕੁਝ ਰੁਪਏ ਮੰਗ ਭੇਜੇ। ਉਸ ਜਵਾਬ ਦੇ ਭੇਜਿਆ ਕਿ ਉਸ ਦੇ ਪਾਸ ਰੁਪਏ ਹੈਨ ਹੀ ਕੋਈ ਨਹੀਂ। ਫੇਰ ਉਨ੍ਹਾਂ ਨੇ ਮੇਰੇ ਪਾਸੋਂ ਰੁਪਏ ਮੰਗਵਾ ਭੇਜੇ, ਮੈਂ ਤਤਕਾਲ ਭੇਜ ਦਿਤੇ।

ਜਦ ਉਹ ਮੈਨੂੰ ਮਿਲੇ ਤਾਂ ਉਨ੍ਹਾਂ ਨੇ ਬਿਸ਼ਨ ਸਿੰਘ ਦੇ ਇਨਕਾਰ ਬਾਰੇ ਮੇਰੇ ਪਾਸ ਸ਼ਿਕਾਇਤ ਆਣ ਕੀਤੀ। ਤੇ ਕਿਹਾ ਕਿ ਉਸ ਨੇ ਰੁਪਏ ਨਹੀਂ ਸਨ ਦਿਤੇ ਜਿਸ ਕਰ ਕੇ ਮੈਨੂੰ ਤੇਰੇ ਪਾਸੋਂ ਰੁਪਏ ਮੰਗਵਾਉਣੇ ਪੈ ਗਏ। ਮੈਂ ਸਰਦਾਰ ਸਾਹਿਬ ਨੂੰ ਸਾਫ਼ ਕਹਿ ਦਿਤਾ ਕਿ ਤੁਹਾਡਾ ਹਿਸਾਬ ਆਪਸ ਵਿਚ ਕੋਰਾ ਤੇ ਸਾਫ਼ ਨਹੀਂ ਹੋਣਾ। ਉਹ ਕਹਿਣ ਲਗੇ ਕਿ ਕੌਣ ਆਖਦਾ ਹੈ ?

ਮੈਂ ਕਿਹਾ ਜੁ ਤੁਹਾਡਾ ਜੀ ਕਰਦਾ ਹੈ ਪਏ ਕਹਿੰਦੇ ਰਹੋ, ਪਰ ਫ਼ਰਕ ਵਾਲੀ ਅਸਲ ਗੱਲ ਹੈ ਹੀ ਇਹੋ। ਮੈਂ ਜਾਣਦਾ ਹਾਂ ਕਿ ਤੁਹਾਡਾ ਆਪਸ ਵਿਚ ਬੜਾ ਹੀ ਪ੍ਰੇਮ ਪਿਆਰ ਹੈ ਤੇ ਆਪੋ ਵਿਚ ਕੁਝ ਵੰਡਿਆ ਹੋਇਆ ਨਹੀਂ। ਜੋ ਤੁਹਾਡਾ ਜੀ ਆਵੇ ਉਸ ਦੇ ਘਰੋਂ ਚੁੱਕ ਲਿਆਉਂਦੇ ਹੋ ਤੇ ਜੋ ਉਸ ਦਾ ਜੀ ਆਵੇ ਤੁਹਾਡੇ ਪਾਸੋਂ ਖੋਹ ਖੜਦਾ ਹੈ।

ਉਹ ਕਹਿਣ ਲਗੇ "ਹਿਸਾਬੇ ਦੋਸਤਾਂ ਦਰ ਦਿਲੇ ਵੈ।"

ਮੈਂ ਕਿਹਾ ਇਹ ਗੱਲ ਬਿਲਕੁਲ ਠੀਕ ਹੈ ਜੁ ਤੁਸੀਂ ਖ਼ੁਸ਼ੀ ਨਾਲ ਉਸ ਨੂੰ ਦੇ ਦਿਉ ਜਾਂ ਉਸ ਦੇ ਘਰ ਲੈ ਜਾਉ, ਸੁ ਉਹ ਰੱਖ ਸਕਦਾ ਹੈ। ਏਸੇ ਤਰ੍ਹਾਂ ਜੋ ਉਹ ਤੁਹਾਡੇ ਲਈ ਆਪਣੇ ਆਪ ਲੈ ਆਵੇ, ਉਹ ਤੁਹਾਡਾ ਹੱਕ ਹੈ, ਰੱਖ ਸਕਦੇ ਹੋ। ਇਹ ਦੇਖਣ ਦੀ ਲੋੜ ਨਹੀਂ ਕਿ ਤੇਰੀ ਚੀਜ਼ ਕਿੰਨੇ ਦੀ ਆ ਗਈ ਹੈ ਤੇ ਮੇਰੀ ਕਿੰਨੇ ਦੀ ਚਲੀ ਗਈ ਹੈ। ਪਰ ਜਦੋਂ ਇਕ ਦੋਸਤ ਦੂਜੇ ਪਾਸੋਂ



Digitized by Panjab Digital Library | www.panjabdigilib.org

ਕੋਈ ਰੁਪਿਆ ਪੈਸਾ ਮੰਗ ਕੇ ਲੈਂਦਾ ਹੈ, ਉਹ ਰਕਮ ਮੰਗਣ ਵਾਲੇ ਨੂੰ ਪੂਰੀ ਦੀ ਪੂਰੀ ਵਾਪਸ ਕਰ ਦੇਣੀ ਚਾਹੀਦੀ ਹੈ। ਹਿਸਾਬ ਕਿਤਾਬ ਸਾਫ਼ ਰਹਿਣਾ ਜ਼ਰੂਰੀ ਹੁੰਦਾ ਹੈ। ਹਿਸਾਬ ਦੀ ਸਫ਼ਾਈ ਨਾਲ ਮੁਹੱਬਤ ਬਣੀ ਰਹਿੰਦੀ ਹੈ। ਇਹੋ ਹੀ ਕਾਰਨ ਹੈ ਕਿ ਤੁਹਾਡਾ ਮੇਰਾ ਲੈਣ ਦੇਣ ਕਈ ਸਾਲਾਂ ਤੋਂ ਚਲ ਰਿਹਾ ਹੈ। ਕਦੀ ਆਪਸ ਵਿਚ ਫ਼ਿੱਕ ਨਹੀਂ ਪਿਆ ਤੇ ਕਦੀ ਇਨਕਾਰ ਨਹੀਂ ਹੋਇਆ।

ਮੇਰਾ ਇਕ ਥਾਣੇਦਾਰ ਦੋਸਤ ਸੀ। ਉਸ ਨੇ ਇਕ ਬਹੁਤ ਹੀ ਮਾੜਾ ਕੰਮ ਕੀਤਾ। ਉਨ੍ਹਾਂ ਦੇ ਪਾਸ ਇਕ ਫ਼ੌਜੀ ਪੈਨਸ਼ਨਰ ਹੌਲਦਾਰ ਅਰਦਲੀ ਹੁੰਦਾ ਸੀ। ਜਿਸ ਦੇ ਨਾਲ ਮਿਲ ਕੇ ਪਿੰਡ ਦੇ ਗ਼ਰੀਬ ਲੁਹਾਰ ਦੀ ਖ਼ੂਬਸੂਰਤ ਲੜਕੀ ਉਧਾਲ ਕੇ ਲੈ ਆਇਆ। ਲੁਹਾਰ ਨੇ ਥਾਣੇਦਾਰ, ਉਸ ਦੇ ਸਕੇ ਭਰਾ, ਦੋ ਕੁ ਹੋਰ ਰਿਸ਼ਤੇਦਾਰਾਂ ਅਤੇ ਹੌਲਦਾਰ ਅਰਦਲੀ ਦੇ ਬਰਖ਼ਿਲਾਫ਼ ਇਲਾਕੇ ਦੇ ਥਾਣੇ ਵਿਚ ਰਪੋਟ ਜਾ ਦਰਜ ਕਰਵਾਈ। ਪਰ ਪੁਲਿਸ ਨੇ ਉਸ ਦਾ ਕੁਝ ਵੀ ਨਾ ਬਣਾਇਆ। ਉਸ ਨੇ ਅਦਾਲਤ ਵਿਚ ਇਸਤਗਾਸਾ ਜਾ ਦਾਇਰ ਕੀਤਾ।

ਅਦਾਲਤ ਨੇ ਰਪੋਟ ਵਾਸਤੇ ਦਫ਼ਾ ੨੦੨ ਜ਼ਾਬਤਾ ਫ਼ੌਜਦਾਰੀ ਦੇ ਅਧੀਨ ਇਸਤਗ਼ਾਸਾ ਤਹਿਸੀਲਦਾਰ ਅਜਨਾਲਾ ਪਾਸ ਭੇਜ ਦਿਤਾ। ਅਦਾਲਤ ਨੇ ਵੀ ਥਾਣੇਦਾਰ ਨੂੰ ਵਿਚੋਂ ਕੱਢ ਦਿਤਾ, ਤੇ ਬਾਕੀਆਂ ਦੇ ਖ਼ਿਲਾਫ਼ ਕੁਰ ਕੇ ਰਪੋਟ ਕਰ ਭੇਜੀ। ਅਦਲਾਤ ਨੇ ਵਾਰੰਟ ਜਾਰੀ ਕਰ ਕੇ ਮੁਲਜ਼ਮਾਂ ਨੂੰ ਤਲਬ ਕਰ ਲਿਆ। ਅਤੇ ਇਸਤਗ਼ਾਸੇ ਦੇ ਵਕੀਲ ਦੀ ਦਰਖ਼ਾਸਤ ਉਪਰ ਥਾਣੇਦਾਰ ਸਾਹਿਬ ਦੇ ਨਾਮ ਨੋਟਿਸ ਜਾਰੀ ਕਰ ਦਿਤਾ, ਕਿ ਵਜ੍ਹਾ ਬਿਆਨ ਕਰੇ, 'ਕਿਉਂ ਨਾ ਉਸ ਨੂੰ ਵੀ ਮੁਕੱਦਮੇ ਵਿਚ ਮੁਲਜ਼ਮ ਬਣਾਇਆ ਜਾਵੇ ?"

ਮੁਕੱਦਮਾ ਕੈਪਟਨ ਐਸਕੁਇਥ ਸਾਹਿਬ ਦੀ ਅਦਾਲਤ ਵਿਚ ਸੀ। ਅਦਾਲਤ ਦਾ ਰੀਡਰ ਲਾਲਾ ਰਾਮ ਕਿਸ਼ਨ ਜ਼ਿਲ੍ਹਾ ਸ਼ਾਹਪੁਰ ਦੇ ਪਿੰਡ ਸਮੀਅਵਾਲ ਦਾ ਰਹਿਣ ਵਾਲਾ ਸੀ। ਜਾਂ ਇਉਂ ਕਹਿ ਲਉ ਕਿ ਉਹ ਮੇਰਾ ਵਤਨੀ ਸੀ। ਮੇਰਾ ਦੋਸਤ ਥਾਣੇਦਾਰ ਨੱਸ ਕੇ ਕਸੂਰ ਸਰਦਾਰ ਬੇਅੰਤ ਸਿੰਘ ਈ. ਏ. ਸੀ. ਅਗੇ ਜਾ ਰੋਇਆ। ਜੋ ਸਾਡਾ ਦੋਹਾਂ ਦਾ ਸਾਂਝਾ ਦੋਸਤ ਸੀ। ਉਨ੍ਹਾਂ ਨੂੰ ਦਸਿਆ ਕਿ ਉਸ ਦੇ ਇਕ ਦੋਸਤ ਦੇ ਬਰਖ਼ਿਲਾਫ਼ ਤਾਂ ਇਕ ਬੜਾ ਸੰਗੀਨ ਮੁਕੱਦਮਾ ਬਣਿਆ ਹੋਇਆ ਹੈ ਤੇ ਉਹ ਅਦਾਲਤ ਵਿਚ ਬੜੇ ਆਰਾਮ ਨਾਲ ਬੈਠਾ ਆਪਣੀ



Digitized by Panjab Digital Library | www.panjabdigilib.org

ਅਦਾਲਤ ਦੀ ਕਾਰਵਾਈ ਵਿਚ ਰੁਝ ਰਿਹਾ ਹੈ ! ਇਹ ਹਿਨੋਰਾ ਦੇ ਕੇ ਉਸ ਪਾਸੋਂ ਮਦਦ ਦੀ ਯਾਚਨਾ ਕੀਤੀ ।

ਜਿਸ ਦੇ ਉੱਤਰ ਵਿਚ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਕਿ ਉਹ ਆਪ ਸਰਕਾਰੀ ਮੁਲਾਜ਼ਮ ਹੈ । ਖੁਲ੍ਹ-ਮ-ਖੁਲ੍ਹੀ ਕੋਈ ਵੀ ਮਦਦ ਨਹੀਂ ਕਰ ਸਕੇਗਾ । ਫੇਰ ਉਨ੍ਹਾਂ ਨੇ ਮੇਰਾ ਨਾਮ ਲੈ ਕੇ ਉਸ ਨੂੰ ਕਿਹਾ ਕਿ ਉਹ ਅੰਮ੍ਰਿਤਸਰ ਹੀ ਰਹਿੰਦਾ ਹੈ । ਚੰਗਾ ਮਸ਼ਹੂਰ ਵਕੀਲ ਹੈ । ਸਿਆਣਾ ਕਾਨੂੰਨਦਾਨ ਵੀ ਹੈ ਤੇ ਅਦਾਲਤਾਂ ਵਿਚ ਅਸਰ ਰਸੂਖ਼ ਵੀ ਬਹੁਤ ਰੱਖਦਾ ਹੈ । ਉਸ ਨੂੰ ਜਾ ਕੇ ਕਹੁ, ਉਹ ਤੇਰੀ ਮਦਦ ਕਰ ਸਕਦਾ ਹੈ ਤੇ ਕਰੇਗਾ ਵੀ ਜ਼ਰੂਰ-ਬਰ-ਜ਼ਰੂਰ ।

ਥਾਣੇਦਾਰ ਸਾਹਿਬ ਨੇ ਮੇਰੀ ਬਾਬਤ ਕਿਹਾ ਕਿ ਉਹ ਮੇਰੇ ਨਾਲ ਨਾਰਾਜ਼ ਹੈ ਸ਼ਾਇਦ ਕੋਈ ਮਦਦ ਨਾ ਕਰੇ ।

ਜਿਸ 'ਤੇ ਸਰਦਾਰ ਬੇਅੰਤ ਸਿੰਘ ਨੇ ਕਿਹਾ । ਚਿੱਠੀ ਲਿਖਣੀ ਤਾਂ ਠੀਕ ਨਹੀਂ ਹੋਵੇਗਾ । ਅਲਬੱਤਾ ਇਕ ਦਿਨ ਦੀ ਛੁੱਟੀ ਲੈ ਕੇ ਉਹ ਅੰਮ੍ਰਿਤਸਰ ਆ ਜਾਵੇਗਾ ਤੇ ਜ਼ਬਾਨੀ ਜਾ ਕੇ ਤਾਕੀਦ ਕਰ ਦੇਵੇਗਾ ਕਿ ਉਹ ਤੇਰੀ ਮਦਦ ਜ਼ਰੂਰ ਕਰੇ ।

ਸਰਦਾਰ ਬੇਅੰਤ ਸਿੰਘ ਜੀ ਇਕ ਦਿਨ ਆਏ । ਹੌਲਦਾਰ ਤੇ ਲੁਹਾਰ ਦੀ ਲੜਕੀ ਨੂੰ ਮੇਰੇ ਦਫ਼ਤਰ ਵਿਚ ਬੈਠਿਆਂ ਵੇਖ ਕੇ ਕਹਿਣ ਲਗੇ "ਇਹ ਤੂੰ ਬੜੀ ਗ਼ਲਤੀ ਕਰ ਰਿਹਾ ਹੈਂ, ਜੋ ਏਸ ਜੋੜੇ ਨੂੰ ਆਪਣੇ ਪਾਸ ਬਿਠਾ ਰੱਖਿਆ ਹੈ ।" ਮੈਂ ਕਿਹਾ ਕਿ ਵਕੀਲਾਂ ਪਾਸ ਹਰ ਕਿਸਮ ਦੇ ਬੰਦੇ ਆਉਂਦੇ ਜਾਂਦੇ ਰਹਿੰਦੇ ਹਨ । ਦੋਸਤਾਂ ਦੀ ਆੜੇ ਵੇਲੇ ਜੋ ਹੋ ਸਕੇ ਮਦਦ ਕਰਨੀ ਇਨਸਾਨ ਦਾ ਫ਼ਰਜ਼ ਤੇ ਧਰਮ ਹੈ ।

ਪਰ ਉਸ ਨੇ ਇਕ ਨਾ ਮੰਨੀ ਅਤੇ ਜ਼ੋਰ ਦਿਤਾ ਕਿ ਮੈਂ ਕੋਈ ਹੋਰ ਕਿਤੇ ਪ੍ਰਬੰਧ ਕਰ ਕੇ ਉਸ ਜੋੜੇ ਨੂੰ ਉਥੇ ਭੇਜ ਦਿਆਂ । ਨਹੀਂ ਤਾਂ ਉਹ ਮੇਰੇ ਪਾਸ ਰਾਤ ਨਹੀਂ ਠਹਿਰ ਸਕੇਗਾ ।

ਮੈਂ ਉਨ੍ਹਾਂ ਦੀ ਇਸ ਗੱਲ ਨੂੰ ਮੰਨ ਲਿਆ । ਲੜਕੀ ਨੂੰ ਛੱਤੀ ਖੂਹੀ ਆਪਣੇ ਇਕ ਡਾਕਟਰ ਦੋਸਤ ਦੇ ਘਰ ਭੇਜ ਦਿਤਾ । ਉਸ ਨੇ ਅਕਾਲਣਾਂ ਵਾਲੇ ਕੱਪੜੇ ਪਹਿਨ ਰੱਖੇ ਸਨ । ਨਾਮ ਵੀ ਸਿੱਖਣੀਆਂ ਵਾਲਾ ਰੱਖ ਲਿਆ ਹੋਇਆ ਸੀ ਤੇ



Digitized by Panjab Digital Library | www.panjabdigilib.org

ਸ਼ਕਲ ਸੂਰਤ ਤੋਂ ਵੀ ਮੁਸਲਮਾਨੀ ਬਿਲਕੁਲ ਪ੍ਰਤੀਤ ਨਹੀਂ ਸੀ ਹੁੰਦੀ।

ਡਾਕਟਰ ਸਾਹਿਬ ਦੇ ਘਰ ਉਹ ਹਫ਼ਤਾ ਕੁ ਭਰ ਰਹੀ। ਉਸ ਦੀ ਉਮਰ ਦਾ ਸਰਟੀਫ਼ੀਕੇਟ ਵੀ ਬਣਵਾ ਦਿਤਾ ਗਿਆ। ਅਤੇ ਉਸ ਦੇ ਬਿਆਨ ਵੀ ਇਕ ਮੈਜਿਸਟ੍ਰੇਟ ਦੋਸਤ ਅਗੇ ਕਰਵਾ ਦਿਤੇ ਗਏ।

ਥਾਣੇਦਾਰ ਸਾਹਿਬ ਨੂੰ ਹੌਲਦਾਰ ਰਾਹੀਂ ਸੁਨੇਹਾ ਭੇਜ ਦਿਤਾ ਗਿਆ ਕਿ ਆਪਣੀ ਅਮਾਨਤ ਆਪਣੇ ਪਾਸ ਮੰਗਵਾ ਲਏ ਜਾਂ ਕਿਸੇ ਹੋਰ ਥਾਂ ਲੈ ਜਾਏ! ਉਸ ਨੇ ਮੋਟਰਕਾਰ ਭੇਜ ਕੇ ਉਸ ਨੂੰ ਮੰਗਵਾ ਲਿਆ। ਜਿਸ ਨੂੰ ਮੁੰਡਿਆਂ ਵਾਲੇ ਕੱਪੜੇ ਪਵਾ ਕੇ ਭੇਜਿਆ ਗਿਆ ਸੀ।

ਫੇਰ ਥਾਣੇਦਾਰ ਸਾਹਿਤ ਆਪ ਆ ਗਏ ਅਤੇ ਮੈਨੂੰ ਕਹਿਣ ਲਗੇ ਕਿ ਪੁਰਾਣੀ ਦੋਸਤੀ ਦਾ ਸਦਕਾ ਉਸ ਦੀ ਮਦਦ ਕੀਤੀ ਜਾਵੇ। ਪਹਿਲਾਂ ਤਾਂ ਮੈਂ ਵੀ ਸਰਦਾਰ ਬੇਅੰਤ ਸਿੰਘ ਵਾਲਾ ਹੀ ਪਾਰਟ ਅਦਾ ਕੀਤਾ ਤੇ ਉਸ ਨੂੰ ਇਕ ਤਕੜੀ ਝਾੜ ਪਾਈ ਕਿ ਉਸ ਨੇ ਬੜਾ ਮਾੜਾ ਕੰਮ ਕੀਤਾ ਹੈ ਜੁ ਆਪਣੇ ਪਿੰਡ ਦੀ ਲੜਕੀ ਨੂੰ (ਭਾਵੇਂ ਉਹ ਮੁਸਲਮਾਨ ਕੰਮੀ ਦੀ ਹੀ ਧੀ ਕਿਉਂ ਨਾ ਹੋਵੇ) ਉਧਾਲ ਲਿਆ।

ਮਗਰੋਂ ਮੈਂ ਉਸ ਨੂੰ ਹੌਸਲਾ ਦਿਤਾ ਕਿ ਮੈਂ ਉਸ ਦੀ ਮਦਦ ਕਰ ਸਕਦਾ ਹਾਂ ਤੇ ਕਰਾਂਗਾ ਵੀ ਜ਼ਰੂਰ। ਮੈਂ ਉਸ ਨੂੰ ਇਹ ਵੀ ਦਸ ਦਿਤਾ ਕਿ ਕੈਪਟਨ ਐਸਕੋਇਥ ਮੇਰੇ ਅਹਿਸਾਨ ਥੱਲੇ ਦਬਿਆ ਹੋਇਆ ਹੈ। ਤੇ ਉਸ ਨੇ ਮੈਨੂੰ ਕਹਿ ਰਖਿਆ ਹੈ ਕਿ ਜਦੋਂ ਵੀ ਉਸ ਦੀ ਕਿਸੇ ਕਿਸਮ ਦੀ ਮਦਦ ਦੀ ਲੋੜ ਪਈ ਉਹ ਮੇਰੀ ਮਦਦ ਜ਼ਰੂਰ ਕਰੇਗਾ।

ਫੇਰ ਥਾਣੇਦਾਰ ਸਾਹਿਬ ਨੇ ਮੈਨੂੰ ਮਜਬੂਰ ਕੀਤਾ ਕਿ ਮੈਂ ਉਸ ਨੂੰ ਕੈਪਟਨ ਐਸਕੋਇਥ ਉਪਰ ਅਹਿਸਾਨ ਕਰਨ ਵਾਲੀ ਕਹਾਣੀ ਜ਼ਰੂਰ ਦਸਾਂ। ਜੋ ਮੈਨੂੰ ਉਸ ਦੇ ਖਹਿੜੇ ਪੈਣ 'ਤੇ ਉਹ ਸਾਰਾ ਬਿਰਤਾਂਤ ਦਸਣਾ ਹੀ ਪਿਆ ਜੋ ਏਸ ਪਰਕਾਰ ਸੀ :

ਕੈਪਟਨ ਐਸਕੋਇਥ ਅਤੇ ਡਿਸਟ੍ਰਿਕਟ ਤੇ ਸੈਸ਼ਨ ਜੱਜ ਦੋਵੇਂ ਹੀ ਛੜੇ ਛਾਂਡ ਸਨ। ਤੇ ਇਕ ਨਿੱਕੀ ਜਿਹੀ ਕੋਠੀ ਵਿਚ ਰਹਿੰਦੇ ਸਨ। ਕ੍ਰਿਸਮਿਸ ਦਾ ਤਿਉਹਾਰ ਨੇੜੇ ਆ ਗਿਆ। ਦੋਹਾਂ ਦੀਆਂ ਦੋਸਤ ਮੇਮਾਂ ਇਕੋ ਦਿਨ ਅ



Digitized by Panjab Digital Library | www.panjabdigilib.org

ਗਈਆਂ । ਕੋਠੀ ਵਿਚ ਕੇਵਲ ਇਕੋ ਹੀ ਛੋਟਾ ਜਿਹਾ ਕਮਰਾ ਫ਼ਾਲਤੂ ਸੀ ਜੋ ਸੈਸ਼ਨ ਜੱਜ ਸਾਹਿਬ ਦੀ ਦੋਸਤ ਮੇਮ ਨੂੰ ਦੇ ਦਿਤਾ ਗਿਆ ਅਤੇ ਕਪਤਾਨ ਸਾਹਿਬ ਦੀ ਦੋਸਤ ਵਾਸਤੇ ਕੋਠੀ ਦੇ ਸਿਹਨ ਵਿਚ ਟੈਂਟ ਲਗਾ ਦਿਤਾ ਗਿਆ । ਦੁਪਹਿਰ ਵੇਲੇ ਬੱਦਲ ਝੁਕ ਆਏ ਤੇ ਬਾਰਸ਼ ਦਾ ਰੰਗ ਢੰਗ ਬਣ ਗਿਆ । ਮੈਜਿਸਟ੍ਰੇਟ ਸਾਹਿਬ ਨੇ ਕਈ ਆਦਮੀ ਭੱਠਿਆਂ 'ਤੇ ਦੌੜਾਏ ਤੇ ਇੱਟਾਂ ਮੰਗਾਉਣ ਦੀ ਕੋਸ਼ਸ਼ ਕੀਤੀ, ਟੈਂਟ ਵਿਚ ਮੀਂਹ ਪੈਣ ਤੋਂ ਪਹਿਲਾਂ ਪਹਿਲ ਤਾਂ ਜੁ ਪੱਕਾ ਫ਼ਰਸ਼ ਕਰਵਾ ਦਿਤਾ ਜਾਵੇ । ਤੇ ਬਰਖਾ ਹੋ ਜਾਣ 'ਤੇ ਟੈਂਟ ਦੇ ਅੰਦਰ ਚਿੱਕੜ ਨਾ ਹੋਵੇ ।

ਇੱਟਾਂ ਤਾਂ ਭੱਠਿਆਂ ਉਪਰ ਲੱਖਾਂ ਹੀ ਪਈਆਂ ਸਨ, ਪਰ ਭੱਠਿਆਂ ਵਾਲਿਆਂ ਪਾਸ ਇੱਟਾਂ ਢੋਅ ਕੇ ਕੋਠੀ ਵਿਚ ਸੁਟਵਾ ਦੇਣ ਦਾ ਕੋਈ ਸਾਧਨ ਨਹੀਂ ਸੀ । ਸੁ ਦੋ ਆਦਮੀ ਬਾਈਸਿਕਲਾਂ 'ਤੇ ਭਜਾ ਰੱਖੇ ਸਨ, ਸਾਰੇ ਹੀ ਬੇਰੰਗ ਵਾਪਸ ਪਰਤ ਆਏ ।

ਆਖ਼ਰ ਕੈਪਟਨ ਐਸਕੋਇਥ ਨੇ ਆਪਣੇ ਰੀਡਰ ਲਾਲਾ ਰਾਮ ਕਿਸ਼ਨ ਨੂੰ ਵੰਗਾਰਿਆਂ ਕਿ ਉਹੋ ਹੀ ਕੋਈ ਉਪਾ ਦਸੇ, ਜਿਸ ਨਾਲ ਇੱਟਾਂ ਦੇ ਫ਼ਰਸ਼ ਦਾ ਮਸਲਾ ਹੱਲ ਹੋ ਸਕੇ ਤੇ ਹਜ਼ਾਰ ਬਾਰਾਂ ਸੌ ਇੱਟਾਂ ਉਸ ਦੇ ਬੰਗਲੇ ਆ ਸਕਣ । ਲਾਲਾ ਰਾਮ ਕਿਸ਼ਨ ਨੇ ਫ਼ੌਰਨ ਮੇਰਾ ਨਾਮ ਲੈ ਲਿਆ ਕਿ ਉਸ ਦੀ ਕੋਠੀ ਮਾਲ ਰੋਡ 'ਤੇ ਬਣ ਰਹੀ ਹੈ । ਓਥੋਂ ਇੱਟਾਂ ਵੀ ਜੀ-ਆਈਆਂ ਮਿਲ ਜਾਣਗੀਆਂ ਤੇ ਰਾਜ ਮਜ਼ਦੂਰ ਵੀ ਮਿਲ ਜਾਣਗੇ । ਤੇ ਜੇ ਉਹ ਚਾਹੇ ਤਾਂ ਸਾਰਾ ਕੰਮ ਉਸ ਦੀ ਰਾਹੀਂ ਆਸਾਨੀ ਨਾਲ ਹੋ ਸਕਦਾ ਹੈ ।

ਉਹ ਆਪਣੇ ਅਰਦਲੀ ਨੂੰ ਨਾਲ ਲੈ ਕੇ ਬਾਰ ਰੂਮ ਵਲ ਆ ਗਿਆ । ਅਰਦਲੀ ਨੂੰ ਮੇਰੇ ਵਲ ਭੇਜ ਦਿਤਾ । ਉਸ ਨੇ ਮੈਨੂੰ ਆ ਕੇ ਕਿਹਾ ਕਿ ਸਾਹਬ ਬਰਾਂਡੇ ਵਿਚ ਖਲੋਤਾ ਆਪ ਨੂੰ ਯਾਦ ਕਰ ਰਿਹਾ ਹੈ । ਮੈਂ ਉਠ ਕੇ ਬਰਾਂਡੇ ਵਲ ਗਿਆ ਤਾਂ ਉਸ ਨੇ ਮੈਨੂੰ ਆਪਣੀ ਲੋੜ ਪ੍ਰਗਟ ਕਰ ਦਿਤੀ ਤੇ ਨਾਲ ਹੀ ਕਿਹਾ ਮੈਂ ਅਜ ਉਸ ਦਾ ਇਹ ਕੰਮ ਕਰ ਦਵਾਂ ਤਾਂ ਉਹ ਮੇਰੇ ਏਸ ਅਹਿਸਾਨ ਨੂੰ ਸਾਰੀ ਉਮਰ ਨਹੀਂ ਭੁਲੇਗਾ ।

ਮੈਂ ਦੋ ਕੁ ਮਿੰਟ ਸੋਚਦਾ ਰਿਹਾ ਤੇ ਸਾਰੀ ਸਕੀਮ ਸੋਚ ਕੇ ਉਸ ਨੂੰ ਤਸੱਲੀ ਦਿਵਾਈ ਕਿ ਮੈਂ ਉਸ ਦੀ ਮਦਦ ਕਰਨ ਦੀ ਪੂਰੀ ਪੂਰੀ ਕੋਸ਼ਸ਼ ਕਰਾਂਗਾ ।



Digitized by Panjab Digital Library | www.panjabdigilib.org

ਸੁ ਮੈਂ ਕੈਪਟਨ ਸਾਹਬ ਦੇ ਨਾਇਬ ਕੋਰਟ ਦੀ ਰਾਹੀਂ ਇਕ ਟਮਟਮ ਦਾ ਪ੍ਰਬੰਧ ਕਰ ਲਿਆ ਤੇ ਇਕ ਆਪਣਾ ਟਾਂਗਾ ਜੋੜ ਲੈਣ ਲਈ ਸਾਈਸ ਨੂੰ ਹੁਕਮ ਕਰ ਦਿਤਾ। ਟਾਂਗੇ ਦੇ ਥੱਲੇ ਨੂੰ ਇੱਟਾਂ ਦੀ ਘਸਰ ਤੋਂ ਬਚਾਉਣ ਵਾਸਤੇ ਟਾਂਗੇ ਦੇ ਅੱਗੇ ਪਿਛੇ ਖ਼ਾਲੀ ਬੋਰੀਆਂ ਰਖਵਾ ਦਿਤੀਆਂ। ਟਾਂਗੇ ਉਪਰ ੧੦੦ ਤੇ ਟਮਟਮ ਉਪਰ ੧੫੦ ਇੱਟਾਂ ਭੇਜੀਆਂ ਜਾਣ ਲਗ ਪਈਆਂ।

ਕੈਪਟਨ ਸਾਹਿਬ ਦੀ ਕੋਠੀ ਸੈਸ਼ਨ ਕੋਰਟ ਦੇ ਨਾਲ ਹੀ ਲਗਦੀ ਸੀ ਤੇ ਇਹ ਥਾਂ ਮੇਰੀ ਆਪਣੀ ਕੋਠੀ ਤੋਂ ਅਧੇ ਕੁ ਮੀਲ ਦੀ ਵਾਟ ਉਪਰ ਸੀ। ਚੌਂਹ ਫੇਰਿਆਂ ਵਿਚ ਹੀ ਸਾਹਿਬ ਦੀ ਲੋੜ ਪੂਰੀ ਹੋ ਗਈ। ਮੈਂ ਦੋ ਮਜ਼ਦੂਰ ਤੇ ਇਕ ਮਿਸਤਰੀ ਵੀ ਪਹਿਲੇ ਫੇਰੇ ਦੇ ਨਾਲ ਹੀ ਭੇਜ ਦਿਤੇ ਸਨ। ਸੁ ਦੋ ਘੰਟੇ ਦੇ ਵਿਚ ਵਿਚ ਟੈਂਟ ਦਾ ਫ਼ਰਸ਼ ਮੁਕੰਮਲ ਹੋ ਗਿਆ ਤੇ ਇੱਟਾਂ ਦੀਆਂ ਵਿੱਥਾਂ ਵਿਚ ਰੇਤ ਪਵਾ ਕੇ ਫ਼ਰਸ਼ ਟਿਚਨ ਕਰ ਦਿਤਾ।

ਟੈਂਟ ਦੇ ਬਾਹਰ ਬਾਹਰ ਚੁਫੇਰ ਖਾਈ ਮਰਵਾ ਦਿਤੀ ਜਿਸ ਨਾਲ ਟੈਂਟ ਦੇ ਅੰਦਰ ਪਾਣੀ ਚਲੇ ਜਾਣ ਦਾ ਕੋਈ ਸਵਾਲ ਹੀ ਨਾ ਰਹਿ ਗਿਆ। ਮੈਂ ਮੌਕਿਆ ਤੇ ਫ਼ਰਸ਼ ਦੇਖਣ ਚਲਾ ਗਿਆ ਤੇ ਉਤੋਂ ਐਸਕੋਇਥ ਸਾਹਿਬ ਵੀ ਉਥੇ ਆ ਗਿਆ। ਫ਼ਰਸ਼ ਵੇਖ ਕੇ ਮੇਰਾ ਬੜਾ ਹੀ ਧੰਨਵਾਦ ਕੀਤਾ ਅਤੇ ਇਕਰਾਰ ਕੀਤਾ ਕਿ ਮੈਨੂੰ ਜਾਂ ਮੇਰੇ ਕਿਸੇ ਦੋਸਤ ਨੂੰ ਉਸ ਦੇ ਗੋਚਰਾਂ ਕਦੇ ਵੀ ਕੋਈ ਕੰਮ ਪੈ ਜਾਵੇ ਤਾਂ ਉਹ ਪੂਰੀ ਪੂਰੀ ਮਦਦ ਕਰੇਗਾ।

ਸੁ ਮੈਂ ਥਾਣੇਦਾਰ ਨੂੰ ਕਹਿ ਦਿਤਾ ਕਿ ਕੋਈ ਫ਼ਿਕਰ ਨਾ ਕਰੇ, ਕੈਪਟਨ ਐਸਕੋਇਥ ਆਪਣਾ ਇਕਰਾਰ ਪੂਰਾ ਜ਼ਰੂਰ ਕਰੇਗਾ ਤੇ ਮੈਂ ਉਸ ਨੂੰ ਤੇਰੇ ਮੁਕੱਦਮੇ ਵੇਲੇ ਉਸ ਦਾ ਇਕਰਾਰ ਉਸ ਨੂੰ ਚੇਤੇ ਜ਼ਰੂਰ ਕਰਵਾ ਦਿਆਂਗਾ। ਤੇ ਤੇਰਾ ਕੰਮ ਮੇਰੇ ਰਾਹੀਂ ਜ਼ਰੂਰ ਸੌਰ ਜਾਵੇਗਾ। ਮੇਰੇ ਭਰਾ ਬੇਅੰਤ ਸਿੰਘ ਦੀ ਸਫ਼ਾਰਸ਼ ਖ਼ਾਲੀ ਨਹੀਂ ਜਾਣ ਲਗੀ।

ਥਾਣੇਦਾਰ ਦੋਸਤ ਨੂੰ ਮੇਰੀ ਗੱਲ 'ਤੇ ਯਕੀਨ ਹੀ ਨਾ ਆਵੇ ਕਿ ਬਿਨਾਂ ਕੁਝ ਲਏ ਦਿਤੇ ਦੇ ਉਸ ਨੂੰ ਏਡਾ ਵੱਡਾ ਕੰਮ ਐਸਕੋਇਥ ਵਰਗਾ ਖਾਣ ਪੀਣ ਵਾਲਾ ਹਾਕਮ ਮੁਫ਼ਤੋ ਮੁਫ਼ਤੀ ਹੀ ਕਰ ਦੇਵੇਗਾ। ਉਹ ਮੇਰੇ 'ਤੇ ਬਾਰ ਬਾਰ ਇਹੋ ਜ਼ੋਰ ਦੇਈ ਜਾਵੇ ਕਿ ਕਿਸੇ ਦੀ ਰਾਹੀਂ ਕੁਝ ਨਾ ਕੁਝ ਸਾਹਿਬ ਨੂੰ



Digitized by Panjab Digital Library | www.panjabdigilib.org

ਚੜ੍ਹਾਵਾ ਚੜ੍ਹਾ ਦੇਣ ਦਾ ਜ਼ਰੂਰ ਪ੍ਰਬੰਧ ਕਰੇ। ਮੈਂ ਉਸ ਨੂੰ ਕਹਿ ਦਿਤਾ ਕਿ ਐਸਕੋਇਥ ਸਾਹਿਬ ਨੇ ਮੇਰੇ ਪਾਸੋਂ ਤਾਂ ਕੁਝ ਲੈਣਾ ਨਹੀਂ ਤੇ ਜੇ ਤੂੰ ਆਪ ਹੋਰ ਕਿਸੇ ਦੀ ਰਾਹੀਂ ਇਹੋ ਜਿਹਾ ਪ੍ਰਬੰਧ ਕਰ ਲਵੇਂ, ਤਾਂ ਤੇਰੀ ਮਰਜ਼ੀ।

ਮੈਂ ਇਹ ਵੀ ਕਿਹਾ ਕਿ ਸਾਹਿਬ ਨੂੰ ਸਿਧਾ ਹੀ ਕੁਝ ਦੇਣ ਨਾਲੋਂ ਉਸ ਦੇ ਰੀਡਰ ਨੂੰ ਹੀ ਰਾਜ਼ੀ ਕਰ ਲਵੇਂ ਤਾਂ ਚੰਗਾ ਰਹੇਗਾ। ਉਹ ਮੇਰੇ ਨਾਲ ਹੀ ਤੁਰ ਪਿਆ ਤੇ ਲਾਲਾ ਜੀ ਨੂੰ ਇਕ ਸਬਜ਼ਾ (੧੦੦ ਰੁਪਏ ਦਾ ਨੋਟ) ਜਾ ਫੜਾਇਆ।

ਮੈਂ ਹੈਰਾਨ ਹੋ ਗਿਆ ਕਿ ਏਡੀ ਵੱਡੀ ਰਕਮ ਤਾਂ ਉਸ ਨੂੰ ਕਦੀ ਜੰਮ ਸਿਰ ਵੀ ਨਹੀਂ ਮਿਲੀ ਹੋਵੇਗੀ। ਮੈਂ ਉਸ ਨੂੰ ਕਿਹਾ ਕਿ ੮੦ ਰੁਪਏ ਦਾ ਠੱਰਾ ਤੇ ਵਿਸਕੀ ਸਾਹਿਬ ਨੂੰ ਪਹੁੰਚਾ ਦੇਵੇ, ਤੇ ਬਾਕੀ ਆਪ ਛਕ ਜਾਵੇ। ਉਹ ਬੜਾ ਹੀ ਖ਼ੁਸ਼ ਹੋ ਗਿਆ।

ਮੈਂ ਉਸ ਨੂੰ ਇਹ ਵੀ ਪੱਕੀ ਕਰ ਦਿਤੀ ਕਿ ਸਾਹਿਬ ਬਹਾਦਰ ਦਾ ਜੋ ਮੈਂ ਕੰਮ ਕਰ ਦਿਤਾ ਸੀ, ਉਹ ਵੀ ਉਸ ਨੂੰ ਯਾਦ ਕਰਵਾ ਦੇਵੇ। ਅਤੇ ਇਹ ਵੀ ਉਸ ਨੂੰ ਦਸ ਦੇਵੇ ਕਿ ਥਾਣੇਦਾਰ ਮੇਰਾ ਬਹੁਤ ਹੀ ਗਹਿਰਾ ਦੋਸਤ ਹੈ। ਸੱਕੇ ਭਰਾਵਾਂ ਨਾਲੋਂ ਵੀ ਵਧ ਕੇ ਉਨ੍ਹਾਂ ਦਾ ਆਪਸ ਵਿਚ ਪਿਆਰ ਹੈ। ਉਸ ਨੂੰ ਮੇਰੇ ਨਾਲ ਕੀਤੇ ਹੋਏ ਇਕਰਾਰ ਦਾ ਵੀ ਚੇਤਾ ਕਰਵਾ ਦੇਵੇ।

ਮੁਕੱਦਮੇ ਦੀ ਤਾਰੀਖ਼ ਵਿਚ ਤਾਂ ਅਜੇ ਕੁਝ ਦਿਨ ਬਾਕੀ ਸਨ, ਪਰ ਅਗਲੇ ਹੀ ਦਿਨ ਜਦੋਂ ਮੈਂ ਕਿਸੇ ਹੋਰ ਹੀ ਕੰਮ ਅਦਾਲਤ ਵਿਚ ਗਿਆ, ਤਾਂ ਮੈਨੂੰ ਕੈਪਟਨ ਐਸਕੋਇਥ ਆਪੇ ਹੀ ਆਖਣ ਲਗਾ ਕਿ ਉਸ ਨੂੰ ਰਾਮ ਕਿਸ਼ਨ ਨੇ ਮੇਰਾ ਸੁਨੇਹਾ ਦੇ ਦਿਤਾ ਹੋਇਆ ਹੈ ਤੇ ਉਸ ਨੂੰ ਆਪਣਾ ਇਕਰਾਰ ਖ਼ੂਬ ਯਾਦ ਹੈ। ਮੈਨੂੰ ਉਸ ਨੇ ਇਹ ਵੀ ਪੱਕੀ ਕਰ ਦਿਤੀ ਕਿ ਤਾਰੀਖ਼ ਵਾਲੇ ਦਿਨ ਮੈਂ ਉਸ ਨੂੰ ਇਕ ਵਾਰ ਵਖਾਲੀ ਦੇ ਕੇ ਯਾਦ ਜ਼ਰੂਰ ਕਰਵਾ ਦੇਵਾਂ।

ਤਾਰੀਖ਼ ਵਾਲੇ ਦਿਨ ਜਦ ਮੁਕੱਦਮੇ ਦੀ ਆਵਾਜ਼ ਪਈ, ਤਾਂ ਮੇਰੇ ਮੁਨਸ਼ੀ ਨੇ ਅਦਾਲਤ ਦੀ ਮੇਜ਼ ਉਪਰ ਕਾਨੂੰਨ ਦੀਆਂ ਕਿਤਾਬਾਂ ਦੀ ਪੰਡ ਜਾ ਟਿਕਾਈ।

ਥਾਣੇਦਾਰ ਸਾਹਿਬ ਦਾ ਲਿਖਤੀ ਬਿਆਨ ਟਾਈਪ ਕਰਵਾ ਕੇ ਰੀਡਰ ਦੇ ਹੱਥ ਫੜਾ ਦਿਤਾ ਗਿਆ, ਜੋ ਉਸ ਨੇ ਅਦਾਲਤ ਦੀ ਮੇਜ਼ ਉਪਰ ਰਖ ਦਿਤਾ।

ਮੈਂ ਹੈਰਾਨ ਸੀ ਕਿ ਦੂਜੇ ਫ਼ਰੀਕ ਅਤੇ ਉਸ ਦੇ ਵਕੀਲ ਦੇ ਹੁੰਦਿਆਂ ਮੈਂ



Digitized by Panjab Digital Library | www.panjabdigilib.org

ਅਦਾਲਤ ਨੂੰ ਕਿਸ ਤਰ੍ਹਾਂ ਜਿਤਲਾਵਾਂ ਕਿ ਇਹੋ ਹੈ ਮੇਰੇ ਦੋਸਤ ਦਾ ਮੁਕੱਦਮਾ। ਪਰ ਇਸਤਗਾਸੇ ਦੇ ਵਕੀਲ ਨੇ ਮੇਰੀ ਇਹ ਗੁੰਝਲ ਆਪੇ ਹੀ ਖੋਲ੍ਹ ਦਿਤੀ, ਜਦ ਉਸ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿਤਾ ਕਿ ਵੇਖੋ ਜੀ ਮੁਲਜ਼ਮ ਦੀ ਤਲਬੀ ਤਾਂ ਅਜੇ ਹੋਈ ਕੋਈ ਨਹੀਂ ਤੇ ਉਹਦੇ ਵਕੀਲ ਸਾਹਿਬ ਅਗੋਂ ਹੀ ਚੜ੍ਹ ਧੀੜ ਕੇ ਆ ਗਏ ਹਨ। ਮੈਂ ਅਦਾਲਤ ਨੂੰ ਝਟ ਕਹਿ ਦਿਤਾ ਕਿ ਮੈਂ ਐਡਵੋਕੇਟ ਦੀ ਹੈਸੀਅਤ ਵਿਚ ਕੋਈ ਪੇਸ਼ ਨਹੀਂ ਹੋਇਆ। ਥਾਣੇਦਾਰ ਤਾਂ ਮੇਰਾ ਦੋਸਤ ਹੈ ਮੈਂ ਕੇਵਲ ਉਸ ਦੇ ਮੁਕੱਦਮੇ ਦੀ ਕਾਰਵਾਈ ਸੁਣਨ ਵਾਸਤੇ ਆਇਆ ਹਾਂ। ਉਸ ਦਾ ਤਹਿਰੀਰੀ ਬਿਆਨ ਮੇਰੇ ਪਾਸ ਮੌਜੂਦ ਹੈ, ਤੇ ਕਾਨੂੰਨ ਦੀਆਂ ਕਿਤਾਬਾਂ ਦੇ ਹਵਾਲੇ ਮੁਲਜ਼ਮ ਆਪ ਪੇਸ਼ ਕਰ ਦੇਵੇਗਾ। ਇਹ ਸੁਣ ਕੇ ਅਦਾਲਤ ਨੇ ਹੁਕਮ ਦਿਤਾ ਕਿ ਲੰਚ ਦੇ ਮਗਰੋਂ ਇਸ ਗੱਲ ਦਾ ਫ਼ੈਸਲਾ ਹੋਵੇਗਾ ਕਿ ਥਾਣੇਦਾਰ ਨੂੰ ਤਲਬ ਕੀਤਾ ਵੀ ਜਾਵੇ ਕਿ ਨਾ ? ਜਦੋਂ ਲੰਚ ਦੇ ਮਗਰੋਂ ਮੁਕੱਦਮਾ ਬੁਲਾਇਆ ਗਿਆ, ਤਾਂ ਹੁਕਮ ਸਾਡੇ ਹੱਕ ਵਿਚ ਸੁਣਾਇਆ ਗਿਆ।

ਰੱਬ ਰੱਬ ਕਰਦਿਆਂ ਏਸ ਮੁਕੱਦਮੇ ਵਿਚੋਂ ਤਾਂ ਛੁਟਕਾਰਾ ਹੋ ਗਿਆ, ਪਰ ਛੇਤੀ ਹੀ ਆਪ ਦੀ ਲਾਇਲਪੁਰ ਬਦਲੀ ਹੋ ਗਈ। ਉਥੇ ਜਾਂਦਿਆਂ ਹੀ ਉਸ ਦੇ ਖ਼ਿਲਾਫ਼ ਉਤਲੇ ਹਾਕਮਾਂ ਦੀ ਸਾਜ਼ਸ਼ ਨਾਲ ਇਕ ਹੋਰ ਸੰਗੀਨ ਮੁਕੱਦਮਾ ਖੜਾ ਕਰ ਦਿਤਾ ਗਿਆ। ਕਪਤਾਨ ਪੁਲੀਸ ਅਤੇ ਡਿਪਟੀ ਕਮਿਸ਼ਨਰ ਦੋਵੇਂ ਹੀ ਜ਼ਿਲੇ ਦੇ ਵਡੇ ਹਾਕਮ ਉਸ ਦੇ ਬਰਖ਼ਿਲਾਫ਼ ਹੋ ਗਏ। ਹੁਣ ਆਪ ਬੜੇ ਹੀ ਪਰੇਸ਼ਾਨ ਹੋ ਗਏ ਤੇ ਮੈਨੂੰ ਤਾਰ ਰਾਹੀਂ ਪਹਿਲੀ ਗੱਡੀ ਲਾਇਲਪੁਰ ਚਲੇ ਆਉਣ ਦੀ ਤਾਕੀਦ ਕਰ ਭੇਜੀ ਤੇ ਨਾਲ ਹੀ ਇਹ ਵੀ ਕਹਿ ਦਿਤਾ ਕਿ "ਤੇਰੇ ਨਾਲ ਇਕ ਬਹੁਤ ਜ਼ਰੂਰੀ ਕੰਮ ਹੈ।"

ਮੈਂ ਚਲਾ ਗਿਆ ਤੇ ਸਾਰੇ ਮਾਮਲੇ ਦਾ ਪਤਾ ਕਰ ਕੇ ਜੋ ਮੇਰੀ ਸਮਝ ਵਿਚ ਆਇਆ, ਮੈਂ ਆਪਣੀ ਰਾਏ ਦੇ ਦਿਤੀ। ਅਤੇ ਫੇਰ ਆਪਣੇ ਦੋਸਤ ਦੀ ਬਾਂਹ ਸਰਦਾਰ ਸੰਤ ਸਿੰਘ ਐਡਵੋਕੇਟ ਦੇ ਹੱਥ ਜਾ ਫੜਾਈ। ਉਹ ਮੇਰੇ ਨਾਲ ਖ਼ੂਬ ਲੜਿਆ ਅਖੇ ਜੋ ਕੰਮ ਤੂੰ ਮੇਰੇ ਪਾਸੋਂ ਚਿੱਠੀ ਲਿਖ ਕੇ ਕਰਵਾ ਸਕਦਾ ਸੀ, ਉਸ ਕੰਮ ਵਾਸਤੇ ਲਾਇਲਪੁਰ ਚੱਕਰ ਕੱਟਣ ਦੀ ਖੇਚਲ ਕਿਉਂ ਕੀਤੀ ? ਮੈਂ ਕਿਹਾ ਕਿ ਮੈਂ ਤਾਂ ਆਪਣੇ ਦੋਸਤ ਨੂੰ ਮਿਲਣ ਆਇਆ ਹਾਂ ਤੇ ਨਾਲ ਹੀ ਉਸ ਨੂੰ



Digitized by Panjab Digital Library | www.panjabdigilib.org

ਆਪਣੀ ਸਲਾਹ ਦੇ ਜਾਣਾ ਜ਼ਰੂਰ ਸਮਝਿਆ ਸੀ । ਕਿਉਂਕਿ ਮੁਕੱਦਮਿਆਂ ਦੀਆਂ ਸਲਾਹਾਂ ਖਤ-ਪੱਤਰ ਦਵਾਰਾ ਨਹੀਂ ਦਿਤੀਆਂ ਜਾਇਆ ਕਰਦੀਆਂ । ਨਾਲ ਹੀ ਮੈਂ ਕਿਹਾ ਕਿ ਏਸੇ ਬਹਾਨੇ ਆਪ ਜੀ ਦੇ ਦਰਸ਼ਨ ਵੀ ਕਰ ਚਲਿਆ ਹਾਂ ।

ਸਰਦਾਰ ਸੰਤ ਸਿੰਘ ਜੀ ਮੇਰੇ ਪੁਰਾਣੇ ਮਿੱਤਰ ਸਨ । ਅਕਾਲੀ ਲੀਡਰ ਕੇਸ ਵਿਚ, ਜਿਸ ਦਾ ਮੈਂ ਵੀ ਇਕ ਮੁਲਜ਼ਮ ਸੀ, ਸਰਦਾਰ ਸੰਤ ਸਿੰਘ ਜੀ ਰਾਇਜ਼ਾਦਾ ਭਗਤ ਰਾਮ ਜਲੰਧਰੀ ਨਾਲ ਸਹਾਇਕ ਐਡਵੋਕੇਟ ਦੀ ਹੈਸੀਅਤ ਵਿਚ ਸਾਡੀ ਸਫ਼ਾਈ ਦੀ ਵਕਾਲਤ ਕਰਿਆ ਕਰਦੇ ਸਨ । ਉਨ੍ਹਾਂ ਨੇ ਮੈਨੂੰ ਯਕੀਨ ਦਵਾਇਆ ਕਿ ਉਹ ਮੇਰੇ ਦੋਸਤ ਦੀ ਪੂਰੀ ਪੂਰੀ ਮਦਦ ਕਰਨਗੇ । ਨਾਲ ਹੀ ਮੈਨੂੰ ਏਸ ਗੱਲ ਦਾ ਉਲਾਂਭਾ ਵੀ ਦਿਤਾ ਕਿ ਲਾਇਲਪੁਰ ਵਿਚ ਇਕ ਸਿਖ ਥਾਣੇਦਾਰ ਬਦਲ ਕੇ ਆਵੇ ਤੇ ਉਹ ਉਨ੍ਹਾਂ ਨੂੰ ਆ ਕੇ ਮਿਲੇ ਵੀ ਨਾ । ਮੈਂ ਆਪਣੇ ਥਾਣੇਦਾਰ ਦੋਸਤ ਨਾਲ ਬੜਾ ਨਾਰਾਜ਼ ਹੋਇਆ ਤੇ ਕਿਹਾ ਕਿ ਜੇ ਉਹ ਲਾਇਲਪੁਰ ਵਿਚ ਆਉਂਦਾ ਹੀ ਸਰਦਾਰ ਸਾਹਿਬ ਨੂੰ ਆ ਮਿਲਦਾ ਤੇ ਫੇਰ ਵੀ ਮਿਲਦਾ ਗਿਲਦਾ ਰਹਿੰਦਾ ਤਾਂ ਸ਼ਾਇਦ ਇਹ ਨੌਬਤ ਹੀ ਨਾ ਪਹੁੰਚਦੀ । ਉਸ ਦੀ ਗ਼ਲਤੀ ਮੈਂ ਮੰਨ ਲਈ ਤੇ ਨਾਲ ਹੀ ਏਸ ਸਹਵਨ ਭੁੱਲ ਦੀ ਖਿਮਾ ਵੀ ਮੰਗ ਲਈ । ਸੁ ਸਰਦਾਰ ਸੰਤ ਸਿੰਘ ਜੀ ਨੇ ਮੇਰੇ ਦੋਸਤ ਦੀ ਏਸ ਮੁਕੱਦਮੇ ਵਿਚ ਸਿਰੋਂ ਪਰੇ ਹੋ ਕੇ ਮਦਦ ਕੀਤੀ ਤੇ ਮੇਰਾ ਦੋਸਤ ਮੁਕੱਦਮੇ ਵਿਚੋਂ ਸਾਫ਼ ਬਚ ਨਿਕਲਿਆ ਤੇ ਨਾਲ ਹੀ ਉਸ ਦਾ ਉਤਲੇ ਅਫ਼ਸਰਾਂ ਨਾਲ ਵੀ ਸਮਝੌਤਾ ਕਰਵਾ ਦਿਤਾ ।

ਮੇਰੇ ਥਾਣੇਦਾਰ ਦੋਸਤ ਦੇ ਦੂਜੇ ਕੇਸ ਦਾ ਫ਼ੈਸਲਾ ਮੁਕਾ ਹੀ ਸੀ ਕਿ ਮੇਰੇ ਤਨੀ ਦੋਸਤ ਸਰਦਾਰ ਬੇਅੰਤ ਸਿੰਘ ਦੇ ਵਡੇ ਭਾਈ ਪੈਨਸ਼ਨਰ ਥਾਣੇਦਾਰ ਦਾ ਮੁਕੱਦਮਾ ਗਲ ਆਣ ਪਿਆ । ਜਦੋਂ ਆਪ ਮੁਲਾਜ਼ਮਤ ਵਿਚ ਹੀ ਸਨ, ਤਾਂ ਚੋਖੀ ਸਾਰੀ ਆਮਦਨ ਹੋ ਜਾਇਆ ਕਰਦੀ ਸੀ ।

ਸ਼ਰਾਬ ਪੀਣ ਦੀ ਐਸੀ ਨਾ-ਮੁਰਾਦ ਵਾਦੀ ਹੈ ਕਿ ਜਿਸ ਦੇ ਇਕ ਵਾਰ ਮੂੰਹ ਲਗ ਜਾਏ ਮੁੜ ਲਥਦੀ ਹੀ ਨਹੀਂ । ਆਪ ਜਦ ਲਾਹੌਰ ਦੇ ਜ਼ਿਲੇ ਵਿਚ ਲਗੇ ਹੁੰਦੇ ਸਨ, ਉਹ ਲਾਹੌਰ ਦੇ ਦੋ ਮਸ਼ਹੂਰ ਤੇ ਸਿਰਕਢ ਸ਼ਾਹੂਕਾਰਾਂ (ਬਲਾਕੀ ਸ਼ਾਹ— ਦੁਰਗਾ ਦਾਸ) ਪਾਸੋਂ ਢੇਰ ਸਾਰਾ ਕਰਜ਼ਾ ਲਈ ਗਏ ਸਨ । ਇਕੋ ਵਾਰ ਨਹੀਂ ਸਗੋਂ ਥੋੜਾ ਥੋੜਾ ਕਰ ਕੇ ਕਈ ਵਾਰੀਆਂ ਵਿਚ ਲਿਆ ਗਿਆ ਸੀ, ਹਰ ਵਾਰੀ



Digitized by Panjab Digital Library | www.panjabdigilib.org

ਪਰੋਨੋਟ ਲਿਖ ਲਿਖ ਕੇ ਦੇਈ ਗਏ ਸਨ। ਨਾ ਉਨ੍ਹਾਂ ਕਦੀ ਸੂਦ ਬਿਆਜ ਦਾ ਪਾਈ ਪੈਸਾ ਅਦਾ ਕੀਤਾ ਸੀ ਤੇ ਨਾ ਅਸਲ ਵਿਚੋਂ ਹੀ ਕਦੀ ਕੋਈ ਰਕਮ ਮੋੜਨ ਦਾ ਫ਼ਿਕਰ ਕੀਤਾ ਸੀ।

ਸ਼ਾਹੂਕਾਰ ਨੂੰ ਜੇ ਕਰ ਸੂਦ ਬਿਆਜ ਮਿਲਦਾ ਰਹੇ ਤਾਂ ਉਸ ਦਾ ਆਪਣੀ ਅਸਲ ਰਕਮ ਵਲ ਕਦੀ ਧਿਆਨ ਹੀ ਨਹੀਂ ਜਾਂਦਾ, ਪਰ ਜਿਸ ਸ਼ਾਹੂਕਾਰ ਨੂੰ ਸੂਦ ਵਿਆਜ ਵੀ ਪਲੇ ਨਾ ਪਵੇ ਉਹ ਕਦ ਤਕ ਉਡੀਕਦਾ ਰਹਿ ਸਕਦਾ ਹੈ ?

ਸੁ ਸ਼ਾਹੂਕਾਰਾਂ ਨੇ ਦਾਅਵੇ ਕਰ ਕੇ ਉਸ ਦੇ ਵਿਰੁਧ ਡਿੱਗਰੀਆਂ ਹਾਸਲ ਕਰ ਲਈਆਂ ਸਨ ਤੇ ਜਦ ਪੈਨਸ਼ਨ ਲੈ ਕੇ ਘਰ ਆਣ ਬੈਠਾ, ਤਾਂ ਉਨ੍ਹਾਂ ਨੇ ਅਜਰਾਵਾਂ ਆਣ ਕਰਵਾਈਆਂ। ਜਦੋਂ ਕੁਝ ਵਸੂਲੀ ਹੁੰਦੀ ਨਜ਼ਰ ਨਾ ਆਈ, ਤਾਂ ਉਨ੍ਹਾਂ ਨੇ ਦੀਵਾਨੀ ਵਿਚ ਉਸ ਨੂੰ ਕੈਦ ਅੰਦਰ ਰਖੇ ਜਾਣ ਦੀ ਦਰਖ਼ਾਸਤ ਦੇ ਦਿਤੀ।

ਇਨ੍ਹਾਂ ਡਿੱਗਰੀਆਂ ਦੀ ਰਕਮ ਨਾ ਤਾਂ ਥਾਣੇਦਾਰ ਸਾਹਿਬ ਆਪਣੇ ਪਾਸੋਂ ਦੇ ਸਕਦੇ ਸਨ ਅਤੇ ਨਾ ਸਰਦਾਰ ਬੇਅੰਤ ਸਿੰਘ ਵਰਗੇ ਦਿਆਨਤਦਾਰ ਅਫ਼ਸਰ ਦੇ ਵਸ ਦੀ ਹੀ ਗੱਲ ਸੀ ਕਿ ਉਹ ਏਡੀ ਵੱਡੀ ਰਕਮ ਦੀ ਚਟੀ ਪਲਿਉਂ ਭਰ ਦੇਵੇ। ਜਿਸ ਨੇ ਅਫ਼ਸਰੀ ਦੇ ਦਿਨਾਂ ਵਿਚ ਕਦੀ ਕਿਸੇ ਦੇ ਘਰ ਦਾ ਪਾਣੀ ਤਕ ਨਹੀਂ ਸੀ ਪੀਤਾ। ਤੇ ਜਿਸ ਦਾ ਗੁਜ਼ਾਰਾ ਨਿਰੋਲ ਆਪਣੀ ਤਨਖ਼ਾਹ ਉਪਰ ਹੀ ਸੀ।

ਉਸ ਨੂੰ ਆਪਣੇ ਸਾਕਾਂ ਸੰਬੰਧੀਆਂ ਵਿਚੋਂ ਵੀ ਕਈਆਂ ਹਾਜਤਮੰਦਾਂ ਦੀ ਸਹਾਇਤਾ ਕਰਨੀ ਪੈ ਜਾਇਆ ਕਰਦੀ ਸੀ। ਤੇ ਸਭ ਤੋਂ ਵੱਡਾ ਜ਼ਰੂਰੀ ਖ਼ਰਚਾ ਮਹੀਨੇ ਦੇ ਮਹੀਨੇ ਉਸ ਨੂੰ ਆਪਣੀ ਜ਼ਿੰਦਗੀ ਦੇ ਬੀਮੇ ਦੀ ਕਿਸ਼ਤ ਦਾ ਤਨਖ਼ਾਹ ਵਿਚੋਂ ਦੇਣਾ ਪਿਆ ਕਰਦਾ ਸੀ।

ਬੀਮਾ ਏਜੰਟਾਂ ਨੇ ਕਈ ਵਾਰ ਜ਼ਬਰਦਸਤੀ ਉਸ ਪਾਸੋਂ (ਪਰੋਪੋਜ਼ਲ ਫ਼ਾਰਮ) ਭਰਵਾਏ, ਡਾਕਟਰੀਆਂ ਕਰਵਾਈਆਂ, ਪਰ ਜਦੋਂ ਪੈਸੇ ਦੇਣ ਦਾ ਮਾਮਲਾ ਸਾਹਮਣੇ ਆਉਂਦਾ ਉਹ ਕਹਿ ਛਡਦਾ, "ਮੇਰੇ ਪਾਸ ਪੈਸੇ ਹੈਨ ਹੀ ਕੋਈ ਨਹੀਂ" ਤੇ ਬੀਮੇ ਦੇ ਫ਼ਾਰਮ ਰੱਦ ਹੋ ਜਾਂਦੇ ਤੇ ਖ਼ਰਚੇ ਏਜੰਟਾਂ ਨੂੰ ਪੈ ਜਾਂਦੇ। ਏਸ ਤਰ੍ਹਾਂ ਉਸ ਦਾ ਕੇਸ ਲੈ ਕੇ ਕਈ ਏਜੰਟਾਂ ਨੂੰ ਜੁਰਮਾਨੇ ਭਰਨੇ ਪਿਆ ਕਰਦੇ ਸਨ।



Digitized by Panjab Digital Library | www.panjabdigilib.org

ਮੈਂ ਹਾਲ ਬਾਜ਼ਾਰ ਵਾਲੇ ਮਕਾਨ ਵਿਚ ਰਹਿੰਦਾ ਸੀ ਕਿ ਮੇਰੇ ਇਕ ਮਿੱਤਰ ਭਾਈ ਜਮੀਅਤ ਸਿੰਘ ਪਰੂਡੈਂਸ਼ਲ ਬੀਮਾ ਕੰਪਨੀ ਦੇ ਏਜੰਟ ਨੇ ਸਰਦਾਰ ਬੇਅੰਤ ਸਿੰਘ ਨੂੰ ਜ਼ਿੰਦਗੀ ਬੀਮਾ ਕਰਵਾਉਣ ਲਈ ਬਹੁਤ ਹੀ ਮਜਬੂਰ ਕੀਤਾ।

ਉਹ ਈ. ਏ. ਸੀ. ਦਾ ਇਮਤਿਹਾਨ ਦੇਣ ਵਾਸਤੇ ਛੁੱਟੀ ਲੈ ਕੇ ਮੇਰੇ ਪਾਸ ਹੀ ਠਹਿਰੇ ਹੋਏ ਸਨ। ਉਨ੍ਹਾਂ ਨੇ ਮੈਥੋਂ ਸਲਾਹ ਪੁੱਛੀ। ਮੈਂ ਸਲਾਹ ਦਿਤੀ ਕਿ ਬੀਮਾ ਜ਼ਰੂਰ ਕਰਵਾ ਲਉ। ਤੇ ਕਿਹਾ ਕਿ ਤੁਹਾਡੇ ਵਰਗੇ ਥੋੜੀ ਤਨਖ਼ਾਹ ਵਾਲੇ ਤੇ ਦਿਆਨਤਦਾਰ ਮੁਲਾਜ਼ਮਤ ਪੇਸ਼ਾ ਵਾਸਤੇ ਤਾਂ ਇਹ ਬੜਾ ਹੀ ਲਾਜ਼ਮੀ ਹੈ।

ਮੇਰੇ ਮਸ਼ਵਰੇ 'ਤੇ ਉਹ ਬੀਮਾ ਕਰਵਾਉਣ ਵਾਸਤੇ ਤਿਆਰ ਹੋ ਗਿਆ, ਫ਼ਾਰਮ ਵੀ ਭਰ ਦਿਤਾ ਤੇ ਡਾਕਟਰੀ ਵੀ ਕਰਵਾ ਲਈ, ਪਰ ਕਹਿਣ ਲਗਾ ਏਸ ਵੇਲੇ ਚੰਦਾ ਦੇਣ ਲਈ ਮੇਰੇ ਕੋਲ ਰੁਪਏ ਕੋਈ ਨਹੀਂ ਹਨ। ਮੈਂ ਕਿਹਾ, "ਮੈਂ ਦੇ ਦੇਂਦਾ ਹਾਂ। ਮੈਨੂੰ ਹੌਲੀ ਹੌਲੀ ਕਰ ਕੇ ਮੋੜ ਦੇਣੇ।" ਨਾਲ ਹੀ ਮੈਂ ਸੁਝਾ ਦਿਤਾ ਕਿ ਏਸ ਵੇਲੇ ਤੁਸੀਂ ਛੁੱਟੀ 'ਤੇ ਹੋ। ਏਥੇ ਖ਼ਰਚ ਤਾਂ ਤੁਹਾਡਾ ਹੋ ਹੀ ਕੋਈ ਨਹੀਂ ਸੀ ਰਿਹਾ। ਕੁਝ ਬਚਤ ਕਰੋਗੇ ਤਾਂ ਚੰਦੇ ਜੋਗੀ ਰਕਮ ਬਚ ਹੀ ਰਹੇਗੀ।

ਜਦੋਂ ਏਜੰਟ ਬੀਮੇ ਦੀ ਪਹਿਲੀ ਹੀ ਤਿਮਾਹੀ ਦਾ ਚੰਦਾ ਲੈਣ ਆਇਆ. ਤਾਂ ਫੇਰ ਅੜੀ ਬੰਨ੍ਹ ਬੈਠਾ। ਤੇ ਆਖੇ ਸਾਡੀ ਜੱਟਾਂ ਦੀ ਤਾਂ ਜ਼ਮੀਨ ਹੀ ਬੀਮਾ ਹੁੰਦੀ ਹੈ। ਮੈਂ ਗੁੱਸੇ ਹੋ ਕੇ ਪਿਆ ਤੇ ਕਿਹਾ, "ਤੂੰ ਮਮੂਲੀ ਸ਼ਰੇਣੀ ਦਾ ਜਟ ਜ਼ਿਮੀਂਦਾਰ ਨਹੀਂ ਹੈ। ਤੇਰਾ ਪਿਤਾ ਚੰਗਾ ਵੱਡਾ ਫ਼ੌਜੀ ਅਫ਼ਸਰ ਸੀ, ਜਿਸ ਨੂੰ ਸਰਕਾਰ ਨੇ ੭ ਮੁਰੱਬੇ ਜ਼ਮੀਨ ਦੇ ਦਿਤੀ ਸੀ। ਤੂੰ ਆਪ ਈ. ਏ. ਸੀ. ਹੋਣ ਵਾਲਾ ਹੈਂ। ਤੇਰਾ ਲੜਕੇ, ਲੜਕੀ ਦੀ ਤਾਲੀਮ ਉਪਰ ਖ਼ਰਚ ਹੋਣਾ ਹੈ, ਉਨ੍ਹਾਂ ਦੀਆਂ ਸ਼ਾਦੀਆਂ ਉਪਰ ਤੈਨੂੰ ਖ਼ਰਚ ਕਰਨਾ ਪੈਣਾ ਹੈ। ਤੁਹਾਡੀ ਰਹਿਣੀ ਬਹਿਣੀ ਤੇ ਵਰਤੋਂ ਵਿਹਾਰ ਆਮ ਜਟਾਂ ਜ਼ਿਮੀਂਦਾਰਾਂ ਵਾਲਾ ਨਹੀਂ। ਤੂੰ ਅਜੇ ਕੋਈ ਲੰਮੀ ਬਚਤ ਨਹੀਂ ਕਰ ਸਕਦਾ। ਤੇਰੇ ਵਰਗੇ ਬੰਦੇ ਵਾਸਤੇ ਬੀਮਾ ਇਕ ਨਿਆਮਤ ਹੈ।

"ਰੱਬ ਨਾ ਕਰੇ ਜੇ ਕੱਲ੍ਹ ਨੂੰ ਤੇਰੇ ਨਾਲ ਕੋਈ ਭਾਣਾ ਵਰਤ ਜਾਏ, ਤਾਂ ਫੇਰ ਕੀ ਬਣੂੰ ?" ਮੈਂ ਆਪਣੀ ਕਹਾਣੀ ਚੁੱਕ ਸੁਣਾਈ। ਮੰਨ ਗਿਆ ਤੇ ਕਹਿਣ ਲਗਾ, "ਭਰਾਵਾ ! ਚੰਗਾ ਤੂੰ ਆਪਣੇ ਕੋਲੋਂ ਦੇ ਦੇਹ। ਮੈਂ ਤੈਨੂੰ ਅੱਧਾ ਅੱਧਾ ਕਰ ਕੇ ਦੇ



Digitized by Panjab Digital Library | www.panjabdigilib.org

ਤਨਖ਼ਾਹਾਂ ਵਿਚੋਂ ਬਚਾਅ ਕੇ ਦੇ ਦੇਵਾਂਗਾ।"

ਫੇਰ ਪੁੱਛਣ ਲਗਾ, "ਕਿ ਇਹ ਤਾਂ ਭਲਾ ਸਵਾਂਗ ਪੂਰਾ ਹੋ ਜਾਊ, ਫੇਰ ਅਗੋਂ ਕਿਸ ਤਰ੍ਹਾਂ ਦਿਆ ਕਰਾਂਗਾ।"

ਮੈਂ ਕਿਹਾ ਕਿ ਮੈਂ ਤੈਨੂੰ ਬੜਾ ਸੌਖਾ ਰਾਹ ਦਸਦਾ ਹਾਂ। ਡਾਕਖ਼ਾਨੇ ਵਿਚ ਸੇਵਿੰਗ ਬੈਂਕ ਅਕਾਊਂਟ ਖੋਲ੍ਹ ਲੈ। ਜਦੋਂ ਤਨਖ਼ਾਹ ਮਿਲੇ ਸਭ ਤੋਂ ਪਹਿਲਾਂ ਸਾਲ ਭਰ ਦੇ ਬੀਮੇ ਦੇ ਚੰਦੇ ਦਾ ਬਾਰ੍ਹਵਾਂ ਹਿੱਸਾ ਤਨਖ਼ਾਹ ਵਿਚੋਂ ਕਢ ਕੇ ਡਾਕਖ਼ਾਨੇ ਜਮ੍ਹਾ ਕਰਵਾ ਦਿਆ ਕਰਨਾ। ਤੇ ਜਦੋਂ ਕੰਪਨੀ ਵਲੋਂ ੬ ਮਹੀਨੇ ਦੇ ਚੰਦੇ ਦਾ ਤਕਾਜ਼ਾ ਆਵੇ ਆਪਣੇ ਏਸੇ ਹਿਸਾਬ ਵਿਚੋਂ ਕਢਾ ਕੇ ਜਮ੍ਹਾ ਕਰਵਾ ਦਿਆ ਕਰਨਾ। ਇਹ ਸਮਝ ਛਡੀਂ ਕਿ ਬੀਮੇ ਦੇ ਪੈਸੇ ਕਟ ਕੇ ਜਿੰਨੀ ਤਨਖ਼ਾਹ ਬਚ ਰਿਹਾ ਕਰੇ, ਮੇਰੀ ਤਨਖ਼ਾਹ ਹੈ ਹੀ ਏਨੀ। ਸੁ ਉਹ ਏਸੇ ਤਰ੍ਹਾਂ ਕਰਦਾ ਰਿਹਾ, ਉਸ ਦੀ ਪਾਲਿਸੀ ਕਦੀ ਵੀ ਲੈਪਸ ਨਾ ਹੋਈ।

ਸਾਰੇ ਪਾਸੇ ਦੇਖ ਕੇ ਅਖ਼ੀਰ ਫ਼ੈਸਲਾ ਇਹੋ ਹੋਇਆ ਕਿ ਥਾਣੇਦਾਰ ਸਾਹਿਬ ਪਾਸੋਂ ਦੀਵਾਲੇ ਦੀ ਦਰਖ਼ਾਸਤ ਦਵਾ ਦਿਤੀ ਜਾਵੇ। ਸੁ ਦਰਖ਼ਾਸਤ ਦੇ ਦਿਤੀ ਗਈ। ਸਾਰੇ ਹੀ ਸ਼ਾਹਾਂ ਦੇ ਨਾਮ, ਪੂਰੇ ਪੱਤੇ ਅਤੇ ਕਰਜ਼ੇ ਦੀਆਂ ਰਕਮਾਂ ਦਾ ਵੇਰਵਾ ਦੇ ਦਿਤਾ ਗਿਆ। ਕਈ ਫ਼ਰਜ਼ੀ ਕਰਜ਼ੇ ਵੀ ਲਿਖਵਾ ਦਿਤੇ ਗਏ। ਤੇ ਸ਼ਾਹਾਂ ਦੇ ਪਤੇ ਵੀ ਫ਼ਰਜ਼ੀ ਤੇ ਗ਼ਲਤ ਮਲਤ ਦਰਜ ਕਰਵਾਏ ਗਏ। ਤਾਂ ਜੁ ਨਾ ਉਨ੍ਹਾਂ ਲਹਿਣੇਦਾਰਾਂ ਦੀਆਂ ਤਾਮੀਲਾਂ ਹੋ ਸਕਣ ਤੇ ਨਾ ਮੁਕੱਦਮਾ ਨਿਬੜਨ ਵਿਚ ਆਵੇ।

ਝਗੜਾ ਕਰਨ ਵਾਲੇ ਦੋ ਹੀ ਸ਼ਾਹ ਲਾਹੌਰ ਵਾਲੇ ਬਲਾਕੀ ਸ਼ਾਹ ਦੁਰਗਾਦਾਸ ਹੀ ਰਹਿ ਗਏ ਸਨ। ਬਾਕੀਆਂ ਵਿਚੋਂ ਤਾਂ ਕਦੇ ਕੋਈ ਤਰੀਕ ਭੁਗਤਣ ਵੀ ਨਹੀਂ ਆਇਆ ਕਰਦਾ ਸੀ। ਹਰ ਤਾਰੀਖ਼ 'ਤੇ ਫੇਰ ਸਾਰੇ ਲੋਕ ਆਪਣਾ ਲਿਹਾਜ਼ ਬਣਾਈ ਰਖਣ ਵਾਲੇ, ਥਾਣੇਦਾਰ ਦੇ ਮੇਲੀ ਗੇਲੀ ਤੇ ਰਿਸ਼ਤੇਦਾਰ ਆਦਿਕ ਤਾਰੀਖ਼ਾਂ ਵਾਲੇ ਦਿਨ ਆ ਜਾਂਦੇ ਸਨ, ਜਿਨ੍ਹਾਂ ਲਈ ਖਾਣ ਪੀਣ ਦਾ ਸਾਮਾਨ ਟਾਂਗੇ ਉਪਰ ਲੱਦ ਕੇ ਕਚਹਿਰੀ ਆ ਜਾਇਆ ਕਰਦਾ ਸੀ। ਤਰੀਕ 'ਤੇ ਤਰੀਕ ਭੁਗਤ ਭੁਗਤ ਕੇ ਓੜਕ ਬਲਾਕੀ ਸ਼ਾਹ ਹੁਰੀਂ ਵੀ ਹੰਭ ਗਏ।

ਇਕ ਦਿਨ ਏਸ ਕਰਜ਼ੇ ਬਾਰੇ ਉਨ੍ਹਾਂ ਦੇ ਕਾਰਿੰਦੇ ਦੀ ਜਦ ਮੇਰੇ ਨਾਲ ਗੱਲ-



Digitized by Panjab Digital Library | www.panjabdigilib.org

ਬਾਤ ਹੋਈ ਤਾਂ ਮੈਂ ਉਸ ਨੂੰ ਸਮਝਾਇਆ ਕਿ ਏਥੇ ਨਕਦ ਨਰੈਣ ਤਾਂ ਕੁਝ ਪੱਲੇ ਪੈਣਾ ਹੀ ਨਹੀਂ ਤੇ ਜੇ ਖ਼ਰਚਾ ਰਖਵਾ ਕੇ ਅੰਦਰ ਵੀ ਕਰਵਾ ਦਿਓਗੇ ਤਦ ਵੀ ਤੁਹਾਨੂੰ ਕੁਝ ਵਸੂਲ ਹੋਣ ਦੀ ਥਾਂ ਕੁਝ ਨਾ ਕੁਝ ਹੱਥੋਂ ਹੀ ਦੇਣਾ ਪਵੇਗਾ ਜੇ। ਉਹ ਕਹਿਣ ਲਗਾ, ਹਾਂ ਜੀ "ਮਰ ਗਏ ਤੇ ਮੁੱਕਰ ਗਏ ਦਾ ਕੀ ਦਾਰੂ ? ਜੱਟ ਲੰਮਾ ਪੈ ਗਿਆ ਹੈ। ਜੋ ਤੁਹਾਡਾ ਜੀਅ ਕਰੇ ਫ਼ੈਸਲਾ ਕਰਵਾ ਦਿਓ !" ਮੈਂ "ਦੋ ਆਨੇ ਰੁਪਏ" ਦੇ ਹਿਸਾਬ ਫ਼ੈਸਲਾ ਕਰ ਲੈਣ ਉਪਰ ਜ਼ੋਰ ਦੇਈ ਚਲਾ ਗਿਆ। ਉਹ "ਅੱਠ ਆਨੇ ਰੁਪਏ" ਪਿਛੇ ਲੈਣਾ ਚਾਹੁੰਦੇ ਸਨ। ਓੜਕ "ਚਾਰ ਆਨੇ ਰੁਪਏ" ਉਤੇ ਫ਼ੈਸਲਾ ਮੁੱਕ ਗਿਆ ਤੇ ਸਰਦਾਰ ਬੇਅੰਤ ਸਿੰਘ ਜੀ ਨੂੰ ਜ਼ਬਾਨੀ ਜ਼ਬਾਨੀ ਜ਼ਾਮਨ ਬਣਨਾ ਪੈ ਗਿਆ।

ਚਾਰ ਆਨੇ ਰੁਪਏ ਦੇ ਹਿਸਾਬ ਵੀ ਤਕੜੀ ਰਕਮ ਬਣਦੀ ਸੀ। ਥਾਣੇਦਾਰ ਸਾਹਿਬ ਏਡੀ ਵਡੀ ਰਕਮ ਦੇਣ ਦੇ ਵੀ ਸਮਰੱਥ ਨਹੀਂ ਸਨ। ਸੋ ਬਲਾਕੀ ਸ਼ਾਹ ਹੁਰਾਂ ਨੂੰ ਕੋਈ ਵੀ ਰਕਮ ਵਸੂਲ ਨਾ ਹੋ ਸਕੀ। ਥਾਣੇਦਾਰ ਸਾਹਿਬ ਬਲਾਕੀ ਸ਼ਾਹ ਪਾਸੋਂ ਡਰਦੇ ਮਾਰੇ ਚੁੱਪ ਚੁਪੀਤੇ ਬੀਕਾਨੇਰ ਚਲੇ ਗਏ। ਪਿੰਡ ਦੇ ਕਿਸੇ ਆਦਮੀ ਨੂੰ ਪਤਾ ਨਾ ਲਗਣ ਦਿਤਾ। ਸ਼ਾਹ ਹੁਰੀਂ ਡਾਢੇ ਪਰੇਸ਼ਾਨ ਹੋਏ। ਰਕਮ ਲਭਦੇ ਲਭਦੇ ਸਾਮੀ ਵੀ ਗਵਾ ਬੈਠੇ। ਪਿੰਡ ਜਾਣ ਦਾ ਹੌਸਲਾ ਹੀ ਨਾ ਪਵੇ। ਪਈ ਕਿਤੇ ਸਿਰ ਦੀ ਤਲਪਾਈ ਹੀ ਨਾ ਹੋ ਜਾਵੇ। ਇਤਫਾਕ ਨਾਲ ਇਕ ਦਿਨ ਸ਼ਾਹ ਹੁਰੀਂ ਫਿਰਦੇ ਤੁਰਦੇ ਮੈਨੂੰ ਟੱਕਰ ਗਏ ਤੇ ਕਹਿਣ ਲਗੇ ਕਿ ਤੁਸਾਂ ਸਾਡਾ ਫ਼ੈਸਲਾ ਕਰਵਾਇਆ ਸੀ। ਤੁਹਾਡੇ ਵਿਚ ਪੈਣ ਕਰ ਕੇ ਰੁਪਏ ਦਾ ਚਾਰ ਆਨੇ ਲੈ ਲੈਣੇ ਵੀ ਮੰਨ ਲਏ, ਪਰ ਮਿਲਿਆ ਤਦ ਵੀ ਕੱਖ ਨਹੀਂ। ਹੁਣ ਥਾਣੇਦਾਰ ਸਾਹਿਬ ਦਾ ਕੋਈ ਪਤਾ ਥਹੁ ਹੀ ਨਹੀਂ ਮਿਲਦਾ। ਮੈਂ ਕਿਹਾ ਤੁਹਾਨੂੰ ਚੰਗਾ ਭਲਾ ਕਿਹਾ ਸੀ ਕਿ ਦੋ ਆਨੇ ਰੁਪਏ ਲੈਣਾ ਮੰਨ ਲਉ। ਜੇ ਮੰਨ ਜਾਂਦੇ ਤਾਂ ਮੈਂ ਉਸ ਵੇਲੇ ਡਿਪਟੀ ਸਾਹਿਬ ਪਾਸੋਂ ਕਾਗ਼ਜ਼ ਕਰਵਾ ਦੇਣਾ ਸੀ। ਪਰ ਤੁਸੀਂ ਨਾ ਮੰਨੇ। ਤੁਹਾਡਾ ਉਹ ਲਾਲਚ ਹੀ ਤੁਹਾਨੂੰ ਹੁਣ ਤਕ ਖ਼ਰਾਬ ਕਰੀ ਜਾ ਰਿਹਾ ਹੈ। ਤੇ ਹੁਣ ਤੁਸੀਂ ਸਾਰੀ ਰਕਮ ਹੀ ਖ਼ੂਹ ਖਾਤੇ ਪਾਈ ਬੈਠੇ ਹੋ। ਉਹ ਕਹਿਣ ਲਗਾ ਹੱਛਾ ! ਓਦੋਂ ਗ਼ਲਤੀ ਹੀ ਹੋ ਗਈ ਸਹੀ, ਤੁਸੀਂ ਹੁਣ ਦੁਆਨੀ ਰੁਪਏ ਤੇ ਹੀ ਫ਼ੈਸਲਾ ਕਰਵਾ ਕੇ ਜੋ ਰਕਮ ਬਣੇ ਡਿਪਟੀ ਸਾਹਿਬ ਪਾਸੋਂ ਕਾਗ਼ਜ਼



Digitized by Panjab Digital Library | www.panjabdigilib.org

ਕਰਵਾ ਦਿਓ। ਮੈਂ ਕਿਹਾ: "ਹਛਾ! ਡਿਪਟੀ ਸਾਹਿਬ ਪਾਸੋਂ ਪੁੱਛ ਲਵਾਂ ਫੇਰ ਤੁਹਾਡੇ ਨਾਲ ਗੱਲ ਕਰਾਂਗਾ।"

ਕੁਝ ਸਮਾਂ ਹੋਰ ਬੀਤ ਗਿਆ। ਮੈਂ ਡਿਪਟੀ ਸਾਹਿਬ ਪਾਸੋਂ ਦੋ ਆਨੇ ਰੁਪਏ ਦੇ ਹਿਸਾਬ ਕਾਗ਼ਜ਼ ਕਰਵਾ ਦਿਤਾ। ਜੋ ਕਿਸ਼ਤਾਂ ਨਾਲ ਅਦਾਇਗੀ ਕਰਨ ਦੇ ਇਕਰਾਰ ਨਾਲ ਲਿਖਿਆ ਗਿਆ। ਸਬੱਬ ਨਾਲ ਸਰਦਾਰ ਬੇਅੰਤ ਸਿੰਘ ਜੀ ਕਸੂਰ ਤੋਂ ਬਦਲ ਕੇ ਲਾਹੌਰ ਵਿਚ ਹੀ ਮਾਲ ਅਫ਼ਸਰ ਆਣ ਲਗੇ। ਓਧਰ ਬਲਾਕ਼ੀ ਸ਼ਾਹ ਦਾ ਇਕ ਆਦਮੀ ਆਬਕਾਰੀ ਦੇ ਇਕ ਮੁਕੱਦਮੇ ਵਿਚ ਅੜ ਗਿਆ। ਸਰਦਾਰ ਬੇਅੰਤ ਸਿੰਘ ਏਕਸਾਈਜ਼ ਅਫ਼ਸਰ ਵੀ ਸਨ। ਸੋ ਸ਼ਾਹ ਹੁਰਾਂ ਨੇ ਸੋਚ ਲਿਆ ਕਿ ਜੇ ਉਹ ਕੁਝ ਹੋਰ ਰਕਮ ਛਡ ਕੇ ਫ਼ੈਸਲਾ ਕਰ ਕਰਾ ਲੈਣਗੇ ਤਾਂ ਮੁਕੱਦਮੇ ਵਿਚ ਇਨ੍ਹਾਂ ਨੂੰ ਫ਼ਾਇਦਾ ਹੋ ਜਾਵੇਗਾ। ਸੋ ਉਨ੍ਹਾਂ ਨੇ ਇਕ ਆਨਾ ਰੁਪਿਆ ਲੈਣਾ ਕਰ ਕੇ ਫ਼ੈਸਲਾ ਕਰ ਲਿਆ। ਪਰ ਕਹਿਣ ਲਗੇ ਇਹ ਰਕਮ ਤਾਂ ਨਕਦ ਦਿਵਾ ਦਿਓ। ਸੁ ਮੈਂ ਆਪਣੇ ਵਲੋਂ ਹੀ I.O. a/c ਉਨ੍ਹਾਂ ਨੂੰ ਲਿਖ ਕੇ ਦੇ ਦਿਤੇ। ਤੇ ਜਿੰਨੇ ਰੁਪਏ ਹਿਸਾਬ ਨਾਲ ਬਣੇ ਸ: ਬੇਅੰਤ ਸਿੰਘ ਪਾਸੋਂ ਸ਼ਾਹ ਹੁਰਾਂ ਨੂੰ ਨਕਦ ਲੈ ਦਿਤੇ ਤੇ ਹਿਸਾਬ ਚੁਕਤਾ ਕਰਵਾ ਦਿਤਾ ਅਤੇ ਓਨੀ ਹੀ ਰਕਮ ਦਾ ਸ: ਬੇਅੰਤ ਸਿੰਘ ਦਾ ਬੀਮਾ ਹੋਰ ਵਧਾ ਦਿਤਾ।

ਮੇਰੇ ਪਹਿਲੇ ਵਾਲੇ ਥਾਣੇਦਾਰ ਦੋਸਤ ਨੇ ਸਿੰਘਣੀ ਸਜੀ ਮੁਸਲਮਾਨ ਲੜਕੀ ਨੂੰ ਏਸ ਰੀਟਾਇਰਡ ਥਾਣੇਦਾਰ ਪਾਸ ਬੀਕਾਨੇਰ ਭਿਜਵਾ ਦਿਤਾ ਸੀ। ਕਿਉਂਕਿ ਉਹ ਨਿਰਾਸ ਹੋ ਕੇ ਧਮਕੀਆਂ ਦੇਣ ਲਗ ਪਈ ਸੀ ਕਿ ਉਹ ਦਾਅ ਲਾ ਕੇ ਕਚਹਿਰੀ ਚਲੀ ਜਾਵੇਗੀ ਤੇ ਓਥੇ ਕਿਸੇ ਪੁਲਸ ਅਫ਼ਸਰ ਜਾਂ ਮੈਜਿਸਟ੍ਰੇਟ ਦੇ ਰੂਬਰੂ ਪੇਸ਼ ਹੋ ਕੇ ਸਾਰਾ ਭਾਂਡਾ ਭੰਨ ਦੇਵੇਗੀ। ਢੇਰ ਚਿਰ ਪਿਛੋਂ ਏਵੇਂ ਉਡਦੀ ਉਡਦੀ ਗੱਲ ਸੁਣਨ ਵਿਚ ਆਈ ਕਿ ਥਾਣੇਦਾਰ ਨੇ ਉਸ ਨੂੰ ਕਿਸੇ ਪਾਸੋਂ ਗੋਲੀ ਨਾਲ ਪਾਰ ਬੁਲਵਾ ਛਡਿਆ ਸੀ ਤੇ ਉਸ ਦੀ ਲਾਸ਼ ਦੇ ਟੋਟੇ ਕਰ ਕੇ ਦਰਿਆ ਵਿਚ ਰੋੜ੍ਹ ਛਡਿਆ ਸੀ। ਰੱਬ ਜਾਣੇ ਏਸ ਗੱਲ ਵਿਚ ਕਿੰਨਾ ਕੁ ਸੱਚ ਹੈ ਤੇ ਕਿਤਨਾ ਕੁ ਝੂਠ। ਜਾਂ ਕਿ ਐਵੇਂ ਚੰਡੂ ਖ਼ਾਨੇ ਦਾ ਉਡਾਇਆ ਹੋਇਆ ਹਵਾੜਾ ਹੀ ਹੈ।

ਮੇਰੇ ਇਕ ਹੋਰ ਥਾਣੇਦਾਰ ਸਾਹਿਬ ਦੋਸਤ ਹੁੰਦੇ ਸਨ। ਉਸ ਨਾਲ ਇਹ



Digitized by Panjab Digital Library | www.panjabdigilib.org

ਰੱਫੜ ਆਣ ਪਿਆ ਕਿ ਉਹ ਇਕ ਮੁਕੱਦਮੇ ਦਾ ਸਾਮਾਨ ਵੈਰੋਵਾਲ ਤੋਂ ਕਿਸੇ ਲਾਰੀ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਆਇਆ ਤਾਂ ਉਸ ਦੇ ਨਾਲ ਇਕ ਮੁਸਲਮਾਨ ਸਿਪਾਹੀ ਸੀ।

ਥਾਣੇਦਾਰ ਸਾਹਿਬ ਨੇ ਸਿਪਾਹੀ ਨੂੰ ਮੇਰੇ ਪਾਸ ਸੁਨੇਹਾ ਦੇ ਕੇ ਭੇਜਿਆ ਕਿ ਉਹ ਅੱਜ ਰਾਤ ਮੇਰੇ ਪਾਸ ਆਣ ਠਹਿਰਨਗੇ। ਪਰ ਜਦ ਸਿਪਾਹੀ ਸੁਨੇਹਾ ਦੇ ਕੇ ਵਾਪਸ ਲਾਰੀ ਵਲ ਗਿਆ ਤਾਂ ਜਿਥੇ ਉਹ ਥਾਣੇਦਾਰ ਸਾਹਿਬ ਨੂੰ ਲਾਰੀ ਵਿਚ ਬੈਠਿਆ ਛਡ ਕੇ ਮੇਰੇ ਵਲ ਆਇਆ ਸੀ, ਨਾ ਓਥੇ ਉਹ ਲਾਰੀ ਸੀ, ਨਾ ਥਾਣੇਦਾਰ ਤੇ ਨਾ ਸਾਮਾਨ। ਸਿਪਾਹੀ ਹੈਰਾਨ ਹੋ ਕੇ ਲਾਰੀ ਨੂੰ ਅੱਡੇ ਉਤੇ ਤੇ ਸਰਾਂ ਵਿਚ ਤਲਾਸ਼ ਕਰਦਾ ਰਿਹਾ। ਓੜਕ ਇਹ ਸਮਝ ਕੇ ਕਿ ਲਾਰੀ ਨੂੰ ਸਾਮਾਨ ਸਮੇਤ ਕਚਹਿਰੀ ਲੈ ਗਏ ਹੋਣਗੇ। ਉਸ ਨੇ ਕਚਹਿਰੀ ਨੂੰ ਵੀ ਛਾਣ ਮਾਰਿਆ। ਪਰ ਨਾ ਲਾਰੀ ਮਿਲੀ ਤੇ ਨਾ ਸਾਮਾਨ। ਥਾਣੇਦਾਰ ਸਾਹਿਬ ਕਚਹਿਰੀ ਵਿਚ ਮਿਲ ਪਏ ਤੇ ਅਗੋਂ ਉਲਟਾ ਸਿਪਾਹੀ ਨੂੰ ਤਾੜਨ ਲਗ ਪਏ ਕਿ ਸਾਮਾਨ ਤੇਰੀ ਸਪੁਰਦਗੀ ਵਿਚ ਸੀ ਤੂੰ ਲਾਰੀ ਵਿਚ ਸੁੰਞਾ ਛਡ ਕੇ ਕਿਉਂ ਗਿਆ ?

ਮੁਕਦੀ ਗੱਲ ਇਹ ਕਿ ਮੁਕੱਦਮਾ ਤਾਂ ਮੁੱਕ ਗਿਆ ਪਰ ਸਾਮਾਨ ਗ਼ਾਇਬ। ਜਿਸ 'ਤੇ ਮੁਕੱਦਮਾ ਸਿਪਾਹੀ ਉਪਰ ਬਣ ਗਿਆ। ਸਿਪਾਹੀ ਵਲੋਂ ਸਫ਼ਾਈ ਦਾ ਵਕੀਲ ਮਿਸਟਰ ਅਬਦੁੱਲ ਰਊਫ਼ ਬੈਰਿਸਟਰ ਸੀ। ਮੁਕੱਦਮਾ ਸਰਦਾਰ ਬਹਾਦਰ ਹਰਦਿਆਲ ਸਿੰਘ ਦੀ ਕਚਹਿਰੀ ਵਿਚ ਸੀ। ਸਿਪਾਹੀ ਨੇ ਆਪਣੇ ਵਕੀਲ ਨੂੰ ਸਾਰੀ ਸੱਚੀ ਗੱਲ ਦਸ ਛਡੀ ਸੀ। ਇਕ ਦਿਨ ਬਾਰ ਰੂਮ ਵਿਚ ਬੈਠਿਆਂ ਅਬਦੁਲ ਰਊਫ਼ ਨੇ ਮੇਰੇ ਨਾਲ ਏਸ ਮਾਮਲੇ 'ਤੇ ਗੱਲ ਬਾਤ ਛੇੜ ਦਿਤੀ। ਤੇ ਮੈਨੂੰ ਪੁੱਛਣ ਲਗਾ ਕਿ ਅਸਲ ਮਾਮਲਾ ਕੀ ਹੈ ? ਸਿਪਾਹੀ ਸੱਚਾ ਹੈ ਜਾਂ ਝੂਠਾ ?

ਮੈਂ ਉਸ ਨੂੰ ਬਾਰ ਰੂਮ ਵਿਚੋਂ ਲਾਂਭੇ ਲੈ ਗਿਆ ਤੇ ਉਸ ਨੂੰ ਨਿਵੇਕਲੇ ਹੋ ਕੇ ਦਸ ਦਿਤਾ ਕਿ ਸਿਪਾਹੀ ਦਾ ਬਿਆਨ ਤਾਂ ਠੀਕ ਹੈ ਪਰ ਦੂਜੇ ਪਾਸੇ ਵੀ ਮੇਰਾ ਬੜਾ ਹੀ ਪਿਆਰਾ ਥਾਣੇਦਾਰ ਦੋਸਤ ਹੈ। ਜੇ ਮੈਂ ਸੱਚੀ ਸੱਚੀ ਗੱਲ ਕਹਿ ਕੇ ਸਿਪਾਹੀ ਨੂੰ ਬਚਾਅ ਲੈਂਦਾ ਹਾਂ ਤਾਂ ਦੂਜੇ ਪਾਸੇ ਮੇਰੇ ਦੋਸਤ ਥਾਣੇਦਾਰ ਦੇ ਫਸ ਜਾਣ ਦਾ ਡਰ ਹੈ। ਮਿਸਟਰ ਰਊਫ਼ ਨੇ ਗੁਰੂ ਦਾ ਵਾਸਤਾ ਪਾ ਕੇ ਮੈਨੂੰ ਕਿਹਾ ਕਿ ਮੈਂ ਇਕ ਬੇਗੁਨਾਹ ਤੇ ਗ਼ਰੀਬ ਬਾਲ



Digitized by Panjab Digital Library | www.panjabdigilib.org

ਬਚੇਦਾਰ ਦੀ ਮਦਦ ਕਰਾਂ। ਸੁ ਮੈਨੂੰ ਜਿੰਨੀ ਗੱਲ ਦਾ ਠੀਕ ਠੀਕ ਪਤਾ ਸੀ ਅਦਾਲਤ ਦੇ ਸਾਹਮਣੇ ਸਾਫ਼ ਸਾਫ਼ ਤੇ ਸੱਚ ਸੱਚ ਕਹਿ ਦਿਤੀ। ਸਿਪਾਹੀ ਬਚ ਗਿਆ। ਅਦਾਲਤ ਨੇ ਉਸ ਨੂੰ ਬਰੀ ਕਰ ਦਿਤਾ, ਤੇ ਮਗਰੋਂ ਮੇਰੇ ਦੋਸਤ ਤੇ ਵੀ ਕੋਈ ਮੁਕੱਦਮਾ ਨਾ ਜੰਮ ਸਕਿਆ। ਉਸ ਨੇ ਵੀ ਆਪਣੇ ਬਚਾਉਣ ਦਾ ਕੋਈ ਰਸਤਾ ਕਢ ਲਿਆ ਹੋਵੇਗਾ। ਪਰ ਮੇਰੇ ਨਾਲ ਉਹ ਗਵਾਹੀ ਤੋਂ ਨਾਰਾਜ਼ ਹੋ ਗਿਆ ਤੇ ਕਈ ਚਿਰ ਤਕ ਗੁੱਸੇ ਰਿਹਾ।



Digitized by Panjab Digital Library | www.panjabdigilib.org

# ਮੇਰਾ ਵੀਰ

ਆਪਣੀ ਹੱਡ ਬੀਤੀ ਲਿਖਦੇ ਲਿਖਦੇ ਮੈਨੂੰ ਆਪਣੇ ਵੀਰ ਸ: ਰਾਜ ਸਿੰਘ ਜੀ ਦੇ ਜੀਵਨ ਦੇ ਕੁਝ ਕੁ ਹਾਲ ਲਿਖ ਦੇਣ ਦੀ ਲੋੜ ਏਸ ਵਾਸਤੇ ਪਰਤੀਤ ਹੋ ਗਈ ਹੈ ਕਿ ਇਨ੍ਹਾਂ ਦੀਆਂ ਕਰਨੀਆਂ ਦਾ ਮੇਰੇ ਆਪਣੇ ਜੀਵਨ ਉਪਰ ਬਹੁਤ ਸਾਰਾ ਅਸਰ ਪਿਆ ਹੈ।

ਸ: ਰਾਜ ਸਿੰਘ ਜੀ ਜਿਨ੍ਹਾਂ ਨੂੰ ਸਾਡੇ ਚੱਕਾਂ (ਪਿੰਡਾਂ) ਦੇ ਰਹਿਣ ਵਾਲੇ ਜ਼ਿਮੀਂਦਾਰ ਸਜਣ ਸ: ਰਾਜਾ ਸਿੰਘ ਕਿਹਾ ਕਰਦੇ ਸਨ ਸਾਡੇ ਤਿੰਨਾਂ ਭਰਾਵਾਂ ਵਿਚੋਂ ਸਭ ਤੋਂ ਵਡੇ ਸਨ। ਮੈਂ ਸਭ ਤੋਂ ਛੋਟਾ ਸੀ ਤੇ ਸਾਡੇ ਦੋਹਾਂ ਦੇ ਦਰਮਿਆਨ ਵਾਲੇ ਦਾ ਨਾਮ ਸ: ਮਹਿਤਾਬ ਸਿੰਘ ਸੀ। ਮੇਰਾ ਇਕ ਹੋਰ ਛੋਟਾ ਭਰਾ ਵੀ ਸੀ ਜਿਸ ਦਾ ਨਾਮ ਸ: ਸੁਜਾਨ ਸਿੰਘ ਰਖਿਆ ਗਿਆ ਸੀ ਉਹ ਛੋਟੀ ਅਵੱਸਥਾ ਵਿਚ ਹੀ ਅਕਾਲ ਪੁਰਖ ਨੂੰ ਪਿਆਰਾ ਹੋ ਗਿਆ ਸੀ। ਇਸ ਲਈ ਮੈਨੂੰ ਉਸ ਦਾ ਕੋਈ ਖ਼ਾਸ ਚੇਤਾ ਵੀ ਨਹੀਂ। ਜਦੋਂ ਮੇਰੇ ਪਿਤਾ ਜੀ ਬਹੁਤ ਹੀ ਬਿਰਧ ਹੋ ਗਏ ਤਾਂ ਉਨ੍ਹਾਂ ਨੇ ਆਪਣੇ ਕਾਰ ਵਿਹਾਰ ਦਾ ਬਹੁਤ ਕਰ ਕੇ ਬੋਝ ਮੇਰੇ ਵਡੇ ਵੀਰ ਸ: ਰਾਜ ਸਿੰਘ ਦੇ ਮੋਢਿਆਂ ਉਪਰ ਹੀ ਸੁਟ ਦਿਤਾ ਸੀ। ਉਹ ਪਹਿਲਾਂ ਪਹਿਲ ਤਾਂ ਨੇੜੇ ਨੇੜੇ ਦੇ ਜ਼ਿਮੀਂਦਾਰੇ ਦਾ ਪ੍ਰਬੰਧ ਕਰਿਆ ਕਰਦੇ ਸਨ। ਤੇ ਮੀਲ ਮੀਲ ਦੋ ਦੋ ਮੀਲ ਤਕ ਪੈਦਲ ਹੀ ਗਸ਼ਤ ਕਰ ਆਇਆ ਕਰਦੇ ਸਨ ਪਰ ਜਦ ਕੁਝ ਹੋਸ਼ ਸੰਭਾਲੀ ਤਾਂ ਸਵਾਰੀ ਵਾਸਤੇ ਘੋੜੀ ਖ਼ਰੀਦ ਲਈ ਤੇ ਦੂਰ ਦੁਰੇਡੇ ਦੇ ਜ਼ਿਮੀਂਦਾਰੇ ਅਥਵਾ ਅਸਾਮੀ ਵਾੜੇ ਦੀ ਵੀ ਦੇਖ ਭਾਲ ਕਰਨ ਲਗ ਗਏ।



Digitized by Panjab Digital Library | www.panjabdigilib.org

ਉਨ੍ਹਾਂ ਨੂੰ ਜ਼ੀਨ ਸਵਾਰੀ ਦਾ ਬੜਾ ਸ਼ੌਕ ਹੋ ਆਇਆ। ਤੇ ਇਕ ਅੱਧ ਘੋੜਾ ਜਾਂ ਘੋੜੀ ਘਰ ਵਿਚ ਜ਼ਰੂਰ ਵੀ ਰਖੀ ਰਖਣਾ। ਜਦੋਂ ਵੀਰ ਜੀ ਨੇ ਸ਼ਾਹੂਕਾਰੇ ਦੇ ਕੰਮ ਨੂੰ ਹੱਥ ਵਿਚ ਲੈ ਲਿਆ ਉਦੋਂ ਜ਼ਮਾਨਾ ਕੁਝ ਕੁਝ ਬਦਲ ਗਿਆ ਸੀ।

ਕਦੇ ਕਦੇ ਦਾਅਵੇ ਵੀ ਕਰਨੇ ਪੈਂਦੇ ਸਨ। ਉਨ੍ਹਾਂ ਇਕ ਡਿਗਰੀ ਭਾਈ ਮਨੀ ਰਾਮ ਦੇ ਖਿਲਾਫ਼ ਕਰਵਾਈ ਅਤੇ ਬੈਲਫ਼ (ਪਿਆਦੇ) ਨਾਲ ਸਾਜ਼ਸ਼ ਕਰ ਕੇ ਉਸ ਨੂੰ ਦੋ ਪਿੰਡਾਂ ਦੇ ਵਿਚਕਾਹੇ ਜਾ ਘੇਰਿਆ। ਜਿਸ ਘੋੜੀ 'ਤੇ ਉਹ ਸਵਾਰ ਸੀ ਓਹੋ ਹੀ ਕੁਰਕ ਕਰਵਾ ਲਈ ਤੇ ਕੇਵਲ ਉਸ ਦੀ ਤੌਹੀਨ ਕਰਨ ਲਈ ਤਾਹਰੂ ਤੇ ਕਾਠੀ ਉਸ ਦੇ ਸਿਰ ਚੁਕਵਾ ਦਿਤੇ। ਜਦੋਂ ਪਿਤਾ ਜੀ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਹ ਵੀਰ ਜੀ ਨੂੰ ਬੜਾ ਹੀ ਗੁੱਸੇ ਹੋਏ ਤੇ ਕਹਿਣ ਲਗੇ ਕਿ ਭਾਈ ਮਨੀ ਰਾਮ ਬੜਾ ਹੀ ਸ਼ਰੀਫ ਆਦਮੀ ਹੈ ਤੇ ਕਿਸੇ ਸਮੇਂ ਚੰਗਾ ਪੈਸੇ ਵਾਲਾ ਹੁੰਦਾ ਸੀ। ਹੋ ਕੀ ਗਿਆ ਜੇ ਅੱਜ ਉਸ ਦੇ ਨਰਮ ਦਿਨ ਆ ਗਏ ਹਨ! ਤੂੰ ਉਸ ਦੀ ਤੌਹੀਨ (ਬੇਇੱਜ਼ਤੀ) ਨਹੀਂ ਸੀ ਕਰਨੀ। ਮਨੀ ਰਾਮ ਨੇ ਰੁਪਏ ਹੋਰ ਕਿਤੋਂ ਫੜ ਫੜਾ ਕੇ ਡਿਗਰੀ ਮੁਕਾ ਦਿਤੀ। ਪਰ, ਪਿਤਾ ਜੀ ਨੇ ਉਸ ਦਿਨ ਤੋਂ ਸ਼ਾਹੂਕਾਰਾ ਹੀ ਛੱਡ ਦਿਤਾ।

ਵੀਰ ਜੀ ਨੂੰ ਨਿੱਕੇ ਹੁੰਦਿਆਂ ਤੋਂ ਹੀ ਜੂਆ ਖੇਡਣ ਦੀ ਵਾਦੀ ਸੀ। ਉਹ ਆਪਣੇ ਛੋਟੇ ਭਰਾ ਮਹਿਤਾਬ ਸਿੰਘ ਨਾਲ ਮਿਲ ਕੇ ਰਾਤ ਨੂੰ ਚੁਬਾਰੇ ਵਾਲੀ ਬਾਰੀ ਵਿਚੋਂ ਦੀ ਬੈਠਕ ਦੀ ਛੱਤ ਉਪਰ ਆ ਜਾਇਆ ਕਰਦਾ ਸੀ। ਤੇ ਓਥੋਂ ਭਾਈ ਸੋਭਾ ਸਿੰਘ ਧਰਮਸਾਲੀਏ ਦੇ ਨੀਵੇਂ ਕੋਠੇ ਦੀ ਛੱਤ ਉਪਰ ਜਾਂ ਥੜੇ ਦੇ ਨਾਲ ਦੀ ਕੰਧ ਤੋਂ ਥੜੇ ਤੇ ਅਤੇ ਫੇਰ ਥੜੇ ਤੋਂ ਗਲੀ ਵਿਚ ਟੱਪ ਜਾਇਆ ਕਰਦੇ ਸਨ। ਅਤੇ ਜਦੋਂ ਕਾਫ਼ੀ ਰਾਤ ਗਈ ਘਰ ਮੁੜਦੇ ਤਾਂ ਮਹਿਤਾਬ ਸਿੰਘ ਹੁਰੀਂ ਬਾਰੀ ਖੋਲ੍ਹ ਕੇ ਉਨ੍ਹਾਂ ਨੂੰ ਚੁਬਾਰੇ ਅੰਦਰ ਕਰ ਲਿਆ ਕਰਦੇ। ਤੇ ਉਹ ਚੁੱਪ ਕਰ ਕੇ ਸੌਂ ਜਾਂਦੇ। ਘਰ ਦਿਆਂ ਨੂੰ ਉਨ੍ਹਾਂ ਦੇ ਏਸ ਟਾਪੋਰਾਪੇ ਦਾ ਕੁਝ ਵੀ ਪਤਾ ਨਹੀਂ ਸੀ ਲਗਦਾ।

ਮਹਿਤਾਬ ਸਿੰਘ ਹੁਰਾਂ ਨੂੰ ਇਹ ਵਾਦੀ ਪੈ ਗਈ ਕਿ ਪਿਤਾ ਜੀ ਦੀ ਧੋਤੀ ਦੀ ਡੱਬ ਵਿਚੋਂ ਨਕਦ ਰੁਪਏ ਖੋਲ੍ਹ ਕੇ ਕੱਢ ਲੈਂਦਾ ਤੇ ਉਨ੍ਹਾਂ ਰੁਪਿਆਂ ਦੀ ਥਾਂ ਤਾਂਬੇ ਦੀਆਂ ਮੋਟੀਆਂ ਮੋਟੀਆਂ ਰੁਪਏ ਦੇ ਆਕਾਰ ਦੀਆਂ ਅਧਿਆਨੀਆਂ ਬੰਨ੍ਹ



Digitized by Panjab Digital Library | www.panjabdigilib.org

ਦਿਆ ਕਰਦੇ । ਪਿਤਾ ਜੀ ਬੜੇ ਹੈਰਾਨ ਹੋਇਆ ਕਰਨ ਕਿ ਰਾਤ ਨੂੰ ਤਾਂ ਚਾਂਦੀ ਦੇ ਰੁਪਏ ਰੱਖ ਕੇ ਸੌਂ ਜਾਈਦਾ ਏ ਤੇ ਦਿਨ ਚੜ੍ਹਦੇ ਨੂੰ ਚਾਂਦੀ ਦਾ ਤਾਂਬਾ ਹੋ ਕੇ ਅਧਿਆਨੀਆਂ ਬਣ ਜਾਂਦੀਆਂ ਹਨ ।

ਮਹਿਤਾਬ ਸਿੰਘ ਚੁਰਾਏ ਹੋਏ ਰੁਪਏ ਵੀਰ ਜੀ ਨੂੰ ਜੂਆ ਖੇਡਣ ਵਾਸਤੇ ਦੇ ਦਿਆ ਕਰਦਾ ਸੀ ਤੇ ਜਦੋਂ ਕਿਤੇ ਵੀਰ ਜੀ ਨੂੰ ਜੂਏ ਵਿਚ ਕੌਡਾਂ ਸਿਧੀਆਂ ਪੈ ਜਾਦੀਆਂ ਤੇ ਕੁਝ ਨਕਦ ਨਰੈਣ ਹੱਥ ਆ ਜਾਂਦਾ ਤਾਂ ਉਹ ਮਹਿਤਾਬ ਸਿੰਘ ਨੂੰ ਵੀ ਐਸ਼ ਕਰਵਾ ਦਿਆ ਕਰਦਾ । ਅਤੇ ਜਦੋਂ ਕਿਤੇ ਵੀਰ ਜੀ ਕਿਧਰੇ ਵਾਂਹਡੇ ਚਲੇ ਜਾਂਦੇ ਤਾਂ ਉਹ ਜੂਏ ਦੀ ਸੇਲੀ ਟੋਪੀ ਮਹਿਤਾਬ ਸਿੰਘ ਨੂੰ ਦੇ ਜਾਂਦੇ ਤੇ ਇਨ੍ਹਾਂ ਦੀ ਥਾਂ ਉਹ ਜਾ ਦਾਅ ਲਾਉਂਦਾ ।

ਸਾਡਾ ਸ਼ਰੀਕੇ ਭਾਈਚਾਰੇ 'ਚੋਂ ਇਕ ਚਾਚਾ ਹੁੰਦਾ ਸੀ ਜੋ ਜੂਏ ਦੇ ਕੰਮ ਦਾ ਬੜਾ ਮਾਹਿਰ ਸੀ ਤੇ ਉਹ ਜੁਵਾਰੀਆਂ ਦਾ ਖ਼ਲੀਫ਼ਾ ਮਿਥਿਆ ਜਾਂਦਾ ਸੀ । ਉਹ ਆਪ ਤੇ ਦਾਅ ਨਹੀਂ ਲਾਉਂਦਾ ਸੀ ਨਿੱਕੇ ਪੋਚ ਨੂੰ ਏਸ ਚਾਟੇ ਲਾ ਕੇ ਉਨ੍ਹਾਂ ਨੂੰ ਜੂਆ ਖਿਡਾਇਆ ਕਰਦਾ ਤੇ 'ਨਾਲ' ਦੀ ਕਮਾਈ ਆਪ ਖਾਇਆ ਕਰਦਾ ਸੀ ।

ਉਸ ਨੇ ਮਹਿਤਾਬ ਸਿੰਘ ਨੂੰ 'ਨੇਕ' ਸਲਾਹ ਦਿਤੀ ਕਿ ਛੋਟੀ ਰਕਮ ਨਾਲ ਜੂਆ ਖੇਡਣ ਨਾਲ ਇਕ ਇਕ ਦੋ ਦੋ ਰੁਪਿਆ ਦੀ ਹਾਰ ਜਿਤ ਹੁੰਦੀ ਰਹਿੰਦੀ ਹੈ, ਪਰ ਜੇ ਕੋਈ ਵੱਡੀ ਰਕਮ ਜੂਏ ਦੇ ਦਾਅ ਉਪਰ ਲਗਾਈ ਜਾਵੇ ਤਾਂ ਜਿੱਤ ਦਾ ਗੱਫਾ ਵੀ ਤਕੜਾ ਹੱਥ ਲਗ ਜਾਂਦਾ ਹੈ । ਤੇ ਵੱਡੀ ਰਕਮ ਨੂੰ ਕਦੀ ਹਾਰ ਹੁੰਦੀ ਹੀ ਨਹੀਂ ।

ਜਦੋਂ ਉਹ ਚਾਚੇ ਦੇ ਚੰਗਾ ਅੱੜੇ ਚੜ੍ਹ ਗਿਆ ਤਾਂ ਇਕ ਦਿਨ ਚਾਚਾ ਜੀ ਨੇ ਉਨ੍ਹਾਂ ਨੂੰ ਇਕ ਨਵੀਂ ਪੱਟੀ ਪੜ੍ਹਾ ਦਿਤੀ ਕਿ ਮਾਂ ਦਾ ਕੋਈ ਗਹਿਣਾ ਚੁਰਾ ਕੇ ਲੈ ਆਵੇ ਤੇ ਅਗੇ ਚਾਂਦੀ ਵਿਚ ਖੇਡਾ ਦੇਣਾ ਉਸ ਦਾ ਕੰਮ ।

ਸੁ ਇਕ ਦਿਨ ਜਦ ਵੀਰ ਜੀ ਇਕ ਹਫ਼ਤੇ ਵਾਸਤੇ ਟੋਭਾ ਟੇਕ ਸਿੰਘ ਮੰਡੀ ਨੂੰ ਕੰਮ ਚਲੇ ਗਏ ਤਾਂ ਉਸ ਦਾ ਵਾਹਵਾ ਦਾਅ ਫਬ ਗਿਆ । ਉਹ ਮਾਂ ਜੀ ਦੀ ਕੈਂਠੀ ਕੱਢ ਕੇ ਲੈ ਗਿਆ ਤੇ ਚਾਚੇ ਦੇ ਹੱਥ ਜਾ ਫੜਾਈ ।

ਚਾਚੇ ਨੇ ਉਸ ਨੂੰ ਸੁਨਿਆਰੇ ਪਾਸ ਵੇਚ ਕੇ ਇਕ ਸੌ ਰੁਪਿਆ ਮਹਿਤਾਬ ਸਿਘ ਨੂੰ ਦੇ ਦਿਤਾ ਤੇ ਬਾਕੀ ਆਪ ਛਕ ਗਿਆ । ਪਹਿਲੋਂ ਦੋ ਤਿੰਨ ਦਿਨ ਤਾਂ ਉਸ ਨੂੰ



Digitized by Panjab Digital Library | www.panjabdigilib.org

ਜਿਤਾ ਜਿਤਾ ਕੇ ਉਸ ਦਾ ਹੌਸਲਾ ਵਧਾਈ ਗਿਆ ਤੇ ਫੇਰ ਤੀਜੇ ਕੁ ਦਿਨ ਸਾਰੇ ਰੁਪਏ ਹਰਾ ਕੇ ਮੁੰਡੇ ਨੂੰ ਨੰਗ ਕਰ ਦਿਤਾ।

ਮਾਂ ਜੀ ਨੂੰ ਆਪਣੇ ਨੁਕਸਾਨ ਦਾ ਪਤਾ ਤਾਂ ਲਗ ਗਿਆ, ਪਰ ਇਹ ਪਤਾ ਨਾ ਲਗ ਸਕਿਆ ਕਿ ਮਾਲ ਕੱਢ ਕੇ ਲੈ ਕੌਣ ਗਿਆ ਹੈ! ਜਦੋਂ ਵੀਰ ਜੀ ਘਰ ਆਏ ਤਾਂ ਦੂਜੇ ਸੁਨਿਆਰਿਆਂ ਨੇ ਦਸ ਦਿਤਾ ਕਿ ਉਸ ਦੇ ਮਗਰੋਂ ਉਸ ਦਾ ਛੋਟਾ ਭਰਾ ਸੌ ਸਵਾ ਸੌ ਰੁਪਿਆ ਹਾਰ ਬੈਠਾ ਹੈ। ਜਿਸ ਤੋਂ ਉਸ ਨੂੰ ਖ਼ਿਆਲ ਹੋ ਗਿਆ ਕਿ ਕੈਂਠੀ ਕਿਸ ਨੇ ਢਾਲੀ ਹੈ ? ਤੇ ਬਾਕੀ ਸਾਰੀ ਗੱਲ ਦਾ ਵੀ ਉਸ ਨੇ ਹੌਲੀ ਹੌਲੀ ਪਤਾ ਕੱਢ ਲਿਆ।

ਉਸ ਦੇ ਮਨ ਵਿਚ ਏਸ ਗੱਲ ਦਾ ਬੜਾ ਗ਼ੁੱਸਾ ਸੀ ਕਿ ਚਾਚੇ ਨੇ ਇਹ ਕਰਤੂਤ ਕੀ ਕੀਤੀ ਹੈ! ਉਹ ਇਕ ਦੋ ਦਿਨ ਮਗਰੋਂ ਜਦ ਮੰਡੀ ਵਿਚ ਗਿਆ ਤਾਂ ਚਾਚਾ ਓਥੇ ਹਿਦਵਾਣਿਆਂ ਦੀ ਪਿੜੀ ਲਗਾ ਕੇ ਵੇਚ ਰਿਹਾ ਸੀ। ਜਾਂਦੇ ਹੀ ਵੀਰ ਜੀ ਉਸ ਨਾਲ ਝਗੜਨ ਲਗ ਗਏ। ਫੇਰ ਗਾਲੋ ਗਾਲੀ ਹੋ ਪਏ ਤੇ ਇਕ ਦੂਏ ਨੂੰ ਧੌਲ ਧੱਪਾ ਵੀ ਕਰਨ ਲਗ ਪਏ। ਏਨੇ ਨੂੰ ਇਕ ਲਤੋਂ ਆਰੀ ਤੇ ਡੰਗੋਰੀ ਦੇ ਆਸਰੇ ਤੁਰਨ ਫਿਰਨ ਵਾਲਾ ਇਕ ਚੂਹੜਾ ਓਧਰ ਆਣ ਨਿਕਲਿਆ।

ਵੀਰ ਜੀ ਨੇ ਉਸ ਦੇ ਹੱਥੋਂ ਡੰਗੋਰੀ ਖੋਹ ਲਈ ਤੇ ਚਾਚੇ ਦੇ ਗੰਜੇ ਸਿਰ ਵਿਚ ਟਿਕਾ ਕੇ ਇਕ ਛੱਡ ਦਿਤੀ। ਉਸ ਦੀ ਖੋਪਰੀ ਤਾਂ ਸ਼ਰਾਬ ਪੀ ਪੀ ਕੇ ਅਗੇ ਹੀ ਖੱਗਾ ਹੋਈ ਪਈ ਸੀ, ਡਾਂਗ ਵਜਦਿਆਂ ਹੀ ਖਖੜ ਖਖੜੀ ਹੋ ਗਈ।

ਉਸ ਦੇ ਘਰ ਵਾਲੇ ਉਸ ਨੂੰ ਚੁੱਕ ਕੇ ਥਾਣੇ ਲੈ ਗਏ। ਰਪੋਟ ਲਿਖਵਾਈ ਤੇ ਹਸਪਤਾਲ ਪਹੁੰਚਾ ਦਿਤਾ। ਪਰ ਚਾਚਾ ਜੀ ਹਸਪਤਾਲ ਜਾਂਦਿਆਂ ਹੀ ਪੂਰੇ ਹੋ ਗਏ। ਵੀਰ ਜੀ ਦੇ ਭਾਗਾਂ ਨੂੰ ਉਸ ਦਾ Dying Declaration (ਮਰਨ ਸੇਜਾ ਦਾ ਬਿਆਨ) ਵੀ ਨਾ ਹੋ ਸਕਿਆ। ਨਹੀਂ ਤਾਂ ਵੀਰ ਜੀ ਦਾ ਬਚੇ ਰਹਿਣ ਦਾ ਕੋਈ ਰਾਹ ਨਾ ਰਹਿ ਜਾਂਦਾ।

ਵੀਰ ਜੀ ਹਰਨ ਹੋ ਗਏ ਤੇ ਚੋਖੇ ਚਿਰ ਤਕ ਪੁਲਿਸ ਦੇ ਕਾਬੂ ਹੀ ਨਾ ਆਏ। ਪਰ, ਕਦ ਕੁ ਤਕ ਨੱਸੇ ਰਹਿ ਸਕਦੇ ਸਨ। ਓੜਕ ਕਿਸੇ ਦੁਸ਼ਮਨ ਨੇ ਮੁਖ਼ਬਰੀ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਦਿਤਾ।

ਇਕ ਤਾਂ ਬਰਾਦਰੀ ਨੇ ਜੁੜ ਕੇ ਫ਼ੈਸਲਾ ਕਰ ਲਿਆ ਕਿ ਜਿਸ ਨੇ



Digitized by Panjab Digital Library | www.panjabdigilib.org

ਮਰਨਾ ਸੀ, ਉਹ ਤਾਂ ਮਰ ਹੀ ਗਿਆ ਸੀ, ਹੁਣ ਦੂਜੇ ਨੌਜਵਾਨ ਨੂੰ ਕਿਉਂ ਮਰਵਾਇਆ ਜਾਵੇ ? ਮਰਨ ਵਾਲੇ ਦੇ ਵਾਰਸਾਂ ਨੂੰ ਕੁਝ ਦੇ ਦਵਾ ਕੇ ਰਾਜ਼ੀ ਕਰ ਲਿਆ ਜਾਵੇ ਤਾਂ ਜੁ ਉਹ ਮੁਕੱਦਮੇ ਵਿਚ ਬਹੁਤਾ ਜ਼ੋਰ ਨਾ ਲਾਉਣ। ਦੂਜੇ "Alibe" (ਵਾਰਦਾਤ ਵੇਲੇ ਮੁਲਜ਼ਮ ਦੀ ਕਿਸੇ ਦੂਜੇ ਥਾਂ ਹਾਜ਼ਰੀ ਦੀ ਸ਼ਹਾਦਤ) ਵੀ ਪੱਕੀ ਬਣਾ ਲਈ ਗਈ।

ਚੂਹੜੇ ਨੂੰ ਕਾਫ਼ੀ ਰੁਪਿਆ ਦੇ ਕੇ ਮੁਕਰਾ ਲਿਆ ਗਿਆ। ਉਸ ਨੇ ਸ਼ਨਾਖ਼ਤ ਪਰੇਡ ਵਿਚ ਵੀਰ ਜੀ ਦੀ ਥਾਂ ਇਕ ਅਧਖੜ ਜਿਹੇ ਚਿੱਟੇ ਕੱਪੜਿਆਂ ਵਾਲੇ ਵਾਰਡਰ ਦੇ ਮੋਢੇ ਉਪਰ ਜਾ ਹੱਥ ਰੱਖਿਆ। ਜਿਸ ਨਾਲ ਮੌਕਿਆ ਦੇ ਗਵਾਹ ਦੀ ਸ਼ਨਾਖ਼ਤ ਹੀ ਰੱਦ ਹੋ ਗਈ। ਨਾਲੇ ਚੋਖਾ ਧਨ ਖ਼ਰਚ ਕੇ ਮੁਕੱਦਮਾ ਲੜਨ ਵਾਸਤੇ ਚੋਟੀ ਦੇ ਵਕੀਲਾਂ ਨੂੰ ਖੜੇ ਕਰ ਲਿਆ ਗਿਆ। ਸੁ ਰੁਪਿਆ ਤਾਂ ਬਹੁਤ ਖ਼ਰਚ ਆ ਗਿਆ, ਪਰ ਵੀਰ ਜੀ ਮੁਕੱਦਮੇ ਵਿਚੋਂ ਸਾਫ਼ ਹੀ ਬਚ ਕੇ ਨਿਕਲ ਗਏ।

ਵੀਰ ਜੀ ਘਰ ਆਏ ਤਾਂ ਪਿਤਾ ਜੀ ਨੇ ਬੜਾ ਸਮਝਾਇਆ ਕਿ ਗ਼ੁੱਸਾ ਬਹੁਤ ਚੰਡਾਲ ਹੁੰਦਾ ਹੈ। ਗ਼ੁੱਸਾ ਖਾ ਕੇ ਕੋਈ ਕੰਮ ਕਾਹਲੀ ਵਿਚ ਨਹੀਂ ਕਰਨਾ ਚਾਹੀਦਾ। ਤੂੰ ਆਪਣੇ ਭਰਾ ਨੂੰ ਸਮਝਾ ਲੈਂਦਾ। ਧੌਲ ਧੱਪਾ ਹੀ ਕਰ ਲੈਂਦੋਂ। ਪਰ, ਹੁਣ ਤਾਂ ਜੋ ਹੋਣਾ ਸੀ ਸੋ ਹੋ ਗਿਆ। ਏਸ ਗੱਲ ਦਾ ਹੀ ਸਭਨਾਂ ਨੇ ਸ਼ੁਕਰ ਮਨਾਇਆ ਕਿ ਵੀਰ ਜੀ ਫਾਹੇ ਲਗ ਜਾਣ ਤੋਂ ਬਚ ਗਏ।

ਅਗੋਂ ਵਾਸਤੇ ਪਿਤਾ ਜੀ ਨੇ ਇਹੋ ਹੀ ਤਜਵੀਜ਼ ਸੋਚ ਲਈ ਕਿ ਸ਼ਾਹੂਕਾਰਾ ਤਾਂ ਬੰਦ ਕੀਤਾ ਹੀ ਜਾ ਚੁੱਕਾ ਹੈ। ਹੁਣ ਰੁਪਿਆ ਪੈਸਾ ਨਵੀਆਂ ਮੰਡੀਆਂ ਵਿਚ ਜਾਇਦਾਦਾਂ ਖ਼ਰੀਦਣ 'ਤੇ ਹੀ ਲਗਾਇਆ ਜਾਵੇ। ਇਨ੍ਹਾਂ ਜਾਇਦਾਦਾਂ ਦਾ ਕਿਰਾਇਆ ਕਾਫ਼ੀ ਆ ਜਾਇਆ ਕਰੇਗਾ। ਜ਼ਿਮੀਂਦਾਰੇ ਦੀ ਪੱਕੀ ਆਮਦਨ ਅੱਗੇ ਬਣੀ ਹੋਈ ਹੀ ਸੀ। ਸਾਨੂੰ ਦੋਹਾਂ ਛੋਟਿਆਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਨ ਲਈ ਭੇਜ ਦਿਤਾ ਗਿਆ।



Digitized by Panjab Digital Library | www.panjabdigilib.org

# ਝਟਕਾ ਤੇ ਬਲਵਾ

ਸਾਡਾ ਪਿੰਡ ਕੋਈ ਛੋਟਾ ਜਿਹਾ ਮਾਮੂਲੀ ਪਿੰਡ ਨਹੀਂ ਸੀ। ਖ਼ਾਸਾ ਵੱਡਾ ਕਸਬਾ ਸੀ। ਇਸ ਵਿਚ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀ ਤਕੜੀ ਵਸੋਂ ਨਾਲੋ ਨਾਲ ਵਸਦੀ ਸੀ। ਡਾਕਖ਼ਾਨਾ, ਸਕੂਲ, ਥਾਣਾ, ਰੇਲਵੇ ਸਟੇਸ਼ਨ ਤੇ ਹਸਪਤਾਲ ਆਦਿ ਤੇ ਦੋ ਦੋ ਢਾਈ ਢਾਈ ਸੌ ਦੁਕਾਨਾਂ ਦੇ ਦੋ ਵੱਡੇ ਵੱਡੇ ਬਾਜ਼ਾਰ ਵੀ ਸਨ। ਇਕ ਤਕੜੀ ਮੰਡੀ ਵੀ ਸੀ, ਜਿਸ ਵਿਚ ਨਾ ਕੇਵਲ ਅਨਾਜ ਦਾ ਹੀ ਵਪਾਰ ਹੁੰਦਾ ਸੀ, ਸਗੋਂ ਸਬਜ਼ੀ, ਫਲ, ਤੇ ਸੁਕੇ ਮੇਵੇ ਵੀ ਆਮ ਵਿਕਦੇ ਸਨ। ਦੇਸੀ ਸ਼ਰਾਬ ਦਾ ਇਕ ਠੇਕਾ ਵੀ ਸੀ ਜਿਥੋਂ ਦਸ ਦਸ, ਵੀਹ ਵੀਹ ਕੋਹਾਂ ਤੋਂ ਲੋਕੀਂ ਆ ਆ ਕੇ ਆਪਣੀਆਂ ਲੋੜਾਂ ਪੂਰੀਆਂ ਕਰਦੇ ਸਨ। ਆਮ ਵਸੋਂ ਮੁਸਲਮਾਨਾਂ ਦੀ ਸੀ, ਸੁ ਆਮ ਲੋਕੀਂ ਸ਼ੌਕੀਆ ਸ਼ਰਾਬ ਪੀਣ ਦੇ ਆਦੀ ਨਹੀਂ ਸਨ। ਦਵਾਈ ਦੇ ਤੌਰ ਹੀ ਵਰਤੋਂ ਵਿਚ ਲਿਆਉਂਦੇ ਸਨ। ਏਸੇ ਵਾਸਤੇ ਉਹ ਲੋਕ ਸ਼ਰਾਬ ਨੂੰ 'ਦਾਰੂ' ਆਖਿਆ ਕਰਦੇ ਸਨ।

ਆਬਾਦੀ ਦੇ ਲਿਹਾਜ਼ ਵੀ ਕਈ ਪਿੰਡ ਰਲਾ ਕੇ ਜਿੰਨੀ ਆਬਾਦੀ ਹੋ ਸਕਦੀ ਸੀ ਉਨੀ ਆਬਾਦੀ ਸਾਡੇ ਇਕ ਇਕੱਲੇ ਹੀ ਪਿੰਡ ਦੀ ਸੀ। ਮੁਸਲਮਾਨਾਂ ਦੀ ਵਸੋਂ ਹਿੰਦੂਆਂ ਤੇ ਸਿੱਖ ਦੀ ਮਿਲਵੀਂ ਆਬਾਦੀ ਨਾਲੋਂ ਵੀ ਵਧੇਰੇ ਸੀ। ਪਰ ਹਿੰਦੂ ਵੀ ਤੇ ਸਿੱਖ ਵੀ ਰੁਪਏ ਪੈਸੇ ਵਿਚ ਮੁਸਲਮਾਨਾਂ ਨਾਲੋਂ ਬਹੁਤ ਤਕੜੇ ਸਨ। ਜ਼ਮੀਨਾਂ ਤੇ ਸ਼ਾਮਲਾਤ ਦੇ ਮਾਲਕ ਵੀ ਸਨ।

ਮੈਨੂੰ ਕਈਆਂ ਲੋਕਾਂ ਨੇ ਇਹ ਗੱਲ ਪੁੱਛੀ ਹੈ ਕਿ ਤੇਰੇ ਪਿੰਡ ਦਾ ਨਾਮ



Digitized by Panjab Digital Library | www.panjabdigilib.org

'ਮਿੱਠਾ ਟਿਵਾਣਾ' ਕਿਉਂ ਹੈ ?

ਇਹ ਨਾਮ ਦੋ ਸ਼ਬਦਾਂ ਦਾ ਮਿਲਗੋਭਾ ਹੈ। ਇਕ 'ਮਿੱਠਾ' ਤੇ ਦੂਜਾ 'ਟਿਵਾਣਾ' ।'ਮਿੱਠਾ' ਏਸ ਵਾਸਤੇ ਕਿ ਲਾਂਭ ਚਾਂਭ ਦੇ ਪਿੰਡਾਂ ਦਾ ਪਾਣੀ ਕੌੜਾ (ਖਾਰਾ) ਹੁੰਦਿਆਂ ਹੋਇਆਂ ਵੀ ਏਸ ਪਿੰਡ ਦਾ ਪਾਣੀ ਬਿਲਕੁਲ ਮਿੱਠਾ ਸੀ। 'ਟਿਵਾਣਾ' ਏਸ ਵਾਸਤੇ ਕਿ ਏਸ ਨੂੰ ਵਸਾਉਣ ਵਾਲੇ ਟਿਵਾਣਾ ਗੋਤੀ ਦੇ ਮੁਸਲਮਾਨ ਜੱਟ ਸਨ।

ਮੁਸਲਮਾਨਾਂ ਦੀ ਵਸੋਂ ਬਹੁਤ ਜ਼ਿਆਦਾ ਹੋਣ ਦੇ ਕਾਰਨ ਹਿੰਦੂ ਸਿੱਖ ਉਸ ਪਿੰਡ ਵਿਚ ਖੁਲ੍ਹਮ-ਖੁਲ੍ਹਾ ਝਟਕਾ ਨਹੀਂ ਸਨ ਕਰ ਸਕਦੇ। ਹੋਰ ਪਿੰਡਾਂ ਦੇ ਲੋਕ ਤਾਂ ਬਹੁਤ ਡਰਦੇ ਸਨ। ਪਰ, ਸਾਡੇ ਪਿੰਡ ਦੇ ਸਿੱਖ ਆਪਣੇ ਘਰਾਂ ਜਾਂ ਹਵੇਲੀਆਂ ਵਿਚ ਲੁਕ ਛਿਪ ਕੇ ਝਟਕਾ ਕਰ ਲਿਆ ਕਰਦੇ ਸਨ। ਪੰਜਾਂ, ਸੱਤਾਂ, ਦਸਾਂ ਨੇ ਰਲ ਕੇ ਇਕ ਅਧ ਬਕਰਾ ਜਾਂ ਛੱਤਰਾ (ਭੇਡੂ) ਝਟਕਾ ਲੈਣਾ ਤੇ ਫੇਰ ਹਿੱਸਾ ਕਰ ਲੈਣਾ ਤੇ ਜਿੰਨੇ ਜਿੰਨੇ ਪੈਸੇ ਕਿਸੇ ਦੇ ਹਿੱਸੇ ਆਉਣ ਵਿਣਛਵਾਰ ਕਰ ਲਿਆ ਕਰਨਾ ਅਤੇ ਖੱਲ ਚੋਰੀ ਛਿਪੇ ਕਸਾਈ ਕੋਲ ਸਸਤੇ ਭਾਅ ਵੇਚ ਆਉਣਾ।

ਹੌਲੀ ਹੌਲੀ ਸਾਡੇ ਪਿੰਡ ਤਾਂ ਇਕ ਸਿੰਘ ਕਿਸ਼ਨ ਸਿੰਘ ਨੇ ਆਮ ਝਟਕਾ ਬਣਾਉਣਾ ਤੇ ਵੇਚਣਾ ਸ਼ੁਰੂ ਕਰ ਦਿਤਾ, ਪਰ ਅੰਦਰ ਵੜ ਕੇ। ਲਾਗੇ ਬੰਨੇ ਦੇ ਪਿੰਡਾਂ ਦੇ ਸਿੱਖਾਂ ਵੀ; ਵਿਆਹ ਸ਼ਾਦੀਆਂ ਅਥਵਾ ਦਿਨਾਂ ਤਿਹਾਰਾਂ ਦੇ ਮੌਕਿਆਂ 'ਤੇ ਸਾਡੇ ਪਿੰਡੋਂ ਹੀ ਕਿਸੇ ਆਪਣੇ ਸਾਂਝ ਵਾਲੇ ਦੀ ਰਾਹੀਂ ਝਟਕਾ ਮੰਗਵਾ ਲੈਣਾ। ਖਾ ਪੀ ਕੇ ਹੱਡੀਆਂ ਬਾਹਰ ਕਿਧਰੇ ਟਿੱਬਿਆਂ ਵਿਚ ਜਾ ਦੱਬਣੀਆਂ।

ਵੀਰ ਜੀ ਦਾ ਯਾਰਾਨਾ ਟਿਵਾਣਿਆਂ ਦੇ ਪੀਰਾਂ ਮਿਆਣਿਆਂ ਨਾਲ ਹੋ ਗਿਆ ਸੀ, ਏਸ ਕਰ ਕੇ ਵੀ ਵੀਰ ਜੀ ਦਾ ਹੌਸਲਾ ਬਹੁਤ ਵਧ ਗਿਆ ਸੀ। ਕਈ ਵਾਰ ਉਨ੍ਹਾਂ ਨਾਲ ਵੀ ਜਾ ਜਾ ਕੇ ਝਗੜਾ ਕਰਦੇ ਰਹੇ ਕਿ ਜਿਹੜੀ ਚੀਜ਼ ਖਾਣ ਲਈ ਸਾਡਾ ਧਰਮ ਇਜਾਜ਼ਤ ਨਹੀਂ ਦੇਂਦਾ ਉਸ ਚੀਜ਼ ਦੇ ਖਾਣ ਲਈ ਸਾਨੂੰ ਮਜਬੂਰ ਕਿਉਂ ਕੀਤਾ ਜਾਵੇ ? ਜੇ ਮੁਸਲਮਾਨਾਂ ਲਈ ਝਟਕਾ ਹਰਾਮ ਹੈ ਤਾਂ ਸਿੱਖਾਂ ਲਈ ਵੀ ਕੁੱਠਾ ਖਾਣਾ ਉਸੇ ਤਰ੍ਹਾਂ ਹਰਾਮ ਹੈ। ਹਰ ਕਿਸੇ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਜਿਸ ਢੰਗ ਨਾਲ ਜੀ ਕਰੇ ਬੱਕਰੇ ਜਾਂ ਭਾਰੂ (ਭੇਡੂ) ਨੂੰ ਵਢ ਟੁਕ ਕੇ ਖਾ ਲਵੇ। ਸਿਆਣੇ ਸਿਆਣੇ ਮੁਸਲਮਾਨ ਤਾਂ ਏਸ ਦਲੀਲ



Digitized by Panjab Digital Library | www.panjabdigilib.org

ਦੇ ਕਾਇਲ ਹੋ ਗਏ, ਪਰ ਆਮ ਮੁਸਲਮਾਨ ਹਠ-ਧਰਮੀ ਕਰ ਕੇ ਆਪਣੀ ਟੰਗ ਉੱਚੀ ਹੀ ਰੱਖਣੀ ਚਾਹੁੰਦੇ ਸਨ ਤੇ ਹਿੰਦੂਆਂ ਸਿੱਖਾਂ ਨੂੰ ਹਰ ਤਰ੍ਹਾਂ ਆਪਣੇ ਅਧੀਨ ਦਬੱਾ ਕੇ ਰੱਖਣ ਨੂੰ ਆਪਣਾ ਹੱਕ ਸਮਝਦੇ ਸਨ। ਤੇ ਉਹ ਆਪਣੇ ਏਸ ਬੇ-ਦਲੀਲੇ ਹਠ ਨੂੰ ਕਿਸੇ ਸੂਰਤ ਵੀ ਛੱਡ ਦੇਣ ਨੂੰ ਤਿਆਰ ਨਹੀਂ ਸਨ।

ਮੇਰੇ ਚਾਚਾ ਜੀ ਸਰਦਾਰ ਹੁਕਮ ਸਿੰਘ ਦੇ ਪੁੱਤਰ ਸਰਦਾਰ ਪ੍ਰੇਮ ਸਿੰਘ ਦਾ ਵਿਆਹ ਨੇੜੇ ਆ ਗਿਆ, ਤਾਂ ਵੀਰ ਜੀ ਨੇ ਪਿੰਡ ਵੀ ਢੰਡੋਰਾ ਫਿਰਵਾ ਦਿਤਾ ਕਿ ਜਿਸ ਦਿਨ ਜੰਞ ਚੜ੍ਹੇਗੀ, ਉਹ ਸਾਰੇ ਲੋਕਾਂ ਦੇ ਰੂ-ਬ-ਰੂ ਗਲੀ ਦੇ ਵਿਚ ਬੱਕਰੇ ਝਟਕਾਏਗਾ, ਜਿਸ ਦੀ ਹਿੰਮਤ ਹੈ, ਉਹ ਸਾਹਮਣੇ ਆ ਕੇ ਰੋਕ ਕੇ ਵੇਖ ਲਵੇ। ਪਟਵਾਰੀ ਕਈਆਂ ਸਾਲਾਂ ਤੋਂ ਸਾਡੇ ਮਕਾਨ ਵਿਚ ਰਹਿ ਰਿਹਾ ਸੀ ਤੇ ਥਾਣੇਦਾਰ ਵੀ ਸਾਡੇ ਹੀ ਇਕ ਦੂਸਰੇ ਮਕਾਨ ਵਿਚ ਰਹਿੰਦਾ ਸੀ। ਦੋਹਾ ਨਾਲ ਸਾਡੀ ਵਾਹਵਾ ਬਣੀ ਹੋਈ ਸੀ। ਉਹਨੀਂ ਦਿਨੀਂ ਬਰਾਤਾਂ ਨਾਲ ਬਹੁਤ ਸਾਰੇ ਜਾਂਞੀਂ ਜੁੜ ਕੇ ਜਾਇਆ ਕਰਦੇ ਸਨ। ਜਿਸ ਦਿਨ ਸ਼ਾਮ ਨੂੰ ਬਰਾਤ ਚੜ੍ਹਨੀ ਸੀ, ਉਸੇ ਦਿਨ ਦੁਪਹਿਰ ਵੇਲੇ ਦੋ ਤਿੰਨ ਬੱਕਰੇ ਗਲੀ ਵਿਚ ਹੀ ਝਟਕਾਏ ਗਏ।

ਸਾਡੇ ਬਰਾਤੀਆਂ ਵਿਚੋਂ ੫੦—੬੦ ਚੋਣਵੇਂ ਗਭਰੂ ਲਾਠੀਆਂ ਲੈ ਕੇ ਲੜਨ ਮਰਨ ਨੂੰ ਤਿਆਰ-ਬਰ-ਤਿਆਰ ਬੈਠੇ ਸਨ। ਉਧਰੋਂ ਦੋ ਕੁ ਸੌ ਮੁਸਲਮਾਨ ਲਾਠੀਆਂ ਲੈ ਸਾਡੇ ਉਪਰ 'ਅੱਲੀ' 'ਅੱਲੀ' ਦੇ ਨਾਅਰੇ ਲਾਉਂਦੇ ਆਣ ਪਏ। ਏਧਰੋਂ ਸਾਡੇ ਆਦਮੀਆਂ ਨੇ ਵੀ ਲਾਠੀਆਂ ਸੂਤ ਲਈਆਂ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਮੁਸਲਮਾਨਾਂ ਦੇ ਟਾਕਰੇ ਵਾਸਤੇ ਪਿੜ ਬੰਨ੍ਹ ਖਲੋਤੇ। ਦੋਹਾਂ ਪਾਸਿਆਂ ਤੋਂ ਮੀਂਹ ਵਾਂਗ ਲਾਠੀਆਂ ਵਰ੍ਹਨ ਲਗ ਪਈਆਂ। ਖ਼ੂਬ ਡਟ ਕੇ ਲਾਠੀਆਂ ਦਾ ਭੇੜਾ ਮਚ ਪਿਆ। ਦੋ ਮੁਸਲਮਾਨ ਥਾਂ ਹੀ ਮਾਰੇ ਗਏ। ਸਾਡਾ ਆਦਮੀ ਕੋਈ ਮਰਿਆ ਤਾਂ ਨਾਂਹ, ਪਰ ਪੰਜ ਸੱਤ ਬੰਦੇ ਫਟੜ ਜ਼ਰੂਰ ਹੋ ਗਏ।

ਪੁਲੀਸ ਆ ਗਈ, ਥਾਣੇਦਾਰ ਨੇ ਚਾਚਾ ਜੀ ਨੂੰ ਆਣ ਆਖਿਆ ਕਿ "ਤੁਸੀਂ ਬਾਰਾਤ ਲੈ ਕੇ ਚਲੇ ਜਾਉ। ਮੈਂ ਮਗਰੋਂ ਸਾਰਾ ਮਾਮਲਾ ਆਪੇ ਸਮੇਟ ਲਵਾਂਗਾ।" ਸੁ ਏਸੇ ਤਰ੍ਹਾਂ ਕੀਤਾ ਗਿਆ।

ਪੁਲੀਸ ਨੇ ਸਾਡੇ ਇਕ ਆਦਮੀ ਦੀ ਰਪੋਟ ਦਰਜ ਕਰ ਲਈ ਕਿ ਅਸੀਂ



Digitized by Panjab Digital Library | www.panjabdigilib.org

ਆਪਣੀ ਹਵੇਲੀ ਵਿਚ ਝਟਕਾ ਕਰ ਰਹੇ ਸੀ ਕਿ ਮੁਸਲਮਾਨ ਦਰਵਾਜ਼ੇ ਭੰਨ ਕੇ ਹਵੇਲੀ ਅੰਦਰ ਆਣ ਵੜੇ। ਬਲਵਾ ਕੀਤਾ ਤੇ ਸਾਡੇ ਅੱਠ ਦਸ ਆਦਮੀਆਂ ਨੂੰ ਫਟੜ ਕਰ ਦਿਤਾ। ਜਿਹੜੇ ਥਾਂ ਹੀ ਮਾਰੇ ਗਏ ਸਨ, ਉਨ੍ਹਾਂ ਦੀ ਕਿਸੇ ਨੇ ਕੋਈ ਪਰਵਾਹ ਹੀ ਨਾ ਕੀਤੀ। ਉਨ੍ਹਾਂ ਦੀਆਂ ਲੋਥਾਂ ਨੂੰ ਸਾਡੇ ਆਦਮੀਆਂ ਨੇ ਬਲਦੀ ਲੋਹ ਹੇਠਾਂ ਡਾਹ ਕੇ ਉਨ੍ਹਾਂ ਦਾ ਮੁਦਾ ਹੀ ਗੁੰਮ ਕਰ ਦਿਤਾ ਤੇ ਏਸ ਗੱਲ ਦੀ ਕਿਸੇ ਨੂੰ ਵੀ ਕੋਈ ਖ਼ਬਰ ਨਾ ਲਗੀ।

ਬਾਕੀ ਰਹਿ ਗਿਆ ਫਟੜਾਂ ਦਾ ਮਾਮਲਾ, ਜੋ ਦੋਹਾਂ ਧਿਰਾਂ ਦੇ ਫਟੜ ਹੋਏ ਸਨ ਤੇ ਏਸ ਸੱਚਾਈ ਤੋਂ ਕੋਈ ਮੁਕਰ ਸਕਦਾ ਹੀ ਨਹੀਂ ਸੀ, ਕਿ ਲੜਾਈ ਸ਼ੁਰੂ ਹੋਈ ਮੁਸਲਮਾਨਾਂ ਦੇ ਆਪਣੇ ਪੈਰੋਂ ਸੀ। ਫ਼ਰਕ ਕੇਵਲ ਏਸ ਗੱਲ ਦਾ ਰਹਿ ਗਿਆ ਕਿ ਮੁਸਲਮਾਨ ਕਹਿੰਦੇ ਸਨ ਕਿ ਝਟਕਾ ਗਲੀ ਅੰਦਰ ਸ਼ਾਰਹਿ ਆਮ (ਆਮ ਲਾਂਘੇ) ਵਿਚ ਕੀਤਾ ਗਿਆ ਸੀ ਤੇ ਅਸੀਂ ਕਹਿੰਦੇ ਸੀ ਕਿ ਝਟਕਾ ਹਵੇਲੀ ਅੰਦਰ ਕੀਤਾ ਗਿਆ ਸੀ ਤੇ ਮੁਸਲਮਾਨਾਂ ਨੇ ਫਸਾਦ ਸਾਡੀ ਪ੍ਰਾਈਵੇਟ ਹਵੇਲੀ ਅੰਦਰ ਆ ਕੇ ਕੀਤਾ ਹੈ। ਉਂਜ ਕਈ ਦਿਨ ਪਹਿਲਾਂ ਤੋਂ ਹਵੇਲੀ ਅੰਦਰ ਝਟਕਾ ਤਾਂ ਹੁੰਦਾ ਆ ਰਿਹਾ ਸੀ ਅਤੇ ਖ਼ੂਨ ਆਦਿ ਦੇ ਨਿਸ਼ਾਨ ਵੀ ਮੌਜੂਦ ਸਨ।

ਗਲੀ ਵਾਲੇ ਨਿਸ਼ਾਨ ਸਭ ਮਿਟਾ ਦਿਤੇ ਗਏ ਸਨ। ਪੁਲਿਸ ਤਾਂ ਸਾਡੇ ਨਾਲ ਮਿਲੀ ਹੋਈ ਹੈਗੀ ਹੀ ਸੀ, ਸੁ ਸਾਡਾ ਬਿਆਨ ਸੱਚਾ ਮੰਨਿਆ ਗਿਆ ਅਤੇ ਮੁਸਲਮਾਨਾਂ ਦੇ ਬਹੁਤ ਸਾਰੇ ਬੰਦੇ ਗ੍ਰਿਫ਼ਤਾਰ ਕਰ ਕੇ ਪੁਲਸ ਨੇ ਹਵਾਲਾਤ ਵਿਚ ਡਕ ਦਿਤੇ।

ਓੜਕ ਦੋਹਾਂ ਧਿਰਾਂ ਦਾ ਪੁਲਿਸ ਨੇ ਰਾਜ਼ੀਨਾਵਾਂ ਕਰਵਾ ਦਿਤਾ। ਮੁਸਲਮਾਨਾਂ ਨੂੰ ਡੰਨ ਲਗਾਇਆ ਗਿਆ, ਜੋ ਉਨ੍ਹਾਂ ਭਰ ਦਿਤਾ ਤੇ ਪੁਲਿਸ ਨੇ ਵੀ ਉਨ੍ਹਾਂ ਪਾਸੋਂ ਆਪਣੇ ਹੱਥ ਰੰਗ ਲਏ।

ਮਗਰੋਂ ਬਹੁਤ ਸਾਰੇ ਮੁਸਲਮਾਨਾਂ ਨੇ ਜ਼ਿਲਾ ਕਚਹਿਰੀ ਵਿਚ ਜਾ ਕੇ ਬੜਾ ਵਾ-ਵੇਲਾ ਮਚਾਇਆ ਕਿ ਨਾਲੇ ਤੇ ਉਨ੍ਹਾਂ ਦੇ ਦੋ ਬੰਦੇ ਕਤਲ ਕਰ ਦਿਤੇ ਗਏ ਹਨ ਤੇ ਨਾਲੇ ਡੰਨ ਵੀ ਉਨ੍ਹਾਂ ਪਾਸੋਂ ਹੀ ਭਰਵਾਇਆ ਗਿਆ ਹੈ। ਕਤਲ ਹੋਏ ਬੰਦਿਆਂ ਦੀਆਂ ਲਾਸ਼ਾਂ ਗੁੰਮ ਕਰ ਦਿਤੀਆਂ ਗਈਆਂ ਹਨ।



Digitized by Panjab Digital Library | www.panjabdigilib.org

ਪਰ ਏਸ ਗੱਲ ਦਾ ਸਬੂਤ ਕੋਈ ਵੀ ਨਾ ਦੇ ਸਕੇ। ਜ਼ਿਲੇ ਵਲੋਂ ਕਈ ਹਾਕਮ ਪੜਤਾਲ ਕਰਨ ਵੀ ਆਉਂਦੇ ਰਹੇ, ਪਰ ਕਿਸੇ ਨੇ ਵੀ ਮੁਸਲਮਾਨਾਂ ਦੇ ਹੱਕ ਵਿਚ ਰਪੋਟ ਨਾ ਕੀਤੀ। ਤੇ ਮਾਮਲਾ ਉਸੇ ਤਰ੍ਹਾਂ ਹੀ ਠਪ ਠਪਾ ਦਿਤਾ ਗਿਆ, ਸਗੋਂ ਸਾਰੇ ਪਿੰਡ ਨੂੰ ਇਕੱਠਾ ਕਰ ਕੇ ਮਾਲ ਅਫ਼ਸਰ ਸਾਹਿਬ (ਜਿਨ੍ਹਾਂ ਨੂੰ ਮੈਜਿਸਟ੍ਰੇਟੀ ਅਧਿਕਾਰ ਵੀ ਪ੍ਰਾਪਤ ਸਨ) ਨਸੀਹਤ ਕਰ ਗਏ ਕਿ, "ਜਿਵੇਂ ਮੁਸਲਮਾਨਾਂ ਨੂੰ ਜਾਨਵਰ ਹਲਾਲ ਕਰ ਕੇ ਖਾਣ ਦਾ ਹੱਕ ਹੈ, ਇਵੇਂ ਹੀ ਸਿਖਾਂ ਤੇ ਹਿੰਦੂਆਂ ਨੂੰ ਵੀ ਝਟਕਾ ਕਰ ਕੇ ਖਾਣ ਦਾ ਪੂਰੀ ਪੂਰੀ ਖੁਲ੍ਹ ਹੈ। ਪਰ, ਹਾਂ, ਜੋ ਕੋਈ ਦੂਜੇ ਫ਼ਰੀਕ ਦਾ ਦਿਲ ਦੁਖਾਉਣ ਦੀ ਖੋਟੀ ਨੀਅਤ ਨਾਲ ਝਟਕਾ ਜਾਂ ਹਲਾਲ ਆਮ ਜਨਤਾ ਦੇ ਲਾਂਘੇ ਵਿਚ ਕਰੇਗਾ, ਉਸ ਨੂੰ ਸਜ਼ਾ ਦਿਤੀ ਜਾਵੇਗੀ।"

ਬਸ ਉਸ ਦਿਨ ਤੋਂ ਤਾਂ ਸਾਨੂੰ ਝਟਕੇ ਦੀ ਆਮ ਖੁਲ੍ਹ ਮਿਲ ਗਈ, ਜਿਸ ਦਾ ਜੀਅ ਕਰੇ ਝਟਕਾ ਕਰ ਕੇ ਮਾਸ ਖਾ ਲਿਆ ਕਰੇ ਤੇ ਹੱਡੀਆਂ ਕੁੱਤਿਆਂ ਨੂੰ ਪਾ ਦਿਤੀਆਂ ਜਾਣ। ਹੁਣ ਚੋਰੀ ਛੁਪੀ ਟਿੱਬਿਆਂ ਅੰਦਰ ਦਬਾ ਦੇਣ ਦੀ ਕੋਈ ਲੋੜ ਨਾ ਰਹਿ ਗਈ।



Digitized by Panjab Digital Library | www.panjabdigilib.org

# ਹੋਲੀਆਂ 'ਤੇ ਫ਼ਸਾਦ

ਝਟਕੇ ਦਾ ਮੋਰਚਾ ਸਰ ਕਰ ਲੈਣ ਨਾਲ ਮੇਰੇ ਵੀਰ ਦਾ ਹੌਸਲਾ ਹੋਰ ਵਧ ਗਿਆ। ਸ਼ਾਹੂਕਾਰਾ ਕਾਰ-ਵਿਹਾਰ ਬੰਦ ਕੀਤੇ ਜਾਣ ਕਾਰਨ ਸ਼ਹਿਰਾਂ ਤੇ ਨਵੀਆਂ ਮੰਡੀਆਂ ਵਿਚ ਜਾਇਦਾਦਾਂ ਖੜੀਆਂ ਕਰਨ ਦਾ ਫ਼ੈਸਲਾ ਕਰ ਲਿਆ ਗਿਆ ਸੀ। ਭਾਵੇਂ ਮੇਰੇ ਮਾਤਾ ਪਿਤਾ ਜੀ ਤੇ ਹੋਰ ਸਾਰਾ ਪਰਿਵਾਰ ਪਿੰਡ ਹੀ ਰਹਿ ਰਹੇ ਸਨ, ਪਰ ਮੇਰੇ ਵੀਰ ਜੀ ਜਾਇਦਾਦਾਂ ਦੀ ਖ਼ਰੀਦਾਰੀ ਤੇ ਮਕਾਨਾਂ ਦੁਕਾਨਾਂ ਦੀਆਂ ਇਮਾਰਤਾਂ ਬਣਵਾਉਣ ਵਾਸਤੇ ਸਰਗੋਧੇ ਹੀ ਰਿਹਾਇਸ਼ ਲੈ ਆਏ ਸਨ। ਉਨ੍ਹਾਂ ਨੇ ਤੇ ਚਾਚਾ ਹੁਕਮ ਸਿੰਘ ਜੀ ਨੇ ਮਿਲ ਕੇ ਕਈ ਇਕ ਸਫ਼ੈਦੇ (ਖ਼ਾਲੀ ਪਲਾਟ) ਕਾਲੋਨੀ ਵਿਚ ਖ਼ਰੀਦ ਲਏ ਸਨ। ਸਰਗੋਧੇ ਤੋਂ ਸੱਤ ਅੱਠ ਮੀਲ ਦੀ ਦੂਰੀ 'ਤੇ ਵੀਰ ਜੀ ਨੇ ਭਲਵਾਲ ਮੰਡੀ ਵਿਚ ਭਾਈਵਾਲੀ ਤੋਂ ਵਖਰੀ ਬਹੁਤ ਸਾਰੀ ਜਾਇਦਾਦ ਖ਼ਰੀਦ ਲਈ। ਇਹ ਵੀ ਸਫ਼ੈਦੇ ਹੀ ਸਨ, ਜਿਨ੍ਹਾਂ ਉਪਰ ਮਗਰੋਂ ਹੌਲੀ ਹੌਲੀ ਮਕਾਨ ਤੇ ਦੁਕਾਨਾਂ ਉਸਾਰ ਉਸਾਰ ਕੇ ਕਿਰਾਏ ਚੜ੍ਹਾਉਂਦੇ ਗਏ।

ਸਰਗੋਧੇ ਆ ਕੇ ਵੀਰ ਜੀ ਨੇ ਆਬਾਦੀ ਦੇ ਅਫ਼ਸਰਾਂ, ਅਹਿਲਕਾਰਾਂ ਤੇ ਪੁਲਿਸ ਦੇ ਹਲਕਿਆਂ ਵਿਚ ਬਹੁਤ ਸਾਰਾ ਅਸਰ ਰਸੂਖ਼ ਪੈਦਾ ਕਰ ਲਿਆ। ਨਵੀਆਂ ਆਬਾਦੀਆਂ ਵਿਚ ਅਕਸਰ ਵਣੀ ਵਣੀ ਦੀ ਲੱਕੜ ਇਕੱਠੀ ਹੋ ਜਾਇਆ ਕਰਦੀ ਹੈ, ਹਰ ਕਿਸਮ ਦੇ ਬੰਦਿਆਂ ਦੀ ਮਿਲਗੋਭਾ ਆਬਾਦੀ ਇਕ ਥਾਂ ਆ ਵਸਿਆ ਕਰਦੀ ਹੈ। ਭਲੇ ਲੋਕਾਂ ਦੇ ਨਾਲ ਨਾਲ ਬਦਮਾਸ਼ੀ ਪੇਸ਼ਾ



Digitized by Panjab Digital Library | www.panjabdigilib.org

ਲੋਕਾਂ ਦੀਆਂ ਕੰਧਾਂ ਸਾਂਝੀਆਂ ਹੋ ਜਾਇਆ ਕਰਦੀਆਂ ਹਨ। ਵੀਰ ਜੀ ਦੋ ਚਾਰ ਬਦਮਾਸ਼ਾਂ ਨੂੰ ਵੀ ਹੱਥ ਹੇਠ ਰਖਿਆ ਕਰਦੇ ਸਨ। ਤੇ ਕਿਹਾ ਕਰਦੇ ਸਨ, "ਮਣਖੱਟੂ ਪੁੱਤਰ ਤੇ ਖੋਟਾ ਪੈਸਾ ਸਮੇਂ ਸਿਰ ਕੰਮ ਆ ਜਾਇਆ ਕਰਦੇ ਹਨ।"

ਨਵੀਂ ਆਬਾਦੀ ਅੰਦਰ ਕੁਝ ਮਕਾਨ ਤੇ ਕੁਝ ਦੁਕਾਨਾਂ ਬਣਾ ਚੁਕੇ ਸਨ ਤੇ ਹਰ ਨੀਲਾਮੀ ਦੇ ਮੌਕਿਆਂ 'ਤੇ ਥੋੜੇ ਬਹੁਤ ਸਫ਼ੈਦੇ ਹੋਰ ਖ਼ਰੀਦ ਕਰੀ ਜਾਂਦੇ ਸਨ। ਸਰਗੋਧੇ ਸ਼ਹਿਰ ਵਿਚ ਸਿਖਾਂ ਤੇ ਹਿੰਦੂਆਂ ਦੇ ਮੁਕਾਬਲੇ ਮੁਸਲਮਾਨਾਂ ਦੀ ਜਾਇਦਾਦ ਰੁਪਏ 'ਚੋਂ ਦੋ ਪੈਸੇ ਵੀ ਨਹੀਂ ਸੀ। ਪਰ ਫੇਰ ਵੀ ਉਨ੍ਹਾਂ ਨੇ ਹਿੰਮਤ ਕਰ ਕੇ ਆਪਣਾ ਮਾਸ ਖਾਣ ਦਾ ਮਸਲਾ ਹਲ ਕਰ ਲੈਣ ਵਾਸਤੇ ਆਪਣੇ ਲਈ ਬੱਕਰੇ ਤੇ ਭੇਡੂ ਆਦਿ ਹਲਾਲ ਕਰਨ ਵਾਸਤੇ ਬੁਚੜਖ਼ਾਨਾ ਫ਼ਟਾਫ਼ਟ ਬਣਵਾ ਲਿਆ ਸੀ।

ਸਾਡੇ ਹਿੰਦੂ ਭਾਈ ਅੱਵਲ ਤਾਂ ਮਾਸ ਖਾਂਦੇ ਹੀ ਬਹੁਤ ਘਟ ਸਨ। ਤੇ ਜੇ ਖਾਣਾ ਵੀ ਹੁੰਦਾ, ਤਾਂ ਉਨ੍ਹਾਂ ਨੂੰ ਮੁਸਲਮਾਨਾਂ ਦੀ ਛੁਰੀ ਨਾਲ ਕੋਹੇ ਹੋਏ ਜਾਨਵਰ ਦਾ ਮਾਸ ਖਾ ਲੈਣ ਵਿਚ ਕੋਈ ਆਰ ਹੈ ਹੀ ਨਹੀਂ ਸੀ। ਸੋ ਉਹ ਤਾਂ ਆਪਣਾ ਕੰਮ ਹਲਾਲ ਖਾ ਕੇ ਸਾਰ ਲੈਂਦੇ ਸਨ, ਪਰ ਮੁਸੀਬਤ ਸੀ ਤਾਂ ਕੇਵਲ ਸਿਖਾਂ ਵਾਸਤੇ ਜਿਨ੍ਹਾਂ ਵਾਸਤੇ ਝਟਕਾ ਘਰ ਦਾ ਕੋਈ ਪ੍ਰਬੰਧ ਨਹੀਂ ਸੀ।

ਓਹਨੀਂ ਦਿਨੀਂ ਹਿੰਦੂਆਂ ਤੇ ਸਿਖਾਂ ਅੰਦਰ ਭਾਵੇਂ ਕੋਈ ਭੇਦ-ਭਾਵ ਨਹੀਂ ਸੀ ਹੁੰਦਾ, ਪਰ ਬਦਕਿਸਮਤੀ ਨਾਲ ਹੋਲੀਆਂ ਦੇ ਮੌਕਿਆਂ 'ਤੇ ਇਕ ਅਜਿਹਾ ਨਾ-ਖ਼ੁਸ਼ਗਵਾਰ ਵਾਕਿਆ ਹੋ ਗਿਆ, ਜਿਸ ਦੇ ਕਾਰਨ ਥੋੜੇ ਚਿਰ ਵਾਸਤੇ ਆਪਸ ਵਿਚ ਕੁਝ ਫਿਕ ਜਿਹੀ ਪੈਦਾ ਹੋ ਗਈ। ਉਹ ਇਹ ਸੀ ਕਿ ਕੁਝ ਸ਼ਰਾਰਤੀ ਹਿਦੂ ਮੁੰਡਿਆਂ ਨੇ ਹੋਲੀਆਂ ਦੇ ਸ੍ਵਾਂਗ ਬਣਾਉਣ ਲਗਿਆਂ ਇਕ ਝਾਕੀ ਨਿਹੰਗ ਸਿੰਘ ਤੇ ਨਿਹੰਗ ਸਿੰਘਣੀ ਦੀ ਚੁਕ ਬਣਾਈ। ਦੋਵਾਂ ਹੀ ਨਿਹੰਗ ਤੇ ਨਿਹੰਗਣੀ ਨੂੰ ਖੋਤਿਆਂ ਉਪਰ ਸਵਾਰ ਦਿਖਾਇਆ ਗਿਆ। ਨਿਹੰਗ ਦਾ ਮੂੰਹ ਸਾਹਮਣੇ ਵਲ ਤੇ ਨਿਹੰਗਣੀ ਦਾ ਪਿਛੇ ਵਲ ਨੂੰ। ਨਿਹੰਗ ਸਿੰਘ ਤੇ ਨਿਹੰਗਣੀ ਦੋਵੇਂ ਹੀ ਹਿੰਦੂ ਮੁੰਡੇ ਸਨ। ਸੁ ਸਿੰਘ ਨੂੰ ਦਾੜ੍ਹੀ ਘੋੜੇ ਦੀ ਪੂਛ ਦੇ ਵਾਲਾਂ ਦੀ ਬਣਾਉਟੀ ਲਗਾਈ ਗਈ।

ਇਹ ਸ੍ਵਾਂਗ ਸਿਖਾਂ ਵਾਸਤੇ ਬਰਦਾਸ਼ਤ ਤੋਂ ਬਾਹਰ ਸੀ ਤੇ ਉਨ੍ਹਾਂ ਦੇ ਧਰਮ ਨਾਲ



Digitized by Panjab Digital Library | www.panjabdigilib.org

ਬੜਾ ਹੀ ਕਮੀਨਾ ਮਜ਼ਾਕ ਸੀ । ਜੋ ਵੀ ਸਿਖ ਏਸ ਝਾਕੀ ਨੂੰ ਵੇਖਦਾ ਸੀ, ਉਸ ਦੇ ਤਨ ਬਦਨ ਨੂੰ ਮੁਆਤਾ ਲਗ ਜਾਂਦਾ ਸੀ । ਹੋਲੀ ਦੇ ਪ੍ਰਬੰਧਕ ਇਸ ਝਾਕੀ ਨੂੰ ਬਾਜ਼ਾਰ ਦੇ ਵਿਚੋਂ ਦੀ ਲਈ ਜਾ ਰਹੇ ਸਨ । ਕਿ ਇਤਫ਼ਾਕ ਨਾਲ ਇਹ ਝਾਕੀ ਮੇਰੇ ਵੀਰ ਜੀ ਅਤੇ ਸਰਦਾਰ ਕਰਮ ਸਿੰਘ ਮੋਟੇ ਦੀ ਨਜ਼ਰੀ ਪੈ ਗਈ । (ਸਰਗੋਧੇ ਵਿਚ ਦੋ ਕਰਮ ਸਿੰਘ ਹੁੰਦੇ ਸਨ । ਇਕ ਪਤਲਾ ਤੇ ਐਨਕਾਂ ਲਗਾਉਣ ਵਾਲਾ ਹੁੰਦਾ ਸੀ, ਉਸ ਨੂੰ ਤਾਂ ਕਰਮ ਸਿੰਘ 'ਐਨਕੂ' ਆਖਿਆ ਜਾਂਦਾ ਸੀ ਤੇ ਏਸ ਕਰਮ ਸਿੰਘ ਦਾ ਸਰੀਰ ਜ਼ਰਾ ਸੌਖਾ ਹੋਣ ਕਰ ਕੇ ਕਰਮ ਸਿੰਘ 'ਮੋਟਾ' ਆਖਿਆ ਜਾਂਦਾ ਸੀ) ਮੇਰੇ ਵੀਰ ਤੇ ਸ: ਕਰਮ ਸਿੰਘ ਨੇ ਇਸ ਝਾਕੀ ਨੂੰ ਵੇਖਦਿਆਂ ਹੀ ਅਗੇ ਹੋ ਕੇ ਦੋਹਾਂ ਸਵਾਰੀਆਂ ਨੂੰ ਧੂਹ ਧੂਹ ਕੇ ਹੇਠਾਂ ਸੁਟ ਲਿਆ ਤੇ ਖ਼ੂਬ ਗਿਦੜ-ਕੁਟ ਚਾੜ੍ਹੀ । ਫੇਰ ਇਕ ਦੁਕਾਨ ਤੋਂ ਬਾਂਸ ਦੀਆਂ ਲਾਠੀਆਂ ਫੜ ਕੇ ਸ੍ਵਾਂਗ ਕਢਣ ਵਾਲਿਆਂ ਮਗਰ ਜਾ ਪਏ ਤੇ ਉਨ੍ਹਾਂ ਨੂੰ ਕਾਲੋਨੀ ਤੋਂ ਮੰਡੀ ਦੀਆ ਹਦਾਂ ਤਕ ਡਾਂਗ ਫੇਰਦੇ ਤੁਰੇ ਗਏ । ਬਹੁਤ ਸਾਰੇ ਸ਼ਰਾਰਤੀ ਹੋਲੀ-ਬਾਜ਼ਾਂ ਨੂੰ ਫਟੜ ਕਰ ਦਿਤਾ ।

ਪੁਲੀਸ ਵਾਲੇ ਤਾਂ ਸਿੱਖਾਂ ਦੇ ਪਖ ਵਿਚ ਹੋਇਆ ਹੀ ਕਰਦੇ ਸਨ । ਤਹਿਸੀਲਦਾਰ ਵੀ ਮੁਸਲਮਾਨ ਸੀ ਤੇ ਉਹ ਵੀ ਸਿਖਾਂ ਦਾ ਪਖੀ ਸੀ । ਇਸ ਮਾਮਲੇ ਵਿਚ ਤਾਂ ਜ਼ਿਆਦਤੀ ਸੀ ਹੀ ਹਿੰਦੂਆਂ ਦੀ । ਸੋ ਬਹੁਤ ਸਾਰੇ ਚੋਣਵੇਂ ਹਿੰਦੂ ਗ੍ਰਿਫ਼ਤਾਰ ਕਰ ਲਏ ਗਏ ।

ਸ਼ਹਿਰ ਵਿਚ ਬਹੁਤ ਸਾਰੀ ਖਿਚੋਤਾਣ ਵਧ ਗਈ । ਕਾਲੋਨੀ ਅਫ਼ਸਰ ਵੀ ਮੌਕਿਆਂ 'ਤੇ ਆਣ ਪੁਜਾ । ਬਹੁਤ ਸਾਰੇ ਹਿੰਦੂ ਆਗੂਆਂ ਪਾਸੋਂ ਜ਼ਮਾਨਤਾਂ ਲਈਆਂ ਗਈਆਂ ਤੇ ਹੋਲੀਆਂ ਦੇ ਸ੍ਵਾਂਗ ਕਢਣੇ ਕਤੱਈ ਬੰਦ ਕਰ ਦਿਤੇ ਗਏ । ਓੜਕ ਲਾਲਾ ਬਰਿਜ ਲਾਲ ਪੁਰੀ ਤੇ ਲਾਲਾ ਭਾਗੂ ਮਲ ਵਕੀਲ ਨੇ ਵਿਚ ਪੈ ਕੇ ਪ੍ਰਸਪਰ ਰਾਜ਼ੀ ਨਾਵਾਂ ਕਰਵਾ ਦਿਤਾ । ਜਿਨ੍ਹਾਂ ਦੀ ਸ਼ਰਾਰਤ ਸੀ ਉਨ੍ਹਾਂ ਨੂੰ ਧਰਮ-ਡੰਨ ਲਗਾਏ ਗਏ ।



Digitized by Panjab Digital Library | www.panjabdigilib.org

# ਝਟਕਾ ਖ਼ਾਨਾ

ਹੋਲੀਆਂ ਲੰਘ ਗਈਆਂ । ਸ਼ਹਿਰ ਵਿਚ ਅਮਨ ਚੈਨ ਹੋ ਗਿਆ । ਪਰ ਵੀਰ ਜੀ ਨੂੰ ਇਹ ਦੁਖ ਸਦਾ ਰੜਕਦਾ ਰਹਿੰਦਾ ਸੀ ਕਿ ਸਿੱਖਾਂ ਨਾਲ ਸਰਾਸਰ ਬੇ-ਇਨਸਾਫੀ ਹੋ ਰਹੀ ਹੈ ਕਿ ਮੁਸਲਮਾਨ ਜੋ ਕਾਲੋਨੀ ਦੀ ਨਵੀਂ ਆਬਾਦੀ ਵਿਚ ਆਟੇ 'ਚ ਲੂਣ ਦੀ ਹੈਸੀਅਤ ਵੀ ਨਹੀਂ ਰਖਦੇ । ਉਨ੍ਹਾਂ ਵਾਸਤੇ ਤਾਂ 'ਬੁੱਚੜ-ਖ਼ਾਨਾ' ਸਰਕਾਰੀ ਖ਼ਰਚ 'ਤੇ ਬਣਾ ਕੇ ਦੇ ਦਿਤਾ ਹੋਇਆ ਹੈ, ਪਰ ਸਿਖਾਂ ਲਈ ਕੋਈ 'ਝਟਕਾ-ਖ਼ਾਨਾ' ਹੈ ਹੀ ਨਹੀਂ ਜਿਥੇ ਉਹ ਵੀ ਆਪਣੇ ਤਰੀਕੇ ਦਾ ਮਾਸ ਪ੍ਰਾਪਤ ਕਰ ਲੈਣ ਵਾਸਤੇ ਬੱਕਰੇ ਝਟਕਾ ਲਿਆ ਕਰਨ । ਨਾ ਕੋਈ ਝਟਕਾ ਵੇਚਣ ਵਾਲੀ ਦੁਕਾਨ ਹੀ ਹੈ । ਦੁਕਾਨ ਹੁੰਦੀ ਵੀ ਕਿਸ ਤਰ੍ਹਾਂ ? ਜਦੋਂ ਝਟਕਾ ਹੀ ਹੈ ਨਹੀਂ ਤਾਂ ਝਟਕਾ ਵੇਚਣ ਵਾਲੀ ਦੁਕਾਨ ਦਾ ਸਵਾਲ ਹੀ ਕੀ ??

ਮੇਰਾ ਵੀਰ ਹਰ ਮਹੀਨੇ ਕਾਲੋਨੀ ਅਫ਼ਸਰ ਨੂੰ ਇਕ ਅੱਧ ਮੇਜਰ ਨਾਮਾ (ਬਹੁਤ ਸਾਰੇ ਦਸਖ਼ਤਾਂ ਹੇਠ ਦਿੱਤੀ ਗਈ ਦਰਖ਼ਾਸਤ) ਭਿਜਵਾ ਦਿਆ ਕਰਦਾ ਸੀ । ਜੋ ਉਹ ਰਪੋਟ ਵਾਸਤੇ ਆਪਣੇ ਅਸਿਸਟੈਂਟ (ਨਾਇਬ ਕਾਲੋਨੀ ਅਫ਼ਸਰ) ਵਲ ਭੇਜ ਦਿਆ ਕਰਦਾ ਸੀ । ਕਾਲੋਨੀ ਅਫ਼ਸਰ ਉਹਨੀਂ ਦਿਨੀਂ ਮਿਸਟਰ ਹੇਲੀ ਹੁੰਦਾ ਸੀ । ਤੇ ਉਸ ਦਾ ਅਸਿਸਟੈਂਟ ਚੌਧਰੀ ਸੁਲਤਾਨ ਅਹਿਮਦ । ਵੀਰ ਜੀ ਮੇਜਰ ਨਾਮੇ ਭੇਜ ਭੇਜ ਕੇ ਤੰਗ ਆ ਗਏ ਸਨ ।

ਇਕ ਦਿਨ ਉਹ ਆਪਣੀ ਜ਼ਮੀਨ ਵਲ ਚਕਰ ਲਗਾ ਕੇ ਮੰਡੀ ਨੂੰ ਆ ਰਹੇ ਸਨ ਉਨ੍ਹਾਂ ਨੇ ਹੇਲੀ ਸਾਹਿਬ ਨੂੰ ਘੋੜੇ 'ਤੇ ਮੰਡੀ ਵਲ ਜਾਂਦਿਆਂ ਤੱਕਿਆ ।



Digitized by Panjab Digital Library | www.panjabdigilib.org

ਉਹ ਵੀ ਆਪਣੇ ਟਟੂ ਨੂੰ ਅੱਡੀ ਲਗਾ ਕੇ ਹੇਲੀ ਸਾਹਿਬ ਦੇ ਬਰਾਬਰ ਆ ਗਏ ਤੇ ਟਟੂ ਤੋਂ ਉੱਤਰ ਕੇ ਹੇਲੀ ਸਾਹਿਬ ਦੇ ਘੋੜੇ ਦੀਆਂ ਵਾਗਾਂ ਆਣ ਫੜੀਆਂ। ਵੀਰ ਜੀ ਤਾਂ ਹੇਲੀ ਸਾਹਿਬ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਪਰ ਹੇਲੀ ਸਾਹਿਬ ਵੀਰ ਜੀ ਨੂੰ ਨਹੀਂ ਜਾਣਦੇ ਸਨ। ਹੇਲੀ ਸਾਹਿਬ ਨੇ ਘੋੜੇ ਦੀਆਂ ਵਾਗਾਂ ਨੂੰ ਵੀਰ ਜੀ ਦੇ ਹੱਥ ਵਿਚੋਂ ਝਟਕਾ ਦੇ ਕੇ ਛੁਡਾਉਣ ਦੀ ਕੋਸ਼ਸ਼ ਕਰਦਿਆਂ ਹੋਇਆਂ ਉੱਚੀ ਸਾਰੀ ਆਵਾਜ਼ ਦੇ ਕੇ ਕਿਹਾ "ਤੁਮ ਕੌਨ ਹੋ ?" ਵੀਰ ਜੀ ਨੇ ਵਾਗਾਂ ਨਾ ਛਡੀਆਂ ਤੇ ਹੇਲੀ ਸਾਹਿਬ ਵਾਂਗ ਹੀ ਉੱਚੀ ਆਵਾਜ਼ ਨਾਲ ਉਸ ਨੂੰ ਪੁਛਿਆ, "ਤੁਮ ਕੌਨ ਹੋ ?" ਇਹ ਸੁਣ ਕੇ ਅਰਦਲੀ ਨੇ ਕਿਹਾ, "ਸਰਦਾਰ ਸਾਹਿਬ ਆਪ ਨਹੀਂ ਜਾਣਦੇ ? ਸਾਹਿਬ ਬਹਾਦਰ ਹੇਲੀ ਸਾਹਿਬ ਕਾਲੋਨੀ ਅਫ਼ਸਰ ਹਨ।" ਇਹ ਸੁਣ ਕੇ ਵੀਰ ਜੀ ਹੱਸ ਪਏ ਤੇ ਕਹਿਣ ਲਗੇ, "ਕਾਲੋਨੀ ਅਫ਼ਸਰ ਤਾਂ ਚੋਧਰੀ ਸੁਲਤਾਨ ਅਹਿਮਦ ਹੈ। ਇਹਨੂੰ ਕੌਣ ਜਾਣਦਾ ਹੈ ?"

ਚੌਧਰੀ ਸੁਲਤਾਨ ਅਹਿਮਦ ਵੀ ਘੋੜੇ 'ਤੇ ਸਵਾਰ ਸੀ, ਪਰ ਪਿਛੇ ਰਹਿ ਗਿਆ ਸੀ। ਵੀਰ ਜੀ ਨੂੰ ਹੇਲੀ ਸਾਹਿਬ ਦੇ ਘੋੜੇ ਦੀਆਂ ਵਾਗਾਂ ਫੜੀ ਵੇਖ ਕੇ ਝਟ ਆਪਣਾ ਘੋੜਾ ਭਜਾ ਕੇ ਅਗੇ ਨੂੰ ਆ ਗਿਆ ਅਤੇ ਆਉਂਦਿਆਂ ਹੀ ਕਹਿਣ ਲੱਗਾ ਕਿ "ਸਾਹਿਬ ਇਹ ਬੜਾ ਹੀ ਸ਼ਰਾਰਤ ਪਸੰਦ ਆਦਮੀ ਹੈ। ਇਹ ਸ਼ਹਿਰ ਵਿਚ ਫ਼ਿਰਕੂ ਫ਼ਸਾਦ ਕਰਾਉਣਾ ਚਾਹੁੰਦਾ ਹੈ। ਹਰ ਮਹੀਨੇ ਸੈਂਕੜੇ ਫ਼ੌਜੀਆਂ ਦੇ ਝੂਠ ਸਚੇ ਦਸਖਤਾਂ ਦੇ ਮੇਜਰ ਨਾਮੇ ਸਰਗੋਧੇ ਵਿਚ ਝਟਕਾ ਖ਼ਾਨਾ ਖੁਲ੍ਹਵਾਉਣ ਦੀਆਂ ਦਰਖ਼ਾਸਤਾਂ ਨਾਲ ਭਿਜਵਾਉਂਦਾ ਰਹਿੰਦਾ ਹੈ।" ਇਹ ਸੁਣ ਕੇ ਹੇਲੀ ਸਾਹਿਬ ਨੂੰ ਵੀ ਚੇਤਾ ਆ ਗਿਆ ਕਿ ਝਟਕਾ ਖ਼ਾਨਾ ਬਣਾਏ ਜਾਣ ਵਾਸਤੇ ਦਰਖ਼ਾਸਤਾਂ ਤਾਂ ਬਹੁਤ ਸਾਰੀਆਂ ਉਸ ਦੇ ਪਾਸ ਆਉਂਦੀਆਂ ਰਹਿੰਦੀਆਂ ਹਨ ਤੇ ਉਹ ਆਪਣੇ ਅਸਿਸਟੈਂਟ ਚੌਧਰੀ ਸੁਲਤਾਨ ਅਹਿਮਦ ਵਲ ਰਪੋਟ ਕਰਨ ਵਾਸਤੇ ਭੇਜ ਦਿਆ ਕਰਦਾ ਹੈ। ਚੌਧਰੀ ਵਲ ਮੂੰਹ ਕਰ ਕੇ ਪੁਛਣ ਲੱਗਾ ਕਿ "ਹਾਂ ! ਚੌਧਰੀ ਸਾਹਿਬ ਉਹ ਦਰਖ਼ਾਸਤਾਂ ਕਿਥੇ ਹਨ ?"

ਇਸ ਤੋਂ ਪਹਿਲੋਂ ਕਿ ਚੌਧਰੀ ਕੋਈ ਉੱਤਰ ਦੇਂਦਾ ਵੀਰ ਜੀ ਨੇ ਝਟ



Digitized by Panjab Digital Library | www.panjabdigilib.org

ਜਵਾਬ ਦੇ ਦਿਤਾ ਕਿ "ਸਾਹਿਬ ਉਹ ਅੰਗੀਠੀ ਦੇ ਸਪੁਰਦ ਹੋ ਚੁਕੀਆਂ ਹਨ।"

ਹੇਲੀ : ਕਿਆ ਮਤਲਬ ?

ਵੀਰ ਜੀ : ਸਾਹਿਬ ! ਬਜਾਇ ਇਸ ਦੇ ਕਿ ਚੌਧਰੀ ਸਾਹਿਬ ਆਪਣੀ ਰਪੋਟ ਲਿਖ ਕੇ ਆਪ ਦੇ ਪਾਸ ਦਰਖ਼ਾਸਤਾਂ ਵਾਪਸ ਕਰਦੇ, ਤੁਅੱਸਬ ਦੀ ਅੱਗ ਵਿਚ ਸੜਦੇ ਬਲਦੇ ਨੇ ਪਾੜ ਕੇ ਅੰਗੀਠੀ ਵਿਚ ਸੁੱਟ ਛੱਡੀਆਂ ਹਨ।

ਹੇਲੀ : (ਫੇਰ ਚੌਧਰੀ ਵਲ ਵੇਖ ਕੇ) ਵੈਲ ਚੌਧਰੀ ਸਾਹਿਬ ਆਪ ਸੇ ਪੂਛਾ ਹੈ ਕਿ ਉਨ ਦਰਖਾਸਤੋਂ ਕਾ ਕਿਆ ਕੀਆ ?

ਚੌਧਰੀ : ਹਜ਼ੂਰ ! ਯਹ ਸ਼ਰਾਰਤੀ ਆਦਮੀ ਹੈ। ਮੈਂ ਨੇ ਫ਼ਜ਼ੂਲ ਸਮਝ ਕਰ ਵੋਹ ਫਾੜ ਕਰ ਅੰਗੀਠੀ ਮੇਂ ਡਾਲ ਦੀਂ।

ਹੇਲੀ : ਵਹ ਕਿਸ ਕਾਨੂੰਨ ਕੇ ਮੁਤਾਬਕ ?

ਅਜੇ ਚੌਧਰੀ ਜਵਾਬ ਵਿਚ ਕੁਝ ਕਹਿਣਾ ਹੀ ਚਾਹੁੰਦੇ ਸਨ ਕਿ ਵੀਰ ਜੀ ਬੋਲ ਉੱਠੇ, "ਹਜ਼ੂਰ ਸਿਖ ਕੌਮ ਦਾਲਾਂ ਖਾ ਖਾ ਕੇ ਸਰਕਾਰ ਦੀਆਂ ਫ਼ੌਜਾਂ ਦੀਆਂ ਮੁਹਿੰਮਾਂ ਅੰਦਰ ਸ਼ਾਮਲ ਕਿਵੇਂ ਹੋਣਗੇ ? ਤੇ ਲੜਾਈਆਂ ਕਿਵੇਂ ਲੜਨਗੇ ?? ਜੇ ਮੁਸਲਮਾਨਾਂ ਵਾਸਤੇ, ਜਿਨ੍ਹਾਂ ਦੀ ਕਾਲੋਨੀ ਵਿਚ ਦੋ ਫ਼ੀ ਸਦੀ ਵੀ ਆਬਾਦੀ ਨਹੀਂ ਜ਼ਬਹ ਖ਼ਾਨਾ, ਸਰਕਾਰੀ ਖ਼ਰਚ 'ਤੇ ਬਣਵਾ ਕੇ ਦਿਤਾ ਜਾ ਸਕਦਾ ਹੈ ਤਾਂ ਸਿਖਾਂ ਵਾਸਤੇ, ਜੋ ਅਧੇ ਸ਼ਹਿਰ ਦੇ ਮਾਲਕ ਹਨ ਤੇ ਕਾਲੋਨੀ ਵਿਚ ਵੀ ਹਜ਼ਾਰਾਂ ਹੀ ਪੈਨਸ਼ਨਰ ਫ਼ੌਜੀ ਸਿੱਖ ਆਬਾਦ ਹਨ ਤੇ ਏਥੇ ਆ ਕੇ ਦਾਲਾਂ ਖਾ ਖਾ ਕੇ ਅੱਕ ਗਏ ਹਨ, ਉਨ੍ਹਾਂ ਨੂੰ ਖਾਣ ਵਾਸਤੇ ਮਾਸ ਦੀ ਸਪਲਾਈ ਵਾਸਤੇ ਸਰਗੋਧੇ ਵਿਚ ਝਟਕਾ ਖ਼ਾਨਾ ਕਿਉਂ ਨਾ ਹੋਵੇ ?

ਹੇਲੀ : ਜਰੂਰ ਹੋਣਾ ਚਾਹੀਏ। ਚਲੋ ਆ ਕੇ ਬਤਾਓ ! ਕਹਾਂ ਬਨਾਨਾ ਚਾਹਤੇ ਹੋ ?

ਚੌਧਰੀ ਸਾਹਿਬ ਨੇ ਕਿਹਾ, "ਹਜ਼ੂਰ ! ਮੈਂ ਜਨਾਬ ਕੋ ਮੌਕਿਆ ਦਿਖਾਤਾ ਹੂੰ।" ਘੋੜਾ ਦੌੜਾ ਕੇ 'ਬੁੱਚੜ-ਖ਼ਾਨੇ', ਪਾਸ ਲੈ ਗਿਆ ਤੇ ਉਸ ਪਾਸੋਂ ਵੀਹ ਤੀਹ ਗਜ਼ ਦੇ ਫ਼ਾਸਲੇ 'ਤੇ ਜਾ ਕੇ ਕਹਿਣ ਲੱਗਾ, "ਹਜ਼ੂਰ ਯਹਾਂ ਬਨ ਜਾਏ ਤੋ ਠੀਕ ਹੋਗਾ।"

ਵੀਰ ਜੀ : ਹਜ਼ੂਰ ! ਦੁਹਾਈ ਰੱਬ ਦੀ ਏਥੇ ਨਾ ਬਣਵਾਇਓ ਜੇ। ਸਿੱਖਾਂ



Digitized by Panjab Digital Library | www.panjabdigilib.org

ਤੇ ਮੁਸਲਮਾਨਾਂ ਦੇ ਦਰਮਿਆਨ ਨਿਤ ਨਵੇਂ ਸੂਰਜ ਫ਼ਸਾਦ ਹੁੰਦੇ ਰਹਿਣਗੇ। ਮੁਸਲਮਾਨ ਝਟਕੇ ਨੂੰ ਹਰਾਮ ਦਸਦੇ ਹਨ ਤੇ ਸਿਖ ਇਨ੍ਹਾਂ ਦੇ ਕੁੱਠੇ ਨੂੰ ਵੇਖਣਾ ਵੀ ਬਰਦਾਸ਼ਤ ਨਹੀਂ ਕਰਦੇ। ਝਟਕਾ ਖ਼ਾਨਾ ਏਸ ਥਾਉਂ ਤੋਂ ਘਟੋ ਘਟ ਅੱਧ-ਮੀਲ ਦੂਰ ਹੋਣਾ ਜ਼ਰੂਰੀ ਹੈ। ਜਿਥੋਂ ਇਕ ਦੂਏ ਨੂੰ ਨਜ਼ਰ ਨਾ ਆ ਸਕੇ।" ਇਹ ਗੱਲ ਸੁਣ ਕੇ ਹੇਲੀ ਸਾਹਿਬ ਚੌਧਰੀ ਨੂੰ ਸੰਬੋਧਨ ਕਰ ਕੇ ਕਹਿਣ, ਲੱਗਾ "ਆਪ ਇਸ ਕੋ ਕਹਿਤੇ ਹੋ ਕਿ ਸ਼ਰਾਰਤ ਪਸੰਦ ਹੈ! ਯਹ ਤੋ ਬੜੀ ਅਕਲ ਕੀ ਔਰ ਅਮਨ ਪਸੰਦੀ ਕੀ ਬਾਤ ਕਹਿ ਰਹਾ ਹੈ।"

ਇਹ ਗੱਲ ਕਹਿ ਕੇ ਉਹ ਸ਼ਮਸ਼ਾਨ ਭੂਮੀ ਦੇ ਲਾਗੇ ਜਾ ਖਲੋਤਾ, ਤੇ ਵੀਰ ਜੀ ਨੂੰ ਪੁੱਛਣ ਲੱਗਾ: "ਵੈਲ ਅਬ ਬੋਲੋ ਬਾਮੌਕਿਆ ਠੀਕ ਰਹੇਗਾ ?" ਵੀਰ ਜੀ ਨੇ ਉੱਤਰ ਦਿਤਾ, "ਹਾਂ ਸਾਹਿਬ ਬਿਲਕੁਲ ਠੀਕ ਹੈ।" ਹੇਲੀ ਦੇ ਕਹਿਣ ਤੇ ਵੀਰ ਜੀ ਨੇ ਟੱਟੂ ਦੌੜਾਕੇ ਕੋਈ ਵਿਘੇ ਕੁ ਥਾਂ ਦੁਆਲੇ ਫੇਰ ਦਿਤਾ ਤੇ ਕਿਹਾ, "ਸਾਹਿਬ! ਇਤਨੀ ਜਗਾ ਹਵੇਲੀ ਔਰ ਕੋਠੇ ਵਗ਼ੈਰਾ ਦੇ ਲਈ ਕਾਫ਼ੀ ਰਹੇਗੀ।" ਹੇਲੀ ਨੇ ਜਬਾਨੀ ਮਨਜ਼ੂਰੀ ਦੇ ਕੇ ਕਿਹਾ ਹਮ ਪੀ. ਡਬਲਯੂ. ਡੀ, (P.W.D,) ਕੋ ਨਕਸ਼ਾ ਬਨਾਨੇ ਕੇ ਲੀਏ ਲਿਖੇਗਾ। ਜਲਦੀ ਇੰਤਜ਼ਾਮ ਹੋ ਜਾਏਗਾ।" ਇਹ ਕਹਿ ਕੇ ਘੋੜਾ ਦੌੜਾ ਕੇ ਆਪਣੇ ਬੰਗਲੇ ਜਾ ਵੜਿਆ। ਚੌਧਰੀ ਸੁਲਤਾਨ ਅਹਿਮਦ ਨੇ ਤਾਂ ਉਸ ਦੇ ਮਗਰੇ ਮਗਰ ਜਾਣਾ ਹੀ ਸੀ ਉਹ ਵੀ ਆਪਣਾ ਘੋੜਾ ਦੌੜਾ ਕੇ ਲੈ ਗਿਆ ਤੇ ਵੀਰ ਜੀ ਸ਼ਹਿਰ ਨੂੰ ਆ ਗਏ।

ਆਉਂਦਿਆਂ ਹੀ ਜਿਥੇ ਜਿਥੇ ਇਮਾਰਤਾਂ 'ਤੇ ਰਾਜ ਮਜੂਰ ਲਗ ਰਹੇ ਸਨ ਉਨ੍ਹਾਂ ਨੂੰ ਆਖ ਦਿਤਾ ਕਿ ਕਲ੍ਹ ਸਵੇਰੇ ਸੂਰਜ ਦੀ ਟਿੱਕੀ ਨਾਲ ਮਸਾਣਾਂ ਪਾਸ ਪਹੁੰਚ ਜਾਣਾ, ਝਟਕਾ-ਖਾਨਾ ਬਣੇਗਾ। ਕਲ੍ਹ ਸ਼ਹਿਰ ਵਿਚ ਕਿਸੇ ਨੇ ਇਮਾਰਤ ਉਪਰ ਕੰਮ 'ਤੇ ਨਹੀਂ ਜਾਣਾ। ਸਭ ਕੰਮ ਬੰਦ ਰਹਿਣਗੇ। ਭਠਿਆਂ ਵਾਲਿਆਂ ਨੂੰ ਪੰਜ ਪੰਜ ਹਜ਼ਾਰ ਇਟ ਸ਼ਮਸ਼ਾਨ ਭੂਮੀ ਦੇ ਲਾਗੇ ਸਵੇਰੇ ਦਿਨ ਨਿਕਲਦਿਆਂ ਹੀ ਭੇਜ ਦਿਤੀਆਂ ਜਾਣ ਦੀ ਪੱਕੀ ਕਰ ਦਿਤੀ। ਭਲਾ ਕਿਸੇ ਦੀ ਕੀ ਮਜਾਲ ਸੀ ਕਿ ਇਨਕਾਰ ਕਰ ਦੇਂਦਾ। ਏਧਰੋਂ ਵੇਹਲੇ ਹੋ ਕੇ ਵੀਰ ਜੀ ਲੱਕੜ ਮੰਡੀ ਜਾ ਅਪੜੇ ਤੇ ਕੋਠੇ ਦੀ ਛੱਤ ਵਾਸਤੇ ਬਾਲੇ ਤੇ ਫੱਟੇ ਆਦਿ ਤੇ ਦੋ ਦਰਵਾਜ਼ੇ, ਇਕ ਕੋਠੇ ਵਾਸਤੇ ਤੇ ਇਕ ਬਾਰ ਦੀ ਵਲਗਣ ਵਾਸਤੇ



Digitized by Panjab Digital Library | www.panjabdigilib.org

ਭੇਜ ਦੇਣ ਦਾ ਹੁਕਮ ਕਰ ਦਿਤਾ। ਅਗਲੇ ਦਿਨ ਤੜਕੇ ਮਿਸਤਰੀ, ਮਜ਼ਦੂਰ ਤੇ ਸਾਰਾ ਸਾਮਾਨ ਮੌਕਿਆ 'ਤੇ ਪਹੁੰਚ ਗਿਆ। ਕੰਮ ਜ਼ੋਰ ਸ਼ੋਰ ਨਾਲ ਜਾਰੀ ਹੋ ਗਿਆ। ਸ਼ਾਮ ਦੇ ਤਿੰਨ ਵਜੇ ਤਕ ਇਕ ਵਿਘਾ ਜ਼ਮੀਨ ਦੀ ਵਲਗਣ ਤੇ ਇਕ ਕੋਠੜੀ ਖੜੀ ਹੋ ਗਈ।

ਬਾਹਰਲਾ ਵਡਾ ਦਰਵਾਜ਼ਾ ਲਗ ਗਿਆ ਤੇ ਚਾਰ ਦੀਵਾਰੀ ਦੇ ਅੰਦਰ ਕੋਠਾ ਤਿਆਰ ਹੋ ਕੇ ਛੱਤਿਆ ਗਿਆ, ਬੂਹਾ ਚੰਨਾ ਲਗਾ ਦਿਤਾ ਗਿਆ। ਸਾਮਾਨ ਦੇ ਨਾਲ ਹੀ ਪੰਜ ਬੱਕਰੇ ਵੀ ਮੰਗਵਾ ਲਏ ਗਏ ਸਨ । ਉਨ੍ਹਾਂ ਨੂੰ ਫਟਾ ਫਟ ਝਟਕਾ ਕੇ 'ਝਟਕਾ ਖ਼ਾਨੇ' ਦਾ ਮਹੂਰਤ ਕਰ ਦਿਤਾ ਗਿਆ ਤੇ ਮਾਸ ਹਾਜ਼ਰ ਸੰਗਤਾਂ ਅੰਦਰ ਮੁਫ਼ਤ ਤਕਸੀਮ ਕਰ ਦਿਤਾ ਗਿਆ। ਆਪਣੇ ਮੁਨਸ਼ੀ ਨੂੰ ਕਹਿ ਦਿਤਾ ਗਿਆ ਕਿ ਸਾਰੇ ਸ਼ਹਿਰ ਵਿਚ ਢੰਡੋਰਾ ਪਿਟਵਾ ਦਿਤਾ ਜਾਵੇ ਕਿ ਸ਼ਮਸ਼ਾਨ ਦੇ ਲਾਗੇ ਕਲ੍ਹ ਤੋਂ ਝਟਕਾ-ਖ਼ਾਨਾ ਖੋਲ੍ਹ ਦਿਤਾ ਗਿਆ ਹੈ। ਕਚਹਿਰੀ ਬਾਜ਼ਾਰ ਵਿਚ ਝਟਕਾ ਵੇਚਣ ਵਾਲੀ ਇਕ ਦੁਕਾਨ ਵੀ ਖੋਲ੍ਹ ਦਿਤੀ ਜਾਵੇਗੀ ਜਿਸ ਨੂੰ ਲੋੜ ਹੋਵੇ ਝਟਕਾ ਮਾਸ ਲੈ ਸਕਦਾ ਹੈ।

ਬਹੁਕਮ—ਸਰਦਾਰ ਰਾਜ ਸਿੰਘ

ਇਹ ਸਾਰਾ ਕੰਮ ਮੁਕੰਮਲ ਕਰ ਕੇ ਆਪ ਆਪਣੇ ਟੱਟੂ ਨੂੰ ਅੱਡੀ ਲਗਾ ਗਏ ਤੇ ੪ ਵਜਣ ਤੋਂ ਕੁਝ ਮਿੰਟ ਪਹਿਲਾਂ ਹੀ ਹੇਲੀ ਸਾਹਿਬ ਪਾਸ ਅਰਦਲੀ ਰਾਹੀਂ ਰਪੋਟ ਪੁਜ ਗਈ ਕਿ ਸ: ਰਾਜ ਸਿੰਘ ਹਜ਼ੂਰ ਕੋ ਮਿਲਣਾ ਚਾਹਤਾ ਹੈ। ਸੁ ਆਪ ਨੂੰ ਅੰਦਰ ਬੁਲਾ ਲਿਆ ਗਿਆ। ਵੀਰ ਜੀ ਨੇ ੩੪੫ ਰੁਪਏ ਦਾ ਬਿਲ ਹੇਲੀ ਸਾਹਿਬ ਦੀ ਮੇਜ਼ ਉਪਰ ਰਖ ਕੇ ਕਿਹਾ, "ਹਜ਼ੂਰ ਕੋ ਵਾਹਿਗੁਰੂ ਲਾਟ ਬਣਾਏ। ਝਟਕਾ-ਖ਼ਾਨਾ ਤਿਆਰ ਹੋ ਗਿਆ ਹੈ । ਇਹ ਉਸ ਦਾ ਬਿਲ ਹੈ।"

ਹੇਲੀ ਹੈਰਾਨ ਪਰੇਸ਼ਾਨ ਰਹਿ ਗਿਆ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ! ਵੀਰ ਜੀ ਨੂੰ ਪੁਛਿਓ ਸੁ "ਯਹ ਕੈਸੇ ਹੋ ਸਕਤਾ ਹੈ ?"

ਵੀਰ ਜੀ : ਹਜ਼ੂਰ ਚਲ ਕਰ ਦੇਖ ਸਕਤੇ ਹੋ। ਹਵੇਲੀ ਵਲ ਲਈ ਹੈ। ਦਰਵਾਜ਼ਾ ਲਗ ਗਿਆ ਹੈ। ਕੋਠਾ ਛੱਤਿਆ ਗਿਆ ਹੈ । ਪੰਜ ਬੱਕਰੇ ਝਟਕਾਏ ਜਾ ਚੁਕੇ ਹਨ। ਮਹਾਂਪ੍ਰਸ਼ਾਦ ਮੁਫ਼ਤ ਵੰਡ ਕੇ "ਝਟਕਾ-ਖ਼ਾਨੇ" ਦਾ ਮਹੂਰਤ ਕਰ



Digitized by Panjab Digital Library | www.panjabdigilib.org

ਦਿਤਾ ਗਿਆ ਹੈ । ਮਿਸਤ੍ਰੀਆਂ ਮਜੂਰੀ ਕੋਈ ਨਹੀਂ ਲਈ । ਇੱਟਾਂ ਢੋਣ ਵਾਲਿਆਂ ਨੇ ਢੁਲਾਈ ਦੇ ਪੈਸੇ ਕੋਈ ਨਹੀਂ ਲਏ । ਬਹੁਤ ਸਾਰੀਆਂ ਇੱਟਾਂ ਵੀ ਮੁਫ਼ਤ ਹੀ ਮਿਲ ਗਈਆਂ ਹਨ । ਹਜ਼ੂਰ ਦੀ P. W. D. (ਪੀ. ਡਬਲਯੂ. ਡੀ,) ਬਣਾਉਂਦੀ ਤਾਂ ਸਹਿਜੇ ਹੀ ਛੇ ਤਿੰਨ ਹਜ਼ਾਰ ਰੁਪਏ ਦਾ ਬਿਲ ਆ ਜਾਂਦਾ। ਅਸੀਂ ਲੋਕ ਬੜੇ ਔਖੇ ਸੀ । ਰੱਬ ਹੀ ਜਾਣਦਾ ਹੈ ਅਸਾਂ ਲੋਕਾਂ ਨੇ ਪਿਛਲੀ ਰਾਤ ਕਿਸ ਤਰ੍ਹਾਂ ਗੁਜ਼ਾਰੀ ।

ਹੇਲੀ : ਯਹ ਹੋ ਹੀ ਕੈਸੇ ਸਕਤਾ ਹੈ ?

ਵੀਰ ਜੀ : ਸਾਹਿਬ ਚਲ ਕੇ ਦੇਖ ਲਉ । ਕੋਈ ਦੂਰ ਨਹੀਂ ਜਾਣਾ ਪਵੇਗਾ।

ਹੇਲੀ : ਹਮ ਚਲ ਕੇ ਜ਼ਰੂਰ ਦੇਖੇਗਾ । ਤੁਮ ਨੇ ਯਹ ਦਸ ਦਿਨ ਕਾ ਕਾਮ ਕਿਸ ਜਾਦੂ ਸੇ ਏਕ ਦਿਨ ਮੇਂ ਕਰ ਲੀਆ ? ਲੇਕਨ ਪੀ. ਡਬਲਯੂ. ਡੀ, (P.W.D.) ਨੇ ਨਕਸ਼ਾ ਨਹੀਂ ਬਣਾਇਆ । ਹਮ ਨੇ ਮਨਜ਼ੂਰੀ ਨਹੀਂ ਦੀ । ਸਰਕਾਰ ਖ਼ਰਚੇ ਕਾ ਬਿਲ ਕੈਸੇ ਦੇ ਗੀ ?

ਵੀਰ ਜੀ : ਬਿਲ ਹਜ਼ੂਰ ਦੀ ਜੁੱਤੀ ਤੋਂ ਕੁਰਬਾਨ ਕੀਤਾ । ਕਿਹੜੀ ਵਡੀ ਰਕਮ ਹੈ । ਨਾ ਮਿਲੂ ਤਾਂ ਨਾ ਸਹੀ । ਮੈਂ ਆਪਣੇ ਕੋਲੋਂ ਹੀ ਦੇ ਦੇਵਾਂਗਾ। ਅੱਵਲ ਤਾਂ ਜਦੋਂ ਭੱਠਿਆਂ ਵਾਲਿਆਂ ਤੇ ਲੱਕੜਮੰਡੀ ਵਾਲਿਆਂ ਨੂੰ ਪਤਾ ਲਗਾ ਕਿ ਸਾਹਿਬ ਬਹਾਦਰ ਨੇ ਬਿਲ ਪਾਸ ਨਹੀਂ ਕੀਤਾ ਤੇ ਰਕਮ ਰਾਜ ਸਿੰਘ ਨੂੰ ਪੈ ਗਈ ਹੈ ਤਾਂ ਇੱਟਾਂ, ਲੱਕੜੀ ਤੇ ਦਰਵਾਜਿਆਂ ਵਾਲੇ ਪੈਸੇ ਲੈਣ ਹੀ ਨਹੀਂ ਲਗੇ । ਸਮਝ ਲੈਣਾ ਕਿ ਸਾਰਾ ਕੰਮ ਮੁਫ਼ਤੋ ਮੁਫ਼ਤੀ ਹੋ ਗਿਆ ਹੈ ।

ਹੇਲੀ ਸਾਹਿਬ 'ਨੇ ਮੌਕਿਆ 'ਤੇ ਆ ਕੇ ਹਵੇਲੀ ਤੇ ਕੋਠਾ ਬਣੇ ਹੋਏ ਵੇਖ ਲਏ । ਝਟਕੇ ਹੋਏ ਬਕਰਿਆਂ ਦੇ ਨਿਸ਼ਾਨ ਵੇਖ ਲਏ । ਤਸੱਲੀ ਤਾਂ ਹੋ ਗਈ ਤੇ ਵਿਚੋ ਵਿਚ ਬੜਾ ਹੀ ਖ਼ੁਸ਼ ਹੋਇਆ । ਕਹਿਣ ਲਗਾ, ਰਾਜ ਸਿੰਘ ਤੁਮ ਬੜੇ ਬਹਾਦਰ ਹੋ । ਹਮ ਬੜਾ ਖ਼ੁਸ਼ ਹੋ ਗਿਆ ਹੈ । ਬਿਲ ਤੁਮਾਰਾ ਕਹੀਂ ਨਾ ਕਹੀਂ ਸੇ ਦਿਲਾ ਦੀਆ ਜਾਏਗਾ । ਯਹ ਬਹੁਤ ਹੀ ਥੋੜਾ ਹੈ । ਸ਼ਾਬਾਸ਼ !

ਇਹ ਕਹਿ ਕੇ ਪਲਾਕੀ ਮਾਰ ਕੇ ਘੋੜੇ 'ਤੇ ਸਵਾਰ ਹੋ ਗਿਆ । ਅੱਡੀ ਲਾਈ ਤੇ ਆਪਣੇ ਬੰਗਲੇ ਨੂੰ ਚਲਾ ਗਿਆ । ਵੀਰ ਜੀ ਟੱਟੂ 'ਤੇ ਸਵਾਰ ਹੋ ਕੇ ਆਪਣੇ ਘਰ ਨੂੰ ਅੱਡੀ ਲਗਾ ਆਏ ।



Digitized by Panjab Digital Library | www.panjabdigilib.org

# ਚੌਧਰੀ ਸੁਲਤਾਨ ਅਹਿਮਦ ਨਾਲ ਝੜਪ

ਜਿਸ ਦਿਨ ਹੇਲੀ ਸਾਹਿਬ ਨੇ ਜ਼ਬਾਨੀ ਹੁਕਮ ਦੇ ਦਿਤਾ ਕਿ 'ਝਟਕਾ ਖਾਨਾ' ਸ਼ਮਸ਼ਾਨ ਦੇ ਲਾਗੇ ਬਣਾ ਦਿਤਾ ਜਾਵੇਗਾ। ਮੌਕਿਆ 'ਤੇ ਜਾ ਕੇ ਨਿਸ਼ਾਨ ਦੇਹੀ ਵੀ ਕਰ ਦਿਤੀ ਸੀ। ਉਸ ਤੋਂ ਅਗਲੇ ਹੀ ਦਿਨ ਚੌਧਰੀ ਸੁਲਤਾਨ ਅਹਿਮਦ ਦੌਰੇ 'ਤੇ ਬਾਹਰ ਚਲਾ ਗਿਆ ਸੀ। ਦੌਰੇ 'ਤੇ ਗਏ ਨੂੰ ਹੀ ਇਥੋਂ ਇਤਲਾਹ ਚਲੀ ਗਈ ਕਿ "ਰਾਜ ਸਿੰਘ ਨੇ ਬਿਨਾਂ ਨਕਸ਼ਾ ਬਣਵਾਇਆਂ ਤੇ ਬਿਨਾਂ ਲਿਖਤੀ ਆਗਿਆ ਹਾਸਲ ਕਰਨ ਦੇ ਝਟਕਾ ਖਾਨਾ ਇਕੋ ਦਿਨ ਵਿਚ ਹੀ ਉਸਾਰ ਲਿਆ ਹੈ। ਤੇ ਉਸ ਨਵੀਂ ਇਮਾਰਤ ਵਿਚ ਬੱਕਰੇ ਝਟਕਾਏ ਜਾਣ ਦਾ ਕੰਮ ਵੀ ਜਾਰੀ ਕਰ ਲਿਆ ਗਿਆ ਹੈ। ਉਸ ਨੂੰ ਇਹ ਵੀ ਪਤਾ ਲਗ ਗਿਆ ਕਿ ਰਾਜ ਸਿੰਘ ਇਹ ਝਟਕਾ ਖ਼ਾਨਾ ਇਕੋ ਹੀ ਦਿਨ ਵਿਚ ਬਣਵਾ ਲਿਆ ਹੈ।

"ਉਸ ਦਿਨ ਸਾਰੇ ਸ਼ਹਿਰ ਵਿਚ ਰਾਜਾਂ ਮਜ਼ਦੂਰਾਂ ਦੀ ਹੜਤਾਲ ਜਿਹੀ ਹੋਈ ਰਹੀ ਤੇ ਸਾਰੇ ਸ਼ਹਿਰ ਅੰਦਰ ਮਕਾਨਾਂ ਦੀ ਉਸਾਰੀ ਦਾ ਕੰਮ ਬਿਲਕੁਲ ਬੰਦ ਰਿਹਾ ਸੀ।

"ਭੱਠੇ ਵਾਲਿਆਂ ਨੇ ਇੱਟਾਂ ਤੇ ਲੱਕੜੀ ਵਾਲਿਆਂ ਨੇ ਸਾਰਾ ਹੀ ਲੱਕੜੀ ਦਾ ਸਾਮਾਨ ਝਟਕੇ ਖ਼ਾਨੇ ਵਾਸਤੇ ਰਾਜ ਸਿੰਘ ਨੂੰ ਮੁਫ਼ਤੋ ਮੁਫ਼ਤੀ ਦੇ ਦਿਤਾ ਹੈ। ਏਥੋਂ ਤਕ ਕਿ ਇੱਟਾਂ ਦੀ ਢੁਲਾਈ ਕਰਨ ਵਾਲਿਆਂ ਕੁਮ੍ਹਾਰਾਂ ਨੇ ਆਪਣੀ ਮਜੂਰੀ ਵੀ ਉਸ ਪਾਸੋਂ ਨਹੀਂ ਲਈ। ਹੇਲੀ ਸਾਹਿਬ 'ਝਟਕਾ ਖ਼ਾਨੇ' ਦਾ ਮੁਆਇਨਾ ਵੀ ਕਰ ਆਇਆ ਹੈ। ਉਸ ਦੇ ਬੰਗਲੇ ਵਿਚ ਬੈਂਡ ਵਾਜੇ ਵਜਾਏ



Digitized by Panjab Digital Library | www.panjabdigilib.org

ਗਏ ਤੇ ਭੰਗੜੇ ਦਾ ਨਾਚ ਕੀਤਾ ਗਿਆ ਤੇ ਮੇਮ ਸਾਹਿਬ ਨੇ ਉਨ੍ਹਾਂ ਨੂੰ ਇਨਾਮ ਵੀ ਦਿਤੇ ਹਨ।"

ਚੌਧਰੀ ਸੁਲਤਾਨ ਅਹਿਮਦ ਇਹ ਸਾਰੀ ਖ਼ਬਰ ਸੁਣ ਕੇ ਸੜ-ਬਲ ਕੋਲਾ ਹੋ ਗਿਆ। ਪਰ ਕਰ ਕੀ ਸਕਦਾ ਸੀ ? ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਲੂਹ ਲਏਗੀ। ਕੁਝ ਦਿਨਾਂ ਮਗਰੋਂ ਦੌਰਾ ਕਰ ਕੇ ਵਾਪਸ ਆਇਆਂ ਤਾਂ ਸ਼ਾਮ ਨੂੰ ਘੋੜੇ 'ਤੇ ਸਵਾਰ ਹੋ ਕੇ ਸਰਗੋਧੇ ਦੇ ਬਾਜ਼ਾਰ ਵਿਚੋਂ ਦੀ ਨਿਕਲਿਆ। ਉਧਰੋਂ ਵੀਰ ਜੀ ਵੀ ਆਪਣੇ ਟੱਟੂ ਤੇ ਸਵਾਰ ਹੋ ਕੇ ਓਸੇ ਪਾਸੇ ਜਾ ਨਿਕਲੇ ਤੇ ਦੋਹਾਂ ਦਾ ਆਮ੍ਹੋ ਸਾਹਮਣੇ ਟਾਕਰਾ ਹੋ ਗਿਆ। ਵੀਰ ਜੀ ਨੇ 'ਚੌਧਰੀ ਸਾਹਿਬ ਸਲਾਮ' ਆਖ ਕੇ ਆਪਣੇ ਟੱਟੂ ਨੂੰ ਰੋਕ ਲਿਆ। ਚੌਧਰੀ ਤਾਂ ਅਗੇ ਹੀ ਅੱਗ ਭਭੂਕਾ ਹੋ ਰਿਹਾ ਸੀ ਸੁ ਮੀਂਹ ਹਨੇਰੀ ਹੋ ਕੇ ਜੋ ਮੂੰਹ ਆਇਆ ਵਾਹ ਤਵਾਹ ਬੱਕੀ ਗਿਆ। ਉਸ ਦੇ ਭਾਣੇ ਸਰਗੋਧੇ ਵਿਚ ਝਟਕਾ ਖਾਨਾ ਬਣ ਜਾਣ ਨਾਲ ਸਾਰੀ ਦੁਨੀਆਂ ਭਰ ਦਾ ਇਸਲਾਮ ਖ਼ਤਰੇ ਵਿਚ ਪੈ ਗਿਆ ਹੈ। ਕਹਿਣ ਲਗਾ "ਮੈਂ ਮੁਸਲਮਾਨ ਦਾ ਤੁਖ਼ਮ ਨਹੀਂ ਜੇ ਤੈਨੂੰ ਜੇਲ ਦੀ ਦਾਲ ਨਾ ਪਿਆ ਦਿਤੀ।" ਵੀਰ ਜੀ ਨੇ ਉੱਤਰ ਵਿਚ ਕਿਹਾ "ਉਹ ਕਿਹੜੀ ਗੱਲੋਂ ? ਓਇ! ਮੁਸਲਿਆ ਕੁੱਤਿਆ ਮੈਂ ਤੇਰੀ ਧੀ ਨੂੰ ਉਧਾਲ ਖੜਿਆ ਹੈ ਜੋ ਤੂੰ ਮੈਨੂੰ ਕੈਦ ਕਰਾ ਦੇਣ ਦੇ ਡੂਮ-ਡਰਾਵੇ ਦਸ ਰਿਹਾ ਹੈਂ। ਤੂੰ ਮੈਨੂੰ ਕੈਦ ਕਰਵਾਉਣ ਵਾਲਾ ਬਣ ਤੇ ਮੈਂ ਵੀ ਜੇ ਬਾਹਰ ਆ ਕੇ ਤੈਨੂੰ ਏਸੇ ਬਜ਼ਾਰ ਦੇ ਚੌਕ ਵਿਚ ਨੀਵੇਂ ਥਾਂ ਬਠਾਲ ਕੇ ਟੋਟਰ ਵਿਚ ਪੌਲੇ ਨਾ ਖੜਕਾਏ ਤਾਂ ਸਿਖ ਦਾ ਪੁੱਤ ਰਾਜ ਸਿੰਘ ਕਿੰਨ ਕਹਿਣਾ ਏ ! ਆਖੇਂ ਤਾਂ ਤੈਨੂੰ ਮੈਂ ਹੁਣੇ ਹੀ ਸਿੱਧਾ ਕਰ ਦਵਾਂ ਕਮੀਨੇ ? ਕਾਇਰ !!" ਇਹ ਆਖ ਕੇ ਵੀਰ ਟੱਟੂ ਤੋਂ ਉਤਰ ਬੈਠਾ ਤੇ ਹੰਟਰ ਘੁਕਾਉਂਦਾ ਚੌਧਰੀ ਵਲ ਨੂੰ ਵਧਿਆ ਕਿ ਘੋੜੇ ਤੋਂ ਲਾਹ ਕੇ ਏਥੇ ਹੀ ਮੁਰੰਮਤ ਕਰ ਦਿਤੀ ਜਾਵੇ, ਪਰ ਲੋਕਾਂ ਨੇ ਫੜ ਲਿਆ ਤੇ ਬਦੋ ਬਦੀ ਧਕ ਕੇ ਪਰੇ ਨੂੰ ਲੈ ਗਏ। ਚੌਧਰੀ ਹੁਰੀਂ ਇਹ ਕਹਿੰਦੇ ਹੋਏ ਕਿ ਤੈਨੂੰ ਇਸ ਗੱਲ ਦਾ ਮਜ਼ਾ ਚਖਾਵਾਂਗਾ ਘੋੜੇ ਦੀਆਂ ਵਾਗਾਂ ਚੱਕ ਕੇ ਆਪਣੀ ਕੋਠੀ ਜਾ ਵੜੇ। ਵੀਰ ਜੀ ਢੇਰ ਚਿਰ ਮਗਰੋਂ ਵੀ ਲੋਕਾਂ ਨਾਲ ਲੜਦੇ ਝਗੜਦੇ ਰਹੇ ਕਿ ਤੁਸਾਂ ਮੈਨੂੰ ਰੋਕ ਕਿਉਂ ਲਿਆ ? ਏਸ ਕਮੀਨੇ ਕੰਜਰ ਦੀ ਮੈਨੂੰ ਚਮੜੀ ਉਧੇੜ ਕਿਉਂ ਨਹੀਂ ਲੈਣ ਦਿਤੀ ?? ਉਹਦੇ ਨਾਲ ਦੋ ਹੱਥ ਤਾਂ ਕਰ ਲੈਣ



Digitized by Panjab Digital Library | www.panjabdigilib.org

ਦਿਤੇ ਹੁੰਦੇ ਉਹ ਯਾਦ ਹੀ ਕੀ ਰਖਦਾ ? ਪਰ ਲੋਕਾਂ ਨੇ ਬੜੀ ਮੁਸ਼ਕਲ ਨਾਲ ਠੰਡਿਆਂ ਕੀਤਾ ਤੇ ਆਖਿਆ ਅਫ਼ਸਰਾਂ ਨਾਲ ਮੁਕਾਬਲਾ ਕਰਨਾ ਚੰਗਾ ਨਹੀਂ ਹੁੰਦਾ ।

ਮੇਰਾ ਵੀਰ ਘਰ ਚਲਾ ਗਿਆ । ਸੋਚਣ ਲਗਾ ਕਿ ਕੀ ਕਰਨਾ ਚਾਹੀਦਾ ਹੈ ! ਸੋਚ ਸੋਚ ਕੇ ਏਸ ਨਤੀਜੇ 'ਤੇ ਪੁੱਜਾ ਕਿ ਏਸ ਸਾਰੇ ਮਾਮਲੇ ਦੀ ਖ਼ਬਰ ਹੇਲੀ ਸਾਹਿਬ ਨੂੰ ਕਰ ਦੇਣੀ ਉਚਿਤ ਰਹੇਗੀ, ਇਸ ਤੋਂ ਪਹਿਲੋਂ ਕਿ ਕੋਈ ਦੁਸ਼ਮਨ ਵਧਾ ਚੜ੍ਹਾ ਕੇ ਗੱਲ ਅਗੇ ਪਹੁੰਚਾ ਦੇਵੇ । ਅਗਲੇ ਦਿਨ ਸਵੇਰੇ ਨੌਂ ਵਜੇ ਹੀ ਹੇਲੀ ਸਾਹਿਬ ਦੀ ਕੋਠੀ ਜਾ ਮੁਲਾਕਾਤ ਦੀ ਚਿਟ ਅੰਦਰ ਭੇਜੀ । ਟੱਟੂ ਨੌਕਰ ਨੇ ਸੰਭਾਲ ਲਿਆ ਤੇ ਵੀਰ ਜੀ ਅਰਦਲੀ ਦੇ ਕਹਿਣ 'ਤੇ ਅੰਦਰ ਚਲੇ ਗਏ । ਹੇਲੀ ਅਗੇ ਆਪਣੀ ਕੁਰਸੀ ਉਪਰ ਬੜਾ ਹੀ ਭਖਿਆ ਹੋਇਆ ਬੈਠਾ ਸੀ । ਜਾਂਦਿਆਂ ਹੀ ਵੀਰ ਜੀ ਦੇ ਗਲ ਪੈ ਗਿਆ ਕਿ ਤੁਮ ਨੇ ਏਕ ਬਹੁਤ ਬੜੇ ਸਰਕਾਰੀ ਅਫ਼ਸਰ ਕੀ ਸਰੇ ਬਾਜ਼ਾਰ ਤੌਹੀਨ ਕਰ ਦੀ ਹੈ ।

ਵੀਰ ਜੀ ਨੇ ਬੜੇ ਤਹੱਮਲ ਨਾਲ ਉੱਤਰ ਵਿਚ ਕਿਹਾ "ਆਪ ਨੇ ਮੇਰੇ ਕਿਸੀ ਦੁਸ਼ਮਨ ਸੇ ਸ਼ਕਾਇਤ ਸੁਣ ਲੀ ਹੈ । ਇਨਸਾਫ਼ ਕੀ ਬਾਤ ਕਰਨੇ ਕੇ ਲੀਏ ਦੋਨੋਂ ਤਰਫ਼ ਕੀ ਬਾਤ ਸੁਣੀ ਜਾਣੀ ਚਾਹੀਏ । ਮੈਂ ਆਪ ਕੋ ਸਾਰੀ ਬਾਤ ਸੱਚ ਸੱਚ ਬਤਾ ਦੇਤਾ ਹੂੰ । ਸਾਹਿਬ ਬਹਾਦਰ ! ਮੇਰਾ ਭੀ ਕਸੂਰ ਜ਼ਰੂਰ ਹੈ ਕਿ ਮੈਂ ਨੇ ਇਤਨੇ ਬੜੇ ਅਫ਼ਸਰ ਕੋ ਕਹਾ ਕਿ ਮੈਂ ਤੁਮ ਕੋ ਬਾਜ਼ਾਰ ਕੇ ਚੌਕ ਮੇਂ ਨੀਚੀ ਜਗ੍ਹਾ ਬਿਠਾ ਕਰ ਸਿਰ ਮੇਂ ਪੌਲੇ (ਜੂਤੇ) ਟਿਕਾਊਂਗਾ । ਮਗਰ ਮੁਝ ਕੋ ਭੀ ਤੋ ਚੌਧਰੀ ਸਾਹਿਬ ਨੇ ਛੂਟਤੇ ਹੀ ਸਰੇ ਬਾਜ਼ਾਰ ਕਹਿ ਦੀਆ ਥਾ ਕਿ ਵੁਹ ਮੁਝੇ ਕੈਦ ਕਰ ਦੇਗਾ । ਹਜ਼ੂਰ ! ਵੁਹ ਅਫ਼ਸਰ ਹੈ ਤੋਂ ਮੈਂ ਵੀ ਸ਼ਹਿਰ ਕਾ ਰਈਸ । ਬਾਗੋਂ ਕਾ ਮਾਲਕ । ਲਾਖੋਂ ਰੁਪਏ ਕੀ ਮੰਡੀਉਂ ਮੇਂ ਜਾਇਦਾਦੋਂ ਕਾ ਮਾਲਕ ਔਰ ਨਹਿਰੀ ਇਲਾਕੇ ਕਾ ਨੰਬਰਦਾਰ ਹੂੰ । ਮੈਂ ਨੇ ਕੌਨ ਸਾ ਜੁਰਮ ਕੀਆ ਥਾ ਜੋ ਚੌਧਰੀ ਸਾਹਿਬ ਮੁਝੇ ਕੈਦ ਮੇਂ ਡਾਲ ਦੇਣੇ ਕੀ ਧਮਕੀਉਂ ਪਰ ਉਤਰ ਆਇਆ ?"

"ਵੈਲ ਸਾਰੀ ਬਾਤ ਸੱਚ ਸੱਚ ਬਤਾ ਦੋ । ਝੂਠ ਨਹੀਂ ਬੋਲਨਾ । ਇਹ ਕਹਿ ਕੇ ਹੇਲੀ ਸਾਹਿਬ ਤਾਂ ਬੈਠ ਗਏ ਤੇ ਮੈਨੂੰ ਵੀ ਬੈਠ ਜਾਣ ਲਈ ਸਾਹਮਣੀ ਕੁਰਸੀ ਵਲ ਇਸ਼ਾਰਾ ਕਰ ਦਿਤਾ । ਵੀਰ ਜੀ ਨੇ ਸਾਰੀ ਗੱਲ ਅਲਫ਼ ਤੋਂ ਯੇ ਤਕ ਹਰਫ਼ ਹਰਫ਼



Digitized by Panjab Digital Library | www.panjabdigilib.org

ਸੱਚ ਸੱਚ ਕਹਿ ਸੁਣਾਈ। ਹੇਲੀ ਸਾਹਿਬ ਸਾਰੀ ਗੱਲ ਸੁਣ ਕੇ ਚੁੱਪ ਹੋ ਗਿਆ। ਕੁਝ ਮਿੰਟ ਸੋਚ ਸੋਚ ਕੇ ਫੇਰ ਬੋਲਿਆ, "ਹਮ ਸਮਝਤਾ ਹੈ। ਚੌਧਰੀ ਨੇ ਪਹਿਲੇ ਆਪ ਕੇ ਸਾਥ ਜ਼ਿਆਦਤੀ ਕੀ ਹੈ। ਮਗਰ ਆਪ ਕੋ ਮੁਨਾਸਬ ਨਾ ਥਾ ਕਿ ਆਮ ਲੋਗੋਂ ਕੇ ਸਾਹਮਣੇ ਇਤਨੇ ਬੜੇ ਅਫ਼ਸਰ ਕੀ ਹੱਤਕ ਇੱਜ਼ਤ ਕਰਤੇ। ਆਪ ਮੇਰੇ ਪਾਸ ਆ ਜਾਤੇ ਹਮ ਇੰਤਜ਼ਾਮ ਕਰ ਦੇਤੇ। ਅਬ ਤੋ ਜੋ ਹੋਣਾ ਥਾ ਵੁਹ ਹੋ ਚੁਕਾ। ਫਿਰ ਇਸ ਕਿਸਮ ਕਾ ਕੋਈ ਤਮਾਸ਼ਾ ਨਹੀਂ ਲਗਾਨਾ।"

ਹੇਲੀ ਸਾਹਿਬ ਨੇ ਏਸ ਮਾਮਲੇ ਦੀ ਰਪੋਟ ਲਾਹੌਰ ਭੇਜ ਦਿਤੀ। ਅਗਲੇ ਦਿਨ ਅਖ਼ਬਾਰਾਂ ਵਿਚ ਇਹ ਸਾਰੀ ਖ਼ਬਰ ਜਿਉਂ ਦੀ ਤਿਉਂ ਛਪ ਗਈ। ਚੌਧਰੀ ਸਾਹਿਬ ਦਾ ਤਾਰ ਰਾਹੀਂ ਸਰਗੋਧੇ ਤੋਂ ਹੋਰ ਕਿਸੇ ਥਾਂ ਤਬਾਦਲਾ ਕਰ ਦਿਤਾ ਗਿਆ। ਅਤੇ ਚੌਧਰੀ ਸਾਹਿਬ ਨੂੰ ਰਾਤ ਦੀ ਗੱਡੀ ਸਰਗੋਧਾ ਛਡ ਕੇ ਚਲੇ ਜਾਣਾ ਪਿਆ। ਮੇਰੇ ਵੀਰ ਦਾ ਇਹ ਕਾਰਨਾਮਾ ਸਰਕਾਰੀ ਤੇ ਗ਼ੈਰ ਸਰਕਾਰੀ ਹਲਕਿਆਂ ਵਿਚ ਦੂਰ ਦੂਰ ਤਕ ਮਸ਼ਹੂਰ ਹੋ ਗਿਆ।



Digitized by Panjab Digital Library | www.panjabdigilib.org

# ਕਪਤਾਨ ਰਾਮ ਸਿੰਘ ਤੇ ਮੇਰਾ ਵੀਰ

ਤਹਿਸੀਲ ਸਰਗੋਧਾ ਦੀ ਆਬਾਦੀ ਚੱਕਾਂ ਵਿਚ ਵੰਡੀ ਪਈ ਸੀ। ਜਿਹੜੇ ਚੱਕ ਨਹਿਰ ਦੇ ਉੱਤਰ ਵਾਲੇ ਪਾਸੇ ਵਸੇ ਹੋਏ ਸਨ ਉਨ੍ਹਾਂ ਦੇ ਨੰਬਰਾਂ ਦੇ ਪਿਛੇ 'ਸ਼ਮਾਲੀ' ਤੇ ਜਿਹੜੇ ਦੱਖਣ ਵਾਲੀ ਬਾਹੀ ਸਨ ਉਨ੍ਹਾਂ ਦੇ ਪਿੱਛੇ 'ਜਨੂਬੀ' ਸ਼ਬਦ ਬੋਲਿਆ ਜਾਂਦਾ ਸੀ। ਜਿਹਾ ਕਿ ਜਿਸ ਚੱਕ ਵਿਚ ਆਨਰੇਰੀ ਕੈਪਟਨ ਰਾਮ ਸਿੰਘ ਜੀ ਨੂੰ ਜ਼ਮੀਨ ਦੀ ਗ੍ਰਾਂਟ ਮਿਲੀ ਹੋਈ ਸੀ ਉਹਨੂੰ ਚੱਕ ਨੰਬਰ ੧੨੮ ਜਨੂਬੀ ਆਖਦੇ ਸੀ। ਕੈਪਟਨ ਰਾਮ ਸਿੰਘ ਜੀ ਧੂਰੀ ਰਿਆਸਤ ਪਟਿਆਲਾ ਦੇ ਰਹਿਣ ਵਾਲੇ ਸਨ ਤੇ ਉਨ੍ਹਾਂ ਨੂੰ ਚੱਕ ਨੰ: ੧੨੮ ਜਨੂਬੀ ਤਹਿਸੀਲ ਸਰਗੋਧਾ ਵਿਚ ੭ ਮੁਰੱਬੇ ਸਰਕਾਰ ਵਲੋਂ ਗ੍ਰਾਂਟ ਵਿਚ ਮਿਲੇ ਹੋਏ ਸਨ। ਪਰ ਗ੍ਰਾਂਟੀਆਂ ਪਾਸੋਂ ਜ਼ਮੀਨ ਦੀ ਕੀਮਤ ਦਾ ਕੁਝ ਹਿੱਸਾ ਸਰਕਾਰ ਨਕਦ ਵੀ ਵਸੂਲ ਕਰ ਲੈਂਦੀ ਸੀ ਤੇ ਉਸ ਦੀ ਅਦਾਇਗੀ ਵਾਸਤੇ ਖ਼ਾਸ ਤਰੀਕ ਨਿਯਤ ਹੋਈ ਹੋਈ ਸੀ। ਜੋ ਤਾਂ ਉਸ ਤਰੀਕ ਤੋਂ ਪਹਿਲਾਂ ਜਾਂ ਤਰੀਕ ਵਾਲੇ ਦਿਨ ਸਰਕਾਰੀ ਖ਼ਜ਼ਾਨੇ ਵਿਚ ਸਾਰੀ ਰਕਮ ਜਮ੍ਹਾਂ ਕਰਵਾ ਦੇਂਦਾ ਸੀ ਉਸ ਨੂੰ ਹੱਕ ਮਲਕੀਅਤ ਰਜਿਸਟਰੀ ਕਰਵਾ ਦਿਤਾ ਜਾਂਦਾ ਸੀ ਤੇ ਉਸ ਤਰੀਕ ਤਕ ਜਿਸ ਦਾ ਰੁਪਿਆ ਵਸੂਲ ਨਾ ਹੋਵੇ ਉਸ ਦੀ ਗ੍ਰਾਂਟ Lapse (ਜ਼ਾਇਦ ਅਲ ਮਿਆਦ) ਹੋ ਜਾਂਦੀ ਸੀ ਅਰਥਾਤ ਜ਼ਮੀਨ ਹੀ ਜ਼ਬਤ ਹੋ ਜਾਂਦੀ ਸੀ।

ਕੈਪਟਨ ਰਾਮ ਸਿੰਘ ਜੀ ਆਖ਼ਰੀ ਤਰੀਕ ਵਾਲੇ ਦਿਨ ਸਰਗੋਧੇ ਤਾਂ ਆ ਪਹੁੰਚੇ, ਪਰ ਰੁਪਏ ਲੈ ਕੇ ਆਉਣ ਵਾਲਾ ਸਜਣ ਉਸ ਦੁਪਹਿਰ ਤਕ ਨਹੀਂ ਸੀ



Digitized by Panjab Digital Library | www.panjabdigilib.org

ਪਹੁੰਚ ਸਕਿਆ। ਕਪਤਾਨ ਰਾਮ ਸਿੰਘ ਜੀ ਹੈਰਾਨ ਪਰੇਸ਼ਾਨ ਇਕ ਮਹਿਰੇ ਸਿੰਘ ਦੀ ਦੁਕਾਨ ਉਪਰ ਕਚਹਿਰੀ ਬਾਜ਼ਾਰ ਵਿਚ ਬੈਠੇ ਆਪਣੇ ਆਦਮੀ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਰੋਟੀ ਆਪਣੇ ਵਾਸਤੇ ਮੰਗਵਾ ਤਾਂ ਲਈ, ਪਰ ਖਾ ਨਹੀਂ ਸਨ ਰਹੇ। ਉਦਾਸ ਉਦਾਸ ਜਿਹੇ ਬੈਠ ਰਹੇ ਸਨ ਅਤੇ ਘੜੀ ਘੜੀ ਸ਼ਹਿਰ ਦੇ ਦਰਵਾਜ਼ੇ ਵਲ ਓਕੜ ਓਕੜ ਕੇ ਤੱਕ ਰਹੇ ਸਨ। ਮਹਿਰੇ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸਰਦਾਰ ਸਾਹਿਬ ਫੁਲਕਾ ਠੰਡਾ ਹੋ ਰਿਹਾ ਹੈ। ਆਪ ਛਕਦੇ ਕਿਉਂ ਨਹੀਂ ?

ਕਪਤਾਨ ਸਾਹਿਬ ਨੇ ਇਕ ਬੁਰਕੀ ਭੰਨ ਤਾ ਲਈ, ਪਰ ਮੂੰਹ ਨਾ ਪਾਈ। ਫੇਰ ਥਾਲੀ ਵਿਚ ਹੀ ਰਖ ਦਿਤੀ। ਘੜੀ ਕੁ ਮਗਰੋਂ ਮਹਿਰੇ ਨੇ ਪਹਿਲਾ ਫੁਲਕਾ ਚੁਕ ਲਿਆ ਤੇ ਹੋਰ ਗਰਮ ਫੁਲਕਾ ਲਿਆ ਰਖਿਆ। ਉਹ ਵੀ ਓਸੇ ਤਰ੍ਹਾਂ ਪਿਆ ਪਿਆ ਠੰਡਾ ਹੋ ਗਿਆ। ਓੜਕ ਗੱਡੂ ਮਹਿਰੇ ਨੇ, ਹੌਸਲਾ ਕਰ ਕੇ ਪੁੱਛ ਹੀ ਲਿਆ, "ਸਰਕਾਰ! ਸਗੋਂ ਕੋਈ ਤਕਲੀਫ਼ ਹੈ ? ਰੋਟੀ ਕਿਉਂ ਨਹੀਂ ਖਾਂਦੇ ?? ਘੜੀ ਘੜੀ ਸ਼ਹਿਰ ਦੇ ਦਰਵਾਜ਼ੇ ਵਲ ਕਿਉਂ ਤੱਕਦੇ ਹੋ ? ਕੀ ਕਿਸੇ ਦੀ ਉਡੀਕ ਲਗ ਰਹੀ ਹੈ ਸਗੋਂ ?? ਮੇਰੇ ਗੋਚਰੀ ਕੋਈ ਸੇਵਾ ਹੋਵੇ ਤਾਂ ਦਸੋ। ਜਿੰਨੇ ਜੋਗਾ ਹਾਂ ਜ਼ਰੂਰ ਕਰਾਂਗਾ।" ਕੈਪਟਨ ਸਾਹਿਬ ਦਾ ਜੀਅ ਭਰ ਆਇਆ। ਕਹਿਣ ਲਗੇ, "ਮਿੱਤਰਾ! ਤੂੰ ਸਾਡੀ ਮਦਦ ਕਰ ਹੀ ਕੀ ਸਕਦਾ ਹੈਂ ? ਆਪਣੇ ਲੜਕੇ ਨੂੰ ਉਡੀਕ ਰਿਹਾ ਹਾਂ ਜਿਸ ਨੇ ਕਈ ਹਜ਼ਾਰ ਰੁਪਿਆ ਲੈ ਕੇ ਏਥੇ ਪਹੁੰਚਣਾ ਸੀ। ਜੋ ਸਰਕਾਰੀ ਖ਼ਜ਼ਾਨੇ ਅੱਜ ਹੀ ਜ਼ਰੂਰੀ ਜਮ੍ਹਾਂ ਕਰਵਾਉਣੇ ਸਨ। ਜੇ ਜਮ੍ਹਾਂ ਨਾ ਹੋ ਸਕੇ ਤਾਂ ਸਾਰੀ ਉਮਰ ਦੀ ਕਮਾਈ ਸਤ ਮੁਰੱਬੇ ਜ਼ਮੀਨ ਜ਼ਬਤ ਹੋ ਜਾਵੇਗੀ। ਪਤਾ ਨਹੀਂ ਉਸ ਨੂੰ ਕੀ ਹੋ ਗਿਆ ਹੈ ?

"ਉਸ ਦੇ ਪਾਸ ਸਾਰਾ ਰੁਪਿਆ ਇਕੱਠਾ ਹੋ ਗਿਆ ਹੋਇਆ ਸੀ। ਕੇਵਲ ਇਕ ਹਜ਼ਾਰ ਰੁਪਿਆ ਥੁੜਦਾ ਸੀ ਜੋ ਨਾਲ ਦੇ ਚੱਕ ਵਿਚੋਂ ਇਕ ਸਬੰਧੀ ਪਾਸੋਂ ਲਿਆਉਣਾ ਸੀ। ਮੈਂ ਆਪ ਆ ਗਿਆ ਤੇ ਉਸ ਨੂੰ ਆਖ ਆਇਆ ਸੀ ਕਿ ਮਗਰੋਂ ਲੈ ਕੇ ਪਹੁੰਚ ਜਾਵੇ। ਮੈਂ ਤਦ ਤਕ ਲਿਖ ਲਿਖਾ ਕਰਾ ਕੇ ਕਾਗ਼ਜ਼ ਪੱਤਰ ਤਿਆਰ ਕਰਵਾ ਰਖਾਂਗਾ। ਸੁ ਮੈਂ ਕਾਗਜ਼ ਤਾਂ ਤਿਆਰ ਕਰਵਾ ਲਿਆਇਆ ਹਾਂ, ਪਰ ਜੇ ਘੰਟੇ ਦੋ ਘੰਟੇ ਤਕ ਰੁਪਏ ਜਮ੍ਹਾਂ ਨਾ ਕਰਵਾ ਸਕਿਆ



Digitized by Panjab Digital Library | www.panjabdigilib.org

ਤਾਂ ਸਾਰਾ ਹੀ ਕੰਮ ਰੁੜ੍ਹ ਪੁੜ ਜਾਏਗਾ। ਹਜ਼ਾਰਾਂ ਰੁਪਿਆਂ ਦੀ ਗੱਲ ਹੈ ਜੇ ਪੰਜ, ਦਸ, ਵੀਹ ਦੀ ਗੱਲ ਹੁੰਦੀ ਤਾਂ ਤੇਰੇ ਪਾਸੋਂ ਹੀ ਫੜ ਕੇ ਕੰਮ ਸਾਰ ਲੈਂਦਾ। ਏਥੇ ਤਾਂ ਇਹੋ ਜਿਹਾ ਵਾਕਫ਼ਕਾਰ ਵੀ ਕੋਈ ਨਹੀਂ ਜਿਸ ਪਾਸੋਂ ਮੰਗ ਕੇ ਵੇਲਾ ਸਾਰ ਲਿਆ ਜਾਵੇ।" ਇਸ ਗੱਲ ਨੂੰ ਸੁਣ ਕੇ ਗੰਡੂ ਨੇ ਕਿਹਾ, "ਇਸ ਸ਼ਹਿਰ ਵਿਚ ਤਾਂ ਇਕੋ ਹੀ ਸਰਦਾਰ ਇਹੋ ਜਿਹਾ ਹੈ ਜਿਸ ਦਾ ਬੜਾ ਵਡਾ ਹੌਸਲਾ ਤੇ ਦਿਲ ਹੈ। ਜੇ ਉਹ ਚਾਹੇ ਤਾਂ ਤੁਹਾਡੀ ਮਦਦ ਕਰ ਸਕਦਾ ਹੈ।"

ਏਨੇ ਨੂੰ ਸਾਹਮਣਿਉਂ ਵੀਰ ਜੀ ਘੋੜੇ ਉਪਰ ਚੜ੍ਹੇ ਚਲੇ ਆਉਂਦੇ ਗੰਡੂ ਦੀ ਨਜ਼ਰ ਪੈ ਗਏ। ਉਨ੍ਹਾਂ ਨੂੰ ਵੇਖਦਿਆਂ ਹੀ ਗੰਡੂ ਬੋਲ ਉਠਿਆ, "ਔਹ ਵੇਖੋ ਘੋੜੇ 'ਤੇ ਚੜ੍ਹਿਆ ਚਲਿਆ ਆ ਰਿਹਾ ਹੈ। ਆਖੋ ਤਾਂ ਉਨ੍ਹਾਂ ਨੂੰ ਆਵਾਜ਼ ਦੇ ਕੇ ਬੁਲਾ ਲਵਾਂ।"

ਕਪਤਾਨ ਸਾਹਿਬ ਨੇ ਆਪਣੀ ਫ਼ੌਜੀ ਵਰਦੀ ਪਹਿਨ ਰਖੀ ਸੀ। ਤੇ ਛਾਤੀ ਸੱਜੇ ਖੱਬੇ ਤਮਗਿਆਂ ਨਾਲ ਭਰੀ ਪਈ ਸੀ। ਕਹਿਣ ਲਗੇ, "ਇਹ ਤਾਂ ਮੇਰੇ ਵਾਕਫ਼ ਕੋਈ ਨਹੀਂ। ਮੈਂ ਫ਼ੌਜੀ ਕਪਤਾਨ ਹਾਂ, ਰਿਆਸਤ ਪਟਿਆਲਾ ਦਾ ਵਸਨੀਕ ਹਾਂ। ਜਾਇਦਾਦ ਵੀ ਆਮ੍ਹੀ ਹੈ, ਪਰ ਇਥੇ ਕਿਸੇ ਨੂੰ ਮੇਰੀ ਹੈਸੀਅਤ ਦਾ ਕੀ ਪਤਾ ?" ਗੰਡੂ ਕਹਿਣ ਲਗਾ, "ਬੁਲਾ ਕੇ ਪੁੱਛ ਲੈਣ ਵਿਚ ਕੀ ਹਰਜ ਹੈ ?" ਸੋ ਉਸ ਨੇ ਦੌੜ ਕੇ ਜਾ ਆਵਾਜ਼ ਮਾਰੀ : "ਸਰਦਾਰ ਸਾਹਿਬ ! ਤੁਹਾਨੂੰ ਕਪਤਾਨ ਸਾਹਿਬ ਯਾਦ ਫ਼ਰਮਾਉਂਦੇ ਨੇ।"

ਵੀਰ ਜੀ ਨੇ ਟੱਟੂ ਦੀਆਂ ਵਾਗਾਂ ਗੰਡੂ ਦੀ ਦੁਕਾਨ ਵਲ ਮੋੜ ਲਈਆਂ ਅਤੇ ਗੰਡੂ ਦੀ ਦੁਕਾਨ ਉਪਰ ਆ ਕੇ ਟੱਟੂ ਤੋਂ ਉਤਰ ਖਲੋਤੇ ਤੇ ਕਪਤਾਨ ਸਾਹਿਰ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਆਣ 'ਵਾਹਿਗੁਰੂ ਜੀ ਕੀ ਫ਼ਤਹ' ਬੁਲਾਈ। ਅਤੇ ਉਨ੍ਹਾਂ ਦੀ ਵਿਥਿਆ ਸੁਣ ਕੇ ਮੂੰਹ ਵਿਚ ਉਂਗਲੀ ਪਾ ਲਈ ਤੇ ਸੋਚੀਂ ਪੈ ਗਏ।

ਕਪਤਾਨ ਸਾਹਿਬ ਨੇ ਕਿਹਾ : "ਮੇਰੀ ਆਪ ਜੀ ਦੇ ਨਾਲ ਕੋਈ ਜਾਣ-ਪਛਾਣ ਨਹੀਂ। ਤੁਹਾਨੂੰ ਕੀ ਪਤਾ ? ਮੈਂ ਕੌਣ ਹਾਂ ! ਵਰਦੀ ਮੇਰੀ ਆਪਣੀ ਹੀ ਹੈ ਜਾਂ ਕਿਸੇ ਦੀ ਮੰਗ ਕੇ ਜਾਂ ਚੁੱਕ ਕੇ ਪਾ ਆਇਆ ਹਾਂ। ਹਜ਼ਾਰਾਂ ਰੁਪਏ ਦਾ ਮਾਮਲਾ ਹੈ ? ਨਾ-ਵਾਕਫ਼ ਨੂੰ ਕੌਣ ਦੇਂਦਾ ਹੈ ? ਇਹ ਮਹਿਰੇ ਦੀ ਗ਼ਲਤੀ ਹੈ,



Digitized by Panjab Digital Library | www.panjabdigilib.org

ਆਪ ਜੀ ਨੂੰ ਕਾਹਨੂੰ ਤਕਲੀਫ਼ ਦੇਣੀ ਸੀ।"

ਇਹ ਗੱਲ ਸੁਣ ਵੀਰ ਜੀ ਕਹਿਣ ਲਗੇ, "ਕਪਤਾਨ ਸਾਹਿਬ ! ਤੁਹਾਡੀ ਸਿਖਾਂ ਵਾਲੀ ਸੁਹਣੀ ਸਾਬਤ ਸੂਰਤ ਹੀ ਮੇਰੇ ਵਾਸਤੇ ਕਾਫ਼ੀ ਜਾਣ-ਪਛਾਣ ਹੈ। ਪਰ ਮੈਂ ਤਾਂ ਇਹ ਸੋਚ ਰਿਹਾ ਹਾਂ ਕਿ ਮੇਰੇ ਪਾਸ ਤਾਂ ਘਰ ਵਿਚ ਸ਼ਾਇਦ ਚਾਰ ਸੌ ਰੁਪਏ ਤੋਂ ਵਧ ਨਹੀਂ ਹੋਣ ਲਗੇ। ਰੁਪਏ ਦਾ ਬੰਦੋਬਸਤ ਏਨੀ ਛੇਤੀ ਕੀਤਾ ਕਿਥੋਂ ਜਾਵੇ ? ਜੇ ਦੋ ਚਾਰ ਦਿਨ ਵਿਚ ਹੁੰਦੇ ਤਾਂ ਬੈਂਕ ਵਿਚੋਂ ਹੀ ਕਰਜ਼ਾ ਕਢਾ ਲੈਂਦਾ। ਹੱਛਾ, ਚਲੋ ਮੰਡੀ ਚਲ ਕੇ ਕੋਸ਼ਸ਼ ਕਰ ਵੇਖਦਾ ਹਾਂ। ਜੇ ਸਤਿਗੁਰੂ ਨੂੰ ਮਨਜ਼ੂਰ ਹੋਇਆ ਤੇ ਪੱਲੇ ਪੈ ਗਏ, ਤਾਂ ਆਪ ਦੀ ਸੇਵਾ ਵਿਚ ਹਾਜ਼ਰ ਕਰ ਦਿਆਂਗਾ ਚਲੋ ! ਆਪ ਵੀ ਨਾਲ ਹੀ ਚਲੇ ਚਲੋ !! ਜੇ ਬੰਦੋਬਸਤ ਹੋ ਗਿਆ, ਤਾਂ ਉਧਰੋਂ ਹੀ ਕਚਹਿਰੀ ਚਲੇ ਜਾਵਾਂਗੇ। ਏਧਰ ਆਉਣ ਵਿਚ ਐਵੇਂ ਵਕਤ ਨਾ ਹਰਜ਼ ਹੋਵੇ।' ਕਪਤਾਨ ਸਾਹਿਬ ਦੇ ਨੇਤਰ ਤਰ ਹੋ ਗਏ। ਭਾਰੀ ਜਿਹੀ ਆਵਾਜ਼ ਵਿਚ ਬੋਲੇ : "ਨਾ-ਵਾਕਫ਼ ਦਾ ਏਤਬਾਰ ਕਰ ਲਉਗੇ ?" ਵੀਰ ਜੀ ਨੇ ਟਾਂਗੇ ਵਾਲੇ ਨੂੰ ਬੁਲਾ ਕੇ ਕਪਤਾਨ ਸਾਹਿਬ ਨੂੰ ਉਸ ਵਿਚ ਬਿਠਾ ਲਿਆ ਤੇ ਆਪ ਆਪਣੇ ਟੱਟੂ ਨੂੰ ਅੱਡੀ ਲਾ ਕੇ ਟਾਂਗੇ ਨਾਲੋਂ ਵੀ ਪਹਿਲਾਂ ਅਨਾਜ ਮੰਡੀ ਵਿਚ ਜਾ ਪਹੁੰਚੇ।

ਮੰਡੀ ਵਿਚ ਆੜ੍ਹਤ ਦੀਆਂ ਬਹੁਤ ਸਾਰੀਆਂ ਦੁਕਾਨਾਂ ਆਪਣੇ ਸਾਕਾਂ ਸੰਬੰਧੀਆਂ ਤੇ ਸੱਜਣਾਂ ਮਿੱਤਰਾਂ ਦੀਆਂ ਹੀ ਸਨ। ਇਕ ਦੋਂਹ ਨੇ ਤਾਂ ਕਿਹਾ, "ਏਸ ਵੇਲੇ ਰਕਮ ਮੌਜੂਦ ਨਹੀਂ ਹੈ। ਸ਼ਾਮ ਤੀਕ ਪ੍ਰਬੰਧ ਹ ਜਾਵੇਗਾ।"

ਵੀਰ ਜੀ ਨੇ ਅਗਲੀਆਂ ਦੁਕਾਨਾਂ ਦੀਆਂ ਰੋਕੜਾਂ ਵਹੀਆਂ ਵੇਖਣੀਆਂ ਸ਼ੁਰੂ ਕਰ ਦਿਤੀਆਂ ਅਤੇ ਜਿੰਨੀ ਜਿੰਨੀ ਗੁੰਜਾਇਸ਼ ਸਮਝੀ ਉਨ੍ਹਾਂ ਪਾਸੋਂ ਫੜਦੇ ਚਲੇ ਗਏ। ਕਿਸੇ ਕੋਲੋਂ ਹਜ਼ਾਰ, ਕਿਸੇ ਕੋਲੋਂ ਘਟ ਤੇ ਕਿਸੇ ਪਾਸੋਂ ਵਧ। ਜਿੰਨਾ ਜਿੰਨਾ ਰੁਪਿਆ ਲਈ ਗਏ ਆਪਣੇ ਨਾਮ ਪਵਾਈ ਗਏ ਤੇ ਕਹਿੰਦੇ ਗਏ, "ਗੁਰੂ ਭਲੀ ਕਰੇਗਾ, ਉਮੀਦ ਹੈ, ਆਪ ਨੂੰ ਇਹ ਰਕਮ ਸ਼ਾਮ ਤਕ ਪਹੁੰਚ ਜਾਏਗੀ।"

ਵੀਰ ਜੀ ਉਨ੍ਹਾਂ ਨੂੰ ਕਹਿੰਦੇ ਚਲੇ ਜਾਣ, ਕਿ ਦਪਖ਼ਤ ਕਰਵਾ ਲਉ। ਅਗੋਂ ਦੁਕਾਨਦਾਰ ਹੱਸ ਕੇ ਕਹਿ ਛਡਣ ਲਗਾ, "ਸਰਦਾਰ ਸਾਹਿਬ ! ਸਾਨੂੰ ਸ਼ਰਮਿੰਦਿਆਂ ਕਿਉਂ ਕਰਦੇ ਹੋ ? ਇਹ ਤਾਂ ਦੁਕਾਨ ਹੀ ਆਪ ਜੀ ਦੀ ਆਪਣੀ



Digitized by Panjab Digital Library | www.panjabdigilib.org

ਹੈ। ਨਾਲੇ ਕਹਿੰਦੇ ਹੋ ਰੁਪਏ ਸ਼ਾਮ ਤਕ ਆ ਜਾਣਗੇ । ਫੇਰ ਦਸਖ਼ਤ ਕਰਾਉਣ ਦਾ ਕੀ ਮਤਲਬ ?" ਸੁ ਦਸਖ਼ਤ ਕਿਸੇ ਨੇ ਵੀ ਨਾ ਕਰਵਾਏ ਤੇ ਹੱਥ ਉਧਾਰ ਹੀ ਰੁਪਏ ਫੜਾਈ ਚਲੇ ਗਏ ।

ਜਦੋਂ ਰੁਪਏ ਲੋੜ ਪੂਰੀ ਕਰਨ ਜੋਗੇ ਇਕੱਤਰ ਹੋ ਗਏ, ਤਾਂ ਟਾਂਗੇ ਵਾਲੇ ਨੂੰ ਸਵਾਰ ਹੋ ਕੇ ਕਹਿ ਦਿਤਾ, "ਫ਼ਰਵਟ ।" ਕਪਤਾਨ ਸਾਹਿਬ ਕਹਿਣ ਸਾਡੇ ਪਾਸੋਂ ਲਿਖਵਾ ਲਉ ! ਵੀਰ ਜੀ ਕਹਿਣ, "ਐਵੇਂ ਆਪਣਾ ਟਾਈਮ ਖ਼ਰਾਬ ਨਾ ਕਰੋ ! ਮੈਂ ਤਾਂ ਗੁਰੂ ਕਾ ਸਿੰਘ ਵੇਖ ਕੇ ਏਤਬਾਰ ਕਰ ਲਿਆ ਹੈ । ਤੁਸੀਂ ਵਹਿਮ ਨਾ ਕਰੋ । ਇਨ੍ਹਾਂ ਲੋਕਾਂ ਨੇ ਤੁਹਾਡੇ ਸਾਹਮਣੇ ਮੇਰੇ ਪਾਸੋਂ ਕੁਝ ਲਿਖਵਾਇਆ ਹੈ ? ਤੇ ਮੈਂ ਤੁਹਾਡੇ ਪਾਸੋਂ ਕਿਉਂ ਲਿਖਵਾਵਾਂ ??" ਸੁ ਟਾਂਗਾ ਵੀ ਫਰਵਟ ਦੌੜ ਪਿਆ ਤੇ ਨਾਲ ਹੀ ਵੀਰ ਜੀ ਦਾ ਏਟੂ ਦੁੜਕੀ ਪੈ ਤੁਰਿਆ । ਜਦੋਂ ਖ਼ਜ਼ਾਨੇ ਦੇ ਬਾਹਰ ਪਹੁੰਚੇ, ਤਾਂ ਅਗੇ ਕਪਤਾਨ ਸਾਹਿਬ ਦਾ ਆਦਮੀ ਰੁਪਏ ਲੈ ਕੇ ਬੈਠ ਰਿਹਾ ਸੀ । ਤੇ ਉਨ੍ਹਾਂ ਦੀ ਉਡੀਕ ਕਰ ਰਿਹਾ ਸੀ । ਉਸ ਨੂੰ ਪਤਾ ਹੀ ਨਹੀਂ ਸੀ ਕਿ ਕਾਗ਼ਜ਼ਾਤ ਲਿਖ ਲਿਖਾ ਕੇ ਮੁਕੰਮਲ ਕੀਤੇ ਪਏ ਸਨ ।

ਵੀਰ ਜੀ ! ਝੱਟ ਆਪਣੇ ਵਾਲੋ ਰੁਪਏ ਖ਼ਜ਼ਾਨਚੀ ਦੇ ਹਵਾਲੇ ਕੀਤੇ ਤੇ ਕਾਗ਼ਜ਼ਾਂ 'ਤੇ ਦਸਤਖ਼ਤ ਕਰਵਾਉਣੇ ਸ਼ੁਰੂ ਕਰ ਦਿਤੇ । ਇਕ ਛੋਟੇ ਅਹਿਲਕਾਰ ਨੇ ਆਣ ਆਖਿਆ : "ਖ਼ਜ਼ਾਨਾ ਬੰਦ ਹੋ ਚੁੱਕਾ ਹੈ ।" ਖ਼ਜ਼ਾਨਚੀ ਨੇ ਉਤਰ ਦਿਤਾ : "ਜਾਹ ਤੂੰ ਆਪਣੇ ਕੰਮ ਲਗ । ਸਰਦਾਰ ਰਾਜ ਸਿੰਘ ਵਾਸਤੇ ਖ਼ਜ਼ਾਨਾ ਹਰ ਵੇਲੇ ਖੁਲ੍ਹਾ ਹੈ । ਕਾਗ਼ਜ਼ ਪੱਤਰ ਤੇ ਦਸਤਖ਼ਤ ਹੋ ਗਏ । ਰੁਪਏ ਜਮ੍ਹਾਂ ਹੋ ਗਏ, ਪਰ ਖ਼ਜ਼ਾਨਾ ਬੰਦ ਹੋ ਜਾਣ ਦੇ ਕਾਰਨ ਅਮਾਨਤ ਵਿਚ ਰਖੇ ਗਏ ਤੇ ਮੁਹਤਮਿਮ ਖ਼ਜ਼ਾਨਾ ਦੀ ਆਗਿਆ ਨਾਲ ਰਸੀਦ ਉਸੇ ਤਰੀਕ ਦੀ ਮਿਲ ਗਈ ।

ਵੀਰ ਜੀ ਨੇ ਖ਼ਜ਼ਾਨਚੀ ਨੂੰ ਏਸ ਬੇ-ਵਕਤ ਕੰਮ ਕਰ ਕੇ ਦੇਣ ਦੇ ਸ਼ੁਕਰਾਨੇ ਵਜੋਂ ਖ਼ਜ਼ਾਨਚੀ ਨੂੰ ਪੰਜਾਹ ਰੁਪਏ ਦੇਣ ਦਾ ਬੜਾ ਹੀ ਯਤਨ ਕੀਤਾ, ਪਰ ਉਸ ਨੇ ਕੋਈ ਪੈਸਾ ਨਾ ਲਿਆ । ਪਰ ਵੀਰ ਜੀ ਬਾਰ ਬਾਰ ਜ਼ੋਰ ਦੇਣ ਤੋਂ ਨਾ ਹਟੇ ; ਓੜਕ ਖ਼ਜ਼ਾਨਚੀ ਨੇ ਸਹੁੰ ਖਾ ਲਈ ਕਿ ਏਸ ਕੇਸ ਵਿਚ ਮੇਰੇ ਵਾਸਤੇ ਕੁਝ ਵੀ ਲੈਣਾ ਹਰਾਮ ਹੈ । ਮੈਂ ਫੇਰ ਕਦੀ ਕਿਸੇ ਹੋਰ ਕੇਸ ਵਿਚ ਕਸਰ ਪੂਰੀ ਕਰ ਲਵਾਂਗਾ ।



Digitized by Panjab Digital Library | www.panjabdigilib.org

ਏਥੋਂ ਵਿਹਲੇ ਹੋ ਕੇ ਮੁੜ ਸਿਧੇ ਹੀ ਮੰਡੀ ਜਾ ਪਹੁੰਚੇ ਤੇ ਜਿਸ ਜਿਸ ਦੁਕਾਨ ਤੋਂ ਜਿੰਨੀ ਜਿੰਨੀ ਰਕਮ ਫੜੀ, ਉਹ ਉਨ੍ਹਾਂ ਨੂੰ ਵਾਪਸ ਕਰ ਦਿਤੀ। ਏਥੋਂ ਵੀਰ ਜੀ ਕੈਪਟਨ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲੜਕੇ ਨੂੰ ਨਾਲ ਲੈ ਕੇ ੧੪ ਬਲਾਕ ਵਿਚ ਆਪਣੇ ਘਰ ਆ ਗਏ। ਆਉਂਦੇ ਆਉਂਦੇ ਗੰਡੂ ਮਹਿਰੇ ਨੂੰ ਤਿੰਨ ਪਲੇਟਾਂ ਮਹਾਂ ਪ੍ਰਸ਼ਾਦ ਦੀਆਂ ਘਰ ਭੇਜ ਦੇਣ ਲਈ ਆਖਦੇ ਆਏ, ਜੋ ਪ੍ਰਸਾਦ ਛਕਣ ਵਾਸਤੇ ਹੱਥ ਹੁਥ ਧੋਂਦਿਆਂ ਤਕ ਲੈ ਕੇ ਆ ਗਿਆ। ਸੁ ਤਿੰਨਾਂ ਜਣਿਆਂ ਨੇ ਰਲ ਕੇ ਪ੍ਰਸ਼ਾਦ ਛਕਿਆ ਤੇ ਰਾਤ ਉਥੇ ਹੀ ਬਿਸਰਾਮ ਕੀਤਾ।

ਅਗਲੇ ਦਿਨ ਸਵੇਰੇ ਉਠ ਕੇ ਕਪਤਾਨ ਸਾਪਿਬ ਆਪਣੇ ਚੱਕ ਨੂੰ ਤੁਰ ਜਾਣ ਵਾਸਤੇ ਤਿਆਰੀ ਕਰਨ ਲਗ ਪਏ। ਏਧਰ ਵੀਰ ਜੀ ਨੇ ਤਦ ਤਕ ਚਾਹ ਤਿਆਰ ਕਰਵਾ ਛਡੀ ਸੀ, ਜੋ ਤਿੰਨਾਂ ਜਣਿਆਂ ਨੇ ਇਕੱਠੇ ਬੈਠ ਕੇ ਚਾਹ ਪੀਤੀ ਤੇ ਵੀਰ ਜੀ ਨੇ ਕਪਤਾਨ ਸਾਹਿਬ ਅਤੇ ਉਨ੍ਹਾਂ ਦੇ ਲੜਕੇ ਨੂੰ ਵਿਦਾ ਕਰ ਦਿਤਾ। ਏਸ ਦਿਨ ਤੋਂ ਮਗਰੋਂ ਕਪਤਾਨ ਸਾਹਿਬ ਅਤੇ ਵੀਰ ਜੀ ਦਾ ਆਪਸ ਵਿਚ ਬਹੁਤ ਹੀ ਗੂੜ੍ਹਾ ਪ੍ਰੇਮ ਪਿਆਰ ਪੈ ਗਿਆ।



Digitized by Panjab Digital Library | www.panjabdigilib.org

# ਵਿਧਵਾ ਦੀ ਇਮਦਾਦ

ਮੇਰੇ ਵੀਰ ਜੀ ਨੇ ਸਰਗੋਧਾ ਸ਼ਹਿਰ ਵਿਚ ਬਹੁਤ ਸਾਰੇ ਮਕਾਨ ਤੇ ਦੁਕਾਨਾਂ ਬਣਾ ਕੇ ਕਿਰਾਏ ਚੜ੍ਹਾ ਰਖੇ ਸਨ। ਮੰਡੀ ਵਿਚ ਵੀ ਕਈ ਦੁਕਾਨਾਂ ਸਨ। ਦੋ ਬਲਾਕ ਦੇ ਚੌਂਕ ਦਾ ਚੌਥਾ ਹਿੱਸਾ (ਸਾਹਮਣੇ ਦੁਕਾਨ ਤੇ ਪਿਛੇ ਮਕਾਨ) ਸਾਡਾ ਹੀ ਸੀ। ਪਿਛੇ ਵਾਲੇ ਮਕਾਨਾਂ ਵਿਚ ਦੁਕਾਨਦਾਰਾਂ ਨੇ ਆਪਣਾ ਆਪਣਾ ਸਾਮਾਨ ਰਖਿਆ ਹੋਇਆ ਹੁੰਦਾ ਸੀ। ਕੇਵਲ ਇਕ ਮਕਾਨ ਦੀਆਂ ਦੋ ਕੋਠੜੀਆਂ ਇਕ ਸਖ਼ਸ਼ ਕਰਮੂ ਪੇਂਜੇ ਪਾਸ ਕਿਰਾਏ 'ਤੇ ਸਨ। ਦੂਜੇ ਮਕਾਨ ਵਿਚੋਂ ਇਕ ਕੋਠੜੀ ਇਕ ਹਿੰਦੂ ਬਾਲ ਵਿਧਵਾ ਪਾਸ ਸੀ। ਜਿਸ ਵਿਚਾਰੀ ਦਾ ਨਾ ਕੋਈ ਸਹੁਰਿਆਂ ਵਿਚੋਂ ਰਹਿ ਗਿਆ ਸੀ ਤੇ ਨਾ ਕੋਈ ਪੇਕਿਆਂ ਵਿਚੋਂ ਹੀ ਬਾਕੀ ਬਚਿਆ ਸੀ। ਉਹ ਲੋਕਾਂ ਦਾ ਪੀਹਣਾਂ ਕਤਣਾ ਕਰ ਕੇ ਆਪਣਾ ਪੇਟ ਪਾਲਿਆ ਕਰਦੀ ਸੀ।

ਚੌਕ ਦੇ ਦੂਜੇ ਪਾਸੇ ਬਾਜ਼ਾਰੋਂ ਪਾਰ ਰਾਮ ਮਲ ਤੇ ਉਸ ਦੇ ਛੇ ਭਰਾਵਾਂ ਦੀ ਸਬਜ਼ੀ ਦੀ ਨੀਲਾਮੀ ਦੀ ਦੁਕਾਨ ਹੁੰਦੀ ਸੀ।

ਇਕ ਦਿਨ ਇਹ ਵਿਧਵਾ ਵਿਚਾਰੀ ਆਪਣੇ ਕੋਠੇ 'ਤੇ ਜਦ ਟੱਟੀ ਗਈ ਤਾਂ ਰਾਮ ਮਲ ਦਾ ਇਕ ਭਰਾ ਆਪਣੇ ਕੋਠੇ 'ਤੇ ਉਸ ਵਿਧਵਾ ਦੇ ਸਾਹਮਣੇ ਨੰਗਾ ਹੋ ਖਲੋਤਾ। ਉਹ ਵਿਧਵਾ ਹੱਥ ਪਾਣੀ ਕਰ ਕੇ ਜ਼ਾਰ ਜ਼ਾਰ ਰੋਂਦੀ ਹੋਈ ਵੀਰ ਜੀ ਅਗੇ ਜਾ ਕੇ ਫ਼ਰਿਆਦੀ ਹੋਈ ਕਿ ਮੇਰਾ ਰੱਬੋਂ ਉਰੇ ਤੁਹਾਡੇ ਸਿਵਾ ਕੋਈ ਆਸਰਾ ਨਹੀਂ। ਤੁਹਾਡੇ ਮਕਾਨ ਵਿਚ ਮੈਂ ਏਸ ਵਾਸਤੇ ਆ ਕੇ ਸਿਰ ਲੁਕਾਈ ਬੈਠੀ ਸੀ ਕਿ ਤੁਹਾਡੇ ਡਰ ਭਉ ਕਰ ਕੇ ਕਿਸੇ ਨੂੰ ਮੇਰੀ ਵਲ ਮੈਲੀ ਅੱਖ ਵੇਖਣ



Digitized by Panjab Digital Library | www.panjabdigilib.org

ਦਾ ਹੀਆ ਨਹੀਂ ਪਵੇਗਾ। ਪਰ ਅੱਜ ਰਾਮ ਦੇ ਭਰਾ 'ਨਿਹਾਲ' ਨੇ ਮੇਰੀ ਬੜੀ ਹੀ ਬੇ-ਇੱਜ਼ਤੀ ਕੀਤੀ ਹੈ। ਉਹ ਮੇਰੇ ਸਾਹਮਣੇ ਨੰਗਾ ਹੋ ਕੇ ਨੱਚਿਆ ਹੈ। ਤੇ ਮੈਨੂੰ ਆਪਣੇ ਵਲ ਆ ਜਾਣ ਲਈ ਸੈਨਤਾਂ ਕਰਦਾ ਰਿਹਾ ਹੈ। ਇਕ ਦਿਨ ਪਹਿਲੋਂ ਵੀ ਉਸ ਨੇ ਮੈਨੂੰ ਇਕ ਜ਼ਨਾਨੀ ਦੀ ਰਾਹੀਂ ਆਪਣੇ ਘਰ ਭਾਂਡੇ ਮੰਜਵਾਉਣ ਦੇ ਬਹਾਨੇ ਬੁਲਾ ਭੇਜਿਆਂ ਸੀ। ਪੰਜ ਰੁਪਏ ਮਹੀਨਾ ਦੇਂਦੇ ਰਹਿਣ ਦਾ ਸੁਨੇਹਾ ਭੇਜਿਆ ਸੁ। ਮੈਂ ਨਾਂਹ ਕਰ ਦਿਤੀ ਸੀ ਕਿ ਮੈਂ ਕਿਸੇ ਦੇ ਮਕਾਨ ਜਾਂ ਦੁਕਾਨ 'ਤੇ ਜਾ ਕੇ ਕੰਮ ਨਹੀਂ ਕਰਦੀ। ਹੁਣ ਮੈਨੂੰ ਦਸੋ! ਵੀਰ ਜੀ!' ਮੈਂ ਕਿਧਰ ਜਾਵਾਂ? ਮੇਰਾ ਨਾ ਕੋਈ ਸਹੁਰਿਆਂ ਵਿਚੋਂ ਹੈ ਤੇ ਨਾ ਕੋਈ ਪੇਕਿਆਂ ਵਿਚੋਂ। ਹੁਣ ਮੇਰਾ ਬਿਨਾਂ ਤੁਹਾਡੇ ਕੌਣ ਹੈ, ਜਿਸ ਅਗੇ ਏਸ ਅ-ਨਿਆਉਂ ਦੀ ਪੁਕਾਰ ਜਾ ਕਰਾਂ?

ਵੀਰ ਜੀ ਨੇ ਉਸ ਨੂੰ ਦਲਾਸਾ ਦਿਤਾ ਅਤੇ ਕਿਹਾ ਕਿ ਏਸ ਲੁਚ-ਪੁਣੇ ਦਾ ਉਹ ਬੰਦੋਬਸਤ ਕਰੇਗਾ ਤੇ ਅਵੱਸ਼ ਕਰੇਗਾ। ਵਿਧਵਾ ਨੂੰ ਦਲਾਸਾ ਦੇ ਕੇ ਆਪਣੇ ਘਰ ਵਲ ਤੋਰ ਦਿਤਾ ਤੇ ਆਪ ਘੋੜੇ 'ਤੇ ਸਵਾਰ ਹੋ ਕੇ ੧੪ ਬਲਾਕ ਨੂੰ ਆ ਗਏ। ਕਰਮੂ ਪੇਂਜੇ ਨੂੰ ਬੁਲਾ ਕੇ ਕਹਿਣ ਲੱਗੇ, "ਉਇ ਕਰਮੂ ਦੇ ਬੱਚੇ, ਕੰਜਰਾ! ਅਜੇ ਜੀਊਂਦਾ ਫਿਰਦਾ ਏਂ?"

ਕਰਮੂ ਸ਼ਹਿਰ ਦੇ ਬਦਮਾਸ਼ਾਂ ਦਾ ਸਰਦਾਰ ਸੀ। ਜੂਆ ਖੇਡਣਾ ਤੇ ਖਿਡਾਣਾ, ਸ਼ਰਾਬ ਪੀਣੀ ਤੇ ਪਿਲਾਣੀ ਉਸ ਦਾ ਅਸਲ ਪੇਸ਼ਾ ਸੀ। ਪੇਂਜੇ ਦਾ ਕੰਮ ਤਾਂ ਉਸ ਕਾਨੂੰਨ ਦੀਆਂ ਨਜ਼ਰਾਂ ਵਿਚ ਧੂਲ ਝੋਕਣ ਵਾਸਤੇ ਉਹਲਾ ਹੀ ਬਣਾ ਰਖਿਆ ਸੀ। ਸਾਰੇ ਸਾਲ ਵਿਚ ਦਸ ਸੇਰ ਰੂੰ ਵੀ ਨਹੀਂ ਪਿੰਜਦਾ ਹੋਣਾ। ਵੀਰ ਜੀ ਦਾ ਪੱਕਾ ਹੱਥ-ਠੋਕਾ ਸੀ। ਜਿਨ੍ਹਾਂ ਦੇ ਅਸਰ ਰਸੂਖ਼ ਦਾ ਸਦਕਾ ਪੁਲਿਸ ਵਾਲਾ ਕੋਈ ਉਸ ਨੂੰ ਹੱਥ ਨਹੀਂ ਸੀ ਪਾਉਂਦਾ। ਕਰਮੂ ਨੇ ਹੱਥ ਜੋੜ ਕੇ ਵੀਰ ਜੀ ਨੂੰ ਕਿਹਾ "ਸਰਦਾਰ ਜੀ! ਹੋ ਕੀ ਗਿਆ ਏ? ਕੋਈ ਗੱਲ ਤਾਂ ਦਸੋ!"

ਵੀਰ ਜੀ ਨੇ ਵਿਧਵਾ ਵਾਲਾ ਸਾਰਾ ਹੀ ਮਾਜਰਾ ਕਹਿ ਸੁਣਾਇਆ। ਤੇ ਨਾਲ ਹੀ ਕਹਿ ਦਿਤਾ ਕਿ ਆਪਣੇ ਇਕ ਦੋ ਚੇਲੇ ਬੁਲਾ ਕੇ ਜਿੰਨਾ ਚਿਰ ਏਸ ਵਿਚਾਰੀ ਦੁਖਿਆਰੀ ਭੈਣ ਦਾ ਬਦਲਾ ਨਹੀਂ ਲੈ ਲੈਂਦਾ ਤੇਰੇ ਵਾਸਤੇ ਰੋਟੀ ਪਾਣੀ



Digitized by Panjab Digital Library | www.panjabdigilib.org

ਹਰਾਮ ਜ਼ੂ। ਅੱਜ ਤੋਂ ਉਹ ਤੇਰੀ ਭੈਣ ਹੋ ਚੁੱਕੀ।"

ਕਰਮੂ ਨੇ ਛਾਤੀ 'ਤੇ ਹੱਥ ਰੱਖ ਕੇ ਕਿਹਾ : ਇਨਸ਼ਾ ਅੱਲ੍ਹਾ ! ਸਰਦਾਰ ਜੀ ਇਕ ਅੱਧੇ ਨੂੰ ਅਜ ਹੀ ਫੁੜਕਾਇਆ ਲਉ। ਜਿਹੜਾ ਵੀ ਟੱਕਰ ਜਾਏ ਉਸੇ ਨੂੰ ਫੰਡ ਕਢੀਏ ? ਜਾਂ ਕਿਸੇ ਖ਼ਾਸ ਇਕ ਨੂੰ ??

ਵੀਰ ਜੀ ਨੇ ਕਿਹਾ, "ਅੱਵਲ ਤਾਂ ਨਿਹਾਲ ਨੂੰ ਤੇ ਜੇ ਉਹ ਨਾ ਟੱਕਰੇ ਤਾਂ ਜਿਹੜਾ ਵੀ ਸਾਹਮਣੇ ਆ ਜਾਵੇ, ਸਾਰਿਆਂ ਨੂੰ ਇਕ ਇਕ ਵਾਰ ਸੌੜ ਚਾੜ੍ਹ ਛੱਡੀ ਜਾਵੇ। ਇਹ ਆਪਣੇ ਆਪ ਨੂੰ ਬਹੁਤ ਹੀ ਲੁਚੇ ਸਮਝਣ ਲਗ ਪਏ ਹਨ।"

ਅਗਲੇ ਹੀ ਦਿਨ ਮੇਰੇ ਵੀਰ ਜੀ ਰੇਲ ਬਾਜ਼ਾਰ ਵਿਚ ਦੀ ਲੰਘ ਰਹੇ ਸਨ। ਅਗੋਂ ਰਾਮ ਮੱਲ ਦਾ ਉਹੋ ਹੀ ਭਰਾ ਨਿਹਾਲ ਜਿਸ ਨੇ ਵਿਧਵਾ ਬੀਬੀ ਨਾਲ ਵਧੀਕੀ ਕੀਤੀ ਸੀ, ਆਉਂਦਾ ਟੱਕਰ ਪਿਆ। ਵੀਰ ਜੀ ਟੱਟੂ ਤੋਂ ਉਤਰ ਕੇ ਉਸ ਨੂੰ ਇਕ ਪਾਸੇ ਸੜਕ ਦੇ ਕਿਨਾਰੇ ਖੜਾ ਕਰ ਦਿਤਾ ਤੇ ਆਪ ਹੰਟਰ ਫੜ ਕੇ ਨਿਹਾਲ ਦੀ ਚੰਗੀ ਭੁਗਤ ਸਵਾਰੀ।

ਲੋਕਾਂ ਨੇ ਆ ਕੇ ਬੜੀ ਮੁਸ਼ਕਲ ਨਾਲ ਉਸ ਨੂੰ ਵੀਰ ਜੀ ਪਾਸੋਂ ਛੁਡਾਇਆ। ਜਿਸ ਨੂੰ ਰਾਮ ਮੱਲ ਨੇ ਵੀ ਖ਼ੂਬ ਝਾੜ ਪਾਈ ਕਿ ਪਹਿਲਾਂ ਕਸੂਰ ਤਾਂ ਤੇਰਾ ਹੀ ਹੈ। ਤੂੰ ਉਨ੍ਹਾਂ ਦੀ ਕਿਰਾਏਦਾਰਨੀ ਦੀ ਬੇਇਜ਼ਤੀ ਕਿਉਂ ਕੀਤੀ ?

ਸ਼ਹਿਰਾਂ ਵਿਚ ਸੱਜਣ ਵੀ ਹੁਦੇ ਹਨ ਤੇ ਦੁਸ਼ਮਨ ਵੀ ! ਕੁਝ ਸ਼ਰਾਰਤ ਪਸੰਦ, ਆਦਮੀਆਂ ਨੇ ਉਸ ਨੂੰ ਚੁਕ ਚੁਕਾ ਕੇ ਥਾਣੇ ਰਪੋਟ ਲਿਖਵਾਉਣ ਭੇਜ ਦਿਤਾ। ਉਨ੍ਹਾਂ ਨੇ ਗ਼ਲਤ ਮਲਤ ਰਪੋਟ ਲਿਖ ਕੇ ਉਸ ਨੂੰ ਕਿਸੇ ਤੇਜ਼ ਧਾਰ ਵਾਲੀ ਚੀਜ਼ ਨਾਲ ਫੱਟੜ ਕੀਤੇ ਜਾਣ ਦਾ ਡਾਕਟਰੀ ਸਰਟੀਫੀਕੇਟ ਲਿਆਉਣ ਵਾਸਤੇ ਤੋਰ ਦਿਤਾ। ਪਰ ਉਸ ਦੇ ਸਰੀਰ ਉਪਰ ਨਾ ਕੋਈ ਤੇਜ਼ ਧਾਰ ਦਾ ਨਿਸ਼ਾਨ ਸੀ ਤੇ ਨਾ ਕੋਈ ਹੱਡੀ ਪੱਸਲੀ ਹੀ ਟੁਟੀ ਹੋਈ ਸੀ। ਸੁ ਡਾਕਟਰ ਪਾਸੋਂ ਦਫ਼ਾ ੩੨੩ ਅਧੀਨ 'ਜ਼ਰਬ ਖ਼ਫ਼ੀਫ਼' ਦਾ ਸਰਟੀਫ਼ੀਕੇਟ ਲੈ ਕੇ ਥਾਣੇ ਚਲਾ ਗਿਆ। ਥਾਣੇ ਵਾਲਿਆਂ ਹਦਾਇਤ ਕੀਤੀ ਕਿ ਉਹ ਅਦਾਲਤ ਵਿਚ ਜਾ ਕੇ ਦਾਅਵਾ ਕਰ ਦੇਵੇ। ਕਿਉਂ ਕਿ ਪੁਲਸ ੩੨੩ ਦੇ ਮੁਕੱਦਮੇ ਨੂੰ ਆਪ ਹੱਥ ਨਹੀਂ ਪਾ ਸਕਦੀ। ਸੁ ਉਸ ਨੇ ਚਾਈਂ ਚਾਈਂ ਕਾਲੋਨੀ ਮੈਜਿਸਟ੍ਰੇਟ ਦੀ ਅਦਾਲਤ ਵਿਚ ਜਾ ਇਸਤਗ਼ਾਸਾ ਕੀਤਾ। ਨਾਲ ਡਾਕਟਰੀ ਦਾ ਪਰਚਾ ਵੀ ਦਾਖ਼ਲ ਕਰ ਦਿਤਾ।



Digitized by Panjab Digital Library | www.panjabdigilib.org

ਮੈਜਿਸਟ੍ਰੇਟ ਸਾਹਿਬ ਨੇ ਨਾਇਬ ਤਹਿਸੀਲਦਾਰ ਦੇ ਸਪੁਰਦ ਕਰ ਦਿਤਾ।

ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦੋਵੇਂ ਹੀ ਕੰਮ ਦੀ ਜ਼ਿਆਦਤੀ ਕਾਰਨ ਅਕਸਰ ਬਾਹਰ ਦੌਰੇ 'ਤੇ ਹੀ ਰਿਹਾ ਕਰਦੇ ਸਨ।

ਵੀਰ ਜੀ ਨੇ ਮੁਨਸ਼ੀ ਨੂੰ ਸਨੇਹਾ ਭੇਜ ਦਿਤਾ ਕਿ ਮੁਕੱਦਮੇ ਦੀ ਤਾਰੀਖ਼ ਦੂਰ ਸਾਰੇ ਤੇ ਦੌਰੇ ਦੇ ਕਿਸੇ ਅਸਥਾਨ 'ਤੇ ਲਗਾਇਆ ਕਰੇ। ਸੁ ਉਸ ਨੇ ਏਸੇ ਤਰ੍ਹਾਂ ਹੀ ਕੀਤਾ।

ਦੋ ਕੁ ਦਿਨਾਂ ਮਗਰੋਂ ਇਕ ਹੋਰ ਭਰਾ ਕਾਬੂ ਆ ਗਿਆ, ਉਸ ਨੂੰ ਚੰਗੀ ਤਰ੍ਹਾਂ ਫੈਂਟਿਆ ਗਿਆ। ਦੋ ਹੋਰ ਭਰਾਵਾਂ ਦੀ ਕਰਮੂ ਤੇ ਉਸ ਦੇ ਚੇਲਿਆਂ ਨੇ ਮੁਰੰਮਤ ਕਰ ਦਿਤੀ। ਇਨ੍ਹਾਂ ਤਿੰਨਾਂ ਨੇ ਵੀ ਉਹੋ ਕੁਝ ਕੀਤਾ ਜੋ ਪਹਿਲੇ ਨੇ ਕੀਤਾ ਸੀ।

ਪੁਲੀਸ ਤਾਂ ੩੨੩ ਵਿਚ ਕੁਝ ਕਰ ਸਕਦੀ ਹੀ ਨਹੀਂ ਸੀ। ਤੇ ਇਸਤਗ਼ਾਸੇ ਲਿਖਣ ਵਾਲਾ ਹਰ ਇਸਤਗ਼ਾਸੇ ਦੇ ਥੱਲੇ ਆਪਣਾ ਨੋਟ ਦਰਜ ਕਰ ਦੇਂਦਾ ਸੀ ਕਿ ਅਗੇ ਇਕ ਇਸਤਗ਼ਾਸਾ ਉਸ ਦੇ ਭਾਈ ਨੇ ਵੀ ਕੀਤਾ ਸੀ। ਜੋ ਨਾਇਬ ਤਹਿਸੀਲਦਾਰ ਸਾਹਿਬ ਦੀ ਅਦਾਲਤ ਵਿਚ ਜ਼ੇਰ ਸਮਾਇਤ ਹੈ। ਸੁ ਬਾਕੀ ਇਸਤਗ਼ਾਸਿਆਂ ਨਾਲ ਇਹ ਇਸਤਗ਼ਾਸਾ ਵੀ ਨਾਇਬ ਤਹਿਸੀਲਦਾਰ ਦੀ ਅਦਾਲਤ ਵਿਚ ਸ਼ਾਮਲ ਕਰ ਦਿਤਾ ਜਾਂਦਾ ਸੀ।

ਏਸ ਤਰ੍ਹਾਂ ਨਾਲ ਦਸ ਕੁ ਦਿਨਾਂ ਦੇ ਅੰਦਰ ਅੰਦਰ ਸਾਰੇ ਦੇ ਸਾਰੇ ਭਰਾ ਫੈਂਟੇ ਗਏ। ਸਾਰਿਆਂ ਦੇ ਵੱਖਰੇ ਵੱਖਰੇ ਇਸਤਗ਼ਾਸੇ ਦਾਇਰ ਹੋ ਗਏ ਤੇ ਸਾਰੇ ਦੇ ਸਾਰੇ ਨਾਇਬ ਤਹਿਸੀਲਦਾਰ ਦੀ ਅਦਾਲਤ ਵਿਚ ਜਾ ਪਹੁੰਚੇ ਤੇ ਸਾਰਿਆਂ ਵਿਚ ਉਹੋ ਇਕੋ ਹੀ ਹੁਕਮ ਹੁੰਦਾ ਗਿਆ ਕਿ ਸਰਸਰੀ ਸ਼ਹਾਦਤਾਂ ਪੇਸ਼ ਕਰਨ, ਤੇ ਗਵਾਹਾਂ ਨੂੰ ਤਲਬ ਕਰਨ। ਪਰ ਤਲਬੀ ਦੇ ਹੁਕਮਾਂ ਦੀ ਪੁਲੀਸ ਤਾਮੀਲ ਹੀ ਨਾ ਕਰਾਵੇ। ਨਾ ਉਨ੍ਹਾਂ ਦੇ ਨਾਲ ਕੋਈ ਤਰੀਕ 'ਤੇ ਉਠ ਕੇ ਹੀ ਤੁਰੇ।

ਦੌਰਿਆਂ 'ਤੇ ਤਰੀਕਾਂ ਭੁਗਤ ਭੁਗਤ ਕੇ ਤੰਗ ਆ ਗਏ। ਦੋ ਮਹੀਨੇ ਏਸ ਤਰ੍ਹਾਂ ਗੁਜ਼ਰ ਗਏ। ਪਿੰਡਾਂ ਵਿਚ ਕੋਈ ਉਨ੍ਹਾਂ ਨੂੰ ਮੂੰਹ ਹੀ ਨਾ ਲਾਏ। ਨਾ ਉਨ੍ਹਾਂ ਨੂੰ ਕੋਈ ਖਾਣ ਪੀਣ ਲਈ ਅੰਨ ਪਾਣੀ ਹੀ ਪੁੱਛੇ। ਸਭ ਥਾਂਈਂ ਖ਼ਬਰ ਪੁਜ ਚੁੱਕੀ ਸੀ ਕਿ ਇਹ ਏਸ ਕਰਤੂਤ ਦੇ ਮਾਲਕ ਹਨ ਤੇ ਹੁਣ ਉਲਟਾ ਸਰਦਾਰ



Digitized by Panjab Digital Library | www.panjabdigilib.org

ਰਾਜ ਸਿੰਘ ਨਾਲ ਮੱਥਾ ਲਾਈ ਬੈਠੇ ਨੇ ।

ਸਾਰਿਆਂ ਭਰਾਵਾਂ ਦੇ ਇਕੋ ਜਿਹੇ ਇਸਤਗ਼ਾਸੇ ਸਨ ਏਸ ਲਈ ਮੁਨਸ਼ੀ ਸਾਰਿਆਂ ਮੁਕੱਦਮਿਆਂ ਦੀ ਇਕੋ ਹੀ ਤਰੀਕ ਰੱਖ ਦਿਆ ਕਰੇ ਤੇ ਉਨ੍ਹਾਂ ਨੂੰ ਕਹਿ ਦਿਤਾ ਜਾਇਆ ਕਰੇ ਕਿ ਇਕੱਠੇ ਹੋ ਕੇ ਤਰੀਕ 'ਤੇ ਜਾਣ ਨਾਲ ਬਚੇ ਰਹਿੰਦੇ ਹੋ, ਇਕੱਲੇ ਇਕੱਲੇ ਨੂੰ ਤਾਂ ਪਿੰਡਾਂ ਵਾਲੇ ਰਸਤੇ ਵਿਚ ਹੀ ਮਾਰ ਦੇਣਗੇ । ਇਹ ਕਹਿ ਕੇ ਨਾਲੇ ਉਨ੍ਹਾਂ ਸਿਰ ਅਹਿਸਾਨ ਚੜ੍ਹਾ ਲਿਆ ਕਰੇ, ਨਾਲੇ ਮੁਠ ਗਰਮਾ ਲਿਆ ਕਰੇ ।

ਕਿਸੇ ਨੇ ਉਨ੍ਹਾਂ ਨੂੰ ਸਲਾਹ ਦੇ ਦਿਤੀ ਕਿ ਕਪਤਾਨ ਪੁਲੀਸ ਦੇ ਅਗੇ ਜਾ ਦਰਖ਼ਾਸਤ ਦੇਣ ਕਿ "ਉਨ੍ਹਾਂ ਨੂੰ ਸਰਦਾਰ ਰਾਜ ਸਿੰਘ ਤੇ ਉਸ ਦੇ ਆਦਮੀਆਂ ਪਾਸੋਂ ਜਾਨ ਦਾ ਖ਼ਤਰਾ ਹੈ, ਉਸ ਦੀ ਜ਼ਮਾਨਤ ਲਈ ਜਾਵੇ ।"

ਕਪਤਾਨ ਸਾਹਿਬ ਨੇ ਦਰਖ਼ਾਸਤ ਲੈ ਕੇ ਮੁਨਾਸਬ ਕਾਰਵਾਈ ਵਾਸਤੇ ਸਿਟੀ ਪੁਲੀਸ ਵਲ ਭੇਜ ਦਿਤੀ । ਸਿਟੀ ਪੁਲਿਸ ਨੂੰ ਹੋਰ ਕੀ ਚਾਹੀਦਾ ਸੀ । ਪੁਲਸ ਵਾਲੇ ਤਾਂ ਇਹੋ ਜਿਹੇ ਮੌਕਿਆਂ ਦੀ ਤਾੜ ਵਿਚ ਹੀ ਰਿਹਾ ਕਰਦੇ ਸਨ ਕਿ ਕੋਈ ਅਹਿਸ਼ਾਨ ਵੀਰ ਜੀ ਦੇ ਸਿਰ ਵੀ ਚੜ੍ਹਾ ਲੈਣ ।

ਥਾਣੇਦਾਰ ਨੇ ਸੱਤਾਂ ਹੀ ਭਰਾਵਾਂ ਦੇ ਬਿਆਨ ਲਿਖ ਲਏ । ਕਿ ਉਨ੍ਹਾਂ ਸਾਰਿਆਂ ਨੂੰ ਮਾਰ ਪੈ ਚੁੱਕੀ ਹੈ । ਕੁਝ ਨੂੰ ਇਕ ਇਕ ਵਾਰੀ ਤੇ ਕੁਝ ਨੂੰ ਦੋ ਦੋ ਵਾਰੀ । ਸਾਰਿਆਂ ਦੇ ਮੁਕੱਦਮੇ ਨਾਇਬ ਤਹਿਸੀਲਦਾਰ ਦੀ ਅਦਾਲ਼ਤ ਵਿਚ ਚਲ ਰਹੇ ਹਨ । ਤੇ ਉਨ੍ਹਾਂ ਸਾਰਿਆਂ ਨੂੰ ਸਰਦਾਰ ਰਾਜ ਸਿੰਘ ਪਾਸੋਂ ਜਾਨ ਦਾ ਸਖ਼ਤ ਖ਼ਤਰਾ ਹੈ । ਕਿਸੇ ਤਰ੍ਹਾਂ ਵੀ ਉਨ੍ਹਾਂ ਦੀ ਜਾਨ ਦੀ ਹਿਫ਼ਾਜ਼ਤ ਕੀਤੀ ਜਾਣੀ ਜ਼ਰੂਰੀ ਹੈ । ਥਾਣੇਦਾਰ ਸਾਹਿਬ ਨੇ ਉਨ੍ਹਾਂ ਦੀ ਹਿਫ਼ਾਜ਼ਤ ਦਾ ਨਵਾਂ ਹੀ ਢੰਗ ਸੋਚ ਲਿਆ । ਉਸ ਨੇ ਸੱਤਾਂ ਹੀ ਭਰਾਵਾਂ ਨੂੰ ਹਵਾਲਾਤ ਵਿਚ ਡੱਕ ਦਿਤਾ ਅਤੇ ਕਪਤਾਨ ਸਾਹਿਬ ਵਲ ਰਪੋਟ ਕਰ ਦਿਤੀ ਕਿ ਉਨ੍ਹਾਂ ਨੂੰ ਦੁਸ਼ਮਣਾਂ ਪਾਸੋਂ ਬਚਾਉਣ ਦਾ ਇਕ ਇਹੋ ਹੀ ਢੰਗ ਸੀ । ਜਦੋਂ ਤਕ ਕੋਈ ਅਦਾਲਤ ਮਜਾਜ਼ ਸ: ਰਾਜ ਸਿੰਘ ਪਾਸੋਂ ਦਫ਼ਾ ੧੦੭/੧੫੧ ਜ਼ਾਬਤਾ ਫ਼ੌਜਦਾਰੀ ਦੇ ਅਧੀਨ ਲੱਖ ਦੋ ਲੱਖ ਰੁਪਏ ਦੀ ਜ਼ਮਾਨਤ ਲੈ ਨਾ ਲਵੇ, ਇਨ੍ਹਾਂ ਦੇ ਆਪਣੇ ਵਾਸਤੇ ਹੀ ਖ਼ਤਰੇ ਤੋਂ ਖ਼ਾਲੀ ਨਹੀਂ । ਦੋ ਮਹੀਨਿਆਂ ਤੋਂ ਇਨ੍ਹਾਂ ਦੇ ਮੁਕੱਦਮੇ ਚਲ ਰਹੇ ਹਨ, ਗਵਾਹ ਇਨ੍ਹਾਂ



Digitized by Panjab Digital Library | www.panjabdigilib.org

ਨੂੰ ਮਿਲਦਾ ਕੋਈ ਨਹੀਂ। ਇਹ ਆਪ ਕਹਿੰਦੇ ਹਨ ਕਿ ਉਹ ਬੜਾ ਅਸਰ ਰਸੂਖ਼ ਵਾਲਾ ਆਦਮੀ ਹੈ, ਉਸ ਪਾਸੋਂ ਸਭ ਡਰਦੇ ਹਨ। ਕੋਈ ਵੀ ਉਸ ਦੇ ਖ਼ਿਲਾਫ਼ ਗਵਾਹੀ ਦੇਣ ਨੂੰ ਤਿਆਰ ਨਹੀਂ ਦਿਸਦਾ। ਜ਼ਬਾਨੀ ਜ਼ਬਾਨੀ ਤਾਂ ਕਈ ਲੋਕ ਉਸ ਦੇ ਖ਼ਿਲਾਫ਼ ਗੱਲਾਂ ਕਰਦੇ ਰਹਿੰਦੇ ਹਨ, ਪਰ ਨਾਲ ਹੀ ਕਹਿ ਦੇਂਦੇ ਹਨ, ਕਿ ਜੇ ਉਨ੍ਹਾਂ ਨੂੰ ਅਦਾਲਤ ਵਿਚ ਬੁਲਾਇਆ ਗਿਆ ਤਾਂ ਉਹ ਉਸ ਦੇ ਬਰ-ਖ਼ਿਲਾਫ਼ ਕੁਝ ਵੀ ਨਹੀਂ ਕਹਿਣਗੇ। ਇਨ੍ਹਾਂ ਛਿਆਂ ਸਤਾਂ ਭਰਾਵਾਂ ਨੂੰ ਹਵਾਲਾਤ ਵਿਚ ਡਕੇ ਜਾਣ 'ਤੇ ਸ਼ਹਿਰ ਵਿਚ ਬੜੀ ਹੀ ਚਰਚਾ ਛਿੜ ਪਈ। ਲੋਕੀਂ ਕਹਿਣ, "ਨਾਲੇ ਰੰਨ ਗਈ, ਨਾਲੇ ਕੰਨ ਪਾਟੇ" ਵਾਲੀ ਗੱਲ ਹੋ ਗਈ ਹੈ। ਦੋ ਮਹੀਨਿਆਂ ਤੋਂ ਮੁਕੱਦਮਿਆਂ ਵਿਚ ਧੂਹ ਘਸੀਟ ਹੁੰਦੀ ਰਹਿਣ ਨਾਲ ਉਨ੍ਹਾਂ ਦੀ ਦੁਕਾਨ ਦਾ ਸਾਰਾ ਕੰਮ ਇਕ ਹੋਰ ਨਵੀਂ ਖੁਲ੍ਹੀ ਦੁਕਾਨ ਵਾਲੇ ਖਿਚ ਲੈ ਗਏ। ਸਾਰਿਆਂ ਨੇ ਮਾਰਾਂ ਖਾਧੀਆਂ, ਸੈਂਕੜੇ ਰੁਪਏ ਵੀ ਬਰਬਾਦ ਕੀਤੇ ਤੇ ਉਲਟੇ ਹਵਾਲਾਤ ਵਿਚ ਵੀ ਗਏ।

ਕਪਤਾਨ ਸਾਹਿਬ ਵੀ ਨਵੇਂ ਨਵੇਂ ਆਏ ਸਨ। ਕੁਝ ਗ਼ਲਤੀ ਕਰ ਬੈਠੇ ਸਨ ਤੇ ਕੁੜਿੱਕੀ ਵਿਚ ਫਸ ਗਏ ਸਨ। ਮੇਰੇ ਵੀਰ ਜੀ ਨੇ ਉਸ ਦੀ ਮਦਦ ਕਰ ਕੇ ਬਚਾ ਲਿਆ ਸੀ। ਉਹ ਵੀ ਵੀਰ ਜੀ ਦੇ ਖ਼ਿਲਾਫ਼ ਕਿਸੇ ਗੱਲ ਵਿਚ ਆਉਣ ਲਈ ਕਿਸੇ ਸੂਰਤ ਵਿਚ ਤਿਆਰ ਨਹੀਂ ਸੀ। ਉਨ੍ਹਾਂ ਨੇ ਕਾਲੋਨੀ ਦੇ ਨੰਬਰਦਾਰ ਨਾਲ ਗਣੇਸ਼ ਦਾਸ ਮੁਲਤਾਨੀ ਨੂੰ ਬੁਲਾ ਕੇ ਕਿਹਾ ਕਿ ਕੋਈ ਸਮਝੌਤਾ ਕਰਵਾ ਦੇਵੇ ਤੇ ਮਾਮਲਾ ਰਫ਼ਾ ਦਫ਼ਾ ਹੋ ਜਾਵੇ। ਸ਼ਹਿਰ ਵਿਚ ਏਨੀ ਸ਼ੋਰਸ਼ ਠੀਕ ਨਹੀਂ। ਰਾਇ ਸਾਹਿਬ ਥਾਣੇ ਦੀ ਹਵਾਲਾਤ ਵਿਚ 'ਰਾਮ ਬ੍ਰਾਦਰਸ' ਦੀ ਮੁਲਾਕਾਤ ਕਰਨ ਗਏ। ਉਨ੍ਹਾਂ ਨੂੰ ਸਮਝਾਇਆ ਕਿ ਉਹ ਪਹਾੜ ਨਾਲ ਟੱਕਰ ਲੈ ਲੈਣ ਦੀ ਗ਼ਲਤੀ ਕਰ ਬੈਠੇ ਹਨ। ਜਿਸ ਆਦਮੀ ਦੇ ਸਾਹਮਣੇ ਸੁਲਤਾਨ ਅਹਿਮਦ ਕਾਲੋਨੀ ਮੈਜਿਸਟ੍ਰੇਟ ਵਰਗੇ ਨਹੁੰ ਨਹੀਂ ਲੈ ਸਕੇ ਉਹ ਕਿਹੜੇ ਬਾਗ਼ ਦੀ ਮੂਲੀ ਹਨ। ਉਨ੍ਹਾਂ ਦੀ ਵੀ ਸਮਝ ਵਿਚ ਇਹ ਗੱਲ ਚੰਗੀ ਤਰ੍ਹਾਂ ਬੈਠ ਗਈ ਕਿ ਉਹ ਕੁੱਥਾਂ ਫਸ ਗਏ ਹਨ, ਪਰ ਰਾਜ਼ੀਨਾਵਾਂ ਕਰਾਵੇ ਕੌਣ ? ਰਾਇ ਸਾਹਿਬ ਨੇ ਕਿਹਾ ਕਿ ਉਹ ਕੋਸ਼ਸ਼ ਕਰਨਗੇ, ਪਰ ਨਾਲ ਹੀ ਇਹ ਵੀ ਪੱਕੀ ਕਰ ਦਿਤੀ ਕਿ ਜਿਹੜੀ ਵੀ ਸ਼ਰਤ 'ਤੇ ਸਰਦਾਰ ਮੰਨ ਜਾਵੇ ਚੁੱਪ ਕੀਤ



Digitized by Panjab Digital Library | www.panjabdigilib.org

ਓਹੋ ਹੀ ਮੰਨ ਲੈਣੀ ਤੇ ਆਪਣੀ ਬੰਦ-ਖ਼ਲਾਸੀ ਕਰਵਾ ਲਉ !

ਉਹ ਵਿਚਾਰੇ ਅਗੇ ਹੀ ਸਾਰੇ ਰੰਗ ਵੇਖ ਚੁਕੇ ਸਨ । ਨਾਇਬ ਤਹਿਸੀਲਦਾਰ ਦੇ ਦੌਰੇ 'ਤੇ ਤਾਰੀਖ਼ਾਂ ਭੁਗਤਣ ਗਿਆਂ ਨੂੰ ਕੋਈ ਮੂੰਹ ਨਹੀਂ ਸੀ ਲਾਉਂਦਾ, ਨਾ ਕੋਈ ਖਾਣ ਪੀਣ ਦੀ ਸੁਲਹ ਮਾਰਦਾ ਸੀ । ਇਕ ਦੋ ਵਾਰ ਵਾਪਸ ਆਉਂਦਿਆਂ ਦੀ ਰਸਤੇ ਦੇ ਪਿੰਡਾਂ ਵਾਲਿਆਂ ਥੋੜੀ ਬਹੁਤ ਸੇਵਾ ਵੀ ਕੀਤੀ ਤੇ ਮਾਰ ਮੁਕਾਉਣ ਦੇ ਦਬਕੇ ਵੀ ਮਾਰੇ ਸਨ । ਉਨ੍ਹਾਂ ਨਾਲ ਗਵਾਹ ਕੋਈ ਤੁਰਨ ਦਾ ਨਾਂ ਨਹੀਂ ਸੀ ਲੈਂਦਾ । ਜਿਸ ਗਵਾਹ ਨੂੰ ਵੀ ਤਲਬ ਕਰਾਉਂਦੇ ਸਨ ਉਹ ਏਧਰ ਓਧਰ ਲੁਕ ਛੁਪ ਜਾਂਦਾ ਸੀ । ਇਤਲਾਹ ਕੋਈ ਨਾ ਹੋਵੇ । ਗਵਾਹਾਂ ਬਿਨਾਂ ਮੁਕੱਦਮਾ ਕਿਵੇਂ ਚੱਲੇ ? ਰਾਇ ਸਾਹਿਬ ਨੇ ਵੀਰ ਜੀ ਨੂੰ ਵੀ ਸਮਝਾਇਆ ਕਿ ਹੁਣ ਬਥੇਰੀ ਹੋ ਚੁਕੀ ਹੈ । ਮਾਮਲਾ ਵਧੇਰੇ ਵਧਾਉਣਾ ਠੀਕ ਨਹੀਂ । ਓੜਕ ਫ਼ੈਸਲਾ ਇਹ ਹੋਇਆ ਕਿ ਰਾਮ ਮੱਲ ਤੇ ਉਸ ਦੇ ਛੀਏ ਭਰਾ ਸਿਰਾਂ ਤੋਂ ਪਗੜੀਆਂ ਉਤਾਰ ਕੇ ਕਚਹਿਰੀ ਬਾਜ਼ਾਰ ਦੇ ਚੌਕ ਵਿਚ ਸਤ ਸਤ ਜੁੱਤੀਆਂ ਖਾ ਲੈਣ, ਨੱਕ ਨਾਲ ਲਕੀਰਾਂ ਕੱਢਣ ਤੇ ਵਿਧਵਾ ਦੇਵੀ ਪਾਸੋਂ ਲਿਖਤੀ ਮਾਫ਼ੀ ਮੰਗਣ, ਫੇਰ ਸਾਰਿਆਂ ਇਸਤਗਾਸਿਆਂ ਵਿਚ ਦਰਖ਼ਾਸਤਾਂ ਲਿਖ ਕੇ ਦੇਣ ਕਿ ਉਨ੍ਹਾਂ ਪਾਸ ਕੋਈ ਸਬੂਤ ਨਹੀਂ ਹੈ । ਇਸਤਗ਼ਾਸੇ ਆਪੇ ਦਾਖ਼ਲ ਦਫ਼ਤਰ ਹੋ ਜਾਣਗੇ ।

ਰਾਮ ਹੁਰਾਂ ਇਹ ਸਾਰੀਆਂ ਸ਼ਰਤਾਂ ਮੰਨ ਲਈਆਂ । ਸਭ ਤੋਂ ਪਹਿਲਾਂ ਵਿਧਵਾ ਦੇ ਘਰ ਜਾ ਕੇ ਲਿਖਤੀ ਮਾਫ਼ੀ ਨਾਮਾ ਦੇ ਆਏ । ਜਿਸ ਵਿਚ ਉਨ੍ਹਾਂ ਨੇ ਆਪਣਾ ਕਸੂਰ ਮੰਨ ਲਿਆ ਤੇ ਹੱਥ ਜੋੜ ਕੇ ਮਹੱਲੇ ਵਾਲਿਆਂ ਦੇ ਸਾਮ੍ਹਣੇ ਜ਼ਬਾਨੀ ਵੀ ਮਾਫ਼ੀ ਮੰਗ ਲਈ ਤੇ ਫੇਰ ਵੀਰ ਜੀ ਨੇ ਟੱਟੂ 'ਤੇ ਸਵਾਰ ਹੋ ਕੇ ਆਪਣੀ ਮੌਜੂਦਗੀ ਵਿਚ ਕਰਮੂੰ ਪੇਂਜੇ ਦੀ ਹੱਥੀਂ ਉਨ੍ਹਾਂ ਦੇ ਨੰਗੇ ਸਿਰਾਂ ਵਿਚ ਜੁੱਤੀਆਂ ਮਰਵਾਈਆਂ । ਨੱਕ ਨਾਲ ਲੀਕਾਂ ਕਢਵਾਈਆਂ । ਫੇਰ ਅਰਜ਼ੀ ਨਵੀਸ ਪਾਸੋਂ ਉਪਰਲੇ ਮਜ਼ਮੂਨ ਦੀਆਂ ਦਰਖ਼ਾਸਤਾਂ ਲਿਖਵਾ ਕੇ ਤੇ ਉਨ੍ਹਾਂ ਉਪਰ ਰਾਇ ਸਾਹਿਬ ਦੀ ਗਵਾਹੀ ਪਵਾ ਕੇ ਨਾਇਬ ਤਹਿਸੀਲਦਾਰ ਦੀ ਅਦਾਲਤ ਵਲ ਰਜਿਸਟਰੀ ਕਰਵਾ ਭੇਜੀਆਂ ਤੇ ਤਰੀਕ ਵਾਲੇ ਦਿਨ ਨਾਇਬ ਸਾਹਿਬ ਦੀ ਅਦਾਲਤ ਵਿਚ ਆਪਣੇ ਬਿਆਨ ਵੀ ਏਸ ਰਾਜ਼ੀ ਨਾਵੇਂ ਦੇ ਮੁਤਾਬਕ ਕਲਮਬੰਦ ਕਰਵਾ ਕੇ ਮੁਕੱਦਮਾ ਦਾਖ਼ਲ ਦਫ਼ਤਰ ਕਰਵਾ ਆਏ । ਅਦਾਲਤ ਦੇ ਮੁਨਸ਼ੀ,



Digitized by Panjab Digital Library | www.panjabdigilib.org

ਅਰਦਲੀ ਤੇ ਨਾਇਬਕੋਰਟ ਨੂੰ ਵੀ ਖ਼ੁਸ਼ ਕਰਨਾ ਪਿਆ ।

ਰਾਮ ਮੱਲ ਤੇ ਉਸ ਦੇ ਛੀਏ ਛੋਟੇ ਭਾਈ ਮੁਕੱਦਮੇ ਦਾਖ਼ਲ ਦਫ਼ਤਰ ਕਰਵਾ ਕੇ ਨਿੱਸਲ ਹੋ ਗਏ ਤੇ ਦੁਕਾਨ ਨੂੰ ਮੁੜ ਆਏ, ਪਰ ਦੁਕਾਨ ਦਾ ਸਾਰਾ ਕਾਰੋਬਾਰ ਨਵੀਂ ਦੁਕਾਨ ਵਾਲਿਆਂ ਨੇ ਖਿਚ ਲਿਆ ਸੀ। ਆਪਣੀ ਕੀਤੀ 'ਤੇ ਬੜਾ ਪਛਤਾਵਾ ਕਰਨ ਲਗੇ। ਕਈਆਂ ਲੋਕਾਂ ਨੇ ਉਨ੍ਹਾਂ ਨੂੰ ਫੇਰ ਉਕਸਾਇਆ ਕਿ ਨਵੇਂ ਕਾਲੋਨੀ ਅਫ਼ਸਰ ਮਿਸਟਰ ਸਵਿਫ਼ਟ ਸਾਹਿਬ ਪਾਸ ਜਾ ਕੇ ਫ਼ਰਯਾਦ ਕਰਨ, ਪਰ ਉਨ੍ਹਾਂ ਨੇ ਕੰਨਾਂ 'ਤੇ ਹੱਥ ਧਰ ਲਏ ਤੇ ਆਖਣ ਲਗੇ ਅਗੇ ਹੀ ਬਥੇਰੀ ਹੋਈ ਹੈ। ਗੰਗਾ ਦਾ ਰਾਹ ਸਾਰੇ ਹੀ ਦਸ ਦੇਂਦੇ ਹਨ, ਪਰ ਪੱਲੇ ਖ਼ਰਚ ਕੋਈ ਨਹੀਂ ਬਨ੍ਹਾਂਦਾ। ਸਾਰੇ ਸ਼ਹਿਰ ਵਿਚੋਂ ਇਕ ਆਦਮੀ ਵੀ ਗਵਾਹੀ ਦੇਣ ਵਾਸਤੇ ਤਿਆਰ ਨਾ ਹੋਇਆ। ਅਸੀਂ ਤਾਂ ਕਿਤੇ ਜਾਂਦੇ ਨਹੀਂ ਤੇ ਨਾ ਕਿਸੇ ਕੋਲ ਜਾ ਕੇ ਫ਼ਰਿਆਦੀ ਹੋਣ ਦੀ ਹੀ ਸਾਨੂੰ ਕੋਈ ਲੋੜ ਹੈ।

ਪਰ ਸ਼ਹਿਰ ਅੰਦਰ ਬੜੀ ਹੀ ਚਰਚਾ ਹੋ ਗਈ ਕਿ ਐਡਾ ਹਨੇਰ ਕਦੀ ਨਹੀਂ ਸੀ ਸੁਣਿਆ ਦੇਖਿਆ। ਕਈ ਲੋਕਾਂ ਨੇ ਮਿਸਟਰ ਸਵਿਫ਼ਟ ਦੇ ਜਾ ਕੰਨ ਭਰੇ ਅਤੇ ਆਪਣੇ ਕੋਲੋਂ ਹੋਰ ਵੀ ਮਸਾਲੇ ਲਾ ਲਾ ਕੇ ਜਾ ਗੱਲਾਂ ਕਹੀਆਂ। ਏਥੋਂ ਤਕ ਉਸ ਨੂੰ ਜਾ ਚੁਕਿਆ ਕਿ ਸਾਹਿਬ ਸਰਗੋਧੇ ਵਿਚ ਅੰਗਰੇਜ਼ ਦਾ ਰਾਜ ਰਿਹਾ ਹੀ ਕੋਈ ਨਹੀਂ **ਏਸ ਸ਼ਹਿਰ ਦਾ ਬੇਤਾਜ ਬਾਦਸ਼ਾਹ ਤਾਂ ਸਰਦਾਰ ਰਾਜ ਸਿੰਘ ਹੈ।**

ਸਵਿਫ਼ਟ ਸਾਹਿਬ ਨੇ ਇਹੋ ਗੱਲ ਆਪਣੇ ਪੁਰਾਣੇ ਮਿੱਤਰ ਸਰਦਾਰ ਬਹਾਦਰ ਮਹਿਤਾਬ ਸਿੰਘ ਨੂੰ ਜਾ ਸੁਣਾਈ। ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਸ਼ਕਾਇਤਾਂ ਸੁਣੀਆਂ ਤਾਂ ਮੈਂ ਵੀ ਹਨ। ਮੈਨੂੰ ਇਹ ਵੀ ਕਿਸੇ ਨੇ ਦਸਿਆ ਹੈ ਕਿ ਮੇਰੇ ਮਾਮੇ ਦੇ ਲੜਕੇ ਸਰਦਾਰ ਰਾਜ ਸਿੰਘ ਤੇ ਰਾਮ ਮਲ ਕਿਆਂ ਦੇ ਦਰਮਿਆਨ ਤਕੜਾ ਝਗੜਾ ਹੋ ਪਿਆ ਹੈ, ਪਰ ਮੈਨੂੰ ਪੂਰਾ ਹਾਲ ਮਲੂਮ ਨਹੀਂ ਹੋ ਸਕਿਆ ਜੇ ਕਰ ਤੁਸਾਂ ਵਿਸਥਾਰ ਸਹਿਤ ਗੱਲ ਦਾ ਪਤਾ ਲੈਣਾ ਹੋਵੇ ਤਾਂ ਮੈਂ ਉਸ ਨੂੰ ਤੁਹਾਡੇ ਬੰਗਲੇ ਭੇਜ ਦੇਂਦਾ ਹਾਂ। ਉਹ ਆਪ ਨੂੰ ਸਾਰੀ ਗੱਲ ਠੀਕ ਠੀਕ ਦਸ ਦੇਵੇਗਾ। ਉਹ ਆਦਮੀ ਝੂਠ ਮਾਸਾ ਨਹੀਂ ਬੋਲੇਗਾ। ਲੋਕ ਲਾਗਤਬਾਜ਼ੀ ਨਾਲ ਵੀ ਕਈ ਗੱਲਾਂ ਵਧਾ ਚੜ੍ਹਾ ਕੇ ਅਫ਼ਸਰਾਂ ਅਗੇ ਜਾ ਕਰਿਆ ਕਰਦੇ ਹਨ।



Digitized by Panjab Digital Library | www.panjabdigilib.org

ਸੁ ਸਰਦਾਰ ਬਹਾਦਰ ਨੇ ਵੀਰ ਜੀ ਨੂੰ ਬੁਲਾ ਕੇ ਕਿਹਾ ਕਿ ਤੁਹਾਡਾ ਕਾਲੋਨੀ ਅਫ਼ਸਰ ਮਿਸਟਰ ਸਵਿਫ਼ਟ ਤੁਹਾਨੂੰ ਯਾਦ ਕਰਦਾ ਹੈ । ਕਲ੍ਹ ਉਸ ਦੇ ਬੰਗਲੇ ਜਾ ਕੇ ਉਸ ਨੂੰ ਮਿਲ ਆਉਣਾ । ਉਸ ਦੇ ਸਾਮ੍ਹਣੇ ਬਹੁਤੀਆਂ ਸ਼ੇਖ਼ੀਆਂ ਨਾ ਪੰਘਾਰਨੀਆਂ । ਸੁ ਮੇਰੇ ਵੀਰ ਨੇ ਅਗਲੇ ਭਲਕ ਸਵਿਫ਼ਟ ਸਾਹਿਬ ਪਾਸ ਜਾ ਕੇ ਸਾਰੀ ਗੱਲ ਠੀਕ ਠੀਕ ਕਹਿ ਸੁਣਾਈ । ਉਹ ਸਾਰੀ ਗੱਲ ਸੁਣ ਕੇ ਹੈਰਾਨ ਰਹਿ ਗਿਆ ਤੇ ਕਹਿਣ ਲਗਾ ਕਿ "ਯਾ ਤੋ ਆਪ ਆਗੇ ਕੇ ਲੀਏ ਐਸੀ ਬਾਤੇਂ ਨਾ ਕਰਨੇ ਕਾ ਇਕਰਾਰ ਕਰੇਂ ਯਾ ਹਮ ਸਰਗੋਧਾ ਸੇ ਅਪਨਾ ਤਬਾਦਲਾ ਕਰਵਾ ਲੇਂਗੇ । ਹਮ ਕੋ ਮਾਲਮ ਹੈ ਕਿ ਆਪ ਸਰਦਾਰ ਬਹਾਦਰ ਕੇ ਬਹੁਤ ਕਰੀਬੀ ਰਿਸ਼ਤੇਦਾਰ ਹੈਂ ਇਸ ਵਾਸਤੇ ਹਮ ਆਪ ਕੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਕਰਨੇ ਕਾ ਇਰਾਦਾ ਨਹੀਂ ਰਖਤਾ । ਮਗ਼ਰ ਜੋ ਕੁਝ ਆਪ ਨੇ ਕੀਆ ਹੈ ਵੋਹ ਭੀ ਕਾਨੂੰਨ ਕੀ ਨਜ਼ਰੋਂ ਮੇਂ ਬਰਦਾਸ਼ਤ ਕੀਏ ਜਾਨੇ ਕੇ ਲਾਇਕ ਨਹੀਂ ਹੈ । ਇਸ ਕਿਸਮ ਕੀ ਕਾਰਵਾਈ ਕਰਨੇ ਕੀ ਖੁਲ੍ਹੀ ਛੁਟੀ ਦੇ ਰਖਨੇ ਸੇ ਸਰਕਾਰ ਕੇ ਵਕਾਰ ਕੋ ਬਹੁਤ ਧੱਕਾ ਲਗਤਾ ਹੈ ।" ਵੀਰ ਜੀ ਨੇ ਉਤਰ ਦਿਤਾ ਕਿ "ਜਿਵੇਂ ਹਜ਼ੂਰ ਰਾਜ਼ੀ ਹੋਣ ਅਗੋਂ ਤੋਂ ਉਸੇ ਤਰ੍ਹਾਂ ਕੀਤਾ ਜਾਵੇਗਾ । ਅਗੋਂ ਤੋਂ ਜਿਸ ਕਿਸੇ ਨਾਲ ਵਿਧਵਾ ਵਰਗਾ ਜ਼ੁਲਮ ਹੋਇਆ ਕਰੇਗਾ ਮੈਂ ਉਸ ਨੂੰ ਹਜ਼ੂਰ ਦੇ ਬੰਗਲੇ ਭੇਜ ਦਿਆ ਕਰਾਂਗਾ । ਮੈਨੂੰ ਕੀ ਲੋੜ ਪਈ ਹੈ ਜੋ ਹੋਰਨਾਂ ਦੀ ਬਲਾ ਆਪਣੇ ਗਲ ਪਵਾਉਂਦਾ ਫਿਰਾਂ । ਹਜ਼ੂਰ ਦੀ ਮੌਜੂਦਗੀ ਵਿਚ ਵਿਧਵਾਵਾਂ ਤੇ ਅਨਾਥਾਂ ਦੀ ਇਜ਼ਤ ਦਾ ਵੀ ਤਾਂ ਕੋਈ ਰਖਵਾਲਾ ਹੋਣਾ ਚਾਹੀਦਾ ਹੈ ।" ਸਵਿਫ਼ਟ ਸਾਹਿਬ ਕਹਿਣ ਲਗੇ ਕਿ ਹਮ ਭੀ ਇਸ ਬਾਤ ਕਾ ਖ਼ਿਆਲ ਕਰੇਗਾ ।

ਵੀਰ ਜੀ ਬੰਦਗੀ ਕਰ ਕੇ ਆਪਣੇ ਘਰ ਨੂੰ ਆ ਗਏ ।



Digitized by Panjab Digital Library | www.panjabdigilib.org

# ਦੀਵਾਨ ਹਕੂਮਤ ਰਾਇ ਤੇ ਮੇਰਾ ਵੀਰ

ਸਰਗੋਧਾ ਸ਼ਹਿਰ ਦੀ ਆਬਾਦੀ ਅਤੇ ਨਹਿਰ ਦੇ ਵਿਚਕਾਹੇ ਜੋ ਦੋ ਢਾਈ ਸੌ ਵਿਘਾ ਜ਼ਮੀਨ ਪਈ ਹੋਈ ਸੀ ਉਸ ਨੂੰ ਆਬਾਦਕਾਰੀ ਮਹਿਕਮੇ ਵਲੋਂ ਦਸ-ਦਸ ਬਾਰਾਂ-ਬਾਰਾਂ ਵਿਘੇ ਦੇ ਟੁਕੜਿਆਂ ਵਿਚ ਵੰਡ ਕੇ ਬਾਗਾਂ ਵਾਸਤੇ ਰੀਜ਼ਰਵ ਕਰ ਦਿਤਾ ਸੀ ਅਤੇ ਜਿਨ੍ਹਾਂ ਲੋਕਾਂ ਨੇ ਮੰਡੀ ਤੇ ਸ਼ਹਿਰ ਵਿਚ ਵਧੇਰੇ ਜਾਇਦਾਦਾਂ ਬਣਾ ਲਈਆਂ ਸਨ ਉਨ੍ਹਾਂ ਨੂੰ ਬੜੀ ਮਮੂਲੀ ਕੀਮਤ 'ਤੇ ਬਾਗ ਲਗਾ ਲੈਣ ਵਾਸਤੇ ਇਕ ਇਕ ਟੁੱਕੜਾ ਅਲਾਟ ਕਰ ਦਿਤਾ ਸੀ। ਇਕ ਇਕ ਟੁੱਕੜਾ ਮੇਰੇ ਵੀਰ ਅਤੇ ਦੀਵਾਨ ਹਕੂਮਤ ਰਾਇ ਨੂੰ ਵੀ ਅਲਾਟ ਹੋ ਗਿਆ ਸੀ।

ਦੀਵਾਨ ਹਕੂਮਤ ਰਾਇ ਇਕ ਵਡਾ ਪੈਸੇ ਵਾਲਾ ਆਦਮੀ ਸੀ. ਜਿਸ ਦੀ ਇਕ ਆੜ੍ਹਤ ਦੀ ਦੁਕਾਨ ਮੰਡੀ ਵਿਚ ਵੀ ਸੀ। ਹੋਰ ਵੀ ਬਹੁਤ ਸਾਰੇ ਸ਼ਹਿਰੀਆਂ ਨੂੰ ਇਹ ਪਲਾਟ ਅਲਾਟ ਹੋਏ ਸਨ। ਜਿਨ੍ਹਾਂ ਵਿਚ ਇਕ ਸਾਡੇ ਪਿੰਡ ਦੇ ਹੀ ਸਨ ਭਾਈ ਈਸ਼ਰ ਸਿੰਘ ਮੱਕੜ, ਉਨ੍ਹਾਂ ਨੂੰ ਵੀ ਪਲਾਟ ਅਲਾਟ ਹੋਇਆ ਸੀ। ਜਿਸ ਪਲਾਟ ਦੀ ਵੱਟ ਹਕੂਮਤ ਰਾਇ ਦੇ ਪਲਾਟ ਦੀ ਵੱਟ ਨਾਲ ਸਾਂਝੀ ਸੀ। ਭਾਈ ਈਸ਼ਰ ਸਿੰਘ ਨੇ ਵੀ ਸਰਗੋਧੇ ਦੀ ਨਵੀਂ ਆਬਾਦੀ ਵਿਚ ਖ਼ਾਸੀ ਜਾਇਦਾਦ ਬਣਾ ਲਈ ਸੀ ਤੇ ਮੰਡੀ ਵਿਚ ਆੜ੍ਹਤ ਦੀ ਦੁਕਾਨ ਵੀ ਪਾਈ ਹੋਈ ਸੀ। ਦੀਵਾਨ ਹਕੂਮਤ ਰਾਇ ਨੇ ਭਾਈ ਈਸ਼ਰ ਸਿੰਘ ਨੂੰ ਆਪਣੇ ਟਾਕਰੇ ਵਿਚ ਇਕ ਮਮੂਲੀ ਤੇ ਮਾੜਾ ਜਿਹਾ ਆੜ੍ਹਤੀ ਸਮਝਦੇ ਹੋਏ ਉਸ ਦੇ ਬਾਗ਼ ਵਾਲੇ ਪਲਾਟ ਦੀ ਜ਼ਮੀਨ ਦੀ ਪੰਜ ਸਤ ਕਨਾਲ ਜ਼ਮੀਨ ਆਪਣੀ ਵਲ ਰਲਾ ਲਈ।



Digitized by Panjab Digital Library | www.panjabdigilib.org

ਭਾਈ ਈਸ਼ਰ ਸਿੰਘ ਹੁਰਾਂ ਨੇ ਦੀਵਾਨ ਸਾਹਿਬ ਦੇ ਜੱਟ-ਜੜੇ ਵਿਚੋਂ ਆਪਣੀ ਜ਼ਮੀਨ ਕਢਵਾਉਣ ਲਈ ਬਥੇਰੇ ਹੱਥ ਪੈਰ ਮਾਰੇ। ਸਮਝਾਉਣ ਬੁਝਾਉਣ ਦੇ ਯਤਨ ਵੀ ਕਰ ਵੇਖੇ, ਪਰ ਦੀਵਾਨ ਸਾਹਿਬ ਨੇ ਇਕ ਨਾ ਮੰਨੀ। ਉਨ੍ਹਾਂ ਪਰਯਤਨਾਂ ਵਿਚ ਪੈਸੇ ਵੀ ਬਥੇਰੇ ਖ਼ਰਚ ਆ ਗਏ। ਪਰ ਦੀਵਾਨ ਸਾਹਿਬ ਦੇ ਸਾਹਮਣੇ ਕੋਈ ਪੇਸ਼ ਨਾ ਚਲ ਸਕੀ। ਓੜਕ ਸਾਰਿਆਂ ਪਾਸਿਆਂ ਤੋਂ ਹਾਰ ਕੇ ਉਹ ਵੀਰ ਜੀ ਪਾਸ ਆਇਆ ਅਤੇ ਬੜੀਆਂ ਮਿੰਨਤਾਂ ਤਰਲੇ ਕਰਨ ਲਗਾ ਕਿ ਵਾਹਿਗੁਰੂ ਤੋਂ ਉਰੇ ਸਾਡਾ ਤੁਹਾਥੋਂ ਬਿਨਾਂ ਕੋਈ ਨਹੀਂ ਹੈ। ਅਸੀਂ ਇਨਸਾਫ਼ ਹਾਸਲ ਕਰਨ ਵਾਸਤੇ ਸਾਰੀ ਵਾਹ ਲਾ ਥਕੇ ਹਾਂ ਹੁਣ ਬਸ ਤੁਸੀਂ ਹੀ ਜ਼ਮੀਨ ਸਾਨੂੰ ਦਿਵਾ ਸਕਦੇ ਹੋ। ਸਾਨੂੰ ਏਸ ਗੱਲ ਦਾ ਵੀ ਪਤਾ ਹੈ ਕਿ ਤੁਹਾਡੇ ਦਿਲ ਵਿਚ ਪੱਕਾ ਸ਼ੱਕ ਹੈ ਕਿ ਅਸੀਂ ਝਟਕੇ ਦੇ ਮਾਮਲੇ ਵਿਚ ਤੁਹਾਡੀ ਮੁਖ਼ਾਲਫ਼ਤ ਕਰਦੇ ਰਹੇ ਹਾਂ, ਪਰ ਜੋ ਜੀਅ ਆਵੇ ਸਾਨੂੰ ਸਹੁੰ ਉਠਵਾ ਲਵੋ ਅਸੀਂ ਤੁਹਾਡੇ ਵਿਰੁਧ ਕਦੀ ਵੀ ਕੋਈ ਗੱਲ ਨਹੀਂ ਕੀਤੀ। ਤੇ ਨ ਅਗੋਂ ਤੋਂ ਕਦੀ ਕਰਾਂਗੇ। ਸੁ ਸਾਨੂੰ ਤੁਸੀਂ ਆਪਣੇ ਸੱਜਣ ਸਮਝ ਲਓ ਜਾਂ ਦੁਸ਼ਮਨ। ਪਰ ਹੁਣ ਤਾਂ ਅਸੀਂ ਸਹੈਤਾ ਦੇ ਯਾਚਕ ਬਣ ਕੇ ਤੁਹਾਡੇ ਦਰ 'ਤੇ ਆ ਗਏ ਹਾਂ। ਸਾਡੀ ਬਾਂਹ ਫੜੋ ਤੇ ਸਾਡੀ ਜ਼ਮੀਨ ਦੀਵਾਨ ਜੀ ਪਾਸੋਂ ਸਾਨੂੰ ਦਵਾ ਦੇਣ ਦਾ ਪੁੰਨ ਖਟ ਲਵੋ।

ਵੀਰ ਜੀ ਨੇ ਉਨ੍ਹਾਂ ਨਾਲ ਪਕਾ ਇਕਰਾਰ ਕਰ ਲਿਆ ਕਿ ਉਹ ਆਪਣੇ ਵਲੋਂ ਤਾਂ ਸਿਰੋਂ ਪਰ੍ਹੇ ਹੋ ਕੇ ਵਾਹ ਲਗਾਉਣਗੇ। ਪਰ ਨਾਲ ਇਹ ਵੀ ਕਹਿ ਦਿਤਾ ਕਿ ਤੁਸੀਂ ਜਾਣਦੇ ਹੀ ਹੋ ਕਿ ਦੀਵਾਨ ਕੋਈ ਛੋਟਾ ਮੋਟਾ ਆਦਮੀ ਤਾਂ ਹੈ ਨਹੀਂ। ਉਹ ਨ ਹੋਵੇ ਕਿ ਤੁਸੀਂ ਮੈਨੂੰ ਉਸ ਦੇ ਪਿਛੇ ਪਾ ਕੇ ਆਪ ਪੈਸਾ ਟਕਾ ਖ਼ਰਚ ਕਰਨ ਵੇਲੇ ਰਿਤ ਜਾਓ? ਕੰਮ ਤਾਂ ਤਦੇ ਹੀ ਬਣਨਾ ਜੇ ਪੈਸੇ ਨੂੰ ਪਿਆਰਾ ਕਰ ਕੇ ਨਾ ਜਾਣੋਗੇ। ਜੇ ਤੁਸੀਂ ਹਿਸਾਬ ਲਗਾਉਣ ਲਗ ਪਏ ਕਿ ਪੰਜ ਸਤ ਕਨਾਲ ਜ਼ਮੀਨ ਵਾਸਤੇ ਉਸ ਦੀ ਕੀਮਤ ਨਾਲੋਂ ਵਧੇਰੇ ਪੈਸੇ ਉਤੇ ਕਿਉਂ ਲਗ ਜਾਣ? ਤਾਂ ਮੈਨੂੰ ਏਸ ਮਾਮਲੇ ਵਿਚ ਹੁਣੇ ਨ ਲਿਆਓ। ਜਦੋਂ ਇਕ ਵਾਰ ਹੱਥ ਪਾ ਲਿਆ ਤਾਂ ਫੇਰ ਪਿਛੇ ਹਟਣਾ ਮਰਦਾਂ ਵਾਸਤੇ ਮਿਹਣਾ ਬਣ ਜਾਂਦਾ ਹੈ। ਸੁ ਮੱਝੜ ਹੁਰਾਂ ਵੀ ਬਚਨ ਦੇ ਦਿਤਾ ਕਿ ਉਹ ਹਰਗਿਜ਼ ਪਿਛੇ ਨਹੀਂ



Digitized by Panjab Digital Library | www.panjabdigilib.org

ਹਟਣਗੇ । ਤੇ ਰੁਪਏ ਜਿੰਨੇ ਵੀ ਲਗ ਜਾਣ ਲਾਉਣ ਤੋਂ ਕਦੀ ਸੰਕੋਚ ਨਹੀਂ ਕਰਨਗੇ।

ਅਗਲੇ ਦਿਨ ਵੀਰ ਜੀ ਦੀਵਾਨ ਹਕੂਮਤ ਰਾਇ ਦੀ ਦੁਕਾਨ 'ਤੇ ਚਲੇ ਗਏ ਤੇ ਉਸ ਨੂੰ ਬਹੁਤ ਸਮਝਾਇਆ ਕਿ ਗ਼ਰੀਬ ਸਿੱਖਾਂ ਨੂੰ ਤੰਗ ਨ ਕਰੇ ਉਹ ਉਸ ਦੇ ਟਾਕਰੇ ਦੇ ਨਹੀਂ ਹਨ । ਜੇ ਟੱਕਰ ਲੈਣੀ ਹੀ ਹੋਵੇ ਤਾਂ ਕਿਸੇ ਆਪਣੇ ਵਰਗੇ ਜਾਂ ਆਪ ਤੋਂ ਡਾਢੇ ਨਾਲ ਲਾਵੇ ।

ਅਗੋਂ ਉਹ ਕੁਝ ਰੁੱਖਾ ਜਿਹਾ ਤੇ ਟੇਢਾ ਟੇਢਾ ਬੋਲਿਆ । ਆਖਣ ਲਗਾ, "ਉਨ੍ਹਾਂ ਦਾ ਮੋਢੀ ਬਣ ਕੇ ਤੂੰ ਜੁ ਆ ਗਿਆ ਏਂ । ਤੇਰੇ ਨਾਲ ਟੱਕਰ ਲੈ ਲੈਣੀ ਤਾਂ ਠੀਕ ਹੈ ਨ ।" ਵੀਰ ਜੀ ਨੇ ਫੇਰ ਕਿਹਾ ਕਿ ਟੱਕਰ ਨਾ ਹੀ ਲਵੋ ਤਾਂ ਚੰਗਾ ਹੈ । ਸਿੰਘ ਫੇਰ ਪਿਛੇ ਨਹੀਂ ਜੇ ਹਟਿਆ ਕਰਦੇ ।

ਦੀਵਾਨ ਸਾਹਿਬ ਨੇ ਬੜੇ ਚੌੜੇ ਹੋ ਕੇ ਆਖਿਆ — "ਸਿੰਘ ਵੀ ਤੇਰੇ ਵਰਗੇ ਬਹੁਤ ਵੇਖੇ ਹੋਏ ਹਨ । ਤੇਰਾ ਹੌਸਲਾ ਬਹੁਤ ਵਧ ਗਿਆ ਹੈ, ਚੰਗੀ ਗੱਲ ਇਹੋ ਹੈ ਕਿ ਮੇਰੇ ਕੰਮ ਵਿਚ ਕੋਈ ਦਖ਼ਲ ਨ ਦੇਵੇਂ । ਭਲਾ ਕਿਧਰੇ ਬਣਿਆ ਬਣਿਆ ਰੁਹਬ ਵੀ ਗਵਾ ਬੈਠੇਂ ।" ਵੀਰ ਜੀ ਨੇ ਕਿਹਾ : "ਚੰਗਾ ਦੀਵਾਨ ਜੀ ਤੁਹਾਡੀ ਮਰਜ਼ੀ। ਹੁਣ ਤਾਂ 'ਗਲ ਪਈ ਵਜਾਈ ਲੋੜੀਏ' ਵਾਲਾ ਮਸਲਾ ਬਣ ਗਿਆ ਹੈ । ਵੇਖੀਏ ਗੁਰੂ ਨੂੰ ਕੀ ਮਨਜ਼ੂਰ ਹੈ ?" ਅਗੋਂ ਦੀਵਾਨ ਨੇ ਫੇਰ ਆਕੜ ਕੇ ਕਿਹਾ, "ਹੱਛਾ ! ਹੱਛਾ !! ਤੇਰਾ ਗੁਰੂ ਵੀ ਦੇਖ ਲਾਂਗਾ ।"

ਉਸ ਦਿਨ ਸ਼ਾਮ ਨੂੰ ਵੀਰ ਜੀ ਬੜੀਆਂ ਸੋਚਾਂ ਵਿਚ ਡੁੱਬੇ ਰਹੇ । ਗੱਲ-ਬਾਤ ਕਿਸੇ ਨਾਲ ਕੋਈ ਵੀ ਨਾ ਕਰਨ । ਬਾਹਰਲੀ ਬੈਠਕ ਵਿਚ ਆਰਾਮ ਕੁਰਸੀ 'ਤੇ ਬੈਠੇ ਸੋਚਾਂ ਵਿਚਾਰਾਂ ਕਰ ਹੀ ਰਹੇ ਸਨ ਕਿ ਬਾਹਰਲੇ ਚੱਕਾਂ ਦੇ ਚਾਰ ਸਿੰਘ ਆ ਗਏ । ਉਨ੍ਹਾਂ ਨੂੰ ਪ੍ਰਸ਼ਾਦ ਛਕਣ ਲਈ ਪੁੱਛਿਆ । ਰਾਤ ਕਾਫ਼ੀ ਚਲੀ ਗਈ ਸੀ । ਉਹ ਕਹਿਣ ਲਗੇ "ਪਿੰਡੋਂ ਸਿਧੇ ਹੀ ਏਧਰ ਨੂੰ ਤੁਰੇ ਆ ਰਹੇ ਹਾਂ। ਸਾਡੇ ਪਾਸੋਂ ਖ਼ੂਨ ਹੋ ਗਿਆ ਹੈ । ਸਿਵਲ ਸਰਜਨ ਨੂੰ ਮਿਲਨਾ ਹੈ ।"

ਵੀਰ ਜੀ ਉਨ੍ਹਾਂ ਦੇ ਨਾਲ ਹੀ ਸਿਵਲ ਹਸਪਤਾਲ ਚਲੇ ਗਏ । ਸਿਵਲ ਸਰਜਨ ਦੀ ਕੋਠੀ ਸਿਵਲ ਹਸਪਤਾਲ ਦੇ ਨਾਲ ਹੀ ਸੀ । ਘਰ ਆਖ ਗਏ : ਪੰਜਾਂ ਸਤਾਂ ਆਦਮੀਆਂ ਵਾਸਤੇ ਪ੍ਰਸ਼ਾਦਾ ਤਿਆਰ ਰਖਣਾ । ਅਧੇ ਕੁ ਘੰਟੇ ਤਕ ਵਾਪਸ ਆ ਜਾਵਾਂਗੇ । ਪਰ ਘੰਟੇ ਤੋਂ ਵੀ ਵਧੇਰੇ ਲਗਾ ਕੇ ਵਾਪਸ ਆ



Digitized by Panjab Digital Library | www.panjabdigilib.org

ਸਕੇ। ਆਉਂਦਿਆਂ ਹੀ ਪ੍ਰਸ਼ਾਦਾ ਛਕ ਕੇ ਸੌਂ ਗਏ। ਮਹਿਮਾਨਾਂ ਨੂੰ ਨਾਲ ਵਾਲੀ ਬੈਠਕ ਵਿਚ ਬਿਸਤਰੇ ਕਰਵਾ ਦਿਤੇ ਸਨ।

ਸਵੇਰੇ ਤੜਕੇ ਹੀ ਉਠੇ ਤੇ ਉਨ੍ਹਾਂ ਦੇ ਪਾਸ ਬੈਠਕ ਵਿਚ ਚਲੇ ਗਏ। ਢੇਰ ਚਿਰ ਗੱਲਾਂ ਕਰਦੇ ਰਹੇ। ਪਹਿਲਾਂ ਉਨ੍ਹਾਂ ਦੇ ਪਿੰਡ ਦੇ ਫ਼ਸਾਦ ਬਾਰੇ ਗੱਲਾਂ ਕੀਤੀਆਂ ਤੇ ਫੇਰ ਦੀਵਾਨ ਵਾਲੇ ਝਗੜੇ ਬਾਰੇ ਉਨ੍ਹਾਂ ਨਾਲ ਮਸ਼ਵਰਾ ਕਰਦੇ ਰਹੇ।

ਮੈਂ ਉਨ੍ਹਾਂ ਨੂੰ ਇਹ ਗੱਲ ਕਹਿੰਦੇ ਸੁਣਿਆ ਸੀ, "ਜਿਸ ਦਿਨ ਸਾਡੀ ਲੋੜ ਹੋਵੇ ਤੇ ਜੋ ਜੋ ਕੁਝ ਅਸਾਂ ਪਿੰਡੋਂ ਨਾਲ ਲੈ ਕੇ ਆਉਣਾ ਹੋਵੇ, ਸਾਨੂੰ ਦੋ ਦਿਨ ਪਹਿਲਾਂ ਹੀ ਪਤਾ ਦੇ ਭੇਜਣਾ। ਕਈ ਦਿਨ ਤਾਂ ਪਿੰਡ ਵਾਲਿਆਂ ਦੇ ਝਗੜੇ ਨੂੰ ਨਜਿੱਠਣ ਵਿਚ ਹੀ ਰੁਝੇ ਰਹੇ। ਜਦ ਓਸ ਮੁਕੱਦਮੇ 'ਤੇ ਕਾਬੂ ਪਾ ਲਿਆ ਤਾਂ ਲਗੇ ਦੀਵਾਨ ਸਾਹਿਬ ਦੇ ਮਾਮਲੇ ਬਾਰੇ ਸਕੀਮਾਂ ਢਾਲਣ। ਜਦ ਸਕੀਮ ਸੁਝ ਪਈ ਤਾਂ ਝਟ ਪਟ ਉਸ ਨੂੰ ਅਮਲੀ ਵਿਉਂਤ ਵਿਚ ਲਿਆਉਣ ਵਾਸਤੇ ਓਸ ਦੇ ਮਗਰ ਹੋ ਤੁਰੇ। ਸਭ ਤੋਂ ਪਹਿਲਾਂ ਆਬਾਦੀ ਦੇ ਅਹਿਲਕਾਰਾਂ ਨੂੰ ਜਾ ਹੱਥ ਵਿਚ ਲਿਆ ਫੇਰ ਮੱਕੜਾਂ ਦੇ ਬਾਗ਼ ਵਿਚ ਵੀਹ ਪੰਝੀ ਹਜ਼ਾਰ ਕੱਚੀ ਇੱਟ ਪਥਵਾ ਕੇ ਤਿਆਰ ਕਰਵਾ ਲਈ।

ਜਦ ਸੁਕ ਗਈ ਤਾਂ ਕੰਧ ਦੇ ਦੋਵੇਂ ਪਾਸੇ ਚੱਕੇ ਲਗਵਾ ਦਿਤੇ। ਪਰ ਪਤਾ ਕਿਸੇ ਨੂੰ ਨਾ ਲਗਣ ਦਿਤਾ ਕਿ ਇਹ ਇੱਟਾਂ ਕੰਮ ਕਿਹੜੇ ਲਿਆਂਦੀਆਂ ਜਾਣੀਆਂ ਹਨ। ਸਭ ਨੂੰ ਇਹੋ ਹੀ ਪਤਾ ਦਿਤਾ ਗਿਆ ਕਿ ਬਾਗ਼ ਵਿਚ ਇਕ ਹੋਰ ਕੋਠਾ ਛਤਵਾਉਣ ਦਾ ਇਰਾਦਾ ਹੈ। ਜਿਹੜੀ ਤਰੀਕ ਕਾਰਵਾਈ ਅਮਲ ਵਿਚ ਲਿਆਉਣ ਲਈ ਮਿਥੀ ਹੋਈ ਸੀ ਉਸ ਦਿਨ, ਹੱਲ, ਕਰਾਹੇ, ਕਹੀਆਂ, ਕੁਹਾੜੀਆਂ, ਤੇ ਕੰਮ ਕਰਨ ਵਾਲੇ ਆਦਮੀਆਂ ਤੇ ਗੱਡਿਆਂ ਦੀ ਮੰਗ ਵੀ ਪਾ ਲਈ।

ਮੰਡੀ ਭਲਵਾਨ ਦੇ ਕੁਝ ਜੱਟ, ਮਿਸਤ੍ਰੀ ਤੇ ਮਜ਼ਦੂਰ ਵੀ ਬੁਲਾ ਲਏ ਹੋਏ ਸਨ ਜੋ ਇਕ ਦਿਨ ਤਾਂ ਆਪਣੀ ਹਵੇਲੀ ਵਿਚ ਹੀ ਕੰਮ 'ਤੇ ਲਗੇ ਰਹੇ ਸਨ। ਫੇਰ ਨਿਯਤ ਕੀਤੀ ਰਾਤ ਗੈਸਾਂ ਤੇ ਲੈਂਪਾਂ ਦੀ ਰੋਸ਼ਨੀ ਵਿਚ ਕੱਚੀਆਂ ਇੱਟਾਂ ਦੀ ਕੰਧ ਦੋਹਾਂ ਬਾਗਾਂ ਦੀ ਅਸਲੀ ਹੱਦ ਤੇ ਉਸਾਰਨ 'ਤੇ ਜੁੱਟੇ ਰਹੇ। ਉਸ ਮਿੱਥੀ ਹੋਈ ਰਾਤ ਤੋਂ ਪਹਿਲਾਂ ਦੋ ਰਾਤਾਂ ਗੈਸ ਤੇ ਲੈਂਪ ਬਾਗ ਵਿਚ ਜਗਦੇ ਰਖੇ ਗਏ



Digitized by Panjab Digital Library | www.panjabdigilib.org

ਸਨ। ਗਾਣਾ ਵਜਾਣਾ ਵੀ ਹੁੰਦਾ ਰਿਹਾ ਸੀ। ਲੋਕਾਂ ਨੂੰ ਕਿਹਾ ਗਿਆ ਸੀ ਕਿ ਮਾਲੀ ਦੇ ਮੁੰਡੇ ਦਾ ਵਿਆਹ ਹੈ। ਦੋ ਦਿਨ ਸਾਰੀ ਸਾਰੀ ਰਾਤ ਢੋਲਕੀ ਖੜਕਦੀ ਰਹੀ ਤੇ ਗਉਣ ਵਾਲੀਆਂ ਰਾਤ ਦੇ ੯-੯ ਵਜੇ ਤਕ ਗਾਉਂਦੀਆਂ ਰਹੀਆਂ।

ਕਾਰਵਾਈ ਦੀ ਰਾਤ ੯ ਵਜੇ ਤਕ ਗਾਣਾ ਹੋ ਚੁਕਣ ਮਗਰੋਂ ਦੀਵਾਨ ਸਾਹਿਬ ਦੇ ਮਾਲੀ ਦੇ ਕੋਠੜੇ ਨੂੰ ਬਾਹਰੋਂ ਜੰਦਰਾ ਲਗਾ ਦਿਤਾ ਗਿਆ ਸੀ। ਉਸ ਨੂੰ ਪਹਿਲੋਂ ਹੀ ਕਾਬੂ ਕਰ ਲਿਆ ਸੀ ਤਾਂ ਜੁ ਉਹ ਰੌਲਾ ਰੱਪਾ ਨਾ ਪਾਵੇ। ਦਸ ਕੁ ਵਜੇ ਮੌਕਿਆ 'ਤੇ ਬਹੁਤ ਸਾਰੇ ਆਦਮੀ ਪਿੰਡਾਂ ਤੋਂ ਕਹੀਆਂ, ਬੇਲਚੇ, ਕੁਹਾੜੇ, ਕੁਹਾੜੀਆਂ, ਹੱਲਾਂ ਕਰਾਹ ਤੇ ਗੱਡੇ ਲੈ ਕੇ ਆ ਗਏ। ਸਭ ਤੋਂ ਪਹਿਲਾਂ ਕੁਝ ਆਦਮੀਆਂ ਨੇ ਕੰਧ ਰਖਣ ਵਾਲੀ ਥਾਂ ਸਾਫ਼ ਕਰ ਦਿਤੀ। ਗਾਰਾ ਅਗੇ ਹੀ ਤਿਆਰ ਕੀਤਾ ਪਿਆ ਸੀ। ਮਿਸਤ੍ਰੀ ਮਜ਼ਦੂਰ ਕੰਧ ਉਸਾਰਨ ਲਗ ਗਏ। ਮਿਸਤ੍ਰੀਆਂ ਨੂੰ ਸਮਝਾ ਦਿਤਾ ਗਿਆ ਸੀ ਕਿ ਦਰਜਾਂ ਵਿਚੋਂ ਗਾਰਾ ਬਾਹਰ ਨਾ ਨਿਕਲਣ ਦੇਣਾ। ਜੇ ਨਿਕਲੇ ਵੀ ਤਾਂ ਨਾਲ ਦੇ ਨਾਲ ਦਰਜਾਂ ਨੂੰ ਕਾਂਡੀ ਨਾਲ ਮਲਦੇ ਜਾਣਾ। ਤਾਂ ਜੁ ਕੰਧ ਨਵੀਂ ਉਸਾਰੀ ਦਾ ਕੋਈ ਨਿਸ਼ਾਨ ਨਾ ਮਿਲ ਸਕੇ। ਬਾਕੀ ਕੁਈ ੩੦—੪੦ ਆਦਮੀ ਕਹੀਆਂ, ਕੁਹਾੜੀਆਂ ਤੇ ਆਰੀਆਂ ਆਦਿ ਲੈ ਕੇ ਦਰਖ਼ਤਾਂ ਨੂੰ ਜੜ੍ਹਾਂ ਤੋਂ ਹੀ ਸਾਫ਼ ਕਰੀ ਜਾਣ 'ਤੇ ਜੁੱਟ ਪਏ। ਸਬਜ਼ੀ ਤੇ ਪੱਠੇ ਇਕ ਦੋ ਗੱਡਿਆਂ 'ਤੇ ਲਦ ਦਿਤੇ ਗਏ। ਤੇ ਬਾਕੀ ਗੱਡੇ ਕੱਟੇ ਹੋਏ ਰੁਖਾਂ ਦੀਆਂ ਲੱਕੜੀਆਂ ਨਾਲ ਲੱਦ ਦਿਤੇ ਗਏ। ਰੁੱਖ ਤੇ ਬੂਟੇ ਜੜਾਂ ਤੋਂ ਪੁਟ ਕੇ ਧਰਤੀ ਨੂੰ ਬੇ-ਨਿਸ਼ਾਨ ਕਰ ਦਿਤਾ ਗਿਆ।

ਜਦੋਂ ਇਹ ਕੰਮ ਮੁਕ ਗਿਆ ਤਾਂ ਹਲਾਂ ਤੇ ਕਰਾਹਾਂ ਵਾਲਿਆਂ ਨੇ ਆਪਣਾ ਕੰਮ ਜਾਰੀ ਕਰ ਦਿਤਾ। ਉਨ੍ਹਾਂ ਨੇ ਸਾਰੀ ਜ਼ਮੀਨ ਵਾਹ ਕ੍ਰਾਹ ਕੇ ਪੱਧਰੀ ਕਰ ਦਿਤੀ। ਅਤੇ ਕੰਧ ਦਾ ਲਾਗਾ ਲਾਗਾ ਕਹੀਆਂ ਤੇ ਬੇਲਚਿਆਂ ਨਾਲ ਸਾਫ਼ ਕਰ ਦਿਤਾ। ਗੱਲ ਕੀ ਸੂਰਜ ਦੀ ਟਿੱਕੀ ਤੋਂ ਕਾਫ਼ੀ ਚਿਰ ਪਹਿਲਾਂ ਹੀ, ਸਬਜ਼ੀ, ਪੱਠੇ, ਤੇ ਲੱਕੜੀਆਂ ਦੇ ਗੱਡੇ ਕਿਸੇ ਦੂਰ ਦੇ ਚਕ ਵਿਚ ਆਪਣੇ ਟਿਕਾਣੇ ਅੱਪੜ ਚੁਕੇ ਸਨ। ਅਤੇ ਸਾਰੀ ਚੀਜ਼ ਮੌਕਿਆਂ 'ਤੇ ਸਾਂਭ ਸੂਤ ਲਈ ਗਈ ਸੀ। ਹਲਾਂ ਕਰਾਹਾਂ ਵਾਲੇ ਦਿਨ ਨਿਕਲਣ ਤੋਂ ਬਹੁਤ ਪਹਿਲੇ ਸ਼ਹਿਰੋਂ ਬਾਹਰ ਨਿਕਲ ਚੁੱਕੇ ਸਨ।



Digitized by Panjab Digital Library | www.panjabdigilib.org

ਮੁਕਦੀ ਗੱਲ ਇਹ ਕਿ ਜਦੋਂ ਦਿਨ ਚੜ੍ਹਿਆ ਤਾਂ ਪਤਾ ਹੀ ਨਹੀਂ ਸੀ ਲਗਦਾ ਕਿ ਰਾਤੋ ਰਾਤ ਕੋਈ ਤਬਦੀਲੀ ਹੋਈ ਵੀ ਹੈ ਕਿ ਕੋਈ ਨਾ। ਜਿਹੜੀ ਜ਼ਮੀਨ ਮੱਕੜਾਂ ਵਲ ਕਰ ਲਈ ਗਈ ਸੀ, ਉਸ ਦੇ ਵਿਚ ਪੱਠੇ ਬੀਜ ਦਿਤੇ ਗਏ। ਦੀਵਾਨ ਸਾਹਿਬ ਦਾ ਮਾਲੀ ਕੋਠੇ ਦੇ ਅੰਦਰ ਤਾੜਿਆ ਰਿਹਾ ਸੀ। ਬਾਹਰੋਂ ਕੋਈ ਆਇਆ ਗਿਆ ਨਹੀਂ ਸੀ। ਬਾਕੀ ਬਾਗ਼ਾਂ ਦੇ ਮਾਲੀ ਆਪੋ ਆਪਣੇ ਬਾਗ਼ ਦੀ ਸਬਜ਼ੀ, ਜੋ ਪਿਛਲੀ ਸ਼ਾਮ ਨੂੰ ਮੰਡੀ ਲੈ ਜਾਣ ਵਾਸਤੇ ਬੰਨ੍ਹ ਬੰਨ੍ਹਾ ਕੇ ਤਿਆਰ ਕਰ ਰਖੀ ਸੀ, ਮੰਡੀ ਨੂੰ ਲੈ ਕੇ ਤੁਰ ਗਏ। ਕਿਸੇ ਨੂੰ ਰਾਤ ਦੀ ਕਾਰਵਾਈ ਦਾ ਕੋਈ ਪਤਾ ਨਾ ਲਗ ਸਕਿਆ।

ਜੇ ਕਿਸੇ ਦੇ ਕੰਨ ਵਿਚ ਰਾਤ ਬਿੜਕ ਆਈ ਵੀ ਤਾਂ ਦੜ ਵਟੀ ਆਪਣੇ ਹੀ ਹਾਲ ਵਿਚ ਮਸਤ ਰਿਹਾ। ਕਿਉਂਕਿ ਕੁਝ ਦਿਨਾਂ ਤੋਂ ਬਾਗ਼ਾਂ ਵਿਚ ਇਹ ਗੱਲ ਵੀ ਚੱਕਰ ਲਗਾ ਰਹੀ ਸੀ ਕਿ ਦੀਵਾਨ ਅਤੇ ਸ੍ਰ: ਰਾਜ ਸਿੰਘ ਦੀ ਆਪਸ ਵਿਚ ਟੱਕਰ ਲਗਣ ਨੂੰ ਫਿਰਦੀ ਹੈ। ਰਾਮ ਮਲ ਤੇ ਉਸ ਦੇ ਭਰਾਵਾਂ ਦੀ ਦੁਰਗਤ ਦਾ ਮਾਮਲਾ ਅਜੇ ਲੋਕਾਂ ਦੇ ਦਿਲ ਦਿਮਾਗ਼ ਤੋਂ ਦੂਰ ਨਹੀਂ ਸੀ ਹੋਇਆ। ਏਸ ਵਾਸ਼ਤੇ ਕਿਸੇ ਨੂੰ ਵੀ ਦੀਵਾਨ ਸਾਹਿਬ ਨੂੰ ਜਾ ਕੇ ਖ਼ਬਰ ਦੇਣ ਦਾ ਹੌਸਲਾ ਹੀ ਨਾ ਪਿਆ।

ਜਦੋਂ ਦੁਪਹਿਰ ਤੋੜੀ ਦੀਵਾਨ ਸਾਹਿਬ ਦੇ ਘਰ ਮਾਲੀ ਸਬਜ਼ੀ ਲੈ ਕੇ ਨਾ ਪਹੁੰਚਿਆ, ਤਾਂ ਪੜਤਾਲ ਹੋਣ ਲਗੀ। ਦੀਵਾਨ ਸਾਹਿਬ ਆਖ਼ਰ ਦੋ ਕੁ ਵਜੇ ਆਬਾਦਕਾਰੀ ਦੇ ਮਹਿਕਮੇ ਵਿਚ ਪਹੁੰਚੇ ਤੇ ਇਕ ਦਰਖ਼ਾਸਤ ਏਸ ਭਾਵ ਦੀ ਲਿਖਵਾ ਕੇ ਦੇ ਦਿਤੀ ਕਿ ਮੱਕੜ ਸਿੱਖਾਂ ਨੇ ਰਾਤੋ ਰਾਤ ਨਾਜਾਇਜ਼, ਗ਼ੈਰ-ਕਾਨੂੰਨੀ ਤੇ ਜ਼ਬਰਦਸਤੀ ਬਾਗ਼ ਦੀ ਜ਼ਮੀਨ ਉਪਰ ਕਬਜ਼ਾ ਜਮਾ ਲਿਆ ਹੈ।

ਚਪੜਾਸੀ ਨੇ ਦੀਵਾਨ ਸਾਹਿਬ ਨੂੰ ਆਪਣੀ ਦਰਖ਼ਾਸਤ ਸੰਦੂਕੜੀ ਵਿਚ ਪਾਉਣ ਲਈ ਕਹਿ ਦਿਤਾ ਕਿਉਂਕਿ ਸਵੇਰ ਵਾਲੀਆਂ ਦਰਖ਼ਾਸਤਾਂ ੧੨ ਵਜੇ ਨਿਕਲ ਚੁਕੀਆਂ ਸਨ। ਅੱਜ ਕੁਝ ਚਿਰ ਪਹਿਲਾਂ ਹੀ ਸੰਦੂਕੜੀ ਖ਼ਾਲੀ ਕਰ ਲਈ ਗਈ ਸੀ। ਹੁਣ ਸੰਦੂਕੜੀ ਚਾਰ ਵਜੇ ਅੰਦਰ ਜਾਣੀ ਸੀ। ਦੀਵਾਨ ਸਾਹਿਬ ਨੂੰ ਸਾਢੇ ਚਾਰ ਵਜੇ ਦਾ ਵਕਤ ਦਿਤਾ ਗਿਆ ਸੀ ਅਤੇ ਉਨ੍ਹਾਂ ਦੇ ਆਉਣ ਤੋਂ ਘੰਟਾ ਕੁ ਪਹਿਲੇ ਸੰਦੂਕੜੀ ਅੰਦਰ ਲੈ ਜਾ ਕੇ, ਦੀਵਾਨ ਸਾਹਿਬ ਦੀ ਦਰਖ਼ਾਸਤ



Digitized by Panjab Digital Library | www.panjabdigilib.org

ਉਪਰ ਹੁਕਮ ਲਿਖ ਦਿਤਾ ਕਿ "ਪਰਸੋਂ ਦੌਰੇ 'ਤੇ ਪੇਸ਼ ਹੋਵੇ।"

ਹਾਕਮ ਦੇ ਦਸਤਖ਼ਤ ਕਰਵਾ ਕੇ ਪਰਸੋਂ ਦੇ ਬਸਤੇ ਵਿਚ ਬੰਨ੍ਹ ਲਈ ਗਈ। ਦੌਰੇ ਦੀਆਂ ਤਾਰੀਖ਼ਾਂ ਸਵੇਰੇ ਤੋਂ ਹੀ ਗਿਣੀ ਮਿਥੀ ਸਕੀਮ ਅਨੁਸਾਰ ਪਹਿਲੋਂ ਹੀ ਪਾ ਦਿਤੀਆਂ ਗਈਆਂ ਸਨ। ਦੀਵਾਨ ਸਾਹਿਬ ਆਏ ਤਾਂ ਕਚਹਿਰੀ ਹੀ ਉਠ ਚੁੱਕੀ ਸੀ। ਅਹਿਲਕਾਰ ਵੀ ਕੋਈ ਪਿਛੇ ਬੈਠਾ ਨਹੀਂ ਸੀ ਰਹਿ ਗਿਆ।

ਪੁੱਛ ਗਿੱਛ ਕਰਨ ਤੋਂ ਕੁਝ ਚਿਰ ਮਗਰੋਂ ਮੁਸ਼ਕਲ ਨਾਲ ਏਨਾ ਹੀ ਪਤਾ ਲਗ ਸਕਿਆ ਕਿ ਸਾਹਿਬ ਕੱਲ੍ਹ ਤੋਂ ਦੌਰੇ ਜਾ ਰਹੇ ਹਨ। ਦੀਵਾਨ ਸਾਹਿਬ ਦੇ ਹੱਥਾਂ ਦੇ ਤੋਤੇ ਉੱਡ ਗਏ। ਕੁਝ ਸਮਝ ਨਾ ਪਈ ਕਿ ਹੋ ਕੀ ਰਿਹਾ ਹੈ। ਉਹਨੂੰ ਵਿਚਾਰੇ ਦੁਕਾਨਦਾਰ ਨੂੰ ਕੀ ਪਤਾ ਸੀ ਕਿ ਸਾਰੀ ਦੀ ਸਾਰੀ ਕਾਰਵਾਈ ਕਿਸੇ ਗਿਣੇ ਮਿਥੇ ਹੋਏ ਪਲਾਨ ਦੇ ਮੁਤਾਬਕ ਹੁੰਦੀ ਜਾ ਰਹੀ ਸੀ।

ਉਹ ਅਦਾਲਤ ਵਿਚੋਂ ਨਿਕਲ ਕੇ ਮੁਨਸ਼ੀ ਦੇ ਘਰ ਜਾ ਪਹੁੰਚੇ। ਅਗੇ ਉਹ ਘਰ ਹੀ ਨਹੀਂ ਸੀ। ਆਪਣੇ ਨੌਕਰ ਨੂੰ ਉਥੇ ਬਿਠਾ ਗਏ ਕਿ ਜਦੋਂ ਮੁਨਸ਼ੀ ਜੀ ਆ ਜਾਣ ਮੈਨੂੰ ਆ ਕੇ ਖ਼ਬਰ ਦੇ ਦੇਣੀ। ਜਦੋਂ ਮੁਨਸ਼ੀ ਜੀ ਆਏ ਨੌਕਰ ਦੀਵਾਨ ਸਾਹਿਬ ਨੂੰ ਖ਼ਬਰ ਕਰਨ ਚਲਾ ਗਿਆ। ਤੇ ਜਦੋਂ ਦੀਵਾਨ ਸਾਹਿਬ ਆਏ, ਉਦੋਂ ਰਾਤ ਬਹੁਤ ਗੁਜ਼ਰ ਚੁੱਕੀ ਸੀ।

ਮੁਨਸ਼ੀ ਜੀ ਖਾਣਾਂ ਤਾਂ ਕਿਤੋਂ ਬਾਹਰ ਹੀ ਖਾ ਆਏ ਸਨ। ਆਉਂਦੇ ਹੀ ਸੌਂ ਗਏ। ਤੇ ਘਰ ਦਿਆਂ ਨੂੰ ਕਹਿ ਛਡਿਆ ਕਿ ਜੇ ਕੋਈ ਆ ਕੇ ਪੁੱਛੇ ਤਾਂ ਆਖ ਛਡਣਾ ਸਾਹਿਬ ਦੀ ਕੋਠੀਉਂ ਸੱਦਾ ਆਇਆ ਸੀ, ਉਥੇ ਚਲੇ ਗਏ ਹੋਏ ਨੇ। ਦੀਵਾਨ ਸਾਹਿਬ ਦੀ ਕਾਫ਼ੀ ਨੱਠ ਭੱਜ ਹੋ ਚੁੱਕੀ ਸੀ। ਥੱਕੇ ਅੱਕੇ ਹੋਏ ਸਨ। ਦਿਲ ਵਿਚ ਕਹਿਣ ਲਗੇ, ਮੁਨਸ਼ੀ ਨੂੰ ਤੜਕੇ ਸੁਤਿਆਂ ਹੀ ਫੜਾਂਗਾ। ਦੀਵਾਨ ਸਾਹਿਬ ਘਰ ਨੂੰ ਪਰਤ ਗਏ ਤੇ ਰਾਤ ਸਾਰੀ ਸੋਚਾਂ ਸੋਚਦੇ ਹੀ ਤਰਲੋ ਮੱਛੀ ਹੁੰਦੇ ਰਹੇ। ਅੱਖਾਂ ਵਿਚੋਂ ਨੀਂਦ ਤਾਂ ਕਿਸੇ ਪਾਸੇ ਨੂੰ ਉੱਡ ਗਈ ਸੀ। ਰਾਤ ਦੇ ਦੋ ਵਜੇ ਬਿਸਤਰੇ ਨੂੰ ਛਡ ਦਿਤਾ ਤੇ ਮੁਨੀਮ ਅਤੇ ਮਾਲੀ ਨੂੰ ਬੁਲਾ ਭੇਜਿਆ।

ਮੁਨੀਮ ਨੂੰ ਤਾਂ ਵੀਰ ਜੀ ਵਲ ਸੁਨੇਹਾ ਦੇ ਭੇਜਿਆ ਕਿ "ਅਜੇ ਵੀ ਵੇਲਾ ਜੇ ਦੀਵਾਨ ਸਾਹਿਬ ਨਾਲ ਤੁਸੀਂ ਟੱਕਰ ਨਾ ਲਵੋ। ਪਿਛੇ ਜੋ ਹੋ ਚੁੱਕਾ ਸੋ ਹੋ ਚੁੱਕਾ।



Digitized by Panjab Digital Library | www.panjabdigilib.org

ਉਸ ਨੇ ਆਪਣਾ ਕੰਮ ਕਰ ਲਿਆ ਹੈ, ਹੁਣ ਅਗੇ ਨੂੰ ਦਖ਼ਲ ਦੇਣ ਤੋਂ ਹਟ ਜਾਵੇ ਤਾਂ ਚੰਗਾ ਹੈ।" ਮਾਲੀ ਨੂੰ ਬੁਲਾ ਕੇ ਪੁੱਛਿਆ ਕਿ ਰਾਤ ਦਾ ਹਾਲ ਉਸ ਨੇ ਆ ਕੇ ਦਸਿਆ ਕਿਉਂ ਨਹੀਂ ? ਤੇ ਸਵੇਰੇ ਸਬਜ਼ੀ, ਮੰਡੀ ਵਿਚ ਦੁਕਾਨ ਉਤੇ ਤੇ ਘਰ ਕਿਉਂ ਨਹੀਂ ਸੀ ਪਹੁੰਚਾਈ ??

ਉਸ ਨੇ ਕਿਹਾ ਕਿ "ਉਸ ਦੇ ਕੋਠੇ ਨੂੰ ਕਿਸੇ ਨੇ ਬਾਹਰੋਂ ਤਾਲਾ ਲਗਾ ਦਿਤਾ ਸੀ। ਜਦੋਂ ਜ਼ਰਾ ਲੋਅ ਜਿਹੀ ਲਗਣ 'ਤੇ ਮੈਂ ਅੰਦਰੋਂ ਬੂਹਾ ਭੰਨਣਾ ਸ਼ੁਰੂ ਕੀਤਾ ਤਾਂ ਬਾਹਰੋਂ ਕਿਸੇ ਦੀ ਆਵਾਜ਼ ਆਈ ਕਿ 'ਚੁੱਪ ਕਰ ਕੇ ਅੰਦਰ ਪਿਆ ਰਹੁ ਨਹੀਂ ਤਾਂ ਜਾਨੋਂ ਮਾਰ ਛਡਾਂਗੇ।' ਉਹ ਆਵਾਜ਼ ਮੇਰੀ ਪਛਾਣ ਦੀ ਨਹੀਂ ਸੀ। ਮੈਂ ਉਹੋ ਜਿਹੀ ਆਵਾਜ਼ ਅਗੇ ਕਦੀ ਨਹੀਂ ਸੀ ਸੁਣੀ। ਉਹ ਕੋਈ ਓਪਰਾ ਹੀ ਆਦਮੀ ਜਾਪਦਾ ਸੀ। ਮੈਂ ਡਰਦਾ ਮਾਰਿਆ ਅੰਦਰ ਹੀ ਪਿਆ ਰਿਹਾ, ਜਦੋਂ ਤੋੜੀ ਤੁਹਾਡੇ ਹੀ ਕਿਸੇ ਆਦਮੀ ਨੇ ਜੰਦਰਾ ਤੋੜ ਕੇ ਬੂਹਾ ਨਾ ਖੋਲ੍ਹਿਆ। ਬੂਹਾ ਖੁਲ੍ਹਾ ਤਾਂ ਦਿਨ ਨਿਕਲਿਆ ਹੋਇਆ ਸੀ। ਘਰ ਗਿਆ ਤਾਂ ਪਤਾ ਲਗਾ; ਦੀਵਾਨ ਸਾਹਿਬ ਦੁਕਾਨ 'ਤੇ ਚਲੇ ਗਏ ਹਨ। ਦੁਕਾਨ 'ਤੇ ਗਿਆ ਤਾਂ ਉਥੋਂ ਦਸਿਆ ਗਿਆ ਕਿ ਕਚਹਿਰੀ ਨੂੰ ਚਲੇ ਗਏ ਹਨ।

"ਮੈਂ ਮਗ਼ਰੇ ਮਗਰ ਕਚਹਿਰੀ ਵੀ ਗਿਆ, ਪਰ ਮੇਲ ਉਥੇ ਵੀ ਨਾ ਹੋ ਸਕਿਆ। ਫੇਰ ਮੁੜ ਦੁਕਾਨ 'ਤੇ ਗਿਆ, ਪਰ ਤੁਸੀਂ ਫਿਰ ਵੀ ਨਾ ਮਿਲੇ। ਪਤਾ ਨਹੀਂ ਰਾਤੋ ਰਾਤ ਇਹ ਭੂਤਾਂ ਦੀ ਖੇਡ ਕਿਸ ਤਰ੍ਹਾਂ ਰਚੀ ਗਈ। ਇਕ ਬਾਹਰ ਦਾ ਆਦਮੀ ਕਹਿ ਰਿਹਾ ਸੀ ਕਿ ਰਾਤ ਬਹੁਤ ਸਾਰੇ ਹਲ, ਕਰਾਹ, ਗੱਡੇ ਤੇ ਕਹੀਆਂ ਬੇਲਚਿਆਂ ਵਾਲੇ ਆਦਮੀ ਚੱਕਾਂ ਵਲੋਂ ਬਾਗ਼ਾਂ ਵਲ ਆ ਰਹੇ ਸਨ। ਇਸ ਤੋਂ ਬਿਨਾਂ ਮੈਨੂੰ ਹੋਰ ਕੁਝ ਪਤਾ ਨਹੀਂ ਲਗਾ।"

ਦੀਵਾਨ ਸਾਹਿਬ ਨੂੰ ਮੁਨੀਮ ਨੇ ਆ ਕੇ ਕਿਹਾ ਕਿ ਸ: ਰਾਜ ਸਿੰਘ ਘਰ ਨਹੀਂ ਮਿਲਿਆ। ਉਹ ਰਾਤ ਘਰ ਆਇਆ ਹੀ ਨਹੀਂ। ਦੀਵਾਨ ਸਾਹਿਬ ਹਾਰ ਕੇ ਪੰਜ ਕੁ ਵਜੇ ਮੁਨੀਮ ਤੇ ਇਕ ਨੌਕਰ ਨੂੰ ਨਾਲ ਲੈ ਕੇ ਮੁਨਸ਼ੀ ਜੀ ਦੇ ਘਰ ਚਲੇ ਗਏ। ਅਗੇ ਮੁਨਸ਼ੀ ਜੀ ਨੇ ਪੱਕਾ ਬਦੋਬਸਤ ਕੀਤਾ ਹੋਇਆ ਸੀ। ਆਪਣਾ ਸਾਮਾਨ ਸਾਹਿਬ ਦੇ ਬੰਗਲੇ ਸ਼ਾਮ ਤੋਂ ਹੀ ਭੇਜ ਰਖਿਆ ਸੀ। ਬਸਤਾ ਆਦਿਕ ਵੀ ਸਾਮਾਨ ਦੇ ਵਿਚ ਹੀ ਚਲਾ ਗਿਆ ਹੋਇਆ ਸੀ। ਤੇ ਘਰ ਦਿਆਂ ਨੂੰ ਕਹਿ



Digitized by Panjab Digital Library | www.panjabdigilib.org

ਛਡਿਆ ਸੀ ਕਿ ਕੋਈ ਮਿਲਣ ਵਾਲਾ ਆਵੇ ਤਾਂ ਕਹਿ ਦੇਣਾ ਕਿ ਰਾਤ ਬੜੀ ਅਵੇਰ ਕਰ ਕੇ ਸੁੱਤੇ ਸਨ । ਜਗਾਉਣ ਦੀ ਆਗਿਆ ਨਹੀਂ ।

ਘਰ ਵਾਲਿਆਂ ਏਸੇ ਤਰ੍ਹਾਂ ਹੀ ਕੀਤਾ । ਉਨ੍ਹਾਂ ਨੂੰ ਬੈਠਕ ਵਿਚ ਬਿਠਾ ਕੇ ਕਹਿ ਦਿਤਾ ਕਿ ਜਦੋਂ ਜਾਗਣਗੇ ਆਪੇ ਹੀ ਆਵਾਜ਼ ਦੇ ਦੇਣਗੇ । ਤਾਂ ਉਸ ਵੇਲੇ ਸਭ ਤੋਂ ਪਹਿਲੋਂ ਆਪ ਜੀ ਨੂੰ ਹੀ ਬੁਲਾ ਲਿਆ ਜਾਵੇਗਾ । ਆਪ ਬਾਹਰ ਬੈਠਕ ਵਿਚ ਬੈਠੋ । ਦੀਵਾਨ ਸਾਹਿਬ ਤੇ ਮੁਨੀਮ ਬੈਠਕ ਵਿਚ ਜਾ ਬੈਠੇ ਤੇ ਲਗੇ ਬੇਸਬਰੀ ਨਾਲ ਮੁਨਸ਼ੀ ਜੀ ਦੇ ਜਾਗਣ ਦੀਆਂ ਉਡੀਕਾਂ ਕਰਨ । ਕਿ ਕਦੋਂ ਮੁਨਸ਼ੀ ਜੀ ਜਾਗਦੇ ਹਨ ਤੇ ਉਨ੍ਹਾਂ ਨਾਲ ਗੱਲ ਬਾਤ ਕਰਨ ਦਾ ਖੁਲ੍ਹਾ ਮੌਕਿਆ ਮਿਲਦਾ ਹੈ ।

ਜਦ ਦੀਵਾਨ ਸਾਹਿਬ ਨੇ ਦੇਖਿਆ ਕਿ ਮੁਨਸ਼ੀ ਸਾਹਿਬ ੮ ਵਜੇ ਤਕ ਸੁੱਤੇ ਹੀ ਨਹੀਂ ਉਠੇ, ਤਾਂ ਉਹ ਮੁਨੀਮ ਨੂੰ ਇਹ ਗੱਲ ਕਹਿ ਕੇ, ਉਠ ਕੇ ਘਰ ਨੂੰ ਤੁਰ ਗਏ ਕਿ ਜਦੋਂ ਮੁਨਸ਼ੀ ਜੀ ਜਾਗ ਪੈਣ, ਉਨ੍ਹਾਂ ਨੂੰ ਇਸੇ ਨੌਕਰ ਰਾਹੀਂ, ਜਿਸ ਨੂੰ ਉਹ ਏਥੇ ਹੀ ਬੈਠਾ ਚਲਿਆਂ ਹੈ, ਖ਼ਬਰ ਭੇਜ ਦੇਣੀ । ਮੁਨਸ਼ੀ ਹੁਰਾਂ ਦੇ ਜ਼ਰੂਰੀ ਕੰਮਾਂ ਤੋਂ ਫ਼ਾਰਗ਼ ਹੋ ਕੇ ਚਾਹ ਚੂ ਪੀਣ ਤਕ ਉਹ ਜ਼ਰੂਰ ਪਹੁੰਚ ਜਾਣਗੇ । ਮੁਨਸ਼ੀ ਜੀ ਜਾਗੇ ਹੋਏ ਤਾਂ ਚਿਰੋਕਣੇ ਹੀ ਸਨ । ਪਰ ਨੌਕਰ ਨੂੰ ਉਨ੍ਹਾਂ ਦਾ ਹੁਕਮ ਸੀ ਕਿ ਸਭ ਸੁੱਤੇ ਹੋਏ ਹੀ ਦਸੀ ਜਾਣ । ਆਪ ਅੰਦਰੇ ਅੰਦਰ ਜ਼ਰੂਰੀ ਕੰਮਾਂ ਤੋਂ ਵਿਹਲੇ ਹੋ, ਮੂੰਹ ਹੱਥ ਧੋ ਕੇ, ਚਾਹ ਚੂ ਪੀ ਕਪੜੇ ਪਹਿਨ ਕੇ ਨਾਸ਼ਤਾ ਕਰਨ ਲਗ ਪਏ ਸਨ ।

ਜਦੋਂ ਵੇਖਿਆ ਦੌਰੇ ਤੁਰ ਪੈਣ ਦਾ ਵੇਲਾ ਹੋਣ ਵਾਲਾ ਹੀ ਹੈ ਤਾਂ ਆਪਣੇ ਨੌਕਰ ਨੂੰ ਕਹਿ ਦਿਤਾ ਕਿ ਦੀਵਾਨ ਸਾਹਿਬ ਦੇ ਨੌਕਰ ਨੂੰ ਆਖ ਦੇਵੇ ਕਿ ਮੁਨਸ਼ੀ ਜੀ ਜਾਗ ਪਏ ਹਨ ਤੇ ਦੀਵਾਨ ਸਾਹਿਬ ਝਟ ਪਟ ਆ ਜਾਣ, ਉਨ੍ਹਾਂ ਦਾ ਦੌਰੇ 'ਤੇ ਤੁਰ ਜਾਣ ਦਾ ਵੇਲਾ ਹੋ ਗਿਆ ਹੈ । ਦੀਵਾਨ ਸਾਹਿਬ ਦੇ ਨੌਕਰ ਨੂੰ ਗਿਆਂ ਅਜੇ ਚੰਦ ਮਿੰਟ ਹੀ ਹੋਏ ਸਨ ਕਿ ਦੌਰੇ ਚਲਣ ਵਾਲਾ ਟਾਂਗਾ ਆ ਗਿਆ । ਉਸ ਨੇ ਤਾਂ ਨਿਯਤ ਹੋਏ ਟਾਈਮ 'ਤੇ ਪਹੁੰਚ ਹੀ ਜਾਣਾ ਸੀ । ਸੁ ਮੁਨਸ਼ੀ ਜੀ ਟਾਂਗੇ ਵਿਚ ਬੈਠ ਗਏ ਅਤੇ ਦੀਵਾਨ ਸਾਹਿਬ ਦੇ ਮਹੱਲੇ ਵਿਚੋਂ ਦੀ ਲੰਘਦੇ ਹੋਏ ਕਿਸੇ ਦੇ ਹੱਥ ਦੀਵਾਨ ਸਾਹਿਬ ਨੂੰ ਸੁਨੇਹਾ ਭੇਜ ਗਏ ਕਿ "ਉਹ ਸਾਹਿਬ



Digitized by Panjab Digital Library | www.panjabdigilib.org

ਦੀ ਕੋਠੀ ਜਾ ਰਹੇ ਹਨ। ਕਿਉਂਕਿ ਸਾਹਿਬ ਦੀ ਕੋਠੀ ਤੋਂ ਉਨ੍ਹਾਂ ਨੂੰ ਛੇਤੀ ਪਹੁੰਚਣ ਦਾ ਬੁਲਾਵਾ ਆ ਗਿਆ ਸੀ।" ਉਹ ਦੀਵਾਨ ਸਾਹਿਬ ਵਲੋਂ ਵੀ ਸਚਿਆਂ ਰਹਿਣਾ ਚਾਹੁੰਦਾ ਸੀ ਤੇ ਉਨ੍ਹਾਂ ਨੂੰ ਮਿਲਣਾ ਵੀ ਨਹੀਂ ਸੀ ਚਾਹੁੰਦਾ। ਦੀਵਾਨ ਸਾਹਿਬ ਨੂੰ ਸੁਨੇਹਾ ਦੇ ਕੇ ਟਾਂਗੇ ਵਾਲੇ ਨੂੰ ਕਿਹਾ, 'ਫਰਵਟ !' ਘੋੜੇ ਨੂੰ ਟਾਂਗੇ ਵਾਲੇ ਨੇ ਸਰਪਟ ਦੁੜਾ ਦਿਤਾ। ਪੰਜਾਂ ਮਿੰਟਾਂ ਵਿਚ ਹੀ ਫਾਟਕ ਉਪਰ ਜਾਂ ਨਿਕਲੇ। ਸਿਗਨਲ ਹੋ ਚੁੱਕਾ ਸੀ। ਤੇ ਫਾਟਕ ਵਾਲਾ ਫਾਟਕ ਬੰਦ ਕਰਨ ਵਾਸਤੇ ਬੜਾ ਕਾਹਲਾ ਪੈ ਗਿਆ ਸੀ। ਸੁ ਬੜੀ ਮੁਸ਼ਕਲ ਨਾਲ ਫਾਟਕ ਬੰਦ ਹੋਣ ਤੋਂ ਪਹਿਲਾਂ ਪਾਰ ਹੋ ਗਏ ਤੇ ਫਾਟਕ ਬੰਦ ਹੋ ਗਿਆ।

ਏਧਰ ਜਦੋਂ ਦੀਵਾਨ ਸਾਹਿਬ ਨੂੰ ਮੁਨਸ਼ੀ ਜੀ ਦੇ ਲੰਘ ਜਾਣ ਦੀ ਖ਼ਬਰ ਮਿਲੀ। ਝਟ ਇਕ ਟਾਂਗਾ ਕਿਰਾਏ ਕਰ ਕੇ ਮਗਰੇ ਮਗਰ ਉਠ ਨੱਠੇ। ਨਾਲ ਹੀ ਟਾਂਗੇ ਵਾਲੇ ਨੂੰ ਕਹਿ ਦਿਤਾ ਕਿ ਜੇ ਉਹ ਪੰਜ ਮਿੰਟ ਦੇ ਵਿਚ ਵਿਚ ਆਬਾਦੀ ਵਾਲੇ ਸਾਹਿਬ ਦੀ ਕੋਠੀ ਪਹੁੰਚਾ ਦੇਵੇ ਤਾਂ ਉਸ ਨੂੰ ਉਹ ਅਠ ਆਨੇ ਦੇਵੇਗਾ। ਟਾਂਗੇ ਵਾਲਾ ਕਹੇ ਦੋ ਰੁਪਏ ਲਵਾਂਗਾ। ਅੱਠਾਂ ਆਨਿਆਂ ਵਿਚ ਘੋੜੀ ਨੂੰ ਭਜਾ ਭਜਾ ਕਿਉਂ ਮਾਰਾਂ। ਉਹ ਕੋਈ ਰੇਲ ਤਾ ਨਹੀਂ ਜੋ ਏਨੀ ਦੂਰ ਦਸਾਂ ਮਿੰਟਾਂ ਵਿਚ ਉਡ ਕੇ ਜਾ ਪਹੁੰਚੇ।

ਦੀਵਾਨ ਸਾਹਿਬ ਘਰੋਂ ਕੁਝ ਢਿਲੇ ਲਗਨ ਨਾਲ ਚਲੇ ਹੋਣਗੇ। ਜਦੋਂ ਰੇਲ ਦੀ ਲਾਈਨ ਪਾਸ ਪੁਜੇ ਤਾਂ ਅਗੇ ਰੇਲ ਦਾ ਫਾਟਕ ਬੰਦ ਹੋ ਚੁਕਾ ਸੀ, ਪਰ ਗੱਡੀ ਛੇਤੀ ਹੀ ਸਾਮ੍ਹਣਿਉਂ ਆਉਂਦੀ ਹੋਈ ਨਜ਼ਰ ਪੈ ਗਈ। ਦੋ ਕੁ ਮਿੰਟ ਵਿਚ ਲਾਈਨ ਪਾਰ ਕਰ ਗਏ। ਤਾਂਗੇ ਵਾਲੇ ਨੇ ਘੋੜੀ ਨੂੰ ਬਥੇਰੇ ਛਾਂਟੇ ਮਾਰੇ, ਪਰ ਜੋ ਪੰਜ ਕੁ ਮਿੰਟ ਫ਼ਾਟਕ 'ਤੇ ਲਗ ਗਏ ਸਨ, ਦੀਵਾਨ ਸਾਹਿਬ ਵਕਤ ਤੋਂ ਓਨਾ ਕੁ ਪਛੜ ਹੀ ਗਏ।

ਕੋਠੀ ਪਹੁੰਚ ਕੇ ਪਤਾ ਲਗਾ ਕਿ ਦੋ ਚਾਰ ਹੀ ਮਿੰਟ ਹੋਏ ਹਨ ਕਿ ਸਾਹਿਬ, ਮੁਨਸ਼ੀ ਤੇ ਹੋਰ ਸਾਰਾ ਅਮਲਾ ਦੌਰੇ ਨਿਕਲ ਗਿਆ ਹੈ ਜੋ ਅਜੇ ਅੱਧ ਮੀਲ ਵੀ ਨਹੀਂ ਗਏ ਹੋਣਗੇ, ਪਰ ਹੁਣ ਹੋ ਹੀ ਕੀ ਸਕਦਾ ਸੀ ? ਸਿਵਾਏ ਏਸ ਦੇ ਕਿ ਦੌਰੇ 'ਤੇ ਹੀ ਮੁਕਾਮ-ਅਸਥਾਨ 'ਤੇ ਪੁੱਜ ਕੇ ਗੱਲ ਕਰਨ। ਦੀਵਾਨ ਸਾਹਿਬ ਨੇ ਟਾਂਗੇ ਵਾਲੇ ਨੂੰ ਖ਼ੁਸ਼ ਕਰ ਦੇਣ ਜੋਗੇ ਪੈਸੇ ਨਾ ਦਿਤੇ ਤੇ ਉਹ ਮਗਰੇ ਦੌਰੇ 'ਤੇ



Digitized by Panjab Digital Library | www.panjabdigilib.org

ਪਿੱਛਾ ਕਰਨ ਤੇ ਉਨ੍ਹਾਂ ਨੂੰ ਅਡੇ ਤੀਕ ਛਡਣ ਜਾਣ ਨੂੰ ਵੀ ਤਿਆਰ ਨਾ ਹੋਇਆ।

ਭਾਗਾਂ ਨੂੰ ਇਕ ਟਮ ਟਮ ਕਿਸੇ ਚੱਕ ਵੱਲੋਂ ਆਉਂਦੀ ਹੋਈ ਮਿਲ ਗਈ ਜਿਸ ਵਿਚ ਸਵਾਰੀਆਂ ਅੱਗੇ ਹੀ ਵਧੇਰੇ ਸਨ। ਦੀਵਾਨ ਸਾਹਿਬ ਮਿੰਨਤ ਸਮਾਜਤ ਕਰਨ ਨਾਲ ਘੁਸਰ ਘਸਰ ਕੇ ਟਮ ਟਮ ਵਿਚ ਸਵਾਰ ਹੋ ਹੀ ਗਏ। ਅੱਠ ਆਨੇ ਅੱਡੇ ਤਕ ਦੇ ਦੇਣੇ ਪੈ ਗਏ ਤੇ ਓਥੇ ਪੁੱਜ ਕੇ ਦੌਰੇ ਦੇ ਪਹਿਲੇ ਮੁਕਾਮ ਤਕ ਪਹੁੰਚਣ ਵਾਸਤੇ ਹੋਰ ਟਾਂਗਾ ਲੈਣਾ ਪੈ ਗਿਆ।

ਆਪ ਏਥੋਂ ਪਹਿਲਾਂ ਆਪਣੇ ਘਰ ਗਏ ਤੇ ਘਰ ਦਿਆਂ ਨੂੰ ਦਸ ਦਿਤਾ ਕਿ ਉਹ ਹੁਣ ਮੁੜ ਕੇ ਰਾਤ ਨੂੰ ਆਉਣਗੇ। ਰੋਟੀ ਵੀ ਨਾ ਖਾਧੀ ਤੇ ਭੁਖਨ ਭਾਣੇ ਹੀ ਤੁਰ ਗਏ। ਸ਼ੁਭ ਤੋਂ ਪਹਿਲਾਂ ਜਦ ਉਨ੍ਹਾਂ ਨੂੰ ਰਾਤ ਦੀ ਸਾਰੀ ਕਾਰਵਾਈ ਦੀ ਖ਼ਬਰ ਮਿਲੀ ਸੀ ਤੇ ਮੌਕਿਆ ਨੂੰ ਜਾ ਕੇ ਤੱਕਿਆ ਸੀ ਤਾਂ ਉਨ੍ਹਾਂ ਖ਼ਿਆਲ ਕਰ ਲਿਆ ਸੀ ਕਿ ਉਹ ਦਸ ਵੀਹ ਪਾਂਡੀ ਲੈ ਕੇ ਕੰਧ ਨੂੰ ਢਾਹ ਸੁਟਣਗੇ, ਪਰ ਜਦੋਂ ਉਹ ਕੰਧ ਦੇ ਮੌਕਿਆ 'ਤੇ ਗਏ ਤਾਂ ਅੱਗੇ ਕੀ ਵੇਖਿਓ ਨੇ ਕਿ ਅੱਧੀ ਦਰਜਨ ਦੇ ਕਰੀਬ ਅਕਾਲੀ ਸਿੰਘ ਤਿੰਨ ਤਿੰਨ ਚਾਰ ਚਾਰ ਫੁਟੀਆਂ ਨੰਗੀਆਂ ਕਿਰਪਾਨਾਂ ਚੁਕੀ ਕੰਧ ਦੇ ਨਾਲ ਨਾਲ ਅੰਦਰ ਤੇ ਬਾਹਰ ਪਹਿਰੇ ਦੇ ਰਹੇ ਹਨ ਤੇ ਉਨ੍ਹਾਂ ਨੇ ਇਨ੍ਹਾਂ ਨੂੰ ਲਲਕਾਰ ਕੇ ਆਖ ਦਿਤਾ ਹੈ ਕਿ ਜਿਸ ਨੂੰ ਜੀਊਂਦੇ ਰਹਿਣ ਦੀ ਲੋੜ ਨਹੀਂ ਓਹੋ ਹੀ ਅੱਗੇ ਪੈਰ ਪਾਵੇ।

ਬਸ ਫੇਰ ਅੱਗੇ ਕਿਸ ਨੇ ਆਉਣਾ ਸੀ। ਪਿਛੇ ਨੂੰ ਖੁਰੀਆਂ ਨਾਪ ਗਏ। ਸੋਈ ਹੁਣ ਦੀਵਾਨ ਸਾਹਿਬ ਵਾਸਤੇ ਅਫ਼ਸਰਾਂ ਦੀ ਮਿੰਨਤ ਖ਼ੁਸ਼ਾਮਦ ਕਰਨ ਤੇ ਉਨ੍ਹਾਂ ਪਾਸੋਂ ਸਹਾਇਤਾ ਮੰਗਣ ਦੇ ਸਿਵਾ ਕੋਈ ਚਾਰਾ ਨਹੀਂ ਰਹਿ ਗਿਆ ਸੀ।

ਜਦੋਂ ਆਪ ਜੀ ਮੁਕਾਮ-ਅਸਥਾਨ ਉਪਰ ਪਹੁੰਚੇ ਤਾਂ ਅਗੇ ਮੁਕੱਦਮਾ ਪੇਸ਼ ਸੀ। ਮੁਨਸ਼ੀ ਜੀ ਨੇ ਜਾਣ ਬੁਝ ਕੇ ਸਭ ਤੋਂ ਲੰਮੀ ਕਾਰਵਾਈ ਵਾਲਾ ਮੁਕੱਦਮਾ ਪੇਸ਼ ਕਰ ਦਿਤਾ। ਜਿਸ ਦੀ ਕਾਰਵਾਈ ਸਾਰਾ ਦਿਨ ਖਾ ਜਾਣ ਵਾਲੀ ਸੀ। ਮੁਨਸ਼ੀ ਜੀ ਨੇ ਰਾਹ ਵਿਚ ਸਾਹਿਬ ਦੇ ਕੰਨਾਂ ਵਿਚ ਗੱਲ ਵੀ ਪਾ ਦਿਤੀ ਸੀ ਕਿ ਦੀਵਾਨ ਸਾਹਿਬ ਬੜੇ ਝਗੜਾਲੂ ਆਦਮੀ ਹਨ। ਹਰ ਗੱਲ ਵਿਚ ਸੀਨਾ ਜੋਰੀ ਵਰਤਣ ਵਾਲੇ ਹਨ ਤੇ ਇਨ੍ਹਾਂ ਨੂੰ ਸਿੱਧੇ ਰਸਤੇ ਪੈਣ ਦੀ ਸਲਾਹ ਦੇਣ ਵਾਲੇ ਅਫ਼ਸਰਾਂ ਨੂੰ ਬਦਨਾਮ ਕਰਦੇ ਰਹਿਣਾ ਇਨ੍ਹਾਂ ਦਾ ਪ੍ਰਮ ਧਰਮ ਬਣ ਚੁਕਾ ਹੈ।



Digitized by Panjab Digital Library | www.panjabdigilib.org

ਕਈ ਸਾਲਾਂ ਤੋਂ ਇਨ੍ਹਾਂ ਨੇ ਬਾਗ਼ ਦਾ ਸਿਆਪਾ ਪਾ ਰਖਿਆ ਹੈ ਜੋ ਮੁਕਣ ਹੀ ਨਹੀਂ ਦੇਂਦੇ । ਦੀਵਾਨ ਸਾਹਿਬ ਦੂਜੇ ਭਲੇਮਾਣਸ ਫ਼ਰੀਕ ਦੀ ਜ਼ਮੀਨ ਨੂੰ ਆਪਣੇ ਬਾਗ ਵਿਚ ਰਲ਼ਾ ਕੇ ਜੱਟ-ਜੱਫਾ ਨਾ ਮਾਰ ਬਹਿੰਦੇ ਤਾਂ ਏਨਾ ਝਗੜਾ ਪੈਦਾ ਹੋਣਾ ਹੀ ਕਾਹਨੂੰ ਸੀ। ਹੁਣ ਜਦ ਦੂਸਰੇ ਫ਼ਰੀਕ ਨੇ ਮੌਕਿਆ ਤਾੜ ਕੇ ਆਪਣੀ ਜ਼ਮੀਨ ਇਨ੍ਹਾਂ ਦੇ ਨਾਜਾਇਜ਼ ਕਬਜ਼ੇ ਹੇਠੋਂ ਕੱਢ ਲਈ ਹੈ ਤਾਂ ਦੀਵਾਨੀ ਅਦਾਲਤ ਵਿਚ ਜਾਣ ਦਾ ਹੌਸਲਾ ਹੀ ਨਹੀਂ ਨੇ ਪੈਂਦਾ, ਕਿਉਂਕਿ ਇਨ੍ਹਾਂ ਪਾਸ ਅਜੇ ਵੀ ਆਪਣੇ ਪੂਰੇ ਰਕਬੇ ਨਾਲੋਂ ਕੁਝ ਨਾ ਕੁਝ ਵਧੇਰੇ ਧਰਤੀ ਹੋਵੇਗੀ। ਹੁਣ ਇਹ ਕਾਲੋਨੀ ਦੇ ਅਫ਼ਸਰਾਂ ਪਾਸੋਂ ਫ਼ਰੀਕ ਸਾਨੀ ਨਾਲ ਧੱਕਾ ਕਰਵਾਉਣ ਵਾਸਤੇ ਹੱਥ ਪੈਰ ਮਾਰ ਰਹੇ ਹਨ।

ਜਦੋਂ ਸਾਹਿਬ ਲੰਚ ਵਾਸਤੇ ਉਠ ਕੇ ਚਲੇ ਤਾਂ ਪੇਸ਼ ਹੋਇਆ ਮੁਕੱਦਮਾ ਅਜੇ ਖ਼ਤਮ ਨਹੀਂ ਸੀ ਹੋਇਆ ਤੇ ਸੁਣਾਈ ਜਾਰੀ ਸੀ । ਲੰਚ ਦੇ ਮਗਰੋਂ ਵੀ ਓਸੇ ਹੀ ਮੁਕਦਮੇ ਦੀ ਬਾਕੀ ਸੁਣਾਈ ਜਾਰੀ ਹੋ ਜਾਣੀ ਸੀ। ਦੀਵਾਨ ਸਾਹਿਬ ਨੇ ਅਗੇ ਵਧ ਕੇ ਗੱਲ ਕਰਨ ਦਾ ਯਤਨ ਕੀਤਾ, ਪਰ ਅਰਦਲੀ ਨੇ ਪੇਸ਼ ਨਾ ਜਾਣ ਦਿਤੀ। ਕਹਿਣ ਲਗਾ। "ਆਪ ਦੀ ਤਾਰੀਖ਼ ਕਲ੍ਹ ਹੈ । ਸਾਹਿਬ ਬਹਾਦਰ ਨੂੰ ਖਾਣਾ ਵੀ ਨਹੀਂ ਖਾਣ ਦੇਂਦੇ ?" ਸਾਹਿਬ ਬਹਾਦਰ ਤਾਂ ਅਗੇ ਹੀ ਖਪੇ ਤਪੇ ਸਨ ਜਿਨ੍ਹਾਂ ਨੂੰ ਮੁਨਸ਼ੀ ਜੀ ਨੇ ਹੀ ਦੀਵਾਨ ਸਾਹਿਬ ਦੇ ਖ਼ਿਲਾਫ਼ ਭਖਾ ਰਖਿਆ ਸੀ।

ਦੀਵਾਨ ਸਾਹਿਬ ਨੂੰ ਆਪਣੇ ਵਲ ਆਉਣ ਦੇ ਯਤਨ ਕਰਦਿਆਂ ਵੇਖ ਕੇ ਘੁਰਕ ਕੇ ਪਿਆ ਕਿ "ਕਲ੍ਹ ਹਾਜ਼ਰ ਹੋਣਾ, ਜਾਓ ਜੀ !" ਆਖਦੇ ਹੀ ਕਮਰੇ ਅੰਦਰ ਖਾਣਾ ਖਾਣ ਚਲੇ ਗਏ। ਦੀਵਾਨ ਸਾਹਿਬ ਨੇ ਮੁਨਸ਼ੀ ਨੂੰ ਕਹਿਣ ਦਾ ਕੁਝ ਫ਼ਾਇਦਾ ਨਾ ਸਮਝ ਕੇ ਸਰਗੋਧੇ ਤੁਰ ਜਾਣ ਲਈ ਟਾਂਗਾ ਤਿਆਰ ਕਰਵਾ ਲਿਆ। ਭੁੱਖੇ ਤਿਹਾਏ ਥੱਕ ਟੁਟ ਕੇ ਤਿੰਨ ਚਾਰ ਵਜੇ ਨਾਲ ਘਰ ਜਾ ਪਹੁੰਚੇ । ਖਾਣਾ ਜਿੰਨਾ ਕੁ ਖਾ ਸਕੇ, ਖਾ ਕੇ ਸੌਂ ਗਏ । ਪਿਛਲੀ ਰਾਤ ਦਾ ਉਨੀਂਦਾ, ਤੇ ਉਤੋਂ ਅਜ ਦਿਨ ਭਰ ਦਾ ਥਕੇਵਾਂ ਹੋਣ ਕਰ ਕੇ ਕਾਫ਼ੀ ਰਾਤ ਗਈ ਜਾਗ ਆਈ ਤੇ ਫੇਰ ਸੌਂ ਗਏ। ਸਵੇਰੇ ਉਠੇ ਤਾਂ ਲਗ ਪਏ ਸਾਹਿਬ ਬਹਾਦਰ ਮਗਰ ਦੌਰੇ 'ਤੇ ਜਾਣ ਦੀ ਤਿਆਰੀ ਕਰਨ।

ਓਧਰੋਂ ਮੁਨਸ਼ੀ ਜੀ ਰਾਤ ਸੁੱਤਿਆਂ ਨੂੰ ਵੇਖ ਕੇ ਮੁੜ ਗਏ ਸਨ, ਆ ਗਏ



Digitized by Panjab Digital Library | www.panjabdigilib.org

ਤੇ ਦਸਿਆ ਨੇ ਕਿ "ਜਦੋਂ ਉਹ ਦੌਰੇ 'ਤੇ ਸਾਡੇ ਮਗਰ ਚਲੇ ਆਏ ਸਨ, ਸਾਹਿਬ ਅਗੇ ਦੂਜੇ ਫ਼ਰੀਕ ਦੀ ਦਰਖ਼ਾਸਤ ਗੁਜ਼ਰ ਗਈ ਸੀ ਕਿ ਉਨ੍ਹਾਂ ਦੀ ਇਕ ਦਰਖ਼ਾਸਤ ਕਪਤਾਨ ਪੁਲੀਸ ਨੇ ਸਿਟੀ ਪੁਲੀਸ ਪਾਸ ਯੋਗ ਕਾਰਵਾਈ ਤੇ ਪ੍ਰਬੰਧ ਕਰਨ ਵਾਸਤੇ ਭੇਜ ਦਿਤੀ ਹੈ। ਸੁ ਥਾਣੇਦਾਰ ਨੇ ਕਲ੍ਹ ਦਾ ਕੰਧ ਉੱਤੇ ਪੁਲੀਸ ਦਾ ਪਹਿਰਾ ਬੈਠਾ ਦਿਤਾ ਹੋਇਆ ਹੈ। ਸੁ ਆਪ ਜੀ ਪਾਸੋਂ ਪੁਲੀਸ ਵਾਲੇ ਜ਼ਮਾਨਤ ਲੈਣ ਵੀ ਆਏ ਸਨ, ਪਰ ਏਥੇ ਨਹੀਂ ਸਉ ਜਿਸ ਕਰ ਕੇ ਉਹ ਮੁੜ ਗਏ ਸਨ।"

ਇਹ ਸੁਣ ਦੀਵਾਨ ਸਾਹਿਬ ਅੱਜ ਫੇਰ ਬਿਨਾਂ ਕੁਝ ਖਾਧੇ ਪੀਤੇ ਨਿਰਣੇ ਅਹਾਰ ਹੀ ਤੁਰਨ ਵਾਸਤੇ ਤਿਆਰ ਹੋ ਗਏ। ਘਰ ਵਾਲਿਆਂ ਬਥੇਰਾ ਕਿਹਾ, "ਚਾਹ ਤਿਆਰ ਹੈ। ਦੋ ਘੁਟ ਪੀ ਜਾਉ।" ਪਰ ਉਨ੍ਹਾਂ ਕਿਸੇ ਦੀ ਨਾ ਸੁਣੀ। ਬਿਨਾਂ ਪੀਤਿਆਂ ਹੀ ਤੁਰ ਪਏ।

ਮੁਨੀਮ ਨੂੰ ਵਖਰਿਆਂ ਜਾ ਕੇ ਕਹਿਣ ਲਗੇ, "ਕਿਤੇ ਥਾਣੇਦਾਰ ਹੁਣੇ ਨਾ ਆ ਜਾਵੇ ਤੇ ਜ਼ਮਾਨਤ ਦਾ ਰੱਫੜ ਪਾ ਬਵ੍ਹੇ। ਉਧਰ ਮੁਨਸ਼ੀ ਕੁਝ ਟੇਢਾ ਟੇਢਾ ਬੋਲਦਾ ਜਾਪਦਾ ਹੈ। ਕੋਸ਼ਸ਼ ਕਰਨੀ ਜੇ ਥਾਣੇਦਾਰ ਕੁਝ ਲੈ ਦੇ ਕੇ ਕਾਬੂ ਆ ਜਾਵੇ।" ਫੇਰ ਘਰ ਦਿਆਂ ਨੂੰ ਸੁਣਾ ਕੇ ਉੱਚੀ ਆਵਾਜ਼ ਨਾਲ ਕਹਿਣ ਲਗੇ, "ਅਸਾਂ ਕਾਲੋਨੀ ਸਾਹਿਬ ਪਾਸ ਜਾ ਕੇ ਚਾਹ ਪੀਣੀ ਹੈ। ਉਨ੍ਹਾਂ ਵਰਜ ਰਖੀ ਹੈ।"

ਮੇਰੇ ਵੀਰ ਜੀ ਨੇ ਅੱਡੇ ਦੇ ਚੌਧਰੀ ਨੂੰ ਕਹਿ ਕੇ ਇਕ ਖ਼ਾਸ ਟਾਂਗੇ ਵਾਲੇ ਪਠਾਣ ਦੀ ਡਿਊਟੀ ਲਗਵਾਈ ਸੀ। ਜਿਸ ਦਾ ਟਾਂਗਾ ਦੀਵਾਨ ਸਾਹਿਬ ਵਲ ਜਾਣਾ ਸੀ। ਸੁ ਉਨ੍ਹਾਂ ਦੇ ਮਕਾਨ 'ਤੇ ਪਹੁੰਚ ਚੁੱਕਾ ਸੀ ਅਤੇ ਦੀਵਾਨ ਸਾਹਿਬ ਦਬਾ ਦਬ ਬੰਗਲਾ ਲੁੱਡਨ ਵਾਲਾ ਨੂੰ ਜਾ ਰਹੇ ਸਨ। ਜਿਥੇ ਉਨ੍ਹਾਂ ਦੀ ਦਰਖ਼ਾਸਤ ਪੇਸ਼ ਹੋਣੀ ਸੀ।

ਟਾਂਗੇ ਦੀ ਘੋੜੀ ਤਾਂ ਬੜੀ ਤੇਜ਼ ਸੀ, ਪਰ ਟਾਂਗੇ ਵਾਲੇ ਨੇ ਜਾਣ ਬੁਝ ਕੇ ਸਾਜ਼ ਕੋਈ ਪੁਰਾਣਾ ਤੇ ਨਿਕੰਮਾ ਜਿਹਾ ਪਾ ਲਿਆ ਸੀ। ਕੁਝ ਮੀਲਾਂ 'ਤੇ ਜਾ ਕੇ ਜਦੋਂ ਘੋੜੀ ਦੀ ਪਿੱਠ 'ਤੇ ਅਚਾਨਕ ਹੀ ਜ਼ੋਰ ਦੀ ਛਾਂਟਾ ਪਿਆ, ਤਾਂ ਉਸ ਨੇ ਝੋਸਾ ਮਾਰ ਕੇ ਜੋਤਰ ਹੀ ਤੋੜ ਸੁੱਟੀ। ਜੋਤਰ ਤੋਂ ਬਿਨਾਂ ਟਾਂਗਾ ਖਿਚਿਆ ਕਿਵੇਂ ਜਾਵੇ?

ਚਮੜੇ ਦੀ ਜੋਤਰ ਦੀ ਥਾਂ ਰੱਸਾ ਪਾ ਕੇ ਝਟ ਟਪਾਉਣ ਦਾ ਯਤਨ ਕੀਤਾ।



Digitized by Panjab Digital Library | www.panjabdigilib.org

ਕੁਝ ਕੁ ਮੀਲ ਰੱਸੇ ਨੇ ਝਟ ਟਪਾ ਦਿਤਾ। ਅੱਧ ਕੁ ਵਾਟ ਜਾ ਕੇ ਘੋੜੀ ਦੇ ਇਕ ਹੋਰ ਝੋਸੇ ਨਾਲ ਦੂਜੇ ਪਾਸੇ ਦੀ ਜੋਤਰ ਤੇ ਸੀਨਾ ਬੰਧ ਦੋਵੇਂ ਹੀ ਟੁੱਟ ਗਏ। ਸੁ ਘੋੜੀ ਦਾ ਸਾਰਾ ਸਾਜ਼ ਲਾਹੁਣਾ ਪੈ ਗਿਆ। ਘੋੜੀ ਨੂੰ ਰੱਸੇ ਨਾਲ ਬੰਨ੍ਹ ਕੇ ਟਾਂਗੇ ਤੇ ਘੋੜੀ ਦੀ ਰਾਖੀ ਰਖਣ ਲਈ ਰਾਇ ਸਾਹਿਬ ਨੂੰ ਪਹਿਰੇ 'ਤੇ ਬਿਠਾਲ ਟਾਂਗੇ ਵਾਲਾ ਪਠਾਣ ਬੱਚਾ ਸਾਜ਼ ਨੂੰ ਸਿਰ ਚੁੱਕੀ ਲਾਗੇ ਦੇ ਚੱਕ ਵਿਚ ਗੰਢਾਉਣ ਤੁਰ ਗਿਆ। ਜਿਥੇ ਉਸ ਨੂੰ ਦੋ ਘੰਟੇ ਲਗ ਗਏ। ਮੋਚੀ ਪਿੰਡ ਵਿਚ ਇਕੋ ਹੀ ਸੀ, ਜੋ ਅਗੇ ਇਕ ਹੋਰ ਟਾਂਗੇ ਵਾਲੇ ਦਾ ਸਾਜ਼ ਗੰਢ ਰਿਹਾ ਸੀ।

ਵਾਰੀ ਦੀ ਉਡੀਕ ਕਰਨੀ ਪਈ। ਜਿਸ ਕਰ ਕੇ ਏਨੀ ਦੇਰ ਲਗ ਗਈ। ਕੁਝ ਹੋਰ ਦੇਰ ਏਸ ਕਰ ਕੇ ਵੀ ਲਗ ਗਈ ਕਿ ਟਾਂਗੇ ਵਾਲਾ ਕਦੀ ਸਿਗਰਟ ਖ਼ਰੀਦਣ ਵਾਸਤੇ ਰੁਕ ਜਾਂਦਾ, ਕਦੀ ਘੋੜੀ ਨੂੰ ਪਾਣੀ ਡਾਹਣ ਲਗ ਪੈਂਦਾ ਤੇ ਕਦੇ ਹੋਰ ਪੱਜ ਨਾਲ ਟਾਂਗਾ ਖੜਾ ਕਰੀ ਰਖਦਾ। ਮੁਕਦੀ ਗੱਲ ਇਹ ਕਿ ਦੀਵਾਨ ਸਾਹਿਬ ਲੰਚ ਹੋ ਚੁੱਕਣ ਦੇ ਮਗਰੋਂ ਮਸਾਂ ਹੀ ਬੰਗਲੇ ਅੰਦਰ ਪਹੁੰਚ ਸਕੇ। ਉਧਰ ਮੁਨਸ਼ੀ ਨੇ ਇਹ ਦੇਖ ਕੇ ਕਿ ਦੀਵਾਨ ਸਾਹਿਬ ਨਹੀਂ ਆਏ, ਉਨ੍ਹਾਂ ਦੀ ਦਰਖ਼ਾਸਤ ਸਾਹਿਬ ਬਹਾਦਰ ਦੇ ਪੇਸ਼ ਕਰ ਕੇ ਤਹਿਸੀਲਦਾਰ ਸਾਹਿਬ ਪਾਸ ਰਪੋਟ ਕਰਨ ਲਈ ਭੇਜ ਦਿਤੀ ਜਾਣ ਦੀ ਸਲਾਹ ਦੇ ਦਿਤੀ। ਸਾਹਿਬ ਬਹਾਦਰ ਤਾਂ ਅਗੇ ਹੀ ਏਸ ਕੰਮ ਨੂੰ ਆਪਣੇ ਗਲੋਂ ਲਾਹ ਦੇਣ ਦਾ ਕੋਈ ਮੌਕਿਆ ਹੀ ਉਡੀਕ ਰਹੇ ਸਨ। ਸੁ ਉਨ੍ਹਾਂ ਏਸੇ ਤਰ੍ਹਾਂ ਕੀਤਾ।

ਜਦ ਦੀਵਾਨ ਸਾਹਿਬ ਪਹੁੰਚੇ ਤਾਂ ਅਗੇ ਕੱਲ੍ਹ ਦਾ ਬਾਕੀ ਬਚਿਆ ਮੁਕੱਦਮਾ ਹੀ ਪੇਸ਼ ਸੀ। ਗਵਾਹਾਂ ਦੀਆਂ ਗਵਾਹੀਆਂ ਹੋ ਰਹੀਆਂ ਸਨ। ਦੀਵਾਨ ਸਾਹਿਬ ਨੂੰ ਏਨਾ ਹੌਸਲਾ ਹੀ ਨਾ ਪਿਆ ਕਿ ਮੁਕੱਦਮੇ ਦੀ ਹੋ ਰਹੀ ਕਾਰਵਾਈ ਦੇ ਵਿਚੋਂ ਹੀ ਆਪਣਾ ਸਵਾਲ ਪੇਸ਼ ਕਰਦੇ। ਜਦੋਂ ਤਿੰਨ ਕੁ ਵਜੇ ਨਾਲ ਦੂਜੇ ਮੁਕੱਦਮੇ ਦੀ ਆਵਾਜ਼ ਪਈ, ਤਾਂ ਆਪ ਅਦਾਲਤ ਦੇ ਸਾਹਮਣੇ ਜਾ ਖਲੋਤੇ।

ਮੁਨਸ਼ੀ ਨੇ ਦੀਵਾਨ ਸਾਹਿਬ ਨੂੰ ਇਸ਼ਾਰੇ ਨਾਲ ਆਪਣੇ ਕੋਲ ਬੁਲਾ ਕੇ ਕਹਿ ਦਿਤਾ ਕਿ ਆਪ ਦੀ ਦਰਖ਼ਾਸਤ ਤਹਿਸੀਲਦਾਰ ਸਾਹਿਬ ਪਾਸ ਰਪੋਟ ਵਾਸਤੇ ਭੇਜ ਦਿਤੀ ਗਈ ਹੋਈ ਹੈ, ਆਪ ਉਨ੍ਹਾਂ ਦੀ ਅਦਾਲਤ ਵਿਚ ਅੱਜ ਤੋਂ ਤੀਜੇ ਦਿਨ ਪਹੁੰਚ ਜਾਣਾ। ਦੀਵਾਨ ਸਾਹਿਬ ਨੇ ਕਿਹਾ ਕਿ ਹਜ਼ੂਰ ਮੇਰੀ ਦਰਖ਼ਾਸਤ ਨੂੰ ਜਾਂ ਆਪਣੇ



Digitized by Panjab Digital Library | www.panjabdigilib.org

ਪਾਸ ਹੀ ਰਖੋ ਜਾਂ ਨਾਇਬ ਤਹਿਸੀਲਦਾਰ ਪਾਸ ਭੇਜ ਦਿਉ। ਤਹਿਸੀਲਦਾਰ ਤਾਂ ਰਾਜ ਸਿੰਘ ਦਾ ਚੇਲਾ ਹੈ ਤੇ ਉਸੇ ਨੇ ਹੀ ਇਹ ਸਾਰੀ ਕਾਰਵਾਈ ਆਪ ਕਰਵਾਈ ਹੈ। ਪਿਛਲੀ ਗੱਲ ਜ਼ਰਾ ਹੌਲੀ ਜਿਹੀ ਆਵਾਜ਼ ਨਾਲ ਮੁਨਸ਼ੀ ਜੀ ਦੇ ਲਾਗੇ ਹੋ ਕੇ ਆਖੀ ਨੇ। ਪਰ ਮੁਨਸ਼ੀ ਜੀ ਨੇ ਬੜੀ ਉਚੀ ਸਾਰੀ ਕਹਿ ਦਿਤਾ, "ਦੀਵਾਨ ਜੀ ਸਰਕਾਰੀ ਅਫ਼ਸਰ ਕਿਸੇ ਦੇ ਚੇਲੇ ਨਹੀਂ ਬਣਦੇ ? ਐਵੇਂ ਅਫ਼ਸਰਾਂ ਨੂੰ ਬਦਨਾਮ ਨਹੀਂ ਕਰੀ ਦਾ ਹੁੰਦਾ।"

ਜਦੋਂ ਸਾਹਿਬ ਬਹਾਦਰ ਦੇ ਪੁੱਛਣ 'ਤੇ ਦੀਵਾਨ ਸਾਹਿਬ ਦੀ ਗੱਲ ਦਾ ਮਤਲਬ ਥੋੜਾ ਜਿਹਾ ਮਸਾਲਾ ਲਾ ਕੇ ਸਮਝਾਇਆ ਗਿਆ, ਤਾਂ ਸਾਹਿਬ ਬਹਾਦਰ ਅਗ ਭਬੂਕਾ ਹੋ ਗਏ, ਤੇ ਦੀਵਾਨ ਸਾਹਿਬ ਨੂੰ ਚੰਗੀ ਝਾੜ-ਝੰਬ ਕਰ ਦਿਤੀ ਅਤੇ ਨਾਲ ਹੀ ਮੁਨਸ਼ੀ ਜੀ ਨੂੰ ਕਿਹਾ ਕਿ, "ਤਹਿਸੀਲਦਾਰ ਸਾਹਿਬ ਨੂੰ ਹੁਕਮ ਲਿਖ ਦੇਵੇ ਕਿ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਮੌਕਿਆ ਮੁਲਾਹਿਜ਼ਾ ਕਰ ਕੇ ਤੇ ਪੈਮਾਇਸ਼ ਵਗ਼ੈਰਾ ਕਰ ਕੇ ਅਤੇ ਨਕਸ਼ਾ ਬਣਾ ਕੇ ਭੇਜ ਦਿਤਾ ਜਾਵੇ।"

ਇਹ ਹੁਕਮ ਸੁਣ ਕੇ ਦੀਵਾਨ ਸਾਹਿਬ ਦੀ ਉੱਕੀ ਹੀ ਫੂਕ ਸਰਕ ਗਈ ਅਤੇ ਚੁੱਪ ਕਰ ਕੇ ਬਾਹਰ ਨਿਕਲ ਆਏ। ਅਰਦਲੀ ਨੂੰ ਇਨਾਮ ਦੇਣਾ ਕਰ ਕੇ ਬਾਹਰ ਬੁਲਾ ਲਿਆ ਤੇ ਆਖਣ ਲਗੇ : ਕਿਸੇ ਤਰ੍ਹਾਂ ਮੁਨਸ਼ੀ ਜੀ ਨੂੰ ਰਾਜ਼ੀ ਕਰ ਦੇਵੇਂ ਤਾਂ ਮੈਂ ਤੈਨੂੰ ਵੀ ਰਾਜ਼ੀ ਕਰ ਦੇਵਾਂਗਾ। ਜਿਸ 'ਤੇ ਅਰਦਲੀ ਨੇ ਕਿਹਾ, "ਲਿਆਓ, ਜੋ ਮੈਨੂੰ ਦੇਣਾ ਜੇ, ਉਹ ਤਾਂ ਦਿਉ! ਮੁਨਸ਼ੀ ਜੀ ਦਾ ਹਿਸਾਬ ਤਾਂ ਲੰਮਾ ਹੋਵੇਗਾ।" ਦੀਵਾਨ ਸਾਹਿਬ ਨੇ ਜੇਬ ਵਿਚੋਂ ਇਕ ਰੁਪਿਆ ਕਢ ਕੇ ਅਰਦਲੀ ਦੇ ਹੱਥ ਫੜਾ ਦਿਤਾ, ਜੋ ਉਸ ਨੇ ਦੂਰ ਭਵਾਂ ਕੇ ਮਾਰਿਆ ਅਤੇ ਆਪ ਅੰਦਰ ਚਲਾ ਗਿਆ। ਮੁਨਸ਼ੀ ਜੀ ਨੂੰ ਇਸ਼ਾਰਾ ਕੀਤਾ ਕਿ ਕੰਮ ਜਲਦੀ ਖ਼ਤਮ ਕਰੋ! ਸੁ ਮੁਨਸ਼ੀ ਜੀ ਨੇ ਇਕ ਅੱਧ ਮੁਤਫੱਰਕ ਦਰਖ਼ਾਸਤ ਪੇਸ਼ ਕਰ ਕੇ ਸਾਹਿਬ ਬਹਾਦਰ ਨੂੰ ਚਾਹ ਦਾ ਚੇਤਾ ਕਰਵਾ ਦਿਤਾ ਕਿ "ਹਜ਼ੂਰ! ਚਾਹ ਤਿਆਰ ਹੋਵੇਗੀ ਤੇ ਨਾਲੇ ਇਕ ਮੌਕਿਆ ਵੇਖਣ ਵਾਸਤੇ ਜਾਣਾ ਹੈ।"

ਸੁ ਸਾਹਿਬ ਬਹਾਦਰ ਚਾਹ ਪੀਣ ਪਿਛਲੇ ਕਮਰੇ ਚਲੇ ਗਏ ਤੇ ਮੁਨਸ਼ੀ ਜੀ ਤੇ ਅਰਦਲੀ ਬਾਹਰ ਬਰਾਂਡੇ ਵਿਚ ਆ ਗਏ। ਜਿਥੇ ਅਰਦਲੀ ਨੇ ਮੁਨਸ਼ੀ ਨੂੰ ਦਸਿਆ ਕਿ ਦੀਵਾਨ ਸਾਹਿਬ ਨੇ ਉਸ ਨੂੰ ਇਕ ਰੁਪਿਆ ਦਾਨ ਕਰਨਾ ਚਾਹਿਆ



Digitized by Panjab Digital Library | www.panjabdigilib.org

ਸੀ, ਜੋ ਉਸ ਨੇ ਨਹੀਂ ਸੀ ਲਿਆ। ਉਹ ਹੁਣ ਤੁਹਾਨੂੰ ਡੇਢ੍ਹ ਦੋ ਰੁਪਏ ਜ਼ਰੂਰ ਦੇ ਕੇ ਖ਼ੁਸ਼ ਕਰਨ ਦਾ ਯਤਨ ਕਰਨਗੇ।

ਦੀਵਾਨ ਸਾਹਿਬ ਨੇ ਇਕ ਦਸਾਂ ਦਾ ਨੋਟ ਕੱਢ ਕੇ ਮੁਨਸ਼ੀ ਜੀ ਨੂੰ ਦੇਣ ਦੀ ਕੋਸ਼ਸ਼ ਕੀਤੀ ਜੋ ਉਸ ਨੇ ਉਹ ਵੀ ਲੈਣੋਂ ਨਾਂਹ ਕਰ ਦਿਤੀ। ਫੇਰ ਦੀਵਾਨ ਸਾਹਿਬ ਨੇ ਇਕ ਨੋਟ ਪੰਜਾਂ ਦਾ ਹੋਰ ਨਾਲ ਰਲਾ ਕੇ ਪੰਦਰਾਂ ਰੁਪਏ ਦੇਣੇ ਚਾਹੇ ਪਰ ਮੁਨਸ਼ੀ ਜੀ ਬੜੇ ਨਾਰਾਜ਼ ਹੋ ਕੇ ਉਚੀ ਉਚੀ ਰੌਲਾ ਪਾਉਣ ਲਗ ਗਏ "ਦੀਵਾਨ ਜੀ! ਮੈਂ ਰਿਸ਼ਵਤ ਨਹੀਂ ਲਿਆ ਕਰਦਾ।"

ਰੌਲਾ ਗੌਲਾ ਸੁਣ ਕੇ ਸਾਹਿਬ ਬਹਾਦਰ ਬਾਹਰ ਆ ਗਏ। ਪੁੱਛਣ ਲਗੇ "ਕਿਆ ਮਾਮਲਾ ਹੈ? ਕਿਸ ਬਾਤ ਕਾ ਸ਼ੋਰ ਹੈ??"

ਮੁਨਸ਼ੀ ਬਹੁਤ ਸਿਆਣਾ ਸੀ ਕਹਿਣ ਲਗਾ, "ਹਜ਼ੂਰ! ਮੈਂ ਅਲੈਹਦਗੀ ਵਿਚ ਜਨਾਬ ਨੂੰ ਦੱਸਾਂਗਾ। ਏਥੇ ਬੜਾ ਸੋਚ ਸਮਝ ਕੇ ਚੱਲਣਾ ਪੈਂਦਾ ਹੈ। ਹਜ਼ੂਰ ਆਪ ਆਰਾਮ ਸੇ ਚਾਇ ਪੀਜੀਏ।"

ਸਾਹਿਬ ਅੰਦਰ ਚਲਾ ਗਿਆ। ਹੁਣ ਦੀਵਾਨ ਸਾਹਿਬ ਨੂੰ ਪਿੱਸੂ ਪੈ ਗਏ ਕਿ ਕਿਤੇ ਮੁਨਸ਼ੀ ਸਾਹਿਬ ਬਹਾਦਰ ਅਗੇ ਭਾਂਡਾ ਹੀ ਨਾ ਭੰਨ ਦੇਵੇ। ਸੁ ਕਿਸੇ ਦੂਜੇ ਦੀ ਮਾਰਫ਼ਤ ਬਹੁਤ ਸਾਰਾ ਰਗੜਾ ਝਗੜਾ ਕਰਨ ਮਗਰੋਂ ਪੰਜਾਹ ਰੁਪਏ ਦੇ ਕੇ ਮੁਨਸ਼ੀ ਨੂੰ ਏਸ ਗੱਲ 'ਤੇ ਰਾਜ਼ੀ ਕੀਤਾ ਗਿਆ ਕਿ ਉਹ ਸਾਹਿਬ ਨੂੰ ਇਹ ਨਹੀਂ ਦੱਸੇਗਾ ਕਿ ਦੀਵਾਨ ਸਾਹਿਬ ਵਲੋਂ ਰਿਸ਼ਵਤ ਦੇਣ ਦੇ ਯਤਨ ਕਰਨ 'ਤੇ ਸਾਰਾ ਝਗੜਾ ਹੋ ਰਿਹਾ ਸੀ।

ਮੁਨਸ਼ੀ ਜੀ ਨੇ ਇਹ ਗੱਲ ਵੀ ਸੁਣਾ ਦਿਤੀ ਕਿ ਏਨੀ ਰਕਮ ਤਾਂ ਦੂਸਰਾ ਫ਼ਰੀਕ ਪਹਿਲੇ ਦਿਨ ਹੀ ਚੁੱਪ ਕੀਤਾ ਦੇ ਗਿਆ ਸੀ। ਜੋ ਦੀਵਾਨ ਸਾਹਿਬ ਨੇ ਸੌ ਸਿਆਪੇ ਤੇ ਰਗੜੇ ਝਗੜੇ ਕਰਨ ਮਗਰੋਂ ਸਾਰੀ ਦੁਨੀਆਂ ਨੂੰ ਸੁਣਾ ਕੇ ਦਿਤੀ ਹੈ। ਦੀਵਾਨ ਸਾਹਿਬ ਨੂੰ ਹੌਲੀ ਦਿਤੀ ਕੰਨ ਵਿਚ ਇਹ ਗੁਰ-ਮੰਤ੍ਰ ਦੇ ਦਿਤਾ ਕਿ ਜਾ ਕੇ ਜਾਂ ਤਾਂ ਸਰਦਾਰ ਰਾਜ ਸਿੰਘ ਨੂੰ ਕਾਬੂ ਕਰੇ, ਨਹੀਂ ਤਾਂ ਚੁੱਪ ਕਰ ਕੇ ਘਰ ਜਾ ਬੈਠੇ, ਏਥੇ ਉਸ ਦਾ ਬਣਨਾ ਬਣਾਉਣਾ ਕੁਝ ਨਹੀਂ। ਤੇ ਜਾਂ ਫੇਰ ਸਿੱਧਾ ਦੀਵਾਨੀ ਅਦਾਲਤ ਦਾ ਰਸਤਾ ਫੜਨ। ਸਾਹਿਬ ਬਹਾਦਰ ਜੋ ਹੁਕਮ ਇਕ ਵਾਰ ਦੇ ਦੇਂਦੇ ਹਨ ਉਸ ਨੂੰ ਬਦਲਿਆ ਨਹੀਂ ਕਰਦੇ। ਹੁਣ



Digitized by Panjab Digital Library | www.panjabdigilib.org

ਚੰਗੀ ਗੱਲ ਇਹੋ ਹੀ ਹੈ ਕਿ ਏਥੋਂ ਛੇਤੀ ਨਾਲ ਚਲੇ ਹੀ ਜਾਉ ! ਮਤਾਂ ਸਾਹਿਬ ਨੂੰ ਫੇਰ ਮੁੜ ਕੇ ਰੌਲੇ ਗੌਲੇ ਦੀ ਗੱਲ ਚੇਤੇ ਆ ਜਾਏ ।

ਦੀਵਾਨ ਸਾਹਿਬ ਅਦਾਲਤ ਦੇ ਬਰਾਂਡੇ ਵਿਚੋਂ ਬਾਹਰ ਨਿਕਲ ਕੇ ਟਾਂਗੇ ਵਾਲੇ ਨਾਲ ਝਗੜਾ ਕਰਨ ਲਗ ਲਏ ਕਿ "ਤੂੰ ਆਪਣਾ ਸਾਜ਼ ਗੰਦਾ ਕਿਉਂ ਰਖਿਆ ਹੋਇਆ ਹੈ ? ਮੈਂ ਕਿਰਾਇਆ ਨਹੀਂ ਦੇਵਾਂਗਾ ।"

ਅਗੇ ਟਾਂਗੇ ਵਾਲਾ ਵੀ ਪਠਾਣ ਬੱਚਾ ਸੀ, ਉਸ ਨੇ ਝੱਟ ਸਾਹਿਬ ਬਹਾਦਰ ਅਗੇ ਜਾ ਫ਼ਰਿਆਦ ਜਗਾਈ । ਸਾਹਿਬ ਬਹਾਦਰ ਨੇ ਉਸ ਦੇ ਨਾਲ ਆਪਣਾ ਅਰਦਲੀ ਭੇਜ ਦਿਤਾ ਤੇ ਉਸ ਨੂੰ ਪੱਕੀ ਕਰ ਦਿਤੀ ਕਿ ਇਸ ਗ਼ਰੀਬ ਨੂੰ ਕਿਰਾਇਆ ਦਵਾ ਦੇਵੇ ।

ਅਰਦਲੀ ਨੇ ਦੀਵਾਨ ਸਾਹਿਬ ਨੂੰ ਜਾ ਬਾਹੋਂ ਫੜਿਆ ਤੇ "ਸਾਹਿਬ ਬੁਲਾ ਰਹੇ ਹਨ" ਆਖ ਕੇ ਅੰਦਰ ਵੱਲ ਨੂੰ ਖਿੱਚਣ ਲਗ ਪਿਆ । ਦੀਵਾਨ ਸਾਹਿਬ ਨੇ ਬੜੀ ਮੁਸ਼ਕਲ ਨਾਲ ਦੋ ਰੁਪਏ ਅਰਦਲੀ ਨੂੰ ਤੇ ਪੰਜ ਰੁਪਏ ਟਾਂਗੇ ਵਾਲੇ ਨੂੰ ਦੇ ਕੇ ਆਪਣੀ ਜਾਨ ਛੁਡਾਈ ।

ਜਦ ਦੂਸਰਾ ਟਾਂਗਾ ਲੈਣ ਲਈ ਕੋਸ਼ਸ਼ ਕੀਤੀ ਤਾਂ ਉਸ ਟਾਂਗੇ ਵਾਲੇ ਨੇ ਜਾਣ ਤੋਂ 'ਨਾਂਹ' ਕਰ ਦਿਤੀ । ਤੇ ਤੀਜੇ ਟਾਂਗੇ ਵਾਲੇ ਨੂੰ ਕਿਹਾ ਤਾਂ ਉਸ ਦਸ ਰੁਪਏ ਮੰਗ ਲਏ । ਸੁ ਦੀਵਾਨ ਸਾਹਿਬ ਨੇ ਮੁੜ ਪਠਾਣ ਨੂੰ ਹੀ ਸੱਤ ਰੁਪਏ ਦੇਣੇ ਕਰ ਕੇ ਮਨਾ ਲਿਆ । ਬੜੀ ਮੁਸ਼ਕਲ ਨਾਲ ਰੋਂਦੇ ਧੋਂਦੇ ਰਾਤ ਦੇ ਨੌਂ ਵਜੇ ਘਰ ਦਾ ਮੂੰਹ ਵੇਖਿਆ ।

ਮੁਨੀਮ ਅਗੇ ਉਡੀਕ ਵਿਚ ਬੈਠਾ ਊਂਘਾਂ ਲੈ ਰਿਹਾ ਸੀ । ਉਸ ਨੇ ਦੀਵਾਨ ਸਾਹਿਬ ਨੂੰ ਕਿਹਾ ਕਿ ਪਹਿਲਾਂ ਮੂੰਹ ਹੱਥ ਧੋ ਕੇ ਕੁਝ ਖਾ ਪੀ ਲਉ ਉਹ ਫੇਰ ਦਿਨ ਭਰ ਦੀ ਹੱਡ-ਬੀਤੀ ਬਿਆਨ ਕਰੇਗਾ ।

ਬਾਹਰ ਟਾਂਗੇ ਵਾਲੇ ਨੇ ਆਪਣਾ ਰੌਲਾ ਪਾ ਦਿਤਾ ਕਿ ਛੇਤੀ ਕਿਰਾਏ ਦੇ ਪੈਸੇ ਦਿਉ ਤੇ ਉਹ ਤੁਰਦਾ ਹੋਵੇ । ਦੀਵਾਨ ਸਾਹਿਬ ਨੇ ਮੁਨੀਮ ਨੂੰ ਹੁਕਮ ਕੀਤਾ ਕਿ ਉਸ ਨੂੰ ਪੰਜ ਰੁਪਏ ਦੇ ਦਿਤੇ ਜਾਣ , ਵਧੇਰੇ ਕੁਝ ਨਹੀਂ ਦੇਣਾ ਤੇ ਕਹਿਣਾ ਜਾਂਦੀ ਵਾਰ ਜੁ ਤੂੰ ਪੰਜ ਲਏ ਸਨ ਹੁਣ ਸੱਤ ਕਿਹੜੇ ਨਾਂ ਦੇ ਦਿਤੇ ਜਾਣ ?

ਪਠਾਣ ਆਕੜ ਗਿਆ ਤੇ ਮੁਨੀਮ ਨੂੰ ਗਲੋਂ ਫੜ ਲਿਆ । ਤੇ ਰੌਲਾ



Digitized by Panjab Digital Library | www.panjabdigilib.org

ਪਾ ਕੇ ਸਾਰਾ ਮਹੱਲਾ ਇਕੱਠਾ ਕਰ ਲਿਆ। ਕਹਿਣ ਲਗਾ ਕਿ ਦੂਜੇ ਟਾਂਗੇ ਵਾਲੇ ਨੇ ਦਸ ਰੁਪਏ ਮੰਗੇ ਸਨ ਤੇ ਮੇਰੇ ਨਾਲ ਸੌ ਸੌ ਤਰਲਾ ਮਾਰ ਕੇ ਹੱਥ ਜੋੜ ਜੋੜ ਸੱਤ ਠਰ੍ਹਾਏ ਸਨ। ਹੁਣ ਮੈਨੂੰ ਪੰਜ ਦਸਣ ਦਾ ਕੀ ਮਤਲਬ ?

ਓੜਕ ਦੀਵਾਨ ਸਾਹਿਬ ਨੇ ਸੱਤੇ ਰੁਪਏ ਦੇ ਕੇ ਹੀ ਟਾਂਗੇ ਵਾਲੇ ਪਾਸੋਂ ਖਹਿੜਾ ਛੁਡਾਇਆ। ਜਦੋਂ ਖਾਣਾ ਖਾ ਚੁਕੇ ਤਾਂ ਹੁੱਕਾ ਮੰਗਵਾ ਭੇਜਿਆ। ਹੁੱਕਾ ਗੁੜਕਾਉਣਾ ਸ਼ੁਰੂ ਕਰ ਕੇ ਮੁਨੀਮ ਜੀ ਨਾਲ ਏਧਰ ਓਧਰ ਦੀਆਂ ਗੱਲਾਂ ਕਰਨ ਲਗ ਪਏ ਤੇ ਰਾਤ ਦੇ ੧੨ ਵਜੇ ਤਕ ਗੱਲਾਂ ਹੁੰਦੀਆਂ ਰਹੀਆਂ। ਫੇਰ ਮੁਨੀਮ ਜੀ ਨੂੰ ਪੁੱਛਣ ਲਗੇ ਕਿ ਥਾਣੇਦਾਰ ਨਾਲ ਕੀ ਨਿਬੜੀ ਏ ?

ਮੁਨੀਮ ਨੇ ਦਸਿਆ ਕਿ ਉਸ ਨੂੰ ਇਕ ਸੌ ਰੁਪਿਆ ਪੂਜ ਕੇ ਚਾਰ ਦਿਨ ਦੀ ਮੁਹਲਤ ਮੰਗਵੀਂ ਲਈ ਹੈ ਕਿ ਇਸ ਤੋਂ ਪਹਿਲਾਂ ਜ਼ਮਾਨਤ ਨਾ ਮੰਗੇ। ਇਹ ਗੱਲ ਸੁਣ ਕੇ ਦੀਵਾਨ ਸਾਹਿਬ ਦਾ ਭੱਠਾ ਹੀ ਬੈਠ ਗਿਆ। ਅਜੇ ਬਣਿਆ ਬਣਾਇਆ ਕੁਝ ਵੀ ਨਹੀਂ ਤੇ ਦੋ ਕੁ ਸੌ ਰੁਪਿਆ ਖੁਲ੍ਹ ਵੀ ਗਿਆ। ਹਉਕਾ ਲੈ ਕੇ ਲੇਟ ਗਏ ਤੇ ਮੁਨੀਮ ਨੂੰ ਸਵੇਰੇ ਆ ਜਾਣ ਦੀ ਪੱਕੀ ਕਰ ਦਿਤੀ। ਮੁਨੀਮ ਬੂਹੇ ਤੋਂ ਬਾਹਰ ਹੋਇਆ ਤਾਂ ਦੀਵਾਨ ਸਾਹਿਬ ਨੇ ਪਿਛੋਂ ਆਵਾਜ਼ ਦੇ ਕੇ ਫੇਰ ਆਖਿਆ "ਸਵੇਰੇ ਅੱਠ ਵਜੇ ਤੋਂ ਪਹਿਲਾਂ ਨਾ ਆਉਣਾ, ਅਤੇ ਜਿਹੜਾ ਮੈਂ ਕੰਮ ਆਖਿਆ ਹੈ ਕਰ ਕੇ ਹੀ ਆਉਣਾ।"

ਮੁਨੀਮ ਸਵੇਰੇ ਅੰਮ੍ਰਿਤ ਵੇਲੇ ਹੀ ਵੀਰ ਜੀ ਦੇ ਮਕਾਨ 'ਤੇ, ਵੀਰ ਜੀ ਦਾ ਨਾਮ ਲੈ ਲੈ ਟਾਹਰਾਂ ਮਾਰਨ ਲਗ ਗਿਆ। ਵੀਰ ਜੀ ਨੇ ਅੰਦਰ ਬਿਠਾ ਕੇ ਏਸ ਵੇਲੇ ਆਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੇ ਤਰਲੇ ਤੇ ਮਿੰਨਤਾਂ ਕਰਨ ਲਗ ਗਿਆ ਕਿ ਅਗੋਂ ਤੋਂ ਸਾਡੇ ਮੁਖ਼ਾਲਫ਼ਾਂ ਦਾ ਸਾਥ ਦੇਣਾ ਛੱਡ ਦਿਓ। ਵੀਰ ਜੀ ਨੇ ਕਿਹਾ ਕਿ ਸਿੱਖ ਦਾ ਧਰਮ ਨਹੀਂ ਜੁ ਕਿਸੇ ਦੀ ਬਾਂਹ ਫੜੇ ਤੇ ਫੇਰ ਭੀੜ ਬਣੀ 'ਤੇ ਛੱਡ ਦੇਵੇ।

ਨਾਲ ਹੀ ਕ੍ਰੋਧ ਨਾਲ ਕਿਹਾ ਕਿ "ਇਹੋ ਜੇਹੀ ਗੱਲ ਮੁੜ ਕੇ ਮੈਨੂੰ ਕਦੀ ਨਾ ਕਹਿਣੀ।" ਮੁਨੀਮ ਨੇ ਕਿਹਾ ਕਿ ਦੀਵਾਨ ਜੀ ਦੀ ਇੱਜ਼ਤ ਵੀ ਹੁਣ ਤੁਹਾਡੇ ਹੀ ਹੱਥ ਹੈ। ਮੱਕੜਾਂ ਦਾ ਜੋ ਅਜ ਤਕ ਖ਼ਰਚਾ ਹੋਇਆ ਹੈ ਉਹ ਵੀ ਦੀਵਾਨ ਸਾਹਿਬ ਪਾਸੋਂ ਉਨ੍ਹਾਂ ਨੂੰ ਦਵਾ ਦਿਊ ਤੇ ਜੋ ਜ਼ਮੀਨ ਦਾ ਮੁੱਲ ਬਣਦਾ ਹੈ ਉਹ



Digitized by Panjab Digital Library | www.panjabdigilib.org

ਵੀ ਉਨ੍ਹਾਂ ਨੂੰ ਦਵਾ ਦਿਉ ਤੇ ਜ਼ਮੀਨ ਦੀਵਾਨ ਸਾਹਿਬ ਨੂੰ ਵਾਪਸ ਕਰਵਾ ਦਿਉ। ਦੀਵਾਨ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਦੀ ਇੱਜ਼ਤ ਤਦੇ ਹੀ ਰਹਿੰਦੀ ਹੈ। ਇਸ ਦੇ ਉੱਤਰ ਵਿਚ ਵੀਰ ਜੀ ਨੇ ਕਿਹਾ ਕਿ ਉਹ ਕਿਰਾੜ ਨਹੀਂ ਹੈ ਜੋ ਪੈਸੇ ਦੀ ਖ਼ਾਤਰ ਦੋਸਤ ਨੂੰ ਵੇਚ ਦੇਵੇ।

ਉਨ੍ਹਾਂ ਨੇ ਮੁਨੀਮ ਨੂੰ ਫੇਰ ਜਿਤਾ ਦਿਤਾ ਕਿ "ਏਸ ਮਾਮਲੇ ਵਿਚ ਮੇਰੇ ਨਾਲ ਹੋਰ ਸਿਰ ਦਰਦੀ ਕਰਨੀ ਫ਼ਜ਼ੂਲ ਹੈ, ਇਨ੍ਹਾਂ ਤਿਲਾਂ ਵਿਚ ਤੇਲ ਕੋਈ ਨਹੀਂ। ਦੀਵਾਨ ਸਾਹਿਬ ਨੇ ਨਾ ਕੇਵਲ ਮੈਨੂੰ ਹੀ ਚੈਲੰਜ ਕੀਤਾ ਹੈ, ਸਗੋਂ ਉਸ ਨੇ ਮੇਰੇ ਗੁਰੂ ਜੀ ਦੀ ਸ਼ਾਨ ਵਿਚ ਵੀ ਬੜੇ ਅਯੋਗ ਸ਼ਬਦ ਵਰਤੇ ਹਨ। ਪਤਾ ਨਹੀਂ ਉਸ ਨੂੰ ਇਹ ਹੌਸਲਾ ਕਿਸ ਬਲਬੋਤੇ 'ਤੇ ਪੈ ਗਿਆ ਸੀ।"

"ਮੈਂ ਉਸ ਦੀ ਏਸ ਜ਼ਬਾਨ ਦਰਾਜ਼ੀ ਤੇ ਸਤਿਗੁਰਾਂ ਦੀ ਨਿਰਾਦਰੀ ਦਾ ਬਦਲਾ ਕਿਸੇ ਮੁਨਾਸਬ ਸਮੇਂ ਲੈ ਕੇ ਹੀ ਛੱਡਾਂਗਾ।" ਮੁਨੀਮ ਨੇ ਦੀਵਾਨ ਸਾਹਿਬ ਨੂੰ ਸਾਰਾ ਹਾਲ ਕਹਿ ਸੁਣਾਇਆ।

ਓਧਰ ਵੀਰ ਜੀ ਨੂੰ ਫ਼ਿਕਰ ਲਗ ਗਿਆ ਕਿ ਕਿਤੇ ਰੁਪਏ ਦੇ ਲਾਲਚ ਵਿਚ ਆ ਕੇ ਮੱਕੜ ਦੀਵਾਨ ਜੀ ਨਾਲ ਆਪੇ ਹੀ ਕੋਈ ਫ਼ੈਸਲਾ ਬਾਲਾ ਬਾਲਾ ਨਾ ਕਰ ਲੈਣ। ਉਨ੍ਹਾਂ ਨੇ ਸ: ਈਸ਼ਰ ਸਿੰਘ ਮੱਕੜ ਨੂੰ ਗੁਰਦੁਆਰੇ ਲਿਜਾ ਕੇ ਮਹਾਰਾਜ ਦੀ ਹਜ਼ੂਰੀ ਵਿਚ ਸਹੁੰ ਉਠਵਾਈ ਕਿ ਉਹ ਦੀਵਾਨ ਸਾਹਿਬ ਨਾਲ ਕਿਸੇ ਵੀ ਸ਼ਰਤ 'ਤੇ ਰਾਜ਼ੀਨਾਵਾਂ ਨਹੀਂ ਕਰਨਗੇ। ਮੇਰੇ ਵੀਰ ਨੇ ਉਨ੍ਹਾਂ ਨੂੰ ਸਮਝਾਇਆ ਕਿ ਜਿਹੜਾ ਤੁਹਾਡਾ ਖ਼ਰਚ ਹੋਣਾ ਸੀ ਸੋ ਹੋ ਚੁੱਕਾ ਹੈ। ਆਬਾਦੀ ਦੇ ਅਫ਼ਸਰ ਦੀਵਾਨ ਦਾ ਕੁਝ ਬਣਾ ਨਹੀਂ ਰਹੇ।

ਤਹਿਸੀਲਦਾਰ ਮੌਕਿਆ ਮੁਲਾਹਜ਼ਾ ਕਰ ਕੇ ਉਸ ਦੇ ਖ਼ਿਲਾਫ਼ ਹੀ ਰਪੋਟ ਕਰੇਗਾ ਕਿਉਂਕਿ ਉਸ ਦੇ ਪਾਸ ਜ਼ਮੀਨ ਪੂਰੀ ਹੈ। ਅਸਾਂ ਕੇਵਲ ਓਨੀ ਹੀ ਜ਼ਮੀਨ ਮੱਲੀ ਹੈ ਜਿੰਨੀ ਉਤੇ ਉਸ ਨੇ ਨਾ-ਜਾਇਜ਼ ਕਬਜ਼ਾ ਜਮਾ ਲਿਆ ਹੋਇਆ ਸੀ। ਨਾਲੇ ਉਸ ਨੇ ਬਹੁਤ ਸਾਰੇ ਬੰਦਿਆਂ ਦੇ ਰੂਬਰੂ ਤਹਿਸੀਲਦਾਰ ਨੂੰ 'ਮੇਰਾ ਚੇਲਾ' ਕਿਹਾ ਸੀ, ਜਿਸ ਦੀ ਖ਼ਬਰ ਉਸ ਨੂੰ ਲੱਗ ਚੁੱਕੀ ਹੋਈ ਹੈ ਤੇ ਦੀਵਾਨੀ ਅਦਾਲਤ ਵਿਚ ਉਸ ਨੇ ਜਾਣਾ ਹੀ ਨਹੀਂ। ਕਿਉਂਕਿ ਜਿੰਨੇ ਵਕੀਲਾਂ ਨਾਲ ਉਸ ਨੇ ਸਲਾਹ ਕੀਤੀ ਹੈ, ਸਾਰਿਆਂ ਨੇ ਇਹੋ ਮਸ਼ਵਰਾ ਦਿਤਾ ਹੈ ਕਿ ਆਬਾਦੀ ਵਾਲਿਆਂ



Digitized by Panjab Digital Library | www.panjabdigilib.org

ਜਾਂ ਪੁਲੀਸ ਵਲੋਂ ਜ਼ੋਰ ਪਵਾ ਕੇ ਜੇ ਜ਼ਮੀਨ ਲੈ ਲਵੇਂ ਤਾਂ ਲੈ ਲਵੇਂ ਨਹੀਂ ਤਾਂ ਦੀਵਾਨੀ ਵਾਲੇ ਉਸ ਨੂੰ ਕੁਝ ਵੀ ਨਹੀਂ ਦਵਾਉਣ ਲਗੇ।

ਇਹ ਗੱਲ ਨਿਬੜੀ ਤਾਂ ਵੀਰ ਜੀ ਫੇਰ ਸਿਟੀ ਸਬ ਇੰਸਪੈਕਟਰ ਨੂੰ ਜਾ ਮਿਲੇ। ਓਸ ਕਿਹਾ ਕਿ ਉਸ ਨੇ ਕੇਵਲ ਚਾਰ ਦਿਨ ਜ਼ਮਾਨਤ ਨਾ ਲੈਣ ਦੇ ਇਵਜ਼ਾਨੇ ਵਿਚ ਸਬਜ਼ਾ (ਸੌ ਰੁਪਏ ਦਾ ਨੋਟ) ਲਿਆ ਹੈ। ਮੌਕਿਆ 'ਤੇ ਪੁਲੀਸ ਦਾ ਪਹਿਰਾ ਬ-ਦਸਤੂਰ ਕਾਇਮ ਰਹੇਗਾ। ਫੇਰ ਵੀਰ ਜੀ ਤਹਿਸੀਲਦਾਰ ਸਾਹਿਬ ਪਾਸ ਉਸ ਦੇ ਘਰ ਚਲੇ ਗਏ। ਇਨ੍ਹਾਂ ਨੂੰ ਕਚਹਿਰੀ ਜਾਣ ਤੋਂ ਪਹਿਲਾਂ ਸਾਰਾ ਮਾਮਲਾ ਸਮਝਾ ਬੁਝਾ ਆਏ। ਏਹ ਸਾਰੇ ਬੰਦੋਬਸਤ ਕਰ ਲੈਣ ਦੇ ਮਗਰੋਂ ਆਪ ਆਪਣੇ ਬਾਗਾਂ ਤੇ ਕੋਠੀ ਵਲ ਫੇਰਾ ਮਾਰਨ ਚਲੇ ਗਏ।

ਥਾਣੇ ਪਾਸੋਂ ਜ਼ਮਾਨਤ ਦੀ ਮੁਹਲਤ ਦੇ ਚਾਰ ਦਿਨ ਵੀ ਬੀਤ ਗਏ। ਉਧਰ ਦੀਵਾਨ ਸਾਹਿਬ ਦੀ ਦਰਖ਼ਾਸਤ ਤਹਿਸੀਲਦਾਰ ਸਾਹਿਬ ਪਾਸ ਵੀ ਪਹੁੰਚ ਗਈ। ਕੰਧ ਤੋਂ ਸਿੰਘਾਂ ਦਾ ਪਹਿਰਾ ਤਾਂ ਪਹਿਲੋਂ ਹੀ ਹਟਾ ਲਿਆ ਗਿਆ ਸੀ। ਪਰ ਫੇਰ ਵੀ ਪੰਜ ਚਾਰ ਸਿੰਘ ਹਰ ਵੇਲੇ ਹੱਥ ਹੇਠ ਰਹਿੰਦੇ ਸਨ, ਤਾਂ ਜੁ ਬੰਦਿਆਂ ਦੀ ਲੋੜ ਪੈਣ 'ਤੇ ਲਭਣੇ ਨ ਪੈਣ ਤੇ ਉਹ ਆਪਣੇ ਪਾਸ ਹੀ ਮੌਜੂਦ ਹੋਣ।

ਦੀਵਾਨ ਸਾਹਿਬ ਨੇ ਤਹਿਸੀਲਦਾਰ ਸਾਹਿਬ ਪਾਸ ਬੜੀਆਂ ਹੀ ਸਫ਼ਾਰਸ਼ਾਂ ਪਹੁੰਚਾਈਆਂ, ਪਰ ਓਸ ਨੇ ਇਕ ਨ ਮੰਨੀ। ਤਹਿਸੀਲਦਾਰ ਨੇ ਪਟਵਾਰੀ ਨੂੰ ਬੁਲਾ ਲਿਆ। ਉਸ ਪਾਸੋਂ ਮਹਿਕਮਾ ਆਬਾਦਕਾਰੀ ਦੇ ਸਾਰੇ ਹੀ ਪੁਰਾਣੇ ਕਾਗ਼ਜ਼ ਮੰਗਵਾ ਲਏ ਤੇ ਉਨ੍ਹਾਂ ਕਾਗ਼ਜ਼ਾਂ ਦੇ ਮੁਤਾਬਕ ਪੈਮਾਇਸ਼ ਕਰ ਕੇ ਨਕਸ਼ਾ ਤਿਆਰ ਕਰਵਾ ਲਿਆ ਤੇ ਉਸ ਨਕਸ਼ੇ ਦੇ ਨਾਲ ਆਪਣੀ ਵਲੋਂ ਰਪੋਟ ਲਿਖੀ ਕਿ "ਦੀਵਾਨ ਹਕੂਮਤ ਰਾਇ ਨੂੰ ਜਿੰਨੀ ਜ਼ਮੀਨ ਬਾਗ਼ ਵਾਸਤੇ ਸਰਕਾਰ ਵਲੋਂ ਦਿਤੀ ਗਈ ਸੀ ਓਨੀ ਹੀ ਜ਼ਮੀਨ ਉਸ ਦੇ ਕਬਜ਼ੇ ਵਿਚ ਮੌਜੂਦ ਹੈ।" ਤੇ ਦਰਖ਼ਾਸਤ ਤੇ ਨਕਸ਼ਾ ਨਥੀ ਕਰ ਕੇ ਮਹਿਕਮਾ ਆਬਾਦਕਾਰੀ ਦੇ ਸਾਹਿਬ ਬਹਾਦਰ ਪਾਸ ਭੇਜ ਦਿਤੇ।

ਉਸ ਨੇ ਦੀਵਾਨ ਸਾਹਿਬ ਦੀ ਦਰਖ਼ਾਸਤ ਖ਼ਾਰਜ ਕਰ ਦਿਤੀ ਤੇ ਦੀਵਾਨੀ ਅਦਾਲਤ ਵਿਚ ਚਾਰਾ ਜੋਈ ਕਰਨ ਵਾਸਤੇ ਹੁਕਮ ਲਿਖ ਦਿਤਾ। ਪੁਲੀਸ ਵਾਲਿਆਂ ਦੀ ਰਪੋਟ ਮੁਤਾਬਕ ਜਦ ਜ਼ਮਾਨਤ ਦੀ ਕਾਰਵਾਈ ਹੋਣ ਦਾ ਵੇਲਾ



Digitized by Panjab Digital Library | www.panjabdigilib.org

ਆ ਗਿਆ ਤਾਂ ਦੀਵਾਨ ਸਾਹਿਬ ਨੇ ਲਿਖਤੀ ਬਿਆਨ ਅਦਾਲਤ ਵਿਚ ਜਾ ਦਾਖ਼ਲ ਕੀਤਾ ਕਿ "ਉਹ ਅਗੋਂ ਤੋਂ ਜ਼ਮੀਨ ਉਪਰ ਜ਼ਬਰਦਸਤੀ ਕਬਜ਼ਾ ਕਰਨ ਦੀ ਕੋਈ ਕੋਸ਼ਸ਼ ਨਹੀਂ ਕਰੇਗਾ। ਤਹਿਸੀਲਦਾਰ ਸਾਹਿਬ ਦੀ ਰਪੋਟ ਮੁਤਾਬਕ ਜਿਥੇ ਹਦ ਬਸਤ ਦੀ ਦੀਵਾਰ ਮੱਕੜਾਂ ਦੀ ਖੜੀ ਕੀਤੀ ਹੋਈ ਹੈ ਇਹ ਏਥੇ ਹੀ ਖੜੀ ਰਹੇਗੀ ਤੇ ਉਸ ਨੇ ਆਇੰਦਾ ਜੋ ਕਾਰਵਾਈ ਕਰਨੀ ਹੋਵੇਗੀ ਦੀਵਾਨੀ ਅਦਾਲਤ ਰਾਹੀਂ ਕਰੇਗਾ।"

ਇਹ ਦਰਖ਼ਾਸਤ ਗੁਜ਼ਰ ਜਾਣ ਮਗਰੋਂ ਜ਼ਮਾਨਤ ਦੀ ਕਾਰਵਾਈ ਆਪਣੇ ਆਪ ਹੀ ਬੰਦ ਹੋ ਗਈ।

ਦੀਵਾਨੀ ਅਦਾਲਤ ਵਿਚ ਭਲਾ ਕਿੰਨ ਜਾਣਾ ਸੀ ਤੇ ਕੀਹਦੀਆਂ ਗੱਲਾਂ ? ਇਹ ਗੱਲ ਤਾਂ ਕੇਵਲ ਵੇਲੇ ਦੇ ਹਾਲਾਤ ਮੁਤਾਬਕ ਸਰਕਾਰੇ ਦਰਬਾਰੇ ਆਪਣੀ ਮੁਛ ਖੜੀ ਰਖਣ ਦੇ ਵਿਚਾਰ ਨੂੰ ਮੁਖ ਰਖ ਕੇ ਹੀ ਦਰਖ਼ਾਸਤ ਵਿਚ ਲਿਖੀ ਗਈ ਸੀ।

ਸੁ ਮੁਕੱਦਮੇ ਵਿਚ ਦੀਵਾਨ ਸਾਹਿਬ ਨੇ ਮੂੰਹ ਦੀ ਖਾ ਜਾਣ ਮਗਰੋਂ ਇਕ ਦਿਨ ਚੁੱਪ ਕਰ ਕੇ ਅੰਦਰ ਖਾਤੇ ਹੀ ਵੀਰ ਜੀ ਪਾਸੋਂ ਮਾਫ਼ੀ ਮੰਗ ਲਈ ਤੇ ਆਪਣੀ ਗ਼ਲਤੀ 'ਤੇ ਪਸਚਾਤਾਪ ਪ੍ਰਗਟ ਕਰ ਦਿਤਾ। ਕਿਉਂਕਿ ਉਸ ਨੂੰ ਪਤਾ ਲਗ ਗਿਆ ਸੀ ਕਿ ਜੋ ਸ਼ਬਦ ਮੈਂ ਵੀਰ ਜੀ ਨੂੰ ਗੁਰੂ ਮਹਾਰਾਜ ਦੀ ਸ਼ਾਨ ਵਿਚ ਬੇ-ਅਦਬੀ ਤੇ ਗੁਸਤਾਖ਼ੀ ਦੇ ਕਹੇ ਸਨ ਵੀਰ ਜੀ ਉਸ ਦਾ ਬਦਲਾ ਚੁਕਾਉਣ ਲਈ ਕੋਈ ਭਿਆਨਕ ਕਦਮ ਉਠਾਉਣ ਦੀਆਂ ਤਿਆਰੀਆਂ ਵਿਚ ਜੁਟ ਪਏ ਹਨ।



Digitized by Panjab Digital Library | www.panjabdigilib.org

# ਵੀਰ ਜੀ ਦੀ ਸੀਨਾ-ਜ਼ੋਰੀ

ਮੇਰੇ ਵੀਰ ਜੀ ਦੀ ਇਕ ਕੋਠੀ ਸਰਗੋਧੇ ਸਿਵਲ ਸਟੇਸ਼ਨ ਉਪਰ ਵੀ ਹੁੰਦੀ ਸੀ। ਏਸ ਕੋਠੀ ਦੀ ਇਕ ਬਾਹੀ ਜ਼ਿਲਾ ਸ਼ਾਹਪੁਰ ਵਿਚ ਮਿਥੇ ਹੋਏ ਚੋਟੀ ਦੇ ਵਕੀਲ ਦੀ ਕੋਠੀ ਨਾਲ ਲਗਦੀ ਸੀ। ਵਕੀਲ ਸਾਹਿਬ ਨੇ ਆਪਣੀ ਹੱਦ ਉਪਰ ਐਵੇਂ ਸ਼ੌਕੀਆ ਹੀ ਟਾਹਲੀਆਂ ਲਗਾ ਰਖੀਆਂ ਸਨ। ਵਕੀਲ ਸਾਹਿਬ ਨੂੰ ਨਾ ਤਾਂ ਬਾਗ਼ ਬਗ਼ੀਚਾ ਲਗਾਉਣ ਦਾ ਕੋਈ ਸ਼ੌਕ ਸੀ ਅਤੇ ਨਾ ਉਨ੍ਹਾਂ ਨੂੰ ਮਮੂਲੀ ਮਮੂਲੀ ਗੱਲਾਂ ਵਲ ਧਿਆਨ ਦੇਣ ਦਾ ਕੋਈ ਵਿਹਲ ਹੀ ਸੀ।

ਏਧਰ ਵੀਰ ਜੀ ਨੇ ਆਪਣੀ ਕੋਠੀ ਵਿਚ ਬਾਗ਼ ਲਗਾ ਰਖਿਆ ਸੀ। ਤੇ ਟਾਹਲੀਆਂ ਦੀ ਛਾਂ ਇਨ੍ਹਾਂ ਬੂਟਿਆਂ ਨੂੰ ਪਲ੍ਰਨ ਨਹੀਂ ਸੀ ਦੇਂਦੀ। ਉਨ੍ਹਾਂ ਨੇ ਹਮਸਾਇਗੀ ਦੇ ਤੌਰ ਵਕੀਲ ਸਾਹਿਬ ਦਾ ਕਈ ਵਾਰ ਏਸ ਪਾਸੇ ਧਿਆਨ ਦਵਾਇਆ ਤੇ ਮਿੰਨਤਾਂ ਵੀ ਕੀਤੀਆਂ ਕਿ ਇਨ੍ਹਾਂ ਟਾਹਲੀਆਂ ਨੂੰ ਕਟਾ ਕੇ ਇਨ੍ਹਾਂ ਦੀ ਥਾਂ ਫ਼ਲਦਾਰ ਬੂਟੇ ਲਗਾ ਲਏ ਜਾਣ।

ਵੀਰ ਜੀ ਨੇ ਇਹ ਵੀ ਆਖਿਆ ਕਿ ਟਾਹਲੀਆਂ ਨੂੰ ਕਟਾਉਣ ਅਤੇ ਨਵੇਂ ਫਲਦਾਰ ਬੂਟੇ ਲਗਾਉਣ 'ਤੇ ਜੋ ਵੀ ਖ਼ਰਚ ਆਵੇ ਉਹ ਆਪਣੇ ਪਲਿਉਂ ਕਰ ਦੇਣਗੇ। ਪਰ ਵਕੀਲ ਸਾਹਿਬ ਨੇ ਇਕ ਨਾ ਮੰਨੀ ਤੇ ਕਹਿ ਛਡਿਆ ਕਹਨ, "ਕਾਕਾ ! ਲਗੇ ਹੋਏ ਬ੍ਰਿੱਛ ਵੱਢੀ ਦੇ ਨਹੀਂ ਹੁੰਦੇ।"

ਵੀਰ ਜੀ ਨੇ ਵੀ ਪੱਕਾ ਇਰਾਦਾ ਕਰ ਲਿਆ ਕਿ ਇਹ ਟਾਹਲੀਆਂ ਵੱਢ ਜ਼ਰੂਰ ਛਡਣੀਆਂ ਹਨ। ਏਸ ਕੰਮ ਨੂੰ ਨਿਰਵਿਘਨ ਪੂਰਾ ਕਰਨ ਵਾਸਤੇ ਇਕ ਦੋ



Digitized by Panjab Digital Library | www.panjabdigilib.org

ਸੱਜਣਾਂ ਮਿੱਤਰਾਂ ਨਾਲ ਪੱਕੀ ਸਲਾਹ ਕਰ ਲਈ। ਸੁ ਜਦੋਂ ਵਕੀਲ ਸਾਹਿਬ ਗਰਮੀਆਂ ਕੱਟਣ ਵਾਸਤੇ ਪਹਾੜ ਗਏ ਹੋਏ ਸਨ, ਉਸ ਦੀ ਗ਼ੈਰ-ਹਾਜ਼ਰੀ ਤੋਂ ਫ਼ਾਇਦਾ ਉਠਾਂਦਿਆਂ ਹੋਇਆਂ ਆਪੇ ਹੀ ਸਾਰੀਆਂ ਟਾਹਲੀਆਂ ਵਢਵਾ ਸੁੱਟੀਆਂ। ਵਕੀਲ ਸਾਹਿਬ ਦੇ ਮੁਨਸ਼ੀ ਨੇ ਉਨ੍ਹਾਂ ਨੂੰ ਤਾਰ ਖੜਕਾ ਕੇ ਮੰਗਵਾ ਲਿਆ।

ਵਕੀਲ ਸਾਹਿਬ ਨੇ ਵਢੀਆਂ ਹੋਈਆਂ ਟਾਹਲੀਆਂ ਵੇਖ ਕੇ ਬੜਾ ਹੀ ਵਟ ਖਾਧਾ। ਜੋ ਖਾਣਾ ਚਾਹੀਦਾ ਹੀ ਸੀ। ਸੁ ਉਨ੍ਹਾਂ ਨੇ ਫ਼ੌਜਦਾਰੀ ਦਾਅਵਾ ਕਰ ਕੇ ਵੀਰ ਜੀ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਕਰਵਾ ਦਿਤੇ। ਇਹ ਵਕੀਲ ਸਾਹਿਬ ਕੋਈ ਮਾਮੂਲੀ ਹਸਤੀ ਦੇ ਮਾਲਕ ਨਹੀਂ ਸਨ। ਨਿਰੇ ਜ਼ਿਲਾ ਸ਼ਾਹਪੁਰ ਦੇ ਹੀ ਮੰਨੇ ਪਰਮੰਨੇ ਤੇ ਸਿਰਕਢ ਵਕੀਲ ਨਹੀਂ ਸਨ ਬਲਕਿ ਸਾਰੇ ਪੰਜਾਬ ਦੇ ਵਕੀਲਾਂ ਅੰਦਰ ਸਤਿਕਾਰੇ ਜਾਂਦੇ ਸਨ। ਜਾਇਦਾਦ ਤੇ ਮਾਲੀ ਹੈਸੀਅਤ ਨਾਲ ਵੀ ਉਨ੍ਹਾਂ ਦੀ ਗਿਣਤੀ ਜ਼ਿਲੇ ਭਰ ਦੇ ਵਡੇ ਵਡੇ ਰਈਸਾਂ ਵਿਚ ਕੀਤੀ ਜਾਂਦੀ ਸੀ।

ਹਾਈਕੋਰਟ ਤਕ ਸਾਰੀਆਂ ਹੀ ਅਦਾਲਤਾਂ ਅੰਦਰ ਵੱਡਾ ਭਾਰੀ ਅਸਰ ਰਸੂਖ਼ ਰਖਣ ਤੋਂ ਛੁੱਟ ਉਨ੍ਹਾਂ ਦੇ ਸਾਡੇ ਟੱਬਰ ਉਪਰ ਬਹੁਤ ਸਾਰੇ ਅਹਿਸਾਨ ਵੀ ਸਨ। ਮੈਨੂੰ ਜਦ ਏਸ ਵਾਕਏ ਦਾ ਪਤਾ ਲਗਾ ਮੈਂ ਵੀ ਦਿਲ ਹੀ ਦਿਲ ਵਿਚ ਬੜਾ ਹੀ ਕ੍ਰਿਝਿਆ ਕਿ ਵੀਰ ਜੀ ਨੇ ਗਵਾਂਢ ਮੱਥੇ ਨਾਲ ਇਹ ਕੀ ਸੀਨਾ-ਜ਼ੋਰੀ ਕੀਤੀ ਹੈ। ਇਸ ਤੋਂ ਪਹਿਲੇ ਵੀ ਮੈਂ ਵੀਰ ਜੀ ਦੀਆਂ ਵਧੀਕੀਆਂ ਤੋਂ ਤੰਗ ਆਇਆ ਹੋਇਆ ਸੀ। ਹੁਣ ਮੇਰੇ ਵਾਸਤੇ ਉਨ੍ਹਾਂ ਦੀ ਇਹ ਗਵਾਂਢ ਮੱਥੇ ਨਾਲ ਤੇ ਫੇਰ ਜਿਹਦੇ ਸਾਡੇ ਉਪਰ ਕਈ ਅਹਿਸਾਨ ਵੀ ਹੋਣ ਉਸ ਨਾਲ ਹਿਕ ਦਾ ਧੱਕਾ ਵਰਤਿਆ ਜਾਣਾ "Last Straw breaks the Camel's back" (ਆਖ਼ਰੀ ਤਿਨਕਾ ਊਠ ਦਾ ਵੀ ਲੱਕ ਤੋੜ ਦੇਂਦਾ ਹੈ) ਦੀ ਅੰਗਰੇਜ਼ੀ ਕਹਾਵਤ ਅਨੁਸਾਰ ਇਕ ਅਸਹਿ ਮਾਮਲਾ ਸੀ। ਪਰ ਵੀਰ ਹੋਣ ਦੇ ਨਾਤੇ ਪਿਛੇ ਵੀ ਨਾ ਹਟਿਆ ਰਹਿ ਹੋਇਆ, ਭਾਵੇਂ ਮੈਂ ਦਿਲ ਵਿਚ ਫ਼ੈਸਲਾ ਕਰੀ ਬੈਠਾ ਸੀ ਕਿ ਵੀਰ ਜੀ ਨਾਲੋਂ ਕਤੱਈ ਅਲਹਿਦਗੀ ਅਖ਼ਤਿਆਰ ਕਰ ਲਵਾਂ, ਪਰ ਹੁਣ ਮੈਂ ਪਿਛਲੀਆਂ ਸਾਰੀਆਂ ਗੱਲਾਂ ਨੂੰ ਗਵਾ ਕੇ ਵੀਰ ਜੀ ਦੀ ਏਸ ਮੁਸੀਬਤ ਵਿਚ ਸਹਾਇਤਾ ਨੂੰ ਬਹੁੜਨਾ ਆਪਣਾ ਖ਼ਾਨਦਾਨੀ ਤੇ ਅਖ਼ਲਾਕੀ ਫ਼ਰਜ਼ ਸਮਝ ਲਿਆ।

ਮੈਂ ਵਕੀਲ ਸਾਹਿਬ ਨੂੰ ਮਿਲਿਆ ਤੇ ਮਾਮਲਾ ਨਜਿੱਠਣ ਲਈ ਸਿਰੋਂ ਪਰੇ



Digitized by Panjab Digital Library | www.panjabdigilib.org

ਯਤਨ ਕੀਤਾ, ਪਰ ਵਕੀਲ ਸਾਹਿਬ ਬਹੁਤ ਹੀ ਭੱਖੇ ਹੋਏ ਸਨ। ਹੋਰ ਵੀ ਕਈ ਸਾਂਝੇ ਸੱਜਣਾਂ ਮਿੱਤਰਾਂ ਪਾਸੋਂ ਵਕੀਲ ਸਾਹਿਬ ਉਪਰ ਅਸਰ ਪਵਾਉਣ ਦੀ ਟਿਲ ਲਗਾ ਹਾਰਿਆ, ਪਰ ਸਫ਼ਲਤਾ ਕੋਈ ਪ੍ਰਾਪਤ ਨਾ ਹੋਈ। ਕਿਉਂਕਿ ਵੀਰ ਜੀ ਦੇ ਦੁਸ਼ਮਣਾਂ ਲਈ ਵੀ ਵੇਲਾ ਇਹੋ ਸੀ। ਉਨ੍ਹਾਂ ਨੇ ਵੀ ਇਕ ਇਕ ਨੇ ਜਾ ਕੇ ਵਕੀਲ ਸਾਹਿਬ ਨੂੰ ਹੋਰ ਸੀਖਿਆ। ਇਹੋ ਜਹੇ ਮੌਕਿਆਂ 'ਤੇ ਉਂਜ ਵੀ ਭੜਕਾਉਣ ਵਾਲੇ ਬਹੁਤ ਹੋਇਆ ਕਰਦੇ ਹਨ ਤੇ ਰਸਾਈ ਕਰਵਾਉਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ।

ਵੀਰ ਜੀ ਨੇ ਵੀ ਸੋਚਿਆ ਹੋਵੇਗਾ ਕਿ ਆਖ਼ਰ ਮਾਮਲਾ ਕਿਸੇ ਨਾ ਕਿਸੇ ਸੂਰਤ ਨਜਿੱਠਿਆ ਹੀ ਜਾਣਾ ਹੈ। ਕਈ ਦਿਨ ਏਧਰ ਓਧਰ ਲੁਕਦੇ ਫਿਰਦੇ ਰਹੇ। ਪੁਲੀਸ ਵਾਸਤੇ ਵੀ ਤਕੜੀ ਮੁਸੀਬਤ ਖੜੀ ਹੋ ਗਈ। ਅਗੇ ਅੱਗ ਤੇ ਪਿਛੇ ਸਮੁੰਦਰ। ਇਕ ਪਾਸੇ ਸਰਦਾਰ ਰਾਜ ਸਿੰਘ ਤੇ ਦੂਜੇ ਪਾਸੇ ਵਕੀਲ ਸਾਹਿਬ।

ਮੁਕੱਦਮਾ ਮਿਸਟਰ ਬਰਾਡਵੇ, ਆਨਰੇਰੀ ਮੈਜਿਸਟਰੇਟ ਦਰਜਾ ਅੱਵਲ ਦੀ ਅਦਾਲਤ ਵਿਚ ਸੀ। ਇਹ ਵੀ ਖ਼ੁਸ਼ਕਿਸਮਤੀ ਦੀ ਗੱਲ ਸੀ ਕਿ ਮੇਰੇ ਵੀਰ ਜੀ ਦਾ ਜ਼ਾਤੀ ਤੌਰ 'ਤੇ ਚਾਰ ਚੁਫ਼ੇਰੇ ਹੀ ਬੜਾ ਅਸਰ ਰਸੂਖ਼ ਸੀ। ਬਰਾਡਵੇ ਸਾਹਿਬ ਦੇ ਟੱਬਰ ਵਿਚ ਘਰ ਦੇ ਜੀਆਂ ਵਾਂਗ ਘੁਲੇ ਮਿਲੇ ਹੋਏ ਸਨ।

ਦੂਜੇ ਸਰਦਾਰ ਬਹਾਦਰ ਕਰਤਾਰ ਸਿੰਘ ਨਾਲੋਂ ਸਰਕਾਰੇ ਦਰਬਾਰੇ ਕਿਸੇ ਦਾ ਵੀ ਵਧੇਰੇ ਅਸਰ ਰਸੂਖ਼ ਨਹੀਂ ਸੀ। ਉਸ ਨੇ ਬਰਾਡਵੇ ਸਾਹਿਬ ਨੂੰ ਜਾ ਫੜਿਆ ਤੇ ਉਸ ਦੀ ਕੋਠੀਓਂ ਤਦ ਤਕ ਪੈਰ ਬਾਹਰ ਨਾ ਪਾਇਆ, ਜਦ ਤਕ ਉਸ ਪਾਸੋਂ ਬਚਨ ਨਾ ਲੈ ਲਿਆ ਕਿ ਉਹ ਦੋਹਾਂ ਧਿਰਾਂ ਦਾ ਰਾਜ਼ੀਨਾਵਾਂ ਕਰਵਾ ਦੇਵੇਗਾ। ਏਥੋਂ ਹਟ ਕੇ ਉਹ ਵਕੀਲ ਸਾਹਿਬ ਪਾਸ ਵੀ ਗਏ ਤੇ ਉਨ੍ਹਾਂ ਉਪਰ ਵੀ ਬਹੁਤ ਸਾਰਾ ਜ਼ੋਰ ਪਾਇਆ ਤੇ ਰਾਜ਼ੀਨਾਵਾਂ ਕਰ ਲੈਣ ਵਾਸਤੇ ਬੇਹੱਦ ਪ੍ਰੇਰਨਾ ਕੀਤੀ। ਵਕੀਲ ਸਾਹਿਬ ਦੀ ਸ਼ਾਨ ਵਿਚ ਮੇਰੇ ਮੂੰਹੋਂ ਵੀ ਕੁਝ ਕੁਹਜੇ ਤੇ ਅਯੋਗ ਸ਼ਬਦ ਨਿਕਲ ਗਏ।

ਮੈਂ ਕਿਤੇ ਗ਼ੁੱਸੇ ਵਿਚ ਆ ਕੇ ਕਹਿ ਬੈਠਾ ਕਿ "ਮੈਂ ਬੜੀਆਂ ਮਿੰਨਤਾਂ ਕਰ ਹਾਰਿਆ ਹਾਂ। ਪਸਚਾਤਾਪ ਦਾ ਇਜ਼ਹਾਰ ਵੀ ਕਰ ਬੈਠਾਂ ਹਾਂ। ਆਪਣੇ ਵਲੋਂ ਮਨਾਉਣ ਦੀ ਕੋਈ ਕਸਰ ਨਹੀਂ ਛਡੀ। ਜੇ ਵਕੀਲ ਸਾਹਿਬ ਅਜੇ ਵੀ ਮੇਰੀ



Digitized by Panjab Digital Library | www.panjabdigilib.org

ਕੋਈ ਪ੍ਰਵਾਹ ਨਹੀਂ ਕਰਦੇ ਤਾਂ ਨਾ ਸਹੀ। ਜੇ ਵੀਰ ਜੀ ਦੀ ਇੱਜ਼ਤ ਵਿਚ ਮਾਸਾ ਵੀ ਫ਼ਰਕ ਆ ਗਿਆ ਤਾਂ ਮੈਂ ਵੀ ਸਿੱਖ ਨਹੀਂ। ਜੇ ਵਕੀਲ ਸਾਹਿਬ ਦਾ ਨੱਕ ਵੱਢ ਕੇ ਉਸ ਦੀ ਪਤਲੂਣ ਦੇ ਖੀਸੇ ਵਿਚ ਨਾ ਪਾ ਦਿਤਾ। ਜੇ ਦੋ ਚਾਰ ਸਾਲ ਕੈਦ ਵੀ ਭੁਗਤਣੀ ਪਈ, ਤਾਂ ਭੁਗਤ ਲਵਾਂਗਾ। ਜਾਣ ਛਡਾਂਗਾ, "ਗੁਰੂ ਕੇ ਬਾਗ਼ ਦੇ ਕੇਸ ਵਿਚ ਹੀ ਹੋਰ ਸਜ਼ਾ ਭੁਗਤਣੀ ਪੈ ਗਈ ਹੈ।"

ਮਾਲੂਮ ਹੋਇਆ ਕਿ ਮੇਰੀ ਏਸ ਗੱਲ ਦਾ ਵਕੀਲ ਸਾਹਿਬ ਤੇ ਉਨ੍ਹਾਂ ਦੇ ਨਿਕਟਵਰਤੀ ਸੱਜਣਾਂ ਮਿੱਤਰਾਂ ਦੇ ਹਲਕੇ ਅੰਦਰ ਜ਼ਰੂਰ ਅਸਰ ਪੈ ਗਿਆ, ਜਿਸ 'ਤੇ ਉਨ੍ਹਾਂ ਦੇ ਕਿਸੇ ਸਿਆਣੇ ਸਲਾਹਕਾਰ ਨੇ ਉਨ੍ਹਾਂ ਨੂੰ ਸਮਝਾ ਦਿਤਾ ਕਿ "ਇਹ ਬੜੇ ਭੈੜੇ ਬੰਦੇ ਹਨ। ਵੱਡਾ ਤਾਂ ਭਲਾ ਅਨਪੜ੍ਹ ਹੀ ਸਹੀ, ਛੋਟਾ ਜਿਹੜਾ ਵਲਾਇਤ ਦੀ ਬੈਰਿਸਟਰੀ ਪਾਸ ਕਰ ਕੇ ਆਇਆ ਹੋਇਆ ਹੈ, ਉਸ ਨੇ ਤੇ ਉਹ ਗੱਲ ਕਰ ਵਿਖਾਈ ਹੈ, ਕਿ "ਬੜੇ ਮੀਆਂ ਸੁ ਬੜੇ ਮੀਆਂ, ਛੋਟੇ ਮੀਆਂ ਸੁਬਹਾਨ ਅੱਲਾ।" ਵਡੇ ਨੇ ਤਾਂ ਟਾਹਲੀਆਂ ਵੱਢ ਸੁੱਟੀਆਂ ਸਨ, ਛੋਟਾ ਨੱਕ ਵੱਢ ਦੇਣ ਦੀ ਸੁਣੌਤ ਸੁੱਟ ਗਿਆ ਹੈ। ਇਨ੍ਹਾਂ ਪਾਸੋਂ ਇਹ ਵੀ ਸੱਚ ਹੈ। ਸੁ ਹੁਣ ਤਕ ਤਾਂ ਆਪਣਾ ਹੱਥ ਉਤੇ ਹੈ। ਬਥੇਰੀ ਹੋ ਗਈ ਨੇ। ਮਿੰਨਤਾਂ ਤਰਲੇ ਵੀ ਕਰਦੇ ਨੇ ਤੇ ਸਫ਼ਾਰਸ਼ਾਂ ਵੀ ਆ ਰਹੀਆਂ ਨੇ, ਸੁ ਜਾਣ ਦਿਉ ਹੁਣ। ਬਹੁਤੇ ਝਗੜਿਆਂ ਵਿਚ ਪੈ ਕੇ ਸਾਡੇ ਹੱਥ ਕੀ ਆਉਣਾ ਹੈ ?"

ਇਹ ਮਸ਼ਵਰਾ ਵਕੀਲ ਸਾਹਿਬ ਦੇ ਦਿਲ ਲਗ ਗਿਆ ਤੇ ਮੁਕੱਦਮਾ ਵਾਪਸ ਲੈ ਲਿਆ।

ਵੀਰ ਜੀ ਆਪਣੀ ਕੋਠੀ ਵਿਚ ਵਾਪਸ ਆ ਗਏ ਤੇ ਵਕੀਲ ਸਾਹਿਬ ਨਾਲ ਫੇਰ ਗਵਾਂਢੀਆਂ ਵਾਂਗ ਪ੍ਰੇਮ ਪਿਆਰ ਨਾਲ ਵੱਸਣ ਵਸਣ ਲਗ ਪਏ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1384

Digitized by Panjab Digital Library | www.panjabdigilib.org

Digitized by Panjab Digital Library | www.panjabdigilib.org